ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

**ਸਾਲ : ਸਤਾਰ੍ਹਾਂ** | **ਪੂ : ਲੜੀ : ਸਤਾਹਠ** | **ਜੁਲਾਈ-ਸਤੰਬਰ, 2014**

*ਸੰਪਾਦਕ*

**ਜਿੰਦਰ**

984, Rajput Nagar, Model House,
Near Surinder Welding Works, Jalandhar-144003
Mobile : 98148 03254
Email : saifsm20@yahoo.com
jinder340@gmail.com

*ਸੰਪਾਦਕੀ ਮੰਡਲ*

**ਹਰਜੀਤ ਅਟਵਾਲ**

Email: harjeetatwal@yahoo.co.uk
harjeetatwal@gmail.com
Mobile : 00447782-265726

**ਹਰਮਹਿੰਦਰ ਚਹਿਲ**

Email : chahals57@yahoo.com
Ph. 001-703-362-3239

**ਪ੍ਰੇਮ ਮਾਨ**

Ph. 001-860-983-5002
Email:premmann@yahoo.com

*Managing Editor*

***Shiv, Vinod Kumar***

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
984, Rajput Nagar, Model House,
Near Surinder Welding Works, Jalandhar-144003

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ :*** 200 ਰੁ: ਸਾਲਾਨਾ, 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

## ਮੇਰਾ ਪੰਨਾ

ਦੇਸ਼ ਦੀ ਵੰਡ ਪੰਜਾਬੀਆਂ ਦੇ ਸੀਨੇ 'ਤੇ ਅਜਿਹਾ ਜ਼ਖ਼ਮ ਹੈ ਜਿਹੜਾ 67 ਸਾਲ ਬਾਅਦ ਵੀ ਹਰੇ ਦਾ ਹਰਾ ਹੈ। ਹਰ ਨਵੇਂ ਜੰਮੇ ਪੰਜਾਬੀ ਨੂੰ ਇਹ ਜ਼ਖ਼ਮ ਵਿਰਾਸਤ ਵਿਚ ਮਿਲਦਾ ਹੈ। ਇਹ ਇਤਿਹਾਸ ਵਿਚ ਵਾਪਰਨ ਵਾਲੀ ਆਪਣੀ ਕਿਸਮ ਦਾ ਦੁਖਾਂਤ ਸੀ ਜਿਸ ਵਿਚ ਲੱਖਾਂ ਜਾਨਾਂ ਗਈਆਂ ਤੇ ਕਰੋੜਾਂ ਦਿਲ ਟੁੱਟੇ। ਅੱਜ ਤਕ ਦੂਰ ਖੜ ਕੇ ਉਸ ਘਟਨਾ ਨੂੰ ਦੇਖੀਏ ਤਾਂ ਉਹ ਹਾਲੇ ਵੀ ਓਨੀ ਹੀ ਡਰਾਉਣੀ ਤੇ ਭਿਆਨਕ ਹੈ। ਜੋ ਵੀ ਹੋਇਆ ਉਸ ਵਿਚ ਪੰਜਾਬ ਜ਼ਰੂਰ ਵੰਡਿਆ ਗਿਆ ਪਰ ਪੰਜਾਬੀਅਤ ਨਹੀਂ। ਪੰਜਾਬੀਅਤ ਨੂੰ ਵੰਡਿਆ ਵੀ ਨਹੀਂ ਜਾ ਸਕਦਾ। ਉਸ ਸਮੇਂ ਹੋਏ ਖ਼ੂਨ-ਖਰਾਬੇ ਤੇ ਧੀਆਂ-ਭੈਣਾਂ ਦੀਆਂ ਰੁਲੀਆਂ ਇੱਜ਼ਤਾਂ ਨਾਲ ਪੈਦਾ ਹੋਈਆਂ ਰੰਜਸ਼ਾਂ ਵਕਤ ਨਾਲ ਘਟ ਗਈਆਂ ਤਾਂ ਦੋਹਾਂ ਪਾਸਿਆਂ ਦੇ ਪੰਜਾਬੀ ਇਕ ਵਾਰ ਫਿਰ ਇਕ ਦੂਜੇ ਨੂੰ ਮਿਲਣ ਲਈ ਤਾਂਘਣ ਲੱਗੇ। ਸਾਹਿਤ ਤੇ ਸੰਗੀਤ ਇਕ ਦੂਜੇ ਨੂੰ ਕਲਾਵੇ ਵਿਚ ਵਿਚ ਲੈਣ ਲੱਗਿਆ। ਦੋ ਦੇਸ਼ ਜ਼ਰੂਰ ਬਣ ਗਏ ਹਨ ਪਰ ਦੋਹਾਂ ਦੇ ਲੋਕ ਇਕ ਹਨ ਤੇ ਇਕ ਹੀ ਰਹਿਣਗੇ। ਸਾਡੀਆਂ ਆਦਤਾਂ ਇਕ ਹਨ। ਸਾਡੇ ਰਸਮ ਰਿਵਾਜ ਇਕੋ ਜਿਹੇ ਹਨ। ਸਾਡੇ ਹੱਸਣੇ-ਰੋਣੇ ਇਕੋ ਜਿਹੇ ਹਨ। ਵੱਡੀ ਗੱਲ ਤਾਂ ਸਾਡੀ ਬੋਲੀ ਇਕ ਹੈ। ਸਾਡੇ ਲੇਖਕ ਤੇ ਕਲਾਕਾਰ ਇਕੋ ਜਿਹੇ ਹਨ। ਕਲਾਕਾਰਾਂ ਦੀ ਕਲਾ ਸਾਹਮਣੇ ਕੋਈ ਸਰਹੱਦ ਨਹੀਂ ਅੜਦੀ ਹੁੰਦੀ।

ਪਾਕਿਸਤਾਨ ਬਣਨ ਤੋਂ ਬਾਅਦ ਪੰਜਾਬੀ ਜ਼ਬਾਨ ਦਾ ਬਹੁਤ ਨੁਕਸਾਨ ਹੋਇਆ। ਪਾਕਿਸਤਾਨ ਦੀ ਅਬਾਦੀ ਦੀ ਬਹੁਗਿਣਤੀ ਪੰਜਾਬੀ ਬੋਲ ਰਹੀ ਹੈ ਪਰ ਪਾਕਿਸਤਾਨ ਦੀ ਕੌਮੀ ਬੋਲੀ ਉਰਦੂ ਹੈ। ਪਾਕਿਸਤਾਨੀ ਪੰਜਾਬ ਦੇ ਮੁਕਾਬਲੇ ਭਾਰਤੀ ਪੰਜਾਬ ਵਿਚ ਪੰਜਾਬੀ ਦੀ ਜ਼ਰੂਰ ਤਰੱਕੀ ਹੋਈ ਸੀ। ਇਧਰਲੇ ਪੰਜਾਬ ਵਿਚ ਪੰਜਾਬੀ ਉਰਦੂ ਦੀ ਪੰਜਾਲੀ ਵਿਚੋਂ ਨਿਕਲ ਗਈ ਸੀ ਪਰ ਹੁਣ ਮੁੜ ਅੰਗਰੇਜ਼ੀ ਤੇ ਹਿੰਦੀ ਪੰਜਾਬੀ 'ਤੇ ਗਲਬਾ ਪਾ ਰਹੀ ਹੈ। ਖ਼ੈਰ, ਇਹ ਵਖਰਾ ਵਿਸ਼ਾ ਹੈ। ਪੰਜਾਬੀ ਦਾ ਇਕ ਹੋਰ ਬਹੁਤ ਵੱਡਾ ਨੁਕਸਾਨ ਹੋਇਆ ਕਿ ਇਸ ਦੀਆਂ ਦੋ ਲਿਪੀਆਂ ਬਣ ਗਈਆਂ। ਪਾਕਿਸਤਾਨ ਦੇ ਪੰਜਾਬ ਦੀ ਲਿਪੀ ਸ਼ਾਹਮੁਖੀ ਹੋ ਗਈ ਤੇ ਭਾਰਤੀ ਪੰਜਾਬ ਦੀ ਗੁਰਮੁਖੀ। ਪੰਜਾਬੀ ਜ਼ਬਾਨ ਦਾ ਇਕ ਹੋਰ ਤਰੀਕੇ ਨਾਲ ਵੀ ਬਹੁਤ ਨੁਕਸਾਨ ਹੋਇਆ ਤੇ ਹੁੰਦਾ ਰਹੇਗਾ ਕਿ ਪਾਕਿਸਤਾਨੀ ਪੰਜਾਬੀ ਵਿਚ ਉਰਦੂ-ਫਾਰਸੀ ਦੇ ਸ਼ਬਦਾਂ ਦਾ ਰਲ਼ਾ ਹੋ ਗਿਆ ਤੇ ਭਾਰਤੀ ਪੰਜਾਬੀ ਵਿਚ ਹਿੰਦੀ-ਅੰਗਰੇਜ਼ੀ ਦੇ ਸ਼ਬਦਾਂ ਦਾ।

ਪਾਕਿਸਤਾਨ ਵਿਚ ਕਿਉਂਕਿ ਉਰਦੂ ਹੀ ਪ੍ਰਮੁਖ ਤੌਰ 'ਤੇ ਵਰਤਿਆ ਜਾ ਰਿਹਾ ਹੈ ਇਸ ਲਈ ਪੰਜਾਬੀ ਵਿਚ ਸਾਹਿਤ ਵੀ ਭਾਰਤੀ ਪੰਜਾਬ ਜਿੰਨਾ ਨਹੀਂ ਲਿਖਿਆ ਗਿਆ। ਉਸਤਾਦ ਦਾਮਨ ਵਰਗੇ ਮਾਂ ਦੇ ਪੁੱਤ ਬਹੁਤੇ ਨਹੀਂ ਸਨ। ਫੇਰ ਉਹ ਪੰਜਾਬੀ ਜਿਹੜੇ ਉਰਦੂ ਵਿਚ ਲਿਖਦੇ ਸਨ ਉਹ ਮੋਹ ਹਿਤ ਹੋ ਕੇ ਪੰਜਾਬੀ ਵਿਚ ਵੀ ਲਿਖਣ ਲੱਗੇ ਸਨ। ਪਾਕਿਸਤਾਨੀ ਪੰਜਾਬੀ ਸਾਹਿਤ ਲਿਪੀਅੰਤਰ ਹੋ ਕੇ ਇਧਰਲੇ ਪੰਜਾਬ ਵਿਚ ਵੀ ਆਉਣ ਲੱਗਿਆ। ਅਹਿਮਦ ਨਦੀਮ ਕਾਸਮੀ, ਅਫਜ਼ਲ ਰੰਧਾਵਾ, ਫਖ਼ਰ ਜ਼ਮਾਂ, ਮਨਸ਼ਾ ਯਾਦ, ਉਸਤਾਦ ਦਾਮਨ, ਮੁਨੀਰ ਨਿਆਜ਼ੀ ਆਦਿ ਦੀਆਂ ਕਿਤਾਬਾਂ ਭਾਰਤੀ ਪੰਜਾਬ ਦੀਆਂ ਯੂਨੀਵਰਸਟੀਆਂ ਵਿਚ ਪੜ੍ਹਾਈਆਂ ਜਾ ਲੱਗੀਆਂ। ਭਾਰਤੀ ਪੰਜਾਬ ਦਾ ਸਾਹਿਤ ਵੀ ਲਿਪੀਅੰਤਰ ਹੋ ਕੇ ਜਾਣ ਲੱਗਿਆ। ਇਸ ਗੱਲ ਨੇ ਦੋਹਾਂ ਮੁਲਕਾਂ ਦੇ ਪੰਜਾਬੀਆਂ ਨੂੰ ਹੋਰ ਨੇੜੇ ਲਿਆਉਣ ਦਾ ਕੰਮ ਕੀਤਾ। ਦੋਹਾਂ ਮੁਲਕਾਂ ਦੇ ਪਾਠਕ ਲੇਖਕਾਂ ਨੂੰ ਪਛਾਣਨ ਲੱਗ ਪਏ। ਇਸ ਸਾਹਿਤ ਦੇ ਆਦਾਨ-ਪ੍ਰਦਾਨ ਵਿਚ ਇਕ

ਕਾਣ ਹਮੇਸ਼ਾ ਰਿਹਾ ਹੈ ਕਿ ਕਈ ਵਾਰ ਸਿਫਾਰਸ਼ੀ ਕਿਤਾਬਾਂ ਹੀ ਪਾਠਕਾਂ ਤਕ ਪੁਜਦੀਆਂ ਹੁੰਦੀਆਂ ਹਨ ਤੇ ਵਧੀਆ ਸਾਹਿਤ ਪਿੱਛੇ ਰਹਿ ਜਾਂਦਾ ਹੈ। ਇਹ ਵੀ ਇਕ ਵਖਰਾ ਮਸਲਾ ਹੈ। ਖੁਸ਼ੀ ਦੀ ਗੱਲ ਤਾਂ ਇਹ ਹੈ ਕਿ ਪਾਕਿਸਤਾਨ ਵਿਚ ਇਸ ਵਕਤ ਪੰਜਾਬੀ ਵਿਚ ਕਾਫੀ ਮਿਕਦਾਰ ਵਿਚ ਸਾਹਿਤ ਲਿਖਿਆ ਜਾ ਰਿਹਾ ਹੈ। ਬਹੁਤ ਸਾਰੇ ਲੇਖਕਾਂ ਨੇ ਤਾਂ ਭਾਰਤੀ ਪੰਜਾਬੀ ਸਾਹਿਤ ਪੜ੍ਹਨ ਲਈ ਗੁਰਮੁਖੀ ਵੀ ਸਿਖ ਲਈ ਹੋਈ ਹੈ। ਉਸ ਦੇ ਮੁਕਾਬਲੇ ਭਾਰਤੀ ਪੰਜਾਬ ਵਿਚ ਸ਼ਾਹਮੁਖੀ ਜਾਣਨ ਵਾਲੇ ਲੋਕ ਬਹੁਤ ਘੱਟ ਹਨ। ਨਵੇਂ ਲੋਕ ਜਾਂ ਲੇਖਕ ਵੀ ਸ਼ਾਹਮੁਖੀ ਸਿੱਖਣ ਵੱਲ ਰੁਚਿਤ ਨਹੀਂ ਹਨ। ਪਾਕਿਸਤਾਨੀ ਪੰਜਾਬੀ ਲੇਖਕ ਦੇ ਸਾਹਮਣੇ ਇਕ ਮੁਸ਼ਕਲ ਇਹ ਵੀ ਆਉਂਦੀ ਹੈ ਕਿ ਪਾਕਿਸਤਾਨ ਇਕ ਆਈਡੀਓਲੌਜੀਕਲ ਦੇਸ਼ ਹੈ। ਉਥੇ ਸਰਕਾਰਾਂ ਦੀ ਸਥਿਰਤਾ ਦੀ ਘਾਟ ਕਾਰਨ ਆਪਣੀ ਪੂਰੀ ਗੱਲ ਕਹਿਣ ਦੀਆਂ ਮੁਸ਼ਕਲਾਂ ਵੀ ਰਹੀਆਂ ਹਨ। ਫਖਰ ਜ਼ਮਾਂ, ਮਨਸ਼ਾ ਯਾਦ ਤੇ ਮਲਿਕ ਮੇਹਰ ਅਲੀ ਵਰਗਿਆਂ ਨੇ ਆਪਣੀ ਗੱਲ ਚਿਹਨ ਰਾਹੀਂ ਵਿਅਕਤ ਕੀਤੀ ਹੈ। ਦੋਹਾਂ ਮੁਲਕਾਂ ਦੇ ਲੇਖਕਾਂ ਨੂੰ ਇਹ ਬਹੁਤ ਚਾਹਣਾ ਰਹਿੰਦੀ ਹੈ ਕਿ ਉਹਨਾਂ ਨੂੰ ਦੂਜੇ ਪੰਜਾਬ ਵਿਚ ਵੀ ਪੜ੍ਹਿਆ ਜਾਵੇ। ਇਸ ਵੇਲੇ ਪੰਜਾਬੀ ਲੇਖਕ ਦੀ ਸਭ ਤੋਂ ਵੱਡੀ ਲੋੜ ਇਹ ਹੈ ਕਿ ਉਹ ਦੋਵੇਂ ਲਿਪੀਆਂ ਹੀ ਸਿੱਖੇ, ਸ਼ਾਹਮੁਖੀ ਵੀ ਤੇ ਗੁਰਮੁਖੀ ਵੀ। ਇਹਨਾਂ ਨੂੰ ਪੜ੍ਹਾਉਣ ਦਾ ਸਕੂਲਾਂ ਵਿਚ ਹੀ ਉਪਰਾਲਾ ਹੋਣਾ ਚਾਹੀਦਾ ਹੈ।

ਡਾ. ਜਗਤਾਰ, ਜਤਿੰਦਰ ਜੌਲੀ, ਪਾਲ ਸਿੰਘ ਵੱਲਾ, ਜੋਗਿੰਦਰ ਪਾਲ ਮਾਨ, ਡਾ. ਹਰਬੰਸ ਸਿੰਘ ਧੀਮਾਨ ਤੇ ਕਈ ਹੋਰ ਲੇਖਕਾਂ ਨੇ ਲਹਿੰਦੇ ਪੰਜਾਬ ਦੇ ਸਾਹਿਤ ਨੂੰ ਗੁਰਮੁਖੀ 'ਚ ਲਿਪੀਅੰਤਰ ਕੀਤਾ ਹੈ। ਕਈ ਵਰ੍ਹੇ ਤਲਵਿੰਦਰ ਸਿੰਘ ਨੇ ਦੋਹਾਂ ਪੰਜਾਬਾਂ ਦੇ ਸਾਹਿਤ, ਵਿਸ਼ੇਸ਼ ਕਰਕੇ ਕਹਾਣੀ ਦੇ ਖੇਤਰ 'ਚ ਇਕ ਪੁਲ ਵਜੋਂ ਕੰਮ ਕੀਤਾ ਹੈ।

ਭਾਰਤੀ ਪੰਜਾਬ ਵਿਚ ਹੁਣ ਪਾਕਿਸਤਾਨੀ ਪੰਜਾਬੀ ਦੇ ਸਾਹਿਤ ਨੂੰ ਕਾਫੀ ਮਾਤਰਾ ਵਿਚ ਪੜ੍ਹਿਆ ਜਾਂਦਾ ਹੈ। ਕਿਤਾਬਾਂ ਦੀਆਂ ਆਮ ਦੁਕਾਨਾਂ ਵਿਚ ਪਾਕਿਸਤਾਨ ਪੰਜਾਬੀ ਸਾਹਿਤ ਦੀਆਂ ਕਿਤਾਬਾਂ ਉਪਲਭਧ ਹਨ। ਪਾਕਿਸਤਾਨੀ ਕਹਾਣੀਆਂ ਤੇ ਕਵਿਤਾਵਾਂ ਦੀਆਂ ਵੀ ਬਹੁਤ ਸਾਰੀਆਂ ਕਿਤਾਬਾਂ ਸੰਪਾਦਤ ਵੀ ਕੀਤੀਆਂ ਗਈਆਂ ਹਨ ਤੇ ਕੀਤੀਆਂ ਜਾ ਵੀ ਰਹੀਆਂ ਹਨ। 'ਸ਼ਬਦ' ਦਾ ਇਹ ਅੰਕ ਕੱਢਣਾ ਦਾ ਵੀ ਇਸੇ ਕੰਮ ਦੀ ਕੜੀ ਹੈ। ਇਧਰਲੇ ਪੰਜਾਬੀ ਪਾਠਕਾਂ ਤੇ ਲੇਖਕਾਂ ਨੂੰ ਉਧਰਲੇ ਸਾਹਿਤ ਨਾਲ ਜਾਣੂੰ ਕਰਾਉਣ ਦਾ ਇਕ ਛੋਟਾ ਜਿਹਾ ਯਤਨ ਹੈ। ਉਮੀਦ ਹੈ ਕਿ ਸਰਹੱਦ ਦੇ ਦੋਵੇਂ ਪਾਸਿਆਂ ਦੇ ਸਾਹਿਤ ਪਰੇਮੀ ਸਾਡੇ ਇਸ ਕੀਤੇ ਯਤਨ ਨੂੰ ਵਧੀਆ ਹੁੰਗਾਰਾ ਦੇਣਗੇ।

ਇਸ ਅੰਕ 'ਚ ਲਹਿੰਦੇ ਪੰਜਾਬ ਦੀਆਂ ਇੱਕੀ ਕਹਾਣੀਆਂ, ਇਕ ਇੰਟਰਵਿਊ, ਇਕ ਲੇਖ ਤੇ ਰੀਵੀਊ ਸ਼ਾਮਿਲ ਕੀਤਾ ਗਿਆ ਹੈ। 'ਅਦਾਰਾ ਸ਼ਬਦ' ਖ਼ਾਲਿਦ ਫ਼ਰਹਾਦ ਧਾਰੀਵਾਲ ਦਾ ਧੰਨਵਾਦੀ ਹੈ ਜਿਸ ਨੇ ਕਰੜੀ ਮਿਹਨਤ ਕਰਕੇ ਇਨ੍ਹਾਂ ਕਹਾਣੀਆਂ ਨੂੰ ਇਕੱਠਾ ਕੀਤਾ ਤੇ ਅਬਦੂਲ ਹਫੀਜ਼ ਨੇ ਇਨ੍ਹਾਂ ਨੂੰ ਲਿਪੀਅੰਤਰ ਕੀਤਾ। ਤੇ ਉਸ ਪੰਜਾਬੀ ਬੋਲੀ ਨੂੰ ਜਿਉਂ ਦਾ ਤਿਉਂ ਹੀ ਰਹਿਣ ਦਿੱਤਾ ਹੈ ਜਿਸ ਦੀ ਮਿਠਾਸ ਇਨ੍ਹਾਂ ਕਹਾਣੀਆਂ 'ਚ ਦੇਖੀ ਜਾ ਸਕਦੀ ਹੈ। ਅਸੀਂ ਅਗਲੇ ਸਾਲ ਪਾਕਿਸਤਾਨੀ ਕਹਾਣੀ ਵਿਸ਼ੇਸ਼ ਅੰਕ ਕਢਾਂਗੇ ਜਿਸ 'ਚ ਸਾਰੀਆਂ ਭਾਸ਼ਾਵਾਂ ਦੀਆਂ ਚੋਣਵੀਆਂ ਕਹਾਣੀਆਂ ਸ਼ਾਮਿਲ ਕੀਤਾ ਜਾਵੇਗਾ ਤੇ ਇਸ ਨੂੰ ਮਲਿਕ ਮਿਹਰ ਅਲੀ ਤੇ ਖ਼ਾਲਿਦ ਫ਼ਰਿਆਦ ਧਾਰੀਵਾਲ ਸੰਪਾਦਤ ਕਰਨਗੇ।

**–ਜਿੰਦਰ**



## ਇਸ ਅੰਕ ਦੀ ਸੰਪਾਦਕੀ

ਬਿਨਾਂ ਕਿਸੇ ਬਹਿਸ ਦੇ ਇਹ ਮਨ ਲੈਣ ਵਿਚ ਮੈਨੂੰ ਕੋਈ ਸੰਕੋਚ ਨਹੀਂ ਕਿ ਪਾਕਿਸਤਾਨੀ ਪੰਜਾਬੀ ਕਹਾਣੀ ਦੀ ਹਾਲਤ ਬਹੁਤ ਪਤਲੀ ਨਾ ਸਹੀ ਪਰ ਕੁੱਝ ਕਮਜ਼ੋਰ ਜ਼ਰੂਰ ਹੈ। ਇਸ ਦੇ ਕਈ ਕਾਰਨ ਹਨ:

ਸਾਡੇ ਵੱਲ ਪੰਜਾਬੀ ਸਾਹਿਤ ਦੇ ਰਸਾਲੇ ਨਾ ਹੋਣ ਮਾਤਰ ਹਨ ।

ਅਜੇ ਤੀਕ ਇੱਧਰ ਪੰਜਾਬੀ ਵਿੱਚ ਵਧੀਆ ਵਿਦੇਸ਼ੀ ਸਾਹਿਤ ਦੇ ਅਨੁਵਾਦ ਦੀ ਰੀਤ ਜੜ੍ਹ ਨਹੀਂ ਫੜ ਸੱਕੀ ।

ਪੰਜਾਬੀ ਕਹਾਣੀ ਦੀ ਆਲੋਚਨਾ ਉੱਕਾ ਨਾਪੈਦ ਹੈ । ਕਹਾਣੀ ਆਲੋਚਨਾ ਉੱਤੇ ਢੰਗ ਦੀ ਕੋਈ ਇਕ ਕਿਤਾਬ ਵੀ ਦਸਤਿਆਬ ਨਹੀਂ ।

ਲੇਖਕਾਂ ਵਿਚ ਕਹਾਣੀ ਬਾਰੇ ਆਪਸੀ ਵਿਚਾਰ ਵਟਾਂਦਰਾ ਵੀ ਨਹੀਂ ਹੁੰਦਾ ਹੈ । ਸਾਡੇ ਕਹਾਣੀ ਕਾਰ ਤੇ ਸਾਹਿਤਿਕ ਅਦਾਰੇ ਕਹਾਣੀ ਗੋਸ਼ਟੀ ਤੋਂ ਵਾਕਿਫ਼ ਨਹੀਂ ਹਨ ।

ਕਹਾਣੀ ਕਾਰ ਕਿਸੇ ਸਾਂਝੇ ਸੂਤਰ ਵਿਚ ਜੁੜੇ ਹੋਏ ਨਹੀਂ ਹਨ ਤੇ ਇਸੇ ਲਈ ਕਹਾਣੀ ਲਹਿਰ ਦਾ ਕੋਈ ਵਜੂਦ ਨਹੀਂ ।

ਇਕ ਗੱਲ ਇਹ ਵੀ ਹੈ ਕਿ ਲੇਖਕ ਕਿਤਾਬਾਂ ਬਹੁਤ ਘੱਟ ਪੜ੍ਹਦੇ ਹਨ । ਬਹੁਤੀਆਂ ਲਈ ਅਪਣਾ ਲਿਖਿਆ ਹੀ ਦੂਜੀ ਵਾਰ ਪੜ੍ਹਨਾ ਕਠਿਨ ਹੋ ਜਾਂਦਾ ਹੈ ।

ਤੇ ਦੇਖ ਲਉ ਇਸ ਸੱਭ ਦੇ ਬਾਵਜੂਦ ਅਸੀਂ ਕਹਾਣੀ ਲਿਖ ਰਹੇ ਹਾਂ ।

ਇਸ ਅੰਕ ਲਈ ਕਹਾਣੀਆਂ ਦੀ ਚੋਣ ਕਿਸੇ ਖ਼ਾਸ ਦ੍ਰਿਸ਼ਟੀ ਕੋਣ ਤੋਂ ਨਹੀਂ ਕੀਤੀ ਗਈ । ਇਸ ਚੋਣ ਵਿੱਚ ਚੰਦ ਇਕ ਨੂੰ ਛੱਡ ਕੇ ਬਾਕੀ ਸਾਰੇ ਹੀ ਨਵੇਂ ਤੇ ਨੌਜਵਾਨ ਕਹਾਣੀ ਕਾਰ ਸ਼ਾਮਿਲ ਹਨ । ਪ੍ਰਵੀਨ ਮਲਕ ਤੇ ਸਅਈਦਾ ਯੂਨਸ ਦੋ ਕਹਾਣੀ ਕਾਰ ਔਰਤਾਂ ਦੀਆਂ ਕਹਾਣੀਆਂ ਵੀ ਸ਼ਾਮਿਲ ਰੱਖੀਆਂ ਗਈਆਂ ਹਨ ।

ਮੈਂ ਆਪਣੇ ਕਹਾਣੀ ਕਾਰਾਂ ਤੋਂ ਨਿਰਾਸ਼ ਨਹੀਂ ਹਾਂ । ਅਸੀਂ ਜਾਣਦੇ ਹਾਂ ਕਿ ਬਦਲਦੇ ਹੋਏ ਸਮਾਜ ਨੂੰ ਈਕਾਂਗੀ ਰੂਪ ਵਿਚ ਪੇਸ਼ ਕਰਨਾ ਕੋਈ ਨਵੈਨਤਾ ਨਹੀਂ ਹੈ । ਚੜ੍ਹਦੇ ਪੰਜਾਬ ਦੇ ਕਹਾਣੀ ਕਾਰਾਂ ਦੀ ਮੁਹੱਬਤ ਜੇ ਸ਼ਾਮਿਲ ਹਾਲ ਰਹੀ ਤਾਂ ਅਸੀਂ ਵੀ ਕਹਾਣੀ ਦੇ ਪਰੰਮਪਰਾਗਤ ਢਾਂਚੇ ਨੂੰ ਤੋੜ ਕੇ ਕਹਾਣੀ ਦੇ ਨਵੇਂ ਸਰੂਪ ਸਰਜਨ ਵਿਚ ਸਫਲ ਰਹਾਂਗੇ ।

ਮੈਂ ਆਪਣੇ ਨਿੱਘੇ ਮਿੱਤਰ ਜਿੰਦਰ ਤੇ 'ਅਦਾਰਾ ਸ਼ਬਦ' ਦਾ ਸ਼ੁਕਰ ਗੁਜ਼ਾਰ ਹਾਂ ਕਿ ਉਹ ਸਾਡੇ ਕਹਾਣੀ ਕਾਰ ਤੇ ਆਪਣੇ ਪਾਠਕ ਵਿਚਕਾਰ ਇਕ ਪੁਲ ਬਣੇ ਹਨ । ਅਖ਼ੀਰ ਉੱਤੇ ਮੈਂ ਇਹ ਦੱਸਣਾ ਫ਼ਰਜ਼ ਸਮਝਦਾ ਹਾਂ ਕਿ ਇਨ੍ਹਾਂ ਕਹਾਣੀਆਂ ਦਾ ਲਿਪੀ ਅੰਤਰ ਲਾਹੌਰ ਵਾਸੀ ਮੇਰੇ ਦੋਸਤ ਅਬਦੁਲ ਹਫ਼ੀਜ਼ ਨੇ ਕੀਤਾ ਹੈ ।

**–ਖ਼ਾਲਿਦ ਫ਼ਰਹਾਦ ਧਾਰੀਵਾਲ**

ਇਸ ਵਾਰ

ਮੁਲਾਕਾਤ

## ਲੋਕ ਅਦਬ ਤੋਂ ਬਿਨਾਂ ਸੁੱਚੀ ਤਾਰੀਖ਼ ਨਹੀਂ ਲਿਖੀ ਜਾ ਸਕਦੀ; ਸਈਦ ਭੁੱਟਾ

?ਆਪਣੇ ਬਾਰੇ, ਆਪਣੇ ਪਰਿਵਾਰ ਤੇ ਪਰਿਵਾਰਕ ਪਿਛੋਕੜ ਬਾਰੇ ਪਾਠਕਾਂ ਨੂੰ ਜਾਣਕਾਰੀ ਦਿਓ ।

-ਮੈਂ ਚਨ੍ਹਾਂ ਦੇ ਕੰਢੇ ਉੱਤੇ ਇੱਕ ਪਿੰਡ ਪਿੱਪਲ ਭੁੱਟਾ, ਤਹਿਸੀਲ ਲਾਲੀਆਂ, ਜ਼ਿਲ੍ਹਾ ਚਣਿਉਟ ਵਿੱਚ ਜੰਮਿਆ । ਇਹ ਪੁਰਾਣੇ ਝੰਗ ਦਾ ਈ ਹਿੱਸਾ ਹੈ । ਪਿਛਲੇ ਕੁੱਝ ਵਰ੍ਹਿਆਂ ਤੋਂ ਈ ਤਹਿਸੀਲ ਚਣਿਉਟ ਨੂੰ ਜ਼ਿਲ੍ਹਾ ਦਾ ਦਰਜਾ ਦੇ ਦਿੱਤਾ ਗਿਆ ਹੈ । ਇੱਥੇ ਇਕ ਬਜ਼ੁਰਗ ਹਜ਼ਰਤ ਹਾਫ਼ਿਜ਼ ਦਿਵਾਨ ਚਿਸ਼ਤੀ ਕਾਦਰੀ ਹੋਰਾਂ ਸਤਾਰ੍ਹਵੇਂ ਸਦੀ ਈਸਵੀ ਵਿਚ ਡੇਰੇ ਲਾਏ । ਉਹੀ ਮੇਰੇ ਵਡਕੇ ਹਨ । ਪਨਡਤੇ ਉਹਦੇ ਆਲ ਦੁਆਲੇ ਉੱਤੇ ਸੂਫ਼ੀਆਨਾ ਸੂਝ ਦੇ ਡੂੰਘੇ ਪਰਛਾਵੇਂ ਹਨ । ਅਸਾਡੇ ਬਚਪਨ ਵਿੱਚ ਦਰਬਾਰ ਉੱਤੇ ਹਰ ਜੁਮੇਰਾਤ ਨੂੰ ਨਾਤਾਂ, ਕੱਵਾਲੀਆਂ ਤੇ ਸੂਫ਼ੀਆਨਾ ਸ਼ਾਇਰੀ ਗਾਈ ਜਾਂਦੀ । ਪਿੰਡ ਦੇ ਕਈ ਵਡੇਰੀ ਉਮਰ ਦੇ ਬੰਦੇ ਮੀਆਂ ਮੁਹੰਮਦ ਬਖ਼ਸ਼ ਦੀ "ਸੈਫ਼ ਅਲ ਮਲੂਕ" ਵਾਰਿਸ ਸ਼ਾਹ ਦੀ "ਹੀਰ" ਪੜ੍ਹਦੇ । ਇੰਜ ਪੰਜਾਬੀ ਨਾਲ ਮੋਹ ਉਸ ਮਾਹੌਲ ਪਾਰੋਂ ਬਣਿਆ ।

? ਭਾਵੇਂ ਤੁਹਾਡਾ ਇਕ ਹਵਾਲਾ ਸੂਝਵਾਨ ਪਾਰਖ ਦ ਓਈ ਹੈ ਪਰ ਤੁਹਾਡੀ ਪਰ ਮੁਖ ਪਹਿਚਾਣ ਪੰਜਾਬੀ ਫ਼ੋਕ ਲੋਰ ਸੱਟ ਦੀ ਹੈ । ਫ਼ੋਕ ਲੋਰ ਤੇ ਖੋਜ ਕਾਰੀ ਵੱਲ ਤੁਹਾਡਾ ਮੁਹਾੜ ਕਿਵੇਂ ਹੋਇਆ ?

-ਅਸਲ ਵਿਚ ਮੇਰੇ ਜੀਵਨ ਦਾ ਇਕ ਅਹਿਮ ਮੋੜ ਤੇ ਵਾਕਿਆ ਮੁਹੰਮਦ ਆਸਿਫ਼ ਖ਼ਾਂ ਹੁਰਾਂ ਨਾਲ ਮੁਲਾਕਾਤ ਹੈ । ਮੈਂ ਉਦੋਂ ਐਮ ਏ ਪੰਜਾਬੀ ਕਰ ਚੁੱਕਿਆ ਸਾਂ । ਖ਼ਾਂ ਸਾਹਿਬ ਇਕ ਦਿਨ ਕਹਿਣ ਲੱਗੇ ਕਿ ਪੰਜਾਬੀ ਵਾਰਾਂ ਵਿਚ "ਮੁਜ਼ੱਫ਼ਰ ਖ਼ਾਂ ਦੀ ਵਾਰ" ਦੀ ਉਚੇਚੀ ਥਾਂ ਹੈ । ਇਹਦਾ ਸ਼ਾਇਰ ਝੰਗ ਦਾ ਜਮ ਪੱਲ ਹੈ । ਤੁਸੀਂ ਕੰਮ ਕਰੋ ਤੇ ਪਾਕਿਸਤਾਨ ਪੰਜਾਬੀ ਅਦਬੀ ਬੋਰਡ ਲਾਹੌਰ ਛਾਪਸੀ । ਉਥੋਂ ਵਾਰਾਂ ਬਾਰੇ ਕੰਮ ਦਾ ਮੁਢ ਬੱਝਿਆ । "ਮੁਜ਼ੱਫ਼ਰ ਖ਼ਾਂ ਦੀ ਵਾਰ" ਨੂੰ ਸੋਧਣ ਸਮੇਂ ਈ ਪੰਜਾਬ ਦੇ ਸਿਰ ਕੱਢਵੇਂ ਕਥੀ ਕਮਾਲ ਦੇਣ ਹੋਰਾਂ ਨਾਲ ਮਿਲਿਆ । 1991ਈ ਵਿਚ ਈ "ਰਾਜਾ ਪੋਰਸ" ਦੀ ਕਹਾਣੀ ਕਮਾਲ ਦੇਣ ਹੋਰਾਂ ਕੋਲੋਂ ਫ਼ੀਤਾ ਬੰਦ ਕੀਤੀ । ਕਹਾਣੀ ਜਦੋਂ ਛਪੀ ਤਾਂ ਸੀਨਅਰ ਲਿਖਾਰੀਆਂ ਬਹੁਤ ਹਲਾ ਸ਼ੇਰੀ ਦਿੱਤੀ । ਇੰਜ ਮੇਰਾ ਮੁਹਾੜ ਲੋਕ ਕਹਾਣੀਆਂ ਦੀ ਖੋਜ ਤੇ ਵਾਰਾਂ ਵੱਲ ਹੁੰਦਾ ਗਿਆ ਤੇ ਅਜੇ ਤੀਕਰ ਇਹੀ ਕੰਮ ਕਰਦਾ ਬੈਠਾ ਵਾਂ ।

? ਲੋਕ ਕਹਾਣੀਆਂ ਤੇ ਅੰਗਰੇਜ਼ਾਂ ਦੇ ਕੰਮ ਬਾਰੇ ਤੁਹਾਡਾ ਕੀ ਵਿਚਾਰ ਹੈ ?

-ਪੰਜਾਬੀ ਵਿੱਚ ਲੋਕ ਕਹਾਣੀ ਦੀ ਖੋਜ ਦਾ ਸਿਹਰਾ ਅੰਗਰੇਜ਼ਾਂ ਦੇ ਸਿਰ ਬੱਝਦਾ ਹੈ । ਯੂਰਪ ਵਿਚ ਉਨ੍ਹਵੇਂ ਸਦੀ ਵਿਚ ਲੋਕ ਧਾਰਾ ਦੀ ਖੋਜ ਲਈ ਕਈ ਸੱਥਾਂ ਬਣ ਚੁੱਕੀਆਂ ਸਨ । ਸਾਡਾ ਪੰਜਾਬੀਆਂ ਦਾ ਵਾਹ ਅੰਗਰੇਜ਼ਾਂ ਨਾਲ ਈ ਪਿਆ । ਇੰਜ ਲੰਦਨ ਵਿਚ ਵੀ ਫ਼ੋਕ ਲੋਰ ਦੀ ਖੋਜ ਬਾਰੇ "ਫ਼ੋਕ ਲੋਰ ਸੋਸਾਇਟੀ" ਬਣ ਚੱਕੀ ਸੀ । ਪੰਜਾਬੀ ਲੋਕ ਕਹਾਣੀਆਂ ਬਾਰੇ ਸਿਰ ਕੱਢਵੀਂ ਕੰਮਾਂ ਵਿੱਚੋਂ ਆਰ। ਸੀ ਟਮਪਲ "ਦੀ ਲੀਜਨਡਜ਼ ਆਫ਼ ਦੀ ਪੰਜਾਬ" (1884-1900ਈ) ਤਿਨਾਂ ਜਿਲਦਾਂ ਵਿਚ ਛਪੀ । ਇਸੇ ਸਮੇ ਚਾਲਸ ਸੋਨਟਰਨ ਦੀ ਖੋਜ "ਇਡਵਿਚੰਰਜ਼ ਆਫ਼ ਦਾ ਪੰਜਾਬ ਹੀਰੋ, ਰਾਜਾ ਰਸਾਲੂ ਐਂਡ ਉਦਰ ਫ਼ੂਕ ਟੇਲਜ਼ ਆਫ਼ ਪੰਜਾਬ" ਸੋਨਟਰਨ ਦੀ "ਰੁਮਾਂਟਿਕ ਟੇਲਜ਼ ਫ਼ਰਾਮ ਦਾ ਪੰਜਾਬ"



ਸਲਾਹੁਣ ਜੋਗ ਕੰਮ ਹੈ । ਵਲੀਮ ਕਰੋਕ ਦੀ "ਫ਼ੋਕ ਟੇਲਜ਼ ਫ਼ਰਾਮ ਦਾ ਅਨਡਸ ਵੈਲੀ" ਛਪੀ । ਸਕੀਮਪ ਦੀ "ਮੁਲਤਾਨੀ ਸਟੋਰੀਜ਼" ਤੇ ਮਿਸਿਜ਼ ਸਟੀਲ ਦੀ "ਟੇਲਜ਼ ਆਫ਼ ਪੰਜਾਬ" ਦੇ ਨਾਂ ਲਏ ਜਾ ਸਕਦੇ ਹਨ । ਇਸ ਤੋਂ ਅੱਡ ਵੀ ਮਸਤਸ਼ਰਕੀਨ ਦਾ ਕੰਮ ਰਸਾਲਿਆਂ ਵਿਚ ਵੇਖਿਆ ਜਾ ਸਕਦਾ ਹੈ, ਜਿਹੜਾ ਕਿਤਾਬੀ ਰੂਪ ਵਿਚ ਨਹੀਂ ਛਪ ਸਕਿਆ । ਅੰਗਰੇਜ਼ਾਂ ਦੇ ਕੰਮ ਦੀ ਵੇਖਾ ਵੇਖੀ ਪੰਜਾਬੀ ਖੋਜ ਵੀ ਇਸ ਪਿੜ ਵਿੱਚ ਨਿੱਤਰੇ ਤੇ ਉਨ੍ਹਾਂ ਲੋਕ ਕਹਾਣੀਆਂ ਦੀਆਂ ਕਿਤਾਬਾਂ ਛਪਵਾਈਆਂ । ਵੀਹਵੀਂ ਸਦੀ ਵਿਚ ਲੋਕ ਕਹਾਣੀ ਦੀ ਖੋਜ ਵੱਲ ਧਿਆਨ ਦੇਵਨ ਵਾਲੇ ਮੂਹਰੀਆਂ ਵਿੱਚੋਂ ਅਤਰ ਸਿੰਘ, ਸੁਖਦੇਵ ਮਾਦ ਪੁਰੀ, ਗੁਰਦਿੱਤ ਸਿੰਘ, ਵਣਜਾਰਾ ਬੇਦੀ ਤੇ ਸੰਤੋਖ ਸਿੰਘ ਧੀਰ ਹੋਰਾਂ ਦੇ ਨਾਂ ਲੈ ਜੇ ਸਕਦੇ ਹਣ ।

? ਆਰ ਸੀ ਟਮਪਲ ਬਾਰੇ ਆਖਿਆ ਜਾਂਦਾ ਹੇ ਕਿ ਉਹਦੀ ਪੰਜਾਬੀ ਲੋਕ ਕਹਾਣੀਆਂ ਬਾਰੇ ਖੋਜ ਲੋਕ ਅਦਬ ਦੇ ਵੱਡੇ ਕੰਮਾਂ ਵਿੱਚੋਂ ਹੈ, ਤੁਹਾਡੇ ਕੀ ਵਿਚਾਰ ਨੇਂ ?

-ਆਰ ਸੀ ਟਿਮਪਲ ਦੇ ਕੰਮ ਬਾਰੇ ਸੱਭ ਤੋਂ ਪਹਿਲੀ ਇਹ ਗੱਲ ਕਰਨਾ ਚਾਹਵਾਂ ਗਾ ਕਿ ''ਲੀਜਨਡਜ਼" ਨਜ਼ਮ ਵਿੱਚ ਹੈ, ਨਸਰ ਵਿਚ ਨਹੀਂ । ਮੇਰਾ ਮਤਲਬ ਹੈ ਕਿ ਟਮਪਲ ਉਸਾਦੀ ਟਰਮਨਾਲੋਜੀ ਵਿਚ ਗੀਤਾਂ ਤੇ ਕਿੱਸਿਆਂ ਉੱਤੇ ਕੰਮ ਕੀਤਾ ਹੈ । ਇਹ ਜ਼ਰੂਰੀ ਹੈ ਕਿ ਇਨ੍ਹਾਂ ਪਾਤਰਾਂ ਦੀਆਂ ਜੜ੍ਹਾਂ ਇਤਿਹਾਸ ਵਿਚ ਹੁੰਦਿਆਂ ਹਨ ਤੇ ਫਿਰ ਇਸ ਇਨ੍ਹਾਂ ਦੇ ਉੱਤੇ ਆਪਣੀਆਂ ਸੱਧਰਾਂ, ਖ਼ਵਾਹਿਸ਼ਾਂ ਦਾ ਲੇਪ ਚਾੜ੍ਹ ਲੈਂਦੇ ਹਾਂ । ਅਜੀਹਾਂ ਕਹਾਣੀਆਂ, ਕਿੱਸਿਆਂ, ਗਾਉਣਾਂ ਨੂੰ ''ਲੀਜਨਡਜ਼" ਆਖਿਆ ਜਾਂਦਾ ਹੈ । ਜੇ ਮਨਜ਼ੂਮ ਕਿੱਸਿਆਂ ਦੀ ਈ ਕੋਈ ਮਾਨਤਾ ਹੁੰਦੀ ਹੈ ਤਾਂ ਸਾਡੀ ਕਲਾਸਿਕੀ ਸ਼ਾਇਰੀ ਦੇ ਸਿਰ ਕੱਢਵੇਂ ਕਿੱਸਾ ਕਾਰ ਦਮੋਦਰ, ਪੀਲੂ, ਬਰਖ਼ੁਰਦਾਰ, ਵਾਰਿਸ ਸ਼ਾਹ, ਹਾਸ਼ਿਮ ਸ਼ਾਹ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਈ ਨਾਮਣਾ ਖੱਟ ਚੁੱਕੇ ਸਨ । ਸਾਡੀ ਦੇਸੀ ਟਰਮਨਾਲੋਜੀ ਵਿਚ ਇਹ ਕਹਾਣੀਆਂ ਨਹੀਂ ਹੁਣ ਸਗੋਂ ਮਨਜ਼ੂਮ ਤਾਰੀਖ਼ੀ ਗੀਤ ਤੇ ਕਿੱਸੇ ਆਖੇ ਜਾਂਦੇ ਹਨ ।

ਦੂਜੀ ਗੱਲ ਇਹ ਵੇ ਕਿ ਆਰ ਸੀ ਟਿਮਪਲ ਨੇ ਮਤਿਨ ਦੀ ਖੋਜ, ਐਡਿਟਿੰਗ, ਅੰਗਰੇਜ਼ੀ ਤਰਜਮਾ, ਵਜ਼ਾਹਤਾਂ ਤੇ ਤਿਨਾਂ ਜਿਲਦਾਂ ਦੇ ਅੱਡ ਵ ਅੱਡ ਭਰਵੀਂ ਦੀਬਾਚੇ ਲਿਖੇ । ਇੰਜ ਉਨ੍ਹਾਂ ਦੀ ਮਿਹਨਤ ਤੋਂ ਇਨਕਾਰ ਨਹੀਂ ਕਰ ਸਕੀਂਦਾ । ਹੋ ਸਕਦਾ ਹੈ ਜੇ ਉਹ ਇਹ ਮਤਿਨ ਭਾਲ ਕੇ ਛਪਵਾਨਦੇ ਤਾਂ ਅੱਜ ਇਹ ਵੇਲ਼ੇ ਦੀ ਤਹਿ ਥੱਲੇ ਦੱਬ ਜਾਂਦਾ ਤੇ ਪੰਜਾਬੀ ਆਪਣੇ ਇਸ ਵਿਰਸੇ ਤੋਂ ਵਾਂਝੇ ਜਾਂਦੇ । ਇਨ੍ਹਾਂ ਗੁਣਾਂ ਪਾਰੋਂ ਈ ਟਮਪਲ ਦੀ ਇਹ ਖੋਜ ਅਨੁਹਵੇਂ ਸਦੀ ਦੇ ਫ਼ੋਕ ਲੋਰ ਖੇਤਰ ਦਾ ਕਾਰਨਾਮਾ ਆਖਿਆ ਜਾਂਦਾ ਹੈ ।

ਤੀਜੀ ਗੱਲ ਇਹ ਵੇ ਕਿ ਲੀਜਨਡਜ਼ ਏਨੀ ਭੋਲੀ ਕਿਤਾਬ ਵੀ ਨਹੀਂ । ਇਸ ਖੋਜ ਪਿੱਛੇ ਕਾਲੂ ਨਾਇਰਜ਼ ਦੇ ਟੀਚੇ ਲੁਕੇ ਹੋਏ ਹਨ । ਟਮਪਲ ਨੇ ਤੀਜੀ ਜਿਲਦ ਵਿਚ ਉਹਨਾਂ ਕਹਾਨੀਆਂ ਦਾ ਵੇਰਵਾ ਦਿੱਤਾ ਹੈ, ਜਿਹਨਾਂ ਨੂੰ ਉਹ ਛਪਵਾ ਨਹੀਂ ਸਕਿਆ । ਉਨ੍ਹਾਂ ਦੇ ਵਿੱਚ ਦੁੱਲਾ ਭੱਟੀ, ਜੈਮਲ ਫੱਤਾ, ਰਣਜੀਤ ਸਿੰਘ, ਹਰੀ ਸਿੰਘ ਨਲਵਾ ਜ਼ਿਕਰ ਯੋਗ ਹਣ । ਅਸਲ ਵਿਚ 1857ਈ ਦੀ ਜੰਗ ਆਜ਼ਾਦੀ ਮਗਰੋਂ ਅੰਗਰੇਜ਼ ਅਫ਼ਸਰਾਂ ਦੇ ਟੀਚੇ ਈ ਬਦਲ ਗਏ ਸਨ । ਉਨ੍ਹਾਂ ਦੇ ਮੂਹਰੇ ਇਹ ਗੱਲ ਅਹਿਮ ਸੀ ਕਿ ਗ਼ੁਲਾਮਾਂ ਦੀ ਨਫ਼ਸੀਆਤ ਤੀਕਰ ਅੱਪੜ ਕੇ ਕੰਟਰੋਲ ਕਰਨ ਦੇ ਨੁਸਖ਼ੇ ਤਜਵੀਜ਼ ਕੀਤੇ ਜਾਵਣ ਤਾਂ ਜੋ ਦੁਬਾਰਾ ਇਹ ਹੋਣੀ ਨਾ ਵਾਪਰੇ । ਟਿਮਪਲ ਉਨ੍ਹਾਂ ਸੂਰਮਿਆਂ ਦੀਆਂ ਕਹਾਣੀਆਂ ਕਿਵੇਂ ਛਾਪ ਸਕਦਾ ਸੀ ਜਿਹੜੇ ਵਸਤ ਏਸ਼ੀਆਈ ਧਾੜਵੀਆਂ ਦੇ ਨਾਬਰ ਸਨ । ਉਂਜ ਇਹ ਗੱਲ ਸਹਿਜ ਸੁਭਾ ਵੇਖੀ ਜਾ ਸਕਦੀ ਹੈ ਕਿ ਉਹਨੇ ਮਤਿਨ ਬਹੁਤ ਸੋਚ ਸਮਝ ਕੇ ਚੁਣਿਆ ਹੈ ।

ਟਮਪਲ ਨੇ ਵੱਡੀ ਸੂਝ ਨਾਲ ਇਹ ਦੀਬਾਚੇ ਲਿਖੇ ਹਨ ਜਿਹੜੇ ਕਾਲੋਨਾਇਰਜ਼ਰ ਦਾ ਪੱਖ ਈ ਨਹੀਂ ਪੂਰਦੇ ਸਗੋਂ ਅੰਗਰੇਜ਼ ਅਫ਼ਸਰਾਂ ਕਾਂ ਪੂਰਨਿਆਂ ਦਾ ਕੰਮ ਵੀ ਦਿੰਦੇ ਹਨ । ਉਹਨੇ ਵੱਡੀ

ਬਾਰੀਕੀ ਨਾਲ ਇਹ ਗੱਲ ਨਰਵਾਰੀ ਹੈ ਕਿ ਇਹ ਪਛੜਿਆ ਹੋਇਆ ਵਸੇਬ ਹੈ ਜਿਹੜਾ ਤੂਹਮਾਤ ਦੇ ਸਹਾਰੇ ਖੜਾ ਹੈ । ਇੰਜ ਦੇਸੀ ਲੋਕਾਂ ਨੂੰ ਤਾਂ ਉਸ ਰੱਜ ਨਖੇਦਿਆ ਹੈ ਤਾਂ ਜੋ ਇਹ ਹੀਣਤਾ ਵਿੱਚੋਂ ਨਾ ਨਿਕਲ ਸਕਣ । ਅਸੀਂ ਇਹ ਗੱਲ ਪਹਿਲੇ ਈ ਕਰ ਚੁੱਕੇ ਆਂ ਕਿ ਉਹਨੇ ਮਨਜ਼ੂਮ ਤਾਰੀਖ਼ੀ ਕਿੱਸਿਆਂ ਤੇ ਲੋਕ ਗੀਤਾਂ ਤੇ ਕੰਮ ਕੀਤਾ ਹੈ । ਉਹ ਆਪੋਂ ਵੀ ਇਹ ਗੱਲ ਮੰਨਦਾ ਹੈ ਕਿ ਉਹਨੂੰ ਨਸਰੀ ਲੋਕ ਕਹਾਣੀ ਨਾਲ ਕੋਈ ਦਿਲਚਸਪੀ ਨਹੀਂ । ਇਹ ਸਾਹਿਤ ਦਾ ਮੰਨਿਆ ਪਰਮਨਿਆਂ ਸੱਚ ਹੈ ਕਿ ਸ਼ਿਅਰ ਵਿਚ ਵਾਧੇ ਘਾਟੇ ਹੋਣ ਦੇ ਬਾਵਜੂਦ ਇਹ ਕਾਫ਼ੀਏ ਰਦੀਫ਼ ਦੀ ਪਕੜ ਪਾਰੋਂ ਅਪਣੀ ਅਸਲ ਸੋਚ ਤੋਂ ਦੂਰ ਨਹੀਂ ਜਾਂਦਾ । ਦੂਜੇ ਸ਼ਬਦਾਂ ਵਿਚ ਸ਼ਿਅਰ ਵਿਚ ਇਨਸਾਨੀ ਸੋਚ ਦੀ ਅਸਲ ਸ਼ਕਲ ਜ਼ਿਆਦਾ ਦੇਰ ਤਾਈਂ ਮਹਿਫ਼ੂਜ਼ ਰਹਿੰਦੀ ਹੈ । ਉਹ ਪੰਜਾਬ ਯਾਂ ਬਰਾਜ਼ੀਮ ਦੀ ਉਸ ਜ਼ਿਹਨੀ ਹਾਲਤ ਤੀਕਰ ਅਪੜਨਾ ਚਾਹੁੰਦਾ ਸੀ ਜਿਥੋਂ ਇਨ੍ਹਾਂ ਦੀ ਨਫ਼ਸੀਆਤ ਨੂੰ ਸਮਝਿਆ ਜਾ ਸਕੇ ਇਸ ਪਾਰੋਂ ਉਹਨੂੰ ਗੀਤ ਈ ਵਾਰਾ ਖਾਂਦਾ ਸੀ । ਸਾਡੇ ਵਾਸਤੇ ਜਿੱਥੇ ਉਹਦੇ ਮਤਿਨ ਦੀ ਬਹੁਤ ਅਹਿਮੀਅਤ ਹੈ ਉਥੇ ਉਹਦੇ ਦੀਬਾਚੇ ਮੁੜ ਮੁੜ ਵਿਚਾਰਨ ਦੀ ਲੋੜ ਹੈ ।

? ਤੁਹਾਡੇ ਖੋਜ ਕਾਰਜ ਰਾਹੀਂ ਸਾਹਮਣੇ ਆਏ ਲੋਕ ਕਹਾਣੀ ਸੰਗ੍ਰਹਿ "ਕਮਾਲ ਕਹਾਣੀ", "ਨਾਬਰ ਕਹਾਣੀ", "ਬਾਰ ਕਹਾਣੀ" ਤੇ ਹੁਣ ਸੱਜਰੇ ਛਪੇ ਕਹਾਣੀ ਪਰਾਗੇ "ਰਾਜ ਕਹਾਣੀ" ਨੂੰ ਪੜ੍ਹਦੇ ਹੋਏ ਮਹਿਸੂਸ ਹੁੰਦਾ ਹੈ ਕਿ ਵਸੇਬ ਦੇ ਅਣ ਪੜ੍ਹ ਕਥੀ ਕੋਲ ਕਹਾਣੀ ਕਹਿਣ ਦਾ ਜੋ ਚੱਜ ਹੈ ਉਹਦੇ ਮੁਕਾਬਲੇ ਵਿਚ ਮੈਨੂੰ ਸ਼ਹਿਰੀ ਵਸੋਂ ਦਾ ਪੜ੍ਹਿਆ ਲਿਖਿਆ ਕਹਾਣੀ ਕਾਰ ਕੋਈ ਏਡਾ ਗੁਣ ਵਨਤਾ ਨਹੀ ਜਾਪਦਾ । ਕੀ ਮੇਰੀ ਇਸ ਗੱਲ ਨਾਲ ਤੁਸੀਂ ਸਹਿਮਤ ਹੋ ?

-ਕਹਾਣੀ ਸੁਣਨ ਤੇ ਸੁਣਾਉਣ ਇਨਸਾਨੀ ਫ਼ਿਤਰਤ ਵਿਚ ਸ਼ਾਮਲ ਹੈ । ਖ਼ਾਸ ਤੌਰ ਤੇ ਅਜਿਹੇ ਜੀ ਜਿਹਨਾਂ ਦਾ ਇਹ ਪੇਸ਼ਾ ਹੈ ਉਨ੍ਹਾਂ ਦੀ ਕਲਾ ਵੱਡੀ ਉੱਚੀ ਹੁੰਦੀ ਹੈ । ਕਥੀ ਵਸੇਬ ਤੋਂ ਈ ਸਿੱਖਦਾ ਹੈ ਤੇ ਉਹਦੀ ਵੇਖਣੀ ਤੱਕਣੀ ਪਿੱਛੇ ਪੂਰੇ ਵਸੇਬ ਦਾ ਜ਼ੋਰ ਹੁੰਦਾ ਹੈ । ਦੂਜਾ ਕਥੀ ਬੋਲ ਕੇ ਗੱਲ ਕਰਦਾ ਹੈ ਤੇ ਸੁਣਨ ਵਾਲਾ ਕਨਾਂ ਰਾਹੀਂ ਵਸੂਲ ਕਰਦਾ ਹੈ । ਅਫ਼ਸਾਨਾ ਵੀ ਭਾਵੇਂ ਕਹਾਣੀ ਈ ਹੈ ਪਰ ਇਹ ਅਫ਼ਸਾਨਾ ਨਿਗਾਰ ਦੇ ਜ਼ਾਤੀ ਅਹਿਸਾਸਾਂ ਉੱਤੇ ਉਸਰਦੀ ਹੈ ਤੇ ਫਿਰ ਇਹਦਾ ਸਾਂਗਾ ਪੜ੍ਹਨ ਨਾਲ ਹੈ । ਇੰਜ ਕੱਥ ਤੇ ਅਫ਼ਸਾਨੇ ਦੇ ਮੁਤਾਸਿਰ ਕਰਨ ਦਾ ਢੰਗ ਥੋੜਾ ਜਿਹਾ ਵੱਖਰਾ ਹੋ ਜਾਂਦਾ ਹੈ ।

? "ਬਾਰ ਕਹਾਣੀ" ਜਿਹੜੇ ਵਸੇਬ ਦੀ ਕਥਾ ਹੈ ਉਹ ਅਪਣੀ ਗੁੜ੍ਹਤਲ ਵਿਚ ਬਹੁੰ ਅਮੀਰ ਹੈ । ਇਹਦੀਆਂ ਵਸੀਬੀ ਕਦਰਾਂ ਦੀ ਤੁਲਨਾ ਕਿਸੇ ਵੀ ਵੱਡੇ ਤੋਂ ਵੱਡੇ ਵਸੇਬ ਨਾਲ ਕੀਤੀ ਜਾ ਸਕਦੀ ਹੈ । ਫ਼ੋਕ ਲੋਰ ਤੋਂ ਬਾਹਰ ਇਸ ਵਸੇਬ ਵਾਪਰੀ ਦੀ ਕੁੱਝ ਕੋ ਦਸ ਜ਼ਾਹਿਦ ਹਸਨ ਦੇ ਨਾਵਲ "ਇਸ਼ਕ ਲਿਤਾੜੇ ਆਦਮੀ" ਤੇ ਮੁਲਕ ਮਿਹਰ ਅਲੀ ਦੇ ਕਹਾਣੀ ਪਰਾਗੇ "ਢਾ ਲੱਗੀ ਵਸਤੀ" ਵਿਚ ਪੈਂਦੀ ਹੈ ਯਾਂ ਫਿਰ ਗ਼ੁਲਾਮ ਹੁਸੈਨ ਸਾਜਿਦ ਦੇ ਸ਼ਿਅਰ ਪਰਾਗੇ "ਬੇਲੇ ਵਿਚ ਚਿੜੀਆਂ" ਅੰਦਰ । ਇਥੋਂ ਦੇ ਲੈਂਡ ਅਸਕੇਪ ਪੇਸ਼ ਹੋਏ ਹਨ । ਸਵਾਲ ਇਹ ਹੈ ਕਿ ਸਾਡੇ ਲਿਖਾਰੀਆਂ ਵੱਲੋਂ ਇਸ ਲੋਕੇਲ ਦਾ ਰਚਨਾਤਮਕ ਚਿਤਰਣ ਬਹੁਤ ਘੱਟ ਹੋਇਆ ਏ, ਇਹਦੀ ਕੀ ਵਜ੍ਹਾ ਏ ?

-"ਬਾਰ ਕਹਾਣੀ" ਪੰਜਾਬ ਦੀਆਂ ਬਾਰੀਂ ਬਾਰੇ ਹੈ । ਬਾਰ ਜੰਗਲ ਨੂੰ ਆਖਦੇ ਹਨ ਤੇ ਪੰਜਾਬ ਦੇ ਦਰਿਆਵਾਂ ਦੇ ਵਿਚਕਾਰਲੇ ਜੰਗਲ ਬਾਰੀਂ ਵਿਚ ਵੰਡੇ ਹੋਏ ਸਨ ਜਿਵੇਂ ਸਾਂਦਲ ਬਾਰ, ਕੜਾਨਾ ਬਾਰ, ਨੀਲੀ ਬਾਰ, ਗੰਜੀ ਬਾਰ ਤੇ ਗੋਂਦਲ ਬਾਰ । ਅੰਗਰੇਜ਼ਾਂ ਦੇ ਰਾਜ ਤੋਂ ਪਹਿਲਾਂ ਪੰਜਾਬ ਦੇ ਵੱਡੇ ਤਹਿਜ਼ੀਬੀ ਤੇ ਸਕਾਫ਼ਤੀ ਮਰਕਜ਼ ਦਰਿਆਵਾਂ ਦੇ ਕੰਢੇ ਤੇ ਈ ਸਨ । ਉਂਜ ਪੂਰੀ ਦੁਨੀਆਂ ਵਿੱਚ ਵੇਖਿਆ ਜਾ ਸਕਦਾ ਹੈ ਕਿ ਵੱਡਿਆਂ ਤਹਿਜ਼ੀਬਾਂ ਦਰਿਆਵਾਂ ਦੇ ਕੰਢਿਆਂ ਉੱਤੇ ਹੁੰਦਿਆਂ ਹਨ ਕਿਉਂ ਜੋ ਪਾਣੀ ਜੀਵਨ ਦੀ ਮੁੱਢਲੀ ਲੋੜ ਹੈ । ਇਥੋਂ ਦਾ ਪੁਰਾਣਾ ਵਸੇਬਾ ਇਹ ਸੀ ਕਿ ਸ਼ਹਿਰ ਤੇ ਕਸਬੇ ਦਰਿਆਵਾਂ ਦੇ ਕੰਢਿਆਂ ਉੱਤੇ ਸਨ ਤੇ ਬਹੁਤੀ ਵਾਹੀ ਵੀ ਦਰਿਆ ਦੇ ਲਾਗਲੇ ਰਕਬੇ ਉੱਤੇ



ਹੁੰਦੀ । ਜੰਗਲ ਵਿੱਚ ਜਿੱਥੇ ਥੱਲਿਓਂ ਪਾਣੀ ਮਿੱਠਾ ਹੁੰਦਾ ਉਥੇ ਲੋਕ ਖੋਹ ਖੱਟ ਕੇ ਬਹਿ ਜਾਂਦੇ । ਖੋਹ ਜਨੌਰਾਂ ਤੇ ਬੰਦਿਆਂ ਦੇ ਪਾਣੀ ਪੀਵਣ ਤੋਂ ਅੱਡ ਵਾਹੀ ਕਾਂ ਵੀ ਵਰਤੀਂਦੇ । ਜ਼ਾਹਿਰ ਹੈ ਜਿੱਥੇ ਬੰਦਿਆਂ ਦੀ ਵਸੋਂ ਹੋ ਸੀ ਤਹਿਜ਼ੀਬ ਤੇ ਸਕਾਫ਼ਤ ਵੀ ਉਥੇ ਪੁੰਗਰ ਸੀ । ਅਸੀਂ ਵੇਖਦੇ ਆਂ ਕਿ ਬਾਬਾ ਫ਼ਰੀਦ, ਬਾਬਾ ਨਾਨਕ ਤੋਂ ਲੈ ਕੇ ਮੀਆਂ ਮੁਹੰਮਦ ਬਖ਼ਸ਼ ਤੀਕਰ ਲਹਿੰਦੀ ਦਾ ਲਹਿਜਾ ਈ ਲਿਖਤ ਦੀ ਬੋਲੀ ਉੱਤੇ ਛਾਇਆ ਹੋਇਆ ਹੈ । ਅੰਗਰੇਜ਼ਾਂ ਦੇ ਆਉਣ ਨਾਲ ਨਹਿਰਾਂ ਆਈਆਂ, ਰੇਲ ਦੀ ਪਟੜੀ, ਮੰਡੀ, ਬਾਰਾਂ ਦੀ ਆਬਾਦਕਾਰੀ ਨਾਲ ਜੀਵਨ ਬਦਲਿਆ । ਹੁਣ ਦਰਿਆਵਾਂ ਦੇ ਲਾਗਲੇ ਇਲਾਕਿਆਂ ਨਾਲੋਂ ਮੁੰਡਿਆਂ ਰੇਲਵੇ ਅਸਟੇਸ਼ਨਾਂ ਤੇ ਜ਼ਿਲ੍ਹਾ ਮਰਕਜ਼ਾਂ ਦੀ ਅਹਿਮੀਅਤ ਵੱਧ ਗਈ ਤੇ ਇਹ ਇਲਾਕੇ ਅੰਗਰੇਜ਼ਾਂ ਦੀ ਟੈਕਨਾਲੋਜੀ ਦੀ ਅਹਿਮੀਅਤ ਵੱਧ ਗਈ ਤੇ ਇਹ ਇਲਾਕੇ ਅੰਗਰੇਜ਼ਾਂ ਦੀ ਟੈਕਨਾਲੋਜੀ ਦੀ ਤਰੱਕੀ ਤੇ ਮੰਡੀ ਤੋਂ ਵਾਢੇ ਹੋ ਗਏ । ਜ਼ਾਹਿਰ ਹੈ ਨਵੀਂ ਤਾਲੀਮ ਹੁਣ ਅੰਗਰੇਜ਼ੀ ਸੀ ਤੇ ਇਹ ਨਵੀਂ ਮਰਕਜ਼ਾਂ ਤੋਂ ਦੂਰ ਵੀ ਸਨ ਤੇ ਨਾਲੇ ਆਵਾ ਜਾਈ ਦੇ ਜ਼ਰੀਏ ਵੀ ਸਨ । ਅਸੀਂ ਵੇਖਦੇ ਹਾਂ ਕਿ ਬਹਾਵਲ ਨਗਰ ਤੋਂ ਮੰਡੀ ਬਹਾਉ ਉੱਦੀਨ ਤੀਕਰ ਜਿਹਨੂੰ "ਜਾਂਗਲੀ ਪੰਜਾਬ" ਵੀ ਆਖਦੇ ਹਨ, ਇਹ ਇਲਾਕੇ ਬਹੁਤ ਪਿੱਛੇ ਰਹਿ ਗਏ । ਵੀਹਵੀਂ ਸਦੀ ਦੇ ਜਦੀਦ ਪੰਜਾਬੀ ਅਦਬ ਵਿਚ ਵੀ ਇਥੋਂ ਦਾ ਕੋਈ ਸਿਰ ਕੱਢਵਾਂ ਲਿਖਾਰੀ ਵਿਖਾਲੀ ਨਹੀਂ ਦਿੰਦਾ । ਇਹ ਨਹੀਂ ਕਿ ਉਨ੍ਹਾਂ ਆਪਣੇ ਵਸੇਬ ਤੇ ਬੋਲੀ ਨਾਲ ਰਿਸ਼ਤਾ ਤੋੜ ਲਿਆ । ਉਥੇ ਅੱਜ ਵੀ ਬੇ ਅੰਤ ਪੁਰਾਣੇ ਅੰਗ ਦੀ ਸ਼ਾਇਰੀ ਹੁੰਦੀ ਹੈ । "ਤਰੱਕੀ" ਦੀ ਛੁਰੀ ਤੋਂ ਬਚਣ ਦਾ ਇਹ ਫ਼ਾਇਦਾ ਜ਼ਰੂਰ ਹੋਇਆ ਕਿ ਸਕਾਫ਼ਤ ਤੇ ਬੋਲੀ ਦੀ ਅਮੀਰੀ ਅੱਜ ਵੀ ਉਥੇ ਦੂਜਿਆਂ ਜੂਹਾਂ ਨਾਲੋਂ ਬਹੁਤੀ ਹੈ ।

ਜੇਹੜੀਆਂ ਲੋਕ ਕਹਾਣੀਆਂ ਮੈਂ ਇਕੱਠੀਆਂ ਕੀਤੀਆਂ ਹਨ ਇਨ੍ਹਾਂ ਦਾ ਖੋਜ ਖੇਤਰ ਲਹਿੰਦੀ ਦਾ ਇਲਾਕਾ ਹੈ ਤੇ ਇਨ੍ਹਾਂ ਦਾ ਵਿਸ਼ਾ ਅੰਗਰੇਜ਼ੀ ਰਾਜ ਤੋਂ ਪਹਿਲਾਂ ਦਾ ਪੰਜਾਬ ਹੈ । ਇੰਜ ਇਹ ਲੈਂਡ ਸਕੇਪ ਤੇ ਬੋਲੀ, ਦੋਵੇਂ ਕਿਸੇ ਹੱਦ ਤੀਕਰ ਮਹਿਫ਼ੂਜ਼ ਹੋ ਗਏ ਹਨ । ਉਂਜ ਮੇਰੇ ਯਾਰ ਬੇਲੀ ਮੇਰੇ ਕੰਮ ਨੂੰ ਬਹੁਤ ਵਡੀਆਓਂਦੇ ਵੀ ਹਨ । ਇਹ ਤਣੇ ਲਿਖਾਰੀ ਜਿਹਨਾਂ ਅਜੋਕੀਆਂ ਪ੍ਰਚਲਿਤ ਸਨਫ਼ਾਂ ਵਿਚ ਲਿਖਿਆ ਹੈ । ਇਨ੍ਹਾਂ ਜੂਹਾਂ ਦੇ ਜਮ ਪੱਲ ਹਨ ਤੇ ਅਪਣੀ ਧਰਤੀ ਨਾਲ ਜੁੜੇ ਹੋਏ, ਇੰਜ ਉਨ੍ਹਾਂ ਦੇ ਕੋਲ ਬੋਲੀ ਤੇ ਲੈਂਡ ਸਕੇਪ ਦਾ ਪੂਰੀ ਕੁੱਵਤ ਨਾਲ ਆਉਣ ਫ਼ਿਤਰੀ ਉਮਰ ਸੀ ।

? ਤੁਹਾਡੇ ਕਥੀ ਕਹਾਣੀ ਨਸਰ ਵਿਚ ਸੁਣਾਉਂਦੇ ਹਨ ਪਰ ਰਸ ਵਧਾਉਣ ਲਈ ਵਿਚ ਕੁੜੇ ਤੇ ਤੁਕਾਂ ਵੀ ਲਾਈ ਜਾਂਦੇ ਹਣ । ਪਰ ਤੁਸਾਂ ਇਸ ਸ਼ਾਇਰੀ ਦੇ ਸੋਮਿਆਂ ਦੀ ਅਲੱਗ ਤੋਂ ਕਦੀ ਦੱਸ ਨਹੀਂ ਪਾਈ । ਕੀ ਇਹ ਤੁਕਾਂ ਉਸ ਕਥੀ ਦੀਆਂ ਆਪ ਜੋੜੀਆਂ ਹੁੰਦਿਆਂ ਹਨ ?

-ਦੇਖੋ ਜੀ ਲੋਕ ਅਦਬ ਵਿਚ ਵਾਧੇ ਘਾਟੇ ਨਹੀਂ ਕਰੇਂਦੇ । ਜੇ ਤੁਹਾਡੀ ਮੁਰਾਦ ਹੈ ਕਿ ਇਹ ਤੁਕਾਂ ਮੈਂ ਫ਼ੁੱਟ ਕਰਦਾ ਵਾਂ ਤਾਂ ਬਿਲਕੁਲ ਠੀਕ ਨਹੀਂ । ਕਥੀ ਦੀ ਕਹਾਣੀ ਅਪਣੀ ਘੜੀ ਹੋਈ ਨਹੀਂ ਹੁੰਦੀ ਸਗੋਂ ਇਹ ਵਸੇਬ ਵਿਚ ਮੌਜੂਦ ਹੋਂਦੀ ਹੈ । ਸੁਣਾਉਣ ਵਾਲਾ ਕਿੰਨਾ ਗੁਣੀ ਹੈ ਉਹਦੇ ਨਾਲ ਈ ਕਹਾਣੀ ਦਾ ਰਸ ਬਣਦਾ ਹੈ । ਇੰਜੀਂ ਵਾਂਗੂੰ ਲੋਕ ਅਦਬ ਤੇ ਕਲਾਸਿਕੀ ਸ਼ਾਇਰੀ ਪਿਛਲੀ ਪੀੜ੍ਹੀ ਦੇ ਚੇਤਿਆਂ ਵਿਚ ਰੁਚੀ ਹੋਈ ਹਾਈ । ਇੰਜ ਉਹਦਾ ਹਵਾਲਾ ਦੇਣਾ ਬਣਦਾ ਈ ਨਹੀਂ । ਲੋਕ ਅਦਬ ਦੀ ਤਾਂ ਗੱਲ ਹੋਰ ਹੈ । ਪੰਜਾਬੀ ਦੇ ਕਲਾਸਿਕੀ ਸ਼ਾਇਰਾਂ ਦੇ ਮਤਨਾਂ ਵਿਚ ਦਿੱਤੇ ਮਸਰੱਈਆਂ ਤੇ ਕਥੀ ਦੇ ਸੁਣਾਏ ਮਸਰੱਈਆਂ ਵਿੱਚ ਅਕਸਰ ਫ਼ਰਕ ਵੀ ਹੁੰਦਾ ਹੈ, ਪਰ ਮੈਂ ਉਨ੍ਹਾਂ ਨੂੰ ਵੀ ਕਦੀ ਨਹੀਂ ਛੇੜਿਆ । ਕਥੀ ਚੰਗਾ ਹੋਵੇ ਤਾਂ ਉਹਦੀ ਗੱਲ ਨੂੰ ਐਡਿਟ ਕਰਨ ਦੀ ਲੋੜ ਨਹੀਂ ਹੁੰਦੀ । ਕੀ ਹੋਇਆ ਜੇ ਕਿਸੇ ਵੇਲ਼ੇ ਉਹ ਕੋਈ ਸਤਰ ਦੋਹਰਾ ਜਾਂਦਾ ਹੈ ਤੇ ਉਹਨੂੰ ਨਹੀਂ ਲਿਖੀ ਦਾ । ਨਾਲੇ ਮੈਂ ਇਹ ਕੰਮ ਪੁਣੇ ਭਰਨ ਕਾਂ ਥੋੜਾ ਕਰ ਰਿਹਾ ਵਾਂ । ਮੈਂ ਹੁਣ ਤੀਕਰ ਉਨ੍ਹਾਂ ਕਥੀਆਂ ਦੀ ਰਿਕਾਰਡਿੰਗ ਕੀਤੀ ਹੈ, ਜਿਹਨਾਂ ਨੂੰ ਗਲ ਦਾ ਸਲੀਕਾ ਆਉਂਦਾ ਹੈ । ਲੋਕ ਕਹਾਣੀ ਐਡਿਟ ਕਰਨ ਦੀ ਉਥੇ ਲੋੜ ਹੁੰਦੀ ਹੈ ਜਿੱਥੇ ਕਥੀ ਦੀ

ਗੱਲ ਵਿੱਚ ਝੁੱਲ ਹੋਵੇ ।

? ਇਹ ਲੋਕ ਕਹਾਣੀਆਂ ਤਨਕੀਦ ਦੇ ਨਵੇਂ ਜ਼ਾਵੀਆਂ ਦੇ ਪੈਮਾਨਿਆਂ ਉੱਤੇ ਕਿਸ ਹੱਦ ਤੀਕਰ ਪੂਰਾ ਉਤਰਦੀਆਂ ਨੇਂ ?

–ਚੰਗੀ ਲੋਕ ਕਹਾਣੀ ਦਾ ਮਤਿਨ ਬਹੁਤ ਵੱਡਾ ਖ਼ਜ਼ਾਨਾ ਹੁੰਦਾ ਹੈ । ਇਹ ਤਾਂ ਪਾਰਖਾਂ ਉੱਤੇ ਮੁਨੱਸਰ ਹੈ ਕਿ ਉਹ ਆਪਣੇ ਵਿਰਸੇ ਨੂੰ ਕਿਨਾ ਸਮੇ ਨਾਲ ਹਮ ਆਹੰਗ ਕਰ ਕੇ ਵੇਖਣ ਜੋਗੇ ਹੁੰਦੇ ਹਨ । ਲੋਕ ਕਹਾਣੀਆਂ ਦੀ ਵਿਆਖਿਆ ਸਮੇ ਕਈ ਸੂਝਵਾਨਾਂ ਇਨਥਰੋਪੋਲੋਜੀ, ਲੀਨਗੋਸਟਕਸ, ਸਟਰਕਚਰਲ ਇਜ਼ਮ, ਪੋਸਟ ਮਾਡਰਨ ਇਜ਼ਮ ਤੇ ਫ਼ਾਰਮਲ ਇਜ਼ਮ ਲਈ ਨਵੇਂ ਕਾਆਦੇ ਬਣਾਏ । ਲੋਕ ਕਹਾਣੀ ਦਾ ਖੇਤਰ ਬਹੁਤ ਵਿਸ਼ਾਲ ਹੈ । ਇੱਕ੍ਹੀਵੀਂ ਸਦੀ ਵਿਚ ਲੋਕ ਕਹਾਣੀ ਨੂੰ ਪਰਫ਼ਾਰਮੈਂਸ ਥਿਊਰੀ ਦੀ ਐਨਕ ਨਾਲ ਪੜ੍ਹਨ ਦੀ ਪਰਤ ਪੈ ਚੱਕੀ ਹੈ । ਮੈਂ ਚੜ੍ਹਦੇ ਪੰਜਾਬ ਦੇ ਇਕ ਪਾਰਖ ਡਾਕਟਰ ਸੁਰਜੀਤ ਸਿੰਘ ਦਾ ਲੇਖ ਲੋਕ ਬਿਰਤਾਂਤ ਬਾਰੇ ਉਲਥਾ ਕਰ ਕੇ ਛਪਵਾਇਆ ਸ਼ਣ । ਮੇਰੀ ਸੂਝ ਮੂਜਬ ਉਹ ਇਕ ਇਲਮੀ ਕੋਸ਼ਿਸ਼ ਸੀ । ਇੰਜੀਂ ਵਾਂਗੂੰ ਡਾਕਟਰ ਜੋਗਿੰਦਰ ਸਿੰਘ ਕੈਰੋਂ ਹੋਰਾਂ ਦੀ ਲੋਕ ਕਹਾਣੀਆਂ ਦੀ ਸਥੜਓਛਥਓੜਾਂਟਣਸ਼ਥਣਛ ਸ਼ਥਓਧਯ ਵੀ ਸਲਾਹੁਣ ਜੋਗ ਹੈ । ਮੇਰਾ ਮਤਲਬ ਇਹ ਵੇ ਕਿ ਲੋਕ ਕਹਾਣੀਆਂ ਉੱਤੇ ਸਿਰਫ਼ ਨਵੀਆਂ ਥੀਊਰੀਆਂ ਅਪਲਾਈ ਨਹੀਂ ਕੀਤੀਆਂ ਜਾ ਸਕਦੀਆਂ ਸਗੋਂ ਲੋਕ ਕਹਾਣੀਆਂ ਦਾ ਅਪਣਾ ਵੀ ਪਰਛਾਵਾਂ ਜਦੀਦ ਅਲਮਾਂ ਉਤੇ ਵੇਖਿਆ ਜਾ ਸਕਦਾ ਹੈ ।

? ਇਨ੍ਹਾਂ ਲੋਕ ਕਹਾਣੀਆਂ ਦੀ ਪੰਜਾਬੀ ਅਦਬ ਵਿਚ ਕੀ ਥਾਂ ਬਣਦੀ ਹੈ ?

– ਮੇਰੀਆਂ ਖੋਜੀਆਂ ਹੁਣ ਤੀਕਰ ਲੋਕ ਕਹਾਣੀਆਂ ਦੀਆਂ ਚਾਰ ਕਿਤਾਬਾਂ ਛਪ ਚੁੱਕਿਆ ਹਨ । ਇਹ ਸਾਰੀਆਂ ਤਾਰੀਖ਼ੀ ਕਹਾਣੀਆ ਹਨ । ਇਨ੍ਹਾਂ ਦੇ ਪਾਤਰ ਅੰਗਰੇਜ਼ੀ ਰਾਜ ਤੋਂ ਪਹਿਲਾਂ ਦੇ ਹਨ ਯਾਨੀ ਪੜਏ–ਛੂਟੂਵਣਾਂਟ ਪਓਵਝਾਂਭ । ਦੂਜੀ ਗੱਲ ਇਹ ਕਿ ਮੇਰਾ ਖੋਜ ਖੇਤਰ ਲਹਿੰਦੀ ਬੋਲਣ ਵਾਲਿਆਂ ਦਾ ਇਲਾਕਾ ਹੈ । ਇਨ੍ਹਾਂ ਕਹਾਣੀਆਂ ਵਿਚ ਲਹਿੰਦੀ ਪੂਰੇ ਜੋਬਨ ਉੱਤੇ ਨਜ਼ਰ ਆਉਂਦੀ ਹੈ । ਜਿਹੜੀ ਕਲਾਸਿਕੀ ਬੋਲੀ ਕਲਾਸਿਕੀ ਸ਼ਾਇਰਾਂ ਵਰਤੀ ਹੈ ਉਹ ਨਸਰ ਵਿਚ ਖੋਜ ਰਿਸਰਚ ਰਾਹੀਂ ਮੈਂ ਸਾਂਭੀ ਹੈ । ਇਹ ਆਮ ਪਾਠਕ ਵਾਸਤੇ ਕਹਾਣੀਆਂ ਈ ਹਨ ਪਰ ਜਿਹਨਾਂ ਕਬੀਲਿਆਂ ਦੀਆਂ ਇਹ ਗੱਲਾਂ ਹਨ ਉਹ ਇਨ੍ਹਾਂ ਨੂੰ ਤਾਰੀਖ਼ ਵਾਂਗੂੰ ਈ ਮਾਣਦੇ ਹਣ । ਸਾਡੇ ਜ਼ਿਲਿਆਂ ਵਿਚ ਅੱਜ ਵੀ ਤਿੰਨ ਚਾਰ ਸੌ ਵਰ੍ਹਿਆਂ ਤੋਂ ਸਗਵੀਆਂ ਥਾਹਰਾਂ ਉੱਤੇ ਬੈਠੇ ਹਨ । ਉਹ ਇਨ੍ਹਾਂ ਨੂੰ ਅਪਣੀ ਤਾਰੀਖ਼ ਈ ਸਮਝਦੇ ਹਨ । ਮੈਥੋਂ ਪਹਿਲਾਂ ਲੋਕ ਕਹਾਣੀ ਉੱਤੇ ਜਿਹੜਾ ਕੰਮ ਹੋਇਆ ਹੈ ਉਨ੍ਹਾਂ ਵਿੱਚੋਂ ਸਿਰ ਕੱਢਵਾਂ ਸੂਝਵਾਨ ਟਮਪਲ ਹੈ । ਟਮਪਲ ਦੀ ਲੀਜਨਡਜ਼ ਸ਼ਾਇਰੀ ਵਿਚ ਹੈ ਨਸਰ ਵਿਚ ਨਹੀਂ । ਉਂਜ ਲੀਜਨਡਜ਼ ਦਾ ਘੇਰਾ ਬਹੁੰ ਮੋਕਲਾ ਹੁੰਦਾ ਹੈ ਤੇ ਉਹਦੇ ਵਿਚ ਕਈ ਕਿਸਮ ਦੀ ਲੋਕ ਕਹਾਣੀ ਆ ਜਾਂਦੀ ਹੈ ਜਿਵੇਂ ਰੁਮਾਨੀ ਵਗ਼ੈਰਾ । ਦੂਜਾ ਅੰਗਰੇਜ਼ਾਂ ਦਾ ਕੰਮ ਅੰਗਰੇਜ਼ੀ ਵਿਚ ਈ ਹੈ । ਮੈਂ ਹੁਣ ਤੀਕਰ ਨਹੀਂ ਵੇਖ ਸਕਿਆ ਕਿ ਮੈਥੋਂ ਪਹਿਲਾਂ ਕਿਸੇ ਚੜ੍ਹਦੇ ਪੰਜਾਬ ਦੇ ਲੋਕ ਖੋਜੀ ਪੰਜਾਬੀ ਨਸਰ ਵਿਚ ਤਾਰੀਖ਼ੀ ਕਹਾਣੀਆਂ ਖੋਜੀਆਂ ਹੋਣ । ਇਨ੍ਹਾਂ ਕਹਾਣੀਆਂ ਦੀ ਥਾਂ ਕੀ ਬਣਦੀ ਹੈ ਇਹ ਤਾਂ ਦੂਜੇ ਲੋਕ ਈ ਦੱਸ ਸਕਦੇ ਹਨ ਮੈਂ ਆਪਣੇ ਮੂੰਹੋਂ ਕੀ ਆਖਣਾ ਹੈ ।

? ਕੀ ਤਵਾਰੀਖ਼ੀ ਲੋਕ ਕਹਾਣੀਆਂ ਨੂੰ ਲੋਕ ਤਵਾਰੀਖ਼ ਆਖਿਆ ਜਾ ਸਕਦਾ ਹੈ ?

–ਇਹ ਇਕ ਅਕੈਡਮਿਕ ਸਵਾਲ ਹੈ ਤੇ ਕਾਫ਼ੀ ਅਖ਼ਤਲਾਫ਼ੀ ਵੀ । ਜਦੋਂ ਓਰਲ ਹਿਸਟਰੀ ਨੂੰ ਇਕ ਬਾਕਾਇਦਾ ਡਸਿਪਲਨ ਦੇ ਤੌਰ ਤੇ ਮਨਵਾਣ ਦਾ ਸਵਾਲ ਜੰਮਿਆ ਤਾਂ ਉਦੋਂ ਅਜੀਹਾਂ ਕਾਫ਼ੀ ਬਹਿਸਾਂ ਹੋਈਆਂ । ਜਦੋਂ ਲੋਕ ਰੇਤ ਬਾਰੇ ਸਵਾਲ ਕੀਤਾ ਗਿਆ ਕਿ ਇਹ ਤਾਰੀਖ਼ ਹੈ ਯਾਂ ਨਹੀਂ ਤਾਂ ਫਿਰ ਜ਼ਾਹਿਰ ਹੈ ਕਿ ਲੋਕ ਰੇਤ ਦੇ ਨਾਲੋਂ ਲੋਕ ਕਲਾ ਤੇ ਲੋਕ ਅਦਬ ਨੂੰ ਤਾਂ ਵਖ ਨਹੀਂ ਕੀਤਾ ਜਾ



ਸਕਦਾ । ਇਕ ਇਨਥਰੋਪੋਲੋਜਸਟ ਰਾਬਰਟ ਐਚ ਲੋਈ ਇਹਦੇ ਵਿਰੋਧ ਵਿਚ ਬਹੁਤ ਬੋਲਿਆ ਹੈ । ਦੂਜੇ ਪਾਸੇ ਜਾਰਜ ਲਾਰੰਸ ਗੁਮ ਨੇ ਫ਼ੋਕ ਲੋਰ ਨੂੰ ਤਾਰੀਖ਼ੀ ਸਾਇੰਸ ਆਖਿਆ ਹੈ । ਮੈਨੂੰ ਫ਼ਿਲਪ ਡੀ ਜਾਰਡਨ ਤੇ ਵਾਈ ਐਮ ਸੋਕੋਲੋਫ਼ ਦੀ ਗੱਲ ਜ਼ਿਆਦਾ ਪੋਹਨਦੀ ਹੈ ਕਿ ਲੋਕ ਅਦਬ ਤੋਂ ਬਿਨਾਂ ਸੂਚੀ ਤਾਰੀਖ਼ ਨਹੀਂ ਲਿਖੀ ਜਾ ਸਕਦੀ ।

? "ਰਾਜ ਕਹਾਣੀ" ਦਾ ਇਕ ਪੱਖ ਇਹ ਵੀ ਹੈ ਕਿ ਇਸ ਵਿਚਲੀਆਂ ਲੋਕ ਕਥਾਵਾਂ ਲੋਕਾਈ ਦੇ ਹਿਰਦੇ ਵਿਚ ਹਾਕਮ ਤਬਕੇ ਲਈ ਹੈਝ (ਹੇਜ) ਜਗਾਉਂਦੀਆਂ ਹਣ । ਤੁਹਾਡਾ ਕੀ ਖ਼ਿਆਲ ਹੈ ?

–'ਰਾਜ ਕਹਾਣੀ" ਵਿੱਚ ਸਿਰਫ਼ ਪੰਜਾਬ ਦੇ ਪਾਤਰਾਂ ਬਾਰੇ ਈ ਕਹਾਣੀਆਂ ਨਹੀਂ ਹਣ ਸਗੋਂ ਬਾਕੀ ਹਿੰਦੁਸਤਾਨ ਦੇ ਪਾਤਰ ਵੀ ਮਿਲਦੇ ਹਨ । ਅਸ਼ੋਕ ਦਾ ਪੁਤੱਰ ਕੁਨਾਲ ਤੇ ਦਾਰਾਸ਼ਕੋਹ ਦਾ ਜਰਨੈਲ ਭੌਰ ਸੁਲਤਾਨ ਸ਼ਾਹੀ ਛੱਡ ਕੇ ਫ਼ਕੀਰੀ ਮੱਲ ਲੈਂਦੇ ਹਨ । ਰਾਜਾ ਬੀਰਬਲ ਤੇ ਸਾਇਦ ਅੱਲਾਹ ਖ਼ਾਂ ਨਿਮਾਣੇ ਘਰਾਂ ਦੇ ਜੀ ਹੋ ਕੇ ਅਪਣੀ ਮਿਹਨਤ ਨਾਲ ਵਜ਼ੀਰ ਵਗ਼ੈਰਾ ਬਣਦੇ ਹਨ । ਉਂਜ ਇਹ ਕਿਸੇ ਮਿਲ ਦੀ ਵਡਿਆਈ ਦੱਸਣ ਲਈ ਨਹੀਂ ਛਾਪਿਆਂ ਗਈਆਂ । ਤੁਹਾਨੂੰ ਸ਼ਾਹੀ ਛੱਡਣ ਦੀ ਗੱਲ ਵੀ ਤਾਂ ਪੋਹ ਸਕਦੀ ਸੀ । ਉਂਜ ਥੀਊਰੀਆਂ, ਨਜ਼ਰੀਏ ਤੇ ਸਿਆਸੀ ਵਿਚਾਰ ਧਾਰਾ ਨਿੱਕੀਆਂ ਗੱਲਾਂ ਹੁੰਦਿਆਂ ਹਨ ਤੇ ਲੋਕ ਅਦਬ ਬਹੁਤ ਵੱਡਾ । ਇਹ ਸਮੇ ਦੀਆਂ ਰਿਵਾਜੀ ਐਨਕਾਂ ਹੁੰਦਿਆਂ ਹਨ ਤੇ ਲੋਕ ਅਦਬ ਲੋਕਾਂ ਦੀ ਅੱਖ ਤੱਕਿਆ ਜੀਵਨ । ਤੁਸੀਂ ਕਦੀ ਇਸ ਬਾਰੇ ਵੀ ਗ਼ੌਰ ਕਰਨਾ ਕਿ ਪੰਜਾਬੀ ਦੀਆਂ ਸੂਰਮਿਆਂ ਸੱਸੀ, ਸਾਹਿਬਾਂ ਤੇ ਹੀਰ ਸੌਖੇ ਘਰਾਂ ਦੀਆਂ ਸਨ । ਸਿਵਾਏ ਸੋਹਣੀ ਦੇ ਜਿਹੜੇ ਕੁਭਾਰਾਂ (ਘੁਮਾਰਾਂ) ਦੀ ਕੁੜੀ ਹੈ । ਕਦੀ ਅਪਣੀ ਸਿਆਸੀ ਤਾਰੀਖ਼ ਦੇ ਸੂਰਮਿਆਂ ਬਾਰੇ ਵੀ ਸੋਚ ਲੈਣਾ ਕਿ ਕਿਸ ਮਿਲ ਦੇ ਹਨ ।

? ਲਹਿੰਦੇ ਪੰਜਾਬ ਵਿੱਚ ਪੰਜਾਬੀ ਫ਼ੋਕ ਲੋਰ ਦੇ ਸਿਲਸਿਲੇ ਵਿਚ ਤੁਹਾਡੇ ਤੋਂ ਪਹਿਲੇ ਅੱਫ਼ਜ਼ਲ ਪਰਵੇਜ਼, ਸੈਫ਼ ਅਲ–ਰਹਿਮਾਨ ਡਾਰ, ਸ਼ਾਰਬ, ਏ ਡੀ ਇਜਾਜ਼ ਤੇ ਅਬਦੁਲ–ਗ਼ਫ਼ੂਰ ਦਰਸ਼ਨ ਦਾ ਨਾਂ ਲਿਆ ਜਾ ਸਕਦਾ ਹੈ । ਤੁਸਾਂ ਖੋਜ ਦੇ ਕੰਮ ਨੂੰ ਅੱਗੇ ਵਧਾਉਣ ਲਈ ਆਪਣੇ ਸ਼ਾਗਿਰਦਾਂ ਨੂੰ ਵੀ ਖੋਜ ਕਾਰਜ ਦੀ ਜਾਗ ਲਾਈ ਹੈ । ਜ਼ਹਿਰ ਵੱਟੂ, ਫ਼ੈਸਲ ਜਪਾ ਤੇ ਫ਼ੈਆਜ਼ ਮਘੀਆਨਾ ਦੇ ਨਾਂ ਖ਼ਾਸ ਤੌਰ ਤੇ ਲਏ ਜਾ ਸਕਦੇ ਹਨ । ਇਨ੍ਹਾਂ ਨੌਜਵਾਨ ਖੋਜ ਕਾਰਾਂ ਤੋਂ ਤੁਹਾਨੂੰ ਕਿਹੋ ਜਿਹਾਂ ਉਮੀਦਾਂ ਹਨ ।

–ਇਨ੍ਹਾਂ ਫ਼ੋਕ ਲੋਰਸਟਾਂ ਦਾ ਕੰਮ ਗੀਤਾਂ, ਢੋਲੀਆਂ, ਮਾਹੀਆ ਤੇ ਲੋਕ ਰੇਤ ਬਾਰੇ ਹੈ । ਮੇਰੀ ਲੋਕ ਗੀਤਾਂ ਦੀ ਇਕੋ ਕਿਤਾਬ "ਨੈਣ ਨਾ ਰਹਿੰਦੇ ਤਕਨੋਂ" ਛਪੀ ਹੈ । ਇਹ ਗੀਤ ਮੈਂ ਝੰਗ ਦੇ ਇਲਾਕੇ ਵਿੱਚੋਂ ਇਕੱਠੇ ਕੀਤੇ । ਬਾਕੀ ਚਾਰ ਲੋਕ ਕਹਾਣੀਆਂ ਦੀਆਂ ਕਿਤਾਬਾਂ ਹਨ । ਮੇਰੇ ਦੋ ਸਟੂਡੰਟ ਡਾਕਟਰ ਰੁਬੀਨਾ ਗਿਲਾਨੀ ਤੇ ਡਾਕਟਰ ਫ਼ੈਸਲ ਜਪਾ ਫ਼ੋਕ ਦੇ ਵਿਸ਼ੇ ਉੱਤੇ ਪੀ ਐਚ ਡੀ ਕਰ ਚੁੱਕੇ ਹਨ । ਤਿੰਨ ਸਟੂਡੰਟ ਪੀ ਐਚ ਡੀ ਦੇ ਥੀਸਸ ਲਿਖ ਰਹੇ ਹਨ । ਇਨ੍ਹਾਂ ਵਿਸ਼ਿਆਂ ਉੱਤੇ ਕੰਮ ਕਰਵਾਣ ਦੀ ਖ਼ਵਾਹਿਸ਼ ਤਾਂ ਇਹੋ ਸੀ ਕਿ ਇਸ ਕੰਮ ਨੂੰ ਅੱਗੇ ਟੁਰਨ ।

? ਤੁਸੀਂ ਜਿਹਨਾਂ ਪੰਜਾਬੀ ਵਾਰਾਂ ਉੱਤੇ ਕੰਮ ਕੀਤਾ ਹੈ ਉਨ੍ਹਾਂ ਦਾ ਮਿਜ਼ਾਜ ਕੀ ਹੈ ?

–ਮੈਂ "ਦੇਸ ਦੀਆਂ ਵਾਰਾਂ" ਤਿੰਨ ਜਿਲਦਾਂ ਵਿਚ ਛਪਵਾਣਾ ਚਾਹੁੰਦਾ ਹਾਂ । ਇਹਦੀ ਪਹਿਲੀ ਜਿਲਦ ਛੁਪ ਚੱਕੀ ਹੈ । ਦੂਜਿਆਂ ਵਾਰਾਂ ਦਾ ਟੈਕਸਟ ਮੈਂ ਫ਼ਾਈਨਲ ਕਰ ਲਿਆ ਹੈ । ਬਾਕੀ ਵਾਰਾਂ ਬਾਰੇ ਖੋਜ ਦੀਆਂ ਔਕੜਾਂ ਹਨ । ਜਿਵੇਂ ਧੁਨੀ ਵਾਲਿਆਂ ਵਾਰਾਂ ਵਿੱਚੋਂ "ਸਾਰੰਗ, ਕਮਾਲ ਦੇਣ ਦੀ ਵਾਰ" ਮੈਂ ਝੰਗ ਦੇ ਇਕ ਮਿਰਾਸੀ ਕੋਲੋਂ ਰਿਕਾਰਡ ਕੀਤੀ ਸੀ । ਇਨ੍ਹਾਂ ਪਾਤਰਾਂ ਦਾ ਪਿੰਡ ਲਿਖੀ ਵਾਲੀ ਭੱਟੀਆਂ ਹੈ । ਮੈਂ ਅੱਜ ਤੀਕਰ ਇਸ ਪਿੰਡ ਦਾ ਈ ਖੁਰਾ ਨਹੀਂ ਕੱਢ ਸਕਿਆ । ਜਿਸ ਥਾਂ ਉੱਤੇ

ਇਹ ਸਾਰੀ ਲੜਾਈ ਹੋਈ ਹੈ ਉਹਦਾ ਈ ਠੀਕ ਪਤਾ ਨਾ ਹੋਵੇ ਤਾਂ ਅੱਗੇ ਕੀ ਲਿਖਣਾ ਹੈ ।ਇੰਜ ਦੀਆਂ ਔਕੜਾਂ ਪਾਰੋਂ ਬਾਕੀ ਕੰਮ ਰੋਕਿਆ ਹੋਇਆ ਹੈ ।1991ਈ ਵਿਚ ਮੈਂ "ਕੁਲੀਆਤ ਸ਼ਾਹ ਅਜ਼ੀਮ" ਦੇ ਸਿਰਨਾਵੇਂ ਥੱਲੇ ਤਿੰਨ ਵਾਰਾਂ ਐਡਿਟ ਕੀਤੀਆਂ ਸਨ ।ਇਨ੍ਹਾਂ ਵਾਰਾਂ ਦਾ ਵਿਸ਼ਾ ਮਹਾਰਾਜਾ ਰਣਜੀਤ ਸਿੰਘ ਦੇ ਮੁਲਤਾਨ, ਝੰਗ ਤੇ ਸਾਹੀਵਾਲ ਉੱਤੇ ਹਮਲੇ ਹੋਣ ਤੇ ਉਥੋਂ ਦੇ ਵਾਸੀਆਂ ਮਕਾਬਲਾ ਕਿਵੇਂ ਕੀਤਾ ।ਮਜਮੋਆਈ ਤੌਰ ਤੇ ਇਹ ਆਖਿਆ ਜਾ ਸਕਦਾ ਹੈ ਕਿ ਇਨ੍ਹਾਂ ਵਾਰਾਂ ਦਾ ਵਿਸ਼ਾ ਦੇਸੀ ਕਬੀਲਿਆਂ ਦੀਆਂ ਆਪਸੀ ਲੜਾਈਆਂ ਹਨ ਪਰ ਇਹ ਪੰਜਾਬੀ ਸ਼ਬਦਾਵਲੀ ਦਾ ਜ਼ਖ਼ੀਰਾ ਤੇ ਪੰਜਾਬ ਬਾਰੇ ਮਾਅਲੂਮਾਤ ਦਾ ਖ਼ਜ਼ਾਨਾ ਹਨ ।

? ਤੁਸੀਂ ਫ਼ੀਤੇ ਬੰਦ ਕੀਤੀ ਹੋਈ ਕਹਾਣੀ ਨੂੰ ਲਿਪੀ ਬੰਦ ਕਰਦੇ ਹੋ ।ਆਵਾਜ਼ਾਂ ਨੂੰ ਅੱਖਰਾਂ ਦਾ ਬਾਣਾ ਪਵਾਂਦੇ ਸਮੇਂ ਤਹਾਨੋਂ ਮੌਜੂਦਾ ਲਿਪੀ ਵਿਚ ਕਦੇ ਕੋਈ ਊਂ ਯਾਂ ਘਾਟ ਮਹਿਸੂਸ ਹੋਈ ਹੋਵੇ ? ਇਹ ਸਵਾਲ ਮੈਂ ਇਸ ਲਈ ਵੀ ਕੀਤਾ ਹੈ ਕਿ ਪਿਛਲੇ ਕੁੱਝ ਚਿਰ ਤੋਂ ਲਿਪੀ ਦੇ ਮਸਲੇ ਉੱਤੇ ਕਈ ਵਿਤਕਰੇ ਹੋਏ ਹਵ ।ਇਸ ਬਾਰੇ ਤੁਹਾਡੇ ਕੀ ਵਿਚਾਰ ਹਨ ?

–ਦੁਨੀਆ ਦੀ ਕੋਈ ਵੀ ਲਿਪੀ ਉਸ ਜੂਹ ਦੇ ਬੋਲਣ ਵਾਲਿਆਂ ਦੀਆਂ ਆਵਾਜ਼ਾਂ ਓਤੇ ਮੁਕੰਮਲ ਪੂਰੀ ਨਹੀਂ ਉਤਰਦੀ ।ਅਲਫ਼ਾਬੈਟ ਮੁਨਖਾਂ ਦਾ ਇਕ ਚੂਙਠੂਙਣਸ਼ਇ ਹੁੰਦਾ ਹੈ ।ਅੰਗਰੇਜ਼ੀ ਦੇ ਬੇ ਅੰਤ ਸ਼ਬਦ ਹਨ ਜਿਹਨਾਂ ਦਾ ਉਚਾਰਨ ਕਿਸੇ ਅਸੂਲ ਉੱਤੇ ਨਹੀਂ ਹੁੰਦਾ ।ਇਹੋ ਹਾਲ ਦੂਜਿਆਂ ਲਿਪੀਆਂ ਦਾ ਵੀ ਹੈ ।ਇਹ ਸੱਭ ਬਹਾਨੇ ਹੁੰਦੇ ਹਨ ।ਖ਼ਾਸ ਤੌਰ ਤੇ ਪਾਕਿਸਤਾਨੀ ਪੰਜਾਬ ਵਿੱਚ ਬੋਲੀ ਲਾਗੂ ਨਾ ਕਰਨ ਦੇ ।

? ਵਣਜਾਰਾ ਬੇਦੀ ਹੋਰਾਂ ਦਾ ਕੰਮ ਲਹਿੰਦੇ ਪੰਜਾਬ ਵਿੱਚ ਲਿਪੀ ਅੰਤਰ ਹੋ ਕੇ ਛਪਣਾ ਚਾਹੀਦਾ ਹੈ ।ਪੰਜਾਬੀ ਅਦਬ ਦੇ ਵਧਾਰੇ ਲਈ ਕੰਮ ਕਰ ਰਹੇ ਸਰਕਾਰੀ ਅਦਾਰਿਆਂ ਨੂੰ ਇਸ ਪਾਸੇ ਤੱਵਜਾ ਕਰਨੀ ਚਾਹੀਦੀ ਏ ।ਤੁਸੀਂ ਵੀ ਅਜਿਹੀਆਂ ਕਈ ਸੱਥਾਂ ਦੇ ਰੁਕਣ ਹੋ ਤੁਹਾਨੂੰ ਇਨ੍ਹਾਂ ਅਦਾਰਿਆਂ, ਸੱਥਾਂ ਨੂੰ ਪ੍ਰੇਰਨਾ ਦੇਣੀ ਚਾਹੀਦੀ ਏ ।

–ਵਣਜਾਰਾ ਬੇਦੀ ਪੰਜਾਬ ਦਾ ਬਹੁਤ ਆਦਰ ਯੋਗ ਫ਼ੋਕ ਲੋਰਸਟ ਹੈ ਉਨ੍ਹਾਂ ਦਾ ਕੰਮ ਜ਼ਰੂਰ ਛਪਣਾ ਚਾਹੀਦਾ ਹੈ ।ਪਰ ਬੇਦੀ ਹੋਰਾਂ ਤੋਂ ਅੱਡ ਹੋਰੀ ਵੀ ਬਹੁਤ ਨਾਂ ਹਨ ।ਸਾਡੇ ਹਿੱਕ ਮਿੱਤਰ ਡਾਕਟਰ ਸੁਖਦੇਵ ਸਿੰਘ ਸਿਰਸਾ ਹੋਰੀਂ ਡਾਕਟਰ ਨਾਹਰ ਸਿੰਘ ਦੇ ਕੰਮ ਦੀ ਬਹੁਤ ਸਰਾਹਣਾ ਕਰਦੇ ਹਨ ।ਸਿੱਧੀ ਜਿਹੀ ਗੱਲ ਹੈ ਕਿ ਵੀਹਵੀਂ ਸਦੀ ਵਿਚ ਪੰਜਾਬੀ ਖੋਜ ਪੁਰਖ, ਲੋਕ ਅਦਬ, ਨਾਵਲ, ਕਹਾਣੀਆਂ ਦੇ ਖੇਤਰ ਵਿਚ ਸਾਤੋਂ ਕਿੱਧਰੇ ਮਿਆਰੀ ਕੰਮ ਚੜ੍ਹਦੇ ਪੰਜਾਬ ਵਿੱਚ ਹੋਇਆ ਹੈ ।ਉਸ ਕੰਮ ਨੂੰ ਪਾਕਿਸਤਾਨ ਵਿੱਚ ਛਾਪਣ ਦੇ ਆਹਰ ਹੋਣੇ ਚਾਹੀਦੇ ਹਨ ।ਲਹਿੰਦੇ ਪੰਜਾਬ ਵਿੱਚ ਲੋਕ ਅਦਬ ਦੇ ਟੈਕਸਟ ਉੱਤੇ ਕਾਫ਼ੀ ਕੰਮ ਹੋਇਆ ਹੈ ਪਰ ਉਹਦੀ ਵਿਆਖਿਆ ਕਾਫ਼ੀ ਕਮਜ਼ੋਰ ਹੈ ।

? ਦੋਹਾਂ ਪੰਜਾਬਾਂ ਦੀ ਤਨਕੀਦ ਤੇ ਤਹਿਕੀਕ ਬਾਰੇ ਤੁਹਾਡਾ ਕੀ ਵਿਚਾਰ ਹੈ ?

–ਇਹ ਗੱਲ ਵਿਸਥਾਰ ਨਾਲ ਵਿਚਾਰਨ ਵਾਲੀ ਹੈ ।ਅਸਲ ਵਿਚ ਹੋਇਆ ਇੰਜ ਕਿ ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਮਗਰੋਂ ਉਨ੍ਹਾਂ ਇੱਥੇ ਲੜਾਉ ਤੇ ਰਾਜ ਕਰੋ ਦੀ ਪਾਲਿਸੀ ਅਪਣਾਈ ।ਅੰਗਰੇਜ਼ਾਂ ਤੋਂ ਪਹਿਲਾਂ ਦੇ ਤਾਲੀਮੀ ਨਿਜ਼ਾਮ ਦੀ ਛੁੱਟੀ ਹੋ ਗਈ ।ਪਹਿਲਾਂ ਮੁੱਢਲੀ ਤਾਲੀਮ ਪੰਜਾਬੀ ਵਿੱਚ ਹੁੰਦੀ ਹਾ ਤੇ ਹੁਣ ਉਹਦੀ ਥਾਂ ਉਰਦੂ ਆ ਗਈ ।ਜਿਵੇਂ ਅਗਲੀਆਂ ਪੀੜ੍ਹੀਆਂ ਨਵਾਂ ਕਾਇਦਾ ਪੜ੍ਹਦੀਆਂ ਗਈਆਂ ਅਪਣੀ ਹੋਂਦ ਦੀਆਂ ਈ ਵੈਰੀ ਬਣ ਬੈਠਿਆਂ ।ਜ਼ਬਾਨਾਂ ਬਾਰੇ ਵੀ ਪੰਜਾਬ ਵਿੱਚ ਵਿਸ ਭਰ ਸਿਆਸਤ ਹੋਈ ।ਮਰਦਮ ਸ਼ੁਮਾਰੀ ਦੀਆਂ ਰਿਪੋਰਟਾਂ ਵਿਚ ਪੰਜਾਬ ਦੇ ਹਿੰਦੂਆਂ ਅਪਣੀ ਜ਼ਬਾਨ ਹਿੰਦੀ ਲਿਖਵਾਈ ।ਮੁਸਲਮਾਨਾਂ ਉਰਦੂ ਤੇ ਸਿੱਖਾਂ ਪੰਜਾਬੀ ।ਅਜਿਹੇ



ਸਿਆਸੀ ਹਾਲਾਤ ਵਿਚ ਹੁਣ ਸਿੱਖਾਂ ਦੀ ਈ ਜ਼ਿੰਮਾ ਦਾਰੀ ਸੀ ਕਿ ਬੋਲੀ ਨੂੰ ਸਨਭਾਲਾ ਦੇਣ ।ਜਿਹੜੇ ਪੁਰਾਣੇ ਤਾਲੀਮੀ ਨਿਜ਼ਾਮਾਂ ਦੀ ਪੈਦਾਵਾਰ ਸਨ ਉਹ ਅਪਣੀ ਬੋਲੀ ਨਾਲ ਜੁੜੇ ਰਹੇ ।ਇਸ ਸਮੇ ਪ੍ਰੈੱਸ ਆਉਣ ਨਾਲ ਪੰਜਾਬੀ ਕਿਤਾਬਾਂ ਬੇ ਅੰਤ ਛਪੀਆਂ ।ਪੰਜਾਬੀ ਕਲਾਸਿਕੀ ਸ਼ਿਅਰੀ ਰੇਤ ਦੇ ਤਿੰਨ ਵੱਡੇ ਸ਼ਾਇਰ ਮੀਆਂ ਮੁਹਮਦ ਬਖ਼ਸ਼, ਖ਼ੁਆਜਾ ਫ਼ਰੀਦ ਤੇ ਮੌਲਵੀ ਗ਼ੁਲਾਮ ਰਸੂਲ ਆਲਮਪੋਰੀ ਇਸੇ ਸਮੇ ਦੇ ਜਮ ਪੱਲ ਹਨ ।

ਅੰਗਰੇਜ਼ਾਂ ਦੇ ਬਣਾਏ ਸਕੂਲਾਂ, ਕਾਲਜਾਂ ਦੇ ਪੜ੍ਹੇ ਹੋਏ ਨਵੇਂ ਵੀਤਰ ਵਿਚ ਆ ਗਏ । ਜਿਹਨੂੰ ਮਾਡਰਨ ਪੰਜਾਬੀ ਲਿਟਰੇਚਰ ਆਖਿਆ ਜਾਂਦਾ ਹੈ ।ਇਹ ਅੰਗਰੇਜ਼ੀ ਅਦਬ ਦੀ ਅਨਸਪਾਇਰੀਸ਼ਨ ਦਾ ਸਿੱਟਾ ਹੈ ।ਜ਼ਾਹਿਰ ਹੈ ਜਿਹੜੇ ਸਕੂਲਾਂ ਕਾਲਜਾਂ ਦੇ ਪੜ੍ਹੇ ਹੋਏ ਸਨ ਉਨ੍ਹਾਂ ਦਾ ਈ ਮਾਡਰਰਨ ਸਨਫ਼ਾਂ ਵੱਲ ਝੁਕਾ ਹੋਵਣਾ ਸੀ ।ਇਸ ਸਮੇਂ ਬਾਉ ਮੁਸਲਮਾਨਾਂ ਦੀ ਵੱਡੀ ਗਿਣਤੀ ਉਰਦੂ ਵੱਲ ਚਲੀ ਗਈ ।ਹਿੰਦੂਆਂ ਨੇ ਹਿੰਦੀ ਨੂੰ ਮਨ ਲਿਆ ।ਸਿੱਖਾਂ ਵਿੱਚੋਂ ਜਿਹੜੇ ਸਕੂਲਾਂ ਕਾਲਜਾਂ ਦੇ ਪੜ੍ਹੇ ਹੋਏ ਸਨ ਤੇ ਫਿਰ ਉਨ੍ਹਾਂ ਦਾ ਝੁਕਾ ਅਦਬ ਵੱਲ ਸੀ ਉਨ੍ਹਾਂ ਦੀਆਂ ਲਿਖਤਾਂ ਈ ਮਾਡਰਨ ਪੰਜਾਬੀ ਲਿਟਰੇਚਰ ਦੀ ਬੁਨਿਆਦ ਬਣੀਆਂ ।ਅੰਗਰੇਜ਼ੀ ਅਦਾਰਿਆਂ ਦੇ ਪੜ੍ਹੇ ਹੋਏ ਲਿਖਾਰੀਆਂ ਵਿੱਚੋਂ ਟਾਵੇਂ ਟਾਵੇਂ ਨਾਂ ਈਸਾਈਆਂ ਤੇ ਮੁਸਲਮਾਨਾਂ ਦੇ ਵੀ ਹਨ ਪਰ ਮੈਂ ਮਜਮੋਆਈ ਮੁਹਾੜ ਦੀ ਗੱਲ ਕਰ ਰਿਹਾ ਹਾਂ ।ਅਸੀਂ ਵੇਖਦੇ ਆਂ ਕਿ ਆਜ਼ਾਦ ਨਜ਼ਮ ਦੇ ਮੁੱਢਲੇ ਸਮੇ ਦੇ ਵੱਡੇ ਸ਼ਾਇਰ ਪੂਰਨ ਸਿੰਘ, ਦਿਵਾਨ ਸਿੰਘ, ਮੋਹਨ ਸਿੰਘ ਤੇ ਅਮ੍ਰਿਤਾ ਪ੍ਰੀਤਮ ਹਨ ।ਇੰਜੀਂ ਵਾਂਗੂੰ ਕਹਾਣੀ, ਨਾਵਲ, ਡਰਾਮਾ, ਪਰਖ, ਪੜਚੋਲ ਦੇ ਖੇਤਰ ਵਿਚ ਵੀ ਸਿੱਖ ਲਿਖਾਰੀਆਂ ਦੀ ਵੱਡੀ ਗਿਣਤੀ ਵਿਖਾਲੀ ਦਿੰਦੀ ਹੈ । ਗੱਲ ਕਰਨ ਦਾ ਮਕਸਦ ਇਹ ਵੇ ਕਿ ਇਨ੍ਹਾਂ ਕੰਮਾਂ ਲਈ ਅਕੈਡਮਿਕ ਗਰਾਊਂਡ ਚਾਹੀਦੀ ਹੁੰਦੀ ਹੈ । ਜਿਹੜੀ ਪੰਜਾਬ ਦੇ ਸਿੱਖ ਲਖਾਰੀਆਂ ਕੋਲ ਈ ਸੀ ।

ਚੜ੍ਹਦੇ ਪੰਜਾਬ ਵਿੱਚ ਅੱਜ ਵੀ ਕਈ ਅਜਿਹੇ ਅਦਾਰੇ ਹਣ ਜਿਹੜੇ ਖੋਜ ਪੁਰਖ ਦੇ ਵੱਡੇ ਮਨਸੂਬਿਆਂ ਨੂੰ ਛਾਪ ਰਹੇ ਹਨ ।ਜਿਵੇਂ ਪਬਲੀਕਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, ਭਾਸ਼ਾ ਵਿਭਾਗ ਪੰਜਾਬ ਤੇ ਕਈ ਹੋਰ। ਇਹ ਸ਼ੈਵਾਂ ਈ ਖੋਜ ਪੁਰਖ ਤੇ ਇਲਮੀ ਕੰਮਾਂ ਨੂੰ ਸਹਾਰਾ ਦਿੰਦਿਆਂ ਹਨ ਤੇ ਅਗਲੀਆਂ ਪੀੜ੍ਹੀਆਂ ਦਾ ਰਿਸ਼ਤਾ ਟੁੱਟਣ ਨਹੀਂ ਦਿੰਦੀਆਂ ।ਪਰ ਇੱਥੇ ਇਕ ਗੱਲ ਨਾ ਕਰਨੀ ਨਾ ਇੰਸਾਫ਼ੀ ਹੋਸੀ ਕਿ ਇਕ ਪਾਰਖ ਜਦੋਂ ਤੀਕਰ ਪੂਰੀ ਅਦਬੀ ਰੇਤ ਤੋਂ ਜਾਣੂ ਨਹੀਂ ਹੋਵੇ ਗਾ ਉਹ ਵੱਡੇ ਨਤੀਜੇ ਨਹੀਂ ਕੱਢ ਸਕਦਾ ।ਅਜੋਕੇ ਸ਼ਾਇਰਾਂ ਦੀ ਈ ਮਿਸਾਲ ਲੈ ਲਵੋ ਸੁਰਜੀਤ ਪਾਤਰ ਪੰਜਾਬੀ ਦਾ ਸਿਰ ਕਢਵਾਂ ਸ਼ਾਇਰ ਹੈ ।ਪਾਤਰ ਹੋਰਾਂ ਦੇ ਕੰਮ ਦੀ ਕੀਮਤ ਮਿਥਣ ਲਈ ਪਾਰਖ ਨੂੰ ਆਜ਼ਾਦ ਨਜ਼ਮ ਦੀ ਰੀਤ ਤੋਂ ਜਾਣੂ ਹੋਵਣਾ ਚਾਹੀਦਾ ਹੈ ।ਕੀ ਆਜ਼ਾਦ ਨਜ਼ਮ ਦੀ ਰੀਤ ਸਿਰਫ਼ ਗੁਰਮੁਖੀ ਵਿਚ ਹੈ ।ਇਸ ਪਾਸੇ ਵੀ ਦਰਜਨਾਂ ਚੰਗੇ ਸ਼ਾਇਰ ਮੌਜੂਦ ਹਨ ।ਜਦੋਂ ਤੀਕਰ ਅਸੀਂ ਫ਼ਾਰਸੀ ਲਿਪੀ ਤੇ ਗੁਰਮੁਖੀ ਲਿਪੀ ਤੋਂ ਜਾਣੂੰ ਨਹੀਂ ਹੋਵਾਂਗੇ, ਇਕ ਸਕਾਲਰ ਨੂੰ ਆਜ਼ਾਦੀ ਨਾਲ ਖ਼ਾਲਸਾ ਕਾਲਜ ਅੰਮ੍ਰਿਤਸਰ ਤੇ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਲਾਇਬ੍ਰੇਰੀ ਵਿਚ ਕੰਮ ਦੀ ਖੁਲ ਨਹੀਂ ਹੋਵੇਗੀ, ਖੋਜ, ਪੁਰਖ ਉਂਜੇ ਈ ਲਿਖੀ ਜਾਂਦੀ ਰਹੋਏਗੀ ।ਬਹਿਰ ਹਾਲ ਬਹੁਤ ਸਾਰੀਆਂ ਸ਼ੈਵਾਂ ਦੋਵਾਂ ਮੁਲਕਾਂ ਦੇ ਸਿਆਸੀ ਹਾਲਾਤ ਦਾ ਸਿੱਟਾ ਹਨ ।ਸਕਾਲਰ ਕੋਸ਼ਿਸ਼ ਈ ਕਰ ਸਕਦੇ ਹਨ ।

? ਚੜ੍ਹਦੇ ਪੰਜਾਬ ਦੇ ਪੰਜਾਬੀ ਅਦਬ ਦੇ ਲਹਿੰਦੇ ਪੰਜਾਬ ਦੇ ਪੰਜਾਬੀ ਅਦਬ ਉੱਤੇ ਕੀ ਪਰਛਾਵੇਂ ਨੇਂ ?

–ਅਸੀਂ ਹੁਣੇ ਇਹ ਗੱਲ ਕਰ ਚੁੱਕੇ ਆਂ ਕਿ ਸਿੱਖ ਲਿਖਾਰੀਆਂ ਈ ਵੀਹਵੀਂ ਸਦੀ ਵਿਚ ਪੰਜਾਬੀ ਅਦਬ ਨੂੰ ਸਹਾਰਾ ਦਿੱਤਾ ਹੈ ।ਸ਼ਰੀਫ਼ ਕੁੰਜਾਹੀ ਹੋਰਾਂ ਇਕ ਇੰਟਰਵਿਊ ਵਿਚ ਦੱਸਿਆ ਹੈ ਕਿ

ਮੈਂ ਮੋਹਨ ਸਿੰਘ ਦੀ ਨਜ਼ਮ "ਅੰਬੀ ਦਾ ਬੂਟਾ" ਤੋਂ ਮੁਤਾਸਿਰ ਹੋ ਕੇ ਪੰਜਾਬੀ ਨਜ਼ਮ ਲਿਖਣੀ ਛੋਹੀ । ਅਮ੍ਰਿਤਾ ਪ੍ਰੀਤਮ ਤੋਂ ਅਹਿਮਦ ਰਾਹੀ ਤੇ ਅਹਿਮਦ ਸਲੀਮ ਬਹੁਤ ਮੁਤਾਸਿਰ ਨੇਂ । ਸ਼ਿਵ ਕੁਮਾਰ ਬਟਾਲਵੀ ਅਜਿਹਾ ਸ਼ਾਇਰ ਹੈ ਜੋ ਵੀ ਉਹਨੂੰ ਨਿਠ ਕੇ ਪੜ੍ਹ ਲੈਂਦਾ ਹੈ ਉਹਦੇ ਅਸਰ ਹੇਠੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ ।ਮੋਹਨ ਸਿੰਘ ਦੀ "ਸਾਵੇ ਪੱਤਰ" ਫ਼ਾਰਸੀ ਲਿਪੀ ਵਿਚ 1947ਈ ਤੋਂ ਪਹਿਲਾਂ ਛਪੀ ।ਅੱਜ ਵੀ ਲਾਹੌਰ ਵਿਚ ਕਿੰਨੇ ਈ ਪਬਲਿਸ਼ਰਜ਼ "ਸਾਵੇ ਪੱਤਰ" ਛਾਪੀ ਬੈਠੇ ਹਨ ।

? ਲਹਿੰਦੇ ਪੰਜਾਬ ਦੀ ਪੰਜਾਬੀ ਨਸਰ ਪੰਜਾਬੀ ਸ਼ਾਇਰੀ ਨਾਲੋਂ ਕਿਉਂ ਪਿੱਛੇ ਹੈ ?

–ਪੰਜਾਬੀ ਨਸਰ ਤੋਂ ਮੁਰਾਦ ਤੁਹਾਡੀ ਨਾਵਲ, ਅਫ਼ਸਾਨਾ ਹੈ ਤਾਂ ਕੁੱਝ ਗੱਲ ਅਸੀਂ ਕਰ ਈ ਚੁੱਕੇ ਹਾਂ ।ਫ਼ਿਕਸ਼ਨ ਚੰਗੀ ਤਦੋਂ ਲਿਖੀ ਜਾਂਦੀ ਹੈ ਜਦੋਂ ਚੰਗੀ ਫ਼ਿਕਸ਼ਨ ਪੜ੍ਹੀ ਹੋਈ ਹੋਵੇ ।ਇਹਦੇ ਦੋ ਤਰੀਕੇ ਹੋ ਸਕਦੇ ਹਨ ।ਇਕ ਤਾਂ ਦੂਜਿਆਂ ਜ਼ਬਾਨਾਂ ਦੀ ਫ਼ਿਕਸ਼ਨ ਤੋਂ ਜਾਣੂ ਹੋਵੀਏ ।ਅਸਾਡਾ ਯੂਰਪੀ ਜ਼ਬਾਨਾਂ ਚੋਂ ਅੰਗਰੇਜ਼ੀ ਨਾਲ ਬਹੁਤਾ ਵਾ ਹੈ ਤੇ ਅੰਗਰੇਜ਼ੀ ਫ਼ਿਕਸ਼ਨ ਪੜ੍ਹੀਏ ।ਦੂਜਾ ਸਾਡੀ ਬੋਲੀ ਵਿਚ ਤਰਜਮੇ ਦੀ ਭਰਪੂਰ ਰਵਾਇਤ ਹੋਵੇ ਤੇ ਸਾਡਾ ਲਿਖਾਰੀ ਜੇ ਦੂਜੀਆਂ ਬੋਲੀਆਂ ਤੂੰ ਲਾਭ ਨਹੀਂ ਚਕ ਸਕਦਾ ਤਾਂ ਤਰਜਮੇ ਰਾਹੀਂ ਤਾਂ ਆਪਣੇ ਆਪ ਨੂੰ ਰਣਛੋ ਕਰ ਸਕਦਾ ਹੈ ।ਇਹਦੀ ਸੂਰਤ ਹਾਲ ਤੁਸਾਡੇ ਸਾਹਮਣੇ ਵੇ ।ਫ਼ਿਕਸ਼ਨ ਬਹੁਤ ਮਿਹਨਤ ਮੰਗਦੀ ਹੈ ।ਇਸ ਤੋਂ ਵੀ ਲੋਕ ਘਬਰਾਂਦੇ ਹਨ ਫਿਰ ਇਕ ਲਿਖਾਰੀ ਦਾ ਅੰਦਰ ਦਾ ਮੁਹਾੜ ਵੀ ਹੁੰਦਾ ਹੈ ।ਇਹ ਵੀ ਸੱਚ ਹੈ ਕਿ ਪੰਜਾਬ ਦਾ ਲੌਂਟੰਨਟ ਉਰਦੂ ਵੀ ਖਾ ਜਾਂਦੀ ਹੈ ।ਉਂਜ ਚੜ੍ਹਦੇ ਪੰਜਾਬ ਦੀ ਫ਼ਿਕਸ਼ਨ ਫ਼ਾਰਸੀ ਲਿਪੀ ਵਿਚ ਛਾਪ ਕੇ ਇਹ ਖਪਾ ਪੂਰਿਆ ਜਾ ਸਕਦਾ ਹੈ ।

ਪੰਜਾਬੀ ਵਿੱਚ ਲੋਕ ਸ਼ਾਇਰੀ ਤੇ ਕਲਾਸਿਕੀ ਸ਼ਾਇਰੀ ਦੀ ਇਕ ਸ਼ਾਨਦਾਰ ਰਵਾਇਤ ਮੌਜੂਦ ਹੈ ।ਇਹ ਰਵਾਇਤ ਸ਼ਾਇਰ ਕਾਂ ਸ਼ਾਓਰੀ ਯਾਂ ਲਾ ਸ਼ਊਰੀ ਤੌਰ ਤੇ ਬਹੁਤ ਕਾਰ ਆਮਦ ਹੁੰਦੀ ਹੈ ।ਸ਼ਾਇਰੀ ਫ਼ਿਕਸ਼ਨ ਵਾਂਗੂੰ ਟਿਕ ਕੇ ਕਰਨ ਵਾਲਾ ਕੰਮ ਵੀ ਨਹੀਂ ।ਸ਼ਾਇਰ ਦੇ ਤਖ਼ੀਲ ਵਿਚ ਮਿਸਰਾ ਰਹਿੰਦਾ ਹੈ ਤੇ ਜਦੋਂ ਉਹ ਮੁਨਾਸਬ ਸਮਝਦਾ ਹੈ ਲਿਖ ਲੈਂਦਾ ਹੈ ।ਖ਼ੋਰੇ ਵੀਹਵੀਂ ਸਦੀ ਦੇ ਆਲਮੀ ਅਦਬ ਅੱਗੇ ਕੋਈ ਸ਼ੈਅ ਰੱਖਣ ਜੋਗੀ ਹੈ ਤਾਂ ਉਹ ਨਵੇਂ ਨਜ਼ਮ ਈ ਹੈ ।

? ਅੰਗਰੇਜ਼ ਇਤਿਹਾਸ ਕਾਰਾਂ ਦੀਆਂ ਪੋਥੀਆਂ ਤੇ ਸਾਡੇ ਲੋਕ ਅਦਬ ਭਾਂਵੇਂ ਇਹ ਢੋਲੇ ਹੋਵਣ ਯਾਂ ਲੋਕ ਕਥਾਵਾਂ, ਵਿਚ ਸਾਨੂੰ ਚੋਖਾ ਦੁਫੇੜ ਜਾਪਦਾ ਹੈ ।ਲੋਕ ਅਦਬ ਅਨਖੀਆਂ ਦੇ ਚੱਜ ਚਾਲੇ ਨੂੰ ਨਿਖਾਰਦਾ ਹੈ ਪਰ ਅੰਗਰੇਜ਼, ਨਾਬਰਾਂ (ਬਾਗੀਆਂ) ਦੇ ਮੁਹਾਂਦਰਿਆਂ ਨੂੰ ਮਧੋਲ ਕੇ ਵਿਖਾਉਂਦਾ ਹੈ ਤੇ ਭੰਡਦਾ ਵੀ ਹੈ ।ਪੰਜਾਬ ਦੇ ਇਤਿਹਾਸ ਨੂੰ ਜਨ ਜੀਵਨ ਤੇ ਲੋਕ ਪੱਖ ਤੋਂ ਪੜਚੋਲਣ ਤੇ ਸੋਧਣ ਦੀ ਲੋੜ ਬਾਰੇ ਤੁਸੀਂ ਕੀ ਆਖਦੇ ਹੋ ?

–ਕਾਲੋਨੀਅਲ ਇਜ਼ਮ ਹਣ ਬਾਕਾਇਦਾ ਇਕ ਵੱਖਰੀ ਪਛਾਣ ਬਣਾ ਚੁੱਕਾ ਹੈ ਤੇ ਇਸ ਵਿਸ਼ੇ ਉੱਤੇ ਬਹੁਤ ਲਿਖਿਆ ਗਿਆ ।ਯੂਰਪੀਅਨ ਉਹ ਕਿਹੜੇ ਚਾਲੇ ਵਰਤੇ ਕਿ ਜਿਹਦੇ ਰਾਹੀਂ ਅਮਰੀਕਾ, ਆਸਟ੍ਰੇਲੀਆ, ਅਫ਼ਰੀਕਾ, ਤੇ ਏਸ਼ੀਆ ਦੇ 80% ਰਕਬੇ ਉੱਤੇ ਮੱਲ ਮਾਰ ਲਈ ।ਪੰਜਾਬ ਤੋਂ ਅੱਡ ਵੀ ਕਾਲੋਨਾਇਜ਼ਰ ਇਹੋ ਹੱਥ ਵਿਖਾਉਂਦਾ ਹੈ ਕਿ ਦੂਜਿਆਂ ਦੀ ਸਨਜਾਪ ਨੂੰ ਬਿਜੀ ਕਰ ਕੇ ਵਿਖਾਇਆ ਜਾਵੇ ।ਉਹ ਅਪਣੀ ਮਰਜ਼ੀ ਨਾਲ ਆਂਕੜੇ ਘਟਾ ਵਧਾ ਲੈਂਦਾ ਹੈ ।ਉਹ ਸਾਡੀ ਸਾਰੀ ਤਾਰੀਖ਼ ਦੇ ਗੁਣਾਂ ਨੂੰ ਔਗੁਣ ਬਣਾ ਛੱਡਦਾ ਹੈ ।ਇਹ ਸਾਡੇ ਲੋਕ ਵਿਰਸੇ ਦੀ ਅਮੀਰੀ ਹੈ ਕਿ ਉਹਨੇ ਅਪਣੀ ਰੀਤ ਦੇ ਨਰੋਏ ਪੱਖਾਂ ਨੂੰ ਜੀਊਂਦਿਆਂ ਰਖਨਾ ਹੈ ।ਇਹ ਤਾਂ ਸਾਨੂੰ ਚਾਹੀਦਾ ਹੈ ਕਿ ਆਪਣੇ ਇਤਿਹਾਸ ਨੂੰ ਲੋਕ ਪੱਖੀ ਹੋ ਕੇ ਲਿਖੀਏ ਤੇ ਆਪਣੇ ਲੋਕ ਅਦਬ ਨੂੰ ਉਹਦਾ ਸੋਮਾ ਬਣਾਈਏ ।

? 1857ਈ ।ਦੀ ਨਾਬਰੀ ਰੋਕਣ ਲਈ ਅੰਗਰੇਜ਼ ਨੂੰ ਸੱਭ ਤੋਂ ਵੱਧ ਮੁਜ਼ਾਹਮਤ ਬਾਰ ਵਿਚ ਕਰਨੀ ਪਈ ।ਉਸ ਵੇਲ਼ੇ ਦੀ ਇਕ ਸਰਕਾਰੀ ਰਿਪੋਰਟ ਵਿਚ ਇਥੋਂ ਦੇ ਸਿਵਾ ਲੱਖ ਬੰਦੇ ਦੇ ਨਾਬਰ



ਹੋਵਣ ਦੀ ਸੂਚੀ ਮਿਲਦੀ ਹੈ ।ਤੁਹਾਡੇ ਵੱਲੋਂ ਛਾਪਿਆ ਲੋਕ ਕਹਾਣੀ ਸਨਗ੍ਰਹਿ "ਨਾਬਰ ਕਹਾਣੀ" ਇਥਾਵੇਂ ਰਹਿਤਲ ਦੀ ਸੁਰਮ ਗਤੀ ਦਾ ਵਧੀਆ ਹਵਾਲਾ ਹੈ ।ਤੁਸੀਂ ਬਾਰ ਦੇ ਨਾਬਰੀ ਪੱਖ ਤੇ ਨਾਬਰ ਗੀਤ ਉੱਤੇ ਕੁੱਝ ਗੱਲ ਕਰੋ ।

–ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਦੇ ਗਵਰਨਰ ਲਾਹੌਰ, ਮੁਲਤਾਨ ਦੇ ਸੂਬਿਆਂ ਵਿਚ ਇਹ ਕੰਮ ਕਰਦੇ ਕਿ ਉਹ ਬਾਰ ਦੇ ਕਬੀਲਿਆਂ ਦੇ ਕੁੱਝ ਸਰਦਾਰਾਂ ਨੂੰ ਸਿਰੋਪਾ (ਖ਼ਿਲਅਤ) ਦਾਨ ਕਰ ਕੇ ਆਪਣੇ ਕਾਰਿੰਦੇ ਬਣਾ ਲੈਂਦੇ ।ਕੁੱਝ ਨਵਾਬ ਵੀ ਅਖਵਾਂਦੇ ਸਨ ।ਉਹੀ ਮਾਲੀਆ ਵਸੂਲ ਕੇ ਗੌਰਨਰਾਂ ਤੀਕਰ ਪਹਨਚਾਵਾਂਦੇ ।ਇਸ ਤੋਂ ਵੱਧ ਬਾਦਸ਼ਾਹਾਂ ਦਾ ਬਾਰੀਂ ਦੇ ਜੀਵਨ ਵਿੱਚ ਅਮਲ ਦਖ਼ਲ ਨਾ ਹੁੰਦਾ ।ਜੇ ਕੋਈ ਇਸ ਜੀਵਨ ਵਿੱਚ ਦਖ਼ਲ ਦਿੰਦਾ ਤਾਂ ਨਾਬਰੀ ਹੁੰਦੀ ।ਰਾਜਾ ਪੋਰਸ, ਸ਼ੇਖ਼ਾ ਖੋਖਰ ਤੇ ਦੁੱਲਾ ਭੱਟੀ ਦੀਆਂ ਮਿਸਾਲਾਂ ਤੁਹਾਡੇ ਸਾਹਮਣੇ ਹਣ ।ਇਸ ਨਾਬਰੀ ਨੂੰ ਲੋਕ ਗੀਤਾਂ ਤੇ ਲੋਕ ਕਹਾਣੀਆਂ ਰਾਹੀਂ ਚੇਤੇ ਰੱਖਿਆ ਜਾਂਦਾ ਤੇ ਆਉਣ ਵਾਲੀਆਂ ਪੜ੍ਹੀਆਂ ਨੂੰ ਘੁੱਟੀ ਘੁੱਤੀ ਜਾਂਦੀ । 1857ਈ ਦੀ ਜੰਗ ਆਜ਼ਾਦੀ ਸਮੇ ਵੀ ਇਹੋ ਕੁੱਝ ਹੋਇਆ ।ਈਸਟ ਇੰਡੀਆ ਕੰਪਨੀ ਡੰਡੇ ਨਾਲ ਨਿਵਾਨਾ ਚਾਹੁੰਦੀ ਸੀ, ਬਾਰ ਵਾਸੀ ਉਠੀ ਖਲੋਤੇ ।ਅਜੋਕੇ ਜ਼ਿਲੇ ਨਨਕਾਣਾ ਸਾਹਿਬ, ਫ਼ੈਸਲ ਆਬਾਦ (ਲਾਇਲਪੁਰ) ਟੋਬਾ ਟੇਕ ਸਿੰਘ, ਉਕਾੜਾ, ਸਾਹੀਵਾਲ (ਮਿੰਟਗੁਮਰੀ) ਤੇ ਪਾਕਪਤਨ ਦੇ ਕਬੀਲਿਆਂ ਆਪਸੀ ਜੰਗ ਵਿੱਚ ਸੈਰ ਪਾਇਆ ।ਸੂਰਮਿਆਂ ਕਮਾਲੀਏ, ਚੀਚਾ ਵੱਤਨੀ ਤੇ ਹੜੱਪਾ ਉੱਤੇ ਕਬਜ਼ਾ ਕਰ ਲਿਆ ।ਸੱਭ ਤੋਂ ਸਵਾਦੀ ਗੱਲ ਇਹ ਵੇ ਕਿ ਇਹਨਾਂ ਦੇ ਵਿਚ ਕੋਈ ਵੀ ਕਸਬੀ ਫ਼ੌਜੀ ਨਹੀਂ ਸੀ ਤੇ ਨਾ ਈ ਕਿਸੇ ਰਿਆਸਤ, ਰਾਜੇ ਮਹਾਰਾਜੇ ਵੱਲੋਂ ਹਲਾ ਸ਼ੇਰੀ ਯਾਂ ਸਪੋਰਟ ਸੀ ।ਬੱਸ ਫ਼ਿਰੰਗੀ ਦੇ ਮਨਹੂਸ ਕਦਮ ਅਪਣੀ ਧਰਤੀ ਉੱਤੇ ਨਹੀਂ ਟਿਕਣ ਦੇਣੇ।ਮੈਂ ਸਮਝਦਾ ਵਾਂ ਕਿ ਇਹ ਬਾਰ ਦੇ ਇਤਿਹਾਸ ਦਾ ਵੱਡਾ ਸ਼ਾਨਦਾਰ ਬਾਬ ਹੈ ।

? ਮੁਹੰਮਦ ਆਸਿਫ਼ ਖ਼ਾਂ ਹੋਰਾਂ ਨਾਲ ਤੁਹਾਡਾ ਕਾਫ਼ੀ ਉੱਠਣ ਬਹਿਣ ਰਿਹਾ, ਉਨ੍ਹਾਂ ਬਾਰੇ ਸਾਡੇ ਨਾਲ ਕੁੱਝ ਸਾਂਝਾ ਕਰੋ ।

–ਮੁਹੰਮਦ ਆਸਿਫ਼ ਖ਼ਾਂ ਹੋਰੀਂ ਪੰਜਾਬ ਦੇ ਅਜਿਹੇ ਸਪੁੱਤਰ ਹਨ ਜਿਹਨਾਂ ਆਪਣੇ ਲਹੂ ਨਾਲ ਪੰਜਾਬੀ ਦਾ ਦੀਵਾ ਬਾਲਿਆ ।ਉਨ੍ਹਾਂ 60ਈ ਤੋਂ 72ਈ ਤੀਕਰ ਮਹੀਨਾ ਵਾਰ "ਪੰਜਾਬੀ ਅਦਬ" ਛਾਪਿਆ ।ਇਸ ਰਸਾਲੇ ਵਿੱਚ ਕੁਲਵੰਤ ਸਿੰਘ ਵਿਰਕ, ਸ਼ਿਵ ਕੁਮਾਰ ਬਟਾਲਵੀ, ਗੁਰਦਿਆਲ ਸਿੰਘ ਤੇ ਕਈ ਹੋਰ ਚੜ੍ਹਦੇ ਪੰਜਾਬ ਦੇ ਲਿਖਾਰੀਆਂ ਦੀਆਂ ਲਿਖਤਾਂ ਵੀ ਛਪਦੀਆਂ ।ਚੜ੍ਹਦੇ ਪੰਜਾਬ ਦੇ ਸਕਾਲਰਾਂ ਦੀ ਪਿਛਲੀ ਪੀੜ੍ਹੀ ਉਨ੍ਹਾਂ ਦਾ ਬਹੁੰ ਆਦਰ ਕਰਦੀ ਸੀ ।ਉਹ ਜਾਲੰਧਰ ਦੇ ਇਕ ਪੰਡ ਬਸਤੀ ਦਾਨਿਸ਼ ਮੰਦਾਂ ਦੇ ਜਮ ਪਾਲ ਸਨ।47ਈ ਮਗਰੋਂ ਅਪਣਾ ਪਿੰਡ ਨਾ ਵੇਖ ਸਕੇ ।ਉਹ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਸ਼ੁਅਬਾ ਪੰਜਾਬੀ ਵਿੱਚ ਵਿਜ਼ਟਿੰਗ ਪ੍ਰੋਫ਼ੈਸਰ ਦੇ ਤੌਰ ਤੇ ਵੀ ਤਿੰਨ ਸਾਲ ਪੜ੍ਹਾਂਦੇ ਰਹੇ ।ਪਾਕਿਸਤਾਨ ਪੰਜਾਬੀ ਅਦਬੀ ਬੋਰਡ ਲਾਹੌਰ ਨੂੰ ਅਪਣੀ ਦਿਨ ਰਾਤ ਦੀ ਮਿਹਨਤ ਨਾਲ ਅਦਾਰਾ ਬਣਾ ਦਿੱਤਾ ।ਉਨ੍ਹਾਂ ਕਈ ਕਲਾਸਿਕੀ ਸ਼ਾਇਰਾਂ ਦੇ ਟੈਕਸਟ ਮੁਰੱਤਬ ਕੀਤੇ ਤੇ ਉਨ੍ਹਾਂ ਦੇ ਇਲਮੀ ਪੋਖੋਂ ਹਮੇਸ਼ ਚੇਤੇ ਰਹਿਣ ਵਾਲੇ ਹਨ ।ਉਨ੍ਹਾਂ ਦੀ ਕਹਾਣੀਆਂ ਦੀ ਹਿੱਕ ਕਿਤਾਬ ਡਾਕਟਰ ਫ਼ੈਆਜ਼ ਮਘੀਆਨਾ ਹੋਰਾਂ "ਸਾਂਝੀ ਪੀੜ" ਦੇ ਨਾਂ ਨਾਲ ਮੁਰੱਤਬ ਕੀਤੀ ।ਉਨ੍ਹਾਂ ਦੀ ਲਿਸਾਨੀਆਤ ਦੇ ਵਿਸ਼ੇ ਉੱਤੇ ਲਿਖੀ ਕਿਤਾਬ "ਪੰਜਾਬੀ ਬੋਲੀ ਦਾ ਪਿਛੋਕੜ" ਇਕ ਕਾਰਨਾਮਾ ਹੈ ।ਮੇਰਾ ਖ਼ਿਆਲ ਹੈ ਕਿ ਇਹ ਕਿਤਾਬ ਅਜੇ ਚੜ੍ਹਦੇ ਪੰਜਾਬ ਵਿੱਚ ਨਹੀਂ ਛਪੀ ।ਖ਼ਾਂ ਸਾਹਿਬ ਬਹੁਤ ਹੀ ਗੁਣੀ ਜੀ ਹਨ ।ਮੈਨੂੰ ਉਨ੍ਹਾਂ ਦੇ ਕੋਲੋਂ ਸਿੱਖਣ ਦਾ ਮੌਕਾ ਮਿਲਿਆ ।ਜੇ ਅੱਜ ਮੈਨੂੰ ਕੁੱਝ ਸ਼ਬਦਾਂ ਦੀ ਸ਼ੁੱਧ ਬੁਧ ਹੈ ਤਾਂ ਉਨ੍ਹਾਂ ਦੇ ਚਰਨ ਛੋਹਣ ਦਾ ਸਦਕਾ ਹੈ ।

? ਤੁਸੀਂ ਪੰਜਾਬੀ ਅਦਬੀ ਬੋਰਡ ਦੇ ਮੈਂਬਰ ਵੀ ਹੋ, ਆਉਣ ਵਾਲੇ ਸਮੇ ਵਿੱਚ ਪੰਜਾਬੀ

ਅਦਬ ਦੇ ਵਧਾਰੇ ਲਈ ਬੋਰਡ ਦੇ ਕੀ ਟੀਚੇ ਹਨ ।

–ਪਾਕਿਸਤਾਨ ਪੰਜਾਬੀ ਅਦਬੀ ਬੋਰਡ ਲਾਹੌਰ ਅਜਿਹੀ ਭਾਗੀਂ ਭਰੀ ਤਨਜ਼ੀਮ ਹੈ ਜਿਹਨੂੰ ਰਜ਼ਾਕਾਰਾਨਾ ਤੌਰ ਤੇ ਕੰਮ ਕਰਨ ਵਾਲੇ ਵੱਡੇ ਜ਼ਿਹਨ ਮਿਲੇ। ਇਹਦੇ ਅਹੁਦੇਦਾਰਾਂ ਵਿਚ ਮਸਊਦ ਖੱਦਰ ਪੋਸ਼, ਸੱਜਾਦ ਹੈਦਰ, ਇਸ਼ਫਾਕ ਅਹਿਮਦ, ਸਿਬਤ ਅਲਹਸਨ ਜ਼ੈਗ਼ਮ, ਮੁਹੰਮਦ ਆਸਿਫ਼ ਖ਼ਾਂ, ਸ਼ਫ਼ਕਤ ਤਨਵੀਰ ਮਿਰਜ਼ਾ ਹੋਰਾਂ ਦੇ ਨਾਂ ਆਉਂਦੇ ਹਨ ।ਹੁਣ ਇਹਦੇ ਸਦਰ ਮਾਣ ਯੋਗ ਕਵੀ ਤੇ ਸੂਝਵਾਨ ਮੁਸ਼ਤਾਕ ਸੂਫ਼ੀ ਹੋਰੀਂ ਹਨ ।ਦੂਜੇ ਪਾਸੇ ਇਹਦਾ ਦੁਖਾਂਤ ਹੈ ਕਿ ਇਸ ਅਦਾਰੇ ਕੋਲ ਮਾਲੀ ਵਸੀਲੇ ਕਦੀ ਵੀ ਨਹੀਂ ਰਹੇ ।ਇਕ ਦੋ ਵਰ੍ਹਿਆਂ ਤੀਕਰ ਤਾਂ ਆਸਿਫ਼ ਖ਼ਾਂ ਹੋਰਾਂ ਦੇ ਸਮੇ ਦੀਆਂ ਛਪੀਆਂ ਕਿਤਾਬਾਂ ਦੇ ਨਵੇਂ ਐਡੀਸ਼ਨ ਵੀ ਆ ਜਾਵਣ ਤਾਂ ਫਿਰ ਵੀ ਵਡੀ ਗੱਲ ਹੈ ।ਇਤਨੀ ਗੱਲ ਜ਼ਰੂਰ ਹੈ ਕਿ ਸੂਫ਼ੀ ਸਾਹਿਬ ਦੇ ਹੁੰਦਿਆਂ ਕਿਤਾਬਾਂ ਮਿਆਰੀ ਈ ਛਪਸਨ ।

? ਸਰਕਾਰੀ ਖੇਤਰ ਛਾਵੇਂ ਪੰਜਾਬੀ ਦੇ ਵਧਾਰੇ ਲਈ ਕੰਮ ਕਰ ਰਹੇ ਅਦਾਰਿਆਂ ਦੀ ਕਾਰ ਕਰਦਗੀ ਤੋਂ ਕੀ ਤੁਸੀਂ ਮਤਮੈਈਨ ਹੋ ?

–ਜੋ ਬਾਕੀ ਸਰਕਾਰੀ ਅਦਾਰਿਆਂ ਵਿਚ ਹੁੰਦਾ ਹੈ ਇੱਥੇ ਵੀ ਉਹੋ ਕੁੱਝ ਹੁੰਦਾ ਹੈ ।

? ਮੈਂ ਪੰਜਾਬੀ ਅਦਬ ਉੱਤੇ ਸਾਡੇ ਵੱਲ ਦਿੱਤੇ ਜਾਂਦੇ ਸਨਮਾਨਾਂ ਦੀ ਗੱਲ ਕਰਨ ਲੱਗਾ ਹਾਂ ।ਕੀ ਇਹ ਐਵਾਰਡ ਦੇਣ ਵਾਲੀਆਂ ਸੱਥਾਂ ਨਿਰਪੱਖ ਹੁੰਦਿਆਂ ਹਨ ? ਤੇ ਕੋਈ ਐਵਾਰਡ ਕਿਸੇ ਅਦੀਬ ਦਾ ਮਰਾਤਬਾ ਉੱਚਾ ਕਰਨ ਵਿਚ ਕਿਨਾ ਕੋ ਮਦਦਗਾਰ ਹੁੰਦਾ ਹੈ ?

–ਮੈਨੂੰ ਮੀਥੀਵ ਆਰਨਲਡ ਦੀ ਇਕ ਗੱਲ ਚੇਤੇ ਆ ਗਈ ਹੈ ਕਿ ਦੁਨੀਆਂ ਦੇ ਹਰ ਖੇਤਰ ਵਿਚ ਧੋਕਾ ਚੱਲ ਸਕਦਾ ਹੈ ਪਰ ਲਿਟਰੇਚਰ ਵਿਚ ਨਹੀਂ ।ਲਿਟਰੇਚਰ ਵਿਚ ਜਿਹੜਾ ਵੱਡਾ ਨਹੀਂ ਹੁੰਦਾ ਉਹਨੂੰ ਕੋਈ ਵੀ ਵੱਡ ਨਹੀਂ ਬਣਾ ਸਕਦਾ ।ਕੀ ਕਵੀ ਦਾ ਚਾਂਟਣਭਏੜ (ਤਜਰਬਾ) ਨਹੀਂ ਤੇ ਉਹ ਵੱਡਾ ਸ਼ਿਅਰ ਲਿਖ ਸਕਦਾ ਹੈ ।ਭਾਵੇਂ ਮੁਸ਼ਾਇਰਾ ਲੁੱਟਣ ਵਾਸਤੇ ਨਾਲ ਫ਼ੌਜ ਲਈ ਫਿਰਦਾ ਹੋਵੇ ।ਕੀ ਕਹਾਣੀ ਕਾਰ ਵਿਚ ਇਨਸਾਨੀ ਰਵੀਏ ਨੂੰ ਸਮਝਣ ਤੇ ਉਨ੍ਹਾਂ ਅਹਿਸਾਸਾਂ ਨੂੰ ਬਿਆਨਣ ਦੀ ਸਲਾਹੀਅਤ ਨਹੀਂ ਤਾਂ ਉਹ ਵੱਡੀ ਕਹਾਣੀ ਲਿਖ ਸਕਦਾ ਹੈ ।ਸਾਡੇ ਇਨਾਮ ਯਾਰੀ ਪਾਲੀ ਤੋਂ ਵੱਧ ਕੁੱਝ ਨਹੀਂ ਹੁੰਦੇ ।ਸੁੱਚੇ ਲਿਖਾਰੀ ਨੂੰ ਇਨ੍ਹਾਂ ਗੱਲਾਂ ਦੀ ਆਸ ਈ ਨਹੀਂ ਰੱਖਣੀ ਚਾਹੀਦੀ ।

? ਸਾਡੇ ਵੱਲ ਇਕ ਰਿਵਾਜ ਜਿਹਾ ਪੈ ਗਿਆ ਏ, ਹਰ ਕੋਈ ਪੰਜਾਬੀ ਅਦਬ ਦਾ ਖ਼ਲੀਫ਼ਾ ਬਣਨ ਦੇ ਚੱਕਰ ਵਿਚ ਹੈ ।ਆਪਣੇ ਨਾਲ ਦੋ ਚਾਰ ਝੋਲੀ ਚੁੱਕਾਂ ਨੂੰ ਰਲਾ ਕੇ ਅਪਣੀ ਗੱਦੀ ਵੱਖਰੀ ਕਰਨ ਦੀ ਰਸਮ ਲਾਹੌਰ ਵਿਚ ਜੁੜ ਫੜ ਰਹੀ ਏ ।ਅਜਿਹਾ ਹੈ ਯਾਂ ਸਾਨੂੰ ਪਿੰਡਾਂ ਦੇ ਲਿਖਾਰੀਆਂ ਨੂੰ ਇਹ ਜਾਪਦਾ ਏ ?

–ਸਾਡੀ ਲਿਖਾਰੀ ਬਰਾਦਰੀ ਦੇ ਜ਼ਿਹਨ ਵੱਡੇ ਤੇ ਦਿਲ ਛੋਟੇ ਹੁੰਦੇ ਹਨ ।ਮਾੜੀ ਮੋਟੀ ਧੜਾ ਬਣਦੀ ਹਰ ਥਾਵੇਂ ਹੁੰਦੀ ਹੈ ।ਵੱਡੇ ਵੱਡੇ ਲਿਖਾਰੀ ਇੱਕ ਦੂਏ ਦੇ ਨਾਵਾਂ ਨੂੰ ਸਹਾਰ ਨਹੀਂ ਸਕਦੇ। ਅਪਣੀ ਹੱਦ ਤੀਕਰ ਇਹ ਕਹਿ ਸਕਦਾ ਹਾਂ ਕਿ ਮੈਂ ਕਦੀ ਕਿਸੇ ਕਿਤਾਬ ਦਾ ਦੀਬਾਚਾ ਨਹੀਂ ਲਿਖਿਆ ਕਿਸੇ ਕਿਤਾਬ ਦਾ ਫ਼ਲੀਪ ਨਹੀਂ ਲਿਖਿਆ ।ਵਸ ਲਗਦਿਆਂ ਪ੍ਰਧਾਨ ਨਹੀਂ ਬਣਦਾ ।ਕੋਈ ਅੱਜ ਤੀਕਰ ਤਨਜ਼ੀਮ ਨਹੀਂ ਬਣਾਈ ।ਕਦੀ ਕੋਈ ਓਲਡ ਸਟੂਡੰਟ ਪੰਜਾਬੀ ਦੇ ਕੰਮ ਬਾਰੇ ਮਦਦ ਵਾਸਤੇ ਆਖੇ ਤਾਂ ਮਸਬਤ ਹੱਦ ਤੀਕਰ ਸਾਥ ਦੇ ਦੇਨਾ ਵਾਂ ।ਅਨਆਮਾਂ ਵਾਂਗੂੰ ਧੜੇ ਬੰਦਿਆਂ ਵੀ ਨਿੱਕੀਆਂ ਜ਼ਿਹਨਾਂ ਨੂੰ ਵੱਡਾ ਨਹੀਂ ਕਰ ਦਿੰਦਿਆਂ ।

? ਲਹਿੰਦੇ ਪੰਜਾਬ ਵਿੱਚ ਸਿਰਜੇ ਜਾ ਰਹੇ ਪੰਜਾਬੀ ਅਦਬ ਦੀ ਰਫ਼ਤਾਰ ਤੇ ਮਿਆਰ ਕੀ ਹੈ ?

–ਲਹਿੰਦੇ ਪੰਜਾਬ ਦਾ ਸੱਭ ਤੋਂ ਵੱਡਾ ਰੋਗ ਇਹ ਵੇ ਕਿ ਪਾਕਿਸਤਾਨ ਬਣਨ ਮਗਰੋਂ ਵੀ ਅਸਾਨੂੰ ਮਾਂ ਬੋਲੀ ਵਿਚ ਮੁੱਢਲੀ ਪੜ੍ਹਾਈ ਦਾ ਹੱਕ ਨਹੀਂ ਦਿੱਤਾ ਗਿਆ ।ਇੰਜ ਮੁੱਢਲੀ ਪੜ੍ਹਾਈ



ਉਰਦੂ ਵਿਚ ਹੋਵਣ ਪਾਰੋਂ ਪੰਜਾਬ ਦਾ ਬਹੁਤ ਸਾਰਾ ਹੁਨਰ ਉਰਦੂ ਦੇ ਖਾਤੇ ਪੈ ਜਾਂਦਾ ਹੈ ।ਇਸ ਮੁਢਲੀ ਔਕੜ ਦੇ ਹੁੰਦਿਆਂ ਵੀ ਜਿਹਨਾਂ ਲਿਖਾਰੀਆਂ ਨੇ ਪੰਜਾਬੀ ਵੱਲ ਧਿਆਨ ਦਿੱਤਾ ਇੱਥੇ ਉਨ੍ਹਾਂ ਦੇ ਬਾਰੇ ਗੱਲ ਹੋ ਸਕਦੀ ਹੈ ।ਪਾਕਿਸਤਾਨ ਵਿੱਚ ਅਜੇ ਤੀਕਰ ਪੰਜਾਬੀ ਦੀ ਲਹਿਰ ਲਿਖਾਰੀਆਂ ਦੀ ਈ ਲਹਿਰ ਹੈ, ਪਰ ਇਹ ਕਦੀ ਵੀ ਨਹੀਂ ਹੋਇਆ ਕਿ ਇਹ ਕਦੀ ਅਵੇਸਲੇ ਪੈ ਹੋਵਣ ਯਾਂ ਪੰਜਾਬੀ ਅਦਬ ਦਾ ਕੰਮ ਨਾ ਹੋਇਆ ਹੋਵੇ ।ਫ਼ਾਰਸੀ ਲਿਪੀ ਵਿਚ "ਪੰਜਾਬੀ ਦਰਬਾਰ" ਰਸਾਲਾ ਜੋਸ਼ਵਾ ਫ਼ਜ਼ਲ ਉੱਦੀਨ ਹੋਰੀਂ 47ਈ ਤੋਂ ਪਹਿਲਾਂ ਕੱਢ ਰਹੇ ਸਨ ਤੇ ਪਿੱਛੇ ਵੀ ਛਪਦਾ ਰਿਹਾ ।1951ਈ ਵਿਚ ਡਾਕਟਰ ਫ਼ਕੀਰ ਹੋਰਾਂ ਮਹੀਨਾ ਵਾਰ "ਪੰਜਾਬੀ" ਛਾਪਣਾ ਸ਼ੁਰੂ ਕੀਤਾ ।ਫਿਰ ਅੱਫ਼ਜ਼ਲ ਖ਼ਾਂ ਹੋਰਾਂ "ਪੰਜ ਦਰਿਆ" ਤੇ ਮੁਹੰਮਦ ਆਸਿਫ਼ ਖ਼ਾਂ ਹੋਰਾਂ ਮਹੀਨਾ ਵਾਰ "ਪੰਜਾਬੀ ਅਦਬ" ਕੱਢਿਆ ।ਇੰਜ ਹੁਣ ਤਾਈਂ ਕਈ ਬਾਕਾਇਦਾ ਅਦਬੀ ਰਸਾਲੇ ਛੁਪ ਰਹੇ ਹਨ ।ਹੁਣ ਵੀ ਇਕ ਦਰਜਨ ਤੋਂ ਵੱਧ ਪੰਜਾਬੀ ਰਸਾਲੇ ਪਾਕਿਸਤਾਨ ਵਿੱਚ ਛਪਦੇ ਪੈ ਹਨ ।

1970ਈ ਵਿਚ ਐਮ ਏ ਪੰਜਾਬੀ ਦੀਆਂ ਕਲਾਸਾਂ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਸ਼ੁਰੂ ਹੋਈਆਂ ਤੇ ਹੁਣ ਸ਼ੁਅਬਾ ਐਮ ਏ ਦੇ ਨਾਲ ਐਮ ਫ਼ਿਲ ਤੇ ਪੀ ਐਚ ਡੀ ਰੈਗੂਲਰ ਕਰਵਾ ਰਿਹਾ ਹੈ। ਲਾਹੌਰ ਯੂਨੀਵਰਸਿਟੀ ਫ਼ਾਰ ਵੀਮਨ ਵਿਚ ਪੰਜਾਬੀ ਦਾ ਸ਼ੁਅਬਾ ਖੁੱਲ ਚੁੱਕਾ ਹੈ ।ਸ਼ਾਲੀਮਾਰ ਕਾਲਜ ਲਾਹੌਰ, ਗੌਰਮਿੰਟ ਕਾਲਿਜ ਝੰਗ ਵਿਚ ਵੀ ਰੈਗੂਲਰ ਐਮ ਏ ਪੰਜਾਬੀ ਦੀਆਂ ਕਲਾਸਾਂ ਸ਼ੁਰੂ ਹੋ ਗਈਆਂ ਹਨ ।ਜ਼ਕਰੀਆ ਯੂਨੀਵਰਸਿਟੀ ਮੁਲਤਾਨ ਬੀ ਏ, ਐਮ ਏ ਤੇ ਪੀ ਐਚ ਡੀ ਪਰਾਈਵੇਟ ਕਈ ਵਰ੍ਹਿਆਂ ਤੋਂ ਕਰਵਾ ਰਹੀ ਹੈ ।

ਸਰਕਾਰੀ ਇਮਦਾਦ ਨਾਲ ਕਿਤਾਬਾਂ ਛਾਪਣ ਦਾ ਅਦਾਰਾ "ਪੰਜਾਬੀ ਅਦਬੀ ਅਕੈਡਮੀ ਲਾਹੌਰ" ਸੱਠ ਦੇ ਦਹਾਕੇ ਤੋਂ ਈ ਪੰਜਾਬੀ ਕਿਤਾਬਾਂ ਛਾਪਨੀਆਂ ਸ਼ੁਰੂ ਕਰ ਦਿੱਤੀਆਂ ਸਨ ਤੇ ਉਨ੍ਹਾਂ ਕਈ ਕਲਾਸਿਕੀ ਸ਼ਾਇਰਾਂ ਨੋਂ ਛਾਪ ਕੇ ਨਵੇਂ ਨਸਲ ਤੀਕਰ ਅਪੜਾਇਆ ।1975ਈ ਵਿਚ ਪਾਕਿਸਤਾਨ ਪੰਜਾਬੀ ਅਦਬ ਬੋਰਡ ਕਾਇਮ ਹੋ ਗਿਆ ਸੀ ।ਇਹ ਅੱਜ ਵੀ ਕੰਮ ਕਰ ਰਿਹਾ ਹੈ ।ਹੋਰ ਕਈ ਤੰਜੀਮਾਂ ਸਰਕਾਰੀ ਇਮਦਾਦ ਨਾਲ ਕਿਤਾਬਾਂ ਛਾਪਦੀਆਂ ਪਈਆਂ ਹਨ ।ਇਸ ਵੇਲ਼ੇ ਪਾਕਿਸਤਾਨੀ ਪੰਜਾਬ ਵਿੱਚ ਦੋ ਅਖ਼ਬਾਰ ਵੀ ਛੁਪ ਰਹੇ ਹਨ ।ਕਈ ਸੁਰ ਤੇ ਸੂਝਵਾਨ ਪਬਲੀਕੇਸ਼ਨਜ਼ ਦਾ ਇੱਕਮ ਕਰ ਰਹੇ ਹਨ ।ਪਿਛਲੇ ਦਸ ਵਰ੍ਹਿਆਂ ਤੋਂ ਸਾਂਝ ਲਾਹੌਰ ਤੋਂ ਵੱਡੀ ਮਿਆਰੀ ਕਿਤਾਬ ਛੁਪ ਰਹੀ ਹੈ ।ਪਹਿਲਾਂ ਸਰਕਾਰੀ ਅਦਾਰਾ ਪੰਜਾਬ ਇੰਸਟੀਚਿਊਟ ਆਫ਼ ਲੈਂਗੂਏਜ਼ ਆਰਟ ਐਂਡ ਕਲਚਰ ਪਿਛਲੇ ਕੁੱਝ ਵਰ੍ਹਿਆਂ ਤੋਂ ਪੰਜਾਬੀ ਦਾ ਕੰਮ ਕਰ ਰਿਹਾ ਹੈ ਤੇ ਮਹੀਨਾ ਵਾਰ "ਤ੍ਰਿੰਜਣ" ਵੀ ਛਾਪ ਰਿਹਾ ਹੈ ।

ਅਫ਼ਸਾਨੇ ਖੇਤਰ ਵਿਚ ਅਕਬਰ ਲਹੋਰੀ, ਅਨਵਰ ਅਲੀ, ਅੱਫ਼ਜ਼ਲ ਅਹਸਨ ਰੰਧਾਵਾ, ਹੁਸੈਨ ਸ਼ਾਹਿਦ, ਮਨਸ਼ਾ ਯਾਦ, ਨਸੀਰ ਚੀਮਾ, ਗ਼ੁਲਾਮ ਹੁਸੈਨ ਸਾਜਿਦ, ਪ੍ਰਵੀਨ ਮਲਿਕ, ਇਲਿਆਸ ਘੁੰਮਣ, ਨਾਦਰ ਅਲੀ, ਤੌਕੀਰ ਚਗ਼ਤਾਈ, ਖ਼ਾਲਿਦ ਫ਼ਰਹਾਦ, ਮਲਿਕ ਮਿਹਰ ਅਲੀ, ਸਨਾਵਰ ਚਧੜ, ਜ਼ਾਹਿਦ ਹੁਸੈਨ ਤੇ ਜ਼ੁਬੈਰ ਅਹਿਮਦ ਚੰਗੇ ਲਿਖਣ ਵਾਲੇ ਹਣ ।ਖੋਜ ਪੁਰਖ ਦੇ ਖੇਤਰ ਵਿਚ ਸ਼ਰੀਫ਼ ਕੁੰਜਾਹੀ, ਮੁਹੰਮਦ ਆਸਿਫ਼ ਖ਼ਾਂ, ਨਜਮ ਹੁਸੈਨ ਸੱਈਅਦ, ਐਨ ਅਲਹਕ ਫ਼ਰੀਦ ਕੋਟੀ, ਅਲੀ ਅੱਬਾਸ ਜਲਾਲਪੁਰੀ, ਮੁਸ਼ਤਾਕ ਸੂਫ਼ੀ, ਸ਼ਫ਼ਕਤ ਤਨਵੀਰ ਮਿਰਜ਼ਾ, ਸ਼ੌਕਤ ਮੁਗ਼ਲ, ਆਬਿਦ ਅਮੀਕ, ਜਾਵੇਦ ਚਾਨਡੀਵ ਤੇ ਨਾਸਿਰ ਰਾਣਾ ਦੇ ਨਾਂ ਲੈ ਸਕਦੇ ਹਾਂ ।

ਪਾਕਿਸਤਾਨੀ ਪੰਜਾਬੀ ਨਜ਼ਮ ਦਾ ਦੁਖਾਂਤ ਇਹ ਵੇ ਕਿ ਇਹਨੂੰ ਚੰਗੇ ਪੜ੍ਹਨ ਵਾਲੇ ਤੇ ਚੰਗੇ ਪਾਰਖ ਨਹੀਂ ਲੱਭ ਸਕੇ ।ਪਾਕਿਸਤਾਨ ਵਿੱਚ ਨਜ਼ਮ ਬਹੁਤ ਚੰਗੀ ਲਿਖੀ ਗਈ ਹੈ ।ਪਾਪੂਲਰ ਸ਼ਾਇਰਾਂ ਤੋਂ ਅੱਡ ਸੰਜੀਦਾ ਸ਼ਾਇਰਾਂ ਵਿੱਚੋਂ ਨਜਮ ਹੁਸੈਨ ਸੱਈਅਦ, ਅੱਫ਼ਜ਼ਲ ਪਰਵੇਜ਼, ਸ਼ਰੀਫ਼ ਕੁੰਜਾਹੀ, ਅਹਿਮਦ ਰਾਹੀ, ਮੁਨੀਰ ਨਿਆਜ਼ੀ, ਆਬਿਦ ਅਮੀਕ, ਮੁਸ਼ਤਾਕ ਸੂਫ਼ੀ, ਰਿਫ਼ਅਤ ਅੱਬਾਸ,

ਇਸ਼ੂ ਲਾਲ ਫ਼ਕੀਰ, ਗ਼ੁਲਾਮ ਹੁਸੈਨ ਸਾਜਿਦ, ਨਸਰੀਨ ਅੰਜੁਮ ਭੱਟੀ, ਮਜ਼ਹਰ ਤਿਰਮਜ਼ੀ, ਅਹਿਮਦ ਜ਼ਫ਼ਰ, ਅਹਿਮਦ ਸਲੀਮ, ਸਲੀਮ ਸ਼ਹਿਜ਼ਾਦ, ਰਾਏ ਮੁਹੰਮਦ ਖ਼ਾਂ ਨਾਸਿਰ, ਰਾਜਾ ਸਾਦਿਕ ਅੱਲਾਹ, ਬਾਕੀ ਸਦੀਕੀ, ਸ਼ਾਰਬ, ਮੁਨੀਰ ਉਸਰੀ, ਖ਼ਾਕਾਨ ਹੈਦਰ ਗ਼ਾਜ਼ੀ, ਅੱਫ਼ਜ਼ਲ ਸਾਹਿਰ, ਮਹਿਮੂਦ ਇਵਾਨ ਤੇ ਇਰਫ਼ਾਨ ਮਲਿਕ ਚੰਗੀ ਨਜ਼ਮ ਲਿਖ ਰਹੇ ਹਨ ।

ਲਗਦਾ ਹੈ ਲਹਿੰਦਾ ਪੰਜਾਬ ਹੁਣ ਜਾਗ ਪਿਆ ਹੈ ।ਪੰਜਾਬ ਦੇ ਸ਼ਹਿਰਾਂ ਤੇ ਕਸਬਿਆਂ ਵਿਚ ਕਈ ਤੰਜੀਮਾਂ ਕੰਮ ਕਰ ਰਹੀਆਂ ਹਨ ।ਇਕ ਸ਼ਹਿਰ ਵਿਚ ਤਿੰਨ ਤਿੰਨ, ਚਾਰ ਚਾਰ ਤੰਜੀਮਾਂ ਵੀ ਹਨ ।ਜਿਹੜੀਆਂ ਪੰਜਾਬੀ ਸੇਵਾ ਨੂੰ ਜੁਟੀਆਂ ਹੋਈਆਂ ਹਨ ।ਪੁਰਾਣੇ ਰੰਗ ਵਿਚ ਦੋਹੜੇ ਤੇ ਗ਼ਜ਼ਲਾਂ ਲਿਖਣ ਵਾਲੇ ਸ਼ਾਇਰਾਂ ਦੀ ਇਕ ਵੱਡੀ ਗਿਣਤੀ ਹੈ ।ਉਹ ਮੁਸ਼ਾਇਰਿਆਂ ਰਾਹੀਂ ਅਪਣੀ ਧੂਣੀ ਧੁਖਾਈ ਰੱਖਦੇ ਹਨ ।ਹਰ ਮਹੀਨੇ ਦੋ ਚਾਰ ਮੁਸ਼ਾਇਰਿਆਂ ਦੀ ਖ਼ਬਰ ਛਪੀ ਦਿਸ ਪੈਂਦੀ ਹੈ ।ਹੁਣ ਹਰ ਵਰ੍ਹੇ 200 ਦੇ ਲਗ ਭਗ ਪੰਜਾਬੀ ਕਿਤਾਬਾਂ ਛੁਪ ਜਾਂਦੀਆਂ ਹਨ ।ਸਦਾ ਜੀਵਨ ਕਿਹਨਾਂ ਲਿਖਤਾਂ ਦੇ ਭਾਗਾਂ ਵਿਚ ਹੈ, ਇਹ ਆਉਣ ਵਾਲਾ ਵੇਲਾ ਈ ਦੱਸ ਸਕਦਾ ਹੈ ।

? ਤੁਹਾਡਾ ਨਾਮ ਲਹਿੰਦੇ ਤੇ ਚੜ੍ਹਦੇ ਦੋਨਾਂ ਪੰਜਾਬਾਂ ਵਿਚ ਨਿਹਾਇਤ ਇਹਤਰਾਮ ਨਾਲ ਲਿਆ ਜਾਂਦਾ ਹੈ ।ਤੁਹਾਡੇ ਕੰਮ ਦੀ ਕਦਰ ਦੋਨਾਂ ਪਾਸੇ ਸਾਂਝੀ ਏ ।ਹੁਣ ਜਿਹੇ ਜਿੰਦਰ ਨੇ ਐਡਿਟ ਕੀਤੇ ਇਕ ਕਹਾਣੀ ਪਰਾਗੇ ਨੂੰ ਆਪਣੇ ਤਿੰਨ ਪਾਕਿਸਤਾਨੀ ਦੋਸਤਾਂ ਦੇ ਨਾਮ ਸਮਰਪਿਤ ਕੀਤਾ ਹੈ । ਜਿਹਨਾਂ ਵਿੱਚ ਤੁਸੀਂ ਵੀ ਸ਼ਾਮਿਲ ਹੋ ।ਦੋਨਾਂ ਪਾਸੇ ਦੇ ਲਿਖਾਰੀਆਂ ਦੇ ਆਪਸੀ ਮੁਹੱਬਤ ਤੇ ਇਹਤਰਾਮ ਦੇ ਤਾਅਲੁੱਕ ਨੂੰ ਹੋਰ ਗੋੜ੍ਹਾ ਕਰਨ ਲਈ ਕੁੱਝ ਸੁਝਾਉ ਦਿਓ ?

–ਬਹੁਤ ਸ਼ੁਕਰੀਆ ਤੁਸੀਂ ਮੇਰੇ ਬਾਰੇ ਇਤਨੀ ਚੰਗੀ ਰਾਏ ਰੱਖਦੇ ਓ ।ਮੈਂ ਜਿਨੇ ਵੀ ਸਟੂਡੰਟ ਨੂੰ ਐਮ ਏ, ਐਮ ਫ਼ਿਲ ਤੇ ਪੀ ਐਚ ਡੀ ਦਾ ਥੀਸਸ ਕਰਵਾਨਾ ਆਂ ।ਪਹਿਲੇ ਉਨ੍ਹਾਂ ਨੂੰ ਗੁਰਮੁਖੀ ਸਿਖਾਂਦਾ ਵਾਂ ।ਗੁਰਮੁਖੀ ਅੱਖਰ ਸਿਖਾਉਣ ਮਗਰੋਂ ਦੋ ਤਿੰਨ ਗੁਰਮੁਖੀ ਕਹਾਣੀਆਂ ਦਾ ਉਲਥਾ ਕਰਨ ਨੂੰ ਆਖਨਾ ਵਾਂ ।ਇੰਜ ਗੁਰਮੁਖੀ ਦੇ ਅੱਖਰ ਸਟੂਡੰਟ ਦੇ ਜ਼ਿਹਨ ਉੱਤੇ ਨਕਸ਼ ਹੋ ਜਾਂਦੇ ਨੇਂ ।ਇਹ ਕਹਾਣੀਆਂ ਰਸਾਲਿਆਂ ਵਿਚ ਛੁਪ ਜਾਂਦੀਆਂ ਹਨ ।ਸਟੂਡੰਟ ਅਪਣਾ ਨਾਂ ਉਲਥਾਕਾਰ ਦੇ ਤੌਰ ਤੇ ਪੜ੍ਹ ਕੇ ਖ਼ੁੱਸ਼ ਹੋ ਜਾਂਦਾ ਹੈ ਪਰ ਗੁਰਮੁਖੀ ਲਿਪੀ ਉਹਨੂੰ ਸਾਰੀ ਉਮਰ ਭੁੱਲਦੀ ਨਹੀਂ ।ਮੈਂ ਕਈ ਕਹਾਣੀਆਂ ਜਿੰਦਰ ਹੋਰਾਂ ਦੀਆਂ ਕਰਵਾਈਆਂ ਹਨ ਪਰ ਮੇਰਾ ਖ਼ਿਆਲ ਨਹੀਂ ਕਿ ਜਿੰਦਰ ਹੋਰਾਂ ਨੂੰ ਇਸ ਗੱਲ ਦਾ ਪਤਾ ਵੀ ਹੋਵੇ ਯਾਂ ਉਨ੍ਹਾਂ ਨੂੰ ਐਡੀਟਰ ਰਸਾਲੇ ਭੇਜਦੇ ਈ ਹੋਵਣ ।ਸਿਰਫ਼ ਜਿੰਦਰ ਈ ਨਹੀਂ ਜਿਹੜਾ ਗੁਰਮੁਖੀ ਰਸਾਲਾ ਕਿਤਾਬ ਮੇਰੇ ਕੋਲ ਹੋਵੇ ਤੇ ਕਹਾਣੀ ਮੈਨੂੰ ਚੰਗੀ ਲੱਗੇ ਮੈਂ ਉਲਥਾ ਜ਼ਰੂਰ ਕਰਵਾ ਦਿੰਦਾ ਵਾਂ ।ਜਿੰਦਰ ਇੰਤਹਾ ਦਾ ਸ਼ਰੀਫ਼ ਤੇ ਭਲੇ ਮਾਣਸ ਹੈ ਮੈਂ ਉਨ੍ਹਾਂ ਦਾ ਹਮੇਸ਼ ਆਦਰ ਕਰਦਾ ਵਾਂ ।ਉਨ੍ਹਾਂ ਮੇਰੇ ਵਰਗੇ ਸਟੂਡੰਟ ਨੂੰ ਏਨਾ ਵੱਡਾ ਮਾਣ ਦਿੱਤਾ ਹੈ ।ਸੱਚੀ ਗੱਲ ਹੈ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ ।

ਵੇਖੋ ਦੋਵਾਂ ਮੁਲਕਾਂ ਦੇ ਲਿਖਾਰੀਆਂ ਦਾ ਇਕ ਦੂਜੇ ਵੱਲ ਆਉਣਾ ਜਾਵਣਾ ਚੰਗੀ ਗੱਲ ਹੈ ।ਮੈਂ ਸਮਝਦਾ ਵਾਂ ਕਿ ਸਰਕਾਰੀ ਸੱਤਾ ਉੱਤੇ ਦੋਵਾਂ ਪਾਸੇ ਅਜਿਹੇ ਅਦਾਰੇ ਹੋਵਣ ਜਿਹੜੇ ਫ਼ਾਰਸੀ ਲਿਪੀ ਦੀਆਂ ਕਿਤਾਬਾਂ ਗੁਰਮੁਖੀ ਵਿਚ ਛਾਪਣ ਤੇ ਗੁਰਮੁਖੀ ਦੀਆਂ ਫ਼ਾਰਸੀ ਲਿਪੀ ਵਿਚ ।ਇੰਜ ਸਤਰ ਵਰ੍ਹੇ ਦਾ ਖਪਾ ਪੂਰਿਆ ਜਾਵੇ ।ਦੋਵਾਂ ਪਾਸੇ ਐਮ ਏ ਦੀ ਸੱਤਾ ਉੱਤੇ ਫ਼ਾਰਸੀ ਲਿਪੀ ਤੇ ਗੁਰਮੁਖੀ ਲਿਪੀ ਸਿਖਾਈ ਜਾਵੇ ।ਗੁਰਮੁਖੀ ਰਸਾਲਿਆਂ ਦੇ ਐਡੀਟਰ ਕੋਸ਼ਿਸ਼ ਕਰਨ ਕਿ ਪਾਕਿਸਤਾਨੀ ਲਿਖਾਰੀਆਂ ਨੂੰ ਵੱਧ ਤੋਂ ਵੱਧ ਛਾਪਣ ਤੇ ਫ਼ਾਰਸੀ ਲਿਪੀ ਵਿਚ ਛਪਣ ਵਾਲਿਆਂ ਰਸਾਲਿਆਂ ਵਿਚ ਚੜ੍ਹਦੇ ਪੰਜਾਬ ਦੇ ਲਿਖਾਰੀ ਛਪਣ ।ਮੇਰਾ ਖ਼ਿਆਲ ਹੈ ਕਿ ਲਿਖਿਆ ਹੋਇਆ ਸ਼ਬਦ ਬਹੁਤ ਗਹਿਰਾ ਅਸਰ ਛੱਡਦਾ ਹੈ ।





## ਸ਼ਹੀਦੀ/ਮਕਸੂਦ ਸਾਕਿਬ

ਜ਼ਿਕਰੀਆ ਸਾਹਿਬ ਸਵੇਰੇ ਮੂੰਹ ਹਨੇਰੇ ਉਠਦਿਆਂ ਈ ਬਾਹਰ ਦੇ ਬੂਹਿਓਂ ਅੰਦਰ ਸਰਕੀ ਹੋਈ ਅਖ਼ਬਾਰ ਚੁੱਕਦੇ ਤੇ ਘੱਰ ਦੇ ਪਿਛਲੇ ਬੰਨੇ ਇਕ ਗੁਠੇ ਵੜ ਕੇ ਬਹਿ ਜਾਂਦੇ ।ਬੜੀ ਖ਼ਾਸ ਗੁੱਠ ਸੀ ਇਹ ।ਅਸਲੋਂ ਈ ਖੁੱਡੀ ਵਰਗੀ ਇਕ ਕਮਰੀ ।ਮਸਾਂ ਇਕ ਮੇਜ਼ ਕੁਰਸੀ ਜੋਗੀ ।ਜ਼ਿਕਰੀਆ ਸਾਹਿਬ ਇਹਦੇ ਵਿਚ ਬਹਿੰਦੇ ਤਾਂ ਉਨ੍ਹਾਂ ਦਾ ਪੂਰੇ ਘੱਰ ਨਾਲ ਲਾਗਾ ਦੇਗਾ ਮੁੱਕ ਜਾਂਦਾ ।ਕਿਸੇ ਦੇ ਬੋਲਣ ਚਾਲਣ ਤੇ ਖੜਾਕ ਕਰਨ ਦੀ ਕੋਈ ਵਾਜ ਉਨ੍ਹਾਂ ਤੀਕਰ ਨਾ ਅੱਪੜਦੀ ਤੇ ਉਹ ਚੁਪ ਦੀ ਬੁੱਕਲ ਮਾਰੀ ਪੂਰੀ ਨੀਝ ਨਾਲ ਅਖ਼ਬਾਰ ਪੜ੍ਹਦੇ ਰਹਿੰਦੇ ।ਇਕ ਇਕ ਲਫ਼ਜ਼, ਇਕ ਇਕ ਸਤਰ, ਇਕ ਇਕ ਖ਼ਬਰ, ਇਕ ਇਕ ਕਾਲਮ ਉਨ੍ਹਾਂ ਦੀਆਂ ਨਜ਼ਰਾਂ ਕਪੜ ਛਾਣ ਕਰਦੀਆਂ ਟੁਰੀਆਂ ਜਾਂਦੀਆ ।ਫ਼ਰੰਟ ਬੈਕ ਸਫ਼ਿਆਂ ਨੂੰ ਤਾਂ ਉਹ ਤੱਕ ਕੇ ਨਹੀਂ ਸਨ ਵੇਖਦੇ ।ਮੋਟੀਆਂ ਪੁਤਲੀਆਂ ਸਭੇ ਸੁਰਖ਼ੀਆਂ ਉਹਨਾਂ ਨੂੰ ਖ਼ਬਰਾਂ ਦੇ ਇਸ਼ਤਿਹਾਰ ਜਾਪਦੀਆਂ, ਥੱਲੇ ਤਿੰਨ ਤਿੰਨ ਚਾਰ ਚਾਰ ਸਤਰਾਂ ਮਤਿਨ ਦੀਆਂ ਤੇ ਫਿਰ ਬਕੀਏ ਵਾਲਾ ਇਸ਼ਾਰਾ ਮਿਲ ਜਾਂਦਾ ਤੇ ਖ਼ਬਰ ਪੂਰੀ ਪੜ੍ਹਨ ਲਈ ਉਨ੍ਹਾਂ ਨੂੰ ਅਖ਼ਬਾਰ ਦੇ ਵਰਕੇ ਥੁਲਨੇ ਪੇ ਜਾਂਦੇ ।ਇਹਦੇ ਤੋਂ ਉਨ੍ਹਾਂ ਦੀ ਤਬੀਆਤ ਸਖ਼ਤ ਉਆਜ਼ਾਰ ਹੁੰਦੀ ।ਉਹਨਾਂ ਨੂੰ ਵਾਕਿਆ ਇੰਜ ਈ ਜਾਪਦਾ ਜਿਵੇਂ ਲਾਹੌਰ ਦੀਆਂ ਸੜਕਾਂ ਉੱਤੇ ਚੰਗੇ ਭਲੇ ਰਾਹੇ ਰਾਹੇ ਜਾਂਦੀਆਂ ਇਕਦਮ ਅੱਗੇ ਡਰੱਮ ਖਲੋਤੇ ਆ ਜਾਂਦੇ ਨੇਂ ਤੇ ਨਾਲ ਇਕ ਬੋਰਡ ਉੱਤੇ ਤਰਲੇ ਰੰਗਾ ਹੁਕਮ ਮੱਥੇ ਲਗਦਾ ਏ, "ਇਧਰੋਂ ਦੀ" ਤੇ ਫਿਰ ਬੰਦਾ ਸਿੱਧਾ ਜਾਂਦਾ ਜਾਂਦਾ ਉਸ "ਇਧਰੋਂ ਦੀ" ਦੇ ਵਸ ਪੇ ਕੇ ਖ਼ਬਰੇ ਕਿਧਰੋਂ ਦੀ ਹੁੰਦਾ ਹਵਾਂਦਾ ਆਪਣੀ ਥਾਂ ਅੱਪੜਦਾ ਏ ਪਰ ਉਥੋਂ ਤੀਕ ਅੱਪੜਦਿਆਂ ਅੱਪੜਦਿਆਂ ਉਹਦਾ ਸਾਰਾ ਚਿਸ ਸਵਾਦ ਉੱਤਰ ਹੋ ਜਾਂਦਾ ਏ ।ਜ਼ਿਕਰੀਆ ਸਾਹਿਬ ਨੂੰ ਇਸ ਬਕੀਏ ਵਾਲੀ ਆਵਾਜਾਰੀ ਦਾ ਕੋਈ ਹੋਰ ਉਪਾ ਤਾਂ ਨਾ ਲੱਭਿਆ, ਉਨ੍ਹਾਂ ਆਪਣਾ ਅਖ਼ਬਾਰ ਪੜ੍ਹਨ ਦਾ ਢੰਗ ਈ ਬਦਲ ਲਿਆ ।ਉਹ ਸ਼ੁਰੂ ਈ ਬਕੀਆਂ ਵਾਲੇ ਸਫ਼ਿਆਂ ਤੋਂ ਹੁੰਦੇ ।ਸਫ਼ਾ ਪੰਜ, ਸਫ਼ਾ ਛੇ ਤੇ ਸਫ਼ਾ ਸਤ ਤੋਂ ।ਇਨ੍ਹਾਂ ਉੱਤੇ ਅੱਪੜ ਕੇ ਵੀ ਸੱਭ ਤੋਂ ਆਖ਼ਰੀ ਬਕੀਏ ਤੋਂ ਟੁਰਦੇ ਸੱਭ ਤੋਂ ਪਹਿਲੇ ਬਕੀਏ ਤੱਕ ਪਹੁੰਚਦੇ ।ਖ਼ਬਰਾਂ ਦਾ ਪੂਰਾ ਵਿਸਥਾਰ ਬਿਨਾ ਕਿਸੇ ਅੜਿਚ ਦੇ ਇਨ੍ਹਾਂ ਬਕੀਆਂ ਵਿਚੋਂ ਈ ਉਹਨਾਂ ਨੂੰ ਪੜ੍ਹਨ ਜੋਗਾ ਮਿਲ ਜਾਂਦਾ ਅਖ਼ਬਾਰ ਦੇ ਸੁਰਖ਼ੀਆਂ ਵਾਲੇ ਹਿੱਸੇ ਨੂੰ ਉਹ ਬਾਅਦ ਵਿਚ ਪੜ੍ਹ ਲੈਂਦੇ ।ਪੁਰਾਣੇ ਅਖ਼ਬਾਰੀਏ ਹੋਣ ਪਾਰੋਂ ਉਹਨਾਂ ਨੂੰ ਬਕੀਏ ਤੋਂ ਈ ਪਤਾ ਲੱਗ ਜਾਂਦਾ ਸੀ ਜੋ ਖ਼ਬਰ ਦੀਆਂ ਸੁਰਖ਼ੀਆਂ ਕੀ ਕੀ ਕਢਿਈਆਂ ਹੋਣਗੀਆਂ ਸੱਭ ਐਡੀਟਰਾਂ ਨੇ ।ਕੈਂ ਵਾਰੀ ਤਾਂ ਉਹ ਸੁਰਖ਼ੀਆਂ ਵੇਖ ਕੇ ਹੱਸ ਪੈਂਦੇ ਤੇ ਕੈਂ ਵਾਰੀ ਖਿਝ ਕੇ ਸਿਰ ਮਾਰ ਛੱਡਦੇ ।ਹੁਸਨ ਦਾ ਮਤਲਬ ਹੁੰਦਾ ਸੀ ਸੁਰਖ਼ੀ ਠੀਕ ਏ ਤੇ ਸਿਰ ਮਾਰਨ ਦਾ ਮਤਲਬ ਹੁੰਦਾ ਸੁਰਖ਼ੀ ਉੱਕਾ ਈ ਬੇ ਜੋੜ ਏ, ਸੱਭ ਐਡੀਟਰ ਨੇ ਖ਼ਬਰ ਚਮਕਾਂ ਲਈ ਐਵੇਂ ਈ ਜ਼ੋਰਾਵਰੀ ਕਰ ਦਿਤੀ ਏ ।ਅਗਲੀ ਗੱਲ ਇਹ ਬਈ ਜ਼ਿਕਰੀਆ ਸਾਹਿਬ ਆਮ ਅਖ਼ਬਾਰੀ ਕੀੜਿਆਂ ਵਾਕਣ ਪ੍ਰਿੰਟ ਲਾਇਨ ਪੜ੍ਹ ਕੇ ਅਖ਼ਬਾਰ ਨਹੀਂ ਸਨ ਮੁਕਾਂਦੇ ।ਉਨ੍ਹਾਂ ਦੀ ਅਖ਼ਬਾਰ ਪੇਸ਼ਾਨੀ ਥੱਲੇ ਛਪੀਆਂ ਕਮਰੀ, ਈਸਵੀ ਤੇ ਬਿਕ੍ਰਮੀ ਤਾਰੀਖ਼ਾਂ ਪੜ੍ਹਨ ਉੱਤੇ ਮੁੱਕਦੀ ਹੁੰਦੀ ਸੀ ।ਕਮਰੀ, ਈਸਵੀ ਤੇ ਬਿਕ੍ਰਮੀ ਤਾਰੀਖ਼ਾਂ ਨੂੰ ਹਮੇਸ਼ਾ ਇਸਲਾਮੀ, ਅੰਗਰੇਜ਼ੀ ਤੇ ਦੇਸੀ ਤਾਰੀਖ਼ਾਂ ਆਖਦੇ ।

ਪੁਰਾਣੇ ਅਖ਼ਬਾਰੀਏ ਉਹ ਇੰਜ ਸਨ ਬਈ ਉਨ੍ਹਾਂ ਦੀ ਸਾਰੀ ਜ਼ਿੰਦਗੀ ਈ ਅਖ਼ਬਾਰ ਵਿਚ ਗੁਜ਼ਰੀ ਸੀ ।ਅੱਜ ਉਨ੍ਹਾਂ ਨੂੰ ਅਖ਼ਬਾਰ ਵਿਚੋਂ ਰਿਟਾਇਰ ਹੋਇਆਂ ਵੀ ਇਕ ਮੁਦਤ ਹੋ ਗਈ ਸੀ । ਆਪਣੇ ਵੇਲ਼ੇ ਉਹ ਰੇਡੀਓ ਫ਼ਿਲਮ ਤੇ ਥੀਇਟਰ ਦਾ ਸਫ਼ਾ ਕਰਦੇ ਹੁੰਦੇ ਸਨ ।ਉਨ੍ਹਾਂ ਦੀਆਂ ਕਢਿਈਆਂ

ਖ਼ਬਰਾਂ ਲਿਖੇ ਮਜ਼ਮੂਨ ਤੇ ਕੀਤੇ ਥੀਏਟਰ ਰਿਵੀਓ ਏਨੇ ਕੂ ਪੜ੍ਹੇ ਜਾਂਦੇ ਸਨ ਕਿ ਪੜ੍ਹਾਕਾਂ ਦੀਆਂ ਤਾਰੀਫ਼ੀ ਚਿੱਠੀਆਂ ਦਾ ਢੇਰ ਲੱਗ ਜਾਂਦਾ ਸੀ ।ਐਡੀਟਰਾਂ ਡਾਕ ਫਰੋਲਨੀ ਤੇ ਕਦੀਂ ਹਾਸੇ ਨਾਲ ਤੇ ਕਦੀਂ ਗ਼ੁੱਸੇ ਨਾਲ ਆਖਣਾ, ਜ਼ਿਕਰੀਏ ਨੂੰ ਤਾਂ ਅਖ਼ਬਾਰ ਵਿਚ ਵੱਖਰਾ ਈ ਡਾਕ ਖ਼ਾਨਾ ਖੋਲ ਦੇਣਾ ਚਾਹੀਦਾ ਏ ।

ਕੰਮ ਦਾ ਪਿੜ ਤਾਂ ਜ਼ਿਕਰੀਆ ਸਾਹਿਬ ਦਾ ਸਾਰਾ ਈ ਸਵਾਦਲਾ ਸੀ ਪਰ ਜਿਥੋਂ ਤੀਕਰ ਉਨ੍ਹਾਂ ਦੇ ਆਪਣੇ ਚਿਸ ਸਵਾਦ ਦੀ ਗੱਲ ਸੀ ਉਹ ਉਨ੍ਹਾਂ ਨੂੰ ਰੇਡੀਓ ਤੋਂ ਈ ਆਉਂਦਾ ਸੀ ।ਇੱਥੇ ਉਨ੍ਹਾਂ ਦਾ ਰੂਹ ਬੜਾ ਈ ਰਾਜ਼ੀ ਰਹਿੰਦਾ ।ਫ਼ਿਲਮ ਥੀਏਟਰ ਦਾ ਤਾਂ ਉਹ ਨਿਰਾ ਗੇੜਾ ਈ ਮਾਰਦੇ ਤੇ ਆਪਣੇ ਸੋਮਿਆਂ ਤੋਂ ਢੇਰ ਕੁਝ ਮਿੰਟਾਂ ਸਕਿੰਟਾਂ ਵਿਚ ਈ ਇਕੱਠਾ ਕਰ ਲੈਂਦੇ ।ਰੇਡੀਓ ਆਉਂਦੇ ਤੇ ਇਥੋਂ ਉਨ੍ਹਾਂ ਦਾ ਕਿਧਰੇ ਜਾਣ ਨੂੰ ਦਿਲ ਈ ਨਾ ਕਰਦਾ ।ਉਹ ਘੰਟਿਆਂ ਬੱਧੀ ਗਾਣੇ, ਤਬਲੇ, ਸਾਰੰਗੀ, ਸਿਤਾਰ, ਬਾਂਸੁਰੀ, ਸਰੋਦ, ਢੋਲਕ, ਸ਼ਹਿਨਾਈ, ਕਲਾਨਟ ਦੇ ਉਸਤਾਦਾਂ ਕੋਲ ਬੈਠੇ ਰਹਿੰਦੇ ।ਸਾਰੇ ਗੁਣੀ ਲੋਕ ਈ ਰੇਡੀਓ ਦੀ ਕੰਟੀਨ ਵਿਚ ਇਕੱਠੇ ਹੁੰਦੇ ਸਨ।ਅਕਸਰ ਉਹ ਕਿਸੇ ਨਾ ਕਿਸੇ ਉਸਤਾਦ ਕੋਲੋਂ ਨਿੱਕੀ ਨਿੱਕੀ ਪੁਛ ਗਿਛ ਦੇ ਆਹਰੇ ਲੱਗ ਜਾਂਦੇ ।ਕਿਥੇ ਜਮੈ, ਘੱਰ ਵਿਚ ਕੌਣ ਕੌਣ ਗਾਂਦਾ ਵਜਾਂਦਾ ਸੀ । ਗਾਣਾ ਵਜਾਣਾ ਕਿਥੋਂ ਆਇਆ ।ਉਨ੍ਹਾਂ ਆਪੋਂ ਕੀਹਦੇ ਕੀਹਦੇ ਕੋਲੋਂ ਸਿੱਖਿਆ ।ਮਿਹਨਤ ਕਿਵੇਂ ਕੀਤੀ ।ਕਿਥੇ ਕਿਥੇ ਗਿਣਵਿਆ ਕਿਥੇ ਕਿਥੇ ਵਜਾਇਆ ।ਕਿਹੜੇ ਕਿਹੜੇ ਕਲਾਕਾਰਾਂ ਸੰਗਤ ਕੀਤੀ ।ਕਿਹਨਾਂ ਕਿਹਨਾਂ ਨਾਲ ਪਿੜ ਪਿਆ ।ਨਾਮ ਕਿਵੇਂ ਤੇ ਕਿਥੋਂ ਚੜ੍ਹਿਆ ।ਇਹ ਸਾਰੀ ਜਾਣਕਾਰੀ ਉਹ ਜੋੜਦੇ ਰਹਿੰਦੇ ।ਕਲਾਕਾਰ ਵੀ ਉਨ੍ਹਾਂ ਨੂੰ ਹਰ ਗੱਲ ਬੜੇ ਵੇਰਵੇ ਨਾਲ ਦੱਸਦੇ ।ਕਦੀਂ ਦੱਸਦਿਆਂ ਸੰਕੋਚ ਨਾ ਕਰਦੇ ।ਇਥੋਂ ਈ ਜ਼ਿਕਰੀਆ ਸਾਹਿਬ ਉਨ੍ਹਾਂ ਲੋਕਾਂ ਬਾਰੇ ਨਿਤ ਨਵੀਆਂ ਸ਼ਕਲਾਂ ਵਿਚ ਲਿਖਤਾਂ ਲਿਖਦੇ ਤੇ ਅਖ਼ਬਾਰ ਵਿਚ ਛਾਪ ਦਿੰਦੇ ।ਖ਼ਾਸਕਰ ਉਹ ਕਲਾਕਾਰਾਂ ਦੇ ਮਾਲੀ ਹਾਲਾਤ ਤੇ ਅਫ਼ਸਰਾਂ ਦੇ ਉਨ੍ਹਾਂ ਨਾਲ ਵਰਤਾਰੇ ਨੂੰ ਤਾਂ ਬੜਾ ਈ ਉਜਾਗਰ ਕਰਦੇ ।ਜ਼ਿਕਰੀਆ ਸਾਹਬ ਆਪਣੀ ਹਰ ਲਿਖਤ ਵਿਚ ਸਰਕਾਰ ਉੱਤੇ ਭਾਰ ਪਾਂਦੇ ਜੋ ਉਹ ਇਨ੍ਹਾਂ ਨਾਯਾਬ ਲੋਕਾਂ ਦਾ ਫ਼ਾਇਦਾ ਸੁੱਚੇ, ਇਨ੍ਹਾਂ ਦਾ ਪੈਸੇ ਧੇਲੇ ਕਦਰ ਆਦਰ ਵੱਲੋਂ ਖ਼ਿਆਲ ਰੱਖੇ ।ਇਹ ਮੁਲਕੀ ਰਹਿਤਲ ਦੇ ਸਫ਼ੀਰ ਨੇਂ ।ਇਨ੍ਹਾਂ ਦੇ ਦੂਜੇ ਮੁਲਕਾਂ ਵਿਚ ਦੌਰੇ ਕਰਾਏ ਜਾਣ ਜਿਥੇ ਇਹ ਦੁਨੀਆਂ ਨੂੰ ਆਪਣੀ ਕਲਾ ਵਿਖਾ ਕੇ ਮੁਲਕ ਦਾ ਨਾਂ ਉੱਚਾ ਕਰਨ।ਲੋਕਾਂ ਜ਼ਿਕਰੀਆ ਸਾਹਿਬ ਦੀਆਂ ਇਨ੍ਹਾਂ ਗੱਲਾਂ ਦੀ ਹਮਾਇਤ ਵਿਚ ਚਿੱਠੀਆਂ ਪਾਣੀਆਂ ।ਉਨ੍ਹਾਂ ਇਹ ਚਿੱਠੀਆਂ ਵੀ ਆਪਣੇ ਸਫ਼ੇ ਉੱਤੇ ਛਾਪ ਦੇਣੀਆਂ । ਕਲਾਕਾਰਾਂ ਪੜ੍ਹਨੀਆਂ ਤੇ ਬੜਾ ਰਾਜ਼ੀ ਹੋਣਾ ।ਉਹਨਾਂ ਨੂੰ ਲੱਗਣਾ ਜਿਵੇਂ ਜ਼ਿਕਰੀਆ ਸਾਹਿਬ ਦੀ ਵਜ੍ਹਾ ਤੋਂ ਲੋਕੀਂ ਉਨ੍ਹਾਂ ਦੇ ਨਾਲ ਨੇਂ ।

ਪਰ ਹੁਣ ਇਹ ਸਾਰਾ ਕੁਝ ਬੁਹਤ ਪਿਛੇ ਰਹਿ ਗਿਆ ਹੋਇਆ ਸੀ ।ਨੌਕਰੀ ਦੇ ਜ਼ਮਾਨੇ ਉਹ ਬੜੇ ਭੌਂਦੂ ਬੰਦੇ ਹੁੰਦੇ ਸਨ।ਛੁੱਟੀ ਵਾਲੇ ਦਿਨ ਈ ਮਸਾਂ ਉਨ੍ਹਾਂ ਤੋਂ ਘੱਰ ਟਿਕਣ ਹੁੰਦਾ ।ਰਿਟਾਇਰ ਹੋਏ ਤਾਂ ਘੱਰ ਨੇ ਸਮਝੋ ਉਹਨਾਂ ਨੂੰ ਜਕੜ ਈ ਲਿਆ ।ਘੱਟ ਵੱਧ ਈ ਕਿਧਰੇ ਘਰੋਂ ਨਿਕਲਦੇ । ਗੁਨੀਆਂ ਕਸਬਿਆਂ ਨਾਲ ਵੀ ਉਨ੍ਹਾਂ ਦਾ ਮੇਲ ਮਿਲਾਪ ਉੱਕਾ ਈ ਜਾਂਦਾ ਰਿਹਾ ।ਜੋ ਕੁਝ ਉਨ੍ਹਾਂ ਨੇ ਕਲਾਵੰਤਾਂ ਬਾਰੇ ਲਿਖਿਆ ਜੋੜਿਆ, ਉਹ ਵੀ ਅਖ਼ਬਾਰਾਂ ਵਿਚ ਈ ਰਹਿ ਗਿਆ ।ਰੀਟਾਇਰਮੈਂਟ ਦੇ ਪਹਿਲੇ ਪਹਿਲੇ ਦਿਨਾਂ ਵਿਚ ਇਹਦਾ ਆਏ ਗਿਆਂ ਤੋਂ ਨਾਂ ਜ਼ਿਕਰ ਸੁਣ ਲੈਂਦੇ ਸਨ।ਹੌਲੀ ਹੌਲੀ ਇਹ ਵੀ ਮੁੱਕ ਗਿਆ ।ਇਨ੍ਹਾਂ ਭੁੱਲਣ ਵਸਾਰਨ ਦੇ ਦਿਨਾਂ ਵਿਚ ਇਕ ਵਾਰੀ ਕੋਈ ਪਬਲਿਸ਼ਰ ਉਨ੍ਹਾਂ ਕੋਲ ਆਇਆ ਸੀ ।ਉਹਨੇ ਜ਼ਿਕਰੀਆ ਸਾਹਿਬ ਦਾ ਛਪਿਆ ਸਾਰਾ ਕੁਝ ਇਕੱਠਾ ਕੀਤਾ ਹੋਇਆ ਸੀ, ਥਬੀਆਂ ਦੇ ਥੱਬੇ।ਹੁਣ ਉਹ ਉਹਦੀ ਕਿਤਾਬ ਛਾਪਣੀ ਚਾਹੁੰਦਾ ਸੀ ।ਇਹਦੇ ਲਈ ਉਹਨੇ ਜ਼ਿਕਰੀਆ ਸਾਹਿਬ ਤੋਂ ਲਿਖਤੀ ਇਜਾਜ਼ਤ ਮੰਗੀ ।ਉਨ੍ਹਾਂ ਦੇ ਦਿਤੀ ।ਕੁਝ ਚਿਰ ਪਾ ਕੇ ਉਹ ਪਬਲਿਸ਼ਰ ਫਿਰ



ਆਇਆ ਤੇ ਉਨ੍ਹਾਂ ਨੂੰ ਛਪੀ ਕਿਤਾਬ ਦੀਆਂ ਕੋਈ ਪੰਦਰਾਂ ਵੀਹ ਕਾਪੀਆਂ ਦੇ ਗਿਆ, ਜਿਹੜੀਆਂ ਕਿਥੇ ਗਈਆਂ, ਕਿਹਨੂੰ ਕਿਹਨੂੰ ਉਨ੍ਹਾਂ ਆਪਣੇ ਹੱਥੀਂ ਦਿਤੀਆ ।ਕੁਝ ਚੇਤਾ ਨਹੀਂ ਸੀ ਉਨ੍ਹਾਂ ਨੂੰ ।ਨਾ ਈ ਉਹ ਚੇਤੇ ਕਰਨਾ ਚਾਹੁੰਦੇ ਸਨ।ਉਚੇਚੀ ਵਜ੍ਹਾ ਕੋਈ ਵੀ ਨਹੀਂ ਸੀ ।ਬਸ ਉਨ੍ਹਾਂ ਦਾ ਰੂੰ (ਰੌਂ) ਈ ਬਦਲ ਗਿਆ ਸੀ ਪੁਰਾਣੀਆਂ ਮਾਮਲਿਆਂ ਬਾਰੇ।ਬੱਸ ਏਨਾ ਈ ਹੁੰਦਾ ਕਦੀਂ ਇਕੱਲੇ ਬੈਠੇ ਆਪਣੇ ਆਪ ਈ ਖਿੜ ਖਿੜਾ ਕੇ ਹੱਸ ਪੈਂਦੇ ਤੇ ਫਿਰ ਅਡੋਲ "ਕਿਸੇ ਸੁਝਦੀ ਵਾਲੇ ਲੋਕ ਸਨ, ਹਰ ਵੇਲ਼ੇ ਚੇਤੇ ਵਿਚ ਰਹਿੰਦੇ ਨੇਂ" ਆਖ ਕੇ ਆਪਣੀ ਥਾਂ ਮੁਜ਼ਬਰ ਹੋ ਜਾਂਦੇ ।

ਉਸ ਦਿਹਾੜੇ ਜ਼ਿਕਰੀਆ ਸਾਹਿਬ ਨੇ ਆਪਣੀ ਖੁੱਡੀ ਵਿਚ ਕੁਰਸੀ ਤੇ ਬਹਿ ਕੇ ਬਕੀਆਂ ਵਾਲਾ ਸਫ਼ਾ ਖੋਲਿਆ ਤੇ ਅਖ਼ੀਰੀ ਕਾਲਮ ਦਾ ਅਖ਼ੀਰੀ ਵਾਕਿਆ ਪੜ੍ਹਨ ਲੱਗੇ, ਪਰ ਉਨ੍ਹਾਂ ਦਾ ਧਿਆਨ ਤਿਲਕ ਕੇ ਅਸਲੋਂ ਨਾਲ ਦੇ ਬਕੀਏ ਵਿਚ ਜਾ ਵੜਿਆ, ਜਿਹਦਾ ਸਿਰਨਾਵਾਂ ਸੀ "ਸ਼ਹੀਦ।" ਇੱਥੇ ਅੰਤਲੀਆਂ ਦੋ ਸਤਰਾਂ ਵਿਚ ਇਕ ਨਾਂ ਛਪਿਆ ਹੋਇਆ ਸੀ ਜਿਹਦੇ ਨਾਲ ਉਨ੍ਹਾਂ ਦੀਆਂ ਅੱਖਾਂ ਐਸੀਆਂ ਅੜੀਆਂ ਕਿ ਉਨ੍ਹਾਂ ਤੋਂ ਆਪਣੇ ਰੋਜ਼ ਦੇ ਟੀਚੇ ਉੱਤੇ ਪੱਕਿਆਂ ਨਾ ਰਿਹਾ ਗਿਆ ।ਉਹ ਤਾੜੀ ਲਾ ਕੇ ਉਸੇ ਨਾਂ ਨੂੰ ਤੱਕਣ ਲੱਗ ਪਏ ।ਨਾਂ ਸੀ "ਤਬਲਾ ਨਵਾਜ਼ ਨਿਆਮਤ ਹੁਸੈਨ ।"

ਜ਼ਿਕਰੀਆ ਸਾਹਿਬ ਨੇ ਪਿਛੇ ਕੁਰਸੀ ਦੀ ਢਉ ਉੱਤੇ ਸਿਰ ਰੱਖ ਕੇ ਅੱਖਾਂ ਮੀਟ ਲਈਆਂ । ਉਨ੍ਹਾਂ ਦੇ ਜ਼ਿਹਨ ਦੇ ਪਰਦੇ ਉੱਤੇ ਹੌਲੀ ਹੌਲੀ ਇਕ ਤਸਵੀਰ ਉਭਰਨ ਲੱਗ ਪਈ ।ਦੁਬਲਾ ਪਤਲਾ ਬੰਦਾ, ਸ਼ਲਵਾਰ ਕਮੀਜ਼ ਮੋਤੀਏ ਰੰਗ ਦੀ, ਉੱਤੇ ਹਲਕੀ ਨੀਲੀ ਵਾਸਕਟ, ਹੱਥ ਵਿਚ ਛੋਟਾ ਜਿਹਾ ਚਰਮੀ ਹੈਂਡ ਬੈਗ ਜਿਹਦੇ ਵਿਚੋਂ ਉਹ ਸਿਗ੍ਰਟਾਂ ਦੀ ਡੱਬੀ ਤੇ ਮਾਚਿਸ ਕੱਢਦਾ ।ਸਿਗ੍ਰਟ ਲਾਂਦਾ ਤੇ ਫਿਰ ਡੱਬੀ ਤੇ ਮਾਚਿਸ ਹੈਂਡ ਬੈਗ ਵਿਚ ਧਰ ਕੇ ਉਹਦੀ ਜ਼ੰਜੀਰੀ ਮਿਲ ਦਿੰਦਾ ।ਨਿੱਕੀਆਂ ਨਿੱਕੀਆਂ ਮੀਚਵੀਆਂ ਅੱਖਾਂ, ਥੋੜ੍ਹਾ ਜਿਹਾ ਚੌੜਾ ਨੱਕ, ਪਤਲੇ ਬੁੱਲ, ਨਾ ਦਾੜ੍ਹੀ ਨਾ ਮੁੱਛ ਘਰੜ ਕੇ ਮੁਨੀਆਂ ਹੋਇਆ ਬਿਨਾ ਵਾਧੂ ਮਾਸ ਦੇ ਚੁਪਿਥਲਾ ਮੋਨਹਾ, ਖੱਬੇ ਪਾਸੇ ਸਵਾਨਧਾ ਕੱਢ ਕੇ ਪਿਛਾਂਹਾ ਨੂੰ ਵਾਹੇ ਹੋਏ ਵਾਲ।ਅਸਲੋਂ ਸਾਦ ਮੁਰਾਦਾ ਪਿੰਡ ਵਾਸ ਮੁਹਾਂਦਰਾ ।ਗੱਲ ਕਰਦਾ ਇਕਦਮ ਚੁਪ ਕਰ ਜਾਂਦਾ ਤੇ ਅਗਲੇ ਦਾ ਮੋਂਹਾ ਵੇਖਦਾ ਉਤਾਂਹਾ ਹੇਠਾਂ ਸਿਰ ਹਿਲਾਈ ਜਾਂਦਾ ਨਾਲ ਥੋੜੇ ਜਿਹੇ ਬੁੱਲ ਵੀ ਖੋਲ ਲੈਂਦਾ।

ਜ਼ਿਕਰੀਆ ਸਾਹਿਬ ਉਸ ਤਸਵੀਰ ਨੂੰ ਵੇਖਦੇ ਰਹੇ, ਫਿਰ ਜਿਵੇਂ ਉਹ ਤਸਵੀਰ ਬੋਲਣ ਲੱਗ ਪਈ ਤੇ ਉਹ ਉਹਦੀ ਵਾਜ ਸੁਣਨ ਲੱਗ ਪਏ ।ਸੱਜੇ ਹੱਥ ਨਾਲ ਬਾਈਂ ਵਿਚੋਂ ਨਿਕਲਦੀ ਘਮਕ ਵਰਗੀ ਵਾਜ ਉਨ੍ਹਾਂ ਦੇ ਕਣਾਂ ਵਿਚ ਜਾਗ ਪਈ ।

"ਸਨ ਸੰਤਾਲੀ ਦਾ ਕੀ ਪੁੱਛਦੇ ਓ, ਪਹਿਲਾਂ ਤਾਂ ਬੱਚਤ ਈ ਰਹੀ ।ਰੋਜ਼ ਬੜਾ ਕੁਝ ਸੁਣਦੇ ਪਏ ਸਾਂ ।ਲੁਟ ਮਾਰ ਸ਼ੁਰੂ ਹੋ ਗਈ ਏ ।ਜਿਹਨੇ ਗੱਲ ਸੁਨਾਣੀ ਉਹਨੇ ਈ ਆਖਣਾ, ਕੋਈ ਨਹੀਂ ਕੁਝ ਦਿਨ ਦਾ ਮਾਮਲਾ ਏ ਆਪੇ ਠੰਡ ਠੰਡਾ ਹੋ ਜਾਏ ਗਾ ।ਘਬਰਾਣ ਦੀ ਲੋੜ ਨਹੀਂ ।ਹੌਸਲੇ ਨਾਲ ਰਹੋ ਸਾਡੇ ਪਿੰਡ ਤੇ ਉਹਦੇ ਆਸੇ ਪਾਸੇ ਅਮਨ ਅਮਾਨ ਈ ਸੀ ।ਪਰ ਵਿਚੋਂ ਵਿਚੋਂ ਸਾਨੂੰ ਡਰ ਆਉਣ ਲੱਗ ਪਿਆ ਹੋਇਆ ਸੀ, ਉੱਤੋਂ ਅਸੀਂ ਪੱਕੇ ਸਾਂ ।

ਉਹ ਨਾ ਮਾਮੇ ਮੇਰੇ ਦਾ ਮੁੰਡਾ ਆਇਆ ਹੋਇਆ ਸੀ ਘੱਰ ਸਾਡੇ।ਇਕ ਦਿਨ ਸਵੇਰੇ ਸਵੇਰੇ ਈ ਮੈਨੂੰ ਕਹਿਣ ਲੱਗਾ, 'ਯਾਰ ਮੇਰੀ ਦਾੜ੍ਹੀ ਵਧੀ ਹੋਈ ਏ ।ਬੜੀ ਘਾਉਲ ਆਉਂਦੀ ਏ ।ਤੂੰ ਮੇਰੇ ਨਾਲ ਬਡੋਂ ਚੱਲ ਉਥੋਂ ਮੈਂ ਦਾੜ੍ਹੀ ਮੁਨਾ ਲਵਾਂ ਗਾ ।ਤੈਨੂੰ ਖਵਾਵਾਂ ਪਿਆਵਾਂ ਗਾ ਵੀ ਤੇ ਫਿਰ ਦੋਵੇਂ ਵਾਪਸ ਆ ਜਾਵਾਂਗੇ ।' ਬਡੋਂ ਸਾਡੇ ਪਿੰਡ ਤੋਂ ਚੋਖਾ ਵੱਡਾ ਸੀ ।ਕਸਬਾ ਈ ਸਮਝ ਲਵੋ।ਗੱਡੀ ਦਾ ਟੇਸ਼ਣ ਈ ਨਹੀਂ ਸੀ ਉਥੇ ਬਾਕੀ ਸ਼ਹਿਰਾਂ ਵਾਲੀ ਸਾਰੀ ਗੱਲ ਬਾਤ ਸੀ ।ਦਸ ਕੂ ਮਿਲ ਬੰਦੇ ਸਨ।ਮੈਂ ਉਹਨੂੰ ਕਹਿਆ, 'ਛੱਡ ਯਾਰ।ਤੂੰ ਆਪਣੇ ਪਿੰਡ ਦੇ ਰਾਜੇ ਤੋਂ ਈ ਦਾੜ੍ਹੀ ਮੁਨਾ ਲੈ।' ਉਹ ਕਹਿਣ ਲੱਗਾ, "ਲੈ ਪਿੰਡ ਦੇ ਰਾਜੇ ਤੋਂ ਮੋਂਹਾ ਛੱਲਾ ਲਵਾਂ ।ਖੁੰਢਾ ਉਸਤਰਾ ਹੁੰਦਾ ਏ ਉਹਦਾ ਨਾਲੇ ਉਹਨੇ ਪਾਣੀ ਨਾਲ

ਕਰਨੀ ਹੁੰਦੀ ਸ਼ੇਵ ।ਉਥੋਂ ਬਡੋਂ ਈ ਕਰਾਵਾਂ ਗਾ ਸਾਬਨ ਤੇ ਤੇਜ਼ ਉਸਤਰੇ ਨਾਲ।ਤੇਰੀ ਵੀ ਕਰਵਾ ਦਿਆਂ ਗਾ ।ਵੇਖੇਂ ਫਿਰ ਸਵਾਦ ।"

ਉਹ ਜੀ ਅਸਲ ਵਿਚ ਕਮਪੋਡਰ ਲੱਗ ਗਿਆ ਹੋਇਆ ਸੀ ਉਨ੍ਹਾਂ ਦੇ ਆਪਣੇ ਪਿੰਡ ਤੋਂ ਪਾਰਲੇ ਪਿੰਡ ਵਿਚ ।ਇਸ ਕਰ ਕੇ ਉਹਨੂੰ ਪਿੰਡ ਦੇ ਰਾਜੇ ਤੋਂ ਦਾੜ੍ਹੀ ਮੁਨਾਉਣੀ ਚੰਗੀ ਨਹੀਂ ਸੀ ਲਗਦੀ ।ਮੈਂ ਉਹਨੂੰ ਬਥੇਰਾ ਕਹਿਆ, 'ਯਾਰ ਮੇਰੀ ਦਿਹਾੜੀ ਮਾਰੀ ਜਾਨੀ ਏ ਇਸ ਦਾੜ੍ਹੀ ਪਿਛੇ।ਤੂੰ ਰਹਿਣ ਦੇ ।' ਉਦੋਂ ਜੀ ਮੇਰੀ ਮਿਹਨਤ ਹੁੰਦੀ ਸੀ ਮਿੱਟੀ ਦੀ ਕੁਨਾਲੀ ਉੱਤੇ।ਤਾਇਆ ਜੀ ਤੇ ਹੋਰ ਉਸਤਾਦਾਂ ਤੋਂ ਮੈਂ ਬਥੇਰਾ ਕੁਝ ਪੁਛ ਆਇਆ ਸਾਂ ਖ਼ਿਦਮਤਾਂ ਖ਼ੁਦਮਤਾਂ ਕਰ ਕੇ ।ਤਬਲੇ ਲੈਣ ਜੋਗੇ ਪੈਸੇ ਨਹੀਂ ਸਨ।ਇਸ ਕਰ ਕੇ ਮੈਂ ਸਿੱਖੇ ਪੁੱਛੇ ਸਬਕ ਸਾਰੇ ਕੁਨਾਲੀ ਉੱਤੇ ਈ ਪਕਾਉਂਦਾ ਰਹਿੰਦਾ ਸੀ ।ਜਦੋਂ ਕਿਧਰੇ ਗਿਆਂ ਆਇਆਂ ਤਬਲਾ ਲੱਭ ਜਾਣਾ ਤੇ ਫਿਰ ਉਹ ਵਜਾ ਲੈਣਾ ।ਉਹ ਤਾਂ ਮੇਰੇ ਖਿਹੜੇ ਈ ਪੈ ਗਿਆ ।ਖ਼ੈਰ ਜੀ ਅਸੀਂ ਦੋਵੇਂ ਟੁਰ ਪਏ ।ਮੇਰੇ ਮਾਮੇ ਦਾ ਪੁੱਤ ਤੇ ਮੈਂ ।ਬਡੋਂ ਅੱਪੜ ਗਏ ।ਰਾਜੇ ਦੀ ਦੁਕਾਨ ਵਿਚ ।ਉਹ ਸ਼ੇਵ ਕਰਾਂ ਬਹਿ ਗਿਆ ।ਮੈਂ ਇਕ ਟੋਲ ਜਿਹਾ ਪਿਆ ਸੀ ਉਥੇ ਉਹਦੇ ਉੱਤੇ ਬਹਿ ਕੇ ਬਾਹਰ ਸੜਕ ਵੱਲ ਝਾਕਣ ਲੱਗ ਪਿਆ ।ਰਾਜੇ ਉਹਦਾ ਮੋਹਾ ਸਾਬਣ ਦੀ ਝੱਗ ਨਾਲ ਭਰ ਦਿਤਾ ਇਕ ਤਿਰਖੀ ਜਿਹੀ ਮੁਸ਼ਕ ਮੈਨੂੰ ਆਈ ਜਾਵੇ ਤੇ ਮੈਂ ਬਾਹਰ ਵੇਖੀ ਜਾਵਾਂ ।ਬਸ ਜੀ ਮੇਰੇ ਵੇਖਦਿਆਂ ਵੇਖਦਿਆਂ ਸਾਹਮਣੀ ਸਬਜ਼ੀ ਦੀ ਹੱਟੀ ਉੱਤੇ ਕੁਝ ਬੰਦੇ ਆਏ ਤੇ ਉਨ੍ਹਾਂ ਦੁਕਾਨਦਾਰ ਨੂੰ ਗਲਮੀਉਂ ਫੜ ਕੇ ਬਾਹਰ ਖਿੱਚ ਲਿਆ ।ਉਹਨਾਂ ਬੰਦਿਆਂ ਵਿਚੋਂ ਈ ਇਕ ਜੁ ਪਿਆ ਤੇ ਉਹਨੇ ਉਸ ਸਬਜ਼ੀ ਵਾਲੇ ਦੇ ਢਿੱਡ ਵਿਚ ਛੁਰਾ ਮਾਰ ਦਿਤਾ ।ਉਹ ਉਥੇ ਈ ਡਿਗ ਕੇ ਤੜਫਣ ਲੱਗ ਪਿਆ ।ਦੂਜਿਆਂ ਕਿਰਪਾਨਾਂ ਕੱਢ ਲਈਆਂ ।ਮੇਰੇ ਮੂੰਹੋਂ ਏਨਾ ਈ ਨਿਕਲਿਆ, ਉਹ ਮਾਰ ਦਿਤਾ ਏ ਬੰਦਿਆਂ ਸਬਜ਼ੀ ਵਾਲਾ ।ਰਾਜੇ ਹੋਰਾਂ ਸੁਣਿਆ ਤੇ ਉਸਤਰਾ ਸੁੱਟ ਕੇ ਬਾਹਰ ਭੱਜ ਪਏ ।ਜਾਂਦਿਆਂ ਕਹਿ ਗਏ, 'ਨੱਸ ਭੱਜ ਜਾਉ, ਕੰਮ ਸ਼ੁਰੂ ਹੋ ਗਿਆ ਏ ।' ਲਉ ਜੀ ਅਸੀਂ ਵੀ ਉਥੋਂ ਨੱਸ ਭੱਜੇ ।ਪਿਛਾਂਹਾ ਆਪਣੇ ਪਿੰਡ ਵੱਲ ਤਾਂ ਸਾਡਾ ਪਰਤਣ ਈ ਨਾ ਹੋਇਆ ।ਖ਼ਬਰੇ ਜਾਨਾਂ ਤਲੀ ਤੇ ਧਰ ਕੇ ਅਸੀਂ ਕਿਹੜੀ ਲਾਹਮ ਨੂੰ ਭੱਜ ਪਏ ਸਾਂ, ਕੁਝ ਪਤਾ ਨਹੀਂ ਸੀ ।ਏਨਾ ਈ ਪਤਾ ਏ ਜਿਧਰ ਜਾਂਦੇ ਸਾਂ ਲਾਸ਼ਾਂ ਈ ਦਿਸਦੀਆਂ ਸਨ ਤੇ ਅੱਗਾਂ ਲੱਗੀਆਂ ਹੁਅਈਆ ।ਧੂੰ ਦੇ ਬੱਦਲ ਉਠ ਉਠ ਕੇ ਉਤਾਂਹਾ ਅਸਮਾਨ ਨੂੰ ਕਾਲਾ ਕਰੀ ਆਉਂਦੇ ਸਨ।ਵਾਜਾਂ ਜੇ ਕੋਈ ਕਨਿਏਂ ਪੈਂਦੀਆਂ ਸਨ ਤਾਂ ਚੀਕ ਚਹਾੜੀਆਂ ਤੇ ਜੈਕਾਰਿਆਂ ਦੀਆਂ ਈ ਹੁੰਦੀਆਂ ਸਨ।ਖ਼ਬਰੇ ਕਿੰਨੇ ਮੀਲ ਕਿਧਰ ਨੂੰ ਨਿਕਲ ਗਏ ਸਾਂ ਅਸੀਂ ਦੋਵੇਂ ।ਇਕ ਥਾਂ ਪੂਰੀ ਗੱਡੀ ਵੀ ਵੇਖੀ ਅਸੀਂ ਵੱਢੀ ਲੁੱਟੀ ਹੋਈ ।ਇੱਲਾਂ ਗਿਰਝਾਂ ਤੇ ਕੁੱਤੇ ਹਰ ਪਾਸੇ ਮੁਰਦੇ ਖਾਂਦੇ ਪਏ ਸਨ।ਬਸ ਜੀ ਕੀ ਦੱਸਾਂ ।ਘੜੀ ਖਲੋਂਦੇ ਸਾਂ ਤੇ ਫਿਰ ਕੋਈ ਲੁਕਣ ਵਾਲੀ ਹੋਰ ਥਾਂ ਵੇਖ ਕੇ ਉਹਦੇ ਵੱਲ ਭੱਜ ਪੈਂਦੇ ਸਾਂ ਜ਼ਰੀ ਕਿਸੇ ਪਾਸਿਓਂ ਖੜਕ ਹੁੰਦਾ ਸਾਡੇ ਵਸਾਹ ਸੁੱਤੇ ਜਾਂਦੇ ।ਸਾਡਾ ਲਹੂ ਸੁੱਕ ਗਿਆ ਹੋਇਆ ਸੀ। ਅਸੀਂ ਬੰਦੇ ਤਾਂ ਰਹਿ ਈ ਨਹੀਂ ਸਾਂ ਗਏ ।ਅਸੀਂ ਤਾਂ ਇਕ ਟੁਰਦਿਆਂ ਫਿਰਦੀਆਂ ਲਾਸ਼ਾਂ ਸਾਂ, ਜਿਹਨਾਂ ਉੱਤੇ ਡਰ ਨੇ ਕਬਜ਼ਾ ਕਰ ਲਿਆ ਹੋਇਆ ਸੀ ।ਨਾ ਸਾਨੂੰ ਭੁਖ ਦਾ ਪਤਾ ਰਹਿ ਗਿਆ ਸੀ ਨਾ ਤ੍ਰੇਹ ਦਾ ।ਡਰ ਈ ਸੀ ਜਿਹੜਾ ਸਾਨੂੰ ਨਸਾਈ ਭਜਾਈ ਜਾਂਦਾ ਸੀ ।ਕਿਥੇ ਲੁਕਣਾ ਏ ਕਿਥੇ ਜ਼ਾਹਰ ਹੋਣਾ ਏ, ਇਹਦਾ ਫ਼ੈਸਲਾ ਵੀ ਸਾਡਾ ਡਰ ਈ ਕਰਦਾ ਸੀ ।

ਇਕ ਪੀਲੀ ਵਿਚ ਲੁਕਦੀਆਂ ਸਾਨੂੰ ਵੇਖ ਲਿਆ ਉਹਨਾਂ ।ਘੇਰਾ ਪਾ ਲਿਵ ਨੇਂ ।ਉਥੇ ਅਸਾਂ ਸੋਚਿਆ ਡਰ ਦੇ ਅਜ਼ਾਬ ਵਿਚੋਂ ਨਿਕਲਣ ਦਾ ਇੱਕੋ ਰਾਹ ਏ ਸਾਡੇ ਕੋਲ ।ਤੇ ਉਹ ਹੈ ਅਸੀਂ ਘੇਰਨ ਵਾਲਿਆਂ ਹੱਥੋਂ ਮਰ ਜਾਈਏ ।ਅਸੀਂ ਉਥੋਂ ਨੱਸਣ ਦੀ ਬਜਾਏ ਉਨ੍ਹਾਂ ਬੰਦਿਆਂ ਦੇ ਹੱਥੇ ਚੜ੍ਹ ਜਾਣ ਦੀ ਨੀਅਤ ਕੀਤੀ ਤੇ ਆਪਣੀ ਥਾਉਂ ਉਠ ਕੇ ਖਲੋ ਗਏ ਕਿ ਆਉ ਤੇ ਵੱਢ ਛੱਡੋ ਸਾਨੂੰ।ਵਿਚੋਂ ਇਹ ਪੁਆੜਾ ਈ ਮੁੱਕੇ ।



ਲਉ ਜੀ ਉਨ੍ਹਾਂ ਸਾਨੂੰ ਆਨ ਫੜਿਆ ।ਕੁਝ ਤਾਂ ਉਥੇ ਈ ਥਾਂ ਮਾਰਨ ਲੱਗੇ ।ਹੋਣੇ ਨੇਂ ਕੋਈ ਦਸ ਬਾਰਾਂ ਬੰਦੇ ।ਹੱਥਾਂ ਵਿਚ ਕਿਰਪਾਨਾਂ, ਖੰਡੇ, ਬਰਛੀਆਂ, ਬਰਛੇ ਤੇ ਕੁਲਹਾੜੀਆ ।ਸਾਡੀ ਇੱਕੋ ਵਾਰੀ ਬੂਟੀ ਬੂਟੀ ਕਰ ਸਕਦੇ ਸਨ।ਇਧਰੋਂ ਅਸੀਂ ਵੀ ਤਿਆਰ ਸਾਂ ਇਹ ਸੱਭ ਕੁਝ ਕਰਵਾਣ ਲਈ । ਮੈਂ ਦੱਸਿਆ ਏ ਨਾ ਅਸੀਂ ਤਾਂ ਆਪਣੀ ਡਰ ਤੋਂ ਖ਼ਲਾਸੀ ਚਾਹੁੰਦੇ ਸਾਂ ।ਉਹਨਾਂ ਦੇ ਦਿਲ ਵਿਚ ਰੱਬ ਜਾਣੇ ਕੀ ਆਈ ।ਇਕ ਜਣਾ ਬੋਲਿਆ, ਉਏ ਮੁਸਲੀਵ ਹੁੰਦੇ ਕੌਣ ਓ ?

ਮੈਂ ਕਹਿਆ, 'ਮਿਰਾਸੀ ਹੁੰਦੇ ਆ ।'

ਉਹ ਬੋਲਿਆ, 'ਤੂੰ ਤਾਂ ਮਿਰਾਸੀ ਈ ਲਗਦਾ ਏਂ, ਤੇਰੇ ਨਾਲਦਾ ਨਹੀਂ ਲਗਦਾ ।'

ਮੈਂ ਫਿਰ ਕਹਿਆ, 'ਇਹ ਕਮਪੋਡਰ ਏ ।'

ਵਿਚੋਂ ਦਿਲ ਇਹੋ ਈ ਬਈ ਜੋ ਪੁੱਛਣਾ ਨੇਂ ਛੇਤੀ ਪੁੱਛਣ ਤੇ ਕਰਨ ਆਪਣਾ ਅਗਲਾ ਕੰਮ।ਜੋ ਕੁਝ ਅਸੀਂ ਰਾਹਵਾਂ ਥਾਵਾਂ ਤੇ ਵੇਖ ਬੈਠੇ ਸਾਂ ਉਹਦੇ ਤੋਂ ਪੱਕ ਸੀ ਇਨ੍ਹਾਂ ਛੱਡਣਾ ਕੋਈ ਨਹੀਂ ਸਾਨੂੰ ।ਵੱਢ ਕੇ ਈ ਵਸਾਹ ਲੈਣਾ ਏ ਇਨ੍ਹਾਂ ।ਫਿਰ ਦੇਰ ਕਾਹਦੀ ।

ਇਕ ਹੋਰ ਜਿੰਨਾ ਬੋਲਿਆ ਉਸ ਜਿੱਥੇ ਵਿਚੋਂ, 'ਮਿਰਾਸੀ ਏਂ ਤਾਂ ਦੱਸ ਹਾਂ ਸਾਨੂੰ ਕੋਈ ਆਪਣਾ ਕੰਮ ।'

ਮੈਂ ਜਵਾਬ ਦਿਤਾ, 'ਸਾਡੇ ਕੰਮ ਨੂੰ ਤੂੰ ਛੱਡ ਆਪਣੇ ਫ਼ਿਰਕੇ ਦੀ ਕੋਈ ਬਾਤ ਪੁਛ।ਉਸ ਤੋਂ ਅਗਲੀ ਨਾ ਸੁਣਾਵਾਂ ਤਾਂ ਫਿਰ ਆਖੀਂ ।'

ਉਹਨੇ ਪੜ੍ਹੀ ਜੀ ਗੁਰਬਾਣੀ ਵਿਚੋਂ ਇਕ ਤੁਕਸ਼ ਮੈਂ ਮਰਨ ਦੇ ਸ਼ੌਕ ਵਿਚ ਉਹਨੂੰ ਉਸ ਤੋਂ ਅਗਲੀਆਂ ਪੰਜ ਤੁਕਾਂ ਬੋਲ ਕੇ ਸੁਣਾ ਦਿਤੀਆ ।

ਉਹ ਸਾਰੇ ਚੁਪ ਕਰ ਗਏ ।ਅਗਲੀ ਗੱਲ ਈ ਨਾ ਸੁੱਝੇ ਉਹਨਾਂ ਨੂੰ।ਫਿਰ ਉਹ ਜਿਹੜਾ ਸੀ ਨਾ ਜਿਹਨੇ ਪੁੱਛਿਆ ਸੀ, ਕੌਣ ਹੁੰਦੇ ਓ, ਉਹ ਸਾਡੇ ਨਾਲ ਨਹੀਂ ਨਾਲਦਿਆਂ ਨਾਲ ਬੋਲਿਆ, 'ਨਹੀਂ ਮਾਰਨਾ ਬਈ ਮਰਦਾਨੇ ਕੀਆਂ ਨੂੰ ।'

ਲਉ ਅਸੀਂ ਮਰਨ ਨੂੰ ਉਤਾਵਲੇ, ਉਹ ਸਾਨੂੰ ਮਾਰਨ ਦਾ ਇਰਾਦਾ ਈ ਛੱਡ ਗਏ ।ਟੁਰ ਪਏ ਲੈ ਕੇ ਸਾਨੂੰ ਉਥੋਂ ਪਿੰਡ ਆਪਣੇ ਨੂੰ ।ਰੋਟੀ ਟੁੱਕ ਦਿਤੋ ਨੇਂ ।ਪਾਣੀ ਧਾਣੀ ਪੀਆਈਓ ਨੇਂ ।ਨਹਵਾ ਧੁਵਾ ਕੇ ਕੱਪੜੇ ਪਵਾਈਵ ਨੇਂ ।ਰਾਤ ਸਵਾਈਉ ਨੇਂ ਆਪਣੇ ਕੋਲ ਤੇ ਅਗਲੇ ਦਿਨ ਉਹੀਆ ਬੰਦੇ ਸਾਨੂੰ ਘੋੜਿਆਂ ਤੇ ਬਹਾਲ ਕੇ ਕੈਂਪ ਵਿਚ ਛੱਡ ਆਏ ।ਉਥੋਂ ਜੀ ਫਿਰ ਅਸੀਂ ਹੋਰਨਾਂ ਲੋਕਾਂ ਨਾਲ ਆਪਣੇ ਇਸ ਮੁਲਕ ਵਿਚ ਆਏ ।ਆਪਣੇ ਹਮ ਮਜ਼ਹਬਾਂ ਵਿਚ ।ਇੱਥੇ ਕਿਵੇਂ ਕਿਵੇਂ ਅਸੀਂ ਗ਼ਰੀਬੀ ਕੱਟੀ ।ਉਹ ਫਿਰ ਅਗਲੀ ਗੱਲ ਏ, ਸੁਣਾਵਾਂਗੇ ਕਦੀ ਤੁਹਾਨੂੰ ਉਹ ਵੀ ।" ਨਿਆਮਤ ਹੁਸੈਨ ਚੁਪ ਕਰ ਕੇ ਸਿਗ੍ਰਟ ਪੀਣ ਲੱਗ ਪਿਆ ।

ਜ਼ਿਕਰੀਆ ਸਾਹਿਬ ਨੇ ਅੱਖਾਂ ਖੋਲ ਲਈਆਂ ਕੁਰਸੀ ਦੀ ਢਉ ਤੋਂ ਸਿਰ ਚੁੱਕਿਆ ।ਬਕੀਏ ਦੇ ਹਿਸਾਬ ਨਾਲ ਅਖ਼ਬਾਰ ਦੇ ਪਹਿਲੇ ਵਰਕੇ ਉੱਤੇ ਆ ਗਏ ।ਅੱਜ ਉਨ੍ਹਾਂ ਦੇ ਅਖ਼ਬਾਰ ਪੜ੍ਹਨ ਦਾ ਸਾਰਾ ਢੰਗ ਵਿਚੇ ਈ ਰਹਿ ਗਿਆ ਸੀ ।ਉਨ੍ਹਾਂ ਨੂੰ ਉਹਦੀ ਹੋਸ਼ ਵੀ ਨਹੀਂ ਸੀ ਰਹੀ ।

ਪਹਿਲੇ ਵਰਕੇ ਦੀ ਵੱਡੀ ਸੁਰਖ਼ੀ ਤੋਂ ਉੱਤੇ ਇਕ ਥੋੜੀ ਛੋਟੀ ਸੁਰਖ਼ੀ ਲੱਗੀ ਹੋਈ ਸੀ:

'ਮਸੀਤ ਉੱਤੇ ਫ਼ਿਰਕੂ ਹਮਲਾ : ਫ਼ਜਰ ਪੜ੍ਹਦੇ 6 ਨਮਾਜ਼ੀ ਸ਼ਹੀਦ

ਜ਼ਿਕਰੀਆ ਸਾਹਿਬ ਨੇ ਅਖ਼ਬਾਰ ਦੀ ਪੇਸ਼ਾਨੀ ਥੱਲੇ ਛਪੀਆਂ ਤਾਰੀਖ਼ਾਂ ਉੱਤੇ ਨਿਗਾਹ ਮਾਰੀ, ਪਰ ਉਹ ਸੋਮਵਾਰ 9 ਜ਼ੀ ਅਲਹਜ 1413 ਹਿਜਰੀ ਤੋਂ ਅੱਗੇ ਕੁਝ ਨਾ ਪੜ੍ਹ ਸਕੇ ।

# ਮਾਈ ਖਟਾਨੀ/ਨਾਦਰ ਅਲੀ

ਮਿਹਰ ਮਹਨਦਾ ਪਿੰਡ ਦਾ ਚੌਧਰੀ ਆਹੀਆ । ਅੱਲਾਹ ਨੇ ਬੜੇ ਭਾਗ ਲਾਏ । ਇਕ ਪੁਤੱਰ, ਇਕ ਧੀ ਵੱਡੀ ਚੌਧਰਾਣੀ ਦੀ । ਹਵੇਲੀ ਸੋਹਣੀ ਉੱਤੋਂ ਸੁਟ ਮੁਰੱਬਿਆਂ ਦੀ ਲੁਕੇ, ਇਕ ਮੰਨਦੇ ਨੂੰ ਦੋ ਇਕ ਲੰਬੜਦਾਰੀ ਦਾ । ਪਰ ਜੂੰ ਲਿਖਿਆ ਥਾਹਰਨ ਸਾਹਿਬ ਨੇ:

"ਪੰਜਾਬ ਦਾ ਜ਼ਿਮੀਂਦਾਰ ਏਨਾ ਸੌਖਾ ਹੋਇਆ ਪਈ ਇਕ ਦੀ ਥਾਂ ਦੋ ਵਿਆਹ ਕਰਨ ਜੋਗਾ ਹੋ ਗਿਆ !"

ਮਹਨਦੇ ਤੇ ਮਿਹਰ ਥਾਹਰਨ ਤੇ ਪੜ੍ਹਿਆ ਕੋਈ ਨਹੀਂ ਸੀ । ਲੁੰਡ ਪੁਰ ਦੇ ਚੌਧਰੀ ਦਿਤੇ ਖਟਾਨੇ ਦੀ ਧੀ ਨਾਲ ਯਾਰਾਨਾ ਲੱਗਾ । ਸ਼ਹਿਰੋਂ ਆਉਂਦਿਆਂ ਦਿਤੇ ਦੇ ਖੋਹ ਲਾਗੇ ਸ਼ਹਿਰ ਦਾ ਰਾਹ ਸੀ ਘੋੜੀਉਂ ਲੱਥਾ, ਪਾਣੀ ਪੀਤਾ, ਘੋੜੀ ਨੂੰ ਪਾਣੀ ਡਾਹਿਆ । ਵੇਖਿਆ ਕੀ ਇਕ ਜਵਾਨ ਬੀਬੀ ਇਕ ਬਾਂਹ ਨਾਲ ਖੋਹ ਨੂੰ ਗੇੜਾ ਲਾਵੰਦੀ ਏ ਪਈ ।

"ਅਸ਼ਕੇ !"

ਉੱਸ ਸੋਚਿਆ । ਨਜ਼ਰ ਮਾਰੀ ਤੇ ਅੱਖ ਲੜੀ ।

"ਬੀਬੀ ਢੱਗੇ ਨਹੀਂ ਜੋਂਦੇ ਲਿੰਡ ਪੁਰ ਆਲੇ ?"

"ਢੱਗਿਆਂ ਨੂੰ ਪਾਣੀ ਭੀ ਤੇ ਡਾਹਨਾ ਹੁੰਦਾ ਏ ।"

ਚੌਧਰੀ ਹੱਸਿਆ ਉਹ ਵੀ ਹੱਸੀ ।

ਮਹਨਦਾ ਮੀਰ ਆਹਨਾਂ ਏ "ਜੋਗ ਵਿਚ ਮੈਨੂੰ ਭੀ ਜੂਲੇ ।

"ਤੁਹਾਡੇ ਅਲ ਗਾਂ ਢੱਗੇ ਦੀ ਜੋਗ ਵਗਦੀ ਏ ? ਦੋ ਵੱਛੇ ਭੀ ਗਾਈਂ ਮਗਰ ਹਨ ਤੁਹਾਡੇ ਕੰਮ ਦੀ ਨਾ ਹੋਸੀ ।" ਉਹ ਚੌਧਰੀ ਦਾ ਟੱਬਰ ਧੀ ਪੱਤਰ ਵੀ ਗਿਣ ਗਈ ।

"ਬੜੀ ਸੁ ਰੱਖਣੀ ਏਂ ?

"ਮਲੂਕ ਪੁਰ ਦਾ ਰਾਹ ਜੋ ਹੋਇਆ ਨਜ਼ਰ ਰੱਖਣੀ ਪੈਂਦੀ ਏ । ਜ਼ਮਾਨਾ ਬੜਾ ਖ਼ਰਾਬ ਏ ।"

ਮਿੱਠੀ ਨੈਣ ਵੀ ਤੇ ਚੌਧਰੀ ਦੇ ਇਸ਼ਕ ਦੀ ਭੀਤੋ ਸੀ । ਦੋ ਵਾਰੀ ਮੁਲਾਕਾਤ ਹੋਈ ਤੇ ਰਾਣੀ ਚੌਧਰੀ ਨਾਲ ਉਧਲ ਗਈ । ਰਾਣੀ ਸੋਹਣੀ ਆਹੀ, ਵੱਡੇ ਚੌਧਰੀਆਂ ਦੀ ਧੀ ਆਹੀ । ਚੌਧਰੀ ਦਾ ਛੋਹਰ ਜਵਾਨ ਹੋਣ ਆਲਾ ਸੀ ।

ਪੰਚ ਕਲਿਆਣ ਚੌਧਰਾਣੀ ਹੀਆਤਾਂ ਹਵੇਲੀ ਆਲੀ ਉੱਸ ਕਹਿਆ, "ਲੈ ਆਇਆਂ ਏਂ ਪਰ ਮੇਰੇ ਘੱਰ ਨਾ ਵੜ ਸੀ । ਡੰਗਰਾਂ ਦੀ ਕੁੜ੍ਹੇ ਸਵਾ ਸੋ ਜਿੱਥੇ ਖੁੱਲੀ ਵਿਚ ਆਪਣੀਆਂ ਯਾਰਨੀਆਂ ਭਗਤਾਵਨਾਂ ਏਂ ! ਮੇਰਾ ਛੋਹਰ ਪੜ੍ਹਦਾ ਏ ਜਵਾਨ ਏ ਉੱਸ ਤੇਰੇ ਵੈਰ ਕਚਹਿਰੀਆਂ ਨਹੀਂ ਭੁਗਤਣੇ । ਬਾਨੋਂ ਮੋੜ ਸੜ ਜੇ ਜਾਣ ਲੋੜੀ ਦੀ ਆ ਤੇ ਲੁੰਡ ਪੁਰ ਆਲਿਆਂ ਕੁੜੀ ਦੀ ਮਾਂ ਨੂੰ ਵੀ ਘਰੋਂ ਕੱਢ ਦਿੱਤਾ ਏ ।"

ਕਿਸੇ ਸਿਰ ਜੋੜਿਆ, "ਕਿਸਮਤ ਰਾਣੀਆਂ ਦੀ ਜੋ ਵਸ ਪਈਆਂ ਚੋਧਰਾਨੀਆਂ ਦੇ । ਰਾਣੀ ਸੋਹਣੀ, ਰਾਣੀ ਸਾਊ, ਸਲੋਕਾਂ ਆਲੀ । ਚੌਧਰੀ ਕੁੜ੍ਹ ਵਿਚ ਖ਼ੁੱਸ਼ ਤੇ ਹੀਆਤਾਂ ਹਵੇਲੀ ਵਿਚ ਮੁਕੱਦਮੇ ਦੇ ਪੁਆੜੇ ਮੁੱਕੇ । ਬੜਾ ਖ਼ਰਚਾ ਹੋਇਆ । ਹੀਆਤਾਂ ਦੇ ਘੱਰ ਆਲਿਆਂ ਹੱਥ ਪਵਾਇਆ । ਜ਼ੀਵੇਂ ਥੋੜੀ ਜਿਹੀ ਵੇਚੀ ।

"ਮਹਨਦੀਆ ਜ਼ੀਵੇਂ ਨਹੀਂ ਮਾਂ ਪਿਆ ਵੀਚਨਾਂ ਏਂ ।"

"ਰੱਬ ਦਾ ਖ਼ੌਫ਼ ਕਰ ਵ, ਵੱਡੀ ਚੌਧਰਾਣੀ ਏਂ ਪਰਹੇਂ ਰਾਣੀ ਦੀ ਜੁੱਤੀ ਬਰਾਬਰ ।"

"ਮੈਂ ਫਵਾੜੇ ਬਣਵਾਏ ਨੇਂ ਗੋਹਾ ਢੇਰ ਹੁੰਦਾ ਏ । ਹੁਣ ਮਸਲਨ ਭੱਜ ਕੇ ਤੇਰੀ ਢੋਈ ਤੇ



ਨਹੀਂ ਵਖਾਣੀ । ਕੂੜ੍ਹਾ ਦਾ ਗੰਦ ਆਪ ਸਾਫ਼ ਕਰਿਆ ਕਰੋ । ਨਹੀਂ ਤੇ ਰਾਣੀ ਦੀ ਬੇਬੇ ਬੁਲਾ ਘਨੋ ਉੱਸ ਵੀ ਸਾਰੀ ਉਮਰ ਲਿੰਡ ਪੁਰ ਆਲਿਆਂ ਦੀ ਕੂੜ੍ਹ ਵਿਚ ਗੁਜ਼ਾਰੀ ਏ । ਸੁਣਿਆ ਬਹੁਤ ਰੋਂਦੀ ਏ ਧੀ ਰਾਣੀ ਵਾਤੇ ਨਾਲੇ ਉੱਸ ਦਾ ਖਸਮ ਤੇ ਮਰ ਗਿਆ ਰਾਣੀ ਤੇ ਬੇਬੇ ਨੂੰ ਰੋਂਦੀ ਛੱਡ ਕੇ ।"

ਇੰਜ ਆਈ ਮਾਈ ਨਿਆਮਤੇ ਸਾਡੇ ਲੋਕ । ਪੈਰੀਂ ਜੁੱਤੀ ਨਹੀਂ ਕੋਈ ਕੰਮ ਦਾ ਥਗੜਾ ਨਹੀਂ । ਯਾ ਅੱਲਾਹ ਕਿੰਜ ਅਜ਼ਮਾਨਾਂ ਏਂ ਲੋਕਾਂ ਨੂੰ । ਪਰ ਜਿਹੜੇ ਸਬਰ ਆਲੇ ਹੋਣ ਅਸਲੋਂ ਬੰਦੇ ਰੱਬ ਦੇ ਹੁੰਦੇ ਨੇਂ । ਇਹ ਸੁਣ 24 ਦੁਆਲੇ ਦੀ ਗੱਲ ਏ । ਜਦੋਂ ਮਾਈ ਨਿਆਮਤੇ ਆਈ । ਸਾਡੇ ਲੋਕ ਦੇ ਚੌਧਰੀ ਕਸਾਨੇ ਆਹੇ ਰਾਣੀ ਕੇ ਖਟਾਨੇ ਸੋ ਟੋਕ ਢੰਡੋਰੇ ਕਹਿਣਾ ਬੁਲਾਣਾ "ਮਾਈ ਖਟਾਨੀ !"

ਕਹਾਣੀ ਇਹ ਰਾਣੀ ਦੀ ਨਹੀਂ, ਰਾਠਾਂ ਉਹਦੀਆਂ ਸੋਹਰਿਆਂ ਦੀ ਨਹੀਂ । "ਮਾਈ ਖਟਾਨੀ" ਦੀ ਏ । ਕਿਆ ਉਹ ਬੰਦੇ ਦਾ ਰੂਪ ਸੀ । ਨੰਗੇ ਪੈਰੀਂ ਆਈ, ਨੰਗੇ ਪੈਰੀਂ ਸਾਰੀ ਉਮਰ ਗੁਜ਼ਾਰੀ । ਕਿਸੇ ਪੁੱਛਿਆ,"ਜੋਤੀ ਕਿਉਂ ਨਹੀਂ ਪਾਂਦੇ ।"

"ਮੇਰੇ ਪੈਰ ਆਪ ਤਰਪੜ ਹੋ ਗਏ ਨੇਂ, ਜੋਤੀ ਪੂਰੀ ਨਹੀਂ ਆਉਂਦੀ ਨਾਲੇ ਮੇਰਾ ਪੈਰ ਤਿਲਕ ਜਾਂਦਾ ਏ ।"

ਥੱਪ ਥੱਪ ਹੌਲੀ ਹੌਲੀ ਉੱਸ ਦਾ ਸਾਰਾ ਪਿੰਡ ਗਾਹ ਛਿੜਿਆਸ਼ ਸਿਰ ਘੱਰ ਉਹਦਾ ਅਪਣਾ ਘੱਰ ਸੀ । ਮਾਣ ਮੁੱਕ ਜਾਏ ਤੇ ਓਪਰੀਆਂ ਕਾਹਨਦਾ ! ਕਿਸੇ ਰੋਟੀ ਦੇਣੀ ਕਿਸੇ ਲੱਸੀ ਪੀਆਨੀਸ਼ ਥੁੜ ਨਹੀਂ ਸੀ ਰੋਟੀ ਦੀ । ਚੌਧਰਾਣੀ ਕੂੜ੍ਹ ਦੋ ਨਿੱਕੇ ਨਿੱਕੇ ਕੋਠੇ ਬਣਾ ਲਏ । ਇਕ ਅਪਣਾ ਇਕ ਰਾਣੀ ਖਟਾਨੀ ਦਾਸ਼ ਨਾ ਕੋਈ ਭੜੋਲਾ ਨਾ ਛਨੀ, ਨਾ ਚੁਲ੍ਹਾ ਨਾ ਝਲਾਨੀਸ਼ ਆਖੇ ਧੀ ਰਾਣੀ "ਸਾਦੀ ਲੁਹਾਈ ਹੁੰਦੀ ।ਸ਼ ਕੱਪੜੇ ਲੱਤੇ ਭਾਂਡੇ ਟੀਂਡੇ ਦਾ ਖ਼ਿਆਲ ਕਰਿਆ ਕਰੋਸ਼"

ਉਸ ਪਿੰਡੋ ਦੁਰਾਡੇ ਚੌਧਰੀ ਦੇ ਖੋਹ ਤੇ ਜਾ ਡੇਰਾ ਲਾਇਆਸ਼ ਸਨ 24 ਦੇ ਤਾਊਨ ਪਿੰਡੋਂ ਡੇਰਾ ਚੜ੍ਹਦੇ ਆਲੇ ਖੋਹ ਲੈ ਗਏ ਸਾਰੇ ਕਸਾਨੇਸ਼ ਤੈ ਕੂੜਾਂ ਸ਼ ਸੈ ਕੋਠਿਆਂ ਦੇ ਖੁਲੇ ਆਹੇ ਖੋਹ ਦੁਆਲੇ ਸੱਭ ਖ਼ਾਲੀ । ਕੁੱਝ ਢੱਠੇ ਤੇ ਸੱਭ ਚੁਣਦੇਸ਼ ਪਰ ਮਾਈ ਖਟਾਨੀ ਤੇ ਬੁਲਾ ਆਹੀ । ਉੱਸ ਆਪ ਬਣਾਈ ਘਾਣੀ ਤੇ ਲਿਪ ਲਿਆ ਇਕ ਕੋਠਾ ਛੱਤ ਤੇ ਚੜ੍ਹ ਕੇਸ਼ ਕੋ ਸੂਤ ਕਰਨ ਵਾਲਾ ਸਿਧੋਂ ਕਰ ਲਿਆ।

ਨਾਲ ਛੰਬ ਚੁਗਦੀਆਂ ਡੰਗਰਾਂ ਖੋਹੇ ਛਾਂ ਬੱਧੀਆਂ ਡੰਗਰਾਂ ਦਾ ਗੋਹਾ ਤੇ ਕੋਈ ਸਾਂਭਦਾ ਨਹੀਂ ਸੀ । ਮਾਈ ਸ਼ਾਮੀ ਕੱਠਾ ਕਰ ਕੇ ਥੱਪ ਲੈਣਾ । ਪਰ ਲਿਪ ਹਾਰ ਦੀ ਗੋਹੇ ਨਹੀਂ ਜੋ ਝਲਾਨੀਆਂ ਵਿਚ ਵਰਤੀ ਦੇ ਨੇਂ । ਅਜਬ ਨਿੱਕੀਆਂ ਨਿੱਕੀਆਂ ਬਿਸਕੁਟਾਂ ਹਾਰ ਦੀਆਂ ਥਾਪੀਆਂ । ਦਿਨੇ ਦਿਨੇ ਸੁੱਕ ਜਾਣੀਆਂ ਤੇ ਉੱਸ ਲਾਹ ਕੇ ਅੰਦਰ ਸਾਂਭ ਲੈਣੀਆਂ । ਲੁਹਾਰਾਂ ਦੀ ਅੱਗ ਬਾਲਣ ਲਈ ਤੇ ਹੁੱਕੇ ਉੱਤੇ ਧਰਨ ਲਈ । "ਮਾਈ ਦੀ ਫ਼ੈਕਟਰੀ" ਹੌਲੀ ਹੌਲੀ ਲੁਕੇ ਮਸ਼ਹੂਰ ਹੋ ਗਈ । ਮਾਈ ਪੱਲੇ ਬੰਨ੍ਹ ਕੇ ਇੰਜ ਖੜਨੀਆਂ ਜੂੰ ਸੁਗ਼ਾਤ ਲਿਆਂਵਦੀ ਹੋਵੇ ।

ਇਹ ਲੁਹਾਈ ਸੀ ਪਿੰਡ ਦੇ ਵੱਡੇ ਚੌਧਰੀ ਦੀ ਸੱਸ ਵਾਤੇ ? ਉੱਕਾ ਨਹੀਂ ! ਪਿੰਡ ਓ ਰਹੇ ਨਹੀਂ ਭਰਮ ਦੇ ਮਹਿਲ ਖਲੋ ਗਏ ਨੇਂ । ਪਿੰਡ ਅਜ਼ਾਦ ਨਹੀਂ ਹੋਏ ਪਿੰਡ ਗ਼ੁਲਾਮ ਹੋ ਗਏ ਨੇਂ ਪੈਸੇ ਦੇ ਤੇ ਕੂੜ ਦੇ । ਪੁਰਾਣਾ ਸਾਂਝਾ ਪਿੰਡ ਇੰਜ ਨਹੀਂ ਸੀ ,ਪਿੰਡ ਦੇ ਲੋਲ੍ਹੇ ਲੰਗੜੇ ਮਾੜੇ ਤਗੜੇ ਆਪਣੇ ਆਪਣੇ ਆਹਰ ਲੱਗੇ ਆਹੇ ਤੇ ਅਜ਼ਾਦਸ਼ ਆਦਰ ਭਾ ਚੰਗਾਈ ਦੀ ਸੀ ਚੌਧਰ ਦਾ ਨਹੀਂ ਸੀਸ਼ ਮਾਈ ਖਟਾਨੀ ਨਿਸ਼ੰਗ ਫਿਰਦੀ ਸੀਸ਼ ਤੈ ਲੋਕ ਆਪਣੇ ਆਪਣੇ ਆਹਰ ਲੱਗੇ ਆਜ਼ਾਦ ਆਹੇਸ਼

ਫ਼ੈਕਟਰੀ ਮਾਈ ਖਟਾਨੀ ਦੀ ਕਿੰਜ ਚਲੀਸ਼ ਉਹ ਆਪ ਟੁਰਦੀ ਫਿਰਦੀ ਫ਼ੈਕਟਰੀ ਆਹੀ । ਥੱਕਦੀ ਹੈ ਈ ਨਹੀਂ ਸੀਸ਼ ਨਾਲ ਦੇ ਸ਼ਹਿਰ ਵੀ ਉਸ ਜਾ ਸੌਦਾ ਵੇਚਣਾਸ਼ ਅਜਬ ਗੱਲ ਸੀ ਉਹ ਨਕਦ ਲੈਂਦੀ ਸੀ, ਨਾ ਉਧਾਰ ਕਰ ਦੀ ਸੀ ਤੇ ਵਟਾਂਦਰਾ ਸ਼ ਪੈਸੇ ਰੱਖਦੀ ਸੀਸ਼ ਸੇਠ ਭਾਗ ਮੱਲ ਭਰੀ ਕੋਲਸ਼ ਕਦੇ ਲੰਘਦਿਆਂ ਅਪਣੀ ਗੰਢ ਖੋਲ ਕੇ ਦੋ ਦੋ ਪੈਸੇ ਦੋਹਤਰੀਆਂ ਨੂੰ ਦੇਣੇ । ਰਾਣੀ ਦੇ ਹੁਣ ਦੋ ਬਾਲ ਹਨਸ਼

ਵੇਲ਼ੇ ਨੇ ਪਾਸਾ ਪਰਤਿਆ ।ਲੋਕੀਂ ਆਹੁਦੇ ਨੇ ਮਾਈ ਦੀ ਬਦ ਦੁਆ ਲੱਗੀਸ਼ ਪਰ ਉਹ ਤੇ ਕਦੇ ਕਿਸੇ ਦਾ ਬੁਰਾ ਨਹੀਂ ਸੀ ਮੰਗਦੀ ।

ਵੱਡੀ ਚੌਧਰਾਣੀ ਦੇ ਮੁੰਡੇ ਹੱਥੋਂ ਕਤਲ ਹੋਇਆ ਉਹ ਲੋਕ ਸ਼ਰੀਕਾਂ ਵਿਚਸ਼ ਹਰ ਸ਼ੈਅ ਵਿਕਦੀ ਲੱਗੀ ਗਈਸ਼ ਲੁਕੇ ਦੀ ਜ਼ੀਵੇਂ ਇਕ ਅੱਧਾ ਮਰਬਸ਼ ਚੌਧਰਾਣੀ ਜ਼ੁਅਫ਼ ਨਾਲ ਮਰ ਗਈ ।ਜਦੋਂ ਪੱਤਰ ਨੂੰ ਸਜ਼ਾ ਮੌਤ ਦੀ ਹੋਈ ।ਹੀਆਤਾਂ ਮਰ ਗਈ ਤੇ ਤਖ਼ਤ ਤੇ ਉਹ ਆ ਬੈਠੀ ਜਿਸ ਰਾਣੀ ਦਾ ਹੱਕ ਆਹੀਆਸ਼ ਚੌਧਰੀ ਇਕ ਪੁਤੱਰ ਗਵਾਇਆ ਪਰ ਦੋ ਮਦਰਸੇ ਆਹੇਸ਼ ਚੌਧਰੀ ਮੁੜ ਕੇ ਵਸਣ ਲੱਗ ਪਿਆਸ਼ ਰਾਣੀ ਮਹਾਰਾਣੀ ਚੌਧਰਾਣੀ ਹੋ ਗਈਸ਼ ਇਕ ਨਹੀਂ ਬਦਲੀ ਤੇ "ਮਾਈ ਖਟਾਨੀ"ਸ਼ ਡੇਰੇ ਤੇ ਰਹੀਸ਼ ਨਿੱਕੀਆਂ ਥਾਪੀਆਂ ਲਾਂਦੀ ਰਹੀਸ਼ ਵੱਡੇ ਦੋਹਤਰੇ ਦੇ ਵਿਆਹ ਤੇ ਧੀ ਮਾਂ ਦੇ ਸਿਰ ਤੇ ਲਾਲ ਸਾਲੂ ਰੱਖਿਆ ਤੇ ਆਪ ਈ ਢਾਹੀਂ ਮਾਰ ਕੇ ਜ਼ੋਰ ਜ਼ੋਰ ਦੀ ਰੋਵਣ ਲਗ ਪਈ !

"ਹੈ ਝੱਲੀ" ਮਾਈ ਖਟਾਨੀ ਪਹਿਲੀ ਵਾਰੀ ਕਿਸੇ ਹੱਸਦੀ ਵੇਖੀ ।

---

## ਤਲਵਿੰਦਰ ਸਿੰਘ ਵੱਲੋਂ :
## ਦੋ ਅਤਿ ਚਰਚਿਤ ਸੰਪਾਦਤ ਕਹਾਣੀ ਸੰਗ੍ਰਹਿ
# ਸਾਂਝੀ ਪੀੜ
## ਕੱਚੇ ਕੋਠਿਆਂ ਦਾ ਗੀਤ



## ਢੇਰੀਆਂ/ਮਲਿਕ ਮਿਹਰ ਅਲੀ

ਕੁਝ ਵੀ ਨਹੀਂ ਬਚਿਆ।ਹਰ ਸ਼ੈ ਰੁੜ ਗਈ ਏ।ਬੇਲੀਓ!ਵੱਡੇ ਸੱਚ ਆਖਦੇ ਨੇ ਕਿ ਛੱਲ ਦੇ ਪਾਣੀ ਨੂੰ ਸਹਿਣਾ ਤਾਂ ਜ਼ਿੰਦਗੀ ਵਾਲੀ ਨਦੀ ਤੋਂ ਵੀ ਔਖਾ ਏ।

ਇਹ ਗੱਲ ਉਸ ਜਵਾਨ ਦੇ ਮੂੰਹੋਂ ਸੁੱਕੇ ਥਾਂ ਤੇ ਅਪੜ ਕੇ ਆਪਣੀ ਚਾਦਰ ਨਿਚੋੜਦਿਆਂ ਨਿਕਲੀ, ਜਿਹੜਾ ਛੱਲ ਦੇ ਪਾਣੀ ਵਿਚ ਘਿਰੇ ਹੋਏ ਘਰਾਂ ਦਾ ਪਤਾ ਕਰਨ ਗਿਆ ਸੀ।ਇਹ ਸੁਣ ਕੇ, ਸੁੱਕ ਤੇ ਖਲੋ ਕੇ ਉਹਨੂੰ ਉਡੀਕਣ ਵਾਲਿਆਂ ਵਿਚ ਕੋਈ ਦੂਜੀ ਗੱਲ ਪੁੱਛਣ ਦਾ ਹੌਸਲਾ ਈ ਨਾ ਰਿਹਾ।

ਚੜ੍ਹਦੇ ਸਿਆਲੇ ਉਸ ਰੁੱਖ਼ ਝੜਦੇ ਤਾਂ ਕਈ ਵਾਰੀ ਵੇਖੇ ਪਰ ਬੰਦਿਆਂ ਨੂੰ ਝੜਦੇ ਉਸ ਪਹਿਲੀ ਵਾਰ ਵੇਖਿਆ।ਉਹਨੂੰ ਇੰਜ ਲੱਗਾ ਕਿ ਬੰਦਿਆਂ ਤੇ ਰੁੱਖਾਂ ਦੀ ਇਕੋ ਜੂਨ ਏ।ਦੋਵੇਂ ਚਾਵਾਂ ਨਾਲ ਸਾਵੇ ਰਹਿੰਦੇ ਨੇ।ਜੇਕਰ ਇਹ ਝੜ ਜਾਣ ਤਾਂ ਬੰਦਾ ਹੋਵੇ ਭਾਵੇਂ ਰੁੱਖ਼, ਦੋਵੇਂ ਟੁੰਡ-ਮੁੰਡ ।

ਪਾਣੀ ਵਿਚ ਰੁੜ੍ਹਿਆਂ ਘਰਾਂ ਵੱਲ ਵੇਖ ਕੇ ਉਹਨੇ ਸੋਚਿਆ ਕਿ ਰੁੱਖਾਂ ਦੇ ਝੜਨ ਦਾ ਤਾਂ ਮੁੜ ਇਕ ਮੌਸਮ ਏ ਪਰ ਬੰਦਿਆਂ ਲਈ ਕੋਈ ਨਹੀਂ ।ਪਤਾ ਨਹੀਂ ਕਦੋਂ ਸਿਆਲਾ ਚੜ੍ਹ ਜਾਵੇ ।

ਸੁੱਕ ਤੇ ਖਲੋਤੇ ਸੁੱਕਿਆਂ ਰੁੱਖਾਂ ਜਿਹੇ ਬੰਦਿਆਂ ਵਿਚੋਂ ਇਕ ਬੋਲਿਆ: "ਇਸ ਬੇ-ਮੌਸਮੀ ਛੱਲ ਤਾਂ ਬੰਦਿਆਂ ਦੀ ਤਬਾਹੀ ਕਰ ਛੱਡੀ ਏ ।ਵੱਡਿਆਂ ਕੋਲੋਂ ਸੁਣਦੇ ਸਾਂ ਕਿ ਅੱਗ ਦਾ ਦਾਰੂ ਪਾਣੀ ਏ ਪਰ ਪਾਣੀ ਦਾ ਦਾਰੂਸ਼ਸ਼ਸ਼।"

ਦੂਜਾ ਬੋਲਿਆ:

"ਛੱਲ ਨਦੀ ਦੀ ਹੋਵੇ ਭਾਵੇਂ ਅੱਖ ਦੀ, ਜਦ ਵੀ ਆਵੇ ਤਬਾਹੀ ਨਾਲ ਹੁੰਦੀ ਏ । ਕਮਲਿਆ! ਉਂਜ ਵੀ ਛੱਲਾਂ ਦਾ ਰੁੱਤਾਂ ਨਾਲ ਕੋਈ ਮੇਲ ਨਹੀਂ ਹੁੰਦਾ ।"

ਇਸ ਵਾਰੀ ਦੀ ਛੱਲ ਨਾਲ ਨੁਕਸਾਨ ਤਾਂ ਦਰਿਆ ਦੇ ਨੇੜੇ ਪੂਰੇ ਪਾਸੇ ਦਾ ਹੋਇਆ ਪਰ ਉਸ ਪਾਸੇ ਦਾ ਤਾਂ ਸਫ਼ਾਇਆ ਹੋ ਗਿਆ ਜਿਹੜੀ ਦੇ ਵਸਨੀਕ ਇਹ ਬੰਦੇ ਹਨ ।

ਉਂਜ ਤੇ ਹਰ ਸਾਲ ਦਰਿਆ ਦਾ ਪਾਣੀ ਕੰਢਿਆਂ ਤੋਂ ਬਾਹਰ ਨਿਕਲ ਜਾਂਦਾ ਏ ।ਉਸ ਨਾਲ ਉਨ੍ਹਾਂ ਦਾ ਥੋੜ੍ਹਾ ਬਹੁਤਾ ਨੁਕਸਾਨ ਤਾਂ ਹੁੰਦਾ ਪਰ ਭੋਇੰ ਵੀ ਸਿੰਜੀਆਂ ਜਾਂਦੀਆਂ ।ਇਸ ਪਾਣੀ ਤੋਂ ਉਨ੍ਹਾ ਦੇ ਘਰ ਬਚ ਜਾਂਦੇ, ਇਸ ਲਈ ਕਿ ਘਰ ਉਨ੍ਹਾਂ ਉੱਚੀਆਂ ਥਾਵਾਂ ਤੇ ਬਣਾਏ ਹੋਏ ਹਨ ।ਘਰ ਕੀ ਹਨ, ਮਿੱਟੀ ਦੀਆਂ ਕੰਧਾਂ, ਸਿਰ ਤੇ ਕਾਨੇ।ਉਹ ਇਨ੍ਹਾਂ ਵਿਚ ਬੜੇ ਰਾਜ਼ੀ ਰਹਿੰਦੇ।ਲੱਗਦਾ ਹੈ ਕਿ ਉਨ੍ਹਾਂ ਨੂੰ ਪੱਕ ਏ ਕਿ ਉਨ੍ਹਾਂ ਇੱਥੇ ਹਮੇਸ਼ਾ ਨਹੀਂ ਰਹਿਣਾ।

ਪਾਣੀ ਵੇਖ ਤਰ ਕੇ ਆਉਣ ਵਾਲਾ ਗੱਭਰੂ ਇਕ ਵਾਰੀ ਮੁੜ ਬੋਲਿਆ:

"ਪਾਣੀ ਤਾਂ ਹਰ ਸਾਲ ਆਉਂਦਾ ਏ ਪਰ ਇਸ ਤਰ੍ਹਾਂ ਦੀ ਕਰੋਪੀ ਪਹਿਲੀ ਵਾਰੀ ਵੇਖੀ ਏ, ਜਿਸ ਥੇਹਾਂ ਦੇ ਥੇਹ ਉਜਾੜ ਛੱਡੇ ਨੇ ।ਲੱਗਦਾ ਏ ਇਸ ਵਾਰੀ ਕਾਲ ਜ਼ਰੂਰ ਪਵੇਗਾ ।"

ਇਹ ਗੱਲ ਸੁਣ ਕੇ ਦੂਜਾ ਗੱਭਰੂ ਆਖਣ ਲੱਗਾ:

"ਜੇ ਰੱਜ ਨਹੀਂ ਰਹੇ ਤਾਂ ਕਾਲ ਵੀ ਨਹੀਂ ਰਹਿਣਾ।ਰੱਬ ਵਲੋਂ ਆਈ ਏ, ਬਿਸਮਿਲ੍ਹਾ ਕਰਕੇ ਮੋਢਾ ਦੇ ਛੱਡ ਸਾਈਂ ।"

ਐਸੇ ਪਿੰਡ ਦੀ ਇਕ ਬੁਢੜੀ ਮਾਈ ਉਨ੍ਹਾਂ ਤੋਂ ਦੁਰੇਡੀ ਬੈਠੀ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਸੁਣਦੀ ਪਈ ਸੀ ।ਜ਼ਮੀਨ ਤੋਂ ਤੱਲੀਆਂ ਦੇ ਸਹਾਰੇ ਉੱਠੀ ।ਉਨ੍ਹਾਂ ਦੇ ਨੇੜੇ ਆਈ ਤੇ ਪਾਣੀ ਵੇਖ ਕੇ

ਅਉਨ ਵਾਲੇ ਜਵਾਨ ਕੋਲੋਂ ਪੁੱਛਣ ਲੱਗੀ:

"ਬਚੜਾ ! ਉਨ੍ਹਾਂ ਢੇਰੀਆਂ ਦੀ ਸੁਣਾ ?"

ਉਹ ਜਵਾਨ ਅੱਗੋਂ ਬੋਲਿਆ:

"ਅੰਮਾਂ ਉਹ ਵੀ ਗਈਆਂ । ਚਲੋ ਜਦੋਂ ਘਰ ਬਣੇ ਓਦੋਂ ਉਹ ਵੀ.........।"

ਅਜੇ ਇਹ ਗੱਲ ਉਸ ਗੱਭਰੂ ਦੇ ਮੂੰਹ ਵਿਚ ਹੀ ਸੀ ਤੇ ਉਹ ਮਾਈ ਅਗੋਂ ਕਾਹਲ ਨਾਲ ਬੋਲੀ:

"ਖ਼ੈਰੀਂ ਸੱਲਾ ! ਬੱਚਾ ਇਸ ਤਰ੍ਹਾਂ ਨਾ ਆਖ । ਇਹ ਢੇਰੀਆਂ ਸੌਖੀਆਂ ਨਹੀਂ ਬਣਦੀਆਂ । ਇਨ੍ਹਾਂ ਨੂੰ ਬਨਾਣ ਲਈ ਤਾਂ ਮਰਨਾ ਪੈਂਦਾ ਏ ।"

---

ਆਸ਼ਿਕ ਰਹੀਲ ਦਾ ਨਵੇਕਲਾ

ਕਹਾਣੀ ਸੰਗ੍ਰਹਿ

**ਨਵੇਕਲਾ ਸੂਰਜ**



## ਬੱਜਲ/ਜਮੀਲ ਅਹਮਦ ਪਾਲ

ਸਟੈਨਫ਼ਰਡ ਸਕੂਲ ਦਾ ਮਾਹੋਲ ਬੜਾ ਅਜੀਬ ਤੇ ਡਰਾਉਣਾ ਸੀ । ਘੱਟੋ ਘੱਟ ਕੁਨੇਲ ਨੂੰ ਪਹਿਲੇ ਦਿਨ ਇੰਜੇ ਦਾ ਜਾਪਿਆ । ਸਰਕਾਰ ਨੌਕਰੀ ਦਾ ਮਿਲਣਾ ਉਹ ਬੜੀ ਵੱਡੀ ਨਿਆਮਤ ਸਮਝ ਰਿਹਾ ਸੀ ਤੇ ਉਹਦੀ ਸੋਚ ਸੀ ਕਿ ਭਾਵੇਂ ਇਹ ਸੱਤਵੇਂ ਗਰੇਡ ਦੀ ਨੌਕਰੀ ਹੈ, ਪਰ ਫ਼ਾਕੇ ਦੇ ਜੀਵਨ ਤੋਂ ਤਾਂ ਛੁੱਟਕਾਰਾ ਹੋਇਆ । ਭਾਵੇਂ ਉਹ ਕਾਫ਼ੀ ਪੜ੍ਹਿਆ ਲਿਖਿਆ ਹੈ ਤੇ ਇਹ ਨੌਕਰੀ ਉਹਦੀ ਤਾਅਲੀਮ ਦੇ ਮਿਆਰ ਦੀ ਨਹੀਂ ਪਰ ਫ਼ਿਰ ਵੀ ਕੁਝ ਨਾ ਹੋਣ ਨਾਲੋਂ ਕੁਝ ਹੋਣਾ ਬਹਿਤਰ ਹੈ ।

ਫ਼ਾਕੇ ਭਰਿਆ ਜੀਵਨ ਹੰਡਾਨ ਦਾ ਕੁਨੇਲ ਨੂੰ ਚੰਗਾ ਤਜੁਰਬਾ ਸੀ । ਕਿਸੇ ਜ਼ਮਾਨੇ ਵਿੱਚ ਉਹਦਾ ਖ਼ਿਆਲ ਹੁੰਦਾ ਸੀ ਕਿ ਕੱਲਮ ਕੱਲੀ ਜਾਨ ਨੂੰ ਕੋਈ ਰੋਗ ਨਹੀਂ ਹੁੰਦਾ । ਮਾਂ ਪਿਓ ਦਾ ਉਹ ਕੱਲਾ ਕਾਰਾ ਪੁੱਤਰ ਸੀ ਤੇ ਮਾਂ ਪਿਓ ਨਾਲੋਂ ਰਾਬਤਾ ਟੁੱਟਿਆਂ ਉਹਨੂੰ ਕਈ ਵਰ੍ਹੇ ਹੋ ਗਏ ਸਨ । ਖ਼ੋਰੇ ਕਿਹੜੇ ਹਾਲ ਵਿੱਚ ਹੋਣ ਗੇ ਉਹ ? ਕਦੀ ਕਦੀ ਕੁਨੇਲ ਸੋਚਦਾ । ਇਹ ਵੀ ਹੋ ਸਕਦਾ ਹੈ ਕਿ ਉਹ ਦੋਵੇਂ ਯਾਂ ਉਹਨਾਂ ਵਿੱਚੋਂ ਕੋਈ ਇੱਕ ਉਹਨੂੰ ਉਡੀਕਦਾ ਉਡੀਕਦਾ ਰੱਬ ਨੂੰ ਪਿਆਰਾ ਹੀ ਹੋ ਗਿਆ ਹੋਵੇ ਪਰ ਇੰਜ ਦੀਆਂ ਗੱਲਾਂ ਸੋਚਣ ਦਾ ਕੋਈ ਫ਼ਾਇਦਾ ਨਹੀਂ ਸੀ । ਜਿਹੜੇ ਹਾਲਾਂ ਵਿੱਚ ਕੁਨੇਲ ਪਿਛਲੇ ਦਿਨੀਂ ਰਹਿੰਦਾ ਰਿਹਾ ਸੀ, ਜੇ ਉਹਦੇ ਮਾਪਿਆਂ ਨੂੰ ਪਤਾ ਲੱਗ ਜਾਂਦਾ ਤਾਂ ਉਹਨਾਂ ਨੇ ਉਂਜ ਹੀ ਦੁਖ ਤੇ ਗ਼ਮ ਨਾਲ ਜਹਾਨ ਛੱਡ ਜਾਣਾ ਸੀ ।

ਅਸਲੋਂ ਉਹ ਆਪਣਾ ਸ਼ਹਿਰ ਛੱਡਕੇ ਇਸ ਵੱਡੇ ਸ਼ਹਿਰ ਮੌਕੇ ਤੇ ਤਾਅਲੀਮ ਦੀ ਤਲਾਸ਼ ਵਿੱਚ ਆਇਆ ਸੀ । ਸ਼ੁਰੂ ਸ਼ੁਰੂ ਵਿੱਚ, ਜਿਵੇਂ ਕਿ ਹੁੰਦਾ ਹੈ, ਉਹਦਾ ਖ਼ਰਚਾ ਪਿਓ ਵੱਲੋਂ ਆਉਂਦਾ ਰਿਹਾ । ਕੁਨੇਲ ਵੀ ਮਹੀਨੇ ਦੂੰਹ ਮਹੀਨੇ ਪਿੱਛੋਂ ਜਾ ਕੇ ਮਾਪਿਆਂ ਨੂੰ ਮਿਲ ਆਉਂਦਾ । ਫ਼ਿਰ ਹੋਲੇ ਹੋਲੇ ਉਹਦਾ ਜਾਣਾ ਘੱਟ ਹੁੰਦਾ ਗਿਆ । ਔਖੇ ਸੌਖੇ ਉਹਨੇ ਐਮ ਏ ਕਰ ਲਿਆ ਸੀ ਤੇ ਓਧਰ ਪਿਓ ਵੱਲੋਂ ਪੈਸੇ ਆਵਣਾ ਬੰਦ ਹੋ ਗਏ ਸਨ । ਐਮ ਏ ਦੀ ਡਿਗਰੀ ਲੈ ਕੇ ਜਦੋਂ ਕੁਨੇਲ ਵਾਪਸ ਮਾਪਿਆਂ ਵੱਲ ਗਿਆ ਤਾਂ ਉਹਨੂੰ ਇਹਸਾਸ ਹੋਇਆ ਕਿ ਬੁੱਢੇ ਪਿਓ ਨੂੰ ਆਪਣਾ ਭਾਰ ਹੋਰ ਚੁਕਾਣਾ ਕੋਈ ਇਨਸਾਨੀਅਤ ਨਹੀਂ । ਜ਼ਿੱਦੀ ਉਹ ਸ਼ੁਰੂ ਤੋਂ ਹੈ ਸੀ । ਫ਼ੈਸਲਾ ਕਰ ਕੇ ਵਾਪਸ ਪਰਤਿਆ ਤੇ ਫ਼ਿਰ ਕਦੀ ਮਾਪਿਆਂ ਨੂੰ ਮਿਲਣ ਨਾ ਗਿਆ । ਅਸਲੋਂ ਉਹਨੇ ਇਹ ਸੋਚਿਆ ਸੀ ਕਿ ਜਦੋਂ ਤੀਕਰ ਆਪਣਾ ਕਮਾਣ ਖਾਣ ਜੋਗਾ ਨਾ ਹੋਵੇ ਗਾ, ਮਾਪਿਆਂ ਨੂੰ ਨਹੀਂ ਮਿਲੇ ਗਾ । ਇਹ ਜ਼ਿੱਦ ਉਹਨੂੰ ਮਹਿੰਗੀ ਪਈ । ਸ਼ੁਰੂ ਸ਼ੁਰੂ ਵਿੱਚ ਉਹਦੇ ਕੋਲ ਥੋੜੇ ਬਹੁਤ ਪੈਸੇ ਹੈ ਸਨ । ਬੜੀ ਤੰਗੀ ਤੁਰਸ਼ੀ ਨਾਲ ਗੁਜ਼ਾਰਾ ਕਰ ਕੇ ਵੇਲਾ ਟਪਾਂਦਾ ਰਿਹਾ । ਜਦੋਂ ਪੈਸੇ ਮੁੱਕ ਗਏ ਤਾਂ ਉਹਨਾਂ ਦੋ ਚਾਰ ਦੋਸਤਾਂ ਦੀ ਵਾਰੀ ਆਈ ਜਿਹੜੇ ਪੜ੍ਹਾਈ ਸਮੇ ਹਾਸਟਲ ਵਿੱਚ ਉਹਦੇ ਵਾਕਫ਼ ਬਣ ਗਏ ਸਨ । ਕਦੀ ਇੱਕ ਨੂੰ ਠੱਗ ਕਦੀ ਦੂਜੇ ਨੂੰ । ਇੰਜੇ ਜ਼ਿੰਦਗੀ ਚੱਲਣ ਲੱਗੀ । ਨਾਲ ਨਾਲ ਨੌਕਰੀ ਦੀ ਤਲਾਸ਼ ਵੀ ਜਾਰੀ ਰਹੀ । ਯਾਰਾਂ ਬੇਲੀਆਂ ਨੇ ਉਹਦੇ ਨਾਲ ਹੰਮਦਰਦੀ ਕਰਦਿਆਂ ਹੋਇਆਂ ਇੱਕ ਦੋ ਥਾਂ ਪਰਾਈਵੇਟ ਫ਼ਰਮਾਂ ਵਿੱਚ ਨੌਕਰੀ ਲਵਾਇਆ ਵੀ ਤਾਂ ਇਹ ਸਿਲਸਲਾ ਮਹੀਨੇ ਦੋ ਮਹੀਨੇ ਤੋਂ ਵੱਧ ਨਾ ਚਲ ਸੱਕਿਆ । ਉਹਦੇ ਰਾਹ ਦੀ ਸੱਭ ਤੋਂ ਵੱਡੀ ਰੁਕਾਵਟ ਉਹਦੀ ਈਮਾਨਦਾਰੀ ਸੀ । ਇਸੇ ਈਮਾਨਦਾਰੀ ਪਾਰੋਂ ਕਈ ਵਾਰ ਉਹਨੂੰ ਫ਼ਾਕੇ ਕਟਣੇ ਪਏ ਤੇ ਇੱਕ ਵੇਲਾ ਉਹ ਵੀ ਆਇਆ ਜਦੋਂ ਉਹਦੀ ਬਸ ਹੋ ਗਈ । ਉਹਨੇ ਸੋਚ ਲਿਆ ਕਿ ਆਪਣੀ ਜ਼ਿੰਦਗੀ ਨੂੰ ਆਪ ਮੁਕਾ ਦੇਣਾ ਹੀ ਬਹਿਤਰ ਹੈ । ਜਿਸ ਅੰਦਾਜ਼ ਦਾ ਜੀਵਨ ਉਹ ਗੁਜ਼ਾਰ ਰਿਹਾ ਹੈ, ਉਹਦੇ ਨਾਲੋਂ ਮੌਤ ਹੀ ਚੰਗੀ । ਪਰ ਉਹ ਮਰ ਵੀ ਨਾ ਸਕਿਆ ਕਿ ਇਨਸਾਨ ਇਸ ਕਾਇਨਾਤ ਦੀ ਸੱਭ ਤੋਂ ਢੀਠ ਸ਼ੈ ਹੈ ।

ਪਿਛਲੇ ਦੋ ਮਹੀਨੇ ਤੋਂ ਉਹ ਮਨਸੂਰ ਕੋਲ ਜਾ ਰਹਾ ਸੀ । ਮਨਸੂਰ ਨਾਲ ਉਹਦਾ ਸੰਗ

ਪੜ੍ਹਾਈ ਸਮੇ ਬਣਿਆ ਸੀ। ਪੜ੍ਹਾਈ ਸਮੇ ਕੁਨੇਲ ਨੇ ਮਨਸੂਰ ਨਾਲ ਸਜਣਾਈ ਕੀਤੀ ਸੀ ਤੇ ਉਹਦਾ ਥੀਸਸ ਲਿਖਣ ਵਿੱਚ ਉਹਦੀ ਇਸ ਅੰਦਾਜ਼ ਨਾਲ ਮਦਦ ਕੀਤੀ ਸੀ ਜਿਵੇਂ ਸਾਰੇ ਦਾ ਸਾਰਾ ਥੀਸਸ ਆਪਣੇ ਹੱਥੀਂ ਹੀ ਲਿਖਿਆ ਹੋਵੇ। ਇਸ ਪਾਰੋਂ ਮਨਸੂਰ ਉਹਦਾ ਕਾਫ਼ੀ ਇਹਸਾਨ ਮੰਦ ਸੀ ਪਰ ਪੜ੍ਹਾਈ ਮੁੱਕਣ ਮਗਰੋਂ ਦੋਵੇਂ ਕਦੀ ਨਹੀਂ ਸਨ ਮਿਲੇ। ਸਬਬ ਨਾਲ ਇੱਕ ਦਿਨ ਰਾਹ ਜਾਂਦਿਆਂ ਦੋਹਾਂ ਦੀ ਮੁਲਾਕਾਤ ਹੋ ਗਈ। ਮਨਸੂਰ ਦਾ ਤਅੱਲੁਕ ਬਹੁਤੇ ਖਾਂਦੇ ਪੀਂਦੇ ਪਰਵਾਰ ਨਾਲ ਨਾ ਸਹੀ, ਪਰ ਅਜਿਹਾ ਜ਼ਰੂਰ ਸੀ ਕਿ ਉਹਦੇ ਘਰ ਵਿੱਚ ਨੌਕਰ ਦੇ ਰਹਿਣ ਵਾਸਤੇ ਇੱਕ ਵੱਖਰਾ ਕਮਰਾ ਬਣਿਆ ਹੋਇਆ ਸੀ। ਇਸ ਕਮਰੇ ਦਾ ਬੂਹਾ ਬਾਹਰ ਗਲੀ ਵਿੱਚ ਸੀ, ਨਾਲ ਹੀ ਨਿੱਕਾ ਜਿਹਾ ਬੈਤੁਲਖ਼ਲਾ ਸੀ ਤੇ ਇੰਜ ਇਹ ਕਮਰਾ ਹਰ ਲਿਹਾਜ਼ ਨਾਲ ਵੱਖਰਾ ਸੀ। ਉਹਨੀਂ ਦਿਨੀਂ ਮਨਸੂਰ ਹੋਰਾਂ ਦੇ ਘਰ ਕੋਈ ਵੀ ਨੌਕਰ ਨਹੀਂ ਸੀ ਇਸ ਲਈ ਮਨਸੂਰ ਨੇ ਕੁਨੇਲ ਨੂੰ ਇਸ ਕਮਰੇ ਵਿੱਚ ਠਹਿਰਣ ਦੀ ਪੇਸ਼ਕਸ਼ ਕੀਤੀ ਜੋ ਕੁਨੇਲ ਨੇ ਤੁਰੰਤ ਮਨਜ਼ੂਰ ਕਰ ਲਈ। ਬਾਕੀ ਖਾਣ ਪੀਣ ਦਾ ਮਸਲਾ ਕੁਨੇਲ ਦਾ ਆਪਣਾ ਸੀ। ਇੱਕ ਵਾਰ ਇੱਕ ਰਿਸਾਲੇ ਵਿੱਚ ਪਰੂਫ਼ ਰੀਡਿੰਗ ਦਾ ਕੰਮ ਕਰ ਕੇ ਉਹਨੇ ਕੁਝ ਕਮਾ ਲਏ। ਇੱਕ ਵਾਰ ਕੁਝ ਤਰਜਮੇ ਦਾ ਕੰਮ ਮਿਲ ਗਿਆ। ਇਮਤਿਹਾਨ ਨੇੜੇ ਆਇਆ ਤਾਂ ਦੋ ਮਹੀਨੇ ਲਈ ਇੱਕ ਟੀਊਸ਼ਨ ਵੀ ਮਿਲੀ ਪਰ ਇਹ ਸੱਭ ਕੁਝ ਇਨਾ ਨਹੀਂ ਸੀ ਕਿ ਦੋ ਡੰਗ ਦੀ ਰੋਟੀ ਖਾ ਕੇ ਕੁਨੇਲ ਕੋਲ ਮਾਪਿਆਂ ਨੂੰ ਮਿਲਣ ਜਾਣ ਦਾ ਕਰਾਇਆ ਹੀ ਬੱਚ ਸਕਦਾ।

ਇਨੇ ਮਾੜੇ ਹਾਲਾਤ ਵਿੱਚ ਜਦੋਂ ਸਟੈਨਫ਼ਰਡ ਸਕੂਲ ਵਿੱਚ ਨੌਕਰੀ ਮਿਲੀ ਤਾਂ ਉਹਨੂੰ ਲੱਗਾ ਜਿਵੇਂ ਉਹਨੂੰ ਜੰਨਤ ਜਾਣ ਦਾ ਟਿਕਟ ਮਿਲ ਗਿਆ ਹੋਵੇ। ਮਨਸੂਰ ਨੇ ਆਪਣੇ ਪਿਓ ਦੇ ਅਸਰ ਰਸੂਖ਼ ਨਾਲ ਕੁਨੇਲ ਨੂੰ ਇਹ ਮੁਲਾਜ਼ਮਤ ਦਵਾ ਕੇ ਉਹਦੇ ਇਹਸਾਨ ਦਾ ਬਦਲਾ ਲਾਹ ਦਿੱਤਾ ਸੀ। ਸਕੂਲ ਮਾਸਟਰੀ, ਜਿਵੇਂ ਵੀ ਸੀ, ਕੁਨੇਲ ਦੇ ਸੁਫ਼ਨਿਆਂ ਦੀ ਪੂਰਤੀ ਸੀ। ਮੁਨਾਸਬ ਤਨਖ਼ਾਹ ਮਿਲਣ ਨਾਲ ਉਹ ਆਪਣੇ ਬਹੁਤ ਸਾਰੇ ਸੁਫ਼ਨੇ ਪੂਰੇ ਕਰ ਸਕੇਗਾ। ਠੀਕ ਹੈ ਕਿ ਨੌਕਰੀ ਤਾਅਲੀਮ ਦੇ ਲਿਹਾਜ਼ ਨਾਲ ਮੁਨਾਸਬ ਨਹੀਂ ਪਰ ਇੱਕ ਤਹਫ਼ੁੱਜ਼ ਤਾਂ ਹੈ। ਭੁੱਖੇ ਮਰਨ ਤੋਂ ਤਾਂ ਬਚਾਅ ਹੋਇਆ। ਉਹ ਇਹ ਨੌਕਰੀ ਕਰਨ ਦੇ ਨਾਲ ਨਾਲ ਬਹਿਤਰ ਨੌਕਰੀ ਦੀ ਤਲਾਸ਼ ਕਰਦਾ ਰਹਿਵੇ ਗਾ। ਹੁਣ ਉਹਨੂੰ ਜਾਪਿਆ ਜਿਵੇਂ ਜ਼ਿੰਦਗੀ ਦਾ ਰੰਗ ਰਾਤ ਵਾਂਗੂੰ ਸਿਆਹ ਨਹੀਂ ਸਗੋਂ ਇਹਦੇ ਵਿੱਚ ਧੁੰਦਲੇ ਧੁੰਦਲੇ ਹੋਰ ਰੰਗ ਵੀ ਹੈ ਨੇਂ। ਨੀਲੇ, ਪੀਲੇ, ਲਾਲ, ਗੁਲਾਬੀ, ਹਰੇ ਤੇ ਕੇਸਰੀ ਰੰਗ॥॥।

ਸਟੈਨਫ਼ਰਡ ਸਕੂਲ ਅਜੀਬ ਸਕੂਲ ਸੀ। ਹੈ ਤਾਂ ਇਹ ਸਰਕਾਰੀ ਸਕੂਲ ਸੀ ਪਰ ਬੁਨਿਆਦੀ ਤੌਰ ਇਹ ਅੰਗ ਹੀਣ ਤੇ ਅਪਾਹਜ ਪੜ੍ਹਿਆਰਾਂ ਵਾਸਤੇ ਬਣਾਇਆ ਗਿਆ ਸੀ। ਇਹਦੇ ਵਿੱਚ ਉਹ ਬਾਲ ਪੜ੍ਹਦੇ ਸਨ ਜਿਹੜੇ ਜਿਸਮਾਨੀ ਤੌਰ ਬੱਜਲ ਸੀ। ਸਕੂਲ ਦੇ ਇਸ ਅੰਦਾਜ਼ ਬਾਰੇ ਸਕੂਲ ਦੇ ਹੈਡ ਮਾਸਟਰ ਹੋਰਾਂ ਕੁਨੇਲ ਨੂੰ ਪਹਿਲੇ ਦਿਨ ਹੀ ਇਹ ਦੱਸ ਦਿੱਤਾ ਸੀ ਕਿ ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਆਮ ਸਕੂਲਾਂ ਦੇ ਨਾਲ ਨਾਲ ਦੋ ਹੋਰ ਅੰਦਾਜ਼ ਦੇ ਸਕੂਲ ਬਨਾਣ ਦਾ ਫ਼ੈਸਲਾ ਵੀ ਕੀਤਾ ਗਿਆ ਸੀ। ਇੱਕ ਜ਼ਹਿਨੀ ਤੌਰ ਬੱਜਲ ਬਾਲਾਂ ਲਈ ਤੇ ਦੂਜਾ ਜਿਸਮਾਨੀ ਬੱਜਲ ਬਾਲਾਂ ਲਈ। ਅੰਗਰੇਜ਼ ਸਮਝਦੇ ਸਨ ਕਿ ਜਿਹੜੇ ਬਾਲ ਹਾਦਸੇ ਯਾਂ ਕਿਸੇ ਪੇਦਾਇਸ਼ੀ ਕਾਰਨ ਤੋਂ ਬੱਜਲ ਯਾਂ ਅੰਗ ਹੀਣ ਹੋ ਜਾਂਦੇ ਨੇਂ, ਉਹ ਨਾਰਮਲ ਬਾਲਾਂ ਵਿੱਚ ਰਹਿਣ ਨਾਲ ਨਿੱਕਿਆਈ ਗੁੰਝਲ ਤੇ ਇਹਸਾਸ ਕੰਮਤਰੀ ਦਾ ਸ਼ਿਕਾਰ ਹੋ ਜਾਦੇ ਨੇਂ। ਅਜਿਹੇ ਬਾਲਾਂ ਨੂੰ ਜਵਾਨ ਹੋਣ ਤੀਕਰ ਵੱਖਰਾ ਰੱਖ ਕੇ ਕਿਸੇ ਅਜਿਹੇ ਇਦਾਰੇ ਵਿੱਚ ਤਾਅਲੀਮ ਦੇਣੀ ਚਾਹੀਦੀ ਹੈ ਜਿੱਥੇ ਸਾਰੇ ਹੀ ਬਾਲ ਬੱਜਲ ਹੋਣ। ਇੰਜ ਆਪਣੇ ਵਰਗਿਆਂ ਵਿੱਚ ਰਹਿ ਕੇ ਬਾਲਾਂ ਵਿੱਚ ਨਿੱਕਿਆਈ ਗੁੰਝਲ ਪੈਦਾ ਹੋਣ ਦੀ ਥਾਂ ਇੱਕ ਦੂਜੇ ਦੇ ਦੁਖ ਸੁਖ ਦਾ ਇਹਸਾਸ ਕਰਨ ਦਾ ਜਜ਼ਬਾ ਪਰਵਾਨ ਚੜ੍ਹੇ ਗਾ ਤੇ ਵੱਡੇ ਹੋ ਕੇ ਉਹ ਨਾਰਮਲ ਜ਼ਿੰਦਗੀ ਗੁਜ਼ਾਰਣ ਦੇ ਕਾਬਲ ਹੋ ਜਾਣ ਗੇ।



ਇਸ ਸਲਾਹ ਉੱਤੇ ਅਮਲ ਵੀ ਹੋਣ ਲੱਗਾ। ਸਟੈਨਫ਼ਰਡ ਸਕੂਲ ਐਸੇ ਸੰਗਲੀ ਦਾ ਇੱਕ ਘੁਰਾ ਸੀ। ਇਹੋ ਜਿਹੇ ਸਕੂਲ ਹਰ ਸ਼ਹਿਰ ਵਿੱਚ ਕਾਇਮ ਕੀਤੇ ਜਾਣੇ ਸਨ ਪਰ ਹੋਇਆ ਇਹ ਕਿ ਜਿਹੜਾ ਅੰਗਰੇਜ਼ ਅਫ਼ਸਰ ਇਸ ਸਿਲਸਲੇ ਵਿੱਚ ਬੁਨਿਆਦੀ ਕਿਰਦਾਰ ਅਦਾ ਕਰ ਰਿਹਾ ਸੀ, ਉਹ ਆਪ ਛੱਤ ਤੋਂ ਡਿੱਗਣ ਪਾਰੋਂ ਬੱਜਲ ਹੋ ਗਿਆ। ਉਹਦੀਆਂ ਦੋਵੇਂ ਲੱਤਾਂ ਟੁੱਟ ਗਈਆਂ ਸਨ ਜਿਹਦੇ ਸਿੱਟੇ ਵਿੱਚ ਉਹ ਸਰਕਾਰੀ ਨੌਕਰੀ ਕਰਨ ਦੇ ਕਾਬਲ ਨਾ ਰਿਹਾ ਤੇ ਉਹਨੂੰ ਰਿਟਾਇਰ ਕਰ ਦਿੱਤਾ ਗਿਆ। ਫ਼ਿਰ ਇਹ ਮਨਸੂਬਾ ਵੀ ਮੁਕਾ ਦਿੱਤਾ ਗਿਆ ਪਰ ਸਟੈਨਫ਼ਰਡ ਸਕੂਲ ਕਾਇਮ ਰਹਿ ਗਿਆ। ਇਸ ਵੇਲੇ ਇਸ ਸਕੂਲ ਨੂੰ ਬਣਿਆਂ ਸੋ ਸਾਲ ਤੋਂ ਵੱਧ ਹੋ ਗਏ ਸਨ ਤੇ ਇਹਦੀ ਰਵਾਇਤ ਸੀ ਕਿ ਇਹਦੇ ਵਿੱਚ ਸਿਰਫ਼ ਬੱਜਲ ਬਾਲਾਂ ਨੂੰ ਹੀ ਦਾਖ਼ਲਾ ਮਿਲਦਾ ਸੀ। ਅਲੱਬਤਾ ਉਸਤਾਦ ਕਦੀ ਕੋਈ ਅਜਿਹਾ ਵੀ ਆ ਜਾਂਦਾ ਸੀ ਜਿਹੜਾ ਨਾਰਮਲ ਹੋਵੇ। ਇਹਦਾ ਕਾਰਨ ਵੀ ਹੈਡ ਮਾਸਟਰ ਹੋਰਾਂ ਦੇ ਬਕੋਲ ਇਹ ਸੀ ਕਿ ਇਹ ਮਜਬੂਰੀ ਪਾਰੋਂ ਸੀ, ਕਿਉਂ ਜੇ ਟੁੱਟੀਆਂ ਲੱਤਾਂ ਬਾਹਵਾਂ ਵਾਲੇ ਬਹੁਤ ਘੱਟ ਬੰਦੇ ਤਾਅਲੀਮ ਦੇਣ ਵਾਲੇ ਪਾਸੇ ਆਉਂਦੇ ਸਨ।

ਇਹ ਸਾਰੀਆਂ ਗੱਲਾਂ ਕੁਨੇਲ ਨੂੰ ਬਾਅਦੋਂ ਪਤਾ ਲੱਗੀਆਂ। ਸੱਭ ਤੋਂ ਪਹਿਲਾਂ ਉਹਦਾ ਟਾਕਰਾ ਸਕੂਲ ਦੇ ਚਪੜਾਸੀ ਤੇ ਫ਼ਿਰ ਹੈਡਮਾਸਟਰ ਹੋਰਾਂ ਨਾਲ ਹੋਇਆ। ਉਹ ਆਪਣਾ ਅਪਾਇੰਟਮਿੰਟ ਲੈਟਰ ਜੇਬ ਵਿੱਚ ਪਾਈ ਸਕੂਲ ਬਾਰੇ ਪੁੱਛਦਾ ਪੁਛਾਂਦਾ ਉਸ ਗਲੀ ਵਿੱਚ ਅੱਪੜਿਆ ਜਿਹਦੇ ਵਿੱਚ ਇਹ ਸਕੂਲ ਕਾਇਮ ਸੀ।

ਗਲੀ ਇੰਜ ਵੀਰਾਨ ਸੀ ਜਿਵੇਂ ਉੱਥੇ ਮੁਰਦਿਆਂ ਦਾ ਰਾਜ ਹੋਵੇ। ਸਵੇਰ ਦੇ ਨੋਂ ਵੱਜਣ ਵਾਲੇ ਸਨ ਪਰ ਕਿਸੇ ਤਰ੍ਹਾਂ ਨਹੀਂ ਸੀ ਲੱਗਦਾ ਕਿ ਉਸ ਗਲੀ ਵਿੱਚ ਕੋਈ ਸਕੂਲ ਵੀ ਸੀ। ਆਮ ਸਕੂਲਾਂ ਦੇ ਉਲਟ ਇਸ ਸਕੂਲ ਦਵਾਲੇ ਕੋਈ ਜੰਗਲਾ ਯਾਂ ਗਰਿਲ ਨਹੀਂ ਸੀ। ਜੇਲ ਵਾਂਗ ਉੱਚੀ ਕੰਧ ਸੀ ਜਿਹਦੇ ਵਿੱਚ ਇੱਕ ਨਿੱਕਾ ਜਿਹਾ ਕਾਲੇ ਰੰਗ ਦਾ ਅਕਹਿਰਾ ਬੂਹਾ ਸੀ ਜਿਹਦੇ ਉੱਤੇ ਅੰਗਰੇਜ਼ੀ ਵਿੱਚ "ਸਟੈਨਫ਼ਰਡ ਸਕੂਲ" ਦੇ ਲਫ਼ਜ਼ ਲਿਖੇ ਹੋਏ ਸਨ। ਬੂਹਾ ਤੇ ਉੱਤੇ ਲਿਖੇ ਹੋਏ ਅੱਖਰ ਦੋਵੇਂ ਹੀ ਬੁਰੀ ਤਰ੍ਹਾਂ ਜ਼ੰਗਾਲ ਖਾਧੇ ਹੋਏ ਸਨ। ਬੂਹਾ ਬੰਦਾ ਸੀ ਜਿਹੜਾ ਕਈ ਵਾਰ ਖੜਕਾਣ ਮਗਰੋਂ ਇੱਕ ਡਰਾਊਣੀ ਸੂਰਤ ਵਾਲੇ ਬੰਦੇ ਨੇ ਖੋਲ੍ਹਿਆ। ਕੁਨੇਲ ਉਹਦੀ ਸ਼ਕਲ ਵੇਖ ਕੇ ਇੱਕ ਵਾਰ ਤਾਂ ਡਰ ਹੀ ਗਿਆ।

"ਕੀ ਗੱਲ ਹੈ?" ਡਰਾਊਣੀ ਸ਼ਕਲ ਵਾਲੇ ਨੇ ਬੜੀ ਖਰ੍ਹਵੀ ਅਵਾਜ਼ ਨਾਲ ਪੁੱਛਿਆ। ਉਹਦੇ ਚਿਹਰੇ ਉੱਤੇ ਹੱਡੀਆਂ ਇੰਜ ਉਭਰੀਆਂ ਹੋਈਆਂ ਸਨ ਕਿ ਮਾਸ ਦਾ ਨਾਂ ਨਿਸ਼ਾਨ ਵੀ ਨਹੀਂ ਸੀ ਦਿਸਦਾ। ਹੱਡੀਆਂ ਦੇ ਉਸ ਢਾਂਚੇ ਵਿੱਚ ਕੋਈ ਅਜਿਹੀ ਗੱਲ ਜ਼ਰੂਰ ਸੀ ਜਿਹੜੀ ਬੰਦੇ ਨੂੰ ਡਰਾ ਦੇਂਦੀ ਸੀ।

"ਮੈਂ ਹੈਡ ਮਾਸਟਰ ਹੋਰਾਂ ਨੂੰ ਮਿਲਣਾ ਹੈ" ਕੁਨੇਲ ਨੇ ਦਿਲ ਵੱਡਾ ਕਰ ਕੇ ਆਖਿਆ।

"ਕਿਉਂ ਮਿਲਣਾ ਹੈ?" ਅੱਗੋਂ ਉਸੇ ਖਰ੍ਹਵੀ ਅਵਾਜ਼ ਨਾਲ ਸਵਾਲ ਹੋਇਆ।

"ਮੈਂ ਇਸ ਸਕੂਲ ਵਿੱਚ ਨਵਾਂ ਮਾਸਟਰ ਆਇਆ ਆਂ" ਕੁਨੇਲ ਨੇ ਜਵਾਬ ਦਿੱਤਾ।

ਡਰਾਊਣੇ ਚਿਹਰੇ ਵਾਲੇ ਨੇ ਕੁਨੇਲ ਨੂੰ ਸਿਰ ਤੋਂ ਲੈ ਕੇ ਪੈਰਾਂ ਤੀਕਰ ਗ਼ੋਰ ਨਾਲ ਵੇਖਿਆ। ਫ਼ਿਰ ਇੱਕ ਲੰਮੀ "ਉਹਹਹਹ॥॥।" ਉਹਦੇ ਮੂੰਹੋਂ ਨਿਕਲੀ ਤੇ ਉਹ ਬੂਹਾ ਬੰਦ ਕਰ ਕੇ ਅੰਦਰ ਗ਼ਾਇਬ ਹੋ ਗਿਆ। ਕੁਨੇਲ ਦੁਚਿੱਤੀ ਦਾ ਸ਼ਿਕਾਰ ਹੋ ਗਿਆ। ਅੰਦਰ ਜਾਵੇ ਯਾਂ ਨਾ ਜਾਵੇ? ਕੀ ਕਰੇ?

ਥੋੜੀ ਦੇਰ ਬਾਅਦ ਉਹ ਬੂਹਾ ਫ਼ਿਰ ਖੁੱਲਿਆ। "ਆਓ!" ਦੀ ਅਵਾਜ਼ ਨਾਲ ਉਹੀ ਡਰਾਊਣੇ ਚਿਹਰੇ ਵਾਲਾ ਫ਼ਿਰ ਸਾਹਮਣੇ ਸੀ। ਕੁਨੇਲ ਉਹਦੇ ਮਗਰ ਮਗਰ ਬੂਹੇ ਵਿੱਚ ਦਾਖ਼ਲ ਹੋ ਗਿਆ।

ਬੂਹੇ ਦੇ ਅੰਦਰ ਜਾਂਦਿਆਂ ਹੀ ਕੁਨੇਲ ਨੂੰ ਲੱਗਿਆ ਜਿਵੇਂ ਉਹ ਕਿਸੇ ਵੱਖਰੀ ਦੁਨੀਆ ਵਿੱਚ ਆ ਗਿਆ ਹੋਵੇ ।ਬਾਹਰ ਗਲੀ ਵਿੱਚ ਮਾਰਚ ਮਹੀਨੇ ਦੀ ਚਮਕੀਲੀ ਤੇ ਹਵਾ ਨਾਲ ਭਰੀ ਹੋਈ ਧੁੱਪ ਸੀ ਪਰ ਬੂਹੇ ਦੇ ਅੰਦਰ ਆਉਂਦਿਆਂ ਹੀ ਉਹਨੂੰ ਲੱਗਾ ਜਿਵੇਂ ਇਹ ਅੱਧ ਸਰਦੀਆਂ ਦਾ ਕੋਈ ਮਹੀਨਾ ਸੀ ।ਫ਼ਿਜ਼ਾ ਵਿੱਚ ਸਿੱਲ੍ਹ ਤੇ ਠੰਡਕ ਦੇ ਭਰਵੇਂ ਇਹਸਾਸ ਦੇ ਨਾਲ ਨਾਲ ਅਜੀਬ ਜਿਹੀ ਉਛਾਣ੍ਹ ਵੀ ਖਿੱਲਰੀ ਹੋਈ ਸੀ ।ਜਿਵੇਂ ਮੱਛੀ ਦੀ ਦੁਕਾਨ ਵਿੱਚ ਹੁੰਦੀ ਹੈ ।ਅਜੀਬ ਜਿਹੀ ਉੱਲੀ ਵਰਗੀ ਬੋ ॥॥।

ਸਕੂਲ ਦੀ ਇਮਾਰਤ ਵੀ ਬੜੀ ਤੰਗ ਜਹੀ ਸੀ ।ਕੰਧਾਂ ਉੱਤੇ ਹਰੇ ਰੰਗ ਦੀ ਉੱਲੀ ਲੱਗੀ ਵੇਖ ਕੇ ਕੁਨੇਲ ਨੂੰ ਜਾਪਿਆ ਕਿ ਹਰ ਪਾਸੇ ਪੱਸਰੀ ਬੋ ਦਾ ਕਾਰਨ ਇਹੋ ਉੱਲੀ ਹੈ ।ਹੈਡ ਮਾਸਟਰ ਦਾ ਕਮਰਾ ਵੀ ਅਜੀਬ ਤੰਗ ਤੇ ਅਨ੍ਹੇਰ ਕੋਠੜੀ ਵਰਗਾ ਕਮਰਾ ਸੀ ।ਕਿਸੇ ਪਾਸੇ ਕੋਈ ਬਲਬ ਨਜ਼ਰ ਨਹੀਂ ਸੀ ਆ ਰਿਹਾ ।ਸ਼ਾਇਦ ਬਿਜਲੀ ਗਈ ਹਈ ਸੀ ।ਕੁਨੇਲ ਨੂੰ ਕੁਝ ਵੀ ਨਹੀਂ ਸੀ ਵਖਾਲੀ ਦੇ ਰਿਹਾ।

“ ਬੈਠੋ !” ਦੀ ਅਵਾਜ਼ ਨਾਲ ਉਹ ਤਰਿਭਕ ਗਿਆ ।ਉਹਨੂੰ ਇਹਸਾਸ ਹੋਇਆ ਕਿ ਉਹ ਇੱਕ ਮੇਜ਼ ਦੇ ਇੱਕ ਪਾਸੇ ਖਲੋਤਾ ਸੀ ਜਿਹਨੇ ਅੱਧੇ ਕਮਰੇ ਨੂੰ ਘੇਰਿਆ ਹੋਇਆ ਸੀ ।ਮੇਜ਼ ਦੇ ਦੂਜੇ ਪਾਸੇ ਹੈਡ ਮਾਸਟਰ ਸਾਹਬ ਬੈਠੇ ਸਨ (ਇਹ ਕੁਨੇਲ ਦਾ ਅੰਦਾਜ਼ਾ ਹੀ ਸੀ) ਹੈਡ ਮਾਸਟਰ ਹੋਰਾਂ ਦੇ ਚਿਹਰੇ ਉੱਤੇ ਧੁੱਪ ਵਾਲੀ ਕਾਲੀ ਐਨਕ ਸੀ ।ਕੁਨੇਲ ਦੀਆਂ ਨਜ਼ਰਾਂ ਅਨ੍ਹੇਰੇ ਦੀਆਂ ਕੁਝ ਕੁਝ ਆਦੀ ਹੋ ਗਈਆਂ ਸਨ ਤੇ ਉਹ ਹੈਰਾਨ ਸੀ ਕਿ ਹੈਡ ਮਾਸਟਰ ਹੋਰੀ ਇਸ ਅਨ੍ਹੇਰ ਕਮਰੇ ਵਿੱਚ ਕਾਲੀ ਐਨਕ ਲਾ ਕੇ ਉਹਨੂੰ ਕਿਵੇਂ ਵੇਖ ਸਕਦੇ ਨੇਂ ?ਉਹ ਚੁੱਪ ਕਰ ਕੇ ਬਹਿ ਗਿਆ ।

“ ਤੁਸੀਂ ਨਵੇਂ ਮਾਸਟਰ ਜੀ ਹੋ ?” ਉਹਨਾਂ ਨੇ ਕੁਨੇਲ ਨੂੰ ਪੁੱਛਿਆ ।

“ ਜੀ ਆ” ਕੁਨੇਲ ਨੇ ਮੁਖ਼ਤਸਰ ਜਵਾਬ ਦਿੱਤਾ ।

“ ਵਖਾਓ ਆਪਣਾ ਅਪਾਇੰਟਮਿੰਟ ਲੈਟਰ ” ਹੈਡ ਮਾਸਟਰ ਹੋਰੀ ਵੀ ਫ਼ੌਰਨ ਮਤਲਬ ਦੀ ਗੱਲ ਉੱਤੇ ਆ ਗਏ ।

ਕੁਨੇਲ ਨੇ ਆਪਣੀ ਜੇਬ ਵਿੱਚੋਂ ਲੇਟਰ ਕੱਢਿਆ ਤੇ ਉਹਦੀਆਂ ਤਹਿਵਾਂ ਖੋਲ੍ਹ ਕੇ ਹੈਡ ਮਾਸਟਰ ਹੋਰਾਂ ਨੂੰ ਥਮਾ ਦਿੱਤਾ ।ਹੈਡ ਮਾਸਟਰ ਹੋਰਾਂ ਉਹ ਲੈਟਰ ਫੜਿਆ ਤੇ ਪੜ੍ਹਣ ਲੱਗ ਪਏ ।ਕੁਨੇਲ ਖ਼ੋਫ਼ਜ਼ਦਾ ਹੋ ਗਿਆ ।ਇਨੇ ਅਨ੍ਹੇਰੇ ਵਿੱਚ ਤਾਂ ਉਹ ਆਪ ਐਨਕ ਤੋਂ ਬਿਨਾ ਵੀ ਨਹੀਂ ਪੜ੍ਹ ਸਕਦਾ, ਇਹ ਬੰਦਾ ਕਿਵੇਂ ਪੜ੍ਹ ਸਕਦਾ ਹੋਵੇ ਗਾ ।ਸ਼ਾਇਦ ਇਹ ਪੜ੍ਹਣ ਦਾ ਤਾਸੁਰ ਦੇ ਰਿਹਾ ਹੈ ।ਕੁਨੇਲ ਨੇ ਸੋਚਿਆ ।

“ ਤੁਹਾਡਾ ਨਾਂ ਮਿਸਟਰ ਕੁਨੇਲ ਹੈ ?” ਹੈਡ ਮਾਸਟਰ ਹੋਰਾਂ ਪੁੱਛਿਆ ਤਾਂ ਕੁਨੇਲ ਦੇ ਖ਼ੋਫ਼ ਵਿੱਚ ਵਾਧਾ ਹੋ ਗਿਆ ।ਹੈਡ ਮਾਸਟਰ ਪੜ੍ਹਣ ਦਾ ਤਾਸੁਰ ਨਹੀਂ ਸੀ ਦੇ ਰਹਾ ਸਗੋਂ ਉਹ ਪੜ੍ਹ ਸਕਦਾ ਸੀ ।ਪਰ ਕਿਵੇਂ ?ਇਸ ਅਨ੍ਹੇਰੇ ਕਮਰੇ ਵਿੱਚ ?ਤੇ ਉਹ ਵੀ ਕਾਲੀ ਐਨਕ ਲਾ ਕੇ ?

“ ਤੁਸੀਂ ਬਰਸਰ ਕੋਲ ਚਲੇ ਜਾਓ ।ਨਾਲ ਦੇ ਕਮਰੇ ਨਾਲੋਂ ਅਗਲਾ ਕਮਰਾ ।” ਉਹਨਾਂ ਨੇ ਖੱਬੇ ਹੱਥ ਨਾਲ ਇਸ਼ਾਰਾ ਕੀਤਾ ਤਾਂ ਕੁਨੇਲ ਨੇ ਵੇਖਿਆ ਕਿ ਉਹਨਾਂ ਦੇ ਹੱਥ ਵਿੱਚ ਉਂਗਲਾਂ ਕੋਈ ਨਹੀਂ ਸਨ, ਸਿਰਫ਼ ਤਲੀ ਹੀ ਸੀ ।ਉਹ ਚੁੱਪ ਚਾਪ ਉੱਠਿਆ ਤੇ ਹੈਡ ਮਾਸਟਰ ਹੋਰਾਂ ਕੋਲੋਂ ਆਪਣਾ ਲੈਟਰ ਫੜ ਕੇ ਬਾਹਰ ਨਿਕਲ ਆਇਆ ।

ਬਰਸਰ ਹੋਰੀ ਖ਼ੋਰੇ ਅੰਗ ਹੀਣ ਸਨ ਕਿ ਨਹੀਂ, ਕੁਨੇਲ ਫ਼ੈਸਲਾ ਨਾ ਕਰ ਸਕਿਆ ।ਅਸਲੋਂ ਉਹਨਾਂ ਦੇ ਅੰਗ ਪੈਰ ਸਲਾਮਤ ਸਨ ਪਰ ਇਹਦੇ ਬਾਵਜੂਦ ਉਹਨਾਂ ਨੂੰ “ ਨਾਰਮਲ ” ਨਹੀਂ ਸੀ ਸਮਝਿਆ ਜਾ ਸਕਦਾ ।ਉਹਨਾਂ ਦੇ ਚਿਹਰੇ ਉੱਤੇ ਠੋਡੀ ਨਾਂ ਦੀ ਕੋਈ ਸ਼ੈ ਮੁੱਢੋਂ ਨਹੀਂ ਸੀ, ਹੇਠਲੇ ਬੁੱਲ੍ਹ ਤੋਂ ਥੱਲੇ ਢਲਵਾਨ ਵਰਗੀ ਗਰਦਨ ਸ਼ੁਰੂ ਹੋ ਜਾਂਦੀ ਸੀ ।ਉਹਨਾਂ ਦੇ ਕੰਨ ਵੀ ਇਨੇ ਵੱਡੇ ਵੱਡੇ ਸਨ



ਜਿਹਨਾਂ ਨੂੰ ਵੇਖ ਕੇ ਚਾਮਚੜਿਕ ਦੇ ਖਿੱਲਰੇ ਖੰਭਾਂ ਦਾ ਖ਼ਿਆਲ ਆਉਂਦਾ ਸੀ ।ਉਂਜ ਉਹ ਵੀ ਹੈਡ ਮਾਸਟਰ ਹੋਰਾਂ ਵਾਂਗ ਘੱਟ ਬੋਲੀਏ ਨਿਕਲੇ ।ਤਆਰੁਫ਼ ਮਗਰੋਂ ਉਹਨਾਂ ਨੇ ਕੁਨੇਲ ਕੋਲੋਂ ਅਪਾਇੰਟਮਿੰਟ ਲੈਟਰ ਫੜਿਆ, ਫ਼ਿਰ ਇੱਕ ਰਜਿਸਟਰ ਤੇ ਕੁਝ ਫ਼ਾਰਮ ਕੱਢੇ ।ਕਿੰਨੀ ਹੀ ਦੇਰ ਉਹ ਫ਼ਾਰਮ ਪੁਰ ਕਰਦੇ ਰਹੇ, ਰਜਿਸਟਰ ਵਿੱਚ ਕੁਝ ਲਿਖਿਆ ਤੇ ਫ਼ਿਰ ਕੁਨੇਲ ਨਾਲ ਮੁਖ਼ਾਤਬ ਹੋਏ ।

“ ਇਥੇ ਸਾਇਨ ਕਰ ਦਿਓ ” ਉਹਨਾਂ ਨੇ ਕਾ.ਗਜ਼ ਉੱਤੇ ਇੱਕ ਥਾਂ ਉਂਗਲੀ ਰੱਖ ਕੇ ਕਾ.ਗਜ਼ ਉਹਦੇ ਸਾਹਮਣੇ ਕਰ ਦਿੱਤਾ ।

ਕਾ.ਗਜ਼ ਉੱਤੇ “ ਜਾਇਨੰਗ ਰਿਪੋਰਟ ” ਦੀ ਸੁਰਖ਼ੀ ਵੇਖ ਕੇ ਕੁਨੇਲ ਨੇ ਹੋਰ ਕਿਸੇ ਇੰਦਰਾਜ ਨੂੰ ਪੜ੍ਹਣ ਦੀ ਕੋਸ਼ਿਸ਼ ਨਹੀਂ ਕੀਤੀ ਤੇ ਚੁੱਪ ਚਾਪ ਸਾਇਨ ਕਰ ਦਿੱਤੇ ।ਚਾਰ ਕਾਪੀਆਂ ਉੱਤੇ ਸਾਇਨ ਕਰਾਣ ਮਗਰੋਂ ਉਹਨਾਂ ਨੇ ਰਜਿਸਟਰ ਵੀ ਕੁਨੇਲ ਦੇ ਅੱਗੇ ਕਰ ਦਿੱਤਾ ਤੇ ਰਜਿਸਟਰ ਦੇ ਸਫ਼ਹੇ ਉੱਤੇ ਇੱਕ ਥਾਂ ਉਂਗਲੀ ਰੱਖ ਦਿੱਤੀ ।ਕੁਨੇਲ ਨੇ ਉੱਥੇ ਵੀ ਦਸਤਖ਼ਤ ਕਰ ਦਿੱਤੇ ।ਸਾਰਾ ਕੁਝ ਇੰਜ ਹੋ ਰਿਹਾ ਸੀ ਜਿਵੇਂ ਕੁਨੇਲ ਉੱਤੇ ਕਿਸੇ ਨੇ ਹਿਪਨਾਟਿਜ਼ਮ ਕਰ ਦਿੱਤਾ ਹੋਵੇ ।

“ ਬਸ ਠੀਕ ਹੈ, ਹੁਣ ਤੁਸੀਂ ਹੈਡ ਮਾਸਟਰ ਹੋਰਾਂ ਕੋਲ ਵਾਪਸ ਜਾਓ ” ਬਰਸਰ ਹੋਰਾਂ ਕੁਨੇਲ ਨੂੰ ਹਦਾਇਤ ਕੀਤੀ ।ਕੁਨੇਲ ਇੱਕ ਵਾਰ ਫ਼ਿਰ ਹੈਡ ਮਾਸਟਰ ਹੋਰਾਂ ਦੇ ਕਮਰੇ ਵਿੱਚ ਸੀ ।

“ ਬੈਠੋ !” ਹੈਡ ਮਾਸਟਰ ਹੋਰਾਂ ਫ਼ਿਰ ਆਖਿਆ ।ਲੱਗਦਾ ਸੀ ਉਹ ਹਰ ਬੰਦੇ ਨਾਲ ਤੇ ਹਰ ਵਾਰ ਪਹਿਲਾ ਲਫ਼ਜ਼ ਇਹੋ ਬੋਲਦੇ ਸਨ ।

ਪਰ ਇਸ ਵਾਰੀ ਉਹ ਥੋੜਾ ਨਹੀਂ ਬੋਲੇ ।ਖ਼ੋਰੇ ਉਹਨਾਂ ਦੇ ਖ਼ਿਆਲ ਵਿੱਚ ਜਾਇਨ ਕਰਨ ਮਗਰੋਂ ਕੁਨੇਲ ਔਬੜ ਨਹੀਂ ਸੀ ਰਿਹਾ ਸਗੋਂ ਉਹਨਾਂ ਦੇ ਸਕੂਲ ਦਾ ਇੱਕ ਮਿੰਬਰ ਬਣ ਗਿਆ ਸੀ ਤੇ ਸਕੂਲ ਮਿੰਬਰ ਨਾਲ ਉਹ ਹਰ ਗੱਲ ਕਰ ਸਕਦੇ ਸਨ ।ਸਕੂਲ ਬਾਰੇ ਬੁਨਿਆਦੀ ਗੱਲਾਂ ਦੱਸਣ ਦੇ ਨਾਲ ਨਾਲ ਉਹਨਾਂ ਨੇ ਕੁਨੇਲ ਨੂੰ ਇਹ ਵੀ ਦੱਸਿਆ ਕਿ ਸਕੂਲ ਵਿੱਚ ਪੜ੍ਹਿਆਰਾਂ ਦੀ ਗਿਣਤੀ ਡੇਢ ਸੋ ਤੋਂ ਕੁਝ ਉੱਤੇ ਸੀ ।ਇਹ ਸਕੂਲ ਛੇਵੀਂ ਤੱਕ ਸੀ ਤੇ ਅੰਗਰੇਜ਼ਾਂ ਦੇ “ ਲੋਇਰ ਮਿਡਲ ” ਸਕੂਲਾਂ ਦੀ ਯਾਦਗਾਰ ਸੀ ।ਸਕੂਲ ਵਿੱਚ ਹੈਡ ਮਾਸਟਰ ਹੋਰਾਂ ਨੂੰ ਤੇ ਆਪ ਕੁਨੇਲ ਨੂੰ ਰਲਾ ਕੇ ਇਸ ਵੇਲੇ ਕੁਲ ਸੱਤ ਮਾਸਟਰ ਸਨ ਜਿਹਨਾਂ ਤੋਂ ਵੱਖ ਹਾਸਟਲ ਦੀ ਇੰਚਾਰਜ ਮਿਸ ਸੋਨੀਆ ਵੀ ਸਨ ।ਸਕੂਲ ਵਿੱਚ ਦਾਖ਼ਲਾ ਲੈਣ ਵਾਲੇ ਸਾਰੇ ਹੀ ਬਾਲ ਬੱਜਲ ਹੁੰਦੇ ਸਗੋਂ ਦਾਖ਼ਲੇ ਵਾਸਤੇ ਬੁਨਿਆਦੀ ਸ਼ਰਤ ਵੀ ਇਹੋ ਹੀ ਸੀ ।ਮਾਸਟਰਾਂ ਵਾਸਤੇ ਵੀ ਬੱਜਲ ਹੋਣਾ ਇੱਕ ਵਾਧੂ “ ਖ਼ੂਬੀ ” ਸਮਝੀ ਜਾਂਦੀ ਸੀ ।

ਹੈਡ ਮਾਸਟਰ ਹੋਰੀ ਕੋਈ ਅੱਧਾ ਘੰਟਾ ਕੁਨੇਲ ਨਾਲ ਗੱਲਾਂ ਕਰਦੇ ਰਹੇ ।ਇਸ ਦੋਰਾਨ ਉਹਨਾਂ ਨੇ ਓੱਸੇ ਡਰਾਊਣੇ ਚਪੜਾਸੀ ਹੱਥੋਂ ਕੁਨੇਲ ਨੂੰ ਚਾਹ ਵੀ ਪਿਆਈ ।ਸਖ਼ਤ ਕਾਲੀ ਤੇ ਜ਼ਹਿਰ ਵਾਂਗ ਕੌੜੀ ਚਾਹ ਕੁਨੇਲ ਨੇ ਇਸ ਪਾਰੋਂ ਔਖੇ ਹੋ ਕੇ ਪੀ ਲਈ ਕਿ ਅੱਜ ਸਕੂਲ ਵਿੱਚ ਉਹਦਾ ਪਹਿਲਾ ਦਿਨ ਸੀ ਤੇ ਚਾਹ ਦਾ ਨਾ ਪੀਣਾ ਬਦ ਅਖ਼ਲਾਕੀ ਸਮਝਿਆ ਜਾਂਦਾ ।

“ ਹੁਣ ਤੁਸੀਂ ਜਾਓ, ਕੱਲ ਸਵੇਰੇ ਅੱਠ ਵਜੇ ਆ ਜਾਣਾ, ਬਾਕੀ ਕੰਮ ਕੱਲ ਕਰਾਂ ਗੇ ” ਹੈਡ ਮਾਸਟਰ ਹੋਰਾਂ ਬਿਨਾ ਕੋਈ ਇਸ਼ਾਰਾ ਦਿੱਤੇ, ਅੱਚਣ ਚੇਤ ਕੁਨੇਲ ਨੂੰ ਆਖ ਦਿੱਤਾ ।ਹੈਰਾਨ ਪਰੇਸ਼ਾਨ ਕੁਨੇਲ ਉੱਠ ਖਲੋਤਾ ।ਵਾਪਸ ਆਉਂਦਿਆਂ ਉਹ ਆਪਣੀ ਬੁਜ਼ਦਿਲੀ ਪਾਰੋਂ ਆਪਣੇ ਆਪ ਨੂੰ ਨਿਦੰਦਾ ਆ ਰਿਹਾ ਸੀ ।ਐਡੇ ਡਰ ਦੀ ਕੀ ਗੱਲ ਹੈ ?ਹੈ ਤੇ ਉਹ ਸਾਰੇ ਇਨਸਾਨ ਹੀ ਨੇਂ ।ਜੇ ਬੱਜਲ ਹੋਏ ਤਾਂ ਕੀ ਹੈ, ਬੰਦਿਆਂ ਕੋਲੋਂ ਡਰਣਾ ਕਾਹਦਾ ?ਮਸਾਂ ਮਰ ਕੇ ਨੌਕਰੀ ਮਿਲੀ ਹੈ, ਹੁਣ ਹਰ ਮੁਲ ਉੱਤੇ ਗੁਜ਼ਾਰਾ ਕਰਨਾ ਹੈ ।ਹੋ ਸਕਦਾ ਹੈ ਮਹੀਨਾ ਦੋ ਮਹੀਨੇ ਨੂੰ ਕੋਈ ਹੋਰ ਚੰਗੀ ਨੌਕਰੀ ਮਿਲ ਜਾਵੇ, ਓਦੋਂ ਇਹ ਛੱਡ ਦਿਆਂ ਗਾ ।ਪਰ ਡਰ ਦਾ ਤਾਂ ਕੋਈ ਜਵਾਜ਼ ਨਹੀਂ ।

ਦੋ ਚਾਰ ਦਿਨਾਂ ਵਿੱਚ ਹੀ ਕੁਨੇਲ ਸਕੂਲ ਦਾ ਚੰਗਾ ਜਾਣੂ ਹੋ ਗਿਆ ।ਹੈਡ ਮਾਸਟਰ ਹੋਰਾਂ

ਉਹਨੂੰ ਪੇਸ਼ਕਸ਼ ਕੀਤੀ ਸੀ ਕਿ ਜੇ ਉਹ ਚਾਹਵੇ ਤਾਂ ਸਕੂਲ ਦੇ ਅੰਦਰ ਹੀ ਰਹਾਇਸ਼ ਰੱਖ ਲਵੇ ।ਸਕੂਲ ਦੀ ਨਿੱਕੀ ਜਹੀ ਅਮਾਰਤ ਦੋ ਮੰਜ਼ਲੀ ਸੀ ।ਥੱਲੜੀ ਮੰਜ਼ਲ ਵਿੱਚ ਹੈਡ ਮਾਸਟਰ ਹੋਰਾਂ ਦਾ ਦਫ਼ਤਰ, ਦੂਜੇ ਦਫ਼ਤਰ ਤੇ ਪਹਿਲੀ ਤੋਂ ਤੀਜੀ ਤੱਕ ਦੀਆਂ ਕਲਾਸਾਂ ਲੱਗਦੀਆਂ ਸਨ ।ਐਸੇ ਮੰਜ਼ਲ ਦੇ ਅਖ਼ੀਰ ਉੱਤੇ ਮਾਸਟਰਾਂ ਦੇ ਰਹਿਣ ਵਾਸਤੇ ਨਿੱਕੇ ਨਿੱਕੇ ਕਮਰੇ ਸਨ ।ਉਪੱਰਲੀ ਮੰਜ਼ਲ ਵਿੱਚ ਚੋਥੀ ਤੋਂ ਛੇਵੀਂ ਜਮਾਅਤ ਦੇ ਨਾਲ ਨਾਲ ਸਕੂਲ ਹਾਸਟਲ ਤੇ ਬਾਵਰਚੀ ਖ਼ਾਨਾ ਵੀ ਸੀ ।ਉਤਲੀ ਮਨਜ਼ਲ ਨੂੰ ਜਾਣ ਵਾਸਤੇ ਸੱਜੇ ਹੱਥ ਤੰਗ ਤੇ ਅਨ੍ਹੇਰੀਆ ਪੋੜ੍ਹੀਆਂ ਸਨ ਜਦ ਕਿ ਖੱਬੇ ਹੱਥ ਹਸਪਤਾਲਾਂ ਵਾਂਗ ਲੰਮੀ ਢਲਾਨੀ ਰਾਹ ਵੀ ਸੀ ਤਾਂ ਜੇ ਵੀਲ ਚਿਅਰ ਵਰਗੀਆਂ ਚੀਜ਼ਾਂ ਵੀ ਸੌਖਿਆਈ ਨਾਲ ਉੱਤੇ ਜਾ ਸਖਣ ।

ਕੁਨੇਲ ਨੂੰ ਪਤਾ ਲੱਗ ਗਿਆ ਸੀ ਕਿ ਹੈਡ ਮਾਸਟਰ ਹੋਰੀ ਨਜ਼ਰ ਵੱਲੋਂ ਲੱਗ ਭੱਗ ਰਹੇ ਹੋਏ ਨੇਂ ।ਉਹ ਅੱਨ੍ਹੇ ਤਾਂ ਨਹੀਂ ਸਨ ਪਰ ਅੱਨ੍ਹੇ ਨਾਲੋਂ ਮਸਾਂ ਹੀ ਘੱਟ ਸਨ ।ਉਹਨਾਂ ਨੇ ਅੰਦਾਜ਼ੇ ਨਾਲ ਹਰ ਕੰਮ ਕਰਨ ਦੀ ਪਰੈਕਟਸ ਕਰ ਲਈ ਹੋਈ ਸੀ ।ਅਜੀਬ ਗੱਲ ਇਹ ਕਿ ਉਹਨਾਂ ਦੀਆਂ ਅੱਖਾਂ ਉੱਲੂ ਵਾਂਗ ਸਨ ।ਰੋਸ਼ਨੀ ਵਿੱਚ ਉਹਨਾਂ ਨੂੰ ਕੁਝ ਵੀ ਨਹੀਂ ਸੀ ਦਿਸਦਾ ਪਰ ਅਨ੍ਹੇਰੇ ਵਿੱਚ ਉਹ ਚੰਗਾ ਭਲਾ ਵੇਖ ਲੈਂਦੇ ਸਨ ।ਇਹੋ ਕਾਰਨ ਹੈ ਕਿ ਉਨ੍ਹਾਂ ਨੂੰ ਆਪਣੇ ਕਮਰੇ ਵਿੱਚ ਬਲਬ ਬਾਲਣ ਦੀ ਲੋੜ ਨਹੀਂ ਸੀ ਹੁੰਦੀ ।ਇਸ ਇੰਕਸ਼ਾਫ਼ ਉੱਤੇ ਕੁਨੇਲ ਦਿਲ ਹੀ ਦਿਲ ਵਿੱਚ ਬਹੁਤ ਹੱਸਿਆ ।ਉਹ ਇਵੇਂ ਡਰਿਆ ਪਿਆ ਸੀ ।ਬਲਬ ਨਾ ਬਾਲਣਾ ਤਾਂ ਹੈਡ ਮਾਸਟਰ ਹੋਰਾਂ ਦੀ ਮਜਬੂਰੀ ਸੀ ।

ਕੁਨੇਲ ਨੂੰ ਪਹਿਲੇ ਹੀ ਦਿਨ ਇਹ ਵੀ ਪਤਾ ਲੱਗ ਗਿਆ ਕਿ ਇਸ ਸਕੂਲ ਵਿੱਚ ਆ ਕੇ ਉਹ ਨੱਕ ਕੱਪੇ ਲੋਕਾਂ ਵਿੱਚ ਨੱਕੂ ਬਣ ਗਿਆ ਹੈ ।ਉਹਨੂੰ ਜਾਪਿਆ ਜਿਵੇਂ ਉਹ ਕਿਸੇ ਹੋਰ ਦੁਨੀਆ ਦਾ ਵਾਸੀ ਹੈ ।ਪੂਰੇ ਸਕੂਲ ਵਿੱਚ ਉਹ ਕੱਲਮ ਕੱਲਾ ਬੰਦਾ ਸੀ ਜਿਹੜਾ ਨਾਰਮਲ ਸੀ ।ਜਦੋਂ ਪਹਿਲੇ ਦਿਨ ਉਹ ਪੋੜ੍ਹੀਆਂ ਚੜ੍ਹ ਕੇ ਚੋਥੀ ਕਲਾਸ ਵਿੱਚ ਗਿਆ ਤਾਂ ਉਹਨੇ ਵੇਖਿਆ ਕਿ ਬਾਲਾਂ ਵਿੱਚ ਕੋਈ ਵੀ ਅਜਿਹਾ ਨਹੀਂ, ਜਿਹਦੇ ਪੂਰੇ ਅੰਗ ਪੈਰ ਸਲਾਮਤ ਹੋਣ ।ਕਲਾਸ ਵਿੱਚ ਉਹਨਾਂ ਦੇ ਸਾਮ੍ਹਣੇ ਖਲੋ ਕੇ ਉਹਨੇ ਮਹਿਸੂਸ ਕੀਤਾ ਕਿ ਸਾਰੀ ਕਲਾਸ ਦੇ ਬਾਲ ਉਹਨੂੰ ਨਫ਼ਰਤ ਤੇ ਹਸਦ ਨਾਲ ਵੇਖ ਰਹੇ ਨੇਂ ।ਉਹ ਜੋ ਉਹਨਾਂ ਦਾ ਉਸਤਾਦ ਸੀ, ਪੂਰੇ ਅੰਗ ਰੱਖਦਾ ਸੀ ।ਕਿਉ ? ਉਹਨੂੰ ਇਹ ਸੋਚ ਕੇ ਬਹੁਤ ਜ਼ਿਆਦਾ ਕੋਫ਼ਤ ਜਾਪੀ ਕਿ ਹੁਣ ਉਹਨੂੰ ਹਰ ਰੋਜ਼ ਹੀ ਇਹਨਾਂ ਨਫ਼ਰਤ ਤੇ ਹਸਦ ਭਰੀਆਂ ਨਜ਼ਰਾਂ ਦਾ ਨਿਸ਼ਾਨਾ ਬਨਣਾ ਪਿਆ ਕਰੇ ਗਾ ।

ਸਟਾਫ਼ ਰੂਮ ਹਾਸਟਲ ਦੇ ਨਾਲ ਹੀ ਸੀ ।ਸਕੂਲ ਦਾ ਵੇਲਾ ਸਵੇਰ ਅੱਠ ਤੋਂ ਸ਼ਾਮ ਚਾਰ ਵਜੇ ਤੱਕ ਦਾ ਸੀ ।ਦੁਪਹਿਰ ਇੱਕ ਵਜੇ ਅੱਧੀ ਛੁੱਟੀ ਹੁੰਦੀ ਤੇ ਸਾਰੇ ਪੜ੍ਹਿਆਰਾਂ ਤੇ ਉਸਤਾਦਾਂ ਨੂੰ ਲੰਚ ਮਿਲਦਾ ਸੀ ।ਉਸਤਾਦਾਂ ਦਾ ਲੰਚ ਸਟਾਫ਼ ਰੂਮ ਵਿੱਚ ਹੀ ਹੁੰਦਾ ।ਸਟਾਫ਼ ਰੂਮ ਵਿੱਚ ਹੀ ਕੁਨੇਲ ਦਾ ਆਪਣੇ ਨਵੇਂ ਕਾਰ ਸੰਗੀਆਂ ਨਾਲ ਤਆਰੁਫ਼ ਹੋਇਆ ਪਰ ਇੱਥੇ ਵੀ ਉਹਨੂੰ ਉਹਨਾਂ ਹੀ ਨਜ਼ਰਾਂ ਦਾ ਸਾਹਮਣਾ ਕਰਨਾ ਪਿਆ ਜਿਹੜੀਆਂ ਉਹ ਕੁਝ ਦੇਰ ਪਹਿਲਾਂ ਤੱਕ ਕਲਾਸ ਰੂਮ ਵਿੱਚ ਵੇਖਦਾ ਆਇਆ ਸੀ ।ਕਲਾਸ ਰੂਮ ਦੇ ਬਾਲਾਂ ਨੂੰ ਤਾਂ ਖ਼ੈਰ ਉਹ ਕਿਸੇ ਨਾ ਕਿਸੇ ਢੰਗ ਪਰਚਾ ਸਕਦਾ ਸੀ ਪਰ ਇੱਥੇ ਪੱਕੀ ਉਮਰ ਦੇ ਸੰਗੀਆਂ ਦੇ ਸਾਹਮਣੇ ਉਹ ਕੀ ਕਰਦਾ ।

ਮਾਸਟਰਾਂ ਵਿੱਚੋਂ ਦੋ ਮਾਸਟਰ ਵੀਲ ਚਿਅਰ ਉੱਤੇ ਲੰਚ ਕਰਨ ਆਏ ਸਨ ।ਇਹ ਸਨ ਤੀਜੀ ਜਮਾਅਤ ਦੇ ਮਿਸਟਰ ਲੀਮੀਜ ਤੇ ਦੂਜੀ ਜਮਾਅਤ ਦੇ ਮਿਸਟਰ ਲਾਪ, ਤੀਜੇ ਮਾਸਟਰ ਦਜਾਮ ਹੋਰਾਂ ਦੀ ਖੱਬੀ ਬਾਂਹ ਮੁੱਢੋਂ ਗ਼ਾਇਬ ਸੀ ਤੇ ਉਹਦੀ ਥਾਵੇਂ ਕੋਟ ਦੀ ਅਸਤੀਨ ਲਮਕ ਰਹੀ ਸੀ। ਦੋ ਮਾਸਟਰ ਨਾਸ਼ ਤੇ ਰਸੀਕ ਅਜਿਹੇ ਸਨ ਜਿਹਨਾਂ ਦੀ ਇੱਕ ਇੱਕ ਸੱਜੀ ਲੱਤ ਗੋਡੇ ਥੱਲੋਂ ਕੱਟੀ ਹਈ ਸੀ ।ਉਹ ਲਾਠੀ ਦਾ ਸਹਾਰਾ ਲੈ ਕੇ ਆਏ ਸਨ ।ਪਤਾ ਲੱਗਾ ਕਿ ਛੇਵੇਂ ਮਾਸਟਰ ਦੇਹਾਨ ਹੋਰੀ ਬੀਮਾਰੀ



ਪਾਰੋਂ ਅੱਜ ਸਕੂਲ ਨਹੀਂ ਆ ਰਹੇ ।ਕੁਨੇਲ ਦਾ ਅੰਦਾਜ਼ਾ ਸੀ ਕਿ ਉਹ ਵੀ ਕਿਸੇ ਨਾ ਕਿਸੇ ਪਾਸਿਓਂ ਬੱਜਲ ਹੋਣ ਗੇ, ਬਾਅਦ ਵਿੱਚ ਇਹਦੀ ਤਸਦੀਕ ਵੀ ਹੋ ਗਈ ।ਹਾਸਟਲ ਦੇ ਬਾਵਰਚੀ ਖ਼ਾਨੇ ਵਿੱਚ ਦੋ ਬਾਵਰਚੀ ਸਨ ਤੇ ਉਹ ਦੋਵੇਂ ਵੀ ਗੁੰਗੇ ਸਨ ।ਮਿਸ ਸੋਨੀਆ ਨੂੰ, ਜਿਹਦਾ ਨਾਂ ਪਹਿਲੇ ਦਿਨ ਸੁਣ ਕੇ ਕੁਨੇਲ ਦਾ ਖ਼ਿਆਲ ਸੀ ਕਿ ਸ਼ਾਇਦ ਉਹ ਇਸ ਸਕੂਲ ਦੀ ਇੱਕੋ ਇੱਕ ਮੂੰਹ ਚਿੱਤ ਲਗਦੀ ਸਵਾਣੀ ਹੋਵੇ ਗੀ, ਵੇਖ ਕੇ ਕੁਨੇਲ ਨੂੰ ਬੜੀ ਮਾਯੂਸੀ ਹੋਈ। ਇਸ “ਮਿਸ” ਦੀ ਉਮਰ ਸੱਠ ਤੋਂ ਕੋਈ ਦੋ ਤਿੰਨ ਸਾਲ ਹੀ ਘੱਟ ਹੋਵੇ ਗੀ ।ਉਹਦੀ ਨੱਕ ਦੀ ਬਨਾਵਟ ਇੰਜ ਸੀ ਕਿ ਉਹਨੂੰ ਬੱਤਖ਼ ਮੂੰਹੀ ਆਖਿਆ ਜਾ ਸਕਦਾ ਸੀ ।ਉਹਦੀਆਂ ਅੱਖਾਂ ਨੱਕ ਤੋਂ ਸੱਜੇ ਖੱਬੇ ਬਹੁਤ ਦੂਰ ਦੂਰ ਸਨ ਤੇ ਸੱਜੀ ਅੱਖ ਮਸਨੂਈ ਸੀ ਜਿਹਦਾ ਮਸਨੂਈ ਪਨ ਉੱਘੜ ਉੱਘੜ ਕੇ ਆਪਣਾ ਇਜ਼ਹਾਰ ਕਰਦਾ ਸੀ ।

ਨਾਲ ਦੇ ਕਮਰੇ ਵਿੱਚ ਹੀ ਸਕੂਲੀ ਬਾਲਾਂ ਨੂੰ ਦੋ ਸ਼ਿਫ਼ਟਾਂ ਵਿੱਚ ਲੰਚ ਦਿੱਤਾ ਜਾ ਰਿਹਾ ਸੀ ਅੱਸੀ ਦੇ ਲੱਗ ਭੱਗ ਬਾਲ ਇਸ ਵੇਲੇ ਵੀ ਉੱਥੇ ਲੰਚ ਕਰ ਰਹੇ ਸਨ ਪਰ ਕਮਾਲ ਇਹ ਕਿ ਨਾਲ ਦੇ ਕਮਰੇ ਵਿੱਚੋਂ ਭਾਂਡਿਆਂ ਦੇ ਜ਼ਰਾ ਮਾਸਾ ਖੜਕਾਰ ਤੋਂ ਸਿਵਾ ਉੱਚਾ ਬੋਲਣ ਦੀ ਅਵਾਜ਼ ਤਾਂ ਕੀ, ਚਿੜੀ ਦੀ ਚੂੰ ਵੀ ਨਹੀਂ ਸੀ ਆ ਰਹੀ ।ਇਹੋ ਜਿਹੀ ਚੁੱਪ ਕੁਨੇਲ ਨੇ ਕੁਝ ਦੇਰ ਪਹਿਲਾਂ ਆਪਣੀ ਕਲਾਸ ਵਿੱਚ ਵੀ ਖ਼ੋਫ਼ਜ਼ਦਾ ਹੋ ਕੇ ਮਹਿਸੂਸ ਕੀਤੀ ਸੀ ।ਬੱਚੇ ਹੋਣ ਪਰ ਰੋਣਕ ਤੇ ਰੋਲਾ ਨਾ ਹੋਵੇ, ਇਹ ਕਿੰਨਾ ਗ਼ੈਰ ਫ਼ਿਤਰੀ ਹੁੰਦਾ ਹੈ, ਕੁਨੇਲ ਨੇ ਇਹ ਗੱਲ ਪਹਿਲੇ ਦਿਨ ਵੇਖੀ ।

“ ਸਾਡੀ ਮੰਜ਼ਲ ਦਾ ਛੇਵਾਂ ਕਮਰਾ ਤੁਹਾਡੀ ਕਮੀ ਮਹਿਸੂਸ ਕਰਦਾ ਹੈ ।” ਅਨਾਸ਼ ਹੋਰਾਂ ਆਪਣੀ ਵੱਢੀ ਹੋਈ ਲੱਤ ਨੂੰ ਦੂਜੀ ਲੱਤ ਦੇ ਗੋਡੇ ਉੱਤੇ ਰਖਦਿਆਂ ਆਖਿਆ ।“ ਇਸ ਸਕੂਲ ਦੇ ਮਾਸਟਰ ਸਕੂਲ ਵਿੱਚ ਹੀ ਰਹਾਇਸ਼ ਰਖਦੇ ਨੇਂ ।ਤੁਸੀਂ ਕੱਲੇ ਬੰਦੇ ਅਜਿਹੇ ਹੋ ਜਿਹੜੇ ਅਜੇ ਬਾਹਰੋਂ ਆਉਂਦੇ ਹੋ ।”

“ ਅਜੇ ਤਾਂ ਇਹਨਾਂ ਦਾ ਪਹਿਲਾ ਦਿਨ ਹੈ, ਛੇਤੀ ਹੀ ਇੱਥੇ ਇਹਨਾਂ ਦਾ ਦਿਲ ਲੱਗ ਜਾਵੇ ਗਾ ” ਰਸੀਕ ਹੋਰਾਂ ਗੱਲ ਵਿੱਚ ਹਿੱਸਾ ਲੈਂਦਿਆਂ ਆਖਿਆ ।“ ਤੇ ਫ਼ਿਰ ਇਹ ਇੱਥੇ ਰਹਾਇਸ਼ ਵਾਸਤੇ ਦਰਖ਼ਾਸਤ ਦੇਣ ਗੇ ” ਰਸੀਕ ਹੋਰੀ ਕੁੱਕੜ ਦੀ ਲੱਤ ਇੰਜ ਚੱਬ ਰਹੇ ਸਨ ਜਿਵੇਂ ਆਪਣੀ ਲੰਗੜੀ ਲੱਤ ਦਾ ਇੰਤਕਾਮ ਲੈ ਰਹੇ ਹੋਣ ।

ਕੁਨੇਲ ਕੁਝ ਨਾ ਬੋਲਿਆ ।ਉਹ ਵਿੱਚੋਂ ਡਰਿਆ ਹੋਇਆ ਸੀ ਤੇ ਕੁਝ ਵੀ ਨਹੀਂ ਸੀ ਬੋਲਣਾ ਚਾਹੁੰਦਾ ।

“ ਕੀ ਖ਼ਿਆਲ ਹੈ ਤੁਹਾਡਾ ਦਿਲ ਇੱਥੇ ਲੱਗ ਜਾਏ ਗਾ ਨਾਂ ?” ਮਿਸ ਸੋਨੀਆ ਨੇ ਵੀ ਗੱਲ ਬਾਤ ਵਿੱਚ ਆਪਣਾ ਹਿੱਸਾ ਪਾਇਆ ।

“ ਕਿਉਂ ਨਹੀਂ ਲੱਗਣ ਲਗਾ, ਭਲਾ ਪਹਿਲਾਂ ਕਦੀ ਇੰਜ ਹੋਇਆ ਹੈ ਕਿ ਜਿਹੜਾ ਸਾਡੇ ਸਕੂਲ ਆਵੇ, ਉਹਦਾ ਦਿਲ ਇੱਥੇ ਨਾ ਲੱਗ ਜਾਏ ।” ਦਜਾਮ ਹੋਰਾਂ ਪੂਰੇ ਯਕੀਨ ਨਾਲ ਆਖਿਆ ।

“ ਆਹੋ ਜੀ ਕਿਆ ਬਾਤਾਂ ਨੇਂ ਸਾਡੇ ਸਕੂਲ ਦੀਆਂ ” ਰਸੀਕ ਹੋਰਾਂ ਮੂੰਹ ਚਲਾਂਦਿਆਂ ਫ਼ਿਰ ਆਖਿਆ ।

ਕੁਨੇਲ ਉੱਤੋਂ ਉੱਤੋਂ ਮੁਸਕਰਾਂਦਾ ਜ਼ਰੂਰ ਰਿਹਾ ਪਰ ਅੰਦਰੋਂ ਸਿਰ ਤੋਂ ਲੈ ਕੇ ਪੈਰਾਂ ਤੀਕ ਕੰਬ ਗਿਆ ਸੀ ।ਡਰਣ ਵਾਲੀ ਗੱਲ ਉੱਕਾ ਕੋਈ ਨਹੀਂ ਸੀ ਪਰ ਫ਼ਿਰ ਵੀ ਇੱਕ ਡਰ ਜਿਹਾ ਉਹਦੇ ਅੰਦਰ ਬਹਿ ਗਿਆ ।ਉਹਨੂੰ ਲੱਗ ਰਿਹਾ ਸੀ ਜਿਵੇਂ ਕੋਈ ਉਹਦੇ ਅੰਦਰੋਂ ਆਖ ਰਿਹਾ ਹੋਵੇ “ ਤੂੰ ਇਹਨਾਂ ਸਾਰਿਆਂ ਨਾਲੋਂ ਵੱਖਰਾ ਏਂ, ਤੂੰ ਇਹਨਾਂ ਵਰਗਾ ਨਹੀਂ ਏਂ, ਤੈਨੂੰ ਇੱਥੇ ਨਹੀਂ ਰਹਿਣਾ ਚਾਹੀਦਾ ।”

ਮਹੀਨਾ ਮੁੱਕਦਿਆਂ ਮੁੱਕਦਿਆਂ ਕੁਨੇਲ ਨੇ ਫ਼ੈਸਲਾ ਕਰ ਲਿਆ ਸੀ ਕਿ ਉਹ ਇੱਕ ਤਨਖ਼ਾਹ ਲੈਣ ਮਗਰੋਂ ਇਹ ਮੁਲਾਜ਼ਮਤ ਛੱਡ ਦੇਵੇ ਗਾ ਪਰ ਜਦੋਂ ਪਹਿਲੀ ਤਾਰੀਖ਼ ਨੂੰ ਉਹਦੇ ਹੱਥ ਵਿੱਚ ਨੀਲੇ

ਹਰੇ ਨੋਟ ਥਮਾਏ ਗਏ ਤਾਂ ਉਹਨੂੰ ਆਪਣਾ ਫ਼ੈਸਲਾ ਬਦਲਣਾ ਪਿਆ ।ਘਰ ਜਾਂਦਿਆਂ ਉਹ ਸੋਚ ਰਿਹਾ ਸੀ ਕਿ ਡਰਣ ਵਾਲੀ ਕਿਹੜੀ ਗੱਲ ਹੈ ?ਠੀਕ ਹੈ ਕਿ ਇਹ ਸਾਰੇ ਬੱਜਲ ਲੋਕ ਮੇਰੇ ਆਲ ਦਵਾਲ ਨੇਂ ਜਿਸ ਪਾਰੋਂ ਮੈਨੂੰ ਇੱਕ ਅਜੀਬ ਜਿਹਾ ਇਹਸਾਸ ਹਰ ਵੇਲੇ ਰਹਿੰਦਾ ਹੈ ਪਰ ਇਹਦੇ ਵਿੱਚ ਡਰ ਦਾ ਅਨਸਰ ਕਿੱਥੋਂ ਆ ਗਿਆ ?ਇਹ ਵੀ ਠੀਕ ਹੈ ਕਿ ਬੱਜਲ ਹੋਣ ਪਾਰੋਂ ਇਹ ਸਾਰੇ ਦੇ ਸਾਰੇ ਲੋਕ ਨਿੱਕਿਆਈ ਗੁੰਝਲ ਦਾ ਸ਼ਿਕਾਰ ਨੇਂ, ਕਲਾਸ ਦੇ ਬਾਲ ਵੀ ਮੈਨੂੰ ਨਾ ਪਸੰਦ ਕਰਦੇ ਨੇਂ ਪਰ ਭੁੱਖੇ ਮਰਣ ਨਾਲੋਂ ਤਾਂ ਇਹ ਹਾਲਤ ਬਹੁਤ ਚੰਗੀ ਹੈ ।ਨਫ਼ਰਤ ਭਰਿਆ ਜੀਵਨ ਬਤੀਤ ਕਰਨਾ ਮਰਣ ਨਾਲੋਂ ਤੇ ਚੰਗਾ ਹੀ ਹੈ ।ਅੱਜ ਜਿਹੜੀ ਤਨਖ਼ਾਹ ਮਿਲੀ ਹੈ, ਇਹ ਤਾਂ ਸਮਝੋ ਉਸੇ ਨਫ਼ਰਤ ਨੂੰ ਸਹਾਰਣ ਦਾ ਸਿੱਟਾ ਹੈ ।ਲੱਗੀ ਲਗਾਈ ਨੌਕਰੀ ਨੂੰ ਲੱਤ ਮਾਰਣਾ ਬੜੀ ਬੇਵਕੂਫ਼ੀ ਹੋਵੇਗੀ ।ਮੈਨੂੰ ਨਵੀਂ ਨੌਕਰੀ ਮਿਲਣ ਤੱਕ ਐਸੇ ਨੌਕਰੀ ਨੂੰ ਚਾਲੂ ਰੱਖਣਾ ਚਾਹੀਦਾ ਹੈ ।ਇਹ ਮੇਰੀ ਮਜਬੂਰੀ ਹੈ ।ਇਨੀ ਮੁੱਦਤ ਮਗਰੋਂ ਇਨੇ ਪੈਸੇ ਵੇਖਣੇ ਨਸੀਬ ਹੋਏ ਨੇਂ ।ਇੱਕ ਦੋ ਦਿਨਾਂ ਨੂੰ ਛੁੱਟੀ ਲੈ ਕੇ ਮਾਪਿਆਂ ਵਲ ਜਾਵਾਂ ਗਾ ਖ਼ੋਰੇ ਵਿਚਾਰੇ ਕਿਹੜੇ ਹਾਲ ਵਿੱਚ ਹੋਣ ਗੇ ?ਨਾਲੇ ਮੈਨੂੰ ਮਾਯੂਸ ਹੋਣ ਦੀ ਕੀ ਲੋੜ ਹੈ, ਸਰਕਾਰੀ ਨੌਕਰੀ ਹੈ, ਮੈਂ ਟਰਾਂਸਫ਼ਰ ਕਰਵਾ ਕੇ ਕਿਸੇ ਦੂਜੇ ਸਕੂਲ ਵੀ ਤੇ ਜਾ ਸਕਨਾ ਆਂ ।ਸਗੋਂ ਕੱਲ ਹੀ ਟਰਾਂਸਫ਼ਰ ਵਾਸਤੇ ਦਰਖ਼ਾਸਤ ਦੇ ਦਿਆਂ ਗਾ ।ਚੰਗਾ ਹੈ ਕਿ ਆਪਣੇ ਅਬਾਈ ਸ਼ਹਿਰ ਹੀ ਟਰਾਂਸਫ਼ਰ ਕਰਾਵਾਂ, ਬੁੱਢੇ ਮਾਂ ਪਿਓ ਦੀ ਸੇਵਾ ਵੀ ਮੈਨੂੰ ਕਰਨੀ ਚਾਹੀਦੀ ਹੈ ।ਮਾਪਿਆਂ ਬਾਰੇ ਸੋਚ ਕੇ ਉਹਦੀਆਂ ਅੱਖਾਂ ਵਿੱਚ ਅੱਥਰੂ ਆ ਗਏ ।

ਅਗਲੇ ਦਿਨ ਛੁੱਟੀ ਵੇਲੇ ਕਲਾਸ ਪੜ੍ਹਾ ਕੇ ਪੌੜੀਆਂ ਲੱਥਦਿਆਂ ਵੀ ਉਹ ਇਹੀ ਸੋਚ ਰਿਹਾ ਸੀ ਕਿ ਅਜੇ ਨੌਕਰੀ ਛੱਡਣਾ ਹਿਮਾਕਤ ਹੋਵੇ ਗੀ ।ਪੌੜੀਆਂ ਚੜ੍ਹਦਿਆਂ ਲੱਥਦਿਆਂ ਉਹ ਸਦਾ ਕੱਲਾ ਹੀ ਹੁੰਦਾ ਸੀ ।ਉਹਦੇ ਉੱਤੇ ਨੌਕਰੀ ਦੇ ਸ਼ੁਰੂ ਦੇ ਦਿਨਾਂ ਵਿੱਚ ਹੀ ਇਹ ਹੋਲਨਾਕ ਇੰਕਸ਼ਾਫ਼ ਵੀ ਹੋ ਗਿਆ ਸੀ ਕਿ ਇਸ ਸਕੂਲ ਵਿੱਚ ਕੋਈ ਬੰਦਾ ਵੀ ਪੌੜੀਆਂ ਚੜ੍ਹਣ ਦੇ ਕਾਬਲ ਨਹੀਂ ।ਜਿਹਨਾਂ ਨੇ ਉੱਪਰਲੀ ਮੰਜ਼ਲ ਜਾਣਾ ਆਵਣਾ ਹੁੰਦਾ ਸੀ, ਉਹ ਲੰਮੀ ਢਲਾਣੀ ਰਾਹ ਵਰਤਦੇ ਸਨ ।ਲੱਤਾਂ ਤੋਂ ਮਾਅਜ਼ੂਰ ਤੇ ਵੀਲ ਚਿਅਰਾਂ ਉੱਤੇ ਬੈਠਣ ਵਾਲੇ ਭਲਾ ਪੌੜੀਆਂ ਚੜ੍ਹ ਵੀ ਕਿਵੇਂ ਸਕਦੇ ਸਨ ?ਇਸ ਸਕੂਲ ਵਿੱਚ ਪੌੜੀਆਂ ਵਰਤਣ ਦੇ ਕਾਬਲ ਸਿਰਫ਼ ਕੁਨੇਲ ਹੀ ਸੀ ।

ਮਾਅਮੂਲ ਮੁਤਾਬਕ ਪੌੜੀਆਂ ਵਿੱਚ ਅਨ੍ਹੇਰਾ ਛਾਇਆ ਹੋਇਆ ਸੀ ਪਰ ਕੁਨੇਲ ਅੱਜ ਅੱਗੇ ਨਾਲੋਂ ਵੱਧ ਕੇ ਡਰਿਆ ਹੋਇਆ ਸੀ ।ਉਹਦੀ ਛੇਵੀਂ ਹਿਸ ਚੀਕ ਚੀਕ ਕੇ ਉਹਨੂੰ ਪੌੜੀਆਂ ਵਰਤਣ ਤੋਂ ਰੋਕ ਰਹੀ ਸੀ ।ਉਹਨੇ ਦਿਲ ਨੂੰ ਡਾਢ ਦਿੱਤੀ ਤੇ ਆਪਣੇ ਖ਼ੌਫ਼ ਨੂੰ ਆਪਣੀ ਵਧੀ ਹੋਈ ਹਿੱਸ ਦਾ ਸਿੱਟਾ ਮਿੱਥ ਕੇ ਪੌੜੀਆ ਲਹਿਣ ਲੱਗ ਪਿਆ ।ਅਜੇ ਦੋ ਪੌੜੀਆਂ ਹੀ ਲੱਥੀਆਂ ਸੀ ਕਿ ਉਹਨੂੰ ਮਗਰੋਂ ਕੋਈ ਬਿੜਕ ਜਹੀ ਸੁਣਾਈ ਦਿੱਤੀ ।ਉਹ ਚੋਂਕ ਕੇ ਪਿੱਛੇ ਪਰਤ ਕੇ ਤੱਕਣ ਲੱਗਿਆ ਪਰ ਇਸ ਤੋਂ ਪਹਿਲਾਂ ਕਿ ਕੁਝ ਵੇਖ ਸਕਦਾ, ਕਿਸੇ ਮਜ਼ਬੂਤ ਹੱਥ ਨੇ ਉਹਨੂੰ ਪੂਰੇ ਜ਼ੋਰ ਨਾਲ ਧੱਕਾ ਦਿੱਤਾ । ਇੰਤਹਾਈ ਡਰ ਤੇ ਦਹਿਸ਼ਤ ਪਾਰੋਂ ਕੁਨੇਲ ਦੇ ਮੂੰਹੋਂ ਅਵਾਜ਼ ਵੀ ਨਾ ਨਿਕਲੀ ਤੇ ਪੌੜੀਆਂ ਵਿੱਚੋਂ ਜਿਵੇਂ ਉੱਡਦਾ ਹੋਇਆ ਪੂਰੀ ਕੁੱਵਤ ਨਾਲ ਜ਼ਮੀਮ ਦੇ ਪੱਕੇ ਫ਼ਰਸ਼ ਉੱਤੇ ਜਾ ਡਿੱਗਾ ।ਬੇ ਹੋਸ਼ ਹੋਣ ਤੋਂ ਪਹਿਲਾਂ ਉਹਨੇ ਆਪਣੇ ਲੱਕ ਵਿੱਚ ਜ਼ੋਰ ਦਾ ਕੜਕਾਰ ਸੁਣਿਆ ।ਉਹਦੇ ਮੂੰਹੋਂ ਸਿਰਫ਼ ਇੱਕ ਚੀਕ ਨਿਕਲੀ॥॥।

ਸਕੂਲ ਦਾ ਚੱਪੜਾਸੀ ਚੀਕ ਸੁਣ ਕੇ ਦੋੜਿਆ, ਬਰਸਰ ਹੋਰੀਂ ਵੀ ਆ ਗਏ ।ਸਕੂਲ ਦੇ ਇੱਕ ਦੋ ਪੜ੍ਹਿਆਰਾ ਨਾਲ, ਜਿਹੜੇ ਲੱਤਾਂ ਠੀਕ ਹੋਣ ਪਾਰੋਂ ਟੁਰ ਫਿਰ ਸਕਦੇ ਸਨ, ਰੱਲ ਕੇ ਕੁਨੇਲ ਨੂੰ ਚੁੱਕਿਆ ਗਿਆ, ਇੱਕ ਮੰਜੀ ਉੱਤੇ ਪਾਇਆ ਗਿਆ ਤੇ ਫ਼ਿਰ ਉਹਨੂੰ ਹਸਪਤਾਲ ਲੈ ਗਏ ।ਹਸਪਤਾਲ ਵਿੱਚ ਐਕਸਰੇ ਪਾਰੋਂ ਪਤਾ ਲੱਗਾ ਕਿ ਕੁਨੇਲ ਦੀ ਗੀੜ੍ਹ ਦੀ ਹੱਡੀ ਦੋ ਤਿੰਨ ਥਾਂ ਤੋਂ ਟੁੱਟ ਗਈ ਸੀ ਤੇ



ਇਸ ਅੰਦਾਜ਼ ਨਾਲ ਟੁੱਟੀ ਸੀ ਜਿਹਦਾ ਜੁੜਨਾ ਨਾਮੁਮਕਿਨ ਸੀ ।ਕੁਨੇਲ ਢਾਈ ਮਹੀਨੇ ਹਸਪਤਾਲ ਪਿਅ ਰਿਹਾ, ਹਸਪਤਾਲ ਵਾਲਿਆਂ ਨੇ ਸਟੈਨਫ਼ਰਡ ਸਕੂਲ ਦੇ ਅਮਲੇ ਦੇ ਅਲਾਜ ਦਾ ਅੱਧਾ ਖ਼ਰਚਾ ਮੁਆਫ਼ ਕੀਤਾ ਹੋਇਆ ਸੀ ।ਕੁਨੇਲ ਦੇ ਅਲਾਜ ਦਾ ਬਾਕੀ ਅੱਧਾ ਖ਼ਰਚਾ ਸਕੂਲ ਨੇ ਚੁੱਕਿਆ ।

ਢਾਈ ਮਹੀਨੇ ਮਗਰੋਂ ਕੁਨੇਲ ਵਾਪਸ ਸਕੂਲ ਆਇਆ ।ਹੁਣ ਉਹ ਵੀਲ ਚਿਅਰ ਉੱਤੇ ਸੀ ਤੇ ਆਪਣੀ ਬੱਜਲਤਾ ਨੂੰ ਜ਼ਹਿਨੀ ਤੋਰ ਕਬੂਲ ਕਰ ਚੁਕਿਆ ਸੀ ।ਇਹੋ ਵੀਲ ਚਿਅਰ ਹੁਣ ਸਾਰੀ ਉਮਰ ਵਾਸਤੇ ਉਹਦਾ ਮੁਕੱਦਰ ਸੀ ।

ਹੈਡ ਮਾਸਟਰ ਹੋਰੀ ਬੜੇ ਤਪਾਕ ਨਾਲ ਮਿਲੇ ।

" ਆਓ ਜੀ ਕੁਨੇਲ ਸਾਹਬ !ਹੁਣ ਤੁਹਾਡੀ ਸਿਹਤ ਦਾ ਕੀ ਹਾਲ ਹੈ ?" ਉਹਨਾਂ ਦੇ ਲਹਿਜੇ ਤੋਂ ਲਗਦਾ ਸੀ ਜਿਵੇਂ ਉਹ ਕੁਨੇਲ ਨੂੰ ਮੁੜ ਵੇਖ ਕੇ ਬੜੇ ਖ਼ੁਸ਼ ਹੋਏ ਨੇਂ।

" ਬੜੀ ਖ਼ੁਸ਼ੀ ਤੇ ਸ਼ੁਕਰ ਗੁਜ਼ਾਰੀ ਵਾਲੀ ਗੱਲ ਹੈ ਕਿ ਤੁਸੀਂ ਠੀਕ ਹੋ ਆਏ ਹੋ ।ਸਕੂਲ ਦਾ ਸਾਰਾ ਅਮਲਾ ਤੁਹਾਨੂੰ ਬੜਾ ਯਾਦ ਕਰ ਰਿਹਾ ਹੈ ।ਸਾਰੇ ਉਸਤਾਦ ਤੇ ਪੜ੍ਹਿਆਰ ਤੁਹਾਨੂੰ ਯਾਦ ਕਰ ਰਹੇ ਸਨ ।ਉਹ ਤੁਹਾਨੂੰ ਮਿਲ ਕੇ ਬੜੇ ਖ਼ੁਸ਼ ਹੋਣ ਗੇ " ਹੈਡ ਮਾਸਟਰ ਹੋਰਾਂ ਆਖਿਆ ।

ਜਵਾਬ ਵਿੱਚ ਕੁਨੇਲ ਸਿਰਫ਼ ਉਦਾਸੀ ਨਾਲ ਮੁਸਕਰਾ ਕੇ ਰਹਿ ਗਿਆ ।

" ਯਾਦ ਆਇਆ " ਹੈਡ ਮਾਸਟਰ ਹੋਰੀ ਫ਼ਿਰ ਕਹਿਣ ਲੱਗੇ ।" ਹਾਦਸੇ ਤੋਂ ਪਹਿਲਾਂ ਤੁਸੀਂ ਟਰਾਂਸਫ਼ਰ ਦੀ ਜਿਹੜੀ ਦਰਖ਼ਾਸਤ ਦਿੱਤੀ ਸੀ, ਉਹ ਅਜੇ ਮੈਂ ਆਪਣੇ ਕੋਲ ਹੀ ਰੱਖੀ ਹੋਈ ਹੈ । ਦੱਸੋ ਕੀ ਉਹਨੂੰ ਅੱਗੇ ਫ਼ਾਰਵਰਡ ਕਰ ਦਿਆਂ ?"

" ਸਰ ਮੇਰਾ ਖ਼ਿਆਲ ਹੈ ਰਹਿਣ ਹੀ ਦਿਓ ।ਲੱਗਦਾ ਹੈ ਮੇਰਾ ਵੀ ਇੱਥੇ ਦਿਲ ਲੱਗ ਗਿਆ ਹੈ ।ਮੈਂ ਇੱਥੇ ਸਦਾ ਵਾਸਤੇ ਰਹਿਣਾ ਪਸੰਦ ਕਰਾਂ ਗਾ ।" ਕੁਨੇਲ ਨੇ ਆਖਿਆ ਤੇ ਫ਼ਿਰ ਵੀਲ ਚਿਅਰ ਨੂੰ ਚਲਾਂਦਾ ਹੋਇਆ ਆਪਣੇ ਸੰਗੀਆਂ ਨੂੰ ਮਿਲਣ ਚਲਾ ਗਿਆ ।ਉਹ ਸੋਚ ਰਿਹਾ ਸੀ ਕਿ ਕੱਲ ਸਕੂਲ ਵਿੱਚ ਰਹਾਇਸ਼ ਵਾਸਤੇ ਵੀ ਦਰਖ਼ਾਸਤ ਦੇ ਦੇਵੇ ਗਾ।

## ਨੇ ਚਰਾਗ਼ੇ ਨੇ ਗੁੱਲੇ/ਸਨਾਵਰ ਚਧੜ

ਨੂਰ ਜਹਾਂ ਸ਼ਾਹੀ ਕਿਲ੍ਹਾ ਲਾਹੌਰ ਵਿਚ ਸ਼ਾਹੀ ਮਹਿਲ ਅੰਦਰ ਅਪਣੀ ਹੇਆਤੀ ਦੇ ਅਖ਼ੀਰੀ ਵਸਾਹ ਉਸ ਤਾਕੀ ਅੱਗੇ ਪਈ ਪੂਰੇ ਕਰ ਦੀ ਸੀ, ਜਿਥੋਂ ਰਾਵੀ, ਰਾਵੇਓਂ ਪਾਰ ਕਾਮਰਾਨ ਦਾ ਬਾਗ਼, ਮਕਬਰਾ ਜਹਾਂਗੀਰ ਤੇ ਸ਼ਾਹੀ ਬਾਗ਼ਾਂ ਦੇ ਮਾਲੇਆਂਦੇ ਕੁੱਝ ਕੱਚੇ ਪੱਕੇ ਝੁਗੇ ਬਾਰ ਵਿਚਲੇ ਵਣਾਂ, ਕਿੱਕਰਾਂ, ਕਰੀਰਾਂ, ਟਾਲ੍ਹੇਆਂ ਤੇ ਜੰਡਾਂ ਵਿਚ ਫਸੇ ਹੋਏ ਵਿਖਾਲੀ ਦੇ ਰਹੇ ਸਨ ।ਪੱਲ ਲਈ ਨੂਰ ਜਹਾਂ ਨੂੰ ਲੱਗਾ ਕਿ ਦਰਿਆ ਨਿਰਾ ਦਰਿਆ ਨਹੀਂ ਹੁੰਦਾ, ਇਹ ਅਸਲ ਵਿਚ ਸੋਨਾ ਚਾਂਦੀ ਹੈ, ਦੌਲਤ ਹੈ ਜਿਹੜੀ ਰੱਬ ਨੇ ਇਆਂ ਕੁਦਰਤ ਨੇ ਸਾਰੀ ਖ਼ਲਕਤ ਲਈ ਇਕ ਬਰਾਬਰ ਦੀ ਘੱਲੀ ।ਦਰਿਆ ਵਿੱਚੋਂ ਕੱਢੀਆਂ ਗਈਆਂ ਨਹਿਰਾਂ ਦਾ ਮੁਹਾੜ ਬਾਗ਼ ਬਾਗ਼ੇਚੇਆਂ ਵੱਲ ਤੱਕ ਕੇ ਉਹਨੂੰ ਸਹੀ ਹੋਈਆ ਕਿ ਇਹ ਬਾਦਸ਼ਾਹ, ਅਤੇ ਉਹਦਾ ਟੱਬਰ ਟਿਏਰ ਹੈ ਜਿਹਨੂੰ ਦਰਿਆ ਦਾ ਪਾਣੀ ਹਰ ਵਿਲੇ ਸਿੰਜਦਾ ਰਹਿੰਦਾ ।ਬਾਰ ਜਨਤਾ ਹੈ, ਖ਼ਲਕਤ ਹੈ ਰੱਬ ਦੀ ਜਿਹਨੂੰ ਕਦੀ ਹੜ੍ਹ ਆਇਆ ਤਾਂ ਦੋ ਬੂੰਦਾਂ ਲੱਭ ਗਈਆ ।ਫੇਰ ਚਾਣਚੱਕ ਹੀ ਉਹਦੇ ਅੱਗੇ ਸਵਾਲ ਆਖਲੋਤਾ ਕਿ ਇਹਦੇ ਵਿਚ ਮੈਂ ਕਿੱਥੇ ਹਾਂ ? ਮੈਂ ਨੇ ਉਹਦੇ ਨਾਲ ਪੁਆੜਾ ਪਾ ਲਿਆ ਕਿ ਮੈਂ ਕੌਣ ਨੂਰ ਜਹਾਂ ? ਨਹੀਂ ਸ਼ ਮਿਹਰ ਉਲਨਿਸਾ ਸ਼ ਨਹੀਂ ਨੂਰ, ਨਹੀਂ ਮਿਹਰਸ਼ਨਹੀਂ ਨਹੀਂ ਦਾ ਲਾਟੂ ਉਹਦੇ ਜ਼ਿਹਨ ਵਿਚ ਖਲੋ ਕੇ ਘੁਮਣ ਲੱਗ ਪਿਆ ।ਕਿੰਨੇ ਚਿਰ ਤੱਕ ਉਹਨੇ ਸੋਚਿਆ ਤਾਂ ਉਹਨੂੰ ਸਮਝ ਆਈ ਨਾਂ ਦੀ ਕੋਈ ਹੇਸੇਤ ਨਹੀਂ ।ਸਗੋਂ ਹੇਸੇਤ ਹੀ ਨਾਂ ਹੈ । ਮਿਹਰ ਉਲਨਿਸਾ ਸ਼ ਨੂਰ ਮਹਿਲ ਸ਼ ਨੂਰਜਹਾਂ ਵਖ ਵਖ ਹੇਸੇਤਾਂ ਈ ਹੁਣ ।ਨਿਰਾ ਇਨਸਾਨ ਤਾਂ ਉਹ ਸਾਹਮਣੇ ਮਾਲੀਆਂ ਦੇ ਕੱਚੇ ਘਰਾਂ ਜਿਹੀ ਕੋਈ ਸ਼ੈਅ ਹੈ ।

ਸੀਤ ਦਾ ਕੁਲਕੇਆ ਹੋਇਆ ਵਾ ਦਾ ਬੁਲਾ ਉਹਦੇ ਠੰਡ ਏ ਹੋ ਰਹੇ ਜੁੱਸੇ ਨਾਲ ਟਕਰਾਏਆ ਤਾਂ ਨੂਰਜਹਾਂ ਆਪਣੇ ਸਾਹਮਣੇ ਖੁੱਲੀ ਤਾਕੀ ਵਿੱਚੋਂ ਬਾਹਰ ਤੱਕਿਆ, ਸੂਰਜ ਦੀ ਲਾਲ ਟਿਕੀ ਸ਼ਾਮ ਦੇ ਹਨ੍ਹੇਰੇਆਂ ਵਿਚ ਡੁੱਬ ਰਹੀ ਸੀ ।ਸਿਨੀ ਸਿਨੀ ਵਾ ਸੀਤ ਨਾਲ ਰਲ ਕੇ ਜ਼ਹਿਰੀ ਨਾਗ ਤਰ੍ਹਾਂ ਸ਼ੈਕ ਕੇ ਅੰਦਰ ਵੜੀ । ਵਾ ਦੇ ਬੁੱਲਿਆਂ ਬੂਹੇ ਬਾਰੇਆਂ ਨਾਲ ਜ਼ੋਰਾਵਰੀ ਕਰਦੀਆਂ ਕੜਕਾਰ ਧਰ ਦਿੱਤਾ, ਜਿਵੇਂ ਕੋਈ ਕਟਕ ਆ ਲੱਥਾ ਹੋਏ ।ਇਆਂ ਖ਼ਬਰੇ ਡਾਏਨਾਂ ਨੂੰ ਕਿਸੇ ਖ਼ਬਰ ਦਿੱਤੀ ਹੋਏ ਕਿ ਨੂਰ ਜਹਾਂ ਆਪਣੇ ਅਖ਼ੀਰੀ ਵਸਾਹ ਪੂਰੇ ਕਰ ਰਹੀ ਹੈ ਅਤੇ ਉਹ ਬਗ਼ਲਾਂ ਵਜਾਉਂਦੀਆਂ, ਚਾਈਂ ਚਾਈਂ ਭਿੱਜੀਆਂ ਆਈਆਂ ਹੋਣ ।ਉਚੇ ਉਚੇ, ਪਿੱਪਲ, ਬੋੜ੍ਹ, ਟਾਲ੍ਹੇਆਂ ਭੂਤ ਬਣ ਕੇ ਹਾਲ ਖੇਡਦੇ ਇਸ ਤਰ੍ਹਾਂ ਝੁੱਲ ਰਹੇ ਸਨ, ਜਿਵੇਂ ਉਨ੍ਹਾਂ ਕੁਛਾਂ ਚਾੜ੍ਹ ਚਾੜ੍ਹ ਕੇ ਭੰਗ ਪੀਤੀ ਹੋਏ ।

ਬਾਂਦੀ ਤਕੀਏ ਦੀ ਟੇਕ ਦੇ ਕੇ ਨੂਰਜਹਾਂ ਦਾ ਸਿਰ ਉੱਚਾ ਕਰ ਦਿੱਤਾ ।ਉਹਨੂੰ ਹੁਣ ਤੀਕ ਜਿਹੜੇ ਰੁੱਖਾਂ ਦੀ ਨਿਰੀ ਟੀਸੀ ਵਿਖਾਲੀ ਦੇ ਰਹੀ ਸੀ ਉਨ੍ਹਾਂ ਦੀ ਜ਼ਮੀਨ ਵੀ ਵਿਖਾਲੀ ਦੇਣ ਲੱਗ ਪਈ।ਉਹ ਵੀ ਅਰਸ਼ੋਂ ਫ਼ਰਸ਼ ਤੇ ਲੱਥ ਆਈ ਤਾਂ ਏਕ ਦੱਮ ਕਿਨਾ ਈ ਕੁਝ ਉਹਦੀਆਂ ਬੁਝਦੀਆਂ ਅਖਾਂ ਅੱਗੇ ਖ਼ਾਬ ਵਾਕਣ ਘੁਮ ਗਿਆ ।ਮੁਗ਼ਲ ਸਿਪਾਹੀ, ਜਥਿਆਂ ਦੇ ਜਿੱਥੇ, ਨੰਗੀਆਂ ਤਲਵਾਰਾਂ, ਰੱਤ ਹੀ ਰੱਤ, ਫੇਰ ਇਕ ਦੱਮ ਉਹਨੂੰ ਜ਼ਖ਼ਮਾਂ ਨਾਲ ਵਿਨ੍ਹੇਆ ਸ਼ਿਏਰ ਅਫ਼ਗਨ ਮੁਗ਼ਲ ਸਿਪਾਹੀਆਂ ਨਾਲ ਹੱਥੋ ਬਖੀ ਹੋਈਆ ਵਿਖਾਲੀ ਦਿੱਤਾ ।

ਸਮਾਂ ਪਿਛੇ ਘੁਮ ਗਿਆ, ਹੌਲੀ ਹੌਲੀ ਧੁੰਦਲਾ ਖ਼ਾਬ ਨਤਰਦਾ ਗਿਆ, ਨੂਰ ਜਹਾਂ ਵੇਖਿਆ ਕਿ ਸ਼ੇਰ ਅਫ਼ਗਨ ਲੜ ਰਹਿਆ ਹੈ ।ਜ਼ਿੰਦਗੀ ਤੋਂ ਬੇ ਪਰਵਾਹ ਹੋ ਕੇ, ਜ਼ਿੰਦਗੀ ਲਈ ਮੌਤ ਨਾਲ ਲੜ ਦਾ ।ਸੈਂਕੜੇ ਮੁਗ਼ਲ ਭੇਡਾਂ ਵਾਕਣ ਉਹਦੀ ਰੱਤ ਪੈਂਦੀ ਤਲਵਾਰ ਤੋਂ ਬਚਣ ਲਈ ਪਿੱਛੇ ਭਜਨ।ਉਹ ਜਿਧਰ ਵਧਦਾ ਹੈ ਤੇ ਪਰਤਾਂ ਦਿਆਂ ਪਰਤਾ ਨੋਢ ਦਿੰਦਾ ਹੈ ।ਉਹ ਇਹ ਵੀ ਵੇਖਦੀ ਹੈ ਕਿ ਸ਼ੇਰ ਮਾਰ ਕੇ ਸ਼ੇਰ ਅਫ਼ਗਨ ਅਖਵਾਣ ਵਾਲਾ ਅਲੀ ਕੁੱਲੀ ਲੜਦਾ ਲੜਦਾ ਹਫ਼ ਗਿਆ ਹੈ । ਉਹਦੀਆਂ ਬਾਹਵਾਂ ਬਾਂਸ ਬਣ ਗਏ ਹੁਣ ।ਸ਼ੇਰ ਅਫ਼ਗਨ ਦੀ ਤਲਵਾਰ ਕਿਸੇ ਅਜਗਰ ਵਾਂਗੂੰ ਸ਼ੂਕਦੀ ਹਵਾ ਨੂੰ ਚੀਰਦੀ ਚੀਰਦੀ ਖੁੰਢੀ ਹੋ ਗਈ ਹੈ ।ਫੇਰ ਵੀ ਕਿਸੇ ਨੂੰ ਜੁਰੱਤ ਨਹੀਂ ਪੈਂਦੀ ਕਿ ਅੱਗੇ ਵਧ ਕੇ ਉਹਦੇ ਉੱਤੇ ਵਾਰ ਕਰੇ।ਉਹ ਡੰਡਾ ਹੋਈਆਂ ਬਾਹਾਂ ਨਾਲ ਤਲਵਾਰ ਫੜੀ ਤਾਨ੍ਹੇ ਪਰ ਤਲਵਾਰ ਚੁਕਨੋਂ ਆਤੁਰ ਹੋ ਗਿਆ ।ਇਹ ਵੇਖ ਕੇ ਮੁਗ਼ਲ ਸਿਪਾਹੀਆਂ, ਲਗੜ ਬਗੜਾਂ ਵਾਕਣ ਪਲਾਂ ਵਿੱਚ ਉਹਨੋਂ ਬੋਟੀ ਬੂਟੀ ਕਰ ਛੱਡਿਆ ।ਹਰ ਸਿਪਾਹੀ ਦੀ ਇਹ ਕੋਸ਼ਿਸ਼ ਕਿ ਉਹ ਆਖ ਸਕੇ ਕਿ ਮੈਂ ਸ਼ੇਰ ਅਫ਼ਗਨ ਨੂੰ ਮਾਰਿਆ ।ਮੁਗ਼ਲਾਂ ਦੇ ਜੰਗੀ ਨਾਅਰੇ ਤੇ ਘੋੜਿਆਂ ਦੀ ਹੰਕਾਰ ਵਧਦੀ ਹੀ ਜਾ ਰਹੀ ਸੀ ਨੂਰ ਜਹਾਂ ਨੂੰ ਸਹੀ ਹੋਈਆ ਕਿ ਉਹਦੇ ਕੰਨਾਂ ਦੇ ਪਰਦੇ ਪਾਟ ਰਹੇ ਨੇਂ ।ਉਹਨੇ ਘਾਬਰ ਕੇ ਉੱਠਣ ਦਾ ਜਤਨ ਕੀਤਾ, ਪਰ ਉਹਦੇ ਵਿਚ ਉੱਠਣ ਦੀ ਆਹਰਸ ਨਹੀਂ ਸੀ । ਜ਼ਿੰਦਗੀ ਦੀ ਜੋਤ ਨਿਰੀ ਉਹਦਿਆਂ ਦੀਦਿਆਂ ਵਿਚ ਹੀ ਤਾਂ ਰਹਿ ਗਈ ਸੀ ।ਉਹਨੂੰ ਚੱਕਰ ਜਿਹਾ ਆਗਿਆ, ਨਜ਼ਰ ਦੋ ਫਾਟ ਹੋ ਗਈ, ਦਿੱਸਦਿਆਂ ਸ਼ੇਵਾਂ ਦੂੰਦਲਾ ਗਈਆਂ ।ਉਹਨੇ ਆਨੇ ਟੱਡ ਕੇ ਬੜੇ ਜਤਨ ਨਾਲ ਤਕਿਆ ਤਾਂ ਸਾਹਮਣੇ ਸ਼ੇਰ ਅਫ਼ਗਨ ਰਿਤੂ ਰੱਤ, ਜ਼ਖ਼ਮਾਂ ਨਾਲ ਚੂਰ ਆਖ ਰਿਹਾ ਸੀ:" ਤੈਨੂੰ ਕਹਿਆ ਸੀ ਨਾ ਮਿਹਰੂ ! ਇਨ੍ਹਾਂ ਮੁਗ਼ਲਾਂ ਦਾ ਕੋਈ ਵਿਸਾਹ ਨਹੀਓਂ, ਇਹ ਕਿਸੇ ਦੀ ਮੂੰਹ ਮਿੱਥੇ ਲਗਦੀ ਧੀ ਭੈਣ ਕਿੱਧਰੇ ਵੇਖ ਲੈਣ ਤੇ ਹਲਕਾ ਹੋ ਜਾਂਦਾ ਇਹਨਾਂ ਨੋਂ ।ਤੈਨੂੰ ਆਖਿਆ ਸੀ ਈਰਾਨ ਚਲੇ ਜਾਈਏ ।ਤੋਂ ਕਹਿੰਦੀ ਸੈਂ ਬਾਦਸ਼ਾਹ ਰਾਇਤ ਦਾ ਪਿਓ ਹੁੰਦਾ ਹੈ ।ਵੇਖ ਇਸ ਪਿਓ ਦੇ ਕਾਰੇ।ਮੈਥੋਂ ਤੈਨੂੰ ਮੰਗਦਾ ਸੀ ਇਨ੍ਹਾਂ ਨੂੰ ਕੌਣ ਦੱਸੇ ਕਿ ਜਿਨੇ ਤਾਂ ਜਿਉਂਦੀ ਜਾਨੇ ਅਪਣੀ ਘੋੜੀ ਨਹੀਂ ਦਿੰਦੇ, ਤੀਵੀਂ ਤਾਂ ਬੜੀ ਦੂਰ ਦੀ ਗੱਲ ਹੈ ।ਅਸਾਂ ਆਖਿਆ ਜਦ ਤੱਕ ਸਾਡੀ ਖੱਲ ਵਿਚ ਵਸਾਹ ਹੈ ਕੋਈ ਸ਼ੇਰ ਵੀ ਸ਼ੇਰ ਅਫ਼ਗਨ ਤੋਂ ਮਿਹਰੂ ਨੂੰ ਖੋਹ ਨਹੀਂ ਸਕਦਾ ।ਮਿਹਰੂ ਆਖੀਂ ਨਾ ਅਸੀਂ ਅਪਣੀ ਗਲ ਪੂਰੀ ਨਹੀਂ ਕਰ ਸਕੇ।ਲੈ ਫੇਰ ਉਸ ਦਿਨ ਈਦ ਮੁਬਾਰਕ ਹੋਸੀ, ਜਿਸ ਦਿਨ ਫੇਰ ਮਿਲਾਂਗੇ । "ਨਾਲ ਹੀ ਸ਼ੇਰ ਅਫ਼ਗਨ ਹਵਾ ਵਿਚ ਈ ਘੁਲ ਗਿਆ ।ਨੂਰਜਹਾਂ ਦੇ ਦਿਲ ਨੂੰ ਡੋਬ ਪਿਆ ਤੇ ਉਹਦੀਆਂ ਅੱਖਾਂ ਅੱਗੇ ਕਾਲਾ ਦਹੋਸ਼ ਹਨੇਰਾ ਪਸਰ ਗਿਆ ।

ਨੂਰ ਜਹਾਂ ਨੇ ਹੱਥ ਵਧਾ ਕੇ ਸ਼ੇਰ ਅਫ਼ਗਨ ਨੂੰ ਟੋਲਿਆ ਪਰ ਮੰਜੀ ਉੱਤੇ ਪਏ ਹੋਏ ਉਹਦੇ ਧਰਨਗੇ ਉੱਕਾ ਸਾਥ ਨਾ ਦਿੱਤਾ ।ਉਹਤੋਂ ਆਪਨਾ ਹੱਥ ਵੀ ਨਾ ਚੁੱਕਿਆ ਜਾ ਸਕਿਆ, ਉਹਨੂੰ ਲੱਗਾ ਜਿਸਮ ਦੇ ਨਾਲ ਨਾਲ ਹੁਣ ਸ਼ਾਇਦ ਉਹਦੀ ਸੋਚ ਉੱਤੇ ਵੀ ਮੁਗ਼ਲ ਰਾਜ ਹੈ ।ਬੇ ਵਸੀ ਦੇ ਅੱਥਰ ਫੇਰ ਢਲਕੇ ਅਤੇ ਇਕ ਵਾਰ ਮੁੜ ਉਹਦੀਆਂ ਗੱਲ੍ਹਾਂ ਦੀਆਂ ਝਰੋੜੇਆਂ ਵਿਚ ਗਵਾਚ ਗਏ । ਬਰਦੇ ਬਾਂਦੀਆਂ, ਨੌਕਰ ਚਾਕਰ ਉਹਦੀ ਮੰਜੀ ਦੁਆਲੇ ਖਲੋਤੇ ਕਲਮਾ ਕਲਾਮ ਪੜ੍ਹ ਪੜ੍ਹ ਫੂਕ ਰਹੇ ਸਨ । ਇਕ ਬਾਂਦੀ ਅੱਗੇ ਵਧ ਕੇ ਅਪਣੀ ਬੇਗਮ ਦੇ ਅੱਥਰ ਪੂੰਝੇ, ਪਾਣੀ ਦਾ ਗਲਾਸ ਮੂੰਹ ਨੂੰ ਲਾਇਆ ।ਪਰ ਨੂਰਜਹਾਂ ਨੇ ਆ ਰਹੀ ਮੌਤ ਨੂੰ ਨਸ਼ਿਆਈਆਂ ਜਿਹੀਆਂ ਅਖਾਂ ਨਾਲ ਫੇਰ ਤੱਕਿਆ ਪਰ ਬਾਹਰ ਜਿੱਥੇ ਹਨੇਰਾ ਹੋਰ ਵੀ ਗੋੜ੍ਹਾ ਹੋ ਚੁੱਕਾ ਸੀ ।ਉਹਨੂੰ ਕੁੱਝ ਵਿਖਾਲੀ ਨਾ ਦਿੱਤਾ ।ਉਹਦੀਆਂ ਅੱਖਾਂ ਦੀ ਜੋਤ ਹੀ ਬੁਝ ਰਹੀ ਸੀ, ਕਮਜ਼ੋਰੀ ਪਾਰੋਂ ਸਰ੍ਹੋਂ ਫੁਟ ਪਈ ।ਨਜ਼ਰ ਦੇ ਸਾਹਮਣੇ ਤਾਰੇ ਭੋਂ ਬਿੱਲੀਆਂ ਖੇਡਣ ਲੱਗ ਪਏ ।ਚੰਗਾ ਝੱਟ ਪਾ ਕੇ ਤਾਰਿਆਂ ਦਾ ਚੱਕਰ ਹਟਿਆ ਤਾਂ ਇਕ ਖ਼ਾਬ ਵਰਗਾ ਸੀਨ ਉਹਦੀਆਂ ਅਖਾਂ ਅੱਗੇ ਪਸਰ ਗਿਆ ।ਨੀਮ ਬੇਹੋਸ਼ ਨੂਰ ਜਹਾਂ ਅਗੇ ਅਤੀਤ ਨੇ ਡਰਾਮਾ ਕੀਤਾ ।ਉਹਨੇ ਤਕਿਆ ਕਿ ਉਹ ਆਪ ਮਿਹਰੂ ਦੇ ਰੂਪ ਵਿਚ ਹੈ, ਉਹਦੇ ਕੁਛੜ ਆਵਦੀ ਛੋਟੀ ਜਿਹੀ ਧੀ ਲਾਡਲੀ ਹੈ, ਅਤੇ ਉਹ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਦਰਬਾਰ ਵਿਚ ਪੇਸ਼ ਹੈ ਤੇ ਜਹਾਂਗੀਰ ਸ਼ਰਾਬ ਦੇ ਨਸ਼ੇ ਵਿੱਚ ਗੁੱਟ ਹੈ । ਜਹਾਂਗੀਰ ਉਹਨੂੰ ਨਦੀਦਿਆਂ ਤਰ੍ਹਾਂ ਤੱਕਦਾ ਹੈ ।ਉਹ ਜਹਾਂਗੀਰ ਦਿਆਂ ਕਾਮੀ ਨਜ਼ਰਾਂ ਸਹਾਰ ਨਹੀਂ ਸਕਦੀ, ਝੁਕੀਆਂ ਨਜ਼ਰਾਂ ਨੂੰ ਹੋਰ ਝੁਕਾ ਲੈਂਦੀ ਹੈ ਤਾਂ ਹੁਕਮ ਹੁੰਦਾ ਹੈ :" ਮੁਜਰਮ ਅਲੀ ਕੁੱਲੀ ਦੀ ਬੇਗਮ ਨੂੰ ਮਾਤਰ ਹਮੇਦਾ ਬਾਨੋ ਦੀ ਖ਼ਿਦਮਤ ਵਿਚ ਦਿੱਤਾ ਜਾਂਦਾ ਹੈ ।"

ਸ਼ੇਰ ਅਫ਼ਗਨ ਦੇ ਦਿਲ ਦੀ ਰਾਣੀ ਮਿਹਰੂ ਬਾਦਸ਼ਾਹ ਦੀ ਮਾਂ ਦੀ ਬਾਂਦੀਸ਼॥ ਮਿਹਰੂ ਸੋਚਦੀ ਹੈ ਕਿ ਹੁਣ ਮੈਨੂੰ ਬਾਦਸ਼ਾਹ ਦੀ ਮਾਂ ਦੇ ਪੈਰ ਘੁਟਨੇ ਪਿਆ ਕਰਨਗੇ । ਉਹਦੇ ਸਾਹਮਣੇ ਪਾਣੀ ਦਾ ਗਲਾਸ ਫੜ ਕੇ ਖਲੋਣਾ ਪਿਆ ਕਰੇ ਗਾ ।ਨੂਰਜਹਾਂ ਦੇ ਸਿਰ ਦਾ ਛਣਕਣਾ, ਛਣਕ ਕੇ ਰਹਿ ਜਾਂਦਾ ਹੈ ।

ਚਿਰਕੇ ਜਿਹੇ ਉਹ ਸੁਰਤ ਸੰਭਾਲਦੀ ਹੈ ਤੇ ਵੇਖਦੀ ਹੈ ਕਿ ਉਹ ਜਹਾਂਗੀਰ ਦੇ ਦਰਬਾਰ ਵਿਚ ਨਹੀਂ ਆਪਣੇ ਮਹਿਲ ਵਿੱਚ ਹੈ ।ਲਾਡਲੀ ਦੇ ਦੋ ਪੁਤੱਰ, ਉਹਦਾ ਕੂੰਤ ਸ਼ਹਿਰ ਏਆਰ ਕੱਦ ਦੇ ਸ਼ਾਹ ਜਹਾਨ ਦੇ ਹੁਕਮ ਮੁਤਾਬਿਕ ਉਹਦੇ ਆਪਣੇ ਭਰਾ ਆਸਿਫ਼ ਖ਼ਾਂ ਹੱਥੋਂ ਮਾਰੇ ਜਾ ਚੁੱਕੇ ।ਇਹ ਸੱਭ ਮੌਤਾਂ ਚੇਤੇ ਕਰ ਕੇ ਉਸ ਤਰਠੀ ਹਿਰਨੀ ਤਰ੍ਹਾਂ ਆਸੇ ਪਾਸੇ ਤੱਕਿਆ, ਲਾਡਲੀ ਜਿਹੜੀ ਮਾਂ ਦਾ ਹੱਥ ਫੜ ਕੇ ਬੈਠੀ ਸੀ, ਦੁਖ ਨਾਲ ।ਉਹਦੇ ਸਾਮ੍ਹਣੇ ਉਹਦੇ ਅਇਬਾਂ ਦਿਆਂ ਖੁਲੀਆਂ ਉਹਨੂੰ ਤੱਕ ਰਹੀਆਂ ਸਨ ।

ਹਨੇਰੇ ਹੋਰ ਕਾਲੇ ਹੋਰ ਵੀ ਕਾਲੇ ਹੋ ਗਏ, ਪਰ ਸਾਮ੍ਹਨੇ ਰੁਖਾਂ ਤੋਂ ਰਾਵੀ ਦਾ ਪਾਣੀ ਤਾਰਿਆਂ ਦੀ ਮੱਧਮ ਮੱਧਮ ਲੋ ਵਿਚ ਚਮਕਦਾ ਆਪਣੇ ਕੰਢਿਆਂ ਨਾਲ ਖੈਂਹਦਾ, ਢਾਹ ਲਾਉਂਦਾ ਅੱਗੇ ਵਧ ਰਿਹਾ ਸੀ ।ਦੀਵੇ ਦਾ ਤੇਲ ਮੁੱਕੇ ਤਾਂ ਉਹ ਝਪਕੇ ਮਾਰਨ ਲੱਗ ਪੀਂਦਾ ਹੈ, ਨੂਰ ਜਹਾਂ ਦੀ ਜ਼ਿੰਦਗੀ ਦੇ ਦੀਵੇ ਦਾ ਤੇਲ ਮੁੱਕ ਰਹਿਆ ਸੀ ।ਕਮਜ਼ੋਰੀ ਨਾਲ ਉਹਨੂੰ ਬਾਰ ਬਾਰ ਡੋਬ ਪੈਣ ।ਇਹ ਵੇਖ ਕੇ ਇਕ ਬਾਂਦੀ ਨੇ ਹਕੀਮ ਹਾਜ਼ਕ ਦੇ ਦਿੱਤੇ ਹੋਏ ਉਹ ਕਤਰੇ ਨੂਰਜਹਾਂ ਦੇ ਅੱਧ ਖਲੇ ਮੂੰਹ ਵਿਚ ਲਠਖਾਂ ਦਿਤੇ, ਜਿਹਦੇ ਬਾਰੇ ਉਹਦਾ ਦਾਅਵਾ ਸੀ ਕਿ ਇਹ ਕਤਰੇ ਮਰਦੇ ਬੰਦੇ ਨੂੰ ਪਿਆ ਦਿਓ ਤਾਂ ਉਹ ਵੀ ਉਠ ਕੇ ਚਾਰ ਗੱਲਾਂ ਕਰ ਲਏ ਗਾ ।

ਸੱਚੀ ਮੁੱਚੀ ਕਤਰਿਆਂ ਸੰਘੋਂ ਲਥਦਿਆਂ ਸਾਰ ਈ ਅਪਣਾ ਆਪ ਦੱਸਿਆ ।ਨੂਰ ਜਹਾਂ ਦੇ ਉਖੜ ਦੇ ਵਸਾਹ ਰਲ ਪਏ ।ਏਨੇ ਵਿਚ ਸੀਤ ਹਵਾ ਦਾ ਇਕ ਤੇਜ਼ ਬੁਲਾ ਅੰਦਰ ਆਈਆ ਤਾਂ ਇਕ ਬਾਂਦੀ ਅੱਗੇ ਵਧ ਕੇ ਤਾਕੀਆਂ ਬੰਦ ਕਰਨ ਲੱਗ ਪਈ ।ਜਿਸ ਵੇਲੇ ਉਹ ਨੂਰਜਹਾਂ ਸਾਹਮਣੀ ਤਾਕੀ ਬੰਦ ਕਰਨ ਲੱਗੀ ਤਾਂ ਨੂਰ ਜਹਾਂ ਨੇ ਬੜੀ ਮੁਸ਼ਕਿਲ ਨਾਲ ਆਖਿਆ:" ਰਹਿਣ ਦੇ ਮੈਂ ਸੱਪ ਤਰ੍ਹਾਂ ਵੱਲ ਖਾ ਨਦੀ, ਰਾਸ਼ਕ ਰਾਵੀ ਨੂੰ ਤੱਕ ਰਹੀ ਹਾਂ ।"

"ਜੀ ਬੇਗਮ !!" ਬਾਂਦੀ ਨੇ ਸਿਰ ਝੁਕਾ ਕੇ ਤਾਕੀ ਖੁੱਲੀ ਛਡ ਦਿਤੀ ।

"ਹਾਂ ਬੇਗਮ ਰਾਵੀ ਰਾਸ਼ਕ ਹੀ ਤਾਨ੍ਹੇ ਇਹਦਾ ਪਾਣੀ ਭੰਵੀਰੀ ਵਾਕਣ ਘੁੰਮ ਕੇ ਅੱਗੇ ਵਧਦਾ ਹੈ, ਹੋਰ ਕੁੱਝ ਨਹੀਂ ਤਾਂ ਇਹ ਆਪਣੇ ਕੰਢੇ ਨੂੰ ਈ ਢਾਹ ਲਾਈ ਰੱਖਦਾ ।ਪਤਾ ਨਹੀਂ ਇਹਦੇ ਪਾਣੀ ਦੀ ਤਾਸੀਰ ਹੈ ਕਿ ਇਹਦੇ ਵਾਸੀਆਂ ਵਿਚ ਵੀ ਵੱਲ ਹੀ ਵੱਲ ਨੇਂ ।"

ਨੂਰਜਹਾਂ ਬਾਂਦੀ ਦੀ ਗੱਲ ਸੁਣੀ ਤੇ ਸੋਚੀਂ ਪੈ ਗਈ ਮੈਂ ਵੀ ਏਸੇ ਰਾਵੀ ਦਾ ਪਾਣੀ ਪੀਤਾ, ਤੇ ਵੱਲ ਛਿੱਲ ਖੇਡੇ ਕਿ ਕਿਸੇ ਨਾ ਕਿਸੇ ਤਰ੍ਹਾਂ ਮੇਰੀ ਧੀ ਲਾਡਲੀ ਮਲਿਕਾ ਬਣ ਜਾਏ ।ਹਾਏ !ਬਦ ਕਿਸਮਤ ਲਾਡਲੀ ਸ਼॥ ਬਦਨਸੀਬ ਸ਼ੇਰ ਅਫ਼ਗਨ ਦੀ ਧੀ ਸ਼॥।

ਸ਼ਹਿਰ ਏਆਰ ਉਲ੍ਹੇ ਅਪਣੀ ਧੀ ਲਾਡਲੀ ਬੇਗਮ ਦੀ ਬਾਦਸ਼ਾਹੀ ਦੀ ਡਿਠੇ ਹੋਏ ਉਹਦੇ ਸਾਰੇ ਸੁਫ਼ਨੇ ਸ਼ਹਿਰ ਏਆਰ ਦੀ ਫਾਂਸੀ ਦੇ ਨਾਲ ਹੀ ਟੁੱਟ ਕੇ ਕੁੱਦਦੇ ਉਹਦੀਆਂ ਅਖਾਂ 'ਚੋਂ ਨੀਰ ਬਣ ਕੇ ਇਕਾ ਇਕ ਕਰ ਕੇ ਕਿਰ ਚੁਕੇ ਸਨ ।ਉਹ ਅਪਣੀ ਧੀ ਲਾਡਲੀ ਦੀ ਹਾਲਤ ਤੱਕ ਨਾ ਸਕਦੀ, ਸਗੋਂ ਉਹਦੀ ਚੋਰ ਜਿਹੀ ਬਣ ਗਈ ।ਲਾਡਲੀ ਨਾਲ ਅੱਖ ਭਰ ਕੇ ਗੱਲ ਨਾ ਕਰ ਸਕਦੀ ।ਉਹਨੂੰ ਇਹ ਅਹਿਸਾਸ ਵੱਢ ਵੱਢ ਖਾਂਦਾ ਕਿ ਉਹ ਅਪਣੀ ਧੀ ਦੇ ਇਕੱਲੇ ਰੰਡੇਪੇ ਦੀ ਗੁਨਾਹੀ ਨਹੀਂ,ਸਗੋਂ ਆਵਦੇ ਦੋਹਾਂ ਪੁੱਤਰਾਂ ਦੀ ਫਾਂਸੀ ਦੀ ਵੀ ਜ਼ਿੰਮੇ ਵਾਰ ਹੈ ।ਫਾਂਸੀ ਚੜ੍ਹਾਉਨ ਵਾਲਾ ਉਹਦਾ ਅਪਨਾ ਭਰਾ ਆਸਿਫ਼ ਖ਼ਾਂਸ਼॥ ਆਸਿਫ਼ ਖ਼ਾਂ ਨੇ ਅਪਣੀ ਹੀ ਏਤੇਮ ਭਣੇਵੀਂ ਲਾਡਲੀ ਦੀ ਗੋਦ ਉਜਾੜ ਛੱਡੀ ।



ਕਦੀ ਕਦੀ ਨੂਰਜਹਾਂ ਨੂੰ ਇੰਜ ਹੀ ਲਗਦਾ ਕਿ ਇਸ ਸਾਰੇ ਖ਼ੂਨ ਖ਼ਰਾਬੇ ਦੀ ਜ਼ਿਮੇ ਵਾਰ ਉਹ ਆਪ ਹੈ ।ਸ਼ਹਿਰ ਏਆਰ ਤਾਂ ਇਕ ਕੇਰਾ ਜਿਹਾ ਬੰਦਾ ਸੀ ।ਉਸ ਵਿਚਾਰੇ ਤਾਂ ਕਦੀ ਬਾਦਸ਼ਾਹ ਬਣਨ ਦਾ ਸੋਚਿਆ ਵੀ ਨਹੀਂ ਸੀ ।ਸ਼ਰਾਬ ਅਫ਼ੀਮ ਤੋਂ ਅੱਗੇ ਉਹਦੀ ਸੋਚ ਹੀ ਮੁੱਕ ਜਾਂਦੀ ।ਤਖ਼ਤ ਉਤੇ ਬੈਠਾ " ਖ਼ੁਰਮ" ਹੁਣ ਨਿਰਾ ਬਾਦਸ਼ਾਹ ਨਹੀਂ ਸੀ ।ਭਾਵੇਂ ਉਹ ਸਾਰੇ ਜਹਾਨ ਦਾ ਬਾਦਸ਼ਾਹ ਨਾ ਸਹੀ ਪਰ "ਸ਼ਾਹ ਜਹਾਨ" ਦੇ ਖ਼ਿਤਾਬ ਨਾਲ ਹਿੰਦ ਸਿੰਧ ਵਿੱਚ ਤਾਂ ਸ਼ਾਹ ਜਹਾਨ ਹੀ ਅਖਵਾ ਰਿਹਾ ਸੀ । ਦਰਬਾਰੀ ਸ਼ਾਇਰ, ਅਦੀਬ, ਅਪਣਾ ਮਤਲਬ ਕੱਢਣ ਲਈ ਹੀ ਸਹੀ ਪਰ ਉਹਦੇ ਝੂਠੇ ਸੱਚੇ ਜਿਸ ਲਿੱਖ ਲਿੱਖ ਕੇ ਉਹਨੂੰ ਸ਼ਾਹ ਜਹਾਨ ਦੀ ਫੂਕ ਦੇ ਰਹੇ ਸਨ ਅਤੇ ਖ਼ਲਕਤ ਦੇ ਜ਼ਿਹਨ ਵਿਚ ਵੀ ਇਸ ਗੱਲ ਨੂੰ ਪੱਕਿਆਂ ਕਰ ਰਹੇ ਸਨ ਕਿ " ਤਖ਼ਤ ਤਾਊਸ " ਉੱਤੇ ਬੈਠਾ "ਖ਼ੁੱਰਮ" ਇਕੱਲੇ ਹਿੰਦ ਸਿੰਧ ਦਾ ਹੀ ਨਹੀਂ,ਸਾਰੇ ਜਹਾਨ ਦਾ ਬਾਦਸ਼ਾਹ ਹੈ ।

ਨੂਰ ਜਹਾਂ ਦੀ ਹੇਆਤੀ ਦੇ ਉਹ ਅਖ਼ੀਰੀ ਦਿਹਾੜੇ ਸਨ ।ਕਈ ਦਿਨਾਂ ਤੋਂ ਉਹਨੂੰ ਸ਼ੌਕ ਕੇ ਤਾਪ ਚੜ੍ਹ ਜਾਂਦਾ ਅਤੇ ਉਹਦੇ ਤੁਰ ਭਵਾਂ ਛੱਡਦਾ ।ਕਦੀ ਕਦੀ ਹਾਲਤ ਏਨੀ ਖ਼ਰਾਬ ਹੋ ਜਾਂਦੀ ਕਿ ਉਹ ਡੋਰ ਭੂਰੀ ਹੋ ਜਾਂਦੀ ।ਬਿਮਾਰੀ ਉਹਦੀ ਇਹੋ ਜਿਹੀ ਸੁਰਤ ਭਲਾਈ ਕਿ ਉਹਨੂੰ ਸੁਰ ਈ ਨਾ ਲਗਦਾ ਕਿ ਕੀ ਗੱਲ ਕਹਿਣੀ ਚਾਹੀਦੀ ਹੈ, ਅਤੇ ਕੀ ਨਹੀਂ, ਉਹ ਇੰਜ ਆਨੇ ਟੱਡ ਕੇ ਆਲ ਦੁਆਲੇ ਤੱਕਦੀ ਜਿਵੇਂ ਉਹ ਤਰਠੀ ਹੋਈ ਹੋਵੇ, ਉਹਦੀ ਜਾਣ ਨੂੰ ਕੋਈ ਖ਼ਤਰਾ ਹੋਏ ।ਕਦੀ ਕਦੀ ਇੰਜ ਵੀ ਹੁੰਦਾ ਕਿ ਉਹ ਕਿਸੇ ਬਹੁਤੇ ਹੀ ਡਰੇ ਹੋਏ ਇਨਸਾਨ ਤਰ੍ਹਾਂ ਅਪਠੇਆਂ ਸਿੱਧੀਆਂ, ਅੱਗੜ ਗਤੀਆਂ ਕਰਨ ਲੱਗ ਪੈਂਦੀ ।ਜੀਹਦਾ ਕੋਈ ਸਿਰ ਹੁੰਦਾ ਨਾ ਪੈਰ ।

ਨੂਰ ਜਹਾਂ ਦੀ ਅਖ਼ਤਾ ਹਾਲਤ ਵੇਖ ਕੇ ਉਹਦੇ ਖ਼ਾਸ ਅਤੇ ਵਫ਼ਾਦਾਰ ਬਰਦੇ ਬਾਂਦੀਆਂ ਪ੍ਰੇਸ਼ਾਨੀ ਦੀ ਹਾਲਤ ਵਿਚ ਹੱਥ ਮਿਲਦੇ ਅਤੇ ਢਿੱਡੀਂ ਮੁੱਕੀਆਂ ਦੇ ਕੇ ਰਹਿ ਜਾਂਦੇ ।ਉਹ ਕੰਨਾਂ ਨਾਲ ਮੂੰਹ ਲਾ ਲਾ, ਦੱਬੇ ਦੱਬੇ ਲਹਿਜੇ ਵਿਚ ਇਕ ਦੂਜੇ ਨੂੰ ਆਖਦੇ : " ਬੱਸ, ਮੁੱਕ ਗਈ ਗੱਲ !!ਮੇਰੇ ਮੂੰਹ ਵਿਚ ਖ਼ਾਕ !! ਬੇਗਮ ਸਾਹਿਬਾ ਦਾ ਚੱਲ ਚਲਾ ਦਾ ਵੇਲਾ ਆ ਗਿਆ ਸ਼ ਕੀ ਬਣੋ ਸਾਡਾ ਸ਼ਸਾਰੀ ਹੇਆਤੀ ਸਾਡੇ ਸਿਰ ਉੱਤੇ ਸ਼ਫ਼ਕਤ ਦਾ ਹੱਥ ਰੱਖਣ ਵਾਲੀ ਬੇਗਮ ਸਾਹਿਬਾ, ਕਲ੍ਹ ਦੀ ਮਲਿਕਾ ਹਿੰਦ, ਅੱਜ ਕਿੰਨੀ ਨਿਤਾਣੀ ਪਈ ਹੋਈ ਹੈ ਆਪਣੇ ਪਲੰਗ ਉੱਤੇਸ਼ ਹੱਡੀਆਂ ਦੀ ਮੁੱਠ ਉੱਤੇ ਮੜ੍ਹੀ ਹੋਈ ਖਲੜੀ ਵਿਚ ਰੱਬ ਜਾਣੇ ਕਿੱਥੇ ਕੋ ਵਸਾਹ ਅਟਕਿਆ ਹੋਈਆ ਸ਼ਬਿਮਾਰੀ ਨਾਲ ਘੋਲ ਘੁੱਲਦੀ ਬੁੱਢੀ ਜਾਣ ਹੁਣ ਘੁਲ ਘੁਲ ਕੇ ਮਰਨ ਵਾਲੀ ਹੈ ।ਕਿਤੇ ਸਾਡੀ ਕਿਸੇ ਦੀ ਜਾਨ ਦੇ ਬਦਲੇ ਬੇਗਮ ਸਾਹਿਬਾ ਦੀ ਜਾਨ ਬਚ ਸਕਦੀ ਹੁੰਦੀ ਤਾਂ, ਅਸੇਂ ਹਸ ਕੇ ਵਾਰ ਦਿੰਦੇ ॥।"

ਅੱਜ ਵੀ ਕਿੰਨੇ ਈ ਬਰਦੇ, ਬਾਂਦੀਆਂ, ਖ਼ੁਆਜਾ ਸਿਰਾ ਨੂਰ ਜਹਾਂ ਬੇਗਮ ਦੇ, ਅਹਿਸਾਨਾਂ ਬਦਲੇ ਬੇਗਮ ਉੱਤੇ ਜਾਣ ਵਾਰਨ ਨੂੰ ਤਿਆਰ ਸਨ ।ਅਲੀ ਕੁੱਲੀ ਖ਼ਾਂ, ਸ਼ੇਰ ਅਫ਼ਗਨ ਦੀ ਮੌਤ ਸਮੇ ਵੱਡੇ ਵੱਡੇ ਬਹਾਦਰਾਂ ਦਾ ਪਤਾ ਪਾਣੀ ਹੋ ਗਿਆ ।ਮੁਗ਼ਲਾਂ ਤੋਂ ਡਰ ਕੇ ਵੱਡੇ ਵੱਡੇ ਧਰਨੱਟ ਕਿੰਨੀ ਖਾ ਗਏ ਤਾਂ ਇਹ ਈ ਬਰਦੇ ਬਾਂਦੀਆਂ ਮੁਗ਼ਲ ਸਿਪਾਹੀਆਂ ਅੱਗੇ ਕੰਧ ਬਣ ਖਲੋ ਤੇ ।ਅਪਣੀ ਜਾਨ ਤਲੀ ਉੱਤੇ ਰੱਖ ਕੇ ਉਨ੍ਹਾਂ ਅਪਣੀ ਬੇਗਮ ਸਾਹਿਬਾ ਦੀ ਹਿਫ਼ਾਜ਼ਤ ਕੀਤੀ, ਜਿਵੇਂ ਅੱਖਾਂ ਦੇ ਛੱਪਰ ਅੱਖ ਦੀ ਹਿਫ਼ਾਜ਼ਤ ਕਰਦੇ ਹਨ ।

ਅੱਜ ਵੀ ਇਹ ਨਿਤਾਣੇ ਅਪਣੀ ਪੂਰੀ ਤਾਣ ਲਾ ਰਹੇ ਹੁਣ ਕਿ ਕਿਸੇ ਵੀ ਤਰ੍ਹਾਂ ਬੇਗਮ ਸਾਹਿਬਾ ਦੀ ਹਾਲਤ ਸੰਭਲ ਜਾਏ ।ਉਹ ਹਰ ਤਰ੍ਹਾਂ ਦਾ ਉੜ੍ਹ ਪੋੜ੍ਹ, ਟੂਣਾ ਟੋਟਕਾ, ਤਾਵੇਜ਼ ਧਾਗਾ, ਦੱਮ ਦਰੋਦਕੇਤੀ ਜਾਰਹੇ ਸਨ ।ਦਰਗਾਹੂਾਂ ਉੱਤੇ ਚੜ੍ਹਾਵੇ ਸੁੱਖ ਰਹੇ, ਮਿੰਨਤਾਂ ਮੰਨ ਰਹੇ ਸਨ ।ਪਰ ਟੂਣਿਆਂ ਟੋਟਕਿਆਂ, ਮਿੰਨਤਾਂ ਚੜ੍ਹਾਵੇਆਂ ਨਾਲ ਕਦੀ ਕਿਸੇ ਬਿਮਾਰੀ ਜਾਣ ਛੱਡੀ ਹੈ ?

ਉਹ ਹੱਥ ਚੁਕ ਚੁਕ, ਝੋਲੀਆਂ ਅੱਡ ਅੱਡ ਉਨ੍ਹਾਂ ਵੇਦਾਂ, ਹਕੀਮਾਂ ਨੂੰ ਬਦ ਦੁਆਵਾਂ ਦੇ ਰਹੇ

ਸਨ ਜਿਹੜੇ ਕਦੀ ਬੇਗਮ ਸਾਹਿਬਾ ਦੀ ਖ਼ੁੱਸ਼ਨੂਦੀ ਹਾਸਲ ਕਰਨ ਲਈ ਹਰ ਵਿਲੇ ਮੁਜਰੇ (ਮੁਗ਼ਲ ਦਰਬਾਰ ਵਿੱਚ ਸਲਾਮ ਦਾ ਖ਼ਾਸ ਤਰੀਕਾ) ਕਰਦੇ ਰਹਿੰਦੇ, ਅੱਜ ਜਦੋਂ ਬੇਗਮ ਸਾਹਿਬਾ ਨੂੰ ਦਵਾ ਦਾਰੂ ਦੀ ਲੋੜ ਪਈ ਤਾਂ ਉਹ ਗਿੱਦੜ ਵਾਕਣ ਪਹਾੜ ਉੱਤੇ ਈ ਚੜ੍ਹ ਬੈਠੇ ।ਦਵਾ ਦਾਰੂ ਦੇਣਾ ਤਾਂ ਰਹੀ ਦੂਰ ਦੀ ਗੱਲ, ਉਨ੍ਹਾਂ ਨੂੰ ਬੇਗਮ ਸਾਹਿਬਾ ਦਾ ਹੱਥ ਵੇਖਣਾਂ ਵੀ ਗਵਾਰਾ ਨਹੀਂ ।ਕਾਰ ਸਰਕਾਰ ਦਾ ਵਿਹਾਰ ਸਮਝਣ ਵਾਲੇ ਮਨ ਵਿਚ ਸੋਚਦੇ,:" ਹੋ ਸਕਦਾ ਹੈ ਸ਼ਾਹਜਹਾਂ ਦੀ ਹੀ ਇਹ ਮਰਜ਼ੀ ਹੋਏ ।"

ਨੂਰਜਹਾਂ ਜਿਹਨੇ ਕਦੀ ਜਹਾਂਗੀਰ ਬਾਦਸ਼ਾਹ ਉਲ੍ਹੇ ਆਪ ਸਾਰੀ ਕਾਰ ਸਰਕਾਰ ਚਲਾਈ ਹੋਈ ਸੀ, ਹਕੂਮਤ ਅਤੇ ਤਾਕਤ ਦੇ ਇਸ ਰੂਪ ਨੂੰ ਚੰਗੀ ਤਰ੍ਹਾਂ ਸਮਝਦੀ ਸੀ ।ਲਗਦੇ ਚਾਰੇ ਉਹਨੇ ਅਪਣੀ ਬਿਮਾਰੀ ਦੀ ਕਦੀ ਕਿਸੇ ਨੂੰ ਭੁਨਕ ਵੀ ਨਾ ਦਿੱਤੀ ।ਹਾਂ ਪਰ ਕਦੀ ਕਦੀ ਉਹਨੂੰ ਇਹ ਵਹਿਮਾ ਘੇਰ ਘੱਤ ਬਹਿੰਦਾ ਕਿ ਉਹਨੂੰ ਕਿਸੇ ਨੇ ਮਿੱਠਾ ਜ਼ਹਿਰ ਦੇ ਦਿੱਤਾ ਹੈ ।ਉਹ ਸਮਝਦੀ ਸੀ ਕਿ ਸ਼ਾਹਜਹਾਂ ਨੂੰ ਪਤਾ ਹੈ ਕਿ ਮੈਂ ਕਿਸੇ ਵੀ ਵੇਲੇ ਹੇਠਲੀ ਉੱਤੇ ਕਰ ਸਕਦੀ ਹਾਂ ।ਫੇਰ ਉਹ ਆਪਣੇ ਆਪ ਨੂੰ ਆਪੇ ਹੀ ਆਖਦੀ: "ਕਰ ਤਾਂ ਮੈਂ ਜ਼ਰੂਰ ਛੱਡਦੀ ਜੇ ਮੇਰੀ ਲਾਡਲੀ ਹੁੰਦੀ ।ਉਹੋਸ਼॥ ਵਿਚਾਰੀ ਮੇਰੀ ਲਾਡਲੀ ਸ਼।ਅਸੀਂ ਨਾ ਜਿਊਂਦੀਆਂ ਵਿੱਚੋਂ ਨਾ ਮਰੀਆਂ ਵਿੱਚੋਂ ।"

ਨੂਰ ਜਹਾਂ ਨੂੰ ਖ਼ੁਦ ਰਹਿਮੀ ਦੇ ਜਜ਼ਬੇ ਨੇ ਢਾ ਲਾ ਲਿਆ। ਉਸ ਨੂਰਜਹਾਂ ਨੂੰ ਜਿਹੜੀ ਅਲੀ ਕੁੱਲੀ ਖ਼ਾਂ ਸ਼ੇਰ ਅਫ਼ਗਨ ਦੀ ਪਿਆਰੀ ਬੀਵੀ, ਹਿੰਦ ਸਿੰਧ ਦੇ ਬਾਦਸ਼ਾਹ ਜਹਾਂਗੀਰ ਦੀ ਮਲਿਕਾ ਸੀ ।ਉਹ ਅਪਣੀ ਹੇਆਤੀ ਦੇ ਗੁਜ਼ਰੇ ਹੋਏ ਇਕ ਇਕ ਪੱਲ ਨੂੰ ਚੇਤੇ ਕਰਨ ਦੀ ਕਰਦੀ ਹੈ ਕਿ ਕਿਸ ਤਰ੍ਹਾਂ ਭੁਖ ਤੋਂ ਡਰਦਿਆਂ ਉਹਦੇ ਜੰਮਣ ਵਾਲਿਆਂ ਉਹਨੂੰ ਬੇ ਆਸਰਾ ਰੜੇ ਉੱਤੇ ਸੁਟ ਦਿੱਤਾ ।ਕਿਸ ਤਰ੍ਹਾਂ ਰਹਿਮ ਖਾ ਕੇ ਸੌਦਾਗਰਾਂ ਦੇ ਸਰਦਾਰ ਉਹਨੂੰ ਚੁਕ ਲਿਆ ।ਕਿਸ ਤਰ੍ਹਾਂ ਉਹਦੇ ਆਪਣੇ ਹੀ ਮਾਪਿਆਂ ਉਹਨੂੰ ਪਾਲਣ ਪੋਸਣ ਦੇ ਸੌਦਾਗਰ ਤੋਂ ਪੈਸੇ ਵਸੂਲੇ।ਕਿਸ ਤਰ੍ਹਾਂ ਉਹਦੇ ਅੱਲ੍ਹੜ ਦਿਨਾਂ ਵਿੱਚ ਸ਼ਹਿਜ਼ਾਦਾ ਸ਼ੇਖ਼ੋ ਉਹਦੇ ਪਿੱਛੇ ਪੈ ਗਿਆ ਅਤੇ ਅਕਬਰ ਨੇ ਅਨਾਰ ਕੱਲੀ ਦੀ ਕਹਾਣੀ ਨੂੰ ਦੁਹਰਾਉਣ ਦੀ ਥਾਂ ਉਹਦਾ ਵਿਆਹ ਅਲੀ ਕੁੱਲੀ ਖ਼ਾਂ ਨਾਲ ਕਰਵਾ ਦਿੱਤਾ ।ਅਲੀ ਕੁੱਲੀ ਉਹਦੇ ਨਾਲ ਕਿੰਨਾ ਪਿਆਰ ਕਰਦਾ ਸੀ ਕਿ ਉਹਨੇ ਮੌਤ ਕਬੂਲ ਲਈ ਪਰ ਅਪਣੀ ਮਿਹਰੂ ਨੂੰ ਨਾ ਛੱਡਿਆ ।ਅਲੀ ਕੁੱਲੀ ਦੀ ਮੌਤ ਪਿੱਛੋਂ ਕਿਸ ਤਰ੍ਹਾਂ ਬਾਂਧ ਬਣਾ ਕੇ ਲਿਆਂਦਾ ਗਿਆ ਅਤੇ ਅਕਬਰ ਦੀ ਰਾਣੀ ਹਮੇਦਾਂ ਦੀ ਬਾਂਦੀ ਬਣਾ ਦਿੱਤਾ ਗਿਆ ।ਕਿਸ ਤਰ੍ਹਾਂ ਉਹ ਅਪਣੀ ਧੀ ਲਾਡਲੀ ਬਾਰੇ ਸੋਚਦੀ ਹੁੰਦੀ ਸੀ ਕਿ ਸ਼ਾਹੀ ਕਨੀਜ਼ ਮਿਹਰੂ ਦੀ ਧੀ ਲਾਡਲੀ ਵੀ ਇਕ ਕਨੀਜ਼ ਹੀ ਬਣੇਗੀ ।ਕਿਸੇ ਸ਼ਹਿਜ਼ਾਦੇ ਦੀ ਹੋਸ ਦਾ ਨਿਸ਼ਾਨਾ ਅਤੇ ਉਹ ਅਪਣੀ ਚੀਕ ਨੂੰ ਕਿਵੇਂ ਆਪਣੇ ਮੂੰਹ ਉੱਤੇ ਹੱਥ ਰੱਖ ਕੇ ਰੋਕਦੀ ।ਫੇਰ ਉਹਨੇ ਕੀ ਕੁੱਝ ਨਾ ਕੀਤਾ ਕਿ ਉਹਦੀ ਲਾਡਲੀ ਕਨੀਜ਼ ਨਾ ਬਣੇ ।ਪਰ ਅੱਜ ਉਹ ਮੌਤ ਦਾ ਸਾਹਮਨਾ ਕਰਨ ਲਈ ਤਿਆਰ ਹੈ ਇਸ ਲਈ ਨਹੀਂ ਕਿ ਉਹ ਮੁਕੱਦਰ ਦਾ ਲਿਖਿਆ ਮਨ ਬੈਠੀ ਹੈ ।ਸਗੋਂ ਇਸ ਲਈ ਕਿ ਉਹ ਇਸ ਨਿਜ਼ਾਮ ਤੋਂ ਹਾਰ ਗਈ ਹੈ ਜਿਹਦੇ ਨਾਲ ਉਹਨੇ ਲੜਾਈ ਛੋਹੀ ।ਉਹਨੇ ਅਪਣੀ ਧੀ ਲਾਡਲੀ ਬਾਰੇ ਸੋਚਿਆ ਜਿਹਨੂੰ ਸਦੀਆਂ ਤੋਂ ਚਲੇ ਆਉਂਦੇ ਇਸ ਖੋਹ ਖੁਸ, ਉਚ ਝਿਕ, ਮੋਮਿਨ ਕਾਫ਼ਰ ਦੀਆਂ ਨੀਹਾਂ ਉੱਤੇ ਉਸਰੇ ਹੋਏ ਨਿਜ਼ਾਮ ਨੇ ਦਾਹਦੜ ਕਰ ਕੇ ਸੁਟ ਦਿਤਾ ਸੀ ।ਉਹਦੀਆਂ ਅੱਖਾਂ ਵਿੱਚੋਂ ਅੱਥਰੂ ਢਿਲਕੇ ਅਤੇ ਮੁਗ਼ਲ ਹਾਕਮੀ ਜਿਹੀਆਂ ਝਰੋੜੇਆਂ ਭਰੀਆਂ ਗੱਲ੍ਹਾਂ ਵਿਚ ਗਵਾਚ ਗਏ ।

ਉਸ ਸ਼ਾਮ ਸੂਰਜ ਨੇ ਲਹਿੰਦੀ ਗੁਠੇ ਜ਼ਮੀਨ ਅਸਮਾਨ ਦੇ ਇਕ ਹੋਣ ਦੇ ਭੁਲੇਖੇ ਸਮੁੰਦਰ ਵਿਚ ਟੁਬੀ ਮਾਰ ਲਈ ।ਨੂਰਜਹਾਂ ਦੀਆਂ ਅੱਖਾਂ ਦਾ ਨੂਰ ਵੀ ਬੁੱਝਣ ਲੱਗ ਪਿਆ ।ਉਤਰਦੀ ਹੋਈ ਸ਼ਾਹ ਕਾਲੀ ਰਾਤ ਉਹਦੀਆਂ ਅੱਖਾਂ ਵਿਚ ਉਤਰਕੇ ਹੋਰ ਵੀ ਗੂੜ੍ਹੀ ਅਤੇ ਕਾਲੀ ਹੋ ਗਈ ।ਉਹਦੀਆਂ ਪਲਕਾਂ ਹਰ ਪੱਲ ਬੋਝਲ ਹੀ ਬੋਝਲ ਹੋਂਦੀਆਂ ਜਾਨ, ਅੱਖਾਂ ਉਨ੍ਹਾਂ ਦਾ ਭਾਰ ਸਹਾਰਨੋਂ ਆਤੁਰ, ਪੋਟੇਆਂ



ਨੇ ਵੀ ਅੱਖਾਂ ਨੂੰ ਕਈ ਵਾਰ ਹਮੇਸ਼ ਲਈ ਢਕਣ ਦੀ ਕੋਸ਼ਿਸ਼ ਕੀਤੀ ।ਉਹਦੇ ਆਨਿਆਂ ਵਿਚ ਹੇਆਤੀ ਦੀ ਜੋਤ ਹੌਲੀ ਹੌਲੀ ਮੱਧਮ ਹੋਂਦੀ ਜਾਂਦੀ ਹੈ।ਇੰਜ ਜਾਪਦਾ ਹੈ ਜਿਉਂ ਹੁਣੇ ਈ ਉਹ ਅਖ਼ੀਰੀ ਵਸਾਹ ਲੇਗੀ, ਅਤੇ ਹੁਣੇ ਈ ਡੇਲੇ ਢਿਲਕ ਜਾਣਗੇ ।ਜੇ ਔਖੀ ਸੌਖੀ ਹੋ ਕੇ ਉਹ ਅੱਖਾਂ ਪੁੱਟ ਵੀ ਲੈਂਦੀ ਤਾਂ ਉਹਦੀ ਨਜ਼ਰ ਪਾਟ ਕੇ ਦੋ ਫਾੜ ਹੋ ਜਾਂਦੀ, ਇਆਂ ਫੇਰ ਕਾਲਾ ਘੁੱਪ ਹਨੇਰਾ ਜਿਹਾ ਘੁਲ ਜਾਂਦਾ ਅਤੇ ਉਹਦੇ ਵਿੱਚੋਂ ਸਰਹੇਓਂ ਰੰਗੇ ਤਾਰੇ ਘੁਮਣ ਘੇਰੀਆਂ ਖਾਣ ਲੱਗ ਪੈਂਦੇ ।ਉਹਨੂੰ ਅਪਣਾ ਪੂਰਾ ਸਰੀਰ ਘੁਮਦਾ ਹੋਈਆ ਜਾਪਦਾ, ਜਿਵੇਂ ਉਹ ਪਾਣੀ ਵਿੱਚ ਬਣਦੀ ਘੁਮਣ ਘਿਰੀ ਵਿਚ ਫਸੀ ਹੋਏ ਅਤੇ ਪਾਣੀ ਉਹਨੂੰ ਪਾਤਾਲ ਵਿੱਚ ਖਿੱਚ ਕੇ ਲੈ ਜਾ ਰਹਿਆ ਹੋਏ ।ਉਹਦੇ ਸਾਹਾਂ 'ਚ ਘੋਰੜੂ ਜਿਹਾ ਵੱਜਣ ਲੱਗ ਪਿਆ ।ਮਿੱਥੇ ਉੱਤੇ ਤ੍ਰੇਲੀ ਜਿਹੀ ਆਈ ਤੇ ਉਸ ਆਖ਼ਰੀ ਵਾਰ ਅਤੇ ਬੜੀ ਮੁਸ਼ਕਲ ਨਾਲ ਮਿੱਥੇ ਉੱਤੇ ਤਿਊੜੀ ਪਾ ਕੇ, ਸਾਹਮਣੇ ਨਝਾ ਕੇ ਤੱਕਿਆ ।ਪੱਲ ਕੋ ਪਿੱਛੋਂ ਉਹਦੀਆਂ ਬੁਲ੍ਹਾਂ ਉੱਤੇ ਇੱਕ ਨਿੱਕੀ ਜਿਹੀ ਮੁਸਕਾਨ ਆਉਂਦੀ ਹੈ ।ਉਹਦੀਆਂ ਅੱਖਾਂ ਅੱਗੇ ਕੁੱਝ ਸੁਫ਼ਨੇ ਜਿਹੇ ਨੱਚਣ ਲੱਗ ਪੈਂਦੇ ਹੁਣ ।ਕੁੱਝ ਮੱਧਮ ਜਿਹੀਆਂ ਸ਼ਕਲਾਂ ਉਭਰਦੀਆਂ ਹਨ ।ਨੂਰ ਜਹਾਂ ਇਨ੍ਹਾਂ ਸ਼ਕਲਾਂ ਨੂੰ ਸਿਆਣਨ ਦਾ ਜਤਨ ਕਰਦੀ ਹੈ ।ਛੇਤੀ ਹੀ ਇਕ ਸ਼ਕਲ ਉਹ ਸਿਆਣ ਲੈਂਦੀ ਹੈ ।ਸ਼ੇਰ ਅਫ਼ਗਨ ਦੀ ।ਉਹਦਾ ਅਲੀ ਕੁੱਲੀ ਖ਼ਾਂਸ਼ ਹੱਥ ਵਿਚ ਤਲਵਾਰ ਫੜ ਕੇ ਖਲੋਤਾ ਉਹਦੇ ਸਾਹਮਣੇ ਹੱਸ ਰਹਿਆ ਹੈ ।ਸੁਫ਼ਨੇ ਤਰ੍ਹਾਂ ਉਹਦਾ ਅਤੀਤ ਉਹਦੇ ਸਾਹਮਣੇ ਨਤਰਨ ਲੱਗ ਪੀਂਦਾ ਹੈ ।ਮਿਹਰੂ ਦੇ ਚਿਹਰੇ ਦੇ ਰੰਗ ਬਦਲਦੇ ਹੁਣ ।ਖ਼ੌਫ਼ ਨਾਲ ਪੀਲੇ ਰੰਗਾਂ ਦੇ ਕਿੰਨੇ ਈ ਸ਼ੈੱਡ ਉਹਦੇ ਚਿਹਰੇ ਉੱਤੇ ਇਕ ਇਕ ਕਰ ਕੇ ਬਦਲ ਜਾਂਦੇ ਹੁਣ ।ਉਸ ਵੇਲੇ ਤਾਂ ਆਵਦੇ ਆਨੇ ਹੀ ਤਾੜੇ ਲੱਗ ਜਾਂਦੇ।ਹੁਣ ਜਦ ਉਹਦੇ ਸਾਹਮਣੇ ਨੰਗੀਆਂ ਤਲਵਾਰਾਂ ਫੜ ਕੇ ਖਲੋਤੇ ਮੁਗ਼ਲ ਸਿਪਾਹੀ ਉਹਨੂੰ ਬੜੇ ਖਰੋਏ ਲਹਿਜੇ ਵਿਚ ਕਹਿੰਦੇ ਹੁਣ :" ਬਾਗ਼ੀ ਸ਼ੇਰ ਅਫ਼ਗਨ ਮਾਰਿਆ ਜਾ ਚੁਕਾ ਹੈ ।ਸ਼ਾਹੀ ਫ਼ਰਮਾਨ ਹੈ ਕਿ ਬੇਗਮ ਨੂਰਜਹਾਂ ਨੂੰ ਸ਼ਾਹੀ ਦਰਬਾਰ ਵਿੱਚ ਪੇਸ਼ ਕੀਤਾ ਜਾਏ !"

ਨੂਰ ਜਹਾਂ ਤੱਕਦੀ ਹੈ ਕਿ ਮਿਹਰੂ ਡਰ ਦੀ ਮਾਰੀ, ਉਹਦੇ ਆਪਣੇ ਸ਼ੇਰ ਅਫ਼ਗਨ ਦੀ ਉਤੇ ਉਹਦੀ ਅਪਣੀ ਰੱਤ, ਅਪਣੀ ਧੀ 'ਲਾਡਲੀ' ਨੂੰ ਕਿਵੇਂ ਕਲੇਜੇ ਨਾਲ ਲਾਉਂਦੀ ਹੈ ।ਉਹਨੋਂ ਜਾਪਦਾ ਹੈ ਕਿ ਮੁਗ਼ਲ ਸਿਪਾਹੀ, ਜਹਾਂਗੀਰ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ ਕਿੱਧਰੇ ਲਾਡਲੀ ਨੂੰ ਨਿਰੀ ਸ਼ੇਰ ਅਫ਼ਗਨ ਦੀ ਨਿਸ਼ਾਨੀ ਸਮਝ ਕੇ ਨਾ ਮਾਰ ਛੱਡਣ ।ਨੂਰ ਜਹਾਂ ਦਾ ਦਿਲ ਤਾਂਬੜਾ ਕੀਤਾ ਕਿ ਤਲਵਾਰ ਫੜ ਲਵਾਂ ਅਤੇ ਲਾਡਲੀ ਨੂੰ ਏਤੇਮ ਕਰਨ ਵਾਲਿਆਂ ਦੇ ਪੜਛੇ ਲਾਹ ਛੱਡਾਂ, ਪਰ ਦੂਰ ਅੰਦੇਸ਼ੀ ਆਖਦੀ ਹੈ:" ਮਿਹਰੂ ! ਤੇਰੇ ਪਿੱਛੋਂ ਫੇਰ ਲਾਡਲੀ ਦਾ ਕੀ ਬਣੇਗਾ ! ਅਤੇ ਪੇਸ਼ਾ ਵਰ ਸਿਪਾਹੀਆਂ ਨਾਲ ਇਕ ਆਮ ਔਰਤ ਦੀ ਲੜਾਈ ਸ਼॥ ਅਪਣੀ ਆਪ ਹੱਤਿਆ ਕਰਨਾ ਹੈ ।"

ਉੱਤੋਂ ਮੁਗ਼ਲ ਸਿਪਾਹੀ ਕਹਿੰਦੇ ਹੁਣ: "ਸ਼ਾਹ ਆਲਮ ਦਾ ਫ਼ਰਮਾਨ ਹੈ ਕਿ ਬੇਗਮ ਸਾਹਿਬਾ (ਨੂਰ ਜਹਾਂ) ਨੂੰ ਪੂਰੇ ਪੂਰੇ ਆਦਰ ਨਾਲ ਲਿਆਂਦਾ ਜਾਏ ਸ਼॥ ਬੇਗਮ ਸਾਹਿਬਾ ਨੂੰ ਏਕੇਨ ਦਿਵਾਇਆ ਜਾਂਦਾ ਹੈ ਕਿ ਆਪ ਦੀ ਇੱਜ਼ਤ ਵਿਚ ਕੋਈ ਕਸਰ ਨਹੀਂ ਰਹਿਣ ਦਿੱਤੀ ਜਾਏਗੀ । "ਇਹ ਸੁਣ ਕੇ ਬੇ ਵਸੀ ਮਿਹਰੂ ਦੇ ਬੁਲ੍ਹਾਂ ਉੱਤੇ ਚੁਪ ਦਾ ਜਿੰਦਰਾ ਬਣ ਗਈ ।ਪਰ ਏਤੇਮ ਲਾਡ ਲਡਾਏ ਕੇ ਉਹਦੀਆਂ ਅੱਖਾਂ ਵਿੱਚੋਂ ਹੰਝੂ ਢਿਲਕੇ ਅਤੇ ਗੱਲ੍ਹਾਂ ਉੱਤੇ ਵੀਹ ਗਏ ।ਏਤੇਮੀ ਬੇ ਸਮਝ ਲਾਡਲੀ ਦੇ ਗਲ ਚੋਂ ਚੈਂਕ ਬਣ ਕੇ ਨਿਕਲੀ, ਭਾਵੇਂ ਉਹਨੂੰ ਉਸ ਵੇਲੇ ਏਤੇਮੀ ਦੀ ਖ਼ਬਰ ਵੀ ਨਹੀਂ ਸੀ ।

ਸੁੱਕ ਸੁੱਕ ਕੇ ਹਰੇੜ ਹੋਈ ਨੂਰਜਹਾਂ ਨੇ ਇਚੋਂ ਨਾਲ ਗੋਡੇ ਖਿੱਚ ਕੇ ਢਿੱਡ ਨਾਲ ਲਾ ਲਏ ।ਘੁੱਪ ਹਨੇਰੀ ਰਾਤ ਉਹਦੀ ਤਕਲੀਫ਼ ਨੂੰ ਹੋਰ ਵੀ ਗੰਭੀਰ ਕਰ ਦਿੱਤਾ, ਬਾਹਰ ਤੇਜ਼ ਚੱਲਦੀ ਹਵਾ ਦਾ ਸ਼ੁਕਾਟ, ਰਖਾਂਦੇ ਪੱਤਿਆਂ ਦੀ ਖੜ ਖੜ ਇਸ ਤਰ੍ਹਾਂ ਸੀ ਜਿਵੇਂ ਕਿਸੇ ਬਾਦਸ਼ਾਹ ਚੜ੍ਹਾਈ ਕੀਤੀ ਹੋਏ । ਫੇਰ ਚਾਣਚੱਕ ਬਿਜਲੀ ਗੜ੍ਹਕੀ ਤਾਂ ਨੂਰ ਜਹਾਂ ਦੇ ਆਨੇ ਟਿੱਡੇ ਰਹਿ ਗਏ ।ਗੜ੍ਹਕ ਨਾਲ ਉਹਦੀਆਂ

ਅੱਖਾਂ ਕੀ ਖੁਲੀਆਂ, ਬਿਜਲੀ ਦੇ ਚਮਕਾਰੇ ਵਿਚ ਉਸ ਤਕਿਆ ਕਿ ਸ਼ੇਰ ਅਫ਼ਗਨ ਉਹਦੇ ਸਾਹਮਣੇ ਹੈ ।ਰਿਤੂ ਰੱਤ, ਫਟੋ ਫੱਟ ।ਫੇਰ ਵੀ ਨਾ ਉਹਦੇ ਪੈਰ ਡੋਲਦੇ ਹੁਣ ।ਨਾ ਸਰੀਰ ਹੀ ਢਿਲਕਿਆ ।ਉਹ ਅੱਗੇ ਵਧਦਾ ਹੈ ।ਵਧ ਕੇ ਨੂਰ ਜਹਾਂ ਨੂੰ ਬਾਹਾਂ ਦੇ ਕਲਾਵੇ ਵਿਚ ਭਰ ਲੈਂਦਾ ਹੈ ।ਨੂਰ ਜਹਾਂ ਹੈਰਤ ਵਿਚ ਡੁੱਬੀ ਨਜ਼ਰਾਂ ਨਾਲ ਉਹਨੂੰ ਵੇਖਦੀ ਹੈ ।ਸ਼ੇਰ ਅਫ਼ਗਨ ਅੱਗੇ ਵਧ ਕੇ ਬੜੀ ਨਿੱਘ ਨਾਲ ਕਹਿੰਦਾ ਹੈ : "ਮਿਹਰੂ ! ਮੇਰੀ ਮਿਹਰੂ !ਆਜਾ ਚਲੀਏ, ਬੜਾ ਚਿਰ ਹੋ ਗਿਆਸ਼ ।"

ਸ਼ੇਰ ਅਫ਼ਗਨ ਨੂੰ ਵੇਖ ਕੇ ਨੂਰ ਜਹਾਂ ਦੇ ਬੁਲ੍ਹਾਂ ਉੱਤੇ ਉਹ ਹੀ ਪਿਆਰ ਭਰੀ ਵਿਰਸੀ ਆਜ਼ਾਦੀ ਹੈ, ਜਿਹਨੂੰ ਵੇਖ ਕੇ ਕਦੀ ਸ਼ੇਰ ਅਫ਼ਗਨ ਨਿਹਾਲ ਹੋ ਜਾਂਦਾ ਹੁੰਦਾ ਸੀ ।ਸ਼ੇਰ ਅਫ਼ਗਨ ਨੂੰ ਇੰਜ ਹੀ ਜਾਪਦਾ ਹੈ, ਜਿਵੇਂ ਉਹਦੀ ਮਿਹਰੂ ਨਿਸਾ, ਅੱਜ ਵੀ ਉਹਦੀ ਈ ਹੋਏ ।ਜਿਵੇਂ ਉਹਨੇ ਹੇਆਤੀ ਦਾ ਇਕ ਇਕ ਪੱਲ ਉਹਦੀ ਹੀ ਉਡੀਕ ਵਿਚ ਗੁਜ਼ਾਰਿਆ ਹੋਏ ।ਮਿਹਰੂ ਉਹਨੂੰ ਆਪਣੇ ਸਾਹਮਣੇ ਵਿਏਖ ਕੇ ਪੱਕੇ ਹੋਏ ਫੋੜ ਏ ਤਰ੍ਹਾਂ ਫਿੱਸ ਪੈਂਦੀ ਹੈ ਅਤੇ ਉਹਦੀ ਸਾਹਵਾਂ ਵਿਚ ਰੁਕੇ ਹੋਏ ਇਆਂ ਮੁਗ਼ਲਾਂ ਦੇ ਦਾਬੈ ਵਿਚ ਦੱਬੇ ਹੋ ਏ ਡਸਕੋਰੇਆਂ ਨੂੰ ਰਾਹ ਮੱਲ ਜਾਂਦਾ ਹੇ ।ਉਹ ਚਿਰਾਂ ਪਿੱਛੋਂ ਸ਼ੇਰ ਅਫ਼ਗਨ ਨੂੰ ਤੱਕਦੀ ਹੈ, ਲਫ਼ਜ਼ ਹੀਣੇ ਪੈ ਜਾਂਦੇ ਹੁਣ ।ਹੰਝੂਆਂ ਦੇ ਕਿੰਨੇ ਹੀ ਮੋਤੀ, ਇਕ ਤਾਰ ਅਗੇ ਪਿਛੇ ਕਿਰਦੇ ਉਹਦੀਆਂ ਗੱਲ੍ਹਾਂ ਉੱਤੋਂ ਜਹਾਂਗੀਰ ਦੇ ਸ਼ਰਾਬ ਵਿਚ ਭਿਜੇ ਬੁਲ੍ਹਾਂ ਦੇ ਨਿਸ਼ਾਨ ਧੋਣ ਲੱਗ ਪੈਂਦੇ ਹਣ ।

ਖ਼ੁਸ਼ੀ ਅਤੇ ਦੁਖ ਦਾ ਇਹ ਤਾਲ ਮੇਲ ਵੇਖ ਕੇ ਸ਼ੇਰ ਅਫ਼ਗਨ ਉਹਨੂੰ ਆਪਣੇ ਹੋਰ ਵੀ ਨੇੜੇ ਕਰ ਲੈਂਦਾ ਹੈ, ਏਨਾ ਨੇੜੇ ਕਿ ਜਿਵੇਂ ਸ਼ੇਰ ਅਫ਼ਗਨ ਨੂਰ ਜਹਾਂ ਦੇ ਟੁੱਟਦੇ ਸਾਹਾਂ ਦੀ ਅਵਾਜ਼ ਸੁਣਨ ਦੀ ਕੋਸ਼ਿਸ਼ ਕਰ ਰਹਿਆ ਹੋਏ ।ਫੇਰ ਜਿਵੇਂ ਉਹਦੇ ਤੋਂ ਨੂਰ ਜਹਾਂ ਦੀ ਤਕਲੀਫ਼ ਵੇਖੀ ਨਹੀਂ ਜਾਂਦੀ ਅਤੇ ਉਹਨੂੰ ਗੱਲ ਨਾਲ ਲਾਉਂਦਾ ਆਖਦਾ ਹੈ : "ਮਿਹਰੂ ! ਤੋਂ ਮੈਨੂੰ ਤੱਕ ਕੇ ਪਹਿਲਾਂ ਹੱਸੀ ਅਤੇ ਫੇਰ ਰੋਈ ਕਿਉਂ ?"

"ਆਲੀ ! ਤੋਂ ਗੌਹ ਕੀਤਾ ਤੋਂ ਕੀ ਆਖਿਆ ?" ਨੂਰ ਜਹਾਂ ਨੂੰ ਜਦ ਸ਼ੇਰ ਅਫ਼ਗਨ ਉੱਤੇ ਬੜਾ ਪਿਆਰ ਆਉਂਦਾ ਤਾਂ ਉਹ ਉਹਨੂੰ ਅਲੀ ਕੁੱਲੀ ਦੀ ਬਜਾਏ ਆਲੀ ਹੀ ਆਖਦੀ ।

"ਕੀ ਆਖਿਆ ? ?" ਆਲੀ ਕੁੱਲੀ ਪੁੱਛਦਾ ਹੈ ।

"ਤੋਂ ਉਹ ਬਾਤ ਤਾਂ ਸੁਣੀ ਹੋਏਗੀ ਕਿ ਕਿਸੇ ਦਿਓ ਦੀ ਕੈਦ ਵਿਚ ਇਕ ਕੁੜੀ ਨੇ ਜਦੋਂ ਚਿਰਾਂ ਪਿੱਛੋਂ ਆਪਣੇ ਸਾਹਮਣੇ ਇਕ ਆਦਮ ਜ਼ਾਦ ਡਿਠਾ ਤਾਂ ਪਹਿਲਾਂ ਉਹ ਹੱਸੀ ਅਤੇ ਫੇਰ ਰੋ ਪਈ। ਬਿਲਕੁਲ ਤੇਰੇ ਹੀ ਵਾਕਣ ਆਲੀ, ਬਿਲਕੁੱਲ ਤੇਰੇ ਹੀ ਵਾਕਣ ਆਦਮ ਜ਼ਾਦ ਨੇ ਵੀ ਉਸ ਕੁੜੀ ਤੋਂ ਇਹ ਈ ਪੁੱਛਿਆ ਸੀ ਅਖੇ : ਤੋਂ ਪਹਿਲਾਂ ਹੱਸੀ ਅਤੇ ਫੇਰ ਰੋਈ ਕਿਉਂ ?"

"ਪਰ ਮਿਹਰੂ ! ਤੋਂ ਮਲਿਕਾ ਹੈਂ, ਨਹੀਂ, ਨਿਰੀ ਮਲਿਕਾ ਵੀ ਨਹੀਂ, ਪੂਰੇ ਹਿੰਦ ਸਿੰਧ ਦੀ ਮਲਿਕਾ ਹੈਂ, ਮਲਿਕਾ ਆਲਮਸ਼" ਸ਼ੇਰ ਅਫ਼ਗਨ ਨੂਰ ਜਹਾਂ ਦਾ ਚਿਹਰਾ ਆਪਣੇ ਹੱਥਾਂ ਵਿਚ ਕਰ ਕੇ ਆਪਣੇ ਵੱਲ ਕਰਦਿਆਂ ਹੋਇਆ ਉਹਦੇ ਚਿਹਰੇ ਉੱਤੇ ਝੁਕਦਾ ਹੈ, ਜਿਵੇਂ ਓਹਦੇ ਬੁਲ੍ਹਾਂ ਉੱਤੇ ਬੁੱਲ੍ਹ ਰੱਖ ਕੇ ਉਹਦੀ ਜ਼ਿੰਦਗੀ ਭਰ ਦੀ ਤਲਖ਼ੀ ਪੀ ਜਾਣਾ ਚਾਹੁੰਦਾ ਹੋਏ ।ਫੇਰ ਹੋਰ ਝੁਕਦਾ ਝੁਕਦਾ ਏਕ ਦੱਮ ਪਿਛੇ ਹਟ ਜਾਂਦਾ ਹੇ ਜਿਵੇਂ ਅਚਾਨਕ ਕਿਸੇ ਜ਼ਾਹਿਦ ਨੂੰ ਪਤਾ ਲੱਗ ਜਾਏ ਕਿ ਉਹਦੇ ਮੂੰਹ ਨਾਲ ਕੋਈ ਹਰਾਮ ਸ਼ੈਅ ਲੱਗਣ ਲੱਗੀ ਹੈ ।ਹੁਣ ਸ਼ੇਰ ਅਫ਼ਗਨ ਦੇ ਲਹਿਜੇ ਵਿਚ ਤਲਖ਼ੀ ਸਾਫ਼ ਝਲਕਦੀ ਹੈ, ਸਗੋਂ ਉਹ ਤਾਹਨਾ ਮਾਰਨ ਤਰ੍ਹਾਂ ਕਹਿੰਦਾ ਹੈ: "ਮਿਹਰੂ ! ਤੇਰੇ ਮੂੰਹ ਵਿੱਚੋਂ ਤੇਰੇ ਆਦਿਲ ਜਹਾਂਗੀਰ ਦੇ ਸ਼ਰਾਬੀ ਬੁਲ੍ਹਾਂ ਦੀ ਹਮਕ ਆਰਹੀ ਹੈ ।ਮੇਂ ਤੇਰੇ ਚਿਹਰੇ ਉੱਤੇ ਇਸ "ਆਦਿਲ ਮੀਰ ਆਲਮ" ਦੇ ਬੁਲ੍ਹਾਂ ਦੇ ਨਿਸ਼ਾਨ ਤੱਕ ਰਿਹਾਂ ।"

ਨੂਰ ਜਹਾਂ ਦੇ ਅੱਧ ਖੁੱਲੇ ਹੋਠ ਫੜ ਫੜਾਉਂਦੇ ਹਨ :" ਤੋਂ ਸੱਚਾ ਹੈਂ, ਇਸ ਲਈ ਕਿ ਇਹ



ਏਉਗ ਨਰ ਹਾਕਮੀ ਦਾ ਹੈ ।ਜਿਹਦਾ ਰੱਬ ਵੀ ਨਰ ਹੈ ।ਜਿਹਦੇ ਸਾਰੇ ਅਵਤਾਰ, ਨਬੀ, ਪੈਗ਼ੰਬਰ ਨਰ ਹੁਣ ।ਜਿਹਦੀਆਂ ਮਜ਼ਬੀ ਕਿਤਾਬਾਂ ਤੁਹਾਡੇ ਮਰਦਾਂ ਉੱਤੇ ਉਤਰੀਆ ।ਜਿਹਦੇ ਸਾਰੇ ਕਲਏ, ਕਾਆਦੇ, ਕਾਨੂਨ ਤੁਸਾਂ ਮਰਦਾਂ ਨੇ ਬਣਾਏ ।ਇਸ ਯੁਗ ਵਿਚ ਔਰਤ ਦੀ ਹੇਸੇਤ ਇਕ ਵਸਤ, ਇਕ ਸ਼ੈਅ ਤੋਂ ਵੱਧ ਹੈ ਕੀ ? ਸ਼ੈਅ, ਜਿਹੜੀ ਕਿਸੇ ਦੀ ਮਲਕੀਤ ਹੁੰਦੀ ਹੈ ।ਜਿਹਦੀ ਅਪਣੀ ਕੋਈ ਹੇਸੇਤ ਨਹੀਂ, ਕੋਈ ਫ਼ੈਸਲਾ ਨਹੀਂ ।ਜੇ ਮੇਂ ਤੇਰੀ ਮੌਤ ਦਾ ਸੁਣ ਕੇ ਅਪਣੀ ਹੱਤਿਆ ਕਰ ਲੈਂਦੀ ਤਾਂ ਫੇਰ ਹੀ ਠੀਕ ਸੀ ? ਫੇਰ ਈ ਤੋਂ ਤੇ ਇਹ ਔਰਤ ਦੁਸ਼ਮਣ ਵਸੇਬ ਮੇਰੇ ਕਿਰਦਾਰ ਤੇ ਬੱਲੇ ਬੱਲੇ ਕਰਦੇ ? ਕੁੱਝ ਮਰਦ ਅਪਣੀ ਕੁਰਬਾਨ ਗਾਹ ਉੱਤੇ ਮੇਰੀ ਇਸ ਕੁਰਬਾਨੀ ਦੇ ਕਿਸੇ ਲਿਖ ਕੇ ਦੂਜਿਆਂ ਔਰਤਾਂ ਨੂੰ ਇਸ ਕੁਰਬਾਨੀ ਦਾ ਸਬਕ ਦਿੰਦੇ।ਮੈਂ ਖ਼ੋਰੇ ਇਹ ਵੀ ਕਰ ਗੁਜ਼ਰਦੀ ਪਰ ਮੈਂ ਆਪਣੇ ਪਿੱਛੇ ਇਕ ਹੋਰ ਔਰਤ ਨਾਲ ਉਹ ਕੁੱਝ ਨਹੀਂ ਸੀ ਹੋਣ ਦੇਣਾ ਚਾਹੁੰਦੀ ਜੋ ਮੇਰੇ ਨਾਲ ਹੋਇਆ ਤੇ ਉਹ ਔਰਤ ਸੀ ਤੇਰੀ ਧੀ ਲਾਡਲੀ ।ਮੁਕੱਦਰ ਸਾਥ ਨਹੀਂ ਦਿਤਾ ਨਾ ਸਹੀ, ਪਰ ਉਹਨੂੰ ਮੈਂ ਹਿੰਦ ਦੇ ਤਖ਼ਤ ਤੀਕਰ ਲੈ ਤਾਂ ਅਪੜੀ ।"

ਸ਼ੇਰ ਅਫ਼ਗਨ ਹੁਣ ਨੂਰਜਹਾਂ ਨੂੰ ਕੰਡ ਦੇ ਕੇ ਖਲੋ ਗਿਆ ਤੇ ਉਸੇ ਹੀ ਤਲਖ਼ੀ ਨਾਲ ਆਖਦਾ ਹੈ: "ਮਨ ਹਰਾਮੀ ਹੁੱਜਤਾਂ ਢੇਰ ।ਜਿਸ ਬੰਦੇ ਦੀ ਲੁਤਰੀ (ਜ਼ਬਾਨ) ਚੱਲਦੀ ਹੈ, ਉਹ ਝੂਠਾ ਨਹੀਂ ਹੋ ਸਕਦਾ ।ਤੋਂ ਘੁੜ ਲੈ ਦਲੀਲਾਂ, ਦਲੀਲ ਨਾਲ ਬੰਦੇ ਨੂੰ ਚੁਪ ਤਾਂ ਕਰਵਾਇਆ ਜਾ ਸਕਦਾ ਹੈ, ਪਰ ਮਨ ਨਹੀਓਂ ਸਾਫ਼ ਹੁੰਦਾ ।ਅੱਜ ਲੋਕ ਤੇਰਾ(ਨੂਰਜਹਾਂ) ਅਤੇ ਤੇਰੇ ਇਸ ਮੀਰ ਆਲਮ (ਸਾਹਿਬ ਆਲਮ ) ਦਾ ਨਾਂ ਸ਼ੇਰੇਂ ਫ਼ਰਹਾਦ, ਲੈਲਾ ਮਜਨੂੰ, ਹੀਰ ਰਾਂਝੇ ਵਾਕਣ ਲੈਂਦੈ ਹੁਣ ।ਰੱਬ ਜਾਣੇ ਕਿਹੜੇ ਕਿਹੜੇ ਅਤੇ ਕੀ ਕੀ ਕਿਸੇ ਕਹਾਣੀਆਂ ਛੋਹੀ ਫਿਰਦੇ ਹੁਣ ।"

"ਆਲੀ ! ਹਾਂ ਆਲੀ ਠੀਕ ਹੈ ।ਮੇਰੇ ਨਾਂ ਦੇ, ਮੇਰੀ ਮੂਰਤ ਵਾਲੇ ਸਿੱਕੇ ਵੀ ਚਲਦੇ ਰਹੇ। ਮੇਰੈ ਹੁਕਮ ਦੇ ਪਰਵਾਨੇ ਜਾਰੀ ਹੁੰਦੇ ਰਹੇ।ਜਹਾਂਗੀਰ ਦਾ ਕਹਿਣਾ ਕਿ ਮੈਂ ਸ਼ਰਾਬ ਦੇ ਇਕ ਪਿਆਲੇ ਬਦਲੇ ਤਖ਼ਤ ਤਾਜ ਵੇਚ ਦਿਤਾ ।ਹੋਰ ਕੁਝਸ਼ ਪਰ ਆਲੀ !ਸ਼ਰਾਬ ਦੀ ਗੱਲ ਸੁਣ ਲੈ ।ਮੇਰੀ ਹੇਸੇਤ ਇਕ ਬਾਗ਼ੀ ਦੀ ਤੀਵੀਂ ਤੋਂ ਵੱਧ ਕੀ ਸੀ ।ਮਾਰਵਾੜ ਦੇ ਰਾਜਿਆਂ ਦੀ ਧੀ ਜੋਧ ਬਾਈ ਇਹਦੀਆਂ ਵੀਹਾਂ ਰੰਨਾਂ ਵਿੱਚੋਂ ਇਕ ਹੈ ।ਬਹਾਦਰ ਰਾਜਪੂਤ ਰਾਣੀਆਂ ਦੀ ਧੀ ਸ਼॥ ।ਮੇਰੇ ਕੋਲ ਕੋਈ ਰਾਹ ਨਾ । ਮੈਂ ਕੀ ਕੀਤਾ ? ਸੁਣ !ਜਹਾਂਗੀਰ ਮੈਨੂੰ ਆਪਣੇ "ਹਰਮ" ਵਿਚ ਪਾ ਲਿਆ ।ਰਾਤ ਹੋਣ ਤੋਂ ਪਹਿਲਾਂ ਮੈਂ ਪਲੰਗ ਰੋਸ਼ਨ ਦਾਨ ਦੇ ਸਾਹਮਣੇ ਲਵਾ ਦਿੱਤਾ ਅਤੇ ਇਕ ਬਾਂਦੀ ਨੂੰ ਆਖਿਆ ਜਦ ਬਾਦਸ਼ਾਹ ਅਪਣੀ ਮਰਦਾਨਗੀ ਵਿਖਾਣ ਲੱਗੇ ਤਾਂ ਤੋਂ ਮਲਕੜੇ ਹੀ ਸ਼ੀਸ਼ੀ ਵਿਚ ਬੰਦ ਕਿਰਲੀ ਪਲੰਗ ਉੱਤੇ ਸੁਟ ਦੇਵੀਂ ।ਉਹ ਈ ਗੱਲ ਜਦ ਜਹਾਂਗੀਰ ਮੇਰੇ ਕਮਰੇ ਵਿਚ ਆਇਆ ਤਾਂ ਐਨ ਮੌਕੇ ਉੱਤੇ ਬਾਂਦੀ ਨੇ ਕਿਰਲੀ ਪਲੰਗ ਉੱਤੇ ਸੁਟ ਦਿੱਤੀ ।ਉਹਦੀ ਸਾਰੀ ਮਰਦਾਨਗੀ ਗੰਡੋਏਆ ਹੋ ਗਈ, ਸਾਢੇ ਛੇ ਵੱਜ ਗਏ ਉਹਦੇ।ਮੈਂ ਸੱਭ ਕੁੱਝ ਜਾਂਦੀ ਬੁਝਦੀ ਵੀ ਖਿੜ ਖਿੜਾ ਕੇ ਹੱਸ ਪਈ ।ਇਸ ਤਰ੍ਹਾਂ ਹੱਸੀ ਕੇ ਉਹ ਪੁੱਛਣ ਤੇ ਮਜਬੂਰ ਹੋ ਜਾਏ, ਪੁੱਛੇ:" ਮਿਹਰੂ !ਤੋਂ ਹੱਸੀ ਕਿਉਂ ?"

ਮੈਂ ਉਹਨੂੰ ਹੋਰ ਵੀ ਚੀਹੇ ਚੜ੍ਹਾ ਔਂਦਿਆਂ ਨਾਜ਼ਾਂ ਨਾਲ ਆਖਿਆ:" ਬੱਸ ਇੰਜ ਈ ।"

ਕਹਿਣ ਲੱਗਾ:" ਇੰਜ ਨਹੀਂ ।ਇਸ ਹਾਸੇ ਦਾ ਕੋਈ ਮਤਲਬ ਜ਼ਰੂਰ ਹੈ ।"

"ਕੋਈ ਮਤਲਬ ਨਹੀਂ, ਬੱਸ ਉਂਜੇ ਹਾਸਾ ਨਿਕਲ ਗਿਆ" ਇਹ ਗੱਲ ਮੈਂ ਆਵਨੋਂ ਇਸ ਅਦਾ ਨਾਲ ਆਖੀ ਕਿ ਉਹ ਫੇਰ ਪੁੱਛੇ ਅਤੇ ਵਾਰ ਵਾਰ ਪੁੱਛੇ।ਉਹਨੇ ਹੱਕੀ ਵਾਰ ਵਾਰ ਪੁੱਛਿਆ ਤਾਂ ਮੈਂ ਮਲਕੜੇ ਜਿਹੇ ਆਖ ਦਿੱਤਾ:" ਜੇ ਮੈਂ ਦੱਸ ਦਿੱਤਾ ਤਾਂ ਹਜ਼ੋਰ ਨੋਂ ਚੰਗਾ ਨਹੀਂ ਲੱਗਣਾ ।ਮਾਂ ਬਦੋਲਤ ਰਿੰਝ ਹੋ ਜਾਣਗੇ ।"

ਕਹਿਣ ਲੱਗਾ :" ਨਹੀਂ ਨਹੀਂ, ਅਸੀਂ ਬਿਲਕੁੱਲ ਵੀ ਰਿੰਝ ਨਹੀਂ ਹੋਵਾਂਗੇ,ਤੋਂ ਦਸ

ਮਿਹਰੂ !!।“

ਜਦ ਮੈਂ ਉਹਨੂੰ ਇਸ ਗੱਲ ਉੱਤੇ ਪੱਕਾ ਕਰ ਲਿਆ ਕਿ ਉਹ ਰਿੰਝ ਨਹੀਂ ਹੋਏ ਗਾ ਤਾਂ ਮੈਂ ਦੱਸਿਆ ਭਈ:” ਇਕ ਵਾਰ ਸ਼ੇਰ ਅਫ਼ਗਨ ਸ਼ੇਰ ਦੇ ਸ਼ਿਕਾਰ ਲਈ ਗਿਆ ਅਤੇ ਮੈਨੂੰ ਵੀ ਨਾਲ ਲੈ ਗਿਆ ।ਅੱਗੇ ਅੱਗੇ ਸੀ ਨਗਰਾ ਮਾਰਨ ਵਾਲੇ ਮੁਲਾਜ਼ਮ ਚੋਖੇ ਈ ਅੱਗੇ ਅਤੇ ਪਿਛਲੇ ਨੋਕਰ ਚੋਖੇ ਪਿੱਛੇ ਰਹਿ ਗਏ ਸਨ ।ਹੁਣ ਮੈਂ ਅਤੇ ਸ਼ੇਰ ਅਫ਼ਗਨ ਇਕੱਲੇ। ਇਹ ਵੇਖ ਕੇ ਸ਼ੇਰ ਅਫ਼ਗਨ ਮਸਤੀ ਵਿਚ ਆਗਿਆ ਤੇ ਜਵਾਨੀ ਦੀ ਖੇਡ ਖੇਡਣ ਲੱਗ ਪਿਆ ।ਹਾਲੇ ਉਹਨੇ ਖੇਡ ਸ਼ੁਰੂ ਹੀ ਕੀਤੀ ਕਿ ਸਾਹਮਣੀ ਝਾੜੀ ਵਿੱਚੋਂ ਸ਼ੇਰ ਨਿਕਲਿਆ ਤੇ ਭੁੱਬ ਮਾਰ ਕੇ ਸਾਨੂੰ ਪੇਏਆ ।ਇਸ ਤੋਂ ਪਹਿਲਾਂ ਕਿ ਸ਼ੇਰ ਸਾਡੇ ਦੋਂਹ ਚੋਂ ਕਿਸੇ ਨੂੰ ਮਾਰ ਛੱਡਦਾ ਸ਼ੇਰ ਅਫ਼ਗਨ ਨੇ ਅੱਗੇ ਵਧ ਕੇ ਤਲਵਾਰ ਫੜੀ ਅਤੇ ਇਕੋ ਵਾਰ ਨਾਲ ਸ਼ੇਰ ਨੂੰ ਮਾਰ ਛਡਿਆ ਤੇ ਫੇਰ ਖੇਡ ਉੱਥੋਂ ਹੀ ਸ਼ੁਰੂ ਕਰ ਲਈ ਜਿਥੋਂ ਛੱਡੀ ਸੀ ।ਮਾਂ ਬਦੋਲਤ ਦੀ ਮਰਦਾਨਗੀ ਤਾਂ ਭੋਰਾ ਕੂ ਕਰਿਲੀ ਨੇ ਹੀ ਮਾਰ ਛੱਡੀ ਹੈ ।“

ਇਹ ਗੱਲ ਸੁਣ ਕੇ ਜਹਾਂਗੀਰ ਨੂੰ ਇਕ ਭੋਏਂ ਹੀ ਵਿਹਲ ਨਾ ਦਿੱਤਾ ।ਉਸ ਦਿਨ ਤੋਂ ਬਾਅਦ ਉਹਦੇ ਮੂੰਹੋਂ ਸ਼ਰਾਬ ਨਾ ਲੱਥੀ ।ਰਹੀ ਗੱਲ ਮੇਰੇ ਜਹਾਂਗੀਰ ਨਾਲ ਇਸ਼ਕ ਦੀ ਤਾਂ ਤੈਨੂੰ ਅਪਣੀ ਮਰਦਾਨਗੀ ਉੱਤੇ ਇਤਬਾਰ ਹੋਣਾ ਚਾਹੀ ਦਾ ਹੈ ।ਮੇਰੀ ਕੁੱਖੋਂ ਦਸ ਉਹਦੀ ਕਿਹੜੀ ਔਲਾਦ ਹੋਈ ??”

ਏਨਾ ਆਖਦਿਆਂ ਨੂਰ ਜਹਾਂ ਦੇ ਦੱਮ ਮਸਾਫ਼ਰਤੇ ਦੀਦੇ ਪੱਥਰ ਹੋ ਗਏ ।ਹੇਆਤੀ ਉਹਨੂੰ ਉਸ ਮੁਕਾਮ ਉੱਤੇ ਲੈ ਗਈ ਜਿੱਥੇ ਨਾ ਕੋਈ ਅਤੀਤ ਹੈ ਅਤੇ ਨਾ ਕੋਈ ਆਉਣ ਵਾਲਾ ਵੇਲਾ ।ਹਾਲ ਹੈ ਅਤੇ ਹਾਲ ਦੀ ਸਿੱਧੀ ਲਾਇਨ, ਜਿਵੇਂ ਈ ਸੀ ਜੀ ਵਿੱਚ ਮਰੇ ਬੰਦੇ ਦੀ ਸਿੱਧੀ ਤੇ ਲੰਮੀ ਲੀਕ।

ਖ਼ਿਲਾ ਵਿੱਚੋਂ ਸ਼ੇਰ ਅਫ਼ਗਨ ਅਤੇ ਨੂਰ ਜਹਾਂ ਦਿਆਂ ਰੋਹਾਂ ਇਕਠੇਆਂ ਹੋਈਆਂ ਤੇ ਨੂਰ ਜਹਾਂ ਸ਼ੇਰ ਅਫ਼ਗਨ ਦਾ ਧਿਆਨ ਜ਼ਮੀਨ ਵੱਲ ਕਰਾਉਂਦਿਆਂ ਆਖਦੀ ਹੈ “ਸ਼ੇਰ ਅਫ਼ਗਨ !ਉਹ ਵੇਖ ਹੀਰ ਰਾਂਝੇ ਦੀ, ਸੱਸੀ ਪੁਨੂੰ ਤੇ ਸੋਹਣੀ ਮਹੀਂਵਾਲ ਦੀਆਂ ਕਬਰਾਂ ਇਕੱਠੀਆਂ ਹੁਣ ।“

ਸ਼ੇਰ ਅਫ਼ਗਨ ਨੂਰ ਜਹਾਂ ਵੱਲ ਵੇਖਦਾ ਹੈ ਜਿਵੇਂ ਉਹਨੂੰ ਗੱਲ ਸਮਝ ਨਾ ਆਈ ਹੋਏ ਤਾਂ ਨੂਰ ਜਹਾਂ ਕਹਿੰਦੀ ਹੈ : ”ਪਿਆਰ ਕਰਨ ਵਾਲਿਆਂ ਨੂੰ ਕੋਈ ਜੁਦਾ ਨਹੀਂ ਕਰ ਸਕਦਾ ।ਹੁਣ ਉਹ ਵੇਖ ਜਹਾਂਗੀਰ ਦਾ ਮਕਬਰਾ ।ਉਹਦੇ ਸਾਹਮਣੇ ਹੈ ਮੇਰੀ ਕਬਰ ।ਇਹ ਦੋਵੇਂ ਮੈਂ ਆਪ ਬਣਵਾਏ ਹਨ ।ਜੇ ਤੈਨੂੰ ਹਾਲੇ ਵੀ ਗੱਲ ਸਮਝ ਨਹੀਂ ਆਈ ਤਾਂ ਵਿਚਕਾਰ ਰੇਲ ਦੀ ਪਟੜੀ ਹੀ ਵੇਖ ਕੇ ਸਮਝ ਜਾ । ਕੁਦਰਤ ਨੇ ਲੀਕ ਪਵਾ ਕੇ ਨਿਖੇੜਾ ਨਹੀਂ ਕਰ ਦਿੱਤਾ ???”

ਸ਼ੇਰ ਅਫ਼ਗਨ ਨੇ ਬੜੇ ਨਿੱਘ ਨਾਲ ਅਪਣੀ ਮਿਹਰੂ ਦਾ ਹੱਥ ਫੜਿਆ ਅਤੇ ਆਪਣੇ ਮਹਿਲ ਜਾਣ ਲਈ ਜੰਨਤ ਵੱਲ ਲੈ ਟੁਰ ਪਿਆ ।ਰਾਹ ਵਿਚ ਦੋਜ਼ਖ਼ ਦਾ ਦਾਰੋਗ਼ਾ ਇਕ ਦੋਜ਼ਖ਼ੀ ਨੂੰ ਦੋਜ਼ਖ਼ ਤਾਉਨ ਲਈ ਬਾਲਣ ਚੁਕਾਈ ਜਾਂਦਾ ਸੀ ।ਦੋਜ਼ਖ਼ੀ ਦਾ ਦੋਜ਼ਖ਼ ਦੇ ਸੇਕ ਨਾਲ ਕੁੱਝ ਇੰਜ ਦਾ ਮੂੰਹ ਕਾਲਾ ਤੇ ਨੀਲੇ ਪੈਰ ਹੂ ਚੁਕੇ ਸੀ ਕਿ ਸੀਹਾਪਦਾ ਵੀ ਨਾ ।ਉਹਨੇ ਮੁੜ ਮੁੜ ਕੇ ਜਦ ਮਿਹਰੂ ਤੇ ਅਲੀ ਕੁੱਲੀ ਨੂੰ ਤੱਕਿਆ ਤਾਂ ਦਾਰੋਗ਼ਾ ਦੋਜ਼ਖ਼ ਨੇ ਉਹਨੋਂਦੁਰਾ ਮਾਰ ਕੇ ਆਖਿਆ ‘’ ਚੱਲ ਲਾਨਤੀ ਨੂਰੇਆ !ਚੱਲ ਹੁਣ ਦੋਜ਼ਖ਼ ਝੁਕ ਬਥੇਰੀ ਬਾਦਸ਼ਾਹੀ ਕੀਤੀ ਤੋਂ ਦੁਨੀਆ ਤੇ ।“



# ਲੰਮਿਆਂ ਵਾਟਾਂ/ਪ੍ਰਵੀਨ ਮਲਕ

ਬੜਾ ਹੀ ਲੰਮਾ ਪੈਂਡਾ ਸੀ ।ਸ਼ਮਸ਼ਾਦ ਨੂੰ ਲੱਗ ਰਿਹਾ ਸੀ ਜਿਵੇਂ ਉਹ ਅਜ਼ਲਾਂ ਤੋਂ ਇਸ ਖੋਚਲੇ ਜਿਹੇ ਟਾਂਗੇ ਵਿਚ ਝਨਜੋਕੇ ਖਾਂਦੀ ਟੁਰੀ ਜਾ ਰਹੀ ਹੋਵੇ ।ਮਾੜਕਾ ਜਿਹਾ ਘੋੜਾ ਇੰਜ ਉਆਜ਼ਾਰ ਜਿਹਾ ਟੁਰਿਆ ਜਾ ਰਿਹਾ ਸੀ ਜਿਵੇਂ ਦਲਕੀ ਚਲਦੀਆਂ ਉਹਨੂੰ ਸੁੜ ਪੈਂਦਾ ਹੋਵੇ ਤੇ ਟਾਂਗੇ ਵਾਲਾ ਜਿਹੜਾ ਘੋੜੇ ਦਾ ਹਾਣੀ ਈ ਲਗਦਾ ਸੀ ਦੜ ਵੱਟ ਕੇ ਬੈਠਾ ਸੀ ਜਿਵੇਂ ਉਹਨੂੰ ਪਤਾ ਹੋਵੇ ਬਈ ਭਾਵੇਂ ਉਹ ਹਿੱਕ ਦਾ ਸਾਰਾ ਜ਼ੋਰ ਵੀ ਲਾ ਦੇਵੇ ਫਿਰ ਵੀ ਘੋੜੇ ਨੇ ਇਸ ਤੋਂ ਤੇਜ਼ ਨਹੀਂ ਟੁਰ ਪਰ ਸ਼ਮਸ਼ਾਦ ਨੂੰ ਹੁਣ ਗ਼ੁੱਸਾ ਆਨ ਲੱਗ ਪਿਆ ਯਸ ।ਇਹ ਕਿਹੋ ਜਿਹਾ ਬੰਦਾ ਏ ।ਇਹ ਜਦੋਂ ਦਾ ਟੁਰਿਆ ਏ ਇਕ ਲਫ਼ਜ਼ ਨਹੀਂ ਬੋਲਿਆ, ਨਾ ਚਾਬਕ ਨੂੰ ਹੱਥ ਲਾਇਆ ਏ ।ਬਸ ਘੁਣ ਮਨ ਬੈਠਾ ਏ ।ਇਹ ਕੀ ਤੋੜ ਪਹੁੰਚਾਏ ਗਾ ।ਖ਼ੋਰੇ ਕਿੱਥੇ ਜਵਾਬ ਦੇ ਜਾਏ ।ਫਿਰ ਕੀ ਬਣੇ ਗਾ ?

ਆਲੇ ਦੁਆਲੇ ਨੇ ਪਿੱਛੇ ਮੁੜ ਕੇ ਵੇਖਿਆ ਫਿਰ ਪਹਿਲੀ ਵਾਰੀ ਬੋਲਿਆ, “ਤੁਸੀ ਘਬਰਾਉ ਨਹੀਂ ਬੀਬੀ ਮੇਰੇ ਮੌਲਾ ਨੂੰ ਮਨਜ਼ੂਰ ਏ ਤਾਂ ਸ਼ਾਮਾਂ ਤੀਕਰ ਅੱਪੜ ਜਾਵਾਂਗੇ ।”

“ਅੱਛਾ” ਸ਼ਮਸ਼ਾਦ ਨੇ ਅਸਾਸ ਮਾਰੀਆਂ ਤੇ ਫਿਰ ਇੱਧਰ ਉੱਧਰ ਵੇਖਣ ਲੱਗ ਪਈ ਪਰ ਵੇਖਣ ਵਾਲੀ ਕੋਈ ਚੀਜ਼ ਨਹੀਂ ਸੀ ।ਜਦੋਂ ਗੱਡੀ ਤੋਂ ਲਹਿ ਕੇ ਉਹ ਤੇ ਮਾਈ ਨੂਰਾਂ ਟੇਸ਼ਣ ਤੋਂ ਬਾਹਰ ਆਈਆਂ ਤਾਂ ਇਹ ਇਕੋ ਈ ਟਾਂਗਾ ਸਾਹਮਣੇ ਖੜਾ ਸੀ, ਨਾਲੇ ਉਦੋਂ ਸ਼ਹਿਰ ਦੀ ਜਮ ਪੱਲ ਸ਼ਮਸ਼ਾਦ ਨੂੰ ਨਹੀਂ ਸੀ ਪਤਾ ਬਈ ਟਾਂਗੇ ਤੇ ਚੌਦਾਂ ਮਿਲ ਦਾ ਪੈਂਡਾ ਚੌਦਾਂ ਸੋ ਮੀਲਾਂ ਦੇ ਬਰਾਬਰ ਹੋ ਜਾਏ ਗਾ ।

ਉਹ ਤੇ ਬੱਸਾਂ, ਰਿਕਸ਼ਿਆਂ ਯਾ ਟੈਕਸੀਆਂ ਤੇ ਸਫ਼ਰ ਕਰਨ ਗੁੱਝੀ ਸੀ ।ਇਹ ਹੋਰ ਗੱਲ ਬਈ ਸਵਾਰੀ ਦੇ ਇੰਤਜ਼ਾਰ ਵਿਚ ਕਿੰਨੇ ਘੰਟੇ ਖੱਜਲ ਖ਼ਾਰ ਹੋਣਾ ਪੈਂਦਾ ਸੀ ਪਰ ਸਵਾਰੀ ਮਿਲਣ ਤੋਂ ਬਾਅਦ ਦੇਰ ਨਹੀਂ ਸੀ ਲਗਦੀ ਪਰ ਇਹ ਬੜੀ ਆਵਾਜਾਰੀ ਆਲੀ ਗੱਲ ਏ ਜੇ ਬੰਦਾ ਟੁਰਦਾ ਹੋਇਆਂ ਵੀ ਅੱਗੇ ਨਾ ਵੱਧ ਰਿਹਾ ਹੋਵੇ ।ਖ਼ੋਰੇ ਸ਼ਮਸ਼ਾਦ ਨੂੰ ਸਾਰੀ ਹਯਾਤੀ ਇਹੋ ਜਿਹੇ ਪੈਂਡੇ ਨਾਲ ਵਾਹ ਨਾ ਪੈਂਦਾ ॥।

ਜੇ ਇੰਸਪੈਕਟਰ ਆਫ਼ ਸਕੂਲਜ਼, ਮਿਸ ਰਿਜ਼ਵੀ ਨੇ ਉਹੋਨਂ ਬੁਲਾ ਕੇ ਕਹਿਆ ਨਾ ਹੁੰਦਾ, “ਸ਼ਮਸ਼ਾਦ, ਤੇਰੀ ਰਿਪੋਰਟ ਬਹੁਤ ਅੱਛੀ ਏ ।ਸਾਨੂੰ ਤੇਰੇ ਤੇ ਫ਼ਖ਼ਰ ਏ ।ਹੁਣ ਤੇਰੀ ਹਿੰਮਤ ਵੇਖਣੀ ਏਂ ।ਤੇਰੇ ਤੋਂ ਪਹਿਲਾਂ ਪੰਜ ਉਸਤਾਨੀਆਂ “ਤਖ਼ਤ ਪੜੀ” ਦੀਆ ਲੋਕਾਂ ਨਾਲ ਟੱਕਰਾਂ ਮਾਰ ਕੇ ਆ ਗਈਆਂ ਨੇਂ ਤੇ ਸਕੂਲ ਨਹੀਂ ਚਲਾ ਸੁੱਕੀਆ ।ਤੋਂ ਸਾਡੀ ਉਮੀਦ ਏਂ ।ਜੇ ਤੋਂ ਵੀ ਮੁੜ ਆਈ ਤਾਂ ਫਿਰ ਸਕੂਲ ਬੰਦ ਈ ਕਰਨਾ ਪਏ ਗਾ ।

ਸ਼ਮਸ਼ਾਦ ਨੇ ਹਾਮੀ ਭਰ ਲਈ ਕਿਉਂ ਜੇ ਇਕ ਸਕੂਲ ਦੇ ਬੰਦ ਹੋਣ ਦਾ ਮਤਲਬ ਸੀ ਆਪਣੇ, ਹੱਥੀਂ ਇੱਕ ਦੀਵਾ ਬੁਝਾਣਾ ।ਇਸ ਕਰਕੇ ਉਹਨੇ ਸਕੂਲ ਦੀ ਮਾਈ ਨੂਰਾਂ ਨੂੰ ਨਾਲ ਲਿਆ ਤੇ ਅੱਲਾਹ ਦਾ ਨਾਂ ਲੈ ਕੇ ਟੁਰ ਪਈ ।ਇਹ ਤੇ ਉਹਨੂੰ ਪਤਾ ਸੀ ਬਈ ਗੱਡੀ ਤੋਂ ਲਹਿ ਕੇ ਥੋੜਾ ਜਿਹਾ ਪੈਂਡਾ ਕਿਸੇ ਹੋਰ ਸਵਾਰੀ ਤੇ ਕਰਨਾ ਪਏ ਗਾ ਪਰ ਇਹ ਨਹੀਂ ਸੀ ਪਤਾ ਜੇ ਸਵਾਰੀ ਦੇ ਨਾਂ ਤੇ ਇਹੋ ਜਿਹਾ ਟਾਂਗਾ ਉਹਨੂੰ ਉਡੀਕਦਾ ਹੋਏ ਗਾ।

ਟੇਸ਼ਣ ਤੇ ਥੋੜੀ ਰੌਣਕ ਸੀ ।ਇਕ ਪਕੌੜਿਆਂ ਵਾਲਾ ਅਪਣਾ ਛਾਬਾ ਲਈ ਖੜਾ ਸੀ ਦੋ ਤਿੰਨ ਕੁੱਲੀ ਇੱਧਰ ਉੱਧਰ ਫਿਰਦੇ ਸਨ ਤੇ ਸਟੇਸ਼ਨ ਮਾਸਟਰ ਲਾਲ ਹਰੀਆਂ ਝੰਡੀਆਂ ਲੈ ਕੇ ਪਲੇਟ ਫ਼ਾਰਮ ਤੇ ਖੜਾ ਸੀ ।ਇਕ ਪਾਸੇ ਚਾਅ ਦਾ ਖੋਖਾ ਵੀ ਬਣਿਆ ਹੋਇਆ ਸੀ ।ਜਿਹਦੇ ਤੇ ਮਖੀਆਂ ਪਈਆਂ ਭਿਣਕਦੀਆਂ ਸਨ ।ਪਰਟੀਸ਼ਨ ਤੋਂ ਨਿਕਲਦੀਆਂ ਈ ਪਤਲੀ ਜਿਹੀ ਸੜਕ ਤੇ ਕਿਸੇ ਬੰਦੇ ਦਾ ਪਰਛਾਵਾਂ ਵੀ ਨਹੀਂ ਸੀ ਆ ਰਿਹਾ ।ਜਿੱਥੇ ਤੱਕ ਨਜ਼ਰ ਜਾਂਦੀ ਸੀ ਉਚੇ ਨੀਵੀਂ ਟਿੱਬੇ ਤੇ ਉਨ੍ਹਾਂ

ਤੇ ਝਾੜੀਆਂ ਵਰਗੇ ਵਿਰਲੇ ਵਿਰਲੇ ਦਰਖ਼ਤ ਈ ਦਸਦੇ ਸਨ ।ਸੜਕ ਦੇ ਨਾਲ ਨਾਲ ਵੀ ਇਹੋ ਜਿਹੇ ਦਰਖ਼ਤ ਲੱਗੇ ਹੋਏ ਸਨ ਤੇ ਉਨ੍ਹਾਂ ਦੀਆਂ ਖੋਹਰੀਆਂ ਪੁੱਤਰਾਂ ਤੇ ਧੂੜ ਇੰਜ ਜੰਮੀ ਹੋਈ ਸੀ ਜਿਵੇਂ ਉਹ ਕਿਸੇ ਕੱਛੀ ਮਾਂ ਦੇ ਬਾਲ ਹੋਣ ।ਮਾਈ ਨੂਰਾਂ ਅਗਲੀ ਸੀਟ ਤੇ ਬੈਠੀ ਉਘੰਲਾਂਦੀ ਪਈ ਸੀ ਟਾਂਗੇ ਵਾਲਾ ਵੀ ਸਾਮਣੇ ਸੜਕ ਤੇ ਨਜ਼ਰਾਂ ਜਮਾ ਕੇ ਬੈਠਾ ਸੀ ਪਰ ਕਦੀ ਉਹ ਅੱਖਾਂ ਮੀਟ ਕੇ ਵੀ ਬਹਿ ਰਹਿੰਦਾ ਤਾਂ ਫ਼ਰਕ ਕੋਈ ਨਹੀਂ ਸੀ ਪੈਣਾ ਕਿਉਂ ਜੇ ਘੋੜੇ ਨੇ ਸਿੱਧੀ ਸੜਕ ਤੇ ਟੁਰਦਾ ਈ ਜਾਣਾ ਸੀ ਤੇ ਅੱਗੋਂ ਕੋਈ ਸ਼ੈਅ ਆਂਦੀ ਨਹੀਂ ਸੀ ਦਿਸਦੀ ਜਿਹਦੇ ਕੋਲੋਂ ਬਚਣਾ ਪੈਂਦਾ ।ਘੋੜੇ ਦੇ ਕਦਮ ਇਕ ਤਾਲ ਵਿਚ ਸੜਕ ਤੇ ਪੈ ਰਹੇ ਸਨ ਜਿਵੇਂ ਕੋਈ ਨਾਚਾ, ਨੱਚਦਾ ਹੋਵੇ, ਟਿਕ ਟਿਕ, ਟਿਕਾ ਟਿਕ, ਸ਼ੈਦ ਇਸ ਤਾਲ ਨਾਲ ਸਿਰ ਮਿਲਾਉਣ ਲਈ ਟਾਂਗੇ ਵਾਲਾ ਹੌਲੇ ਹੌਲੇ ਗਾਉਣ ਲੱਗ ਪਿਆ ;

ਉਏ ਲੰਮਿਆਂ ਸੜਕਾਂ ਤੇ ਸਮ ਵਜਦਾ ਘੋੜੇ ਦਾ

ਮੀਨਢੇ ਜਿਹਾ ਦਿਲ ਹੋਵੀ ਪਤਾ ਲੱਗੀ ਵਿਛੋੜੇ ਦਾ

ਮਾਈ ਨੂਰਾਂ ਸ਼ੈਦ ਸੌਂ ਚਲੀ ਸੀ ।ਉਹਦਾ ਤ੍ਰਾਹ ਨਿਕਲ ਗਿਆ ਤੇ ਟਾਂਗੇ ਵਾਲੇ ਸ਼ਰਮਿੰਦਾ ਜਿਹਾ ਹੋ ਕੇ ਚਪਕਰ ਗਿਆ ।ਹੁਣ ਫਿਰ ਹਰ ਪਾਸੇ ਚੁੱਪ ਸੇ ਹੌਲੇ ਹੌਲੇ ਟਾਂਗਾ ਅੱਗੇ ਵਧ ਰਿਹਾ ਸੀ ਘੋੜੇ ਦੇ ਕਦਮ ਹੁਣ ਬੇ ਤਾਲੇ ਪੈ ਰਹੇ ਸਨ ।ਸ਼ਮਸ਼ਾਦ ਨੇ ਇਕ ਬਾਂਹ ਦੋਵਾਂ ਸੀਟਾਂ ਦੇ ਵਿਚਕਾਰ ਲੈ ਫੱਟੇ ਉੱਤੇ ਰੱਖੀ ਤੇ ਚੰਗੀ ਤਰ੍ਹਾਂ ਟੇਕ ਲਾ ਕੇ ਅੱਖਾਂ ਮੀਟ ਲਈਆਂ ।

ਉਹ ਜਹਾਜ਼ ਵਿੱਚ ਉੱਡੀ ਜਾ ਰਹੀ ਸੀ ।ਜਹਾਜ਼ ਬੱਦਲਾਂ ਉੱਤੇ ਜਿਵੇਂ ਤੁਰਦਾ ਜਾ ਰਿਹਾ ਸੀ ਫਿਰ ਇਕ ਦੱਮ ਜ਼ਮੀਨ ਵੱਲ ਆਨ ਲੱਗ ਪਿਆ ।ਜ਼ੋਰ ਦਾ ਛਨਡਾ ਲੱਗਿਆ ਤੇ ਉਹਦੇ ਮੂੰਹ ਵਿੱਚੋਂ ਚੈੱਕ ਨਿਕਲ ਗਈ ।ਮਾਈ ਨੂਰਾਂ ਘਬਰਾ ਕੇ ਪਿੱਛੇ ਮੁੜੀ ਤੇ ਟਾਂਗੇ ਵਾਲੇ ਨੇ ਇਕ ਦੱਮ ਰਾਸਾਂ ਖਿੱਚ ਲਈਆਂ ਘੋੜਾ ਜ਼ਰਾ ਥੜਭਾ ਕੇ ਖਲੋ ਗਿਆ ।

"ਕੀ ਹੋਇਆ ਮਿਸ ਸਾਹਿਬ" ਮਾਈ ਨੂਰਾਂ ਨੇ ਪੁੱਛਿਆ

"ਕੁਛ ਨਹੀਂ ।ਸ਼ਾਇਦ ਮੈਂ ਸੁਣਦੀ ਜਾ ਰਹੀ ਸਾ ।ਤ੍ਰਾਹ ਨਿਕਲ ਗਿਆ ਏ ।" ਸ਼ਮਸ਼ਾਦ ਨੇ ਮਿੱਥੇ ਤੋਂ ਮੁੜ੍ਹਕਾ ਪੂੰਜ ਕੇ ਜਵਾਬ ਦਿੱਤਾ ਤੇ ਟਾਂਗਾ ਫਿਰ ਟੁਰ ਪਿਆ ।

ਹੁਣ ਸੜਕ ਦੇ ਨਾਲ ਨਾਲ ਮਾੜੇ ਮਾੜੇ ਖੇਤਰ ਦਿਸ ਰਹੇ ਸਨ ।ਜਿਹਨਾਂ ਵਿੱਚ ਨਿੱਕੇ ਮੋਟੇ ਵੱਟੇ ਈ ਵੱਟੇ ਖਿਲਰੇ ਹੋਏ ਸਨ ਉਨ੍ਹਾਂ ਵੱਟਿਆਂ ਤੋਂ ਬਚ ਬਚਾ ਕੇ ਕਣਕਾਂ ਨੇ ਸਿਰ ਕੱਢ ਲਿਆ ਤੇ ਹੁਣ ਫ਼ਸਲ ਤਿਆਰ ਸੀ ।"ਇਹ ਤੇ ਬਹਾਰ ਦਾ ਮੌਸਮ ਏਂ ।" ਸ਼ਮਸ਼ਾਦਨੋਂ ਯਾਦ ਆਇਆ ।ਪਰ ਆਲੇ ਦੁਆਲੇ ਬਹਾਰ ਦੀ ਕੋਈ ਨਿਸ਼ਾਨੀ ਨਜ਼ਰ ਨਹੀਂ ਸੀ ਆ ਰਹੀ ।"ਵੱਟਿਆਂ ਵਿਚ ਆ ਕੇ ਸ਼ਬਦ ਬਹਾਦਰ ਦੀ ਰੱਤ ਵੀ ਕਿੱਧਰੇ ਪੱਥਰ ਬਣ ਗਈ ਹੋਣੀ ਏਂ ।" ਸ਼ਮਸ਼ਾਦ ਨੇ ਸੋਚਿਆ ਤੇ ਆਪਣੇ ਖ਼ਿਆਲ ਤੇ ਆਪੇ ਮਿਸਕ ਪਈ ।

ਦੁਪਹਿਰ ਦੀ ਰੋਟੀ ਉਨ੍ਹਾਂ ਨੇ ਗੱਡੀ ਵਿੱਚ ਈ ਖਾ ਲਈ ਸੀ ।ਪਰ ਟਾਂਗੇ ਦੀਆਂ ਝਨਜੋਕੀਆਂ ਨਾਲ ਫਿਰ ਭੁਖ ਲੱਗ ਆਈ ।ਨਾਲੇ ਤ੍ਰੇਹ ਵੀ ਲੱਗ ਪਈ ਸੀ ।ਪਾਣੀ ਇੱਥੇ ਕਿੱਥੇ ? ਸ਼ਮਸ਼ਾਦ ਨੇ ਸੱਜੇ ਖੱਬੇ ਨਜ਼ਰ ਮਾਰੀ ।ਦੂਰ ਇਕ ਖੇਤਰ ਵਿੱਚ ਕੁੱਝ ਬੰਦੇ ਨਜ਼ਰ ਆ ਰਹੇ ਸਨ ਪਰ ਉਹ ਹਿੱਲੀ ਬਹੁਤ ਦੂਰ ਸਨ ।ਸ਼ਾਇਦ ਟਾਂਗੇ ਵਾਲੇ ਨੂੰ ਕੁੱਝ ਪਤਾ ਹੋਵੇ ।ਤ੍ਰੇਹ ਉਹਦੇ ਸੰਘ ਵਿਚ ਕੰਡਿਆਂ ਵਾਂਗੂੰ ਫੱਬਣ ਲੱਗ ਪਈ ।

"ਟਾਂਗੇ ਵਾਲੇ ! ਕਿਧਰੋਂ ਪਾਣੀ ਮਿੱਲ ਜਾਏ ਗਾ ?"

"ਪਾਣੀ !" ਟਾਂਗੇ ਵਾਲਾ ਸੋਚੀਂ ਪੈ ਗਿਆ ।"ਸ਼ਾਇਦ ਉਨ੍ਹਾਂ ਕੋਲੋਂ ਲੱਭ ਜਾਏ ਗਾ ।"

ਉਹਨੇ ਦੂਰ ਨਜ਼ਰ ਆਂਦਿਆਂ ਬੰਦਿਆਂ ਵੱਲ ਇਸ਼ਾਰਾ ਕਰ ਕੇ ਕਹਿਆ ਤੇ ਫਿਰ ਪਹਿਲੀ ਵਾਰੀ ਘੋੜੇ ਨੂੰ ਹਸ਼ਕਾਰੀਅ ।"ਸ਼ਾਵਾ ਬਈ, ਟੁਰ ਪੌ ਹੁਣ" ਤੇ ਘੋੜੇ ਨੇ ਸੱਚੀ ਮੁੱਚੀ ਕਦਮ ਤੇਜ਼ ਕਰ



ਦਿੱਤੇ ।

ਟਾਂਗਾ ਰੁਕਿਆ ਤਾਂ ਸ਼ਮਸ਼ਾਦ ਛਾਲ ਮਾਰ ਕੇ ਥੱਲੇ ਲਹਿ ਆਈ ।

"ਤੋਬਾ ਲੱਤਾਂ ਈ ਜੁੜ ਗਈਆਂ ਨੇਂ ਬੈਠਿਆਂ ਬੈਠਿਆਂ ।"

"ਮਿਸ ਸਾਹਿਬਾ ! ਪਾਣੀ ਲੈ ਆਵਾਂ ।" ਮਾਈ ਨੂਰਾਂ ਨੇ ਪੁੱਛਿਆ ਤਾਂ ਸ਼ਮਸ਼ਾਦ ਬੋਲੀ ।

"ਨਹੀਂ ਮਾਈ ! ਤੋਂ ਰਹਿਣ ਦੇ ਮੈਂ ਆਪੇ ਜਾ ਕੇ ਪੀ ਲਵਾਂਗੀ । ਜੇ ਤੈਨੂੰ ਤ੍ਰੇਹ ਲੱਗੀ ਏ ਤਾਂ ਤੋਂ ਵੀ ਨਾਲ ਆ ਜਾ ।"

"ਹੱਛਾ ਜੀ ।" ਨੂਰਾਂ ਉਹਦੇ ਨਾਲ ਟੁਰ ਪਈ ।

ਖੇਤਰ ਦੇ ਵਿਚਕਾਰ ਇਕ ਬਰੋਟਾ ਖੜਾ ਸੀ ।ਉਹਦੀ ਛਾਂਵੇਂ ਇਕ ਅਧਕੜ ਉਮਰ ਦਾ ਬੰਦਾ ਬੈਠਾ ।ਝੋਲਾ ਹਲਾ ਹਲਾ ਕੇ ਮੁੜ੍ਹਕਾ ਸੁੱਕਾ ਰਿਹਾ ਸੀ ।ਦੋ ਹੋਰ ਬੰਦੇ ਕਣਕ ਕੱਪ ਰਹੇ ਸਨ । ਸ਼ਮਸ਼ਾਦ ਤੇ ਮਾਈ ਨੂਰਾਂ ਨੂੰ ਆਪਣੇ ਵੱਲ ਆਂਦਿਆਂ ਵੇਖ ਕੇ ਉਨ੍ਹਾਂ ਨੇ ਹੱਥ ਰੋਕ ਲਏ ਤੇ ਮਿੱਥੇ ਤੇ ਹੱਥ ਰੱਖ ਕੇ ਉਨ੍ਹਾਂ ਵੱਲ ਵੇਖਣ ਲੱਗ ਪਏ ਜਿਵੇਂ ਸਿਆਨਣ ਦੀ ਕੋਸ਼ਿਸ਼ ਕਰ ਰਹੇ ਹੋਣ ।ਬਰੋਟੇ ਤਲੇ ਬੈਠਾ ਬੰਦਾ ਉਠ ਖਲੋਤਾ ।

"ਅੱਸਲਾਮ ਅਲੈਕਮ" ਸ਼ਮਸ਼ਾਦ ਨੇ ਸਲਾਮ ਕੀਤਾ ਤਾਂ ਸਾਰੇ ਕੁੱਝ ਢਿੱਲ ਉਹਦੇ ਵੱਲ ਵੇਖਦੇ ਰਹਿ ਗਏ ।ਅਖ਼ੀਰ ਇਕ ਨੇ ਹੋਲੇ ਜਿਹਾ ਜਵਾਬ ਦਿੱਤਾ ।"ਵਾ ਅਲੈਕੁਮ ਅੱਸਲਾਮ", "ਥੋੜਾ ਪਾਣੀ ਮੱਲ ਜਾਏ ਗਾ ।" ਸ਼ਮਸ਼ਾਦ ਨੇ ਪੁੱਛਿਆ ।ਤਾਂ ਫਿਰ ਸਾਰੇ ਇਕ ਦੂਜੇ ਵੱਲ ਵੇਖਣ ਲੱਗ ਪਏ ਜਿਵੇਂ ਅੱਖੀਆਂ ਅੱਖੀਆਂ ਵਿਚ ਪੁੱਛਦੇ ਹੋਣ ਪਾਣੀ ਦਈਏ ਯਾ ਨਾ ਦਈਏ ।ਫਿਰ ਉਨ੍ਹਾਂ ਵਿੱਚੋਂ ਇੱਕ ਉਠਿਆ ਤੇ ਉਧਰ ਟੁਰ ਪਿਆ ਜਿਧਰ ਪੋਲੀਆਂ ਦਾ ਢੇਰ ਲੱਗਿਆ ਹੋਇਆ ਸੀ, ਦੋ ਚਾਰ ਪੋਲੀਆਂ ਇਧਰ ਉਧਰ ਹਟਾ ਕੇ ਨਿੱਕਾ ਜਿਹਾ ਘੜਾ ਕੱਢਿਆ ਜਿਹੜਾ ਕੋਰੇ ਬੱਠਲ ਨਾਲ ਢੱਕਿਆ ਹੋਇਆ ਸੀ, ਉਹਨੇ ਬਿਸਮ ਅੱਲਾਹ ਕਹਿ ਕੇ ਬੱਠਲ ਵਿਚ ਪਾਣੀ ਪਰਤਿਆ ਤੇ ਸ਼ਮਸ਼ਾਦ ਵੱਲ ਵਧਾ ਦਿੱਤਾ। ਸ਼ਮਸ਼ਾਦ ਨੇ ਬੱਠਲ ਮੂੰਹ ਨਾਲ ਲਾਇਆ ਤਾਂ ਪਾਣੀ ਵਿੱਚੋਂ ਉਠਦੀ ਮਿੱਟੀ ਦੀ ਠੰਡੀ ਖ਼ੁਸ਼ਬੂ ਅੱਗੇ ਵਧ ਕੇ ਉਹਦੇ ਗਲ ਆਨ ਲੱਗੀ ਜਿਵੇਂ ਕੋਈ ਵਿਛੜੀ ਸਹੇਲੀ ਮਿਲਦੀ ਏ ।ਉਹ ਡੀਕ ਲਾ ਕੇ ਪਾਣੀ ਪੀ ਗਈ ਤੇ ਬੱਠਲ ਉਸ ਬੰਦੇ ਨੂੰ ਮੋੜ ਦੀਆ ਮਾਈ ਨੂਰਾਂ ਝੱਟ ਪੱਟ ਬੋਲੀ, "ਪੁਤੱਰ ਮੈਨੂੰ ਵੀ ਪਾਣੀ ਦੇ ਦੇ ।"

ਉਹ ਮਾਈ ਨੂਰਾਂ ਨੂੰ ਪਾਣੀ ਦੇਣ ਲੱਗਾ ਤਾਂ ਸ਼ਮਸ਼ਾਦ ਇੱਧਰ ਉੱਧਰ ਵੇਖਣ ਲੱਗ ਪਈ । ਦੂਰ ਦੂਰ ਤੱਕ ਕਿਸੇ ਖੋਹ ਦੇ ਆਸਾਰ ਨਹੀਂ ਸੀ ਨਜ਼ਰ ਆ ਰਹੇ।

"ਤੁਹਾਨੂੰ ਪਾਣੀ ਕਿਧਰੋਂ ਦੂਰੋਂ ਲੀਆਣਾ ਪੈਂਦਾ ਏ ।" ਉਹ ਪੁੱਛ ਈ ਬੈਠੀ ।

"ਆਹੋ ਬੀਬੀ" ਓਹਾ ਪੱਕੀ ਉਮਰ ਦਾ ਬੰਦਾ ਜਿਹੜਾ ਬਰੋਟੇ ਉਠ ਕੇ ਆਇਆ ਸੀ ਬੋਲਿਆ ।"ਇਥੋਂ ਕੋਈ ਤਿੰਨ ਚਾਰ ਮੀਲ ਦੇ ਪੈਂਡੇ ਤੇ ਖੋਹ ਹੈ ਉਥੋਂ ਈ ਪਾਣੀ ਲਿਆਈ ਦਾ ਏ ।ਪਰ ਇਹ ਪਾਣੀ ਪੀਣ ਲਈ ਹੁੰਦਾ ਏ ਕੱਪੜੇ ਸ਼ਪੜੇ ਧੋਣ ਆ ਸੁੱਤੇ ਕਿਸੀ ਤੇ ਜਾਣਾ ਪੈਂਦਾ ਏ ਉਹ ਜ਼ਰਾ ਡਾਢੀ ਏ ।"

"ਅੱਛਾ !" ਸ਼ਮਸ਼ਾਦ ਹੈਰਾਨ ਜਿਹੀ ਰਹਿ ਗਈ ।"ਪਰ ਤੁਸੀਂ ਇੱਥੇ ਕਿਉਂ ਨਹੀਂ ਖੋਹ ਖੱਟ ਲੈਂਦੇ ਸਾਰਿਆਂ ਨੂੰ ਪਾਣੀ ਦੀ ਸਹੂਲਤ ਹੋ ਜਾਏਗੀ ।"

"ਇੱਥੇ ਖੋਹ ਨਹੀਂ ਖੱਟਿਆ ਜਾ ਸਕਦਾ ।"

"ਕਿਉਂ ਭਲਾ ?"

"ਉਹ ਜੀ ॥। ਬਾਰ੍ਹਾਂ ਚੌਧਾਂ ਗਜ਼ਾਂ ਤੋਂ ਬਾਅਦ ਪਿੜ ਆ ਜਾਂਦਾ ਏ ।ਉਹ ਰਾਹ ਦੇਵੇ ਤਾਂ ਪਾਣੀ ਲੱਭੇ ਨਾ ।"

"ਪਰ ਹੁਣ ਤੇ ਪਿੜਾਂ ਨੂੰ ਭਨੀਆਂ ਵੀ ਜਾ ਸਕਦਾ ਏ । ਕਈ ਤਰ੍ਹਾਂ ਦੀਆਂ ਮਸ਼ੀਨਾਂ ਆ ਗਈਆਂ ਨੇਂ । ਤੁਸੀ ਲੋਕ ਕਿਉਂ ਨਹੀਂ ਕੋਸ਼ਿਸ਼ ਕਰਦੇ ? ਸ਼ਮਸ਼ਾਦ ਨੇ ਸਲਾਹ ਦਿੱਤੀ।

"ਕੀ ਕੋਸ਼ਿਸ਼ ਕਰਨੀ ਏਂ ਜੀ । ਬੱਸ ਗੁਜ਼ਾਰਾ ਚੱਲ ਈ ਰਿਹਾ ਏ ।" ਉਹਨੇ ਐਡੀ ਬੇ ਪਰਵਾਈ ਨਾਲ ਜੁਆਬ ਦਿੱਤਾ ਜਿਵੇਂ ਉਹਦਾ ਇਸ ਗੱਲ ਨਾਲ ਤਾਅਲੁੱਕ ਵਾਸਤਾ ਨਹੀਂ ਹੈਗਾ ।

ਸ਼ਮਸ਼ਾਦ ਨੂੰ ਗ਼ੁੱਸਾ ਆ ਗਿਆ । "ਤੁਸੀ ਕਿਹੋ ਜਿਹੇ ਲੋਕ ਓ। ਤੁਹਾਡਾ ਏਡਾ ਵੱਡਾ ਮਸਅਲਾ ਏ ਪਾਣੀ ਦਾ ਨਾ ਮਿਲਣਾ ਤੁਹਾਨੂੰ ਪ੍ਰਵਾਹ ਈ ਕੋਈ ਨਹੀਂ ।"

ਉਸ ਬੰਦੇ ਨੇ ਸ਼ਮਸ਼ਾਦ ਵੱਲ ਜ਼ਰਾ ਗ਼ੌਰ ਨਾਲ ਵੇਖਿਆਂ ਤੇ ਨਮ੍ਹਾ ਜਿਹਾ ਹੱਸ ਪਿਆ ।

"ਬੀਬੀ ਤੁਸੀਂ ਸ਼ਾਇਦ ਬਾਹਰੋਂ ਆਏ ਓ । ਇੱਥੇ ਰਹੋਓਗੇ ਤਾਂ ਤੁਹਾਨੂੰ ਪਤਾ ਲੱਗੇ ਗਾ । ਸਾਡੇ ਲਈ ਤਾਂ ਜੀਣਾ ਵੀ ਮਸਅਲਾ ਹੈ ਤੇ ਮਰਨਾ ਵੀ । ਇਹ ਕਣਕ ਵੇਖ ਰਹੇ ਓ ਨਾ । ਇਹਦੇ ਆਸਰੇ ਤੇ ਅਸਾਂ ਸਾਰਾ ਸਾਲ ਲੰਘਾਣਾ ਜੇ ।"ਸ਼ਮਸ਼ਾਦ ਨੇ ਮੁੜ ਕੇ ਇਕ ਨਜ਼ਰ ਪੋਲੀਆਂ ਦੀ ਢੇਰ ਤੇ ਮਾਰੀ ।"ਸੱਚ ਈ ਕਹਿੰਦਾ ਏ ਵਿਚਾਰਾ । ਇਹਦੇ ਨਾਲ ਕੀ ਬਣੇ ਗਾ ਇਨ੍ਹਾਂ ਦਾ । ਖਾਣਗੇ ਕਿ ਪਾਣਗੇ ।" ਉਸ ਬੰਦੇ ਨੇ ਸ਼ਾਇਦ ਸ਼ਮਸ਼ਾਦ ਦੀਆਂ ਅੱਖਾਂ ਵਿਚ ਲਿਖੀ ਇਹ ਗੱਲ ਪੜ੍ਹ ਲਈ ਤੇ ਜ਼ਮੀਨ ਵੱਲ ਵੇਖ ਕੇ ਕਹਿਣ ਲੱਗਾ । "ਸਾਡੀ ਮਾਂ ਵਿਚਾਰੀ ਬੜੀ ਗ਼ਰੀਬ ਏ । ਪਰ ਕੀ ਕਰੀਏ । ਇਹਨੂੰ ਛੱਡ ਕੇ ਵੀ ਤਾਂ ਨਹੀਂ ਜਾ ਸਕਦੇ।

"ਮਿਸ ਸਾਹਿਬਾ, ਹੁਣ ਟੁਰ ਪਵੋ ।" ਮਾਈ ਨੂਰਾਂ ਨੇ ਯਾਦ ਦਿਵਾਇਆ ਤਾਂ ਸ਼ਮਸ਼ਾਦ ਨੇ ਲਹਿੰਦੇ ਵੱਲ ਭੱਜਦੇ ਦੇਹੋਂ ਨੂੰ ਵੇਖਿਆ ਤੇ ਬੋਲੀ "ਹੱਛਾ ਜੀ ਤੁਹਾਡੀ ਬੜੀ ਮਿਹਰਬਾਨੀ" ਉਹ ਦੋਵੇਂ ਆ ਕੇ ਟਾਂਗੇ ਵਿਚ ਬਹਿ ਗਈਆਂ ਤਾਂ ਟਾਂਗਾ ਫਿਰ ਟੁਰ ਪਿਆ ।

ਫਿਰ ਵੋਹ ਈ ਝੰਜੋ ਕੇ ਤੇ ਵੇਰਾਂ ਲੰਮੀ ਸੜਕ । ਲਗਦਾ ਸੀ ਦੂਰ ਕੋਈ ਬੈਠਾ ਸੜਕ ਨੂੰ ਰਬੜ ਵਾਂਗੂੰ ਖਿੱਚ ਕੇ ਵਧਾਈ ਜਾ ਰਿਹਾ ਏ ।

ਖ਼ੋਰੇ ਕਿੰਨੇ ਚਿਰ ਬਾਅਦ ਦੂਰੋਂ ਇਕ ਟਿੱਬਾ ਜਿਹਾ ਦੱਸਿਆ ਤੇ ਜ਼ਰਾ ਹੋਰ ਨੇੜੇ ਹੋਇਆਂ ਪਤਾ ਲੱਗਿਆ ਬਈ ਕੋਈ ਪਿੰਡ ਏ । ਜਿਹਦੇ ਵੱਟਿਆਂ ਨਾਲ ਉਸਰੇ ਹੋਏ ਮਕਾਨ ਇੰਜ ਲਗਦੇ ਸਨ ਜਿਵੇਂ ਡਰੇ ਹੋਏ ਬਾਲ ਇਕ ਦੂਜੇ ਨਾਲ ਚਿੰਬੜ ਕੇ ਖੜੇ ਨੇਂ । ਪਿੰਡ ਦੇ ਕੋਲ ਪਹੁੰਚ ਕੇ ਟਾਂਗਾ ਪੱਕੀ ਸਰਕ ਤੋਂ ਲਹਿ ਕੇ ਵੱਟਿਆਂ ਨਾਲ ਅੱਟੇ ਹੋਏ ਰਸਤੇ ਉੱਤੇ ਖੜ੍ਹ ਖੜ੍ਹ ਕਰਦਾ ਟੁਰ ਪਿਆ । ਨਿੱਕਾ ਜਿਹਾ ਪਿੰਡ ਸੀ ਕੋਈ ਪੰਜਾਹ ਸੱਠ ਘੱਰ ਹੋ ਣਗੇ । ਪਿੰਡ ਦੇ ਵਿਚਕਾਰ ਮਸੀਤ ਦਾ ਮੁਨਾਰਾ ਸਿਰ ਚਕ ਕੇ ਖੜਾ ਸੀ । ਸੱਜੇ ਹੱਥ ਇਕ ਪੱਕਿਆਂ ਇੱਟਾਂ ਨਾਲ ਉਸਰਿਆ ਹੋਇਆ ਮਕਾਨ ਹੋਰਾਂ ਤੋਂ ਨਖੀੜਵਾਂ ਦੱਸ ਰਿਹਾ ਸੀ । ਉਸ ਇਕ ਮਕਾਨ ਦੇ ਬੂਹੇ ਅੱਗੇ ਜਾ ਕੇ ਟਾਂਗੇ ਆਲਾ ਰੁਕ ਗਿਆ । ਮਕਾਨ ਦੇ ਮਾਲਕ ਲੰਬਰਦਾਰ ਨੇ ਟਾਂਗੇ ਵਾਲੇ ਦੇ ਸਲਾਮ ਨੂੰ ਘਾ, ਨਾ ਪਾਂਦੀਆਂ ਹੋਇਆਂ ਸ਼ਮਸ਼ਾਦ ਕੋਲੋਂ ਪੁੱਛਿਆ, "ਕਿੰਝ ਆਵ ਸੋ ?"

"ਜੀ ਮੈਂ ਤੁਹਾਡੇ ਪਿੰਡ ਸਕੂਲ ਖੋਲਣ ਆਈ ਆਂ । ਸ਼ਮਸ਼ਾਦ ਏ ਮੇਰਾ ਨਾਂ ।"

"ਅੱਛਾ ਲੰਬਰਦਾਰ ਨੇ ਅੱਛਾ ਇੰਜ ਕਹਿਆ ਜਿਵੇਂ ਕਹਿੰਦਾ ਹੋਵੇ ਜੇ ਆਈ ਏਂ ਤਾਂ ਸਾਡਾ ਕੀ ਵਿਗਾੜ ਲਿੰਗੀ ।

ਏਨੇ ਚਿਰ ਵਿੱਚ ਮਾਈ ਨੂਰਾਂ ਨੇ ਬਿਸਤਰੇ ਤੇ ਬਕਸੇ ਟਾਂਗੇ ਤੋਂ ਥੱਲੇ ਲਾਹ ਕੇ ਰੱਖ ਦਿੱਤੇ ਸਨ ਤੇ ਟਾਂਗੇ ਵਾਲਾ ਜਿਹੜਾ ਇਸੇ ਪੰਡ ਦਾ ਰਹਿਣ ਵਾਲ ਜਾਪਦਾ ਸੀ ਇਕ ਪਾਸੇ ਟਾਂਗਾ ਖੋਲ ਰਿਹਾ ਸੀ

ਸ਼ਮਸ਼ਾਦ ਨੂੰ ਇਸ ਸਾਰੇ ਪੈਂਡੇ ਵਿਚ ਜ਼ਰਾ ਵੀ ਝਾਕਾ ਯਾ ਡਰ ਨਹੀਂ ਸੀ ਆਇਆ ।

ਉਹ ਪਹਿਲਾਂ ਵੀ ਕਈ ਥਾਵਾਂ ਤੇ ਨਵੇਂ ਸਕੂਲ ਖੋਲਣ ਲਈ ਜਾ ਚੁੱਕੀ ਸੀ । ਕਿਉਂ ਜੇ ਉਹ ਲਾਇਕ ਫ਼ਾਇਕ ਉਸਤਾਨੀਆਂ ਵਿੱਚੋਂ ਗੌਣੀ ਜਾਂਦੀ ਸੀ । ਫਿਰ ਅੱਲਾਹ ਵੱਲੋਂ ਉਹਨੂੰ ਇਹੋ



ਜਿਹੀ ਮਿੱਠੀ ਜ਼ਬਾਨ ਲੱਭੀ ਸੀ ਜੇ ਪੱਲ ਵਿੱਚੋਂ ਦੂਜਿਆਂ ਕੋਲੋਂ ਅਪਣੀ ਗਲ ਮਨਵਾ ਲੈਂਦੀ । ਇਸ ਕਰ ਕੇ ਮਹਿਕਮੇ ਵਾਲੇ ਅਕਸਰ ਥਾਵਾਂ ਤੇ ਉਹਨੂੰ ਈ ਭੇਜਦੇ ਸਨ ਤੇ ਉਹ ਸਕੂਲ ਚਲਾ ਕੇ ਈ ਮੁੜਦੀ ਸੀ ਪਰ ਇੱਥੇ ਤਾਂ ਬਿਸਮਿਅੱਲਾਹ ਗ਼ਲਤ ਹੋ ਗਈ । ਉਹਦੇ ਆਨ ਦੀ ਖ਼ਬਰ ਲੰਬਰਦਾਰ ਨੂੰ ਕਈ ਦਿਹਾੜੇ ਪਹਿਲਾਂ ਕਰ ਦਿੱਤੀ ਗਈ ਸੀ ਪਰ ਹੁਣ ਉਹ ਸਾਮਾਨ ਜ਼ਮੀਨ ਤੇ ਰੱਖ ਕੇ ਖੜੀ ਸੀ ਜਿਵੇਂ ਕਿਸੇ ਮੁਸਾਫ਼ਰ ਦੀ ਗੱਡੀ ਨਿਕਲ ਗਈ ਹੋਵੇ ਤੇ ਉਹਨੂੰ ਦੂਜੀ ਗੱਡੀ ਮਿਲਣ ਦਾ ਯਕੀਨ ਨਾ ਹੋਵੇ ।

ਕੁੱਝ ਚਿਰ ਸਾਰੇ ਚੁੱਪ ਕਰ ਯਕ ਖਲੋਤੇ ਰਹੇ । ਲੰਬਰਦਾਰ ਦੂਰ ਅਸਮਾਨਾਂ ਤੋਂ ਜਿਵੇਂ ਕੁੱਝ ਟੋਲਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਸ਼ਮਸ਼ਾਦ ਸੋਚ ਰਹੀ ਸੀ ਅੱਜ ਲਗਦਾ ਏ ਕੋਈ ਬੂਹਾ ਨਹੀਂ ਖੋਲੇ ਗਾ ।

ਅਖ਼ੀਰ ਮਾਈ ਨੂਰਾਂ ਕੋਲੋਂ ਨਾ ਰਿਹਾ ਗਿਆ । "ਲੰਬਰਦਾਰ ਜੀ ਸਾਨੂੰ ਇਹ ਤਾਂ ਦੱਸ ਦਿਓ ਕਿੱਥੇ ਸਿਰ ਛੱਪਾਂ ਦਾ ਸਮਿਆਂ ਕਰਏ । ਏਡਾ ਲਮਾਂ ਪੈਂਡਾ ਕਰਕੇ ਆਏ ਆਂ । ਏਨਾ ਖ਼ਿਆਲ ਤਾਂ ਕਰ ਲੋਉ ।"

"ਹਾਂ, ਆਂ !" ਲੰਬਰਦਾਰ ਆਪਣੀਆਂ ਖ਼ਿਆਲਾਂ ਦੀ ਦੁਨੀਆ ਚੋਂ ਬਾਹਰ ਆਂਦਿਆਂ ਬੋਲਿਆ ਮੈਂ ਸੋਚ ਰਿਹਾ ਸਾਂ ਹੁਣ ਤੁਹਾਨੂੰ ਵਾਪਸੀ ਗੱਡੀ ਤੇ ਨਹੀਂ ਲੱਭਣੀ । ਇਹ ਰਾਤ ਮੇਰੇ ਝੱਗੇ ਵਿੱਚ ਕੱਟ ਲੋਉ । ਫ਼ਜਰੀ ਮੁੜ ਜਾਣਾ ।

ਸ਼ਮਸ਼ਾਦ ਦੇ ਤਾਂ ਜਿਵੇਂ ਤਲੀਉਂ ਲੱਗੀ ਤੇ ਸਿਰ ਤੇ ਜਾ ਬੱਝੀ । ਕੁਛ ਚਿਰ ਉਹ ਆਪਣੇ ਪਰਸ ਦਾ ਫ਼ੀਤਾ ਇੰਜ ਮਰੋੜਦੀ ਰਹੀ ਜਿਵੇਂ ਉਹ ਲੰਬਰਦਾਰ ਦੀ ਧੁਨ ਹੋਵੇ ਫਿਰ ਬੋਲੀ । "ਜਿਹੜੀਆਂ ਉਸਤਾਨੀਆਂ ਮੇਰੇ ਤੋਂ ਪਹਿਲਾਂ ਆਈਆਂ ਉਹ ਕਿੱਥੇ ਰਹਿੰਦੀਆਂ ਸਨ ।" ਉਹਦੀ ਅਵਾਜ਼ ਵਿਚ ਥੋੜੀ ਜਿਹੀ ਕੁੜੱਤਣ ਫਿਰ ਵੀ ਆਹੀ ਗਈ । ਜਿਨ੍ਹੂੰ ਕਰ ਕੇ ਲੰਬਰਦਾਰ ਦੇ ਮਿੱਥੇ ਤੇ ਵੱਟ ਪੈ ਗਏ ।

"ਉਹ ਤੇ ਕਿੱਧਰੇ ਵੀ ਨਹੀਂ ਸਨ ਰਹੀਆਂ । ਹਾਂ, ਤੁਸੀ ਰਹਿਣ ਦਾ ਸ਼ੌਕ ਪੂਰਾ ਕਰ ਸਕਦੇ ਓ । ਸਕੂਲ ਲਈ ਜਿਹੜਾ ਮਕਾਨ ਬਣਿਆ ਸੀ ਉਹ ਹਿੱਲੀ ਖ਼ਾਲੀ ਪਿਆ ਏ । ਮੈਂ ਕਿਸੇ ਨੂੰ ਭੇਜਣਾ ਵਾਂ ਤੁਹਾਨੂੰ ਉਥੇ ਛੱਡ ਆਏ ਗਾ ।" ਏਨਾ ਕਹਿ ਕੇ ਉਹ ਸ਼ਮਸ਼ਾਦ ਵੱਲ ਵੇਖੇ ਬਣਾ ਤੇਜ਼ ਤੇਜ਼ ਟੁਰਦਾ ਆਪਣੇ ਘੱਰ ਵੜ ਗਿਆ ਤੇ ਉਹ ਦੋਵੇਂ ਖੁਲੇ ਆਸਮਾਨ ਥੱਲੇ ਖਲੋਤੀਆਂ ਰਹਿ ਗਈਆਂ ।

"ਵਾਹ ਜੀ ਵਾਹ । ਇਹ ਚੰਗੀ ਹੋਈ ।" ਮਾਈ ਨੂਰਾਂ ਨੇ ਗ਼ੁੱਸੇ ਨਾਲ ਕਹਿਆ ਤਾਂ ਸ਼ਮਸ਼ਾਦ ਨੇ ਉਹਨੂੰ ਝਿੜਕ ਦਿੱਤਾ । "ਤੋਂ ਚੁੱਪ ਕਰ ਮਾਈ । ਕੀ ਹੋਇਆ ਏ । ਪ੍ਰਦੇਸ ਵਿਚ ਇੰਜ ਈ ਹੁੰਦਾ ਏ ।"

"ਆਹੋ ਮਿਸ ਸਾਹਿਬਾ ਜੀ । ਸੱਚ ਕਹਿੰਦੇ ਓ । ਸੱਚ ਕਹਿੰਦੇ ਓ । ਸੱਚ ਕਹਿੰਦੇ ਓ । ਬੰਦਿਆਂ ਦਾ ਵਰਤਾ ਈ ਦੇਸ ਨੂੰ ਪ੍ਰਦੇਸ ਬਣਾ ਦਿੰਦਾ ਏ ਤੇ ਕਦੀ ਕਦੀ ਪ੍ਰਦੇਸ ਵੀ ਆਪਣੇ ਘੱਰ ਦਾ ਵੇੜ੍ਹਾ ਜਾਪਦਾ ਏ ।"

"ਹੂੰ" ਸ਼ਮਸ਼ਾਦ ਵੀ ਹੁਣ ਕੁੱਝ ਪ੍ਰੇਸ਼ਾਨ ਜਿਹੀ ਹੋ ਗਈ । ਦੇਹੋਂ ਡੁੱਬਣ ਤੇ ਆ ਗਿਆ ਸੀ ਤੇ ਭੇਡਾਂ ਬੱਕਰੀਆਂ ਦੇ ਉਜੜ ਪੰਡ ਵੱਲ ਮੁੜੀ ਆਂਦੇ ਸਨ । ਉਨ੍ਹਾਂ ਦੀ ਧਮਾਈ ਹੋਈ ਧੋੜ ਘਰਾਂ ਵਿੱਚੋਂ ਨਿਕਲਦੇ ਧੂਏਂ ਨਾਲ ਰਲ ਕੇ ਪਿੰਡ ਤੇ ਪਸਰਦੀ ਜਾ ਰਹੀ ਸੀ । ਇਸ ਧੋੜ ਵਿੱਚੋਂ ਨਿਕਲ ਕੇ ਇਕ ਬੰਦਾ ਉਹਨਾਂ ਵੱਲ ਆਇਆ ਤੇ ਸਾਮਾਨ ਚੁੱਕਣ ਲੱਗ ਪਿਆ । ਇਕ ਬਕਸਾ ਅਤੇ ਬਿਸਤਰਾ ਚੁਕ ਕੇ ਉਹ ਕਹਿਣ ਲੱਗਾ । "ਤੁਸੀ ਚਲੋ ਜੀ । ਹੋਰ ਸਾਮਾਨ ਮੈਂ ਦੂਜੇ ਫਿਰੇ ਪਹੁੰਚਾ ਦੀਆਂ ਗਾ ।

ਪਰ ਮਾਈ ਨੂਰਾਂ ਵਿਸਾਹ ਖਾਣ ਨੂੰ ਤਿਆਰ ਨਹੀਂ ਸੀ । ਝੱਟ ਪੱਟ ਬੋਲੀ । "ਨਹੀਂ ਜਿਵੇਂ। ਇਕ ਬਕਸਾ ਮੈਂ ਚਕ ਲੈਣੀ ਆਂ । ਤੋਂ ਕਿਸੇ ਤਰਾਂ ਇਹ ਦੂਜਾ ਬਿਸਤਰਾ ਵੀ ਸਿਰ ਤੇ ਧਰ ਲੈ ।"

"ਯਾ ਮੌਲਾ ! ਤੇਰਾ ਹੀ ਆਸਰਾ ।" ਉਹਨੇ ਜ਼ੋਰ ਲਾ ਕੇ ਬਿਸਤਰਾ ਚੁਕ ਲਿਆ ਤੇ ਪਿੰਡ

ਵੱਲ ਟੁਰ ਪਿਆ ।

ਉੱਚੀ ਨੀਵੀਂ ਤਿਲਕਨੀਆਂ ਰੋੜਾਂ ਨਾਲ ਭਰੀ ਹੋਈ ਗਲੀ ਵਿਚ ਕਈ ਵਾਰੀ ਸ਼ਮਸ਼ਾਦ ਦਾ ਪੈਰ ਪੁੱਠਾ ਹੁੰਦਿਆਂ ਬਚਿਆ । ਤਿੰਨ ਚਾਰ ਘਰਾਂ ਅੱਗੋਂ ਲੰਘ ਕੇ ਨਿੱਕਾ ਜਿਹਾ ਮੋੜ ਮੁੜਦਿਆਂ ਈ ਗਲੀ ਬੰਦ ਹੋ ਗਈ । ਸਾਹਮਣੇ ਇਕ ਬੰਦ ਬੂਹਾ ਨਜ਼ਰ ਆ ਰਿਹਾ ਸੀ । ਉਸ ਬੰਦੇ ਨੇ ਬੂਹਾ ਖੋਲਿਆ ਤੇ ਸਾਮਾਨ ਲੈ ਜਾ ਕੇ ਵੇੜ੍ਹੇ ਵਿਚ ਰੱਖ ਦਿੱਤਾ । ਇੱਕ ਪਾਸੇ ਨਿਊ ਪਾਂ ਜਿਹੀਆਂ ਛੱਤਾਂ ਆਲੇ ਦੋ ਕਮਰੇ ਬਣੇ ਹੋਏ ਸਨ ਤੇ ਦੂਜੀ ਗੁੱਠਾਂ ਵਿਚ ਇਕ ਦਰਖ਼ਤ ਨਮੋ ਝਾਨ ਜਿਹਾ ਖੜਾ ਸੀ ।

"ਕੋਈ ਬੱਤੀ ਦੀਵਾ ?" ਨੂਰਾਂ ਵਧਦੇ ਹਨੇਰੇ ਤੋਂ ਡਰ ਕੇ ਬੋਲੀ ।

"ਬੱਤੀ ਤੇ ਮੰਜੀਆਂ ਅੰਦਰ ਪਈਆਂ ਹੋਈਆਂ ਨੇਂ । ਰੋਟੀ ਮੈਂ ਤੁਹਾਡੇ ਲਈ ਹੁਣੇ ਲੈ ਕੇ ਆਇਆ । ਇਹ ਲੋਉ ਕੋਠਿਆਂ ਦੀਆਂ ਕੁੰਜੀਆਂ ।" ਉਹ ਦਾ ਕੁੰਜੀਆਂ ਸ਼ਮਸ਼ਾਦ ਦੇ ਹੱਥ ਤੇ ਧਰ ਕੇ ਬਾਹਰ ਨਿਕਲ ਗਿਆ ।

ਅੱਧੀ ਰਾਤ ਵੇਲ਼ੇ ਸ਼ੋਰੇ ਕਿਹੜੀ ਅਵਾਜ਼ ਤੋਂ ਸ਼ਮਸ਼ਾਦ ਦੀ ਅੱਖ ਖੱਲ ਗਈ । ਬਾਹਰ ਕੋਈ ਰੌਲਾ ਜਿਹਾ ਹੋਇਆ ਸੀ । ਸ਼ਮਸ਼ਾਦ ਨੇ ਕੰਨ ਲਾ ਕੇ ਸੁਣਿਆ ਤੇ ਫਿਰ ਉਹਨੂੰ ਹਾਸਾ ਆ ਗਿਆ । ਕਿਉਂ ਜੇ ਬਾਹਰ ਗਿੱਦੜ ਤੇ ਕੁੱਤੇ ਰੌਲਾ ਪਾਨ ਦਾ ਮੁਕਾਬਲਾ ਕਰੀ ਜਾ ਰਹੇ ਸਨ ਤੇ ਅੰਦਰ ਮਾਈ ਨੂਰਾਂ ਦੇ ਘੁਰਾੜੇ ਛੱਤ ਤੀਕਰ ਅੱਪੜਦੇ ਪਏ ਸਨ ।

"ਚੱਲ ਬਈ । ਸੌਂ ਜਾ ਸ਼ਮਸ਼ਾਦ ਬੀਬੀ । ਵੇਖੋ ਸਵੇਰ ਕੀ ਕਹਿੰਦੀ ਓ ।" ਉਹਨੇ ਆਪਣੇ ਆਪ ਨੂੰ ਕਹਿਆ ਤੇ ਸੌਣ ਦੀ ਕੋਸ਼ਿਸ਼ ਕਰਨ ਲੱਗ ਪਈ ।

ਸਵੇਰੇ ਸਵੇਰੇ ਕਿਸੇ ਨੇ ਆਨ ਬੂਹਾ ਖੜਕਾਇਆ ।

"ਕੌਣ ਏਂ ।" ਮਾਈ ਨੂਰਾਂ ਬੂਹੇ ਵੱਲ ਗਈ ।

"ਮੈਂ ਆਂ ਟਾਂਗੇ ਆਲਾ ।" ਤੁਸਾਂ ਵਾਪਸ ਜਾਣਾ ਏਂ ।

"ਤੈਨੂੰ ਕਹਿਨੈਂ ਕਹਿਆ ਸੀ, ਇਸੀ ਵਾਪਸ ਜਾਣਾ ਏਂ "ਸ਼ਮਸ਼ਾਦ ਹੁਣ ਬੂਹੇ ਕੋਲ ਆਨ ਖਲੋਤੀ ਸੀ ।

"ਜੀ ਲੰਬਰਦਾਰ ਹੋਰਾਂ ਨੇ ਕਹਿਆ ਸੀ ।"

"ਹੱਛਾ । ਜਾ ਕੇ ਉਨ੍ਹਾਂ ਨੂੰ ਦੱਸ ਦੇ ਬਈ ਅਸੀਂ ਵਾਪਸ ਨਹੀਂ ਜਾ ਰਹੇ ।"

ਸ਼ਮਸ਼ਾਦ ਦੀ ਅਵਾਜ਼ ਵਿਚ ਪੂਰਾ ਹੌਸਲਾ ਤੇ ਹਿੰਮਤ ਸੀ । ਉਸ ਸਿਪਾਹੀ ਦੀ ਹਿੰਮਤ ਜਿਹੜਾ ਕਿਲ੍ਹਾ ਫ਼ਤ੍ਹ ਕੀਤੇ ਬਿਨਾ ਮੁੜਨਾ ਨਾ ਚਾਹੁੰਦਾ ਹੋਵੇ ।

ਚਾਅ ਪਾਣੀ ਤੋਂ ਵਿਹਲੀਆਂ ਹੋ ਕੇ ਉਹਨੀਂ ਮਾਈ ਨੂਰਾਂ ਨੂੰ ਘੱਲਿਆ । "ਜਾ ਤੇ ਸਾਰਿਆਂ ਕੁੜੀਆਂ ਨੂੰ ਬੁਲਾ ਕੇ ਲਿਆ ।"

"ਹੱਛਾ ਜੀ" ਮਾਈ ਨੂਰਾਂ ਚਲੀ ਗਈ ਤਾਂ ਸ਼ਮਸ਼ਾਦ ਵੇੜ੍ਹੇ ਵਿਚ ਆ ਬੈਠੀ । ਇਕ ਕਾਂ ਕੰਧਾਂ ਤੇ ਬੈਠਾ ਇੱਧਰ ਉੱਧਰ ਤਾੜ ਰਿਹਾ ਸੀ । ਸ਼ਮਸ਼ਾਦ ਨੂੰ ਹਾਸਾ ਜਿਹਾ ਆ ਗਿਆ । "ਕਾਵਾਂ ਨੂੰ ਬੜੀ ਗ਼ਲਤ ਜਗ੍ਹਾ ਚੁਣੀ ਏਂ । ਇੱਥੇ ਤੈਨੂੰ ਕੁੱਝ ਨਹੀਂ ਲੱਭਨਾਂ ।" ਉਹਨੇ ਹੱਥ ਉੱਚਾ ਕਰ ਕੇ ਡੂ ਡੂ ਕੀਤੀ ਤਾਂ ਕਾਂ ਉੱਡ ਗਿਆ । ਸ਼ਮਸ਼ਾਦ ਵੇੜ੍ਹੇ ਵਿਚ ਫਿਰਨ ਲੱਗ ਪਈ । ਫਿਰ ਕਮਰੇ ਦਾ ਬੂਹਾ ਖੋਲਿਆ । ਉਥੇ ਦੋ ਟਾਟ ਤੇ ਇਕ ਬਲੈਕ ਬੋਰਡ ਕੰਧ ਨਾਲ ਲੱਗਿਆ ਹੋਇਆ ਸੀ । ਬੱਸ ਹੋਰ ਅੱਲਾਹ ਦਾ ਨਾਂ ਤੇ ਨਬੀ ਦਾ ਕਲਮਾ, ਨਾ ਕੋਈ ਕੁਰਸੀ ਤੇ ਨਾ ਮੇਜ਼ "ਚਲੋ ਜੀ ਮੰਜੀ ਤੇ ਬਹਿ ਕੇ ਪੜ੍ਹਾ ਲਵਾਂਗੀ । ਪਰ ਕੋਈ ਆਵੇ ਤਾਂ ਸਹੀ ।"

ਦੇਹੋਂ ਉੱਚਾ ਹੋ ਗਿਆ ਸੀ ਤੇ ਧੁੱਪ ਵੇੜ੍ਹੇ ਵਿਚ ਖਿਲਰਦੀ ਜਾ ਰਹੀ ਸੀ ਪਰ ਹਿੱਲੀ ਮਾਈ ਨੂਰਾਂ ਨਹੀਂ ਸੀ ਮੁੜੀ ।



ਕਿੰਨੇ ਈ ਚਿਰ ਤੋਂ ਬਾਅਦ ਉਹ ਥੱਕੀ ਥੱਕੀ ਜਿਹੀ ਵੇੜ੍ਹੇ ਵੜੀ ਤੇ ਆ ਕੇ ਮੰਜੀ ਦਾ ਪਾਵਾ ਫੜ ਕੇ ਬਹਿ ਗਈ ।

"ਸੁਣਾ ਬਈ ?" ਸ਼ਮਸ਼ਾਦ ਨੇ ਸਵਾਲ ਕੀਤਾ ।

"ਕੀ ਸੁਣਾਵਾਂ ਮਿਸ ਸਾਹਿਬਾ । ਇਹਨਾ ਤਿਲਾਂ ਵਿੱਚ ਤੇਲ ਨਹੀਂ ਜੇ । ਮੈਂ ਤੁਹਾਨੂੰ ਦੱਸਣੀ ਆਂ ਪਈ ।"

"ਨਹੀਂ ਮਾਈ । ਏਨੀ ਛੇਤੀ ਹੌਸਲਾ ਨਹੀਂ ਹਾਰੀ ਦਾ । ਹੁਣ ਮੈਂ ਆਪ ਜਾਵਾਂ ਗੀ ।

ਜਵਾਬ ਵਿੱਚ ਮਾਈ ਨੂਰਾਂ ਨੇ ਉਹਦੇ ਵੱਲ ਇਹੋ ਜਿਹੀਆਂ ਨਜ਼ਰਾਂ ਨਾਲ ਵੇਖਿਆ । ਜਿਵੇਂ ਕਹਿੰਦੀ ਹੋਵੇ ਤੁਸੀਂ ਆਪ ਜਾ ਕੇ ਕੀ ਕਰ ਲੋਓਗੇ ਪਰ ਉਹ ਬੋਲੀ ਨਹੀਂ ਉਠ ਕੇ ਕੰਧ ਨਾਲ ਬਣੇ ਵਤੀਆਂ ਦੇ ਚਲ੍ਹੇ ਵਿਚ ਅੱਗ ਬਾਲਣ ਲੱਗ ਪਈ ।

ਕੰਧਾਂ ਤੋਂ ਕਾਂ ਉਡਾਂਦਿਆਂ ਸ਼ਮਸ਼ਾਦ ਨੂੰ ਸਤ ਦਿਹਾੜੇ ਹੋ ਗਏ ਸਨ ਪਰ ਹਾਲੀ ਤੀਕਰ ਕਿੱਥੇ ਵੀ ਪੱਥਰਾਂ ਵਿੱਚੋਂ ਕੋਈ ਪਮਲਛੀ ਫੁੱਟਦੀ ਨਜ਼ਰ ਨਹੀਂ ਸੀ ਆ ਰਹੀ । ਕਈਆਂ ਘਰਾਂ ਵਿੱਚੋਂ ਤਾਂ ਉਹਨੂੰ ਸਾਫ਼ ਜਵਾਬ ਮਿੱਲ ਗਿਆ ।

"ਬੀਬੀ । ਅਸੀਂ ਕੀ ਕਰਨਾ ਏਂ ਕੁੜੀਆਂ ਨੂੰ ਪੜ੍ਹਾ ਕੇ । ਪਾਥੀਆਂ ਥੱਪਣ ਤੇ ਦਾਤਰੀ ਫੜਨ ਲਈ ਅਸੀਂ ਤਾਂ ਨਹੀਂ ਸਮਝਦੇ ਕਿਤਾਬਾਂ ਪੜ੍ਹਨ ਦੀ ਲੋੜ ਪੈਂਦੀ ਏ ।" ਫਿਰ ਸ਼ਮਸ਼ਾਦ ਪਈ ਤਕਰੀਰਾਂ ਕਰੇ ਪਰ ਉਹ ਅਪਣਾ ਸਬਕ ਨਾ ਭਲੇ ।

"ਮਿਸ ਸਾਹਿਬਾ ਜੀ ! ਕਿਉਂ ਵੱਟਿਆਂ ਨਾਲ ਪਏ ਟੱਕਰਾਂ ਮਾਰਦੇ ਓ । ਇੱਥੇ ਦੀ ਤਾਂ ਜ਼ਮੀਨ ਵੀ ਏਨੀ ਪੀਡੀ ਪੱਥਰ ਏ । ਜੇ ਬੂਟੇ ਨੂੰ ਵੀ ਔਖਾ ਈ ਰਾਹ ਦਿੰਦੀ ਏ ।" ਅੱਠਵੇਂ ਦਿਨ ਮਾਈ ਨੂਰਾਂ ਨੇ ਕਹਿਆ ਤਾਂ ਗੱਲ ਸ਼ਮਸ਼ਾਦ ਦੇ ਦਿਲ ਨੂੰ ਲੱਗੀ । ਉਹਨੇ ਮਾਈ ਨੂੰ ਬਿਸਤਰੇ ਬੈਠਣ ਦਾ ਕਹਿਆ ਤੇ ਆਪ ਬੂਹੇ ਕੋਲ ਜਾ ਖਲੋਤੀ । ਇਕ ਦੱਮ ਉਹਦੀ ਨਜ਼ਰ ਮੁਹਾਠ ਵੱਲ ਪਈ । ਕੰਧ ਦੇ ਐਰੇ ਵਿੱਚੋਂ ਇੱਕ ਨਿੱਕਾ ਜਿਹਾ ਬੂਟਾ ਸ਼ੋਰੇ ਕਦੋਂ ਫੱਟ ਆਇਆ ਸੀ ਤੇ ਉਹਦੇ ਉੱਤੇ ਇੱਕ ਪੁੱਟੇ ਜਿੱਡਾ ਸੂਹਾ ਫੁੱਲ ਪਿਆ ਹੱਸਦਾ ਸੀ । ਜਿਵੇਂ ਕੋਈ ਬਾਲ ਇਆਣਾ ਮੇਲੇ ਵਿਚ ਫਿਰਦਾ ਏ । ਸ਼ਮਸ਼ਾਦ ਨੇ ਇਕ ਦੱਮ ਖ਼ੁਸ਼ੀ ਨਾਲ ਚੀਕ ਮਾਰੀ "ਮਾਈ ॥ । ਨੂਰਾਂ ! ਇੱਧਰ ਆਈਂ ਜ਼ਰਾ ।" ਮਾਈ ਨੱਸਦੀ ਨੱਸਦੀ ਆਈ ।

"ਜੀ ਮਿਸ ਸਾਹਿਬਾ ਕੀ ਹੋਇਆ ।"

"ਇਹ ਵੇਖੇਂ ਨਾਂ ਕੀ ਏ ।" ਸ਼ਮਸ਼ਾਦ ਨੇ ਹੱਥ ਨਾਲ ਮੁਹਾਠ ਵੱਲ ਇਸ਼ਾਰਾ ਕੀਤਾ ।

"ਫੁੱਲ ਏ ਜੀ । ਸ਼ੁੱਕਰ ਏ ਇੱਥੇ ਵੀ ਕੋਈ ਫੁੱਲ ਤਾਂ ਨਜ਼ਰ ਆਈਆਂ ।"

"ਬਸ ਫਿਰ ਜਾ ਕੇ ਸਾਮਾਨ ਖੋਲ ਦੇ ।" ਸ਼ਮਸ਼ਾਦ ਨੇ ਹੁਕਮ ਦੇ ਦਿੱਤਾ ।

# ਭਾਗੀ ਖੋਖਿਰ/ਸਈਦ ਭੁੱਟਾ

ਭਾਗੀ ਖੋਖਿਰ ਦੀ ਕਈ ਅਜਿਹੀ ਬੁਲਾ ਚਿੰਬੜੀ ਹੈ ਕਿ ਮੁਸ਼ਕਲ ਹੋ ਰਹੀ ਹੈ ਮਗਰੋਂ ਲਾਹਣ ਨੂੰ।ਮੈਂ ਹਿੱਕ ਵਾਰੀਂ ਭੁਲ ਭੁਲੇਖੇ ਈ ਕਦਾਈਂ ਨਾਂ ਲਿਆ, ਹਾਈ ਤੇਰੀ ਕਹਾਣੀ ਲਿਖਸਾਂ । ਜ਼ਬਾਨ ਨਾਹੀ ਕੀਤੀ ਨਿਰੀ ਗੱਲ ਜ਼ਬਾਨ ਤੇ ਲਿਆਂਦੀ ਹਾਈ ।ਇਹ ਤਾਂ ਕਾਈ ਪੱਕੀ ਡਾਇਣ ਹੈ ਨਹੀਂ ਜਾਣ ਛੋੜੀਨਦੀ ।ਕੈਂ ਵਾਰੀਂ ਆਖ ਬੈਠਾ ਭੁਲ ਭੁਲੇਖੇ ਤੇ ਅੱਲਾਹ ਦੇ ਟਿਖੇ ।ਭੁਲ ਭੁਲੇਖੇ, ਅੱਲਾਹ ਦੇ ਲਿਖੇ ਆਖਿਆਂ ਜਾਣ ਕੇ ਭਨਿਆ ਰੋਜ਼ਾ ਜੁੜ ਜਾਂਦਾ ਹੈ ਪਰ ਇਹ ਜ਼ਿਦ ਦੀ ਪੱਕੀ ਹੈ । ਧੁੰਮੀ ਨਾਲ ਉਠੀ ਕੇ ਸ਼ੇਵ ਕਰਨੀ ਹੈ ।ਲੈਕਚਰ ਵੀ ਤੁਰਾਂਦੀ ਨਜ਼ਰ ਵੇਖਣਾ ਈ ਪੈਂਦਾ ਹੈ ।ਹੋਰ ਕੈਂ ਜ਼ਰਵੀ ਕੰਮ ਵੀ ਕਰਨੇ ਹੋਏ।ਪਰ ਇਹ ਅੱਗੋਂ ਵੱਲ ਵੱਲ ਕੇ ਪੈਂਦੀ ਹੈ ।ਕਾਈ ਕੰਮ ਜ਼ਾਤ ਰਹਣ । ਕਾਹੀਂ ਸਿਰ ਸੜੇ ਇਹਦਾ ਨਾਂ ਭਾਗੀ ਰੱਖਿਆ ਹੈ ।

ਮੈਂ ਆਪਣੇ ਵਡਕੀਆਂ ਬਾਰੇ ਕੀਤੀਆਂ ਨੂੰ ਦੱਸਿਆ ਹੈ : ਮੇਰੇ ਵਡਕੀਆਂ ਵਿੱਚੋਂ ਵੀਹਾਂ ਪੀੜ੍ਹੀਆਂ ਤਾਈਂ ਔਲੀਆ ਹੂਅਨ ।ਸਿਆਣੇ ਬੰਦੇ ਮੇਰੀ ਗੱਲ ਸੁਣ ਕੇ ਉਂਗਲਾਂ ਕਣਾਂ (ਕੰਨਾਂ) ਵਿਚ ਪਾ ਲੈਂਦੇ ਹੁਣ ਤੇ ਅੱਧ ਖੜੇ ਸਿਆਣੇ ਮੂੰਹ ਵਿਚ ।ਅਸਲ ਵਿਚ ਹੋਇਆ ਇੰਜ ਕਿ ਅਸਾਡਾ ਜੱਦੀ ਮਿਰਾਸੀ ਕਲਮ ਕਾਗ਼ਜ਼, ਸ਼ਜਰੇ ਪੀੜ੍ਹੀ ਦਾ ਬਹੁੰ ਪੱਕਾ ਹੈ ।ਉਹ ਸਕਿੰਟਾਂ ਐਚ ਹਰ ਗੱਲ ਰਜਿਸਟਰ ਤੇ ਲਿੱਖ ਲੈਂਦਾ ਹੈ ।ਜਦੋਂ ਹਜ਼ਰਤ ਸਾਹਿਬ ਦੁਨੀਆ ਤੋਂ ਉਹਲਾ ਕੀਤਾ ਹਾ ਉਦੋਂ ਵੀ ਉਸ ਰਜਿਸਟਰ ਤੇ ਲਿਖਿਆ ਹਾ ਦਿਹਾੜ, ਚੇਤਰ ਦਾ ਮਹੀਨਾ, ਪਿਛਲਾ ਪਹਿਰ ਤੇ ਟਰੱਕ ਜਿਵੇਂ ਕਾਰ ਦੇ ਵਿੱਚ ਲੱਗਾ ਹਾ ।ਵਿਚ ਉਸ ਹਿੱਕ ਲਫ਼ਜ਼ ਸੁਮੱਤ ਦਾ ਲਿਖਿਆ ਹਾ ।ਮੈਨੂੰ ਇਹਦੇ ਮਾਅਨੇ ਨਹੀਂ ਆਉਂਦੇ।ਵਿੱਤ ਸੋਚੀਨਾਂ ਪਲੇਟਸ ਫਰੋਲਾਂ ਪਰ ਅੰਗਰੇਜ਼ੀ ਡਿਕਸ਼ਨਰੀਆਂ ਆਲੇ ਖਪਾਲੇ ਤੋਂ ਰੂਹ ਕਾਹਲਾ ਪੈਂਦਾ ਹੈ । ਜਦੋਂ ਟਰੱਕ ਕਾਰ ਐਚ ਲੱਗਾ ਹਾ ਤਾਂ ਹਜ਼ਰਤ ਸਾਹਿਬ ਤੋਂ ਅੱਡ ਬਾਕੀ ਦੇ ਬਚ ਗਏ ਹਾਣ ਪਰ ਸਥਿਰ ਤੇ ਬੈਠਾ ਹਰ ਬੰਦਾ ਆਹਦਾ ਹੈ ਹਜ਼ਰਤ ਸਾਹਿਬ ਸ਼ਹੀਦ ਹੋਨ ।ਇਹ ਉਨ੍ਹਾਂ ਦੀ ਕਰਾਮਾਤ ਹੈ ।ਉਹ ਆਪਣੇ ਆਪ ਨੂੰ ਨਹੀਂ ਬਚਾ ਸਕੇ ਤੇ ਖ਼ਾਦਮ ਸਾਡੇ ਅਡੋਲ ਬਚ ਗਏ ਹਨ ।ਇਹ ਗੱਲ ਮੈਂ ਮੂੰਹ ਤੀਕਰ ਨਹੀਂ ਲੈ ਆ ਸਕਦਾ ।ਕੋਈ ਮੈਨੂੰ ਦਹਿਰੀਆ ਵੀ ਆਖ ਸਕਦਾ ਏ।ਇਹ ਗੱਲ ਖੰਭ ਲਾ ਕੇ ਉੱਡ ਵੀ ਸਕਦੀ ਹੈ ਕਿ ਵੱਡੇ ਮੀਏਂ ਹੋਰਾਂ ਦਾ ਪੁਤੱਰ ਵਿਹਾਣੀ ਹੋ ਗਿਆ ਹੈ ।

ਤੁਸੀਂ ਵੀ ਸੋਚੀਂਦੇ ਹੋਸੂ ਕਿਸ ਝੱਲੇ ਨਾਲ ਵਾਹ ਪੈ ਗਿਆ ਹੈ ।ਮੈਂ ਜਿਹੜੀ ਗੱਲ ਸੁਨਾਵਨ ਲੱਗਾ ਹਾਮ ਉਹ ਅਸਾਡੇ ਮਿਰਾਸੀ ਦੀ ਹੈ ।ਉਹ ਲਿਖਤ ਪੜ੍ਹਤ ਦਾ ਬਹੁੰ ਪੱਕਾ ਹੈ ।ਉਹਦੇ ਪੜਦਾਦੇ ਨੂੰ ਭਾਵੇਂ ਗੱਲ ਵਿਸਰਦੀ ਨਾਹੀ, ਪਰ ਉਹ ਮੁੜ ਵੀ ਲਿਖਵਾ ਲੈਂਦਾ ਹਾ ।ਅਸਾਡੇ ਪਿੰਡ ਆਲੇ ਕੂੜ ਮਰੀਂਦੇ ਹੋਸ।ਲੰਬਰਾਂ ਨੂੰ ਤਿੜਾਵਨ ਕਾਂ ਅਜਿਹੀਆਂ ਕਹਾਣੀਆਂ ਜੋੜ ਲੈਂਦੇ ਹੋਸਨ ।ਰਾਵੀ ਤੋਂ ਪਰਨੀ ਕੇ ਆਈ ਉਹਦੀ ਨੂੰਹ ਦੇ ਮੂੰਹੋਂ ਮੈਂ ਆਪ ਸੁਣਿਆ ਹੈ ।ਪਿਓ ਵੱਡਾ ਜਦੋਂ ਸੁੱਤਾ ਪਿਆ ਹੋਵੇ ਹਾ ਤਾਂ ਸਲਾਰੀ ਹੇਠੋਂ ਹੱਥ ਹਿਲਦਾ ਰਹਿੰਦਾ ਹਾ ।ਮਾਂ ਵੱਡੀ ਹਿੱਕ ਦੇਣਾ ਪੁੱਛਣੋਂ ਪੁਛ ਬੈਠੀ ਤਾਂ ਪਿਓ ਆਖਿਆ: ਅੱਖਰ ਬਹੁੰ ਆਉਂਦੇ ਹਨ ਤੇ ਮੈਂ ਉਨ੍ਹਾਂ ਨੂੰ ਹੱਥ ਨਾਲ ਪਿਛਾਂ ਧਕੀਨਦਾ ਹਾ ।ਬਹੁਤੇ ਅੱਖਰ ਤਾਰੀਖ਼ ਤੇ ਸਾਹਿਤ ਨੂੰ ਗੱਡ ਮਿਡ ਕਰ ਛੋੜੀਂਦਨ ।ਮੈਂ ਤੁਹਾਨੂੰ ਦੱਸਿਆ ਹੈ ਉਹ ਹਰ ਗੱਲ ਲਿਖਵਾ ਛੋੜੀਂਦਾ ਹਾਂ ।ਅਸਾਡੀ ਪੀੜ੍ਹੀ ਵਿੱਚ ਵੀ ਉਹ ਵੀਹ ਪੁਸ਼ਤਾਂ ਮਗਰੋਂ ਅਰੂੜ, ਕੰਮੀ ਤੇ ਭਗਵਾਨ ਰੌਲਾ ਛੋੜੀਂਦਾ ਹੈ ।ਵਿਹਿਤ ਤੋਂ ਆਏ ਮਿਰਾਸੀ ਅਸਾਨੂੰ ਅਰਬਾਂ ਨਾਲ ਜੋੜੀਂਦਨ ।ਮੁਹੰਮਦ ਬਿਨ ਕਾਸਿਮ ਮੁਲਤਾਨ ਉੱਤੇ ਧਾਵਾ ਕੀਤਾ ਤਾਂ ਉਸ ਚਨ੍ਹਾਂ ਦੇ ਲਾਗੇ ਤੰਬੂ ਲਾਏ।ਅਰਬ ਡੋਕੇ ਬਹੁੰ ਖਾਂਦਨ ।ਉਨ੍ਹਾਂ ਕੁੱਕੜਾਂ ਤੋਂ ਉਥੇ ਖਜੀਆਂ ਜਮ ਪਈਆਂ।ਕਾਸਿਮ ਬੇਲਾ ਅਸਾਡੀ ਮਿਲਖ ਹੈ ।ਇਸ ਤੋਂ ਅਰਬੀ ਹੋਵਣਾ ਬੰਦਾ ਹੈ ।ਵਿਹਿਤ ਦੇ ਮਿਰਾਸੀ ਵੱਡੇ ਜ਼ਿਮੀਂਦਾਰਾਂ ਕੋਲ ਬਹੰਦਨ ।ਇਸ ਤੋਂ ਹਰ ਗੱਲ ਤਮੀਜ਼ ਨਾਲ ਕਰੀਂਦਨ ।ਅਰਬ ਵਿੱਚੋਂ ਆਏ ਵਡਕੇ ਪਰ ਪੜ੍ਹੇ ਬੁਖ਼ਾਰੇ ਸਮਰ ਕੰਦ ਵਿੱਚ ।

ਸਮਰ ਕੰਦ ਦਾ ਨਾਂ ਲਿਆ ਭਾਗੀ ਮੇਰੇ ਵਿਚ ਇੰਜ ਆ ਵੱਜੀ ਹੈ ਜਿਵੇਂ ਦਾਂਦ ਗੱਡ ਵਿੱਚ ਇੱਥੇ ਦੱਸਦਾ ਜਾਵਾਂ ਕਿ ਮੈਂ ਲੁੱਚੇ ਮੁੰਡੀਕੇ ਵਰਗਾ ਨਹੀਂ ਆਂ ਕਿ ਐਵੇਂ ਸਵਾਣੀਆਂ ਦੀ ਹਿੱਕ ਐਚ ਪਿਆ ਵਜਾਂ।ਇਹਦੇ ਵਿਚ ਹੱਡੋਂ ਮੇਰਾ ਕਸੂਰ ਨਹੀਂ ।ਜਿਹਨੂੰ ਅਜੇ ਭਾਗੀ ਦਾ ਪਤਾ ਨਹੀਂ ਉਹਨੂੰ ਦਿਵਸ ਦੇ ਸਕਦਾ ਹੈ ।ਤੁਸੀਂ ਮੇਰੀਆਂ ਊਟ ਪਟਾਂਗ ਗੱਲਾਂ ਤੋਂ ਅਕ ਗਏ ਹੋ ਸੋ ।ਕਹਾਣੀ ਮੈਂ ਸ਼ੁਰੂ ਕਰੀਨਾਂ।ਚੰਨ ਚਾਨਣੀ ਰਾਤ ਹੋਵੇ ।ਤਬਲੇ ਦੀ ਛਾਟ ਹੋਵੇ ।ਦੁੱਧ ਦਾ ਗਲਾਸ ਹੋਵੇ ।ਕੰਜਰੀ ਦਾ ਨਾਚ ਹੋਵੇ ਤਾਂ ਗੱਲ ਦਾ ਸਵਾਦ ਹੋਵੇ ।ਇਹ ਅੱਜ ਤੋਂ ਛੇ ਸੌ ਸਾਲ ਪਹਿਲੇ ਦੀ ਗਲ੍ਹੇ।ਜਦੋਂ ਤੁਸੀਂ ਕਹਾਣੀ ਸੁਣਦੇ ਪਏ ਹੋਸੂ ਉਦੋਂ ਛੇ ਸੌ ਸਾਲਾਂ ਤੋਂ ਕਈ ਮਹੀਨੇ ਵਧ ਗਏ ਹੋਸਨ ।ਮੈਂ ਫਿਰ ਥੜ੍ਹਕ ਗਿਆ ਹਾ । ਮੁਆਫ਼ੀ ਚਾਹਨਾਂ ।ਇਹ ਗੱਲ ਪੀਂਤਰੀ (ਪੈਂਤੀ) ਸੌ ਸਾਲ ਪਹਿਲੇ ਦੀ ਵੀ ਹੋ ਸਕਦੀ ਹੈ ।ਤਰੀਵੀ (ਤੀਹ) ਸੌ ਸਾਲ ਪਹਿਲੇ ਦੀ ਵੀ ।ਤੇਰ੍ਹਾਂ ਸੌ ਸਾਲ ਪਹਿਲੇ ਦੀ ਵੀ ।ਹਿੱਕ ਹਜ਼ਾਰ ਸਾਲ ਦੀ ਵੀ ।ਅਠ ਸੌ ਸਾਲ ਦੀ ਵੀ ।ਤਿੰਨ ਸੌ ਸਾਲ ਦੀ ਵੀ ।ਅਧਾਈ ਸੌ ਸਾਲ ਦੀ ਵੀ ।ਕਲ੍ਹ ਦੀ ਗੱਲ ਵੋਹ ਹੋ ਸਕਦੀ ਹੈ ।ਮੈਨੂੰ ਪੂਰਾ ਪੱਕ ਨਹੀਂ ।ਮੈਂ ਤੁਹਾਨੂੰ ਤਾਰੀਖ਼ ਲਿਖ ਲੈਣ ਦੀ ਗੱਲ ਦੱਸੀ ਹੈ ਉਹ ਮਿਰਾਸੀ ਦੀ ਹਾਈ ਮੈਂ ਆਪਣੇ ਬਾਰੇ ਦੱਸ ਚੁੱਕਾ ਵਾਂ ਕਿ ਮੇਰਾ ਸਾਂਗਾ ਉਚੇ ਟੱਬਰ ਨਾਲ ਹੈ ।ਇੱਥੇ ਇਸ ਗੱਲ ਦੇ ਦੋਹਰਾਵਨ ਦੀ ਲੋੜ ਨਾਹੀ ।ਮੈਨੂੰ ਕਿਸੇ ਵੇਲ਼ੇ ਸ਼ੱਕ ਪੈਂਦਾ ਹੈ ਕਿ ਤੁਸੀਂ ਮੇਰੀਆਂ ਗੱਲਾਂ ਧਿਆਨ ਨਾਲ ਨਹੀਂ ਸੁਣ ਰਹੇ।

ਤੁਹਾਨੂੰ ਮੇਰੀਆਂ ਗੱਲਾਂ ਉੱਤੇ ਵਿਸਾਹ ਨਹੀਂ ਰਿਹਾ ।ਅਸਾਨੂੰ ਕੇ ਨੂੰ ਵੀ ਹਿੱਕ ਦੂਜੇ ਉੱਤੇ ਵਿਸਾਹ ਨਹੀਂ ।ਯਕੀਨ ਜਾਣੂੰ ਇਹ ਗੱਲ ਕੂੜੀ ਨਹੀਂ ਕਿ ਲੈਕਚਰ ਤੁਰਾਂਦੀ ਨਜ਼ਰ ਈ ਵੇਖਣਾ ਪੈਂਦਾ ਹੈ ।ਲੈਕਚਰ ਇਬਾਦਤ ਵੀ ਹੁੰਦਾ ਹਾ ।ਹਿੱਕ ਹਿੱਕ ਲਫ਼ਜ਼ ਉੱਤੇ ਮਰ ਮਿਟਣ ਦਾ ਜ਼ਰੀਆ ਵੀ । "ਕਾਗਲ ਪੈਣਾ, ਨਾਗੰ ਵਰਾਧਾ, ਡਿਠੜੇਂ ਚੜ੍ਹਮ ਸਰੀਰ" ਨਿਰੀ ਇਬਾਦਤ।ਇਹ ਗੱਲ ਤਾਂ ਚੀਤੀਉਂ ਲਹਿ ਗਈ ਕਿ ਮੇਰੇ ਵਡਕੀਆਂ ਵਿੱਚੋਂ ਔਲੀਆ ਹੂਅਨ ।ਉਨ੍ਹਾਂ ਦੇ ਮਲਫ਼ੂਜ਼ਾਤ ਹਾਣ ਯਾਂ ਨਾਹਨ । ਇਹ ਖੇਚਲ ਕਿਸੇ ਨਾ ਕੀਤੀ ਕਿ ਕਿਸੇ ਪੁਰਾਣੀ ਹੱਥ ਲਿੱਖ ਨੂੰ ਚੁੱਲ੍ਹੇ ਤੇ ਸੇਕ ਕੇ ਚੰਗੀ ਰੀਤੇਂ ਧਵਾਂਖ ਕੇ ਤਿੰਨ ਸੌ ਸਾਲ ਪੁਰਾਣੀ ਸਹਿਜ ਸਭਾਏਂ ਬਣਾ ਸਕਦੇ ਹਾਣ।ਮੈਂ ਨਾਸਟੀਲਜੀਆ ਦਾ ਮਹੀਨ ਮਿਹਣਾ ਨਹੀਂ ਸੁਣਨਾ ਚਾਹੁੰਦਾ ।ਸਿਰ ਖੁਰਕਣ ਦਾ ਵਿਹਲ ਈ ਨਹੀਂ ।ਮੈਂ ਉਨ੍ਹਾਂ ਔਲੀਆਵਾਂ ਦੀ ਤੁਹਾਨੂੰ ਗੱਲ ਸੁਣਾਵਾਂ ਜਿਹਨਾਂ ਬਾਰੇ ਤੁਸਾਂ ਅਜੇ ਵੀ ਦੋ ਦਲੀਲੀਂ ਹੋ ।"ਬਚੜੀਆ ! ਲੋਭ ਨਹੀਂ ਕਰਨਾ। ਕਿਸੇ ਉੱਤੇ ਜ਼ੁਲਮ ਨਹੀਂ ਕਰਨਾ ।ਕਦੀ ਜ਼ਾਲਮ ਦੀ ਸੰਗਤ ਵਿਚ ਨਹੀਂ ਜਾਵਣਾ।ਮੁਰਸ਼ਦ ਦੀ ਨਜ਼ਰ ਸਵੱਲੀ ਹੋਵੇ ਤਾਂ ਬੇੜੀ ਕੱਧੀ ਲਗਦੀ ਹੈ ।ਪੰਜੇ ਵਕਤ ਨਮਾਜ਼ ਪੜ੍ਹੀਵੇ ਤਾਂ ਕਸ਼ਫ਼ ਅਲ ਕਬੂਰ ਦੀ ਟੀਸੀ ਤੀਕਰ ਉਪੜੀਂ ਦਾ ਹੈ ।"ਜ਼ਬਾਨੀ ਕਲਾਮੀ ਗੱਲਾਂ ਕਿਸ ਖਾਤੇ ਦੀਆਂ।ਜੇ ਪਿੱਛੇ ਲਿਖਤਾਂ ਦੇ ਢਿਗ ਹੋਵਣ ਤਾਂ ਗੱਲ ਸੋਭਦੀ ਹੈ ।ਇਸੇ ਤੋਂ ਭਾਗੀ ਦੀ ਗੱਲ ਕਰਨੋਂ ਮੈਂ ਝੁਕਦਾ ਪਿਆ ਹਾਂ ।

ਇਸ ਕਹਾਣੀ ਦਾ ਅਖ਼ੀਰ ਹਿਕੁ ਹੋ ਸਕਦਾ ਹੈ ਕਿ ਇਹਨੂੰ ਪਾੜ ਕੇ ਪਰਾਂਹ ਸੁੱਟਾਂ।ਭਾਵੇਂ ਮੇਰਾ ਚੇਤਾ ਜਾਹ ਤੇ ਨਹੀਂ ਹਿੱਕ ਗੱਲ ਦਾ ਪੱਕ ਹੈ ਭਾਗੀ ਦੀ ਕਹਾਣੀ ਪੁਰਾਣੀਆਂ ਪੀੜ੍ਹੀਆਂ ਵੀ ਕੀਤੀ ਹੋਸੀ ।ਉਹ ਮੇਰੇ ਤੀਕਰ ਕਿਉਂ ਨਹੀਂ ਅਪੜੀ।ਖ਼ਬਰੇ ਉਨ੍ਹਾਂ ਵੀ ਚੰਗਾ ਅਖ਼ੀਰ ਨਾ ਹੋਵਣ ਪਾਰੋਂ ਪਾੜ ਛੱਡੀ ਹੋਸੀ ।ਅਸਾਡੇ ਮਿਰਾਸੀ ਜਿਨੇ ਲਿਖਤ ਪੜ੍ਹਤ ਕਾਗ਼ਜ਼-ਕਲਮ ਦੇ ਧਨੀ ਕਿੰਨੇ ਕੋ ਹੋ ਸਨ।ਉਹ ਕਾਰ ਵਿੱਚ ਵਜੇ ਟਰੱਕ ਤੀਕਰ ਦੀ ਵਾਰਤਾ ਲਿਖ ਲੈਂਦਾ ਹੈ ।ਭਾਗੀ, ਦੂਲੋ, ਸੱਤਾਂ, ਰੋਸ਼ੀ ਦੀ ਕਹਾ ? ਹਿੱਕ ਵਾਰੀਂ ਵਿੱਤ ਗੱਲ ਗਾਰਾ ਹੋ ਗਈ ਹੈ ।

ਸਿਰ ਉੱਤੇ ਨੀਲੇ ਅਸਮਾਨ ਦੀ ਛਤਰੀ ਹੈ ।ਰੁੱਖਾਂ ਦੀ ਬਿਉਂਤ ਜਿਵੇਂ ਹਾਥੀ ਸ਼ੀਂਹ, ਘੋੜੇ। ਕਿੰਨੀ ਕਲਾਕਾਰੀ ਹੈ ।ਜਿਦੋਂ ਵੇਖੋ ਸਾਵਿਲ, ਵਗਦੇ ਚਸ਼ਮੇ, ਫੁੱਲਾਂ ਨਾਲ ਲੱਦੀਆਂ ਬੂਟਿਆਂ।ਭੋਏਂ

ਤਾਂਦਿਸਦੀ ਈ ਨਹੀਂ ਜਿਵੇਂ ਨਿਵਰਨੀ ਨਾਰ ਦੀ ਵੀਣੀ ਤੀਕਰ ਬਾਂਹ ਕੱਜੀ ਹੋਵੇ ।ਖ਼ਲਕਤ ਦੇ ਬੁੱਲ੍ਹਾਂ ਉੱਤੇ ਬਾਦਸ਼ਾਹ ਸਲਾਮਤ ਦੇ ਸੋਹਲੇ ਹਣ ।ਸ਼ਹਿਨਸ਼ਾਹ ਮੁਅੱਜ਼ਮ ਦੀ ਇਲਮ ਪਰਵਰੀ।ਉਨ੍ਹਾਂ ਲਹਿੰਦੇ ਚੜ੍ਹਦੇ ਦੇ ਦੇਸ ਘੋੜਿਆਂ ਦੇ ਸੁਨਬਾਂ ਹੇਠ ਲਿਤਾੜੇ ਹਨ ।ਸ਼ਹਿਰਾਂ ਨੂੰ ਅੱਗ ਲਾਵਣ ਤੋਂ ਪਹਿਲਾਂ ਸ਼ਾਇਰਾਂ, ਆਲਮਾਂ ਤੇ ਮਿਸਤਰੀਆਂ ਨੂੰ ਹਮੇਸ਼ ਈ ਛੁੱਟ। ਸੁਬਹਾਨ ਅੱਲਾਹ ! ਦਰਬਾਰ ਦਾ ਸੁਭ ਲਹਿੰਦੇ, ਚੜ੍ਹਦੇ, ਉਭੇ, ਲੰਮੇ ਦੇ ਸਿਆਣੇ ਇਕੋ ਥਾਵੇਂ, ਕਿਵੇਂ ਪ੍ਰੇਮ ਦੀ ਨੇਂ ਵਿਚ ਪਏ ਵਗਦੇ ਹਨ ।ਹਰ ਪਾਸੇ ਸਾਨੋਲੀਆਂ ਤੇ ਗੰਦਮੀ ਰੰਨਾਂ ਦੀਆਂ ਗੱਲਾਂ।ਮੰਡੀ ਬਹੁਤ ਡਿਗ ਗਈ ਹੈ ਕੰਮ ਜ਼ਾਤ ਰੰਨਾਂ ਨਾਲ। ਸ਼ਹਿਨਸ਼ਾਹ ਮੁਅੱਜ਼ਮ ਨੂੰ ਇਸੇ ਚਿੰਤਾ ਵੀੜ੍ਹੀਆ ਹੋਇਆ ਹੈ ।ਕਦਾਈਂ ਚੰਗੇਜ਼ ਜਾਈਆਂ ਦੇ ਜ਼ੌਕ ਖ਼ਰਾਬ ਨਾ ਹੋਵੀ ।ਜਜ਼ਬਾਤੀ ਸ਼ਹਿਜ਼ਾਦੇ ਮਸਕਤਲ ਹੈਸੀਅਤ ਈ ਨਾ ਦੇ ਛੱਡਣ। ਕਿੰਨਾ ਧਿਆਨ ਹੈ ਪਰਜਾ ਦਾ ।ਸ਼ਾਹੀ ਫ਼ਰਮਾਨ ਜਾਰੀ ਹੁੰਦਾ ਹੈ: ਬਹਾਗੀ ਬੰਤ ਸ਼ੇਖ਼ਾ ਸ਼ਾਹੀ ਬਾਣੇ ਵਿਚ ਲਿਆਂਦੀ ਜਾਵੇ ।ਦਰਬਾਰੀਏ ਸ਼ਹਿਨਸ਼ਾਹ ਮੁਅੱਜ਼ਮ ਦੀ ਕਵੀ ਅਲਹਾਫ਼ਜ਼ਾ ਹੋਣ ਦੇ ਕਸੀਦੇ ਆਖਦਨ । ਅਸਾਡਾ ਮਰਾਸੀ ਖ਼ਬਰੇ ਉਥੇ ਕਿਉਂ ਨਹੀਂ ਅਪੜਿਆ ।ਚਾਰ ਸਤਰਾਂ ਉਹ ਵੀ ਲਿਖ ਲਿਆਂਦਾ ।

ਉਲੀਆਈ ਮੇਰੇ ਤਾਈਂ ਨਹੀਂ ਅਪੜੀ। ਜ਼ਾਲਮਾਂ ਦੀ ਬਹਿਣੀ ਮੈਂ ਨਹੀਂ ਬਹਿੰਦਾ। ਬਸ ਇਹੋ ਕੁੱਝ ਜਰਾ ਘੱਟ ਜ਼ਾਲਮਾਂ ਦਾ ਫ਼ੀਤਾ ਮੁਕਾਣ, ਭਾਜੀ ਜਾਂਜੀ। ਅੱਜ ਵੀ ਮੈਂ ਫ਼ੀਤੇ ਲਈ ਨਿਕਲੀਆਂ ਹਾਂ ।ਇਹ ਕੰਮ ਸੌਖਾ ਵੀ ਹੈ ।ਜੰਜ ਸ਼ਾਦੀ ਤੇ ਦੌੜੀ ਭਾਜੀ ਘਤਨੀ ਪੁਣਦੀ ਹੈ ।ਫ਼ੀਤਾ ਮੁਕਾਣ ਵਾਰੇ ਉੱਚ ਰਹਿੰਦਾ ਹੈ ।ਬਾਰ ਚਨ੍ਹਾਉਂ ਜਾਵਣਾ ਹੈ ।ਦਰਿਆ ਕਣਾਂ ਤਾਈਂ ਵਗਦਾ ਪਿਆ ਹੈ। ਮਸੀਂ ਹੁਣ ਤੀਕਰ ਹੱਕਾ ਫਾਟ ਝਾਗੀਆ ਹਾਂ ।ਲਈਆਂ ਬੰਦਿਆਂ ਤਾਰ ਹਨ ।ਮੀਏ ਅੱਗੇ ਅੱਗੇ ਦੋ ਸਵਾਣੀਆਂ ਤੇ ਹਿੱਕ ਬਾਬਾ। ਹਿੱਕ ਸਵਾਣੀ ਪੱਕੀ ਉਮਰ ਦੀ ਹੈ ਤੇ ਦੂਈ ਛੋਹਿਰ। ਪਾਂਧੀ ਤਾਂ ਨਹੀਂ ਲਗਦੇ ।ਬਾਬਾਆਖੋਂ ਅੰਨ੍ਹਾ ਹੈ ।ਸਿਰ ਉੱਤੇ ਢਿੰਗਰਾਂ ਦੀ ਥੱਬੀ, ਸੱਜੇ ਹੱਥ ਉੱਚ ਖੂੰਡਾ ਤੇ ਖੱਬੇ ਉੱਚ ਗਾਗਿਰ ।ਹਰ ਪੈਰ ਗਿਣ ਮੈਚ ਕੇ ਰੱਖਦਾ ਹੈ ਜਿਵੇਂ ਬੇਲੇ ਦਾ ਪਟਵਾਰੀ ਹੋਵੇ ।ਅੱਗੇ ਦੱਸਿਆ ਹੈ ਨਾ ਮੈਂ ਸਾਉ ਟਬਰਦਾ ਜੀ ਹਾਂ ।ਪਰਾਈਆਂ ਧੀਆਂ, ਭੈਣਾਂ ਆਲੋਂ ਇਕ ਪੁੱਟ ਕੇ ਨਹੀਂ ਵਿਹੰਦਾ ।ਮੈਂ ਪਿੱਛੋਂ ਰਲਣਾ ਚਾਹਵਾਂ ਤਾਂ ਕਿੰਨੇ ਕਦਮਾਂ ਦੀ ਵਿੱਥ ਹੋ ਸੀ ।ਤੁਹਾਡਾ ਇਤਬਾਰ ਪੱਟੀ ਗਿਆ ਹੇ। ਭਾਗੀ ਵੀ ਆਪ ਮੇਰੇ ਵਿਚ ਵੱਜੀ ਹਾਈ ।ਵਿੱਥ ਤੇ ਹੋਵਣ ਪਾਰੋਂ ਬੁਲਾਰੇ ਸਨਜਾਪਦੇ ਨਹੀਂ ਪਏ। ਮਰਾਦਵੇਂ ਅਵਾਜ਼ ਕਿਹੜੀ ਹੈ ਤੇ ਜ਼ਨਾਨੀ ਅਵਾਜ਼ ਕਿਹੜੀ। ਮੈਨੂੰ ਝੋਲਾ ਪੈਂਦਾ ਹੈ ਜ਼ਨਾਨੀ ਅਵਾਜ਼ ਈ ਹੈ । "ਭਾਗੀ ਸੋਦਾਇਨ ਹੋ ਗਈ ਹੈ ।ਮੈਂ ਆਪ ਵੇਖੀ ਹੈ ਅਲਫ਼ ਨੰਗੀ ।ਭੁਗੀ ਰੱਸੀ ਵਰਗੀਆਂ ਟਿਟਾਂ । ਕੁਚਿਨ ਵਰਗੇ ਕੂਚ। ਹੋਠਾਂ ਤੇ ਨਥੋਰਾਂ ਫੁੱਟੀਆਂ ਹੋਈਆਂ। ਅੱਖੀਂ ਵਿਚ ਲਿਪ ਲਿਪ ਘਟਾ। ਸਾਰਾ ਵਜੂਦ ਬੀਰ ਦੇ ਝਾਹਰੇ ਵਰਗਾ ।" "ਇਹ ਲੁੜ੍ਹ ਗਏ ਚਗਤੇ ਸੁਰਾਂ ਵਾਂਗੂੰ !" "ਜਵਾਨ ਜਹਾਨ ਧੀ ਨਾਲ ਹੈ !" ਪੂਰਾ ਅਜੇ ਨਹੀਂ ਬਣਿਆ। ਅੱਜ ਪੂਰਾ ਪੂਰਾ ਹੋਵਣਾ ਹੀ ਨਹੀਂ ।ਜੇ ਸਾਰਾ ਪੂਰਾ ਸੁਣ ਲੈਂਦਾ ਤਾਂ ਕਹਾਣੀ ਸੁਣਾਉਣ ਦੀ ਲੋੜ ਈ ਕੀ ਹਾਈ ।ਵਡੀਰੜੀ ਸਵਾਣੀ ਫਿੱਸ ਪੈਂਦ ਹੈ ।

ਤੁਹਾਡੇ ਪਛਾਵੇਂ ਤੋਂ ਡਰਦੇ ਸ਼ੀਨਹਾਂ ਆਲਿਆ ਸ਼ੀਖ਼ੇ ਦਾ ਬਾਬਾ
ਟਕੇ ਮੁੱਲ ਵਿਕ ਗਈਆਂ ਧੀਆਂ ਆਲਾ ਸ਼ੀਖ਼ੇ ਦਾ ਬਾਬਾ
ਬੁਖ਼ਾਰੇ ਮੰਡੀ ਚੜ੍ਹ ਗਈਆਂ ਭੈਣਾਂ ਆਲਾ ਜਸਰੇ ਦਾ ਬਾਬਾ
ਪੈਰੇ ਤੋਂ ਕਹੀਂ ਨਾ ਮੁੜ ਅਈਆਂ ਬਾਹਾਂ ਆਲਾ ਪੂਰੋ ਦਾ ਬਾਬਾ
ਤੁਹਾਡੀ ਕਹੀਂ ਨਾ ਘੁੱਤੀ ਫੂਹੜੀ ਆਲਾ ਜਸਰੇ ਦਾ ਬਾਬਾ
ਤੁਹਾਡੀਆਂ ਨਾ ਝੱਲੀਆਂ ਗਈਆਂ ਮੁਕਾਨੇਂ ਆਲਾ ਨਰੋਤਮ ਦਾ ਬਾਬਾ
ਤੁਸਾਂ ਮਿਲਖ ਨੂੰ ਪੜ੍ਹਾਏ ਇੱਜ਼ਤਾਂ ਦੇ ਸਬਕਾਂ ਆਲਾ ਪੂਰੋ ਦਾ ਬਾਬਾ



ਉਏ ਹਾਲ ਉਏ, ਉਏ ਧਾੜ ਉਏ ਉਜੜ ਗਿਓ ਸੇ
ਚਨ੍ਹਾਂ ਐਚ ਕੋਈ ਨਾ ਰਹਿ ਗਈਆਂ ਗ਼ੀਰਤੇਂ ਆਲਾ ਜਸਰੇ ਦਾ ਬਾਬਾ

ਇਹ ਵੈਣ ਮੈਨੂੰ ਗਿਰਮਟ ਵਾਂਗੂੰ ਛੇਕ ਪਏ ਕਰੀਨਦਨ ।ਮੈਂ ਪਰੁਨ ਹੁੰਦਾ ਜਾਣਾ ਹਾਂ ।ਚਨ੍ਹਾਂ ਵੀ ਹੁਣ ਨੱਕ ਦੀਆਂ ਖਾ ਕੇ ਵਗਦਾ ਪਿਆ ਹੈ ।ਜਿਵੇਂ ਸਵਾਂ ਯਾਂ ਅਖ਼ੀਰਲੇ ਸਾਲਾਂ ਵਿਚ ਹਾਕੜਾ ਯਾਂ ਲਾਹੌਰ ਲਾਗਿਓਂ ਲਘਦੇ ਰਾਵੀ ਵਿਚ ਗੰਦੇ ਪਾਣੀ ਦੀ ਲਕੀਰ ।ਪੰਜਨਦ ਵਿਚ ਤਾਰੀ ਲਾਈਆਂ ਵੀ ਕਾਲਿਕ ਨਹੀਂ ਸੋ ਧੁਪੀ ।ਇਹਦੇ ਕੋਲੋਂ ਐਵੇਂ ਨਹੀਂ ਉਬਾਕ ਆਉਂਦੇ ਸਮੁੰਦਰਾਂ ਨੂੰ। ਅਸਾਡੇ ਮਿਰਾਸੀ ਅੱਜ ਹਿੱਕ ਵੱਡੇ ਜ਼ਿਮੀਂਦਾਰ ਦੀ ਸ਼ਾਦੀ ਤੇ ਜਾਵਣਾ ਹੈ ।ਉਹ ਰੁਲੇ ਹੁੰਦਾ ਤਾਂ ਕਲਮ ਕਾਗ਼ਜ਼ ਦਾ ਧਨੀ ਹਾਈ ਵੈਣ ਲਿਖ ਲੈਂਦਾ ਯਾ ਦਰਿਆ ਦੇ ਲਕੀਰ ਬਣਨ ਦੀ ਕਰਾਮਾਤ। ਹੋ ਸਕਦਾ ਹੈ ਦੋਵੇਂ ਗਲਾਂ ਈ ਉਹਦੀ ਮਤਬਲ ਦੀਆਂ ਹੋਵੀ ।ਮੈਂ ਅਜੇ ਇੰਕਰੀਮੈਂਟਸ ਕਾਂ ਯੁੱਧ ਕਰਨਾ ਹੈ ।ਇਹਨੂੰ ਹੱਕ, ਬਾਤਿਲ ਦਾ ਮਾਅਰਕਾ ਬਣਾਉਣ ਕਾਂ ਬਹੁੰ ਅਕਲ ਲੜਾਵਨੀ ਪੈਣੀ ਹੈ ।ਮੈਂ ਆਪਣੇ ਰੁੱਝੀਆਂ ਵਿਚ ਰੁਝਿਆ ਹੋਇਆ ਹਾਂ ।ਸੌ ਝੰਝਟ ਨਿਬੇੜਨਾ ਹੈ ।ਚੌਦਾਂ ਸੋ ਫਾਹ ਗੱਲ ਵਿੱਚ ਹੈ ।ਹਜ਼ਾਰ ਧਰੀਕਾ ਮੁਕਾਵਨਾ ਹੈ ।ਮੈਨੂੰ ਸਿਰ ਖੁਰਕਣ ਦਾ ਵਿਹਲ ਈ ਨਹੀਂ ।ਮਾਂ ਭਾਗੀ !ਤੇਰੀ ਕਹਾਣੀ ਮੈਂ ਵੱਤ ਕਦੀ ਲਖਸਾਂ ।

**ਅਫ਼ਜ਼ਲ ਤੌਸੀਫ਼ ਦਾ**

**ਕਹਾਣੀ ਸੰਗ੍ਰਹਿ**

# ਬੁਲਬੁਲੀਨਾ

# ਕਬੂਤਰ, ਬਨੇਰੇ ਤੇ ਗਲੀਆਂ/ਜ਼ੁਬੈਰ ਅਹਮਦ

ਇਹ ਕਹਾਣੀ ਸ਼ੋਰੇ ਗਾਮੇ ਦੀ ਏ, ਕਬੂਤਰਾਂ ਦੀ, ਕੋਠੇ ਦੇ ਬਨੇਰਿਆਂ ਦੀ ਯਾਂ ਫੇਰ ਮੇਰੀ । ਨਹੀਂ, ਇਹ ਤਾਂ ਮਾਸੀ ਐਸ਼ਾਂ ਦੀ ਕਹਾਣੀ ਏ ।ਪਿੱਛੇ ਮੈਂ ਬਟਾਲੇ (ਗੁਰਦਾਸਪੁਰ) ਆਪਣੇ ਪੁਰਖਿਆਂ ਦਾ ਜੱਦੀ ਘੱਰ ਵੇਖਣ ਗਿਆ ਤੇ ਅਪਣਾ ਘੱਰ ਲੱਭਦਾ-ਲੱਭਦਾ ਮਾਸੀ ਐਸ਼ਾਂ ਦਾ ਘੱਰ ਲੱਭ ਬੈਠਾ ।ਪਰ ਸ਼ੋਰੇ ਨਾ ਮੈਂ ਅਪਣਾ ਘੱਰ ਲੱਭਿਆ ਤੇ ਨਾ ਮਾਸੀ ਦਾ ।ਮਾਂ ਬਟਾਲੇ ਆਲੇ ਘੱਰ ਦੀ ਗੱਲ ਕਰਨੀ ਤੇ ਵਿਚ ਐਵੇਂ ਈ ਮਾਸੀ ਦੇ ਘੱਰ ਦੀ ਗੱਲ ਵੀ ਆ ਜਾਣੀ ।"ਸਾਡਾ ਘੱਰ ਉਚੇ ਟਿੱਬੇ ਭਾਈ ਦੇ ਵੇੜ੍ਹੇ ਬਜ਼ਾਰੋਂ ਖੱਬੇ ਹੱਥ ਸੀ ਤੇ ਸੱਜੇ ਮਾਸੀ ਦਾ ।"

ਬਟਾਲੇ ਦੇ ਡਾਕਟਰ ਸ਼ਾਇਰ ਨੇ ਜਿਹੜੇ ਦੋ ਬੰਦੇ ਘੱਰ ਲੱਭਣ ਲਈ ਮੇਰੇ ਨਾਲ ਤੋਰੇ, ਉਹ ਖਿੱਝ ਪਏ ਸਨ:

"ਸਰ ਜੀ, ਕਦੇ ਤੁਸੀਂ ਕਹਿੰਦੇ ਓ ਸੱਜੇ ਕਦੀ ਖੱਬੇ।"

"ਲੱਭ ਪਵੇਗਾ ।ਢੇਰ ਵੇਲਾ ਏ ਸਾਡੇ ਕੋਲ ।ਕਾਲ੍ਹ ਕਾਹਦੀ ਏ ਤੁਹਾਨੂੰ ।"

ਉਹ ਮੈਨੂੰ ਭਜਾਈ ਫਿਰਦੇ ਸਨ ਤੇ ਇਕ ਥਾਂ ਖਲੋਣ ਨਾ ਦਿੰਦੇ ।ਪਰ ਮੈਂ ਉਨ੍ਹਾਂ ਗਲੀਆਂ, ਮੁਹੱਲਿਆਂ ਵਿਚ ਈ ਫਿਰਨਾ ਚਾਹੁੰਦਾ ਸਾ ।ਘੱਰ ਲੱਭੇ ਨਾ ਲੱਭੇ ਤਾਂ ਕੀ ਏ ।ਥਾਂ ਤਾਂ ਇਹੋ ਏ ।

"ਸੱਜੇ ਸੀ ਤੁਹਾਡਾ ਘੱਰ ਕਿ ਖੱਬੇ !"

"ਇੱਥੇ ਈ ਸੀ, ਇਨ੍ਹਾਂ ਗਲੀਆਂ ਵਿਚ ਈ ਕਿਤੇ।"

"ਮਾਸੀ ਐਸ਼ਾਂ ਦਾ ਘੱਰ ਸਾਡੇ ਘੱਰ ਦੀ ਗਲੀ ਦੇ ਸਾਹਮਣੇ ਵਾਲੀ ਗਲੀ ਵਿਚ ਸੀ ।" ਵਰ੍ਹਿਆਂ ਤੋਂ ਪਾਰ ਤੁਰਦੀ ਮਾਂ ਦੀ ਵਾਜ ਅਚੇਤੀਂ ਵੱਗਦੀ ਰਹਿੰਦੀ ।

ਕ੍ਰਿਸ਼ਨ-ਨਗਰ ਸਾਡੇ ਘੱਰ ਤੋਂ ਕੁੱਝ ਗਲੀਆਂ ਟੱਪ ਕੇ ਆਖ਼ਰੀ ਸਟਾਪ ਲਾਗੇ ਮਾਸੀ ਐਸ਼ਾਂ ਦਾ ਘੱਰ ਸੀ ।ਸਿੱਧੇ ਬਜ਼ਾਰੋਂ ਕੁਝ ਲੰਮਾ ਪਰ ਗਲੀਓ ਗਲੀ ਜਾਓ ਤਾਂ ਚੋਖਾ ਨੇੜੇ।ਵੰਡ ਪਿੱਛੋਂ ਲੁਟ-ਪੁੱਟ ਕੇ ਆਇਆਂ ਨੂੰ ਜਿਹੜੀ ਥਾਂ ਮਿਲੀ ਉਹਨੇ ਉਹੋ ਸਾਂਭ ਲਈ ।ਪਰ ਮਾਸੀ ਤੋਂ ਇਕ ਭੁੱਲ ਹੋ ਗਈ ।ਉਸ ਜਿਹੜਾ ਘੱਰ ਮਿਲਿਆ ਉਹ ਸੀ ਦੂਜੀ ਮੰਜ਼ਲੇ।ਇਕ ਪੁਰਾਣਾ ਜਿਹਾ ਘੱਰ ਜਿਹੜਾ ਸਾਡੇ ਵੇਹੰਦੇ ਵੇਹੰਦੇ ਢਹਿੰਦਾ ਢਹਿੰਦਾ ਢੈ ਪਿਆ ।ਪਰ ਮਾਸੀ ਲਈ ਤਾਂ ਉਹੋ ਘੱਰ ਸੀ ਉਸ ਛੱਡਿਆ ਨਾ ।ਕੁਝ ਵੇਲਾ ਤਾਂ ਸਾਂਝ ਦੇ ਸੇਕ ਵਿਚ ਵੱਗ ਗਿਆ ਪਰ ਅਖ਼ੀਰ ਹੇਠਲਿਆਂ ਮੁਕੱਦਮਾ ਟੋਰ ਦਿੱਤਾ । ਮਾਸੀ ਤਾਂ ਝੱਲੀ ਹੋ ਗਈ ।

"ਮੈਂ ਈ ਇਨ੍ਹਾਂ ਨੂੰ ਵਾੜਿਆ ।ਚਲੋ ਭਈ ਤੁਸਾਂ ਹੇਠਾਂ ਆਸਰਾ ਕਰ ਲਓ, ਅਸਾਂ ਉੱਤੇ ਰਹਿ ਪੈਨੇ ਆ ।ਉਸ ਵੇਲ਼ੇ ਕਿਹਨੂੰ ਸੀ ਹੋਸ਼! ਕੋਈ ਵੀ ਘੱਰ ਮੱਲ ਲੈਂਦੇ ।ਨਾਲੇ ਸੋਚ ਤਾਂ ਇਹ ਸੀ ਸਾਰਿਆਂ ਮੁੜ ਜਾਣਾ ਏ, ਕਿਹੜਾ ਇੱਥੇ ਬਹਿ ਰਹਿਣਾ ਏ ।ਚੋਖੇ ਘੱਰ ਖ਼ਾਲੀ ਸਨ ।ਅੱਲ੍ਹਾ ਬਖ਼ਸ਼ੇ ਤੇਰੇ ਤਾਏ ਲਾਟ ਸਾਹਿਬ ਦਫ਼ਤਰ ਸਨ ਕੰਮ ਕਰਦੇ, ਕਿੰਨੇ ਈ ਘੱਰ ਵਿਖਾਏ ।ਪੋਪੇ ਦੇ ਪਿਓ ਆਖਿਆ ਹੁਣ ਇੱਥੇ ਆ ਬੈਠੇ ਆਂ ਇਹੋ ਠੀਕ ਏ ।ਕਦੇ ਸੋਚਿਆ ਸੀ ਇੰਜ ਵਾਪਰਨੀ ਏ ਸਾਡੇ ਨਾਲ ।"

ਮਾਸੜ ਤਾਂ ਸਾਡੀ ਹੋਸ਼ ਤੋਂ ਅਗਦੋਂ ਈ ਜੱਗ ਤੋਂ ਮੂੰਹ ਕਰ ਗਿਆ ਹੋਇਆ ਸੀ ।ਮਾਂ ਤੇ ਮਾਸੀ ਦੇ ਸਾਂਝ ਦੇ ਭੇਤ ਦੀ ਸ਼ੋਰੇ ਇਹੋ ਪੀੜ ਸੀ ਬਈ ਦੋਵਾਂ ਦੇ ਸਿਰ ਦੇ ਸਾਈਂ ਉਨ੍ਹਾਂ ਦੀ ਭਰ ਜਵਾਨੀ ਵਿਚ ਤੱਰ ਗਏ ।ਮਾਸੀ ਦੇ ਤਿੰਨ ਪੁਤੱਰ ਸਨ ।ਦੋ ਵਗ ਗਏ ਪ੍ਰਦੇਸ, ਇਕ ਰਹਿ ਗਿਆ ਮਾਸੀ ਕੋਲ ਵੱਡੇ ਦੀ ਤਾਂ ਕੋਈ ਉੱਘ-ਸੁੱਘ ਨਹੀਂ ਸੀ ।ਬਸ ਏਨੀ ਖ਼ਬਰ ਸੀ ਪਈ ਢੇਰ ਬਰਫ਼ਾਂ ਆਲੇ ਦੇਸ ਸੀ, ਨਾ ਕਦੇ ਉਸ ਚਿੱਠੀ ਪੱਤਰ ਕੀਤਾ ਨਾ ਕਦੇ ਅਸਾਂ ਉਸ ਨੂੰ ਤੱਕਿਆ ਸੀ ।ਪਤਾ ਨਹੀਂ ਕਿਹੜੇ ਵੇਲ਼ੇ ਉਹ ਕਿਹੜੇ ਪ੍ਰਦੇਸ ਗਿਆ ।ਪਰ ਵਲਾਇਤ ਆਲਾ ਖ਼ਰਚਾ ਪਾਣੀ ਘੱਲਦਾ ਰਹਿੰਦਾ ।ਜਿਸ ਨਾਲ ਘੱਰ



ਚਲਦਾ ।ਪਹਿਲਾ ਪੁਤੱਰ ਮਾਸੀ ਦਾ ਬਟਾਲੇ ਹੋਇਆ ਪਰ ਦੂਜੇ ਦੋਵੇਂ ਲਾਹੌਰ ਆ ਹੋਏ ।ਨਿੱਕਾ ਯੂਨੀਵਰਸਿਟੀ ਵਿਚ ਸੀ ਤੇ ਮੈਥੋਂ ਚਾਰ ਪੰਜ ਵਰ੍ਹੇ ਵੱਡਾ ਹੋਣਾ ਏ ।ਫ਼ੌਜੀ ਆਮਰ ਦੀ ਕੁੱਤਿਆ-ਕੁੱਤਿਆ ਹੋਈ ਤਾਂ ਉਹ ਯੂਨੀਵਰਸਿਟੀ ਪੜ੍ਹਦਾ ਸੀ ।ਸਾਡੇ ਮੁਹੱਲੇ ਵਿੱਚੋਂ ਪਹਿਲਾ ਜਲੂਸ ਉਸ ਈ ਕੱਢਿਆ ਪਰ ਸਾਨੂੰ ਸਕੂਲੀ ਪੜ੍ਹਿਆਰਾਂ ਨੂੰ ਲਾਟ ਸਾਹਿਬ ਦੇ ਦਫ਼ਤਰੋਂ ਅੱਗੇ ਜਾਣ ਦੀ ਮਨਾਹੀ ਸੀ ਤੇ ਉਹ ਸਾਨੂੰ ਸਾਰਿਆਂ ਨੂੰ ਦਾਬਾ ਮਾਰ ਕੇ ਪਿਛਾਂਹ ਘੱਲ ਦਿੰਦਾ ।

ਅਵਾਮੀ ਪਾਰਟੀ ਦਾ ਨਵਾਂ ਰਾਜ ਆਇਆ ਤਾਂ ਉਹ ਨਵੀਂ ਸਿਆਸਤ ਵਿਚ ਵਲਿਆ ਗਿਆ ।ਰਾਤੀਂ ਉਹ ਚਿਰਕੇ ਘਰੀਂ ਆਉਂਦਾ ।ਅਸੀਂ ਤਾਂ ਨਿੱਕਿਆਂ ਹੁੰਦਿਆਂ ਤੋਂ ਈ ਮਾਸੀ ਦੇ ਘੱਰ ਜਾਂਦੇ ਹੁੰਦੇ ਸਾਂ ।ਪਿੱਛੋਂ ਬਟਾਲੇ ਦੀ ਸਾਂਝ।ਮਾਸੜ ਗੁਜ਼ਰਨ ਪਾਰੋਂ ਤੇ ਦੋਵੇਂ ਪੁੱਤਰਾਂ ਦੇ ਪ੍ਰਦੇਸੀ ਹੋਵਣ ਨਾਲ ਮਾਸੀ ਦਾ ਘੱਰ ਪੁਰਾਣਾ ਜਿਹਾ ਤਾਂ ਪਹਿਲੇ ਈ ਸੀ, ਹੁਣ ਉੱਕਾ ਸੱਖਣਾ ਹੋ ਗਿਆ ।ਨਿੱਕਾ ਪੁਤੱਰ ਸਵੇਰੇ ਯੂਨੀਵਰਸਿਟੀ ਤੁਰ ਜਾਂਦਾ ਤੇ ਮਾਸੀ ਸਾਰਾ ਦਿਨ ਘਰੀਂ ਇਕੱਲੀ ਹੁੰਦੀ ।ਅਸੀਂ ਈ ਸੌਦੇ ਲਿਆ ਕੇ ਦੇਣੇ ਤੇ ਮਾਸੀ ਦਾ ਖ਼ਿਆਲ ਰੱਖਣਾ ।ਦੂਜੇ ਤੀਜੇ ਦਿਨ ਕੋਈ ਸ਼ੈਅ ਪੱਕ ਕੇ ਉਹਦੇ ਵੱਲ ਜਾਂਦੀ ਪਈ ਏ, ਯਾਂ ਉਹ ਆਪੇ ਸਾਡੇ ਘੱਰ ਆ ਜਾਂਦੀ ਤੇ ਮਾਂ ਨਾਲ ਚਿਰਾਂ ਬੈਠੀ ਗਪੌੜੀਆਂ ਮਾਰਦੀ ਰਹਿੰਦੀ ।ਮਾਸੀ ਘੱਰ ਜਾਂਦੇ ਤੇ ਉਹ ਉਡੀਕਦੀ ਹੁੰਦੀ ।ਦੂਜੀ ਮੰਜ਼ਿਲੇ ਦੋ ਵੱਡੇ ਕਮਰੇ, ਨਿੱਕਾ ਜਿਹਾ ਵੇੜ੍ਹਾ ਤੇ ਇਕ ਪਾਸੇ ਕੋਠਰੀ ।ਕੋਠਰੀ ਵਿਚ ਗਾਮੇ ਤੇ ਰੱਖੀ ਰਹਿੰਦੀਆਂ ਸਨ ।

ਪਰ ਨਹੀਂ ਮੈਂ ਤਾਂ ਕਹਾਣੀ ਕਰਨ ਲੱਗਾ ਸਾਂ ਗਾਮੇ ਤੇ ਕਬੂਤਰਾਂ ਦੀ ।

ਗਾਮੇ ਦੀ ਕਹਾਣੀ ਸਾਡੇ ਬਟਾਲੇ ਦੇ ਜੱਦੀ ਘੱਰ ਹਾਰ ਵੇਲ਼ੇ ਦੀ ਧੂੜ ਵਿਚ ਗੁਆਚ ਗਈ ਏ ।

ਨਿੱਕਿਆਂ ਹੁੰਦਿਆਂ ਲਾਅ ਅਸਾਂ ਗਾਮੇ ਨੂੰ ਤੱਕਿਆ ।ਕ੍ਰਿਸ਼ਨ-ਨਗਰ ਉਹ ਸਾਡੀ ਟਾਬਰੀ ਦੇ ਭਾਂਡੇ ਧੋਂਦੀ ਸੀ ।ਪਰ ਗਾਮੇ ਦੀ ਕਹਾਣੀ ਰੱਖੀ ਤੋਂ ਬਿਨਾਂ ਪੂਰੀ ਨਹੀਂ ਹੁੰਦੀ ।ਜਿਵੇਂ ਬਟਾਲੇ ਅਪਣਾ ਘੱਰ ਲੱਭਦਾ ਲੱਭਦਾ ਮੈਂ ਮਾਸੀ ਐਸ਼ਾਂ ਦਾ ਘੱਰ ਲੱਭਣ ਲੱਗ ਪਿਆ ਸਾਂ ਐਵੇਂ ਗਾਮੇ ਦੀ ਕਹਾਣੀ ਨਾਲ ਰੱਖੀ ਦੀ ਕਹਾਣੀ ਵੀ ਕਰਨੀ ਪੈਣੀ ਏ ।ਕ੍ਰਿਸ਼ਨ-ਨਗਰ ਦੀਆਂ ਗਲੀਆਂ ਵਿੱਚੋਂ ਲੰਘਦਿਆਂ ਗਾਮੇ ਤੇ ਰੱਖੀ ਕਦੇ ਨਹੀਂ ਭੁਲਦੀਆਂ ਮੈਨੂੰ।ਰੱਖੀ ਨੇ ਪਿੱਛੋਂ ਗਾਮੇ ਦਾ ਲੜ ਫੜਿਆ ਹੋਣਾ ਤੇ ਗਾਮੇ ਸਿੱਧਾ ਮੂੰਹ ਚੁੱਕ ਕੇ ਵਗੀ ਜਾਣਾ ਤੇ ਉਸ ਨੰਗੇ ਪੈਰੀਂ ਤਰਿੱਖੀ-ਤਰਿੱਖੀ ਅਪਣੀ ਪੋਟਲੀ ਸਾਂਭਦੇ ਗਾਮੇ ਪਿੱਛੇ ਲੱਗੇ ਆਉਣਾ, ਜਿਵੇਂ ਉਹਦੇ ਵਜੂਦ ਦਾ ਕੋਈ ਅੰਗ ਹੋਵੇ ।ਇਨ੍ਹਾਂ ਦੋਵਾਂ ਦੀ ਕੋਈ ਇਕੱਲੀ ਸੂਰਤ ਚੇਤੇ ਵਿਚ ਚਿਤਰਦੀ ਨਹੀਂ ।ਇਕ ਕਲਬੂਤ ਤੇ ਦੋ ਰੂਹਾਂ ।ਨਾ ਕੋਈ ਸਾਕ, ਟੱਬਰਦਾਰੀ ।ਜਿਹੜਾ ਰੱਖ ਲਵੇ ਉਸੇ ਘੱਰ ਰਹਿ ਪੈਣਾ ।ਫਿਰ ਝੇੜਾ ਕਰਕੇ ਮਾਸੀ ਐਸ਼ਾਂ ਕੋਲ ਈ ਆ ਜਾਣਾ ਤੇ ਅਖ਼ੀਰ ਉਹ ਮਾਸੀ ਦੇ ਘੱਰ ਦਾ ਈ ਜੀ ਬਣ ਗਈਆਂ ਤੇ ਜਦ ਤੀਕ ਮਾਸੀ ਜੀਵੀ, ਉਸੇ ਘੱਰ ਰਹੀਆਂ ।

ਪਿੱਛੇ ਕਿੰਨੇ ਈ ਵਰ੍ਹਿਆਂ ਮਗਰੋਂ ਆਪਾ ਉਲਫ਼ਤ ਅਮਰੀਕਾ ਤੋਂ ਆਈ ਤੇ ਮੈਂ ਉਸ ਤੋਂ ਗਾਮੇ ਦਾ ਪੁੱਛਿਆ ।ਬੜੀ ਹੈਰਾਨ ਹੋਈ, "ਤੈਨੂੰ ਚੇਤੇ ਏ, ਮੈਂ ਤਾਂ ਆਪੇ ਲੱਭਦੀ ਉਹਨੂੰ ਕਲ ਈ ਮਿੱਲ ਕੇ ਆਈ ਆਂ।" ਦੱਸਣ ਲੱਗੀ:

"ਮੇਰੇ ਸਾਹਮਣੇ ਗਾਮੇ ਪਿੰਡੋਂ ਆਈ ਸੀ ।ਪਿੱਛੋਂ ਚੰਗੀ ਭਲੀ ਸੀ, ਮਲਿਕ ਨੇਂ, ਰਾਵੀ ਲਾਗੇ ਇਨ੍ਹਾਂ ਦੀਆਂ ਜ਼ਮੀਨਾਂ ਸਨ ।ਜਦ ਇਹਦਾ ਵਿਆਹ ਹੋਇਆ ਇਹਨੇ ਰੱਖੀ ਨੂੰ ਨਾਲ ਈ ਰੱਖਿਆ ।ਰੱਖੀ ਮਤੇ ਬਾਲਪਨ ਤੋਂ ਅੱਲ੍ਹਾ ਲੋਕ ਸੀ ਯਾਂ ਮੁੱੜ ਹੋ ਗਈ ।ਪਤਾ ਨਹੀਂ ।ਪਰ ਇਹਦਾ ਇਲਾਜ ਕਿਸੇ ਕਰਾਇਆ ਨਾ ।ਵਿਆਹ ਹੋਇਆ ਤਾਂ ਇਹਦੇ ਸ਼ੋਵੰਦ ਇਹਨੂੰ ਰੱਖੀ ਪਾਰੋਂ ਕੱਢ ਦਿੱਤਾ। ਆਹੰਦਾ ਸੀ "ਯਾਂ ਰੱਖੀ ਨੂੰ ਰੱਖ ਯਾਂ ਆਪੇ ਰਹਿ ।" ਮੁੜ ਭਰਾਵਾਂ ਨਾਲ ਝੇੜਾ ਕਰਕੇ ਉਹਨੂੰ ਨਾਲ ਲੈ ਮਾਸੀ ਐਸ਼ਾਂ ਦੇ ਆ ਗਈ ।ਸੁਣਿਆਂ ਏ ਭਰਾਵਾਂ ਨਾਲ ਭੋਏਂ ਦਾ ਵੀ ਝੇੜਾ ਸੀ ।ਪਰ ਇਸ ਕਦੇ

ਦੱਸਿਆ ਨਹੀਂ । ਅਸੀਂ ਤਾਂ ਸਦਾ ਮਾਸੀ ਐਸ਼ਾਂ ਘੱਰ ਈ ਤੱਕਿਆ ਇਹਨੂੰ। ਪਿੱਛੋਂ ਮਿਲਣ ਨਹੀਂ ਆਇਆ ਕਦੀ ਕੋਈ ।"

ਚਿੱਟੀ ਗੋਰੀ ਗਾਮੇ ਪੂਰੀ ਜੱਟੀ ਸੀ । ਭਰਿਆ ਜੁੱਸਾ ਤੇ ਨੱਕੀਂ ਲੌਂਗ । ਮਜਾਲ ਏ ਪਈ ਕੋਈ ਭੈੜੀ ਅੱਖੀਂ ਤੱਕੇ । ਆਪ ਤਾਂ ਉਸ ਸ਼ੋਹਦੀ ਕਿਸੇ ਨੂੰ ਤੱਕਣਾ ਈ ਨਾ । ਬੱਸ ਚੁੱਪ-ਚੁਪੀਤੇਂ ਕੰਮੀਂ ਰੁੱਝੀ ਰਹਿੰਦੀ । ਮੂੰਹ ਉੱਤੇ ਰੋਹ ਤੇ ਖਿੱਝ ਵਿਚਕਾਰ ਜਿਹੀ ਕੋਈ ਗੱਲ, ਆਵਾਜਾਰੀ ਵੀ ਨਹੀਂ ਆਖ ਸਕਦੇ । ਬੱਸ ਆਲ ਦਵਾਲ ਤੋਂ ਕੁੱਝ ਨਾਮੰਜ਼ੂਰੀ ਤੇ ਜੱਗ ਤੋਂ ਬੇਪਰਵਾਈ ਜਿਹੀ, ਰਿਜ਼ਕ ਉਦਾਸ ਜਿਹਾ । ਸ਼ਾਦੀ ਗ਼ਮੀ ਨਾਂਹ ਦਿਲ ਤੋਂ ਮੰਨਣੀ ।

ਗਾਮੇ ਇੱਕੋ ਕੰਮ ਕਰਦੀ ਸੀ, ਭਾਂਡੇ ਧੋਣ ਦਾ । ਹੋਰ ਕਿਸੇ ਸ਼ੈਅ ਨੂੰ ਉਸ ਹੱਥ ਨਾ ਲਾਉਣਾ। ਸਫ਼ਾਈ ਸੁਥਰਾਈ ਦਾ, ਝਾੜ ਪੂੰਛ ਯਾਂ ਹੋਰ ਕੰਮ ਉਹ ਕਦੇ ਨਾ ਕਰਦੀ । ਕਈ ਵਾਰ ਜ਼ਨਾਨੀਆਂ ਖਿੱਝ ਜਾਉਣਾ ਪਰ ਉਸ ਉੱਤੇ ਜੂੰ ਨਾ ਰੀਂਗਦੀ । ਅਖੇ ਭਾਂਡੇ ਧਵਾਣੇ ਹਨ ਤਾਂ ਧਵਾਓ, ਨਹੀਂ ਤਾਂ ਮਰਜ਼ੀ ਤੁਹਾਡੀ । ਉਂਜ ਕੰਮ ਉਹ ਨੀਝੀਂ ਕਰਦੀ । ਬੱਸ ਅਪਣੀ ਗੱਲ ਨਾਲ ਮਤਲਬ ।

ਰੱਖੀ ਸੀ ਅੱਲ੍ਹਾ ਲੋਕ । ਉੱਕਾ ਸੁੱਕੀ ਸੜੀ ਤੇ ਪਿੰਡੇ ਉੱਤੇ ਮਾਸ ਦੀ ਰਤਾ ਬੋਟੀ ਨਾ । ਬੱਸ ਝੱਲੀਆਂ ਵਾਂਗ ਮੂੰਹ ਹਿਲਾਈ ਜਾਣਾ ਜਿਵੇਂ ਕਿਸੇ ਨਾਲ ਗੱਲਾਂ ਕਰਦੀ ਹੋਵੇ ਯਾਂ ਕਿਸੇ ਨੂੰ ਬੁਲਾਂਦੀ ਯਾਂ ਹੁੜਦੀ ਹੋਵੇ । ਪਤਾ ਨਹੀਂ, ਤਰਭਕੀ ਤਰਭਕੀ । ਯਾਂ ਫਿਰ ਐਵੇਂ ਦੰਦੀਆਂ ਕੱਢ ਕੇ ਹੱਸਦੇ ਰਹਿਣਾ । ਗਾਮੇ ਤੋਂ ਇਕ ਪੱਲ ਉਸ ਵੱਖ ਨਾ ਹੋਣਾ । ਜਦ ਗਾਮੇ ਭਾਂਡੇ ਧੋਣੇ, ਉਸ ਨਾਲ ਵਿੱਛ ਕੇ ਬੈਠ ਰਹਿਣਾ ਤੇ ਅਪਣੀ ਪੋਟਲੀ ਖੋਲਦੀ ਨੇ ਦੰਦਿਆਂ ਕੱਢਦੇ ਰਹਿਣਾ । ਪੋਟਲੀ ਵਿਚ ਉਸ ਕੁਲ ਜਹਾਨ ਦੀਆਂ ਸ਼ੈਵਾਂ ਲੁਕਈਆਂ ਹੁੰਦੀਆਂ ਸਨ । ਵਾਲਾਂ ਦੇ ਕਲਿੱਪ, ਪਿੰਨਾਂ, ਸਾਬਣ ਦਾਨੀਆਂ, ਸਿੱਗਟ ਦੀਆਂ ਖ਼ਾਲੀ ਡੱਬੀਆਂ, ਟੁੱਥ ਬੁਰਸ਼, ਤਕੀਏ ਦੇ ਗ਼ਿਲਾਫ਼, ਬਾਲਾਂ ਦੇ ਖਿਡੌਣੇ, ਕੈਂਚੀਆਂ, ਸੈਂਟ ਦੀਆਂ ਨਿੱਕੀਆਂ ਖ਼ਾਲੀ ਬੋਤਲਾਂ, ਖ਼ਾਲੀ ਨਹੁੰ ਪਾਲਿਸ਼ ਦੀਆਂ ਸ਼ੀਸ਼ੀਆਂ, ਪੌਡਰ ਦੇ ਖ਼ਾਲੀ ਡੱਬੇ ਤੇ ਪਤਾ ਨਹੀਂ, ਰੱਬ ਜਾਣੇ ਹੋਰ ਕੀ ਕੀ ।

ਅਪਣੀ ਪੋਟਲੀ ਨੂੰ ਉਹ ਹੱਥ ਨਾ ਲਾਵਣ ਦਿੰਦੀ । ਜਿਹੜੀ ਸ਼ੈਅ ਗਵਾਚ ਜਾਣੀ, ਸਾਰਿਆਂ ਆਖਣਾ ਰੱਖੀ ਦੀ ਪੋਟਲੀ ਫੋਲ੍ਹੋ । ਪਰ ਉਹ ਹੱਥ ਲਾਵਣ ਦੇ ਤਾਂ ਨਾ । ਅਖ਼ੀਰ ਅਗਲੇ ਪੋਟਲੀ ਨੂੰ ਖੋਹਣ ਦੀ ਕਰਨੀ ਤੇ ਰੱਖੀ ਗਾਮੇ ਦੇ ਪਿੱਛੇ ਲੁੱਕਣ ਦੀ ਕਰਨੀ । ਗਾਮੇ ਨਾਲ ਈ ਚੰਬੜੀ ਜਾਉਣਾ । ਪਰ ਗਾਮੇ ਜ਼ਰਾ ਨਾ ਖਿਝਣਾ ਤੇ ਆਪਣੇ ਧਿਆਨੇ ਲੱਗੇ ਰਹਿਣਾ । ਅਖ਼ੀਰ ਅਗਲੇ ਜ਼ੋਰਾਵਰੀ ਕਰਨ ਦੀ ਕਰਨੀ ਤੇ ਉਸ ਬੇਵੱਸ ਹੋਕੇ ਪੋਟਲੀ ਵਗਾ ਮਾਰਨੀ । ਸਾਰੀਆਂ ਸ਼ੈਵਾਂ ਖੀਰੋਂ-ਖੀਰੋਂ ਹੋ ਜਾਣੀਆਂ ਤੇ ਅਗਲੇ ਪੱਚੀ ਹੋਣਾ । ਖੋਹਣ ਆਲੇ ਆਪੇ ਸਾਰੀਆਂ ਸ਼ੈਵਾਂ ਸਾਂਭਣੀਆਂ ਤੇ ਪੋਟਲੀ ਪਰਤਾਵਣ ਦੀ ਕਰਨੀ । ਪਰ ਰੱਖੀ ਰੁੱਸ ਜਾਣਾ ਤੇ ਮੁੜ ਪੋਟਲੀ ਨੂੰ ਹੱਥ ਨਾ ਲਾਉਣਾ । ਪਰ ਅਗਲੇ ਦਿਨ ਉਸ ਮੁੜ ਪੋਟਲੀ ਬੁੱਕਲ ਮਾਰੀ ਹੋਣੀ ।

ਮਾਸੀ ਘੱਰ ਧੁਰ ਕੋਠੇ ਇਕ ਨਿੱਕਾ ਜਿਹਾ ਕਮਰਾ ਯਾਂ ਸਟੋਰ ਸੀ ਪਰ ਅਸਲੋਂ ਉਹ ਥਾਂ ਕਬੂਤਰਾਂ ਮੱਲੀ ਹੋਈ ਸੀ । ਪਤਾ ਨਹੀਂ ਕਿੱਥੋਂ ਕਿਹੜੇ ਵੇਲ਼ੇ ਕਬੂਤਰਾਂ ਉੱਥੇ ਡੇਰੇ ਲਾਏ ਸਨ । ਸ਼ੌਰੇ ਵੰਡ ਤੋਂ ਪਹਿਲਾਂ ਦੇ ਈ ਉੱਥੇ ਹੋਵੀ । ਪਰ ਅਸੀਂ ਉਸ ਕਮਰੇ ਨੂੰ ਕਬੂਤਰਾਂ ਦਾ ਖੁੱਡਾ ਈ ਕਹਿੰਦੇ ਸਾਂ । ਸਾਡੇ ਲਈ ਅਸਲ ਵਿਚ ਤਾਂ ਖੁੱਲ ਦੀ ਥਾਂ ਮਾਸੀ ਦਾ ਉਹ ਧੁਰ ਕੋਠਾ ਈ ਸੀ । ਥੱਲੇ ਮਾਸੀ ਇਕੱਲੀ ਹੋਣਾ ਤੇ ਅਸੀਂ ਸਾਰਾ ਦਿਨ ਕੋਠੇ ਚੜ੍ਹੇ ਰਹਿਣਾ । ਗੁੱਡੀਆਂ ਕਬੂਤਰ ਉਡਾਣੇ, ਬਾਜ਼ੀਆਂ ਲਾਣੀਆਂ, ਖੇਡਾਂ ਕਰਨੀਆ । ਏਨੇ ਕਬੂਤਰ ਸਨ ਬਈ ਕੋਈ ਸ਼ੁਮਾਰ ਨਹੀਂ ਸੀ । ਗੁਟਕੂੰ-ਗੁਟਕੂੰ ਦੀਆਂ ਵਾਜਾਂ ਤੇ ਵਿੱਠਾਂ ਦੀ ਨਿੰਮ੍ਹੀ ਨਿੰਮ੍ਹੀ ਮੁਸ਼ਕ ਚੁਫ਼ੇਰੇ ਖਿੱਲਰੀ ਰਹਿਣੀ । ਸਗੋਂ ਮਾਸੀ ਦੇ ਘੱਰ ਵੜਦਿਆਂ ਪੌੜੀਆਂ ਚੜ੍ਹਦਿਆਂ ਸਾਰ ਵਿੱਠਾਂ ਦੀ ਇਹ ਮੁਸ਼ਕ ਨਾਸਾਂ ਨੂੰ ਵੱਜਣੀ । ਸਾਡੀ ਟਾਬਰੀ ਦੇ ਕਈ ਸੌਖੇ ਜੀ ਇਸ ਪਾਰੋਂ ਮਾਸੀ



ਦੇ ਘੱਰ ਈ ਨਾ ਆਂਦੇ ਪਈ ਕੌਣ ਉੱਥੇ ਜਾਕੇ ਵਿੱਠਾਂ ਸੁੰਘਦਾ ਫਿਰੇ । ਤੇ ਜ਼ਨਾਨੀਆਂ ਗੱਲ ਕਰਦਿਆਂ ਮੂੰਹ ਉੱਤੇ ਚੁੰਨੀ ਕਰ ਲੈਣੀ । ਅਸਲੋਂ ਇਹ ਬਹਾਨਾ ਸੀ ਮਾਸੀ ਦੇ ਘੱਰ ਨਾ ਜਾਵਣੇ ਦਾ । ਉਨ੍ਹਾਂ ਦੀ ਤੁਲਵੇਂ ਜੋ ਨਹੀਂ ਸੀ ਮਾਸੀ ।

ਵਰ੍ਹੇ ਛਮਾਹੀਂ ਸਾਨੂੰ ਮਾਸੀ ਵੱਢੀ ਦੇਣੀ ਤੇ ਅਸਾਂ ਕੱਛੇ ਪਾ ਕੇ ਯਾਂ ਲੰਗੋਟੀਆਂ ਕੱਸ ਕੇ ਸਾਰੇ ਕਬੂਤਰਾਂ ਨੂੰ ਉਡਾ ਧੁਰ ਕੋਠੇ ਖੁੱਡਾ ਧੋਣਾ । ਥੱਲਿਓਂ ਬਾਲਟੀਆਂ ਭਰ-ਭਰ ਪਾਣੀ ਲਿਆਣਾ ਤੇ ਇਸ ਨਾਲ ਹੇਠਾਂ ਤੀਕ ਪੌੜੀਆਂ ਪਾਣੀ ਲੱਥਣ ਪਾਰੋਂ ਵਿੱਠਾਂ ਨਾਲ ਭਰ ਜਾਣੀਆ । ਜਿਹਨੇ ਆਣਾ ਸੁੱਥਣ ਚੁੱਕ ਕੇ ਤੋਬਾ-ਤੋਬਾ ਕਰ ਕੇ ਪਰਤ ਜਾਣਾ, ਹੇਠਲਿਆਂ ਵੱਖ ਬੋਲਣਾ । ਕਬੂਤਰ ਬਹੁਤੇ ਉਡਣੇ ਨਾ, ਉਹ ਝਬ ਕੋਠੇ ਲਹਿ ਪੈਂਦੇ ਯਾਂ ਬਹੁੰ ਨਿਉਂ ਕੇ ਕੋਠੇ ਦੁਆਲੇ ਉਡਦੇ ਰਹਿੰਦੇ । ਪਰ ਜਦ ਕਬੂਤਰ ਉਡਣੇ ਹਰ ਇਕ ਨੂੰ ਅਚੰਭਾ ਹੋਣਾ ਪਈ ਏਨੇ ਢੇਰ ਕਬੂਤਰ ਮਾਸੀ ਪਾਲੇ ਹੋਏ ਨੇਂ । ਉਡਦਿਆਂ ਮੁਹੱਲੇ ਛਾਂ ਜਿਹੀ ਕਰ ਦਿੰਦੇ ਸਨ ਮਾਸੀ ਦੇ ਕਬੂਤਰ । ਸਾਡੇ ਘੱਰ ਜਿਹੜਾ ਰੋਟੀ ਟੁੱਕਰ ਬੇਹਾ ਬਚਣਾ, ਇਹ ਮਿਥਿਆ ਹੋਇਆ ਸੀ ਪਈ ਉਹ ਮਾਸੀ ਦੇ ਕਬੂਤਰਾਂ ਲਈ ਏ । ਕਈ ਘਰਾਂ 'ਚੋਂ ਰੋਜ਼ ਸੁੱਕੀਆਂ ਰੋਟੀਆਂ ਕਬੂਤਰਾਂ ਲਈ ਆਣੀਆ । ਮਾਸੀ ਦੇ ਕਬੂਤਰ ਸਾਡੇ ਚਿੱਤ ਚੇਤੇ ਵਿਚ ਸਦਾ ਵੱਸਦੇ ਰਹਿਣੇ, ਨਿੱਤ ਉਡਦੇ ਰਹਿਣੇ, ਗੁਟਕੂੰ-ਗੁਟਕੂੰ ਕਰਦੇ ਰਹਿਣੇ ।

ਇਨ੍ਹਾਂ ਕਬੂਤਰਾਂ ਨਾਲ ਇਕ ਕਹਾਣੀ ਹੋਰ ਵੀ ਜੁੜੀ ਹੋਈ ਏ । ਕਦੀ ਕਦਾਈਂ ਕਬੂਤਰਾਂ ਨੂੰ ਬਿੱਲੀ ਪੈ ਜਾਣੀ । ਜੇ ਕਿਤੇ ਖੁੱਡੇ ਦਾ ਬੂਹਾ ਖੁੱਲਾ ਰਹਿ ਜਾਣਾ ਯਾਂ ਸ਼ਾਮੀਂ ਕਿਸੇ ਕੁੰਡੀ ਫਸਾਣੀ ਭੁਲ ਜਾਣੀ ਤੇ ਅੱਧ ਰਾਤੀਂ ਕਬੂਤਰਾਂ ਨੂੰ ਬਿੱਲੀ ਪੈ ਜਾਣੀ । ਬਿੱਲੀ ਪੈਣ ਦੀ ਇਹ ਕਹਾਣੀ ਕਈ ਦਿਨ ਤੁਰਦੀ ਰਹਿਣੀ । ਮੁਹੱਲੇ ਦੇ ਨਿੱਕੇ ਬਾਲਾਂ ਆ-ਆ ਕੋਠੇ ਉੱਤੇ ਫੱਟੜ ਤੇ ਮੋਏ ਕਬੂਤਰਾਂ ਨੂੰ ਤੱਕਣਾ । ਸਾਡਾ ਤੇ ਮਾਸੀ ਦਾ ਰੋਣ ਨਿਕਲ ਜਾਣਾ । ਰਾਤੀਂ ਜਦ ਬਿੱਲੀ ਪੈਣੀ ਤੇ ਹਜ਼ਾਰਾਂ ਪਰਾਂ ਦੀਆਂ ਵਾਜਾਂ ਆਉਣੀਆਂ ਜਿਵੇਂ ਕੋਈ ਵੱਡਾ ਜਿਹਾ ਫੱਟੜ ਪਖੇਰੂ ਉੱਭੇ ਸਾਹ ਲੈਂਦਾ ਸਾਡੇ ਕੋਠੇ ਦੁਆਲੇ ਘੇਰੇ ਕੱਟਦਾ ਹੋਵੇ ਤੇ ਸਾਨੂੰ ਡਰ ਜਿਹਾ ਆਉਣਾ । ਪਰ ਬਿੱਲੀ ਅਪਣਾ ਕੰਮ ਵਿਖਾ ਛਾਈਂ-ਮਾਈਂ ਹੋ ਜਾਣਾ । ਤੇ ਪਿੱਛੇ ਉਸ ਛੱਡ ਜਾਣੇ ਕਬੂਤਰਾਂ ਦੇ ਟੁੱਟੇ ਪਰ, ਕੰਧਾਂ ਉੱਤੇ ਲਹੂ ਦੀਆਂ ਛਿੱਟਾਂ ਤੇ ਅੱਧ ਮੋਏ ਕਬੂਤਰਾਂ ਦੀਆਂ ਨੰਗੀਆਂ ਲੋਥਾਂ, ਤੜਫ਼ਦੇ ਬੋਟ ਤੇ ਟੁੱਟੇ ਆਂਡੇ । ਅਸੀਂ ਬਾਲਟੀਆਂ ਭਰ-ਭਰ ਕੰਧਾਂ ਧੋਣੀਆਂ । ਖੁੱਡੇ ਨੂੰ ਕੁੰਡੀ ਤਾਂ ਨਹੀਂ ਲਾਈ ਜਾ ਸਕਦੀ ਸੀ ਕਿਉਂਜੋ ਚੋਗਾ ਚੁੱਗਣ ਅੰਦਰ ਬਾਹਿਰ ਆਣਾ ਜਾਣਾ ਵੀ ਤਾਂ ਹੁੰਦਾ ਸੀ ਕਬੂਤਰਾਂ ।

ਉਦੋਂ ਮੈਂ ਵੇਲ੍ਹਾ ਸਾ । ਦਸਵੀਂ ਦੇ ਇਮਤਿਹਾਨਾਂ ਪਿੱਛੋਂ ਕਦੀ ਇੱਧਰ ਕਦੀ ਉੱਧਰ । ਹਰ ਸ਼ੈਅ ਨਵੀਂ-ਨਵੀਂ ਭਰੀ-ਭਰੀ ਲੱਗਣੀ । ਹਰ ਕੰਮ ਚਾਈਂ-ਚਾਈਂ ਕਰਨ ਨੂੰ ਦਿਲ ਲੋਚਣਾ । ਚੜ੍ਹਦੇ ਜਜ਼ਬਿਆਂ ਪਾਰੋਂ ਅਸਮਾਨੀਂ ਲੱਗੇ ਕਬੂਤਰਾਂ ਹਾਰ ਅੱਖੀਂ ਨੀਲੇ, ਸਲੇਟੀ ਰੰਗ ਮਚਣੇ । ਆਪਣੇ ਹੋਵਣ ਦੀ ਗਵਾਹੀ ਦੀ ਜਿੰਨੀ ਲੋੜ ਜੀ ਨੂੰ ਇਸ ਉਮਰੇ ਹੁੰਦੀ ਏ ਕਿਸੇ ਹੋਰ ਉਮਰੇ ਨਹੀਂ ਹੁੰਦੀ । ਇਹ ਉਹੋ ਉਮਰ ਏ ਜਦ ਪਿਆਰਾ ਬੇਪਰਵਾਈ ਕਰੇ ਤਾਂ ਆਸ਼ਿਕ ਲੁੱਕ-ਲੁੱਕ ਰੋਂਦੇ ਨੇਂ । ਜਦ ਮੂੰਹ ਉੱਤੇ ਲਵੇ ਵਾਲ ਚੰਗੇ ਵੀ ਲੱਗਦੇ, ਹੁਣ ਤੇ ਮੁੰਨਣ ਦਾ ਚਾਅ ਵੀ ਬੜਾ ਹੁੰਦਾ ਏ । ਜਿੰਨੀ ਹਯਾਤੀ ਦਸਵੀਂ ਦਾ ਨਤੀਜਾ ਆਉਣ ਤੇ ਬਦਲਦੀ ਏ ਉਂਜ ਮੁੜ ਨਹੀਂ ਬਦਲਦੀ ।

ਮਾਸੀ ਦੇ ਪੁਤੱਰ ਪੋਪੇ ਦਾ ਕਮਰਾ ਕਿਤਾਬਾਂ ਨਾਲ ਭਰਿਆ ਹੋਇਆ ਸੀ । ਘਰੀਂ ਤਾਂ ਉਸ ਹੋਣਾ ਨਾ, ਖ਼ਬਰੇ ਕਿਸ ਵੇਲ਼ੇ ਪੜ੍ਹਦਾ ਸੀ । 'ਚਰਾਗ਼ ਜਲਤਾ ਰਹਾ', ਤੇ ਗੋਰਕੀ ਦੀ 'ਮਾਂ' ਮੈਂ ਉਹਦੀਆਂ ਕਿਤਾਬਾਂ ਵਿੱਚੋਂ ਈ ਪੜ੍ਹੀਆ । ਕੁਲ ਦੀ ਸਾਂਝ ਤੇ ਮਾੜਿਆਂ ਲਈ ਪੀੜ ਦੀ ਜਾਗ ਉਹਦੀਆਂ ਕਿਤਾਬਾਂ ਈ ਲਾਈ । ਪੋਪਾ ਬਹੁਤ ਮਾੜਾ ਜਿਹਾ ਤੇ ਚੁੱਪ-ਚੁਪੀਤਾ ਸੀ, ਭੇਤ ਭਰਿਆ । ਮੈਨੂੰ ਤਾਂ ਉਸ ਬਾਲ ਈ ਸਮਝਣਾ । ਲਹੂ ਵਿਹੂਣਾ ਮੁੱਖ ਤੇ ਧੁਆਂਖਿਆ ਜਿਹਾ । ਸਿੱਗ੍ਰਟ ਚਾਹ ਦਾ ਸ਼ੌਂਕੀ । ਘੱਰ ਦੇ

ਕਿਸੇ ਮਾਮਲੇ ਨਾਲ ਉਸ ਨੂੰ ਕੋਈ ਲਾਭ ਗ਼ਰਜ਼ ਨਹੀਂ ਸੀ । ਬਸ ਕਦੀ ਕਦਾਈਂ ਇਤਵਾਰੀਂ ਉਹਦੇ ਸੱਜਣ ਆਉਂਦੇ ਤੇ ਸਿੱਗ੍ਰਟਾਂ ਤੇ ਚਾਵਾਂ ਪੀ-ਪੀ ਗੱਲਾਂ ਮਾਰ-ਮਾਰ ਫਾਵੇ ਹੋ ਜਾਂਦੇ । ਸਿੱਗ੍ਰਟਾਂ ਦੇ ਫ਼ਿਲਟਰਾਂ ਨਾਲ ਗੰਦ ਟੋਕਰੀ ਭਰ ਜਾਂਦੀ, ਚਾਹ ਦੇ ਕੱਪ ਸਵਾਹ ਨਾਲ ਭਰ ਜਾਂਦੇ । ਪਰ ਮਾਸੀ ਨੂੰ ਪੁਤੱਰ ਦੇ ਆਏ ਯਾਰਾਂ ਬੇਲੀਆਂ ਦਾ ਚਾਅ ਚੜ੍ਹਿਆ ਰਹਿੰਦਾ । ਚਲੋ ਇਸ ਬਹਾਨੇ ਅੱਜ ਘਰੀਂ ਤਾਂ ਏ

ਮਾਸੀ ਨੂੰ ਇਸ ਦਾ ਬਹੂੰ ਚਾਅ ਸੀ ਪਈ ਹੋਵੇ ਨਾ ਹੋਵੇ ਕਿਸੇ ਪੱਜ ਇਸ ਪੁਤੱਰ ਦਾ ਵਿਆਹ ਹੱਥੀਂ ਕਰ ਦਿਆ । ਪਹਿਲੇ ਦੋਵੇਂ ਤਾਂ ਓਪਰੇ ਕਬੂਤਰਾਂ ਹਾਰ ਉਡਾਰੀ ਮਾਰ ਗਏ ਤੇ ਮੁੜ ਪਰਤੇ ਨਾ । ਮਾਸੀ ਮੁਹੱਲੇ ਦੀਆਂ ਵਡੇਰੀਆਂ ਤੋਂ ਜਵਾਨ ਹੁੰਦੀਆਂ ਕੁੜੀਆਂ ਦੀਆਂ ਟੋਹਾਂ ਲੈਣੀਆਂ ਤੇ ਮਾਂ ਮੇਰੀ ਨਾਲ ਵੀ ਐਵੇਂ ਚਿਰਾਂ ਤੀਕਰ ਟੱਬਰ ਦੀਆਂ ਕੁੜੀਆਂ ਦਾ ਅੱਗੜ-ਪਿੱਛੜ ਫਰੋਲਦਿਆਂ ਰਹਿਣਾ । ਗੁਰਦਾਸਪੂਰੋਂ ਬਟਾਲਿਉਂ ਆ ਲਾਹੋਰੀਂ ਵੱਸਿਆਂ ਬਾਰੇ ਪੁੱਛਾਂ ਕੱਢਣੀਆ । ਇਹਨੀਂ ਦਿਨੀਂ ਅਚਰਜ ਗੱਲ ਹੋਈ । ਮਾਸੀ ਦੇ ਖ਼ੋਰੇ ਨੇੜਿਓਂ ਯਾਂ ਦੁਰਾਡਿਓਂ ਅੰਗਾਂ-ਸਾਕਾਂ 'ਚੋਂ ਇਕ ਕੁੜੀ ਮਾਸੀ ਕੋਲ ਰਹਿਣ ਆ ਲੱਥੀ । ਮਾਂ ਉਹਦੀ ਇਹ ਆਖ ਕੁੜੀ ਨੂੰ ਛੱਡ ਗਈ ਪਈ ਮਾਸੀ ਹੁਣ ਤੈਥੋਂ ਹਾਂਡੀ ਟੁੱਕਰ ਦਾ ਆਹਰ ਨਹੀਂ ਹੁੰਦਾ । ਖ਼ੋਰੇ ਪਹਿਲੇ ਵੀ ਕਦਾਈਂ ਆਈ ਹੋਣੀ ਏ ਤੇ ਮਾਸੀ ਕੋਲ ਰਹੀ ਹੋਣੀ ਏ ਪਰ ਧਿਆਨ ਨਹੀਂ ਸੀ ਕੀਤਾ ।

ਪਰ ਹੁਣ ਉਮਰ ਈ ਅਜਿਹੀ ਸੀ ਪਈ ਸਾਰਾ ਦਿਨ ਕੋਠੇ ਉੱਤੇ ਚੜ੍ਹ ਐਵੇਂ ਆਨੇ-ਬਹਾਨੇ ਲੋਕਾਂ ਦੇ ਘਰੀਂ ਝਾਤੀਆਂ ਮਾਰਨੀਆ । ਉਹ ਕੁੜੀ ਬੱਸ ਐਵੇਂ ਜਿਹੀ ਈ ਸੀ, ਮਧਰਾ ਕੱਦ, ਨਾ ਰੰਗ ਪੱਕਾ ਚਿੱਟਾ, ਵਿਚ ਈ ਕਿਤੇ ਸਲੇਟੀ ਜਿਹਾ । ਜੰਗਲੀ ਕਬੂਤਰਾਂ ਹਾਰ । ਆਈ ਤਾਂ ਉਹ ਮਾਸੀ ਦੀ ਸੇਵਾ ਕਰਨ ਲਈ ਈ ਪਰ ਵਿੱਚੋਂ ਗੱਲ ਇਹ ਸੀ ਪਈ ਮਾਸੀ ਉਹਨੂੰ ਨਿੱਕੇ ਨਾਲ ਪਰਣਾਵਨ ਲਈ ਗੀਝੀ ਪਈ ਸੀ । ਪਰ ਪੋਪੇ ਨੂੰ ਵੇਲ੍ਹ ਕਿੱਥੇ, ਉਹਨੇ ਤਾਂ ਉਹਦੇ ਵੱਲ ਤੱਕਿਆ ਈ ਨਾ । ਪੋਪੇ ਨਾਲ ਮੇਰੀ ਸਾਂਝ ਢੇਰ ਸੀ । ਭਰਾਵਾਂ ਹਾਰ ਸਾਂ ਅਸੀਂ । ਮੈਨੂੰ ਅੱਜ ਲਗਦਾ ਏ ਪਈ ਉਹ ਖ਼ੋਰੇ ਜ਼ਨਾਨੀ ਵੈਰੀ ਪੱਖ ਦਾ ਬੰਦਾ ਸੀ । ਅਖੇ ਜ਼ਨਾਨੀਆਂ ਕੋਲ ਜਾਵਣ ਨਾਲ ਬੰਦੇ ਦੀ ਸਰੜ ਨੂੰ ਢਾਅ ਲੱਗ ਜਾਂਦੀ ਏ । ਯਾਂ ਫਿਰ ਯੂਨੀਵਰਸਿਟੀ ਵਿਚ ਕਿਸੇ ਨਾਲ ਮਨ ਪਰਚਾਈ ਬੈਠਾ ਸੀ । ਨੈਨਾਂ ਸਾਡੇ ਗੱਲ ਕਰਦਿਆਂ ਕਮਰੇ ਵਿਚ ਆਣਾ ਤੇ ਉਹਨੇ ਮੈਨੂੰ ਅੱਖ ਮਾਰਨੀ । ਪਰ ਗੱਲ ਹਾਸੇ ਰੌਲੇ ਪੈ ਜਾਣੀ । ਉਂਜ ਉਹ ਰੱਜ ਸੁੱਘੜ ਸੀ ਤੇ ਮੈਂ ਜਦ ਵੀ ਮਾਸੀ ਕੋਲ ਆਉਣਾ, ਉਸ ਮੇਰੇ ਕਰਨ ਜੋਗ ਕੋਈ ਨਾ ਕੋਈ ਕੰਮ ਕੱਢਿਆ ਹੋਣਾ। ਇਹ ਕੰਮ ਕਰ ਦੇ, ਉਹ ਕੰਮ ਕਰ ਦੇ । ਬਜ਼ਾਰੋਂ ਇਹ ਲੈ ਆ, ਉਹ ਲੈ ਆ । ਮੈਥੋਂ ਦੋ ਚਾਰ ਵਰ੍ਹੇ ਵੱਡੀ ਈ ਹੋਣੀ ਏ, ਹਾਣੀ ਸੀ ਉਹ ਪੋਪੇ ਦੀ ।

ਉਹਦੇ ਵਾਲਾਂ 'ਚੋਂ ਅਜਬ ਜਿਹੀ ਵਾਸ਼ਨਾ ਆਉਣੀ ਤੇ ਅੱਖਾਂ ਵਿਚ ਦੀਵੇ ਜਗਦੇ ਲੱਗਣੇ । ਕਦੇ ਮੈਨੂੰ ਜਾਪਨਾ ਖ਼ੋਰੇ ਰੋਂਦੀ ਰਹਿੰਦੀ ਏ ਤਾਹੀਓਂ ਅੱਖਾਂ ਸਦਾ ਵੱਤਰ ਜਹੀਆਂ ਨੇਂ । ਉਂਜ ਸੀ ਉਹ ਮਾੜਕੂ ਜਿਹੀ, ਭੁੱਖਾਂ ਦੀ ਮਾਰੀ । ਮੈਨੂੰ ਸਮਝ ਨਾ ਪੈਣੀ ਉਸ ਵਿਚ ਸੋਹਣ ਕੀ ਸੀ । ਉਂਜ ਚੰਗੀ-ਚੰਗੀ ਲੱਗਣੀ, ਮਨ ਲੋਚਣਾ ਕੋਲ ਈ ਰਹਵੇ । ਸਦਾ ਮਾਸੀ ਦੇ ਘੱਰ ਰਹਿ ਪਵੇ, ਕਿਧਰੇ ਜਾਵੇ ਨਾ । ਖ਼ੋਰੇ ਉਹਦਾ ਹੋਵਣਾ ਈ ਉਹਦਾ ਸੋਹਪੱਣ ਸੀ । ਗੱਲ੍ਹਾਂ ਅੰਦਰ ਵੜੀਆਂ ਹੋਈਆਂ, ਪਿੰਡੇ ਉੱਤੇ ਮਾਸ ਹੈ ਵੀ ਸੀ ਯਾਂ ਨਾ । ਪਰ ਪੋਪਾ ਵੀ ਤਾਂ ਇੰਜ ਦਾ ਸੀ ।

ਉਹਨੀਂ ਦਿਨੀਂ ਮੁੜ ਗਾਮੇ ਦੇ ਵਿਆਹ ਦੀ ਗੱਲ ਹੱਲੀ । ਕੁਝ ਬੰਦੇ ਜ਼ਨਾਨੀਆਂ ਗਾਮੇ ਨੂੰ ਵੇਖਣ ਆਏ ਤੇ ਪਸੰਦ ਕਰ ਗਏ । ਮੈਨੂੰ ਭੈੜੀ ਸ਼ੈਅ ਇਹ ਲੱਗੀ ਪਈ ਮੈਂ ਖਾਵਣ ਲਈ ਜਿੰਨੀਆਂ ਵੀ ਸ਼ੈਵਾਂ ਲਿਆਇਆ ਸਾਂ ਸਾਰੀਆਂ ਮੁਕਾ ਗਏ । ਮੈਨੂੰ ਤਾਂ ਉੱਕਾ ਦਿਲ ਨੂੰ ਨਾ ਵਜੇ, ਹੋਛੇ ਜਿਹੇ । ਅੱਚਣਚੇਤ ਵਿਆਹ ਦੀ ਤਰੀਕ ਵੀ ਮਿੱਥੀ ਗਈ । ਬੜੀ ਹੈਰਾਨੀ ਹੋਈ ਮੈਨੂੰ ਪਈ ਗਾਮੇ ਘਰੋਂ ਹੁਣ ਸਦਾ ਲਈ ਤੁਰ ਜਾਸੀ । ਕਿਸੇ ਰੱਖੀ ਦਾ ਨਾ ਖ਼ਿਆਲ ਕੀਤਾ । ਉਹ ਸਾਰਿਆਂ ਨੂੰ ਭੁੱਲ ਗਈ, ਸਦਾ



ਸਾਹਮਣੇ ਹੁੰਦਿਆਂ ਵੀ ਵਿਸਰ ਗਈ, ਅਣ-ਡਿਠ ਹੋ ਗਈ । ਗਾਮੇ ਆਖਿਆ: "ਮੇਰੇ ਨਾਲ ਈ ਰਹਿਸੀ, ਨਾਲ ਈ ਰੱਖਸਾਂ ਇਹਨੂੰ ਮੈਂ । ਵੱਖ ਕਿਉਂ ਕਰਾਂ ਇਸ ਨੂੰ, ਕਿਸੇ ਤੇ ਰੱਤਾ ਵੀ ਵਸਾਹ ਨਹੀਂ ਮੈਨੂੰ।"

ਗਾਮੇ ਖ਼ੋਰੇ ਕਿੱਥੋਂ ਇਕ ਪੁਰਾਣਾ ਟ੍ਰੰਕ ਕੱਢਿਆ ਤੇ ਵਿੱਚੋਂ ਗਹਿਣੇ ਤੇ ਦੂਜੇ ਲੀੜੇ ਲੱਥੇ ਵੀ ਕੱਢੇ । ਸਾਡੀ ਟਾਬਰੀ ਵੀ ਹੱਥ ਪਵਾਇਆ ਤੇ ਟ੍ਰੰਕ ਨੂੰ ਪਾਲਿਸ਼ ਕਰ ਕੇ ਸਾਰੀਆਂ ਸ਼ੈਵਾਂ ਸਵਾਰ ਕੇ ਸਾਂਭ ਕੇ ਟ੍ਰੰਕ ਵਿਚ ਜੋੜ ਦਿੱਤੀਆਂ ਗਈਆ । ਕੁੱਝ ਸੂਟਾਂ ਨੂੰ ਟਾਂਕੇ ਲਾ ਕੇ ਦਾਜ ਦਾ ਸ਼ਗਣ ਵੀ ਪੂਰਾ ਹੋ ਗਿਆ । ਗਾਮੇ ਦਾ ਹੋਵਣ ਆਲਾ ਰੰਡਵਾ ਸੀ ਤੇ ਪਿਛਲੀ ਜ਼ਨਾਨੀ 'ਚੋਂ ਜੰਮੇ ਦੋ ਤਿੰਨ ਬਾਲਾਂ ਨੂੰ ਪਾਲਣ ਸਾਂਭਣ ਦਾ ਰੋਲਾ ਵੀ ਸੀ ਮਤੇ । ਉਹ ਟਾਂਗੇ ਬਹਿ ਕੇ ਆਏ, ਮੌਲਵੀ ਸਾਹਿਬ ਦੋ ਕਲਮੇ ਪੜ੍ਹਾਏ ਤੇ ਸਾਰਿਆਂ ਰੱਲ ਕੇ ਗਾਮੇ ਨੂੰ ਵਿਦਾਅ ਕਰ ਦਿੱਤਾ । ਨਾ ਵਾਜੇ, ਸ਼ਹਿਨਾਈਆਂ, ਚੁੱਪ ਚੁਪੀਤੇ ਈ ਸਭੇ ਕੁਝ ਹੋਇਆ । ਮਾਸੀ ਦਾ ਘੱਰ ਮੁੜ ਸੁੰਞਾ ਜਿਹਾ ਹੋ ਗਿਆ, ਮਾਸੀ ਚੁੱਪ ਜਿਹੀ ਹੋ ਗਈ, ਨੈਨਾਂ ਘੱਰ ਸਾਂਭ ਲਿਆ ।

ਇਕ ਦਿਨ ਮੈਂ ਮਾਸੀ ਵੱਲ ਆਇਆ ਤੇ ਉੱਚੀ-ਉੱਚੀ ਗੱਲਾਂ ਕਰਨ ਦੀਆਂ ਵਾਜਾਂ ਆਉਣ ਪਈਆਂ । ਜਾਪਦਾ ਏ ਪ੍ਰਾਹੁਣੇ ਢੁੱਕੇ ਪਏ ਨੇਂ । ਅਗਾਂਹ ਕਮਰੇ ਵਿਚ ਇਕ ਸੋਹਣਾ ਗੱਭਰੂ ਬੰਦ ਗਲੇ ਦਾ ਸਵੈਟਰ ਪਾ ਕੇ ਗੱਪਾਂ ਮਾਰਦਾ ਹੋਵੇ ਤੇ ਨੈਨਾਂ, ਮਾਸੀ ਤੇ ਪੋਪਾ ਉੱਚੀ-ਉੱਚੀ ਹੱਸਦੇ ਪਏ ਹੋਵੀ। ਸੂਹ ਲੱਗੀ ਕਰਾਚੀਉਂ ਆਇਆ ਏ ਲਾਹੌਰ ਸੈਲਾਂ ਕਰਨ । ਨੈਨਾਂ ਹਾਰ ਇਹ ਵੀ ਮਾਸੀ ਦੇ ਸਾਕਾਂ 'ਚੋਂ ਸੀ । ਹਵਾਈ ਫ਼ੌਜ ਵਿਚ ਸਿਖਲਾਈ ਲੈਂਦਾ ਪਿਆ ਸੀ । ਬਹੁਤਾ ਅਚੰਭਾ ਮੈਨੂੰ ਨੈਨਾਂ ਉੱਤੇ ਹੋਇਆ ਜਿਹੜੀ ਉਹਦੇ ਉੱਤੇ ਡੁੱਲ੍ਹੀ ਜਾਂਦੀ ਸੀ । ਖ਼ਿਦਮਤਾਂ ਕਰੀ ਜਾਂਦੀ ਸੀ । ਮੇਰਾ ਤਾਂ ਉਸ ਨਾਲ ਸਾਂਗਾ ਨਹੀਂ ਸੀ ਪਰ ਚੰਗਾ ਨਾ ਲੱਗਾ ਮੈਨੂੰ । ਕਈ ਦਿਨ ਮਾਸੀ ਵਲ ਗਿਆ ਈ ਨਾ । ਐਵੇਂ ਦੂਖੀ ਜਿਹਾ ਹੋਇਆ ਫਿਰਾਂ । ਕਬੂਤਰਾਂ ਦੇ ਪੱਜ ਵੀ ਨਾ ਆਇਆ । ਭਾਵੇਂ ਮਾਸੀ ਦੇ ਸੱਦੇ ਮਾਂ ਹੱਥ ਆਉਂਦੇ ਰਹੇ ।

ਅਖ਼ੀਰ ਇਕ ਦਿਨ ਤੁਰ ਈ ਗਿਆ । ਪਤਾ ਲੱਗਾ ਪਈ ਨੈਨਾਂ ਤਾਂ ਕਰਾਚੀਉਂ ਆਏ ਪ੍ਰਾਹੁਣੇ ਨਾਲ ਫ਼ਿਲਮ ਦੇਖਣ ਗਈ ਹੋਈ ਏ । ਇਹਨੇ ਭੈਣ-ਪਾੜ ਨੇ ਕੱਦ ਜਾਣਾ ਏ ? ਨੱਥੀ ਈ ਹੋ ਗਿਆ ਏ ਮਾਂ ਦਾ ਯਾਰ । ਉੱਥੇ ਈ ਸਾਂ ਮੈਂ ਜਦ ਉਹ ਹੱਸਦੇ ਚੌਲਾਂ ਕਰਦੇ ਫ਼ਿਲਮ ਵੇਖ ਪਰਤੇ ਨੇਂ । ਨੈਨਾਂ ਤਾਂ ਮੈਨੂੰ ਵੇਖ ਕੇ ਗ਼ੈਬ ਈ ਹੋ ਗਈ ਸਾਹਮਣੇ ਈ ਨਾ ਆਈ । ਮਾਸੀ ਦੱਸਿਆ ਪ੍ਰਾਹੁਣਾ ਭਲਕੇ ਪਰਤ ਜਾਵਣਾ ਏ ।

ਅਗਲੇ ਦਿਹਾੜੇ ਸਾਝਰੇ ਮਾਸੀ ਦਾ ਸੁਨੇਹਾ ਅਪੜਿਆ ਪਈ ਰਾਤੀਂ ਕਬੂਤਰਾਂ ਨੂੰ ਬਿੱਲੀ ਪੈ ਗਈ ਏ । ਮੈਂ ਆਉਂਦੇ-ਆਉਂਦੇ ਕਿੰਨਾ ਈ ਚਿਰ ਲਾ ਦਿੱਤਾ । ਪਰ ਇੰਜ ਪਹਿਲਾਂ ਕਦੀ ਨਹੀਂ ਸੀ ਕੀਤਾ । ਪ੍ਰਾਹੁਣਾ ਜਾਵਣ ਲਈ ਤਿਆਰ ਹੋਇਆ ਬੈਠਾ ਸੀ । ਉਹੋ ਪੂਰੇ ਗਲੇ ਦਾ ਸਵੈਟਰ ਪਾਈ, ਖ਼ੁਸ਼ਬੂਆਂ ਲਾਈ, ਟੈੱਨ- ਸ਼ੱਨ ਬਣਿਆ ਅਟੈਚੀ-ਕੇਸ ਸਾਂਭੀ ਟੈਕਸੀ ਨੂੰ ਉਡੀਕੇ ਪਿਆ । ਮਾਸੀ ਕੋਲੋਂ ਉਸ ਪਿਆਰ ਲਿਆ, ਮੇਰੇ ਨਾਲ ਓਪਰਾ ਜਿਹਾ ਹੱਥ ਮਿਲਾਇਆ ਤੇ ਪੌੜੀਆਂ ਲਹਿ ਕੇ ਬੂਹੇ ਖਲੋਤੀ ਟੈਕਸੀ ਬਹਿ ਕੇ ਨਿਕਲ ਗਿਆ । ਉਦੋਂ ਸਾਲਮ ਟੈਕਸੀ ਖ਼ਾਸ ਬੰਦੇ ਈ ਮੰਗਵਾਂਦੇ ਸਨ । ਬੜੇ ਟਹਿਕੇ ਨਾਲ ਗਿਆ ਸੀ ਉਹ । ਖ਼ਸਮਾਂ ਨੂੰ ਖਾਣਾ, ਪਰ ਸਾਨੂੰ ਕੀ ।

ਤਰਿੱਖਾ ਨੱਸਦਾ ਮੈਂ ਧੁਰ ਕੋਠੇ ਚੜ੍ਹਿਆ ਤੇ ਖੁੱਡੇ ਦੀਆਂ ਕੰਧਾਂ ਲਹੂ ਨਾਲ ਭਰੀਆਂ ਪਈਆਂ ਸਨ । ਕਬੂਤਰਾਂ ਦੀਆਂ ਅੱਧ ਮੋਈਆਂ ਫੱਟੜ ਲੋਥਾਂ ਤੇ ਟੁੱਟੇ ਪਰ ਚੌਫ਼ੇਰ ਖਿਲਰੇ ਪਏ ਸਨ । ਨੈਨਾਂ ਮੈਨੂੰ ਨਜ਼ਰੀਂ ਨਾ ਪਈ । ਮੈਂ ਸਫ਼ਾਈ ਸੁਥਰਾਈ ਵਿਚ ਰੁੱਝ ਗਿਆ ਤੇ ਥੱਲਿਓਂ ਪਾਣੀ ਦੀਆਂ ਬਾਲਟੀਆਂ ਲਿਆ-ਲਿਆ ਕੇ ਖੁੱਡਾ ਤੇ ਕੰਧਾਂ ਧੋਣ ਡਹਿ ਪਿਆ । ਖੁੱਡੇ ਦੇ ਪਿਛਲੇ ਪਾਸਿਓਂ ਮੈਨੂੰ ਕਿਸੇ ਦੀਆਂ

ਡੁਸਕੀਆਂ ਲੈਣ ਦੀ ਵਾਜ ਆਈ ।ਨੈਨਾਂ ਭੁੰਜੇ ਅੱਡੀਆਂ ਭਾਰ ਬੈਠੀ, ਲੱਤਾਂ ਵਿਚ ਮੂੰਹ ਦੇ ਅਝਕ-ਅਝਕ ਕੇ ਹੋਕੇ ਭਰ-ਭਰ ਡੁਸਕਦੀ ਪਈ ਸੀ ।ਉਹਦਾ ਪਤਲਾ ਜਿਹਾ ਸਰੀਰ ਕੰਬਦਾ ਪਿਆ ਸੀ ।ਮੈਂ ਤਾਂ ਭੌਰ-ਭੌਰ ਹੋ ਗਿਆ ਕੁਝ ਪੱਲੇ ਨਾ ਪਿਆ ।ਮੈਂ ਤਾਂ ਇੱਕੋ ਕੰਮ ਕਰ ਸਕਦਾ ਸਾਂ ਪਈ ਪਾਣੀ ਦੀਆਂ ਬਾਲਟੀਆਂ ਲਿਆ ਕੇ ਲਹੂ ਧੋਵਾਂ ।ਪਾਣੀ ਲਿਆ ਮੈਂ ਲਹੂ ਦੀਆਂ ਛਿੱਟਾਂ ਧੋਤੀਆਂ, ਟੁੱਟੇ ਪਰ ਸਾਂਭ ਕੇ ਇਕ ਥਾਂ ਹੂੰਝ ਦਿੱਤੇ ਤੇ ਸਾਰੇ ਕਬੂਤਰਾਂ ਨੂੰ ਉਡਾ ਦਿੱਤਾ ।ਸੋਟੀ ਫੜ ਕੇ ਝੱਲਿਆਂ ਵਾਂਗ ਉਨ੍ਹਾਂ ਨੂੰ ਕੋਠੇ ਦੇ ਬਨੇਰਿਆਂ ਤੋਂ ਉਡਾਈ ਜਾਵਾ ।ਝੱਟ ਸਾਰੇ ਅਸਮਾਨੀਂ ਜਾ ਲੱਗੇ। ਜੇ ਕੋਈ ਬਨੇਰੇ ਲੱਥਣ ਦੀ ਕਰਦਾ, ਮੈਂ ਸ਼ੁਦਾਈਆਂ ਹਾਰ ਉਨ੍ਹਾਂ ਨੂੰ ਨੱਸ-ਨੱਸ ਉਡਾ ਦਿੰਦਾ ।ਉੱਡ ਜਾਓ, ਉੱਡ ਜਾਓਸ਼ਸ਼ ਉੱਡਸ਼ਸ਼ ਜਾਓ ।

ਮੈਂ ਹਫ਼ਿਆ ਬਨੇਰੇ ਕੋਲ ਜਾ ਖਲੋਤਾ ।ਨੈਨਾਂ ਕਿੰਨੇ ਈ ਚਿਰ ਮਗਰੋਂ ਮੇਰੇ ਲਾਗੇ ਈ ਬਨੇਰੇ ਕੋਲ ਆ ਖਲੋਤੀ ਤੇ ਆਪਣੇ ਹੱਥ ਬਨੇਰੇ ਉੱਤੇ ਰੱਖ ਕੇ ਉਡਦੇ ਕਬੂਤਰਾਂ ਨੂੰ ਵੇਖਣ ਡਹਿ ਪਈ ।ਜਿਹੜੇ ਹੁਣ ਅਸਮਾਨੀਂ ਚੜ੍ਹੇ ਸਨ ।ਉਹਦਾ ਮੂੰਹ ਲੱਥਾ ਹੋਇਆ ਸੀ, ਨੁਚੜਿਆ ਹੋਇਆ, ਮੋਏ ਕਬੂਤਰ ਦੀ ਲੋਥ ਵਾਂਗ ।ਸ਼ਾਮ ਰਮਕੇ-ਰਮਕੇ ਕ੍ਰਿਸ਼ਨ-ਨਗਰ ਦੇ ਪੁਰਾਣੇ ਘਸਮੈਲੇ ਬਨੇਰਿਆਂ ਤੋਂ ਲਹਿੰਦੀ ਗਲੀਆਂ ਦੇ ਨਿੰਮ੍ਹੇ-ਨਿੰਮ੍ਹੇ ਚਾਨਣ ਨੂੰ ਮਿਟਾਂਦੀ ਗੁਆਚਣ ਲੱਗੀ ।ਸਲੇਟੀ ਬਨੇਰਿਆਂ ਵਰਗੀ ਸਲੇਟੀ ਸ਼ਾਮ। ਇਕ ਪੱਲ ਲਈ ਨੈਨਾਂ ਬਨੇਰੇ ਤੇ ਸ਼ਾਮ ਇੱਕੋ ਰੰਗ ਵਿਚ ਰੰਗੇ ਗਏ ।

ਥੱਲੇ ਗਲੀ 'ਚੋਂ ਬਾਬਾ ਟੈਮ, ਗਲੀ ਦਾ ਝੱਲਾ ਅਪਣੀ ਇਕ ਬਾਂਹ ਇੱਕੋ ਪਾਸੇ ਈ ਉੱਚੀ ਜਿਹੀ ਚੁੱਕ ਕੇ ਘਰਾਂ ਦੇ ਬੂਹਿਆਂ ਨੂੰ ਵਜਦਾ, ਦੂਜੀ ਬਾਂਹ ਜ਼ੋਰ-ਜ਼ੋਰ ਦੀ ਮਾਰਦਾ ਡਿੱਗਦਾ ਢਹਿੰਦਾ ਰਿੜ੍ਹਦਾ ਜਾਂਦਾ ਤੇ ਉੱਚੀ-ਉੱਚੀ ਆਖੀ ਜਾਂਦਾ ਸੀ:

"ਅਪਣੀ ਮਾਂ ਕੋਲੋਂ ਜਾ ਕੇ ਪੁਛ ਉਹਦਾ ਟੈਮ ਕੀ ਹੋਇਆ ਏ, ਅਪਣੀ ਭੈਣ ਕੋਲੋਂ ਜਾ ਕੇ ਪੁੱਛ ਟੈਮ ਕੀ ਹੋਇਆ ਏ।" ਬਾਬੇ ਟੈਮ ਦੀ ਛੇੜ ਸੀ: "ਬਾਬਾ ਟੈਮ ਕੀ ਹੋਇਆ ਏ" ਅੱਗੋਂ ਉਹ ਪੁੱਛਣ ਆਲੇ ਦੀ ਮਾਂ ਭੈਣ ਪੁੰਨਣ ਲੱਗ ਪੈਂਦਾ ਸੀ ।

ਖ਼ੋਰੇ ਕੀ ਸੁੱਝੀ ਮੈਂ ਹੌਲੀ ਜਿਹੀ ਅਪਣਾ ਹੱਥ ਉਹਦੇ ਹੱਥ ਉੱਤੇ ਰੱਖ ਦਿੱਤਾ ।ਉਹ ਤ੍ਰਭਕ ਕੇ ਪਿਛਾਂਹ ਹੱਟੀ ।ਪਰਤਦੇ ਸੂਰਜ ਦੀ ਬਲਦੀ ਅੱਗ ਵਾਂਗਰ ਅੱਖਾਂ ਭਾਂਬੜ ਬਣ ਗਈਆ ।"ਤੂਸ਼ਸ਼ ਤੂਸ਼ਸ਼ ਤੂੰ ਬੱਸ ਕਬੂਤਰਾਂ ਦੀਆਂ ਵਿੱਠਾਂ ਧੋਇਆ ਕਰਸ਼ਸ਼ ਜੇ ਬਿੱਲੀ ਪੈ ਜਾਵੇ ਤੇ ਲਹੂ ਦੀਆਂ ਛਿੱਟਾਂ ਪੂੰਝਿਆ ਕਰਸ਼ਸ਼ ਉਨ੍ਹਾਂ ਦੀਆਂ ਲੋਥਾਂਸ਼ਸ਼"

ਉਸ ਰੋਹ ਨਾਲ ਕੰਬਦੀ ਨੇ ਹੱਥ ਚੁੱਕ ਕੇ ਸੈਨਤਾਂ ਕਰ-ਕਰ ਕੁਰਲਾਉਂਦੇ ਆਖਿਆ ਤੇ ਦਫ-ਦਫ ਕਰਦੀ ਤਰਿੱਖ ਨਾਲ ਕੋਠੇ ਦੀਆਂ ਪੌੜ੍ਹੀਆਂ ਲਹਿ ਗਈ ।

ਅੱਚਣਚੇਤ ਗਲੀ ਵਿਚ ਰੌਲਾ ਪਿਆ: "ਆਗਈ ਆਗਈ ਸਾਡੀ ਗਾਮੇ ਆਗਈਸ਼ਸ਼ ਆਗਈਸ਼ਸ਼ ਆਗਈ" ਟਾਂਗਾ ਮਾਸੀ ਦੇ ਬੂਹੇ ਆ ਅਝਕਿਆ ।ਕੋਚਵਾਨ ਪਾਲਿਸ਼ ਹੋਇਆ ਟ੍ਰੰਕ ਚੁੱਕ ਸਾਡੇ ਬੂਹੇ ਧਰਿਆ ।ਟਾਂਗੇ ਦੇ ਪਿਛਲੇ ਪਾਸਿਓਂ ਉਂਜ ਦੀਆਂ ਉਂਜ ਈ, ਸਦਾ ਇੱਕੋ ਜਹੀਆਂ, ਇਕ ਦੂਜੇ ਨਾਲ ਜੁੜੀਆਂ ਕੰਧ ਉੱਤੇ ਲੱਗੀ ਪੁਰਾਣੀ ਮੂਰਤ ਵਾਂਗ ਵੇਲ਼ੇ ਵਿਚ ਕੈਦ ਗਾਮੇ ਤੇ ਰੱਖੀ ਟਾਂਗਿਉਂ ਲਹਿ ਕੇ ਬੂਹੇ ਆ ਢੁਕੀਆ ।ਗਾਮੇ ਰੱਖੀ ਲਈ ਸਦਾ ਆਪਣੇ ਨਵੇਂ ਵਿਆਹੇ ਘਰੋਂ ਪਰਤ ਆਈ ਸੀ ।ਮੁੜ ਨਾ ਜਾਉਣ ਲਈ ।ਉਹੋ ਪੁਰਾਣੀ ਗੱਲ "ਜੇ ਵਸਣਾ ਈ ਤਾਂ ਰੱਖੀ ਨੂੰ ਛੱਡ।" ਪਰ ਗਾਮੇ ਕਿਵੇਂ ਰੱਖੀ ਨੂੰ ਛੱਡੇ।

ਜਦ ਅਗਲੇ ਦਿਹਾੜੇ ਲੌਢੇ ਵੇਲ਼ੇ ਮਾਸੀ ਘੱਰ ਆਇਆ ਤਾਂ ਨੈਨਾਂ ਆਪਣੇ ਘੱਰ ਪਰਤ ਗਈ ਹੋਈ ਸੀ ਸਦਾ ਮੁੜ ਨਾ ਮੁੜਨ ਲਈਸ਼ਸ਼

ਘੱਰ ਦੇ ਕੰਮ ਮੁੜ ਗਾਮੇ ਸਾਂਭ ਲਏ ।ਜਦ ਤੀਕ ਮਾਸੀ ਜੀਵੀ, ਗਾਮੇ ਉੱਥੇ ਈ ਰਹੀ ।



ਰੱਖੀ ਦੀ ਛੇੜ ਵਿਆਹ ਸੀ ।ਕਦੀ ਕਦਾਈਂ ਅਸਾਂ ਉਹਨੂੰ ਛੇੜਨਾ ਪਈ ਚਲੋ ਰੱਖੀ ਦਾ ਵਿਆਹ ਕਰਹ ।ਚਲੋ ਭਈ ਰੱਖੀ ਦੇ ਵਿਆਹ ਦੀ ਤਿਆਰੀ ਕਰਹ ।ਆਹਾ ਜੀ ਰੱਖੀ ਦੀ ਜੰਜ ਆਵੇਗੀ ਆਹਾ ਜੀ ਰੱਖੀ ਦਾ ਲਾੜ੍ਹਾ ਆਵੇਗਾ ਤੇ ਰੱਖੀ ਅਪਣੀ ਪੋਟਲੀ ਨੂੰ ਛਾਤੀਆਂ ਨਾਲ ਲਾਏ ਲੱਜ ਨਾਲ ਮਰੀ ਜਾਣਾ ਜਿਵੇਂ ਉਹਦਾ ਵੱਸ ਹੋਵੇ ਤੇ ਉਹ ਪੋਟਲੀ ਵਿਚ ਲੁੱਕ ਜਾਵੇ ਤੇ ਮੁੜ ਕਦੀ ਕਿਸੇ ਨੂੰ ਨਜ਼ਰ ਨਾ ਆਵੇ ।ਪਰ ਗਾਮੇ ਮੁੜ ਕਦੀ ਵਿਆਹ ਦੀ ਗੱਲ ਨਾ ਛੋਹੀ ਤੇ ਮੁੜ ਨਾ ਕਿਸੇ ਨੂੰ ਕਦੇ ਕੋਈ ਖ਼ਿਆਲ ਵੀ ਆਇਆ ।ਅਪਣੀ ਪੂਰੀ ਭਰ ਜਵਾਨੀ ਉਹਨੇ ਮਾਸੀ ਦੇ ਘੱਰ ਲੰਘਾ ਛੋੜੀ ।ਲੋਕਾਂ ਦੇ ਘਰੀਂ ਭਾਂਡੇ ਧੋ-ਧੋ ਕੇ ਈ ।

ਭੁੱਟੋ ਫਾਹੇ ਲੱਗਾ ਤੇ ਪੋਪਾ ਫੜਿਆ ਗਿਆ ।ਅਸੀਂ ਡਰਦੇ ਥਾਣੇ ਨਾ ਜਾਈਏ ।ਸੂਹ ਨਾ ਲੱਗੇ ਪਈ ਕਿੱਥੇ ਡੱਕਿਆ ਹੋਇਆ ਸੁ।ਮੈਂ ਤੇ ਮਾਸੀ ਕਚਿਹਰੀਆਂ ਥਾਣੇ ਭੁਗਤਾਂਦੇ ਫਾਵੇ ਹੋ ਗਏ ।ਪਰ ਮਾਸੀ ਕਿਹੜੀ ਪਿੱਛੇ ਰਹਿਣ ਆਲੀ ਸੀ ।ਉਸ ਵੀ ਭੁੱਟੋ ਦਾ ਖ਼ਤਮ ਕਰਾਇਆ ਤੇ ਸਾਰੀ ਗਲੀ ਪੁਲਸ ਨਾਲ ਭਰ ਗਈ ।ਪਰ ਪੂਰੇ ਮੁਹੱਲੇ ਦੀ ਕੋਈ ਜ਼ਨਾਨੀ ਅਜਿਹੀ ਨਹੀਂ ਸੀ ਜਿਹੜੀ ਵਿੱਠਾਂ ਆਲੀਆਂ ਪੌੜ੍ਹੀਆਂ ਚੜ੍ਹ ਕੇ ਖ਼ਤਮ ਪੜ੍ਹਨ ਨਾ ਆਈ ਹੋਵੇ ।ਵਰ੍ਹੇ ਪਿੱਛੋਂ ਕੈਦ ਕੱਟ ਕੇ ਪੋਪਾ ਪਰਤਿਆ ਤੇ ਮਾਸੀ ਨਾ ਚਾਹੁੰਦਿਆਂ ਵੀ ਉਹਨੂੰ ਵਲਾਇਤ ਦੂਜੇ ਪੁਤੱਰ ਕੋਲ ਘੱਲ ਦਿੱਤਾ ।ਪਈ ਜਦ ਦੇਸ ਆਜ਼ਾਦ ਹੋਏ ਉਹ ਪਰਤ ਆਏ ।ਪਰ ਦੇਸ ਨੇ ਕਿੰਨੀ ਵਾਰੀ ਆਜ਼ਾਦ ਹੋਣਾ ਏ ।

ਪੁਤੱਰ ਦੇ ਇੰਜ ਜਾਵਣ ਦਾ ਹਰਖ ਅਜੇ ਸੱਜਰਾ ਈ ਸੀ ਕਿ ਹੇਠਲੀ ਮੰਜ਼ਿਲ ਆਲਿਆਂ ਦਾ ਪਿਛਲੇ ਪੰਝੀ ਵਰ੍ਹਿਆਂ ਤੋਂ ਤੁਰਿਆ ਮੁਕੱਦਮਾ ਮਾਸੀ ਹਾਰ ਗਈ ।ਪਰ ਛੱਡੇ ਘੱਰ ਦਾ ਕਬਜ਼ਾ ਲੈਂਦੇ-ਲੈਂਦੇ ਵੀ ਕਈ ਵਰ੍ਹੇ ਲੰਘ ਗਏ ।ਘੱਰ ਉੱਕਾ ਢਹਿਣ ਆਲਾ ਸੀ ।ਹੇਠਾਂ ਵੀ ਇਕ ਦੋ ਬੰਦੇ ਰਹਿ ਗਏ ਸਨ ਜਿਹੜੇ ਘੱਰ ਉੱਤੇ ਕਬਜ਼ੇ ਦੀ ਉਡੀਕ ਵਿਚ ਬੈਠੇ ਸਨ ।ਆਖਦੇ ਦੋ ਚਾਰ ਲੱਖ ਲਓ ਤੇ ਜਾਨ ਛੱਡਹ ।ਪਰ ਮਾਸੀ ਨਾ ਮੰਨੀ ।ਕਮਰਿਆਂ ਦੇ ਫ਼ਰਸ਼ ਟੁੱਟ ਤਿੜਕ ਗਏ ।ਛੱਤਾਂ ਅੱਧੀਆਂ ਢੈ ਗਈਆਂ, ਬੱਸ ਪੌੜ੍ਹੀਆਂ ਸਬੂਤੀਆਂ ਸਨ ।ਉਹ ਵੀ ਦੂਜੇ ਮੰਜ਼ਲੇ ਤੀਕ।ਧੁਰ ਕੋਠੇ ਜਾਵਣ ਲਈ ਪੱਟੀਆਂ ਬਾਲੇ ਨਾਲ ਟੇਕਾਂ ਲਾਈਆਂ ਹੋਈਆਂ ਸਨ ।ਗਾਮੇ ਦੀ ਕੋਠਰੀ ਵਿਚ ਬਾਲੇ ਫਸਾ ਕੇ ਮਸਾਂ ਛੱਤ ਖਲ੍ਹਾਰੀ ਹੋਈ ਸੀ ਤੇ ਫ਼ਰਸ਼ ਵਿਚ ਮੋਰੇ ਪਏ ਹੋਏ ਸਨ ।ਸਾਡਾ ਅਪਣਾ ਸਾਂਝਾ ਘੱਰ ਵੀ ਚਾਚਿਆਂ ਡਿਫੈਂਸ ਵਿਚ ਕੋਠੀ ਪਾਵਣ ਲਈ ਵੇਚ ਦਿੱਤਾ ।ਪਰ ਮਾਸੀ ਦਾ ਅਜੇ ਕ੍ਰਿਸ਼ਨ-ਨਗਰ ਆਲਾ ਹੈ ਸੀ ।ਮੈਂ ਮੁਕੱਦਮੇ ਦੀਆਂ ਤਰੀਖ਼ਾਂ ਭੁਗਤਣ ਜਾਂਦਾ, ਮੁਕੱਦਮਾ ਅਜੇ ਖ਼ੋਰੇ ਹੋਰ ਰਿੜ੍ਹ ਜਾਂਦਾ ਪਰ ਮਾਸੀ ਆਪੇ ਈ ਸਾਹ ਪੂਰੇ ਕਰ ਗਈ ।

ਗਾਮੇ ਅਖ਼ੀਰ ਤੀਕ ਮਾਸੀ ਨਾਲ ਰਹੀ ।ਉਸ ਟੁੱਟੇ ਘੱਰ ਇਕ ਵੇਲ਼ੇ ਨਿਰੀਆਂ ਤਿੰਨ ਸਵਾਣੀਆਂ ਈ ਰਹਿੰਦੀਆਂ ਰਹੀਆ ।

ਪਰ ਕਹਾਣੀ ਤਾਂ ਗਾਮੇ ਦੀ ਏ ਜਿਹੜੀ ਰੱਖੀ ਨਾਲ ਪੱਕੀ ਰਹੀ ।ਗਾਮੇ ਅਜੇ ਵੀ ਜਿਉਂਦੀ ਏ ਤੇ ਕ੍ਰਿਸ਼ਨ-ਨਗਰ ਦੇ ਪੁਰਾਣੇ ਕਬਰਸਤਾਨ ਲਾਗੇ ਰਹਿੰਦੀ ਏ ਰੱਖੀ ਨਾਲ ।ਗਾਮੇ ਨੂੰ ਹਮੇਸ਼ ਕੋਈ ਨਾ ਕੋਈ ਮਾਸੀ ਐਸ਼ਾਂ ਲੱਭ ਈ ਜਾਂਦੀ ਏ ।

ਮਾਂ ਦੀ ਵਾਜ ਪਿੱਛਾ ਕਰਦੀ ਰਹਿੰਦੀ ਏ: "ਬਟਾਲੇ ਸਾਡੇ ਘੱਰ ਦੇ ਸਾਹਮਣੇ ਗਲੀ ਦੇ ਦੂਜੇ ਬੰਨੇ ਮਾਸੀ ਐਸ਼ਾਂ ਦਾ ਘੱਰ ਸੀ ।" ਬਟਾਲੇ ਅਪਣਾ ਘੱਰ ਲੱਭਦਾ ਲੱਭਦਾ ਮੈਂ ਮਾਸੀ ਐਸ਼ਾਂ ਦਾ ਘੱਰ ਲੱਭਣ ਲੱਗ ਪਿਆ ਸਾਂ ।

ਮੇਰੇ ਬਟਾਲੇ ਪਰਤਣ ਮਗਰੋਂ ਪਿਓ ਦੇ ਛੇ ਭਰਾਵਾਂ ਵਿੱਚੋਂ ਇਕੱਲਾ ਜਿਉਂਦਾ ਚਾਚਾ ਜਦ ਬਟਾਲੇ ਦੀਆਂ ਖਿੱਚੀਆਂ ਤਸਵੀਰਾਂ ਵੇਖਣ ਆਇਆ ਤੇ ਇਕ ਤਸਵੀਰ ਨੂੰ ਵੇਖਦਿਆਂ ਸਾਰ ਈ ਮੂੰਹ ਉੱਤੇ ਸਿੰਞਾਣ ਦਾ ਅਨੰਦ ਮਾਣਦਾ ਹੋਇਆ ਆਖਣ ਲੱਗਾ ।"ਇਹ ਗਲੀ ਸਿੱਧੀ ਮਾਸੀ ਐਸ਼ਾਂ ਦੇ ਘਰੇ ਜਾਂਦੀ ਸੀ ।"

# ਮੈਂ ਤੇ ਮੈਂ/ਮੁਹੰਮਦ ਜਵਾਦ

ਪੁਤੱਰ ਤਿਆਰ ਹੋ ਕੇ ਘਰੋਂ ਨਿਕਲਣ ਲੱਗਾ ਤੇ ਵੇੜ੍ਹੇ ਵਿਚ ਉਹਦਾ ਪਿਓ ਮੰਜੀ ਤੇ ਬੈਠਾ ਸੀ ।ਪੁਤੱਰ ਨੇ ਸਲਾਮ ਕੀਤਾ ਤੇ ਪਿਓ ਨੇ ਜ਼ਰਾ ਨਿਗਾਹ ਭਰ ਕੇ ਉਹਦੇ ਵੱਲ ਤੱਕਿਆ ।ਉਹਨੂੰ ਇੱਕੋ ਦੱਮ ਇਹ ਖ਼ਿਆਲ ਆਇਆ, "ਇਹ ਕਿੱਡਾ ਜਵਾਨ ਤੇ ਮੈਂ ਕਿੰਨਾ ਬੁੱਢਾ ਹੋਈ ਜਾਨਾਂ ।"

"ਵ ਅਲੈਕਮ ਅੱਸਲਾਮ ! ਛੇਤੀ ਵਾਪਸ ਆ ਜਾਈਂ ।"

ਫਿਰ ਪਿਓ ਕਿੰਨੇ ਚਿਰ ਇਹ ਈ ਸੋਚਦਾ ਰਿਹਾ ਪਈ ਬੱਚੇ ਨਿੱਕੇ ਨਿੱਕੇ ਹੁੰਦੇ ਹੋਣ ਤੇ ਮਾਂ ਪਿਓ ਨੂੰ ਕਿੰਨੀ ਆਸ ਹੁੰਦੀ ਏ ਭਈ ਸਾਡੇ ਬੱਚੇ ਵੱਡੇ ਹੋਵਣ, ਆਪਣੇ ਪੈਰੀਂ ਖਲੋਵਣ, ਪੜ੍ਹ ਲਿਖ ਕੇ ਸਿਆਣੇ ਹੋਵੀ ॥॥।

ਪਰ ਜਦੋਂ ਇਹ ਵੱਡੇ ਹੋਣ ਲਗਦੇ ਹੋਣ ਤੇ ਮਾਪੇ ਏਨੇ ਨਿੱਕੇ ਕਿਉਂ ਹੋ ਜਾਂਦੇ ਨੇਂ ।ਪੋਪਲੇ ਮੂੰਹ, ਗੰਜੇ ਸਿਰ ਤੇ ਮੁੜੇ ਤੁੜੇ ਲੱਕ, ਇੱਡੇ ਕਮਜ਼ੋਰ ਤੇ ਬੇਬੱਸ ॥॥।

ਉਹਦਾ ਦੂਜਾ ਖ਼ਿਆਲ ਇਹ ਸੀ ।

"ਇਹ ਮੈਂ ਕੀ ਊਲ ਫ਼ੂਲ ਸੋਚੀ ਜਾ ਰਿਹਾਂ ।ਮੇਰਾ ਪੁਤੱਰ ਮੇਰੇ ਤੋਂ ਵਖ ਤੇ ਨਹੀਂ ।ਇਹ ਵੀ ਮੇਰੇ ਵਜੂਦ ਦਾ ਇਕ ਅੰਗ ਏ, ਮੈਂ ਅਪਣੀ ਜਵਾਨੀ ਇਹਨੂੰ ਪਾਲਣ ਵਿਚ ਗਾਲ ਛੱਡੀ ਤੇ ਹੁਣ ਇਹਦੀ ਜਵਾਨੀ ਵੀ ਤੇ ਮੇਰੀ ਈ ਜਵਾਨੀ ਏ ।ਮੇਰਾ ਈ ਇਕ ਦੂਜਾ ਰੂਪ ਏ ।ਮੈਨੂੰ ਆਪਣੇ ਆਪ ਨੂੰ ਇੰਜ ਵਖ ਕਰ ਕੇ ਨਹੀਂ ਵੇਖਣਾ ਚਾਹੀਦਾ ॥॥।

ਇੰਜ ਦੀਆਂ ਗੱਲਾਂ ਸੋਚਦਾ ਸੋਚਦਾ ਈ ਉਹ ਨੀਂਦਰੇ ਜਾ ਵੜਿਆ ਤੇ ਉਹਦੇ ਪੋਪਲੇ ਮੂੰਹ ਤੋਂ ਨਿਕਲਦੇ ਸਿੱਟੀ ਵਾਂਗ ਖ਼ਰਾਟੇ ਪੂਰੇ ਵੇੜ੍ਹੇ ਵਿਚ ਰੌਲਾ ਪਾਵਣ ਲੱਗ ਪਏ ।

ਗਲੀ 'ਚੋਂ ਲੰਘਦਿਆਂ ਪੁਤੱਰ ਇਹ ਪਿਆ ਸੋਚਦਾ ਸੀ ਕਿ

"ਅੱਬਾ ਜੀ ਵੀ ਬੜਾ ਤੰਗ ਕਰਦੇ ਨੇਂ ।ਹਰ ਵੇਲੇ ਦੀ ਟੋਕਾ ਟਾਕੀ ।ਇਹ ਕਰੋ, ਇਹ ਨਾ ਕਰੋ, ਕਿੱਥੇ ਚਲੇ ਓ ? ਦੱਸ ਕੇ ਜਾਓ।ਕਦੋਂ ਆਓਗੇ, ਛੇਤੀ ਆਣਾ ॥॥।ਇਹ ਸਾਡੀ ਨਵੀਂ ਨਸਲ ਦੇ ਪਰਾਬਲਮਜ਼ ਨਹੀਂ ਜਾਣਦੇ ।ਹੁਣ ਵੀ ਬਹੁੰ ਪਿੱਛੇ ਹਨ ।ਉਹ ਅਪਣੀ ਜਵਾਨੀ ਦੇ ਜ਼ਮਾਨੇ ਵਿਚ, ਆਪਣੇ ਵਿਚਾਰਧਾਰੇ ਸਾਡੇ ਤੇ ਰੋੜਨਾ ਚਾਹੁੰਦੇ ਹਨ ।

ਅੱਬਾ ਜੀ ਤੇ ਇਹ ਗੱਲ ਵੀ ਚੇਤੇ ਨਹੀਂ ਰੱਖਦੇ ਕਿ ਮੇਰਾ ਅਪਣਾ ਇਕ ਵੱਖਰਾ ਵਜੂਦ ਏ ।ਮੇਰੇ ਨਾਲ ਵੀ ਗੱਲਾਂ ਇੰਜ ਕਰਦੇ ਹਨ ਜਿਵੇਂ ਆਪਣੇ ਆਪ ਨਾਲ ਕਰਦੇ ਹੋਵਣ, ਹੂੰਹ ॥॥।

ਉਹਦੀ ਸੋਚ ਦਾ ਮੀਟਰ ਉਸ ਵੇਲੇ ਆਫ਼ ਹੋਇਆ ਜਦ ਉਹਨੂੰ, ਗਲੀ 'ਚੋਂ ਲੰਘ ਕੇ ਸੜਕ ਤੀਕ ਆਉਂਦਿਆਂ ਇਕ ਕੁੜੀ ਨਜ਼ਰੀਂ ਪੈ ਗਈ ।ਉਹਨੂੰ ਵੇਖ ਵੇਖ ਆਪਣੀਆਂ ਨਜ਼ਰਾਂ ਪਰਚਾਣ ਲੱਗ ਪਿਆ ।ਕੁਝ ਚਿਰ ਲਈ ਉਹਦੇ ਦਿਮਾਗ਼ ਦੀ ਥਾਂ ਉਹਦੇ ਦਿਲ ਨੇ ਸੋਚਣਾ ਚਾਲੂ ਕਰ ਦਿੱਤਾ ਤੇ ਉਹ ਉਦੋਂ ਤੱਕ ਦਿਲ ਦੇ ਨਾਲ ਰਿਹਾ ਜਦ ਤੱਕ ਉਸ ਕੁੜੀ ਨੇ ਸੜਕ ਪਾਰ ਕਰਨ ਮਗਰੋਂ ਸਾਮ੍ਹਣੇ ਕੋਠੀ ਵਿਚ ਅਪਣਾ ਆਪ ਲੁਕਾ ਨਾ ਲਿਆ ।

"ਹੂੰਹ ॥॥।ਕੀ ਬਕਵਾਸ ਏ ।ਹਰ ਪਾਸੇ ਫ਼ਰਸਟਰੇਸ਼ਨ, ਹਰ ਪਾਸੇ ਪਿਆਸ ॥॥।"

ਉਹ ਖਿੱਜ ਜਿਹਾ ਗਿਆ ।

ਸਾਡੀ ਜਵਾਨ ਨਸਲ ਦੇ ਵੀ ਕਿੰਨੇ ਪਰਾਬਲਮਜ਼ ਹਨ ।ਅਸੀਂ ਅਪਣੀ ਫ਼ਿਤਰੀ ਸੱਧਰਾਂ ਵੀ ਨਹੀਂ ਪੂਰ ਸਕਦੇ ।ਇਹ ਨਾ ਕਰੋ, ਇੱਧਰ ਨਾ ਜਾਓ, ਓਏ ਕਿੱਧਰ ਜਾਈਏ ਅਸੀਂ, ਕੋਈ ਤੇ ਰਾਹ ਨਜ਼ਰ ਆਏ ॥॥।



ਹੋਰ ਤੇ ਹੋਰ ਸਾਡੇ ਵਡਕੇ ਚਾਹੁੰਦੇ ਹਨ ਕਿ ਅਸੀਂ ਵੇਖਣਾ ਵੀ ਛੱਡ ਦਈਏ ।ਠੰਡੇ ਥੀ ਜਾਈਏ ਬਰਫ਼ ਵਾਂਗ।

ਇਹ ਕੁੜੀ ਵੀ ਹਫ਼ਤੇ ਦੋ ਹਫ਼ਤੇ ਮਗਰੋਂ ਇੱਧਰ ਆ ਜਾਂਦੀ ਏ ।ਖ਼ੋਰੇ ਇਹ ਇਹਦੀ ਸਹੇਲੀ ਦਾ ਘੱਰ ਏ ।ਉਹ ਸ਼ਾਇਦ ! ਉਹ ਮਰੀਅਲ ਜਿਹੀ ਕੁੜੀ ਜਿਹੜੀ ਇੱਥੇ ਰਹਿੰਦੀ ਏ, ਉਹਦੇ ਨਾਲ ਮਿਲਣ ਆਉਂਦੀ ਏ ।

ਇਹਨੇ ਮੈਨੂੰ ਕਦੀ ਲਿਫ਼ਟ ਨਹੀਂ ਕਰਾਈ ।ਕੰਮਬਖ਼ਤ ਨੇ ਕਦੀ ਮੇਰੇ ਵੱਲ ਗੋਹ ਪਾ ਕੇ ਤੱਕਿਆ ਵੀ ਨਹੀਂ ।

ਕੀ ਮੈਂ ਇਹਨੂੰ ਜ਼ਰਾ ਵੀ ਇੰਪਰੈਸ ਨਹੀਂ ਕਰਦਾ ?

ਇਹ ਸੋਚ ਕੇ ਉਹ ਘਾਬਰ ਜਿਹਾ ਗਿਆ, ਇਕ ਝਟਕੇ ਨਾਲ ਵਾਲਾਂ ਨੂੰ ਹੱਥਾਂ ਨਾਲ ਕੰਘੀ ਕਰਨ ਲੱਗ ਪਿਆ ਤੇ ਉਹਦਾ ਦਿਲ ਉਹਦੀਆਂ ਪਸਲੀਆਂ ਵਿਚ ਖੜਾਕੇ ਮਾਰਨ ਲੱਗ ਪਿਆ ।

ਕੁੜੀ ਨੇ ਗੇਟ 'ਚੋਂ ਨਿਕਲ ਕੇ ਬਰਾਂਡੇ ਰਾਹੀਂ ਅੰਦਰ ਕਮਰੇ ਤੀਕ ਜਾਂਦਿਆਂ ਇਹ ਵਾਰ ਵਾਰ ਸੋਚਿਆ ।

"ਇਹ ਟੁੱਟ ਪੈਣਾ, ਬਾਂਦਰ ਦੀ ਸ਼ਕਲ ਵਾਲਾ ਮੈਨੂੰ ਕਿਵੇਂ ਘੂਰ-ਘੂਰ ਤੱਕਦਾ ਰਹਿੰਦਾ ਏ । ਹਾਏ ਕਿੰਨੀਆਂ ਗੰਦੀਆਂ ਨਜ਼ਰਾਂ ਨਾਲ ਵੇਖਦਾ ਏ ।ਮੁੰਡੇ ਵੀ ਹਰ ਕੁੜੀ ਨੂੰ ਅਪਣੀ ਜਾਗੀਰ ਜਾਣਦੇ ਹਨ ।ਕੋਈ ਸ਼ਰਮ ਹਯਾ ਨਹੀਂ ਹੁੰਦੀ ਇਨ੍ਹਾਂ ਕੰਮਬਖ਼ਤਾਂ ਵਿਚ ॥॥।

ਔਰਤਾਂ ਬਾਰੇ ਕਿੰਨੇ ਹੋਛੇ ਹੁੰਦੇ ਹਨ ।ਭਾਵੇਂ ਬਾਲ ਹੋਵੇ, ਜਵਾਨ ਯਾਂ ਬੁੱਢਾ ।ਇਹ ਗੰਦੀਆਂ ਖ਼ਸਲਤਾਂ ਨਹੀਂ ਬਦਲਦੀਆਂ ਇਨ੍ਹਾਂ ਦੀਆਂ ॥॥।ਮਿਰਗੀ ਪੈਣੇ ॥॥।

ਉਹਨੂੰ ਅੱਜ ਡਾਢਾ ਗ਼ੁੱਸਾ ਆਇਆ ਹੋਇਆ ਸੀ ।ਗ਼ੁੱਸੇ ਵਿਚ ਉਹਦਾ ਰੰਗ ਲਾਲ ਸੂਹਾ ਜਿਹਾ ਜਾਪਦਾ ਸੀ ।

ਉਹਦੀ ਸਹੇਲੀ ਦਾ ਵਿਆਹ ਹੋਣ ਵਾਲਾ ਸੀ ਤੇ ਉਹਨੂੰ ਉਹਦੀ ਬੜੀ ਲੋੜ ਸੀ, ਇਸ ਲਈ ਉਹ ਹਰ ਹਫ਼ਤੇ ਉਹਦੇ ਵੱਲ ਆ ਜਾਂਦੀ ਸੀ ।

ਸਹੇਲੀ ਬਾਗ਼ ਵਿਚ ਬੈਠੀ ਧੁੱਪ ਪਈ ਸੇਕਦੀ ਸੀ ।ਉਹਨੂੰ ਵੇਖਦਿਆਂ ਉਹ ਉਠੀ ਤੇ ਉਹਨੂੰ ਗੱਲ ਨਾਲ ਲਾ ਕੇ ਖਿੜ-ਖਿੜ ਕਰਨ ਲੱਗ ਪਈ ।ਫਿਰ ਦੋਵੇਂ ਜਾਣੀਆਂ ਡਰਾਇੰਗ ਰੂਮ ਵਿਚ ਜਾ ਬੈਠੀਆਂ ।

ਇਕ ਦੋ ਘੰਟੇ ਉਹ ਇਹ ਈ ਗੱਲਾਂ ਕਰਦੀਆਂ ਰਹੀਆਂ ਕਿ ਖ਼ਾਵੰਦ ਨੂੰ ਬੰਨ੍ਹ ਕੇ ਰੱਖਣਾ ਚਾਹੀਦਾ ਏ, ਉਹ ਕਿੱਥੇ ਆਉਂਦਾ ਜਾਂਦਾ ਏ, ਉਹਦਾ ਧਿਆਨ ਕਰਨਾ ਚਾਹੀਦਾ ਏ ।

ਸੱਸ ਤੇ ਨਨਾਣਾਂ ਨੂੰ ਉਨ੍ਹਾਂ ਦੀ ਔਕਾਤ ਵਿਚ ਰੱਖਣਾ ਚਾਹੀਦਾ ਏ, ਤੇ ਬਹੁੰ ਚੰਗਾ ਹੋਵੇ ਜੇ ਬੰਦਾ ਵੱਖਰਾ ਹੋ ਜਾਵੇ ।

ਕਿੱਲ-ਕਿੱਲ ਈ ਮੁੱਕੇ ਵਿੱਚੋਂ ॥॥।

ਦੂਜੇ ਕਮਰੇ ਵਿਚ ਬੈਠੇ ਕੁੜੀ ਦੇ ਮਾਂ ਪਿਓ ਇਹ ਗੱਲਾਂ ਪਏ ਕਰਦੇ ਸਨ ਕਿ ਧੀ ਤੋਂ ਬਾਅਦ ਪੁਤੱਰ ਦਾ ਵਿਆਹ ਵੀ ਛੇਤੀ ਕਰ ਦਈਏ ।ਮਾਂ ਪਈ ਆਖਦੀ ਸੀ:

"ਮੇਰੀ ਕਿੰਨੀ ਸੱਧਰ ਏ ਭਈ ਮੇਰੇ ਪੁਤੱਰ ਦਾ ਵਿਆਹ ਹੋਵੇ ।ਮੇਰੀ ਨੂੰਹ ਘੱਰ ਆਵੇ ।ਫਿਰ ਬੱਚੇ ਹੋਵੀਂ ।ਚੈਂ-ਚੈਂ ਰੌਲਾ ਪਾਂਦੇ ਮੇਰੇ ਪੋਤਰੇ ਪੋਤਰੀਆਂ ॥॥।ਮੈਂ ਅਪਣੀ ਮਰਜ਼ੀ ਮੁਜਬ ਉਨ੍ਹਾਂ ਨੂੰ ਪਾਲਾਂਗੀ, ਪਿਆਰ ਰਾਂਗੀ ।ਮੇਰੇ ਘੱਰ ਵਿਚ ਬਹਾਰ ਆਏਗੀ ।ਮੈਂ ਵੀ ਦਾਦੀ ਅੰਮਾਂ ਅਖਵਾਵਾਂਗੀ ॥॥।"

ਦੋਵੇਂ ਬੁੱਢਿਆਂ ਦੀਆਂ ਅੱਖਾਂ ਚਮਕਦੀਆਂ ਪਈਆਂ ਸਨ ਤੇ ਨਿਰੀਆਂ ਸੋਚਾਂ ਸੋਚ ਸੋਚ ਕੇ ਈ ਜੀ ਹੋਲਾ ਪਏ ਕਰਦੇ ਸਨ ॥॥।

ਫਿਰ ਘੱਰ ਵਿਚ ਸੁੱਤੇ ਬਾਬੇ ਦੇ ਖ਼ਰਾਟਿਆਂ ਤੇ ਪੁੱਤਰ ਦੀਆਂ ਗਲੀ ਵਿਚ ਖਲੋਤੇ ਯਾਰਾਂ ਨਾਲ ਗੱਲਾਂ ਨੇ ਇੱਕੋ ਜਿਹੀ ਜੂਨ ਵਟਾ ਲਈ ।ਕੋਠੀ ਅੰਦਰ ਬੈਠੀਆਂ ਕੁੜੀਆਂ ਤੇ ਬੁੱਢਿਆਂ ਦੀਆਂ ਗੱਲਾਂ ਨੇ ਵੀ ਇਕ ਅਜੀਬ ਜਿਹਾ ਰੂਪ ਧਾਰ ਲਿਆ ਤੇ ਸਭੇ ਬੰਦੇ ਰਲ ਕੇ ਚੈਂ-ਚੈਂ ਕਰਨ ਲੱਗ ਪਏ ।

---


## ਬਹੁ-ਚਰਚਿਤ ਕਹਾਣੀ ਸੰਗ੍ਰਹਿ

ਅਖੀਰਲਾ ਹੰਝੂ/ਤੌਕੀਰ ਚੁਗ਼ਤਾਈ

ਚੜਦੇ ਲਹਿੰਦੇ ਰੁੱਖ/ਮਸਊਦ ਚੌਧਰੀ

ਸੁੱਚਾ ਤਿੱਲਾ ਤੇ ਹੋਰ ਕਹਾਣੀਆਂ/ਮਕਸੂਦ ਸਾਕਿਬ

ਕੀ ਜਾਣਾ ਮੈਂ ਕੌਣ/ਪਰਵੀਨ ਮਾਲਿਕ

ਨਿੱਕੇ ਨਿੱਕੇ ਦੁੱਖ/ਪਰਵੀਨ ਮਾਲਿਕ

ਵਾਪਸੀ ਦਾ ਸਫ਼ਰ/ਜਮੀਲ ਅਹਿਮਦ ਪਾਲ

ਮਨੀ ਪਲਾਂਟ/ਜਮੀਲ ਅਹਿਮਦ ਪਾਲ

ਪਿੱਪਲ ਪੁਰਾਣੀ ਭੌਇ ਦਾ/ਸਨਾਵਰ ਚੱਧੜ

ਜਿਵੇਂ ਮੈਂ ਜਿਵੇਂ ਤੂੰ/ਸਨਾਵਰ ਚੱਧੜ

ਪਿੰਡ ਦਾ ਲੱਜ/ਇਲਿਆਸ ਘੁੰਮਣ

ਇੱਲ ਕੋਕੋ/ਇਲਿਆਸ ਘੁੰਮਣ

ਰੰਨ, ਤਲਵਾਰ ਤੇ ਘੋੜਾ/ਅਫ਼ਜ਼ਲ ਅਹਿਸਨ ਰੰਧਾਵਾ

ਮੁੰਨਾ ਕੋਹ ਲਾਹੌਰ/ਅਫ਼ਜ਼ਲ ਅਹਿਸਨ ਰੰਧਾਵਾ




# ਮੁਸਲਮਾਨ/ਅਕਮਲ ਸ਼ਹਿਜ਼ਾਦ ਘੁੰਮਣ

ਪਿੰਡ ਨਗੋਰ ਦੀ ਠੱਠੀ ਵਿਚ ਭਾਗ ਕੀ ਬਰਾਦਰੀ ਦੇ ਵਾਹਵਾ ਈ ਘੱਰ ਸਨ ।ਸਾਰੇ ਘਰਾਂ ਦੀ, ਕਿਸੇ ਨਾ ਕਿਸੇ ਜ਼ਿਮੀਂਦਾਰ ਘੱਰ ਨਾਲ ਸੀਪ ਸੀ ।ਕੁੱਝ ਨੇ ਤੇ ਕਈ ਕਈ ਘਰਾਂ ਦੀ ਸੀਪ ਸਾਂਭੀ ਸੀ ।ਜ਼ਿਮੀਂਦਾਰਾਂ ਦੀ ਤੇ ਉਨ੍ਹਾਂ ਦੀ ਇਹ ਸਾਂਝ ਸਦੀਆਂ ਤੋਂ ਇੰਜ ਈ ਚਲੀ ਆ ਰਹੀ ਸੀ ।ਹੋ ਸਕਦਾ ਏ ਸਦੀਆਂ ਤੋਂ ਨਾ ਈ ਹੋਵੇ, ਉਨ੍ਹਾਂ ਇਹ ਕਦੀ ਨਹੀਂ ਸੀ ਸੋਚਿਆ, ਪਰ ਉਨ੍ਹਾਂ ਨੂੰ ਤੇ ਜ਼ਿਮੀਂਦਾਰਾਂ ਨੂੰ ਇੰਜ ਈ ਲਗਦਾ ਸੀ ਜਿਵੇਂ, ਉਨ੍ਹਾਂ ਨੂੰ ਤੇ ਜ਼ਿਮੀਂਦਾਰਾਂ ਨੂੰ ਇੰਜ ਈ ਲਗਦਾ ਸੀ ਜਿਵੇਂ ਉਨ੍ਹਾਂ ਦੀ ਇਹ ਸਾਂਝ ਮੁੱਢ ਅਜ਼ਲ ਤੋਂ ਇਸਰਾਂ ਈ ਕਾਇਮ ਏ ।

ਭਾਗ ਦੇ ਸਿੱਪੀ ਡਵਾਟੇ ਵਾਲੇ ਸਨ, ਦੋਹਾਂ ਘਰਾਂ ਦਾ ਬੜਾ ਸੰਜੋਗ ਸੀ, ਪੋਹ ਦੀਆਂ ਕੱਕਰ ਪੈਂਦੀਆਂ ਰਾਤਾਂ ਵਿਚ ਖੋਹ ਜੋ ਕੇ ਕਣਕ ਨੂੰ ਪਾਣੀ ਲਾਣਾ ਹੋਏ, ਪਾਲੇ ਨਾਲ ਠਰੀਆਂ ਹਥੀਆਂ ਨਾਲ ਕਮਾਦੀ ਛੋਹੀ ਲਾਹੁਣੀ ਹੋਏ, ਹਫ਼ਤਾ ਹਫ਼ਤਾ ਵੇਲਣਾ ਜੂਨਾ ਹੋਏ, ਤੇ ਭਾਵੇਂ ਹਾੜ ਦੀਆਂ ਸਾੜੂ ਧੁੱਪਾਂ ਵਿਚ ਫੁਲਾ ਗਾਹਨਾ ਹੋਵੇ, ਭਾਗ ਆਪਣੇ ਚੋਧਰੀਆਂ ਨਾਲ ਸਾਵਾਂ ਕੰਮ ਕਰਦਾ, ਸਗੋਂ ਭਾਰਤੇ ਉਹਦੇ ਜਿੰਨਾ, ਪੂਰੇ ਪਿੰਡ ਵਿਚ ਕੋਈ ਨਹੀਂ ਸੀ ਚੁੱਕਦਾ, ਪਰ ਸਵੇਰੇ ਸਵੇਰੇ ਜਦੋਂ ਖੋਹ ਤੇ ਛਾਹ ਵੇਲਾ ਆਉਂਦਾ, ਭਾਗ ਜਿਨੇ ਪਰੌਂਠੇ ਵੀ ਕੋਈ ਨਹੀਂ ਸੀ ਖਾ ਸਕਦਾ ।ਨਿਰੇ ਪਰੌਂਠੇ ਈ ਨਹੀਂ, ਪਰੌਂਠਿਆਂ ਦੇ ਨਾਲ ਸ਼ੱਕਰ, ਉਚਾਰ, ਮੱਖਣ ਤੇ ਲੱਸੀ ।ਲੱਸੀ ਭਾਗ ਤਰੈ ਮਗੀਆਂ ਤੋਂ ਘੱਟ ਨਹੀਂ ਸੀ ਪੈਂਦਾ, ਲੋਹੇ ਚੀਨੀ ਦਾ ਇਕ ਮਗਾ ਉਹਨੂੰ ਇਕ ਵਾਰੀ ਸਕੀਮ ਤੇ ਆਏ ਫ਼ੌਜੀਆਂ ਨੇ ਦਿੱਤਾ ਸੀ ।ਮਗਾ ਹਰ ਵੇਲ਼ੇ ਉਹਦੇ ਪਰਨੇ ਦੀ ਇਕ ਨੁਕਰੇ ਬੱਝਿਆ ਰਹਿੰਦਾ ।ਜੇ ਕਦੀ ਮਗਾ ਨਾ ਹੋਣਾ ਉਹਨੇ ਕਉਲੇ ਜਿੱਡੀ ਬੁੱਕ ਬਿਨਾਨੀ ਤੇ ਬਾਲੇ ਨੇ ਵਲਟੋਹੀ ਯਾ ਕਰਮੰਡਲ ਵਿੱਚੋਂ ਲੱਸੀ ਉਹਦੀ ਬੁੱਕ ਵਿਚ ਲੁਧਨੀ ਤੇ ਉਹਨੇ ਡੀਕ ਲਾ ਕੇ ਪੀਵੀ ਜਾਨੀ ਤੇ ਉਦੋਂ ਵਸਾਹ ਲੈਣਾ ਜਦੋਂ ਵਸਾਹ ਲੈਣ ਜੋਗਾ ਨਾ ਰਹਿਣਾ ।

ਗੁਜ਼ਾਰਾ ਜੋ ਚੰਗਾ ਹੋ ਰਿਹਾ ਸੀ ਭਾਗ ਦੇ ਘੱਰ ਦਾ, ਹੁੱਕਾ ਤਮਾਕੂ, ਗੰਨੇ ਰੂਹ ਤੇ ਗੁੜ, ਮੁਝੇ ਦੇ ਪੱਠੇ, ਖਾਣ ਲਈ ਦਾਣੇ, ਕਪਾਹ ਵਿੱਚੋਂ ਹਿੱਸਾ, ਗੱਲ ਕੀ ਪਈ ਮੌਜ ਲੱਗੀ ਸੀ ।ਭਾਗ ਚੌਧਰੀਆਂ ਦਾ ਆਥੜੀ ਸੀ, ਅੱਠੇ ਪਹਿਰ ਉਨ੍ਹਾਂ ਦੇ ਨਾਲ।ਸ਼ਾਂਤੀ ਬੱਸ ਸਵੇਰੇ ਖੋਹ ਤੇ ਜਾਂਦੀ, ਮਾਲ ਡੰਗਰ ਦਾ ਗੋਹੀਆ ਲਾਹ ਆਉਂਦੀ ।ਅੱਲਾਹ ਅੱਲਾਹ ਤੇ ਖ਼ੈਰ ਸੱਲਾ ।

ਵੱਡਾ ਦਿਨ ਆਉਣਾ ਤੇ ਭਾਗ ਨੇ ਖੋਹ ਤੇ ਰੂੜੀਆਂ ਵਿਚ ਦੱਬੀ ਤਿਆਰ ਦੇਸੀ ਦਾ ਮਿਟ ਕੱਢਣਾ ।ਪਹਿਲਾਂ ਸਾਰੀਆਂ ਡੇਰੇ ਤੇ ਰੱਜ ਪੈਣੀ, ਫਿਰ ਪਿੰਡ ਆ ਕੇ ਭਾਗ, ਠੱਠੀ ਵਾਲਿਆਂ ਦੀ ਮੌਜ ਕਰਵਾਣੀ, ਸਾਲ ਛੇ ਮਹੀਨੀਂ, ਪਿੰਡ ਆਕੇ ਬਾਉ ਵੀ ਖ਼ੁਦਾਵੰਦ ਦੀ ਗੱਲ ਸੁਣਾਂਦਾ, ਪਰ ਵੱਡੇ ਦਿਨ ਤੇ ਮੰਡੀ ਆਦਮਵਾਲ ਦੇ ਵੱਡੇ ਸਾਰੇ ਗਿਰਜੇ ਵਿਚ ਜਾਣ ਦਾ ਅਪਣਾ ਈ ਸਵਾਦ ਸੀ, ਗੋਰਾ ਬਾਉ ਜਦੋਂ ਡਿੰਗੀ ਚੱਬੀ ਪੰਜਾਬੀ ਵਿੱਚ ਖ਼ੁਦਾਵੰਦ ਦੀ ਗੱਲ ਕਰਦਾ ।ਬੜਾ ਸਵਾਦ ਆਉਂਦਾ ।ਭਾਗ ਤੇ ਉਹਦਾ ਟੱਬਰ ਸ਼ਾਂਤੀ ਹਰ ਪਾਸਿਓਂ ਈ ਬਹੁਤ ਖ਼ੁੱਸ਼ ਸਨ ।

ਸ਼ੀਨੋ ਤੇ ਰਾਣੀ ਉਨ੍ਹਾਂ ਦੀਆਂ ਦੋਵੇਂ ਜੋੜੀਆਂ ਧੀਆਂ ਸਨ ਤੇ ਪਿੰਡ ਦੇ ਸਕੂਲੇ ਤਰੀਜੀ ਵਿਚ ਪੜ੍ਹਦਿਆਂ ਸਨ ਤੇ ਪੁਤੱਰ ਦਾਨੀਈਲ ਚਾਚੇ ਨਾਲ ਕਰਾਚੀ ਕੰਮ ਕਰਦਾ ਸੀ ।

ਭਾਗ ਬੱਸ ਇਸ ਗੱਲ ਤੇ ਖ਼ੁੱਸ਼ ਨਹੀਂ ਸੀ, ਉਹ ਚਾਹੁੰਦਾ ਸੀ ਚਲੋ ਦਾਨੀਈਲ ਭਾਵੇਂ ਆਥੜੀ ਨਾ ਬਣੇ, ਪਰ ਸ਼ਹਿਰਾਂ ਵਿਚ ਜਾ ਕੇ ਲੋਕਾਂ ਦਾ ਗੰਦ ਤੇ ਨਾ ਚੁਕੇ, ਉਹਨੂੰ ਅਪਣੀ ਬਰਾਦਰੀ ਦੇ ਉਹ ਘੱਰ ਵੀ ਚੰਗੇ ਨਹੀਂ ਸਨ ਲੱਗਦੇ, ਜਿਹਨਾਂ ਦੇ ਜੀਆਂ ਕਰਾਚੀ, ਟੀਕਸਲੇ ਯਾ ਪਿੰਡੀ ਜਾ ਕੇ ਨੌਕਰੀਆਂ ਕਰ ਲਈਆਂ ਸਨ ਤੇ ਐਵੇਂ ਛੁੱਟੀ ਆਏ ਮੂੰਹ ਡਿੰਗਾ ਕਰ ਕੇ ਠੱਠੀ ਵਾਲਿਆਂ ਤੇ ਰੁਅਬ ਪਏ ਝਾੜਦੇ ਸਨ ।ਇੰਜ ਜਿਵੇਂ ਉਥੇ ਅਫ਼ਸਰ ਲੱਗੇ ਹੋਣ ।ਭਾਗ ਨੂੰ ਕਾਕਾ ਤੇ ਫਿੱਕੇ ਮਿਟ ਕੇ ਵਿਚ

ਚੰਗੇ ਨਹੀਂ ਸਨ ਲੱਗਦੇ, ਜਿਹਨਾਂ ਜਾ ਕੇ ਭੁੱਟੇ ਤੇ ਮਸਲਿਆਂ ਨਾਲ ਇੱਟਾਂ ਪਾਣੀਆਂ ਸ਼ੁਰੂ ਕਰ ਦਿੱਤੀਆਂ ਸਨ । ਭਾਗ ਨੂੰ ਭਾਵੇਂ ਇਹ ਸਾਰੇ ਕੰਮ ਪਸੰਦ ਨਹੀਂ ਸਨ ਪਰ ਇਨ੍ਹਾਂ ਕੰਮਾਂ ਵਿਚ ਦਿਨ ਬਦਿਨ ਵਾਧਾ ਹੋ ਰਿਹਾ ਸੀ ਤੇ ਭਾਗ ਦਾ ਪੁਤੱਰ ਦਾਨੀਈਲ ਵੀ ਇਸੇ ਵਾਧੇ ਦਾ ਸ਼ਿਕਾਰ ਹੋਇਆ । ਦਾਨੀ ਵੀ ਚਾਹੁੰਦਾ ਸੀ ਕਿ ਉਹ ਵੀ ਦੂਜੇ ਕਰਾਚੀਉਂ ਆਉਣ ਵਾਲੇ ਠੱਠੀ ਦੇ ਮੁੰਡਿਆਂ ਦੀ ਤਰ੍ਹਾਂ, ਗੋੜ੍ਹੇ ਗੋਟੜ੍ਹੇ ਰੰਗਾਂ ਦੀਆਂ ਪਤਲੂਨਾਂ ਤੇ ਵੱਡੇ ਵੱਡੇ ਫੁੱਲਾਂ ਵਾਲਿਆਂ ਸ਼ਰਟਾਂ ਪਾਵੇ । ਇਸ ਵਾਰੀਵਡੇ ਦਿਨ ਤੋਂ ਮਗਰੋਂ ਜਦੋਂ ਭਾਗ ਦਾ ਭਰਾ ਪਤਰਸ ਤੇ ਦਾਨੀ ਕਰਾਚੀ ਜਾਣ ਦੀ ਤਿਆਰੀ ਕਰ ਰਹੇ ਸਨ। ਭਾਗ ਨੇ ਮੁੰਡੇ ਨੂੰ ਜਾਣ ਤੋਂ ਰੋਕ ਈ ਲਿਆ ।

ਪਤਰਸ ਬੜਾ ਕਹਿਆ ਚੱਲ ਭਾਗੀਆ ਜਾਣ ਦੇ, ਦਾਨੀ ਮੁੰਡਾ ਖੂੰਡਾ ਏ ਆਪੇ ਚਾਰ ਲਹਿ ਜਾਏ ਗਾ ਸੋ, ਪਰ ਭਾਗ ਨਾ ਮੰਨਿਆ, ਥੋੜੇ ਦਿਨਾਂ ਮਗਰੋਂ ਭਾਗ ਨੇ ਗਲੀ ਵਾਲੇ ਪਾਏ ਕੋਠੜੀ ਚੋਂ ਛੋਟਾ ਜਿਹਾ ਬੂਹਾ ਕੱਢਿਆ ਤੇ ਦਾਨੀ ਨੂੰ ਹੱਟੀ ਪਾ ਦਿੱਤੀ । ਹੱਟੀ ਵਾਲਾ ਕੰਮ ਤੇ ਠੀਕ ਸੀ ਪਰ ਉਧਾਰ ਬੜਾ ਹੋ ਜਾਂਦਾ ਸੀ, ਉਹ ਵੀ ਹਾੜੀ ਸਉਨੀ ਤੇ ਅਸੋਹ ਕੱਤੇਂ ਦਾ ਉਧਾਰ ਉਧਾਰ ਤੋਂ ਦਾਨੀ ਬਹੁਤ ਔਖਾ ਹੁੰਦਾ ਪਰ ਇੱਥੇ ਤੇ ਗਾਹਕ ਈ ਬਹੁਤੇ ਛੇ ਛੇ ਮਹੀਨੇ ਉਧਾਰ ਵਾਲੇ ਸਨ ।

ਦਾਨੀ ਆਪਣੇ ਪਿਓ ਨਾਲ ਲੜਦਾ ਪਈ ਮੈਨੂੰ ਕਿੱਥੇ ਫਸਾ ਦਿੱਤਾ ਜੇ । ਆਪ ਤੇ ਤੁਸੀ ਮਰਨ ਡੀਹੇ ਓ । ਤੋਂ ਚੌਧਰੀਆਂ ਦਾ ਆਥੜੀ ਏਂ, ਦਿਨ ਰਾਤ ਦਾ ਨੋਕਰ ਤੇ ਮਾਂ ਉਨ੍ਹਾਂ ਦੇ ਘੱਰ ਉਂ ਦਾ ਕੌੜਾ ਤੇ ਡੇਰੇ ਤੋਂ ਡੰਗਰਾਂ ਦਾ ਰੋਜ਼ ਗੋਹੀਆ ਲਾਹ ਲਾਹ ਕੇ ਆਪ ਡੰਗਰ ਹੋ ਗਈ ਏ । ਕਿਤੇ ਸ਼ਹਿਰ ਜਾ ਕੇ ਕੰਮ ਕਰੋ ਤੁਹਾਡੀਆਂ ਅੱਖਾਂ ਖੁੱਲਣ ਦੁਨੀਆ ਕਿੱਥੇ ਵਸਦੀ ਏ ।

ਦਾਨੀ ਦੀ ਇਹ ਗੱਲ ਸੁਣ ਕੇ ਦੋਵੇਂ ਜੀ ਭਾਗ ਤੇ ਸ਼ਾਂਤੀ ਟੁੱਟ ਕੇ ਉਹਦੇ ਗਲ ਪੈ ਗਏ ।

"ਵੇ ਚੱਲ ਵੇ ਏਡਾ ਤੋਂ ਮੱਤਾਂ ਦੇਣ ਵਾਲਾ ਸਾਡਾ ਪਿਓ, ਸ਼ਾਂਤੀ ਗ਼ੁੱਸੇ ਵਿਚ ਬੋਲ ਰਹੀ ਸੀ । ਸਾਡੇ ਸਿੱਪੀਆਂ ਜਿਹਾ ਕਿੰਨੇ ਹੋਣਾ ਏਂ ।"

ਅੱਗੋਂ ਭਾਗ ਗੱਲ ਫੜੀ:

"ਸੀਪ ਤੇ ਕਿੱਧਰੇ ਰਹਿ ਗਈ ਉਹ ਤੇ ਦਾਣ੍ਹਾ ਫਿੱਕਾ ਆਉਂਦਾ ਈ ਏ । ਹਰ ਔਖੀ ਹਬਾਰੀ ਤੇ ਵੀ ਉਹ ਸਾਨੂੰ ਰਲਦੇ ਨੇਂ । ਘੱਰ ਦੇ ਜੀ ਸਮਝਦੇ ਨੇਂ ਸਾਨੂੰ। ਤੋਂ ਚਾਹਨਾ ਏਂ, ਠੰਢੇ ਦੁੱਧ ਨੂੰ ਫੂਕਾਂ ਮਾਰੀਏ ਇਸੀ, ਨਾ ਵਈ ਨਾ ਬਿਨਾ ਇੰਜ ਨਾ ਕਰਾ, ਸਾਡੇ ਨਾਲ।"

ਸ਼ਾਂਤੀ ਫਿਰ ਬੋਲੀ:

"ਇਹ ਤੇਰੇ ਸ਼ਹਿਰਾਂ ਵਿਚ ਜਾ ਕੇ ਚੱਵਲਾਂ ਮਾਰਨ ਵਾਲਿਆਂ ਤੋਂ ਇਸੀ ਬਹੁਤ ਸੌਖੇ ਆਂ, ਇਵੇਂਨਹੇਂ ਗਿੱਦ ਪੁਰ ਦੀ ਠੱਠੀ ਦੇ ਲੰਬੜਦਾਰ, ਮੰਗੇ ਤੇ ਤੈਨੂੰ ਅਪਣੀ ਪੰਜ ਪੜ੍ਹੀ ਧੀ ਦਾ ਸਾਕ ਦਿੱਤਾ"

ਜਦੋਂ ਵੀ ਦਾਨੀਈਲ ਸ਼ਹਿਰ ਜਾਣ ਦੀ ਗੱਲ ਕਰਦਾ, ਉਹਨੂੰ ਇੰਜ ਦੀਆਂ ਈ ਗੱਲਾਂ ਸੁੰਣਨੀਆਂ ਪੈਂਦੀਆਂ, ਪਰ ਉਹ ਫਿਰ ਵੀ ਪਿੰਡ ਨਹੀਂ ਸੀ ਰਹਿਣਾ ਚਾਹੁੰਦਾ । ਉਹ ਸਮਝਦਾ ਸੀ ਚਲੋ ਕਰਾਚੀ । ਟੀਕਸਲੇ ਨਾ ਈ ਸਹੀ, ਮੰਡੀ ਆਦਮਵਾਲ ਜਾ ਕੇ ਈ ਰਿਹਾ ਜਾਏ, ਵੱਡੇ ਸ਼ਹਿਰ ਨਹੀਂ ਤੇ ਛੋਟੇ ਈ ਸਹੀ । ਜਿੱਥੇ ਭਾਗ ਕਮੇਟੀ ਦਾ ਮੁਲਾਜ਼ਮ ਹੋ ਜਾਏ । ਮਾਂ ਦੀ ਬੱਸ ਦੋ ਤਿੰਨ ਅਮੀਰ ਅਮੀਰ ਘਰਾਂ ਵਿਚ ਕੰਮ ਕਰ ਲਏ ਤੇ ਫਿਰ ਮੈਂ ਵੀ ਕੋਈ ਉਥੇ ਵਧੀਆ ਜਿਹਾ ਕੰਮ ਕਰ ਲਾਂ ਗਾ । ਵੇਲ਼ੇ ਨਾਲ ਕੰਮ ਮੁਕਾਇਆ ਤੇ ਫਿਰ ਮੌਜਾਂ ਈ ਮੌਜਾਂ, ਚੱਵੀ ਘੰਟਿਆਂ ਦੀ ਗ਼ੁਲਾਮੀ ਤੋਂ ਤੇ ਜਾਣ ਛੁਟੇਗੀ । ਨਾਲੇ ਉਥੇ ਡਬਲ ਰੋਟੀ ਖਾਵਾਂਗੇ । ਕੇਬਲ ਟੀ ਵੀ ਵੇਖਾਂਗੇ, ਹਰ ਐਤਵਾਰ ਨੂੰ ਵੱਡੇ ਗਿਰਜੇ ਜਾਵਾਂਗੇ। ਪਰ ਭਾਗ ਤੇ ਸ਼ਾਂਤੀ, ਦਾਨੀਈਲ ਦੀ ਇਸ ਗੱਲ ਨੂੰ ਮੰਨਣਾ ਤੇ ਦੂਰ ਦੀ ਗੱਲ ਸੁਣਨ ਲਈ ਵੀ ਤਿਆਰ ਨਹੇਂ ਸਨ ।

ਪਰ ਵੇਲ਼ੇ ਦਾ ਗੇੜਾ ਇਸਾਂ ਗਿੜੀਆ ਪਈ ਹਰ ਸ਼ੈਅ ਈ ਬਦਲ ਗਈ । ਹੋਇਆ ਇੰਜ



ਪਈ ਵਿਸਾਖੀ ਤੇ ਪੈਰ ਭੋਲੇ ਦੇ ਮੇਲੇ ਤੇ ਹਰ ਸਾਲ ਕੌਡੀ ਹੁੰਦੀ ਏ । ਮੁੰਡੇ ਪੂਰਾ ਪੂਰਾ ਸਾਲ ਤੇਲ ਮੱਲ ਮਿਲਕੇ ਡੰਡ ਬੈਠਕਾਂ ਮਾਰਦੇ ਨੇਂ ਤੇ ਇਸ ਕੌਡੀ ਲਈ ਤਿਆਰ ਹੁੰਦੇ ਨੇਂ ।

ਇਸ ਵਾਰੀ ਡਵਾਟੇ ਵਾਲਿਆਂ ਦੀ ਲਵੇ ਮੁੰਡੇ ਬਾਲੇ ਤੇ ਭਾਗ ਦੋਹਾਂ ਰਲ ਕੇ ਬੜੀ ਤਿਆਰੀ ਕੀਤੀ । ਭਾਗ ਭਾਵੇਂ ਪਕਰੋੜ ਸੀ ਪਰ ਜੁੱਸੇ ਦਾ ਬੜਾ ਨਿੱਘਰ ਸੀ ਤੇ ਕੌਡੀ ਦਾ ਸ਼ੌਕ ਜਮਾਂਦਰੂ ਈ ਉਹਦੇ ਹੱਡਾਂ ਵਿਚ ਰਚਿਆ ਸੀ ਤੇ ਕੁੱਝ ਬਾਲੇ ਨੂੰ ਵਲ ਦੱਸਣ ਲਈ ਉਹ ਉਹਦੇ ਨਾਲ ਈ ਤੇਲ ਮਿਲਦਾ । ਬਾਲੇ ਦੇ ਪਿਓ ਚੌਧਰੀ ਪੈਰਾਂ ਬਖ਼ਸ਼ ਨੇ ਵੀ ਭਾਗ ਨੂੰ ਕਹਿਆ ਸੀ, "ਭਾਗ ਵੇਖੇਂ ਵਈ, ਮੁੰਡੇ ਨੇ ਪਹਿਲੀ ਵਾਰੀ ਪਰ ਵਿੱਚ ਜਾਣਾ ਏਂ । ਸ਼ਰੀਕਾਂ ਅੱਗੇ ਕੁੰਡ ਨਾ ਲੱਗੇ ਸਾਡੀ ।"

ਤੇ ਫਿਰ ਭਾਗ ਵੀ ਬਾਲੇ ਨੂੰ ਤਿਆਰ ਕਰਨ ਵਿਚ ਕੋਈ ਕਸਰ ਨਾ ਛੱਡੀ । ਮੇਲੇ ਵਾਲੇ ਦਿਨ ਕੌਡੀ ਦਾ ਪਿੜ ਪੂਰਾ ਨੱਚਿਆ ਸੀ । ਬਾਲਾ ਅਪਣੀ ਬਾਹੀ ਵੱਲੋਂ ਪਹਿਲੀ ਕੌਡੀ ਪਾਣ ਗਿਆ। ਝਾਫੀ ਬਹੁਤ ਈ ਚੀੜ੍ਹਾ ਸੀ ਪਰ ਬਾਲੇ ਚਪੇੜਾਂ ਦੀ ਉਹ ਦੂਸਰ ਫੇਰੀ ਕਿ ਪੂਰਾ ਮਿਲਾ ਲਲਕਰੇ ਮਾਰਨ ਲੱਗ ਪਿਆ । ਬਾਲਾ ਬਾਹੀ ਤੀਰਕ ਬੜੇ ਛੋਹਲ ਪੁਣੇ ਨਾਲ ਆਇਆ ਤੇ ਭਾਗ ਉਹਨੂੰ ਮੋਢਿਆਂ ਤੇ ਚੁਕ ਲਿਆ । ਉਹਨਾਂ ਦੀ ਪੂਰੀ ਦਾਹੀ ਉਠ ਕੇ ਬੱਕਰੇ ਬਲਾਬਲਾ ਪੂਰਾ ਮੇਲਾ ਸਿਰ ਤੇ ਚੁਕ ਲਿਆ । ਬਾਲੇ ਪੂਰੇ ਪਿੜ ਦਾ ਫੇਰਾ ਲਾਇਆ । ਜੱਟਾਂ ਏਨੇ ਪੈਸੇ ਦਿੱਤੇ ਪਈ ਉਹਦੇ ਦੋਹਾਂ ਹੱਥਾਂ ਕੋਲੋਂ ਨੋਟ ਸਾਂਭੇ ਨਹੀਂ ਸਨ ਜਾ ਰਹੇ ਇਸ ਲਈ ਉਹਨੂੰ ਕੁੱਝ ਰੁਪਏ ਆਪਣੇ ਸਾਫ਼ੇ ਵਿਚ ਤੁੰਨੇ ਪਏ ।

ਛੇਵੀਂ ਸੱਤਵੀਂ ਕੌਡੀ ਭਾਗ ਪਾਣ ਗਿਆ ਤੇ ਝਾਫੀ ਉਹ ਈ ਸੀ ਜਿਹਦਾ, ਬਾਲੇ ਚੰਗਾ ਮਾਨਝਾ ਲਾਇਆ ਸੀ, ਜਗਤ ਪੂਰੀਆਂ ਦਾ ਇਹ ਮੁੰਡਾ ਬਹੁਤ ਈ ਆਕਰਾ ਸੀ ਪਰ ਭਾਗ ਵੀ ਬਾਲੇ ਨਾਲੋਂ ਘੱਟ ਨਹੀਂ ਕੀਤੀ, ਉਹਨੇ ਤਫ਼ੀਲੇ ਨੂੰ ਉਹ ਚਾਕੀਆਂ ਤੇ ਸੁੱਟਾਂ ਕਰਵਾਈਆਂ ਪਈ ਪੁਰ ਅੱਪੜ ਤਾੜੀਆਂ ਮਾਰਨ ਲੱਗ ਪਿਆ । ਪਰ ਜਦੋਂ ਭਾਗ ਨੱਸਦਾ ਹੋਇਆ ਦਾਹੀ ਵੱਲ ਆ ਰਿਹਾ ਸੀ ਤਫ਼ੀਲੇ ਪਿੱਛੋਂ ਨਸਦੀਆਂ ਇਹੋ ਜਿਹੀ ਕੈਂਚੀ ਮਈ ਪਈ ਭਾਗ ਦੀ ਲੱਤ ਦਾ ਕੜਾਕਾ ਪੂਰੇ ਪਿੜ ਨੇ ਸੁਣਿਆ, ਭਾਗ ਦੀ ਲੱਤ ਟੁੱਟ ਗਈ ਸੀ ।

ਮੁਨਸਫ਼ ਨੱਸਦੇ ਹੋਏ ਆਏ । ਬਾਲਾ ਵੀ ਨੱਸਦਾ ਹੋਇਆ ਆਇਆ । ਲੋਕ ਵੀ ਇਕੱਠੇ ਹੋਣ ਲੱਗ ਪਏ । ਸਾਰੇ ਪਿੜ ਨੂੰ ਪਤਾ ਸੀ ਪਈ ਤਫ਼ੀਲੇ, ਭਾਗ ਨੂੰ ਇਹ ਕੈਂਚੀ ਕੌਡੀ ਦੇ ਅਸੂਲਾਂ ਦੇ ਖ਼ਿਲਾਫ਼ ਮਾਰੀ ਏ । ਜਿਹਦੇ ਨਾਲ ਭਾਗ ਦੀ ਲੱਤ ਟੁੱਟ ਗਈ ਏ । ਅਸਲ ਵਿਚ ਭੱਜਦੇ ਹੋਏ ਕਬਡਰ ਨੂੰ ਪਿੱਛੋਂ ਲੱਤ ਡਿੰਗੀ ਕਰ ਕੇ ਕੈਂਚੀ ਮਾਰਨ ਨਾਲ ਕਬਡਰ ਦੀ ਲੱਤ ਟੁੱਟਣ ਦਾ ਡਰ ਹੁੰਦਾ ਏ ਤੇ ਇਹ ਈ ਅੱਜ ਹੋਇਆ ਸੀ । ਬਾਲੇ ਜਾਂਦੀਆਂ ਸਾਰ ਤਫ਼ੀਲੇ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ । ਤਫ਼ੀਲੇ ਦੇ ਨਾਲ ਦੇ ਵੀ ਆ ਗਏ ਤੇ ਉਨ੍ਹਾਂ ਬਾਲੇ ਨੂੰ ਕਹਿਆ, "ਤੋਂ ਇਕ ਕੰਮੀ ਤੋਂ ਸਾਡੇ ਨਾਲ ਲੜਾਈ ਨਾ ਕਰ", ਪਰ ਬਾਲਾ ਉਸ ਵੇਲ਼ੇ ਆਪਣੇ ਆਪ ਤੋਂ ਬਾਹਰ ਹੋ ਰਿਹਾ ਸੀ, ਉਹਨੇ ਤਫ਼ੀਲੇ ਦੇ ਖੁਨੇ ਵਿਚ ਇਹੋ ਜੁੱਸਾ ਚੌੜ ਕੇ ਮੁੱਕਾ ਮਾਰਿਆ ਪਈ ਖ਼ੂਨ ਦੇ ਪਿੜ ਵਿੱਚ ਛੁਟ ਪਏ । ਤਫ਼ੀਲੇ ਦੇ ਨਾਲ ਦੀਆਂ ਵੀ ਬਾਲੇ ਨੂੰ ਮਾਰਨਾ ਸ਼ੁਰੂ ਕਰ ਦਿੱਤਾ, ਹਰ ਪਾਸੇ ਰੌਲਾ ਪੈ ਗਿਆ, ਲਲਕਰੇ ਵੱਜਣ ਲੱਗ ਪਏ ਤੇ ਢੀਮਾਂ ਚੱਲ ਗਈਆਂ । ਕੌਡੀ ਦਾ ਪਿੜ ਟੁੱਟ ਗਿਆ ।

ਤਫ਼ੀਲੇ ਕੇ ਬਹੁਤੇ ਸਨ ਤੇ ਬਾਲੇ ਕੇ ਛੇ ਸਤ ਜਿਨੇ, ਮਨਸਫ਼ਾਂ ਤੇ ਹੋਰ ਓਪਰੇ ਲੋਕਾਂ ਬੜੀਆਂ ਔਖੇ ਹੋ ਕੇ ਛੁਡਾ ਤੇ ਦਿੱਤਾ ਪਰ ਜਗਤ ਪੂਰੀਆਂ ਮਾਰ ਮਾਰ ਬਾਲੇ ਦਾ ਨਾਸ ਮਾਰ ਛੱਡਿਆ।

ਅਗਲਾ ਦਿਨ ਚੜ੍ਹਿਆ ਤੇ ਪੂਰੇ ਬਾਹਰੇ ਵਿਚ ਦੁਹਾਈ ਪਈ ਸੀ । ਤਫ਼ੀਲੇ ਨੂੰ ਰਾਤੀਂ ਕਿਸੇ ਨੇ ਡੇਰੇ ਤੇ ਸੁੱਟੀਆਂ ਈ ਟੋਕੇ ਨਾਲ ਵੱਢ ਛੱਡਿਆ ਏ ।

ਤਫ਼ੀਲੇ ਦੇ ਘੱਰ ਵਾਲਿਆਂ ਬਾਲੇ ਕੇ ਚਉਵਾਂ ਪਿਓ, ਪੁੱਤਰਾਂ ਤੇ ਭਾਗ ਤੇ 302 ਦਾ ਪਰਚਾ ਕਟਵਾ ਦਿੱਤਾ । ਬਾਲੇ ਕੇ ਪਹਿਲੋਂ ਈ ਸਾਰੇ ਜੀ, ਮਾਲ ਡੰਗਰ ਲੈ ਕੇ, ਰਾਤੋ ਰਾਤ, ਦਰਿਆ

ਪਾਰ ਕਰ ਗਏ ਸਨ ।

ਭਾਗ ਮਝੋ ਕੀਆਂ ਤੋਂ, ਛਾਹ ਪਹਿਲਵਾਨ ਕੋਲੋਂ ਪੱਟੀ ਕਰਵਾ ਕੇ ਬਾਲੇ ਦੇ ਨਾਲ ਈ ਆਇਆ ਸੀ ਤੇ ਉਹਨੇ ਬੱਸ ਭਾਗ ਨੂੰ ਇਹ ਕਹਿਆ ਸੀ, "ਭਾਗ ਮੈਂ ਤੇਰੀ ਲੱਤ ਤਰੋੜਨ ਵਾਲੇ ਤਫ਼ੀਲੇ ਨੂੰ ਨਹੀਂ ਛੱਡਣਾ, ਤੇਰੀ ਤੇ ਲੱਤ ਟੁੱਟੀ ਏ, ਤੇਰੇ ਤੇ ਸ਼ੱਕ ਵੀ ਕਿਸੇ ਨਹੀਂ ਕਰਨਾ, ਘਬਰਾਈਂ ਨਾ, ਡੰਗਾਂ ਵਿਚ ਸਾਰਾ ਕੰਮ ਠੀਕ ਹੋ ਜਾਵੇ ਗਾ ।"

ਪੁਲਸ ਆਈ ਤੇ ਥਾਣੇਦਾਰ ਭਾਗ ਨੂੰ ਬੜੀਆਂ ਤੜੀਆਂ ਲਾਈਆਂ ਪਰ ਭਾਗ ਉੱਕਾ ਨਾ ਬਰਕੀਆ ਪਈ, "ਮੈਨੂੰ ਵੀ ਕੁੱਝ ਪਤਾ ਏ ।"

ਪੁਲਸ ਵਾਲੇ ਵੀ ਖ਼ਾਲੀ ਹੱਥ ਜਾਣ ਲਈ ਤਿਆਰ ਨਹੀਂ ਸਨ । ਜਾਣ ਲੱਗਿਆਂ ਉਹ ਦਾਨੀਈਲ ਨੂੰ ਲੈ ਗਏ ।

ਨਗੋਰ ਦੀ ਪੰਚਾਇਤ ਪਈ ਤੇ ਉਨ੍ਹਾਂ ਜਗਤ ਪੂਰੀਆਂ ਨੂੰ ਸਮਝਾਇਆ । "ਗੋਏ ਭਨੀਆਂ ਵੀਰ ਨਹੇਂ ਮੁੱਕਦੇ, ਭਾਗ ਟੁੱਟੀ ਲੱਤ ਨਾਲ ਤੇ ਨਹੀਂ ਨਾ ਮਾਰਨ ਲਈ ਆ ਗਿਆ, ਕਚਹਿਰੀਉਂ ਵੀ ਉਹਨੇ ਛੁਟ ਆਉਣਾ ਏ ਐਵੇਂ ਗ਼ਰੀਬ ਮਾਰ ਨਾ ਕਰੋ ਤੇ ਪਰਚੇ ਵਿੱਚੋਂ ਭਾਗ ਨੂੰ ਕੱਢ ਦਿਓ ।"

ਗੱਲ ਵੀ ਠੀਕ ਸੀ ਤਫ਼ੀਲੇ ਕੇ ਟੱਬਰ ਨੂੰ ਮੰਨਣੀ ਪਈ । ਭਾਗ ਦਾ ਨਾਂ ਔਖੀਆਂ ਸੌਖਿਆਂ ਹੋ ਕੇ ਪੁਲਸ ਨੇ ਪਰਚੇ ਵਿੱਚੋਂ ਕੱਢ ਦਿੱਤਾ ਤੇ ਦਾਨੀਈਲ ਵੀ ਘੱਰ ਆ ਗਿਆ ।

ਭਾਗ ਕੁੱਝ ਟੁਰਨ ਜੋਗਾ ਹੋਇਆ ਤੇ ਦਾਨੀਈਲ ਖੱਪ ਪਾ ਦਿੱਤੀ "ਦੁਹਾਈ ਖ਼ੁਦਾ ਦੀ ਏ, ਅਸਾਂ ਹੁਣ ਪਿੰਡ ਨਹੀਂ ਰਹਿਣਾ ਭਾਵੇਂ ਕੁੱਝ ਹੋ ਜਾਏ ।"

ਭਾਗ ਤੇ ਸ਼ਾਂਤੀ ਬੜੀਆਂ ਉੱਡੀਆਂ ਢਾਈਆਂ ਪਰ ਦਾਨੀਈਲ ਤੇ ਬੱਸ ਅੱਠੇ ਪਹਿਰ ਇਕ ਈ ਜ਼ਿੱਦ ਫੜ ਛੱਡੀ, ਸੇ ਦਿਨ ਤੁਹਾਨੂੰ ਵੀ ਕੋਈ ਵੱਢ ਜਾਏ ਗਾ ਤੇ ਫਿਰ ਤੁਹਾਨੂੰ ਹੋਸ਼ ਆਏਗੀ ।"

ਅਖ਼ੀਰ ਮਾਂ ਪਿਓ ਨੂੰ ਜਵਾਨ ਪੁਤੱਰ ਦੀ ਜ਼ਿੱਦ ਅੱਗੇ ਹਾਰਨਾ ਪਿਆ ਅਤੇ ਇਕ ਉਦਾਸ ਸਵੇਰ ਨੂੰ ਗੱਡੇ ਤੇ ਸਾਮਾਨ ਰੱਖ ਕੇ ਉਹ ਸਾਰਾ ਟੱਬਰ ਮੰਡੀ ਆਦਮਵਾਲ ਟੁਰ ਗਏ । ਠੱਠੀ ਦੇ ਕਈ ਜਈਆਂ ਤੇ ਪਿੰਡ ਦੇ ਦੋ ਚੂਨਾ ਮਾਤਬਰਾਂ ਵੀ ਬਹੁਤ ਸਮਝਾਇਆ ਪਰ ਕੋਈ ਵੀ ਗੱਲ ਉਨ੍ਹਾਂ ਨੂੰ ਜਾਣ ਤੋਂ ਨਾ ਰੋਕ ਸੱਕੀ, ਚੌਧਰੀ ਰਹਿਮ ਦੇਣ ਕਹਿਆ, "ਡਵਾਟੇ ਵਾਲਿਆਂ ਦੀ ਸੀਪ ਨਹੀਂ ਰਹੀ ਤੇ ਕਿਹੜੀ ਆਖ਼ਿਰ ਆ ਗਈ ਏ ਤੋਂ ਮੇਰੇ ਕੋਲੋਂ ਦਿਹਾੜੇ ਤੇ ਇਕ ਝੋਟੀ ਲੈ ਲਾਏ, ਨਾਲੇ ਇਕ ਕਿੱਲਾ ਹਿੱਸੇ ਤੇ ਵਾਹ ਲੈ, ਪਿੰਡ ਰਹੋ, ਭੁੱਖਾ ਨਹੀਂ ਤੈਨੂੰ ਮਰਨ ਦਿੰਦੇ, ਕੋੜ੍ਹਾ ਪਿੰਡ ਨਾ ਛੱਡ ।" ਪਰ ਭਾਗ ਕੋਲੋਂ ਪਿੰਡ ਛੁਟ ਈ ਗਿਆ ।

ਮੰਡੀ ਆਦਮ ਵਾਲ ਜਾ ਕੇ ਉਹ ਕਮੇਟੀ ਦੇ ਕੱਚੇ ਮੁਲਾਜ਼ਮਾਂ ਵਿਚ ਨਵੇਂ ਵਸਤੀ ਦੇ ਕੌਂਸਲਰ ਦੀ ਸਿਫ਼ਾਰਸ਼ ਨਾਲ ਭਰਤੀ ਹੋ ਗਿਆ । ਸ਼ਾਂਤੀ ਨੂੰ ਵੀ ਦੋ ਚੂਨਾ ਘਰਾਂ ਦਾ ਕੰਮ ਲੱਭ ਗਿਆ । ਨਵੇਂ ਵਸਤੀ ਵਿਚ ਉਨ੍ਹਾਂ ਛੋਟਾ ਜਿਹਾ ਮਕਾਨ ਪਹਿਲਾਂ ਈ ਕਰਾਏ ਤੇ ਲੈ ਲਿਆ ਸੀ । ਸ਼ੀਨੋ ਤੇ ਰਾਣੀ ਵੀ ਨਵੇਂ ਸਕੂਲੇ ਦਾਖ਼ਲ ਹੋ ਗਈਆਂ । ਨਵੀਂ ਜ਼ਿੰਦਗੀ ਦਾ ਗੀੜ੍ਹਾ ਰੜ੍ਹਨ ਲੱਗ ਪਿਆ । ਪਰ ਇਹਦੇ ਤੇ ਨਾ ਤੇ ਭਾਗ ਈ ਖ਼ੁੱਸ਼ ਸੀ ਤੇ ਨਾ ਈ ਸ਼ਾਂਤੀ ਨੂੰ ਸ਼ਾਂਤੀ ਸੀ ।

ਭਾਗ ਕੇ ਦੁੱਧ ਪੀਣ ਵਾਲੇ ਜੀ ਸਨ ਤੇ ਹੁਣ ਉਹ ਚਾਹ ਪੀਣ ਏ ਆ ਗਏ ਸਨ, ਪੁਰ ਅਮਹੀਨਾ ਖ਼ਵਾਰੀ ਕਰ ਕੇ ਵੀ ਤਨਖ਼ਾਹ ਵੇਲ਼ੇ ਸਿਰ ਨਹੀਂ ਸੀ ਲੱਭਦੀ ।

ਸ਼ਾਂਤੀ ਨੂੰ ਇੰਜ ਲਗਦਾ ਸੀ ਪਈ ਜਿਹਨਾਂ ਘਰਾਂ ਵਿੱਚ ਉਹ ਬਹੁਕਰ ਭਾਰੀ ਕਰਦੀ ਏ ਉਹ ਉਨ੍ਹਾਂ ਦੀ ਸੀਪਨ ਨਹੀਂ ਸਗੋਂ ਨੋਕਰ ਏ । ਉਹਨਾਂ ਦਾ ਮੱਲ ਵਰਤਣ ਸ਼ਾਂਤੀ ਨਾਲ ਇੰਜ ਦਾ ਸੀ ਜਿਵੇਂ ਉਨ੍ਹਾਂ ਸ਼ਾਂਤੀ ਨੂੰ ਮੁੱਲ ਲੈ ਲਿਆ ਹੋਵੇ । ਹਰ ਐਤਵਾਰ ਨੂੰ ਵੱਡੇ ਗਿਰਜੇ ਵੀ ਨਹੀਂ ਸੀ ਜਾਇਆ ਜਾਂਦਾ । ਕਦੀ ਸੁਪਰਵਾਈਜ਼ਰ, ਕਦੇ ਚੀਫ਼ ਅਫ਼ਸਰ ਦੇ ਘੱਰ ਦੀ ਸਫ਼ਾਈ ਤੇ ਕਦੀ ਕਮੇਟੀ ਘੱਰ ਹੋਣ ਵਾਲੇ ਕਿਸੇ ਫ਼ੰਕਸ਼ਨ ਤੇ ਭਾਗ ਦੀ ਡਿਊਟੀ ਲੱਗ ਜਾਂਦੀ ਤੇ ਸ਼ਾਂਤੀ ਨੂੰ ਕਦੀ ਕੋਈ ਤੇ ਕਦੀ ਕੋਈ ਘੱਰ ਵਾਲਾ ਐਤਵਾਰ ਨੂੰ ਬੁਲਾ ਲੈਂਦਾ ਪਈ ਅੱਜ ਪ੍ਰਾਹੁਣੇ ਆਉਣੇ ਨੇਂ । ਕੰਮ ਬਹੁਤਾ ਏ ।

ਖ਼ੁੱਸ਼ ਸੀ ਤੇ ਬੱਸ ਦਾਨੀਈਲ ਉਹ ਇਕ ਜੁੱਤੀਆਂ ਦੀ ਵੱਡੀ ਦੁਕਾਨ ਤੇ ਸੇਲਜ਼ ਮੈਨ ਭਰਤੀ ਹੋ ਗਿਆ । ਸਵੇਰ ਤੋਂ ਲੱਗ ਕੇ ਸ਼ਾਮ ਤੱਕ ਉਹ ਵਣ ਸੱਵਨੇ ਪੈਰਾਂ ਵਿੱਚ ਜੁੱਤੀਆਂ ਪਾਂਦਾ ਤੇ ਲਾਹੁੰਦਾ ਤੇ ਮਹੀਨੇ ਦੇ ਅਖ਼ੀਰ ਤੇ ਢਾਈ ਹਜ਼ਾਰ ਲੈ ਕੇ ਬੜਾ ਖ਼ੁੱਸ਼ ਹੁੰਦਾ ।

ਦਾਨੀ ਕੇ ਘੱਰ ਟੀ ਵੀ ਆ ਗਿਆ । ਕੇਬਲ ਲੱਗ ਗਈ, ਉਹ ਡਬਲ ਰੋਟੀ ਖਾਂਦਾ ਤੇ ਚਾਹ ਪੀਣ ਲੱਗ ਪਏ, ਪਨਧਰੇਂ ਦਿਨੀਂ, ਮਹੀਨੇ ਮਗਰੋਂ ਵੱਡੇ ਗਿਰਜੇ ਵੀ ਸਾਰਾ ਟੱਬਰ ਜਾਂਦਾ ।

ਸਿਵਾਏ ਰਾਣੀ ਤੇ ਸ਼ੀਨੋ ਦੇ ਘੱਰ ਦੇ ਤਿਨੋ ਜੀ ਕਮਾ ਰਹੇ ਸਨ ਪਰ ਉਨ੍ਹਾਂ ਦੀ ਜ਼ਿੰਦਗੀ ਵਿਚ ਸੁੱਖ ਨਹੀਂ ਸੀ । ਹਰ ਸ਼ੈਅ ਮੁੱਲ ਦੀ ਉਨ੍ਹਾਂ ਦੀ ਪੂਰੀ ਉਹ ਨਹੀਂ ਸੀ ਪੈ ਰਹੀ ।

ਭਾਗ ਤੇ ਸ਼ਾਂਤੀ ਸਮਝਦੇ ਸਨ ਅਸੀਂ ਪਿੰਡ ਛੱਡ ਕੇ ਔਖੇ ਹੋਏ ਆਂ । ਪਰ ਦਾਨੀ ਸਮਝਦਾ ਸੀ ਪਈ ਅਸੀਂ ਪਿਆ ਈ ਔਖੇ ਹੋਣ ਲਈ ਹੋਏ ਆਂ ।

ਉਹ ਜਦੋਂ ਪਿੰਡ ਸਨ ਉਹਦਾ ਪਿਓ ਦਿਨ ਰਾਤ ਜੱਟਾਂ ਦਾ ਆਥੜੀ ਸੀ ਤੇ ਮਾਂ ਲੋਕਾਂ ਦੇ ਘਰਾਂ ਦਾ ਕੌੜਾ ਸੁੱਟਦੀ ਫਿਰਦੀ ਸੀ ਤੇ ਰੋਜ਼ ਸਵੇਰੇ ਸਵੇਰੇ ਮਿਲ ਪੈਂਡਾ ਕਰ ਕੇ ਡੰਗਰਾਂ ਦਾ ਗੋਹੀਆ ਲਾਹੁਣ ਜਾਂਦੀ ਸੀ । ਉਹ ਆਪ, ਆਪਣੇ ਚਾਚੇ ਪਤਰਸ ਨਾਲ ਕਰਾਚੀ ਗਿਆ ਤੇ ਲੈਟਰੀਨਾਂ ਦੀ ਸਫ਼ਾਈ ਤੇ ਹੋਰ ਇਹੋ ਜਿਹੇ ਚੱਵਲ ਕੰਮ ਉਹ ਕਰਦਾ ਰਿਹਾ ਤੇ ਜੇ ਇੱਥੇ ਸ਼ਹਿਰ ਆਏ ਆਂ ਤੇ ਇੱਥੇ ਵੀ ਉਹ ਈ ਪਾਉਂ ਗਾ ਲਾ । ਕਦੀ ਆਟਾ ਮੁਕਾ ਏ ਤੇ ਕਦੀ ਪਤੀ ਕੋਈ ਨਹੀਂ, ਕਦੀ ਕੋਈ ਰੋਣਾ ਤੇ ਕਦੀ ਕੋਈ ।

ਦਾਨੀ ਸੋਚਦਾ ਇਹ ਸਾਰੇ ਮਸਅਲੇ ਸਾਡੇ ਨਾਲ ਈ ਕਿਉਂ ਨੇਂ ? ਪਿੰਡ ਦੇ ਸਾਰੇ ਜ਼ਿਮੀਂਦਾਰਾਂ ਦੀਆਂ ਬੀਬੀਆਂ ਆਪਣੇ ਡੰਗਰਾਂ ਦਾ ਗੋਹੀਆ ਆਪ ਕਿਉਂ ਨਹੀਂ ਲਾਹੁੰਦਿਆਂ ? ਉਹ ਅਪਣਾ ਕੌੜਾ ਆਪ ਕਿਉਂ ਨਹੀਂ ਰੂੜੀਆਂ ਤੇ ਸੁੱਟਣ ਜਾਂਦੀਆਂ ? ਸ਼ਹਿਰਾਂ ਵਿਚ ਲੈਟਰੀਨਾਂ ਤੇ ਗਲੀਆਂ ਅਸਾਂ ਈ ਕਿਉਂ ਸਾਫ਼ ਕਰਨੀਆਂ ਨੇਂ ? ਲੋਕਾਂ ਦਾ ਗੰਦ ਚੁੱਕਣਾ ਸਾਡਾ ਈ ਮੁਕੱਦਰ ਕਿਉਂ ਏ ? ਦਾਨੀ ਸੋਚ ਸੋਚ ਕੇ ਫਾਵਾ ਹੋ ਜਾਂਦਾ ਪਰ ਉਹਦੀ ਸਮਝ ਵਿਚ ਕੱਖ ਨਾ ਆਉਂਦਾ । ਬੱਸ ਉਹਦੀ ਸੋਈ ਇਕ ਥਾਂ ਈ ਅ ਕੇ ਅਟਕਦੀ, ਪਈ "ਸਾਰਾ ਫ਼ਰਕ ਮਜ਼ਹਬ ਦਾ ਏ । ਇਸੀ ਵੀ ਮੁਸਲਮਾਨ ਹੋ ਜਾਈਏ ਤੇ ਸਾਰਾ ਰੌਲਾ ਈ ਮੁੱਕ ਜਾਏ, ਇੱਜ਼ਤ ਦਾਰ ਵੀ ਹੋ ਜਾਈਏ ਤੇ ਇਹ ਚੌੱਲ ਕੰਮਾਂ ਤੋਂ ਵੀ ਜਾਣ ਛੁਟ ਜਾਏ । ਹਰ ਕੋਈ ਗੱਲ ਗੱਲ ਨਾਲ 'ਕੰਮੀ' ਤੇ ਨਾ ਆਖੇ ਗਾ । ਮਜ਼ਹਬ ਛੱਡਣਾ ਦੁਨੀਆ ਦਾ ਔਖਾ ਤਰੀਂ ਕੰਮ ਏ, ਇਹ ਇੰਜ ਈ ਏ ਜਿਵੇਂ ਆਪਣੇ ਹੱਥੀਂ ਆਪ ਮਰਨਾ ਹੋਏ । ਪਰ ਦਾਨੀ ਇਸ ਮੌਤ ਲਈ ਵੀ ਬਿਲਕੁਲ ਤਿਆਰ ਸੀ, ਉਹਨੂੰ ਪਤਾ ਲੱਗ ਸੀ ਪਈ ਬਚ ਪਨ ਦਾ ਬੱਸ ਇਹੋ ਈ ਇੱਕ ਤਰੀਕਾ ਏ ।

ਦਾਨੀ ਨੇ ਭਾਗ ਤੇ ਸ਼ਾਂਤੀ ਨਾਲ ਗੱਲ ਕੀਤੀ ਤੇ ਦੋਵੇਂ ਉਹਨੂੰ ਮਾਰਨ ਪੈ ਗਏ ।

ਭਾਗ ਕਹਿਆ, "ਤੋਂ ਸਾਦੀ ਦੁਨੀਆ ਤੇ ਤਬਾਹ ਕਰ ਛੱਡੀ ਏ । ਹੁਣ ਤੋਂ ਦੀਣ ਦਾ ਬੂਟਾ ਵੀ ਪੁੱਟ ਕੇ ਈ ਛੱਡੀਂ ਗਾ ।''

ਸ਼ਾਂਤੀ ਗ਼ੁੱਸੇ ਨਾਲ ਭਰੀ ਬੋਲੀ, "ਦਾਨੀ ਉਨਤਰੀਆ, ਤੋਂ ਕਿਉਂ ਸਾਨੂੰ ਅੱਗੇ ਪਿੱਛੇ ਜੋਗਾ ਨਹੀਂ ਛੱਡਣਾ, ਇਸੀ ਭੈਣ ਭਰਾਵਾਂ ਤੇ ਬਰਾਦਰੀ ਨੂੰ ਕੀ ਮੂੰਹ ਵਿਖਾਵਾਂਗੇ ।"

ਦਾਨੀ ਉਸ ਵੇਲ਼ੇ ਤੇ ਚੁਪ ਕਰ ਗਿਆ । ਪਰ ਜੂੰ ਜੂੰ ਉਹ ਸੋਚਦਾ, ਉਹਦੇ ਅੰਦਰ ਦੇ ਲਾਂਬੂ ਹੋਰ ਭੜਕਦੇ । ਉਹ ਦੁਖ ਦੀ ਇਸ ਵਲਗਣ ਵਿੱਚੋਂ ਨਿਕਲਣਾ ਚਾਹੁੰਦਾ ਸੀ ਪਰ ਉਹਨੂੰ ਰਾਹ ਕੋਈ ਨਹੀਂ ਸੀ ਲੱਭ ਰਹੀ ।

ਆਪਣੇ ਆਪ ਨੂੰ ਆਹਰੇ ਲਾਣ ਲਈ ਪਿਛਲੇ ਪਹਿਰ ਕੰਮ ਤੋਂ ਆ ਕੇ ਉਹ ਕੁਫ਼ਤਾਂਵੀਲੇ ਤੱਕ ਯਾਰਾਂ ਬੇਲੀਆਂ ਨਾਲ ਤਾਸ਼ ਖੇਡਦਾ ਰਹਿੰਦਾ ਯਾਂ ਉਨ੍ਹਾਂ ਨਾਲ ਇੱਧਰ ਉੱਧਰ ਫਿਰਦਾ ਰਹਿੰਦਾ ।

ਹਰ ਜੁਮੇਰਾਤ ਨੂੰ ਸਟੇਸ਼ਨ ਦੇ ਲਾਗੇ ਸਾਈਂ ਬੂਟੇ ਦੇ ਦਰਬਾਰ ਤੇ ਕੱਵਾਲੀ ਹੁੰਦੀ ਸੀ । ਫਿਰਦਾ ਫਰਾਨਦਾ ਦਾਨੀ ਵੀ ਯਾਰਾਂ ਨਾਲ ਉਥੇ ਟੁਰ ਗਿਆ । ਉਹਨੂੰ ਕੱਵਾਲੀ ਸੁਣ ਕੇ ਬੜਾ ਈ ਸਵਾਦ ਆਇਆ ।ਉਹਨੇ ਕਈ ਮਲੰਗਾਂ ਤੇ ਮਲਨਗਨੀਆਂ ਨੂੰ ਹਾਲ ਪੈਂਦੀਆਂ ਵੀ ਵੇਖਿਆ । ਥੋੜੀ ਦੇਰ ਲਈ ਉਹਨੂੰ ਵੀ ਲੱਗਿਆ ਜਿਵੇਂ ਉਹ ਆਪਣੇ ਕਾਬੂ ਤੋਂ ਬਾਹਰ ਹੋ ਰਿਹਾ ਏ ਪਰਛੀਤੀ ਓ ਹੀ ਉਹਨੇ ਆਪਣੇ ਆਪ ਨੂੰ ਸੰਭਾਲ ਲਿਆ । ਦਾਨੀ ਉਸ ਰਾਤ ਤੇ ਸਹੀ ਸਲਾਮਤ ਵਾਪਸੀ ਆ ਗਿਆ ਹਰ ਅਗਲੀ ਜੁਮੇਰਾਤ ਨੂੰ, ਸਾਈਂ ਬੂਟੇ ਦੇ ਦ੍ਰਬਾਰ ਤੇ ਕੱਵਾਲੀ ਸੁਣ ਕੇ ਦਾਨੀਈਲ ਆਪਣੇ ਆਪ ਉਹ ਉੱਕਾ ਬੇ ਹਾਲ ਹੋਗਿਆ । ਕਈ ਵੇਖਣ ਵਾਲਿਆਂ ਕਹਿਆ, "ਇਹ ਕੋਈ ਸੱਚਾ ਆਸ਼ਿਕ ਲਗਦਾ ਏ, ਜਾਪਦਾ ਏ ਕੋਈ ਡਾਹਡੀ ਸੱਟ ਲੱਗੀ ਸੋ । ਕੋਈ ਹੋਰ ਬੋਲਿਆ, "ਦਿਲ ਦਾ ਵਾਸੀ ਸਾਹਮਣੇ ਆਨ ਖਲੋਵੇ ਤੇ ਫਿਰ ਇਹੋ ਈ ਹਾਲ ਹੁੰਦਾ ਏ ।"

ਭਾਗ ਤੇ ਸ਼ਾਂਤੀ ਨੂੰ ਆਪਣੇ ਕੰਮਾਂ ਤੋਂ ਵਿਹਲ ਨਹੀਂ ਸੀ । ਉਹ ਪਿੰਡ ਵੀਂ ਬਥੇਰਾ ਕੰਮ ਕਰਦੇ ਸਨ ਪਰ ਲਗਦਾ ਸੀ ਸ਼ਹਿਰ ਅੱਗੇ ਉਹ ਮਸ਼ੀਨ ਬਣ ਗਏ ਨੇਂ । ਉਨ੍ਹਾਂ ਦਾ ਧਿਆਨ ਘੱਟ ਈ ਦਾਨੀ ਵੱਲ ਜਾਂਦਾ ਸੀ ਪਈ ਉਹ ਕੀ ਕਰਦਾ ਫਿਰਦਾ ਏ । ਦੋਵੇਂ ਜੀ ਦਿਹਾੜ ਦੇ ਥੱਕੇ ਟੁੱਟੇ ਆਉਂਦੇ ਤੇ ਆ ਕੇ ਸ਼ਾਮ ਵ ਸ਼ਾਮ ਢੈਹ ਜਾਂਦੇ ।

ਭਾਗ ਤੇ ਸ਼ਾਂਤੀ ਦੇ ਫ਼ਿਕਰਾਂ ਵਿੱਚੋਂ ਇੱਕ ਫ਼ਿਕਰ ਇਹ ਵੀ ਸੀ ਪਈ ਦਾਨੀ ਦਾ ਸੌਹਰਾ ਮੰਗਾ ਲੰਬੜਦਾਰ ਹੁਣ ਵਿਆਹ ਨੂੰ ਕਾਹਲਾ ਪਿਆ ਸੀ, ਗੱਲ ਵੀ ਸੱਚੀ ਸੀ ਤਿੰਨ ਸਾਲ ਹੋ ਚੱਲੇ ਸਨ ਮੰਗੀ ਨੂੰ, ਜਵਾਨ ਧੀਆਂ ਕਿੰਨਾ ਕੋ ਚਿਰ, ਮਾਂ ਪਿਓ ਦੇ ਘੱਰ ਬਹਿਣਾ ਹੁੰਦਾ ਏ । ਸ਼ਾਂਤੀ ਨੂੰ ਤੇ ਦਾਨੀ ਦੇ ਵਿਆਹ ਨਾਲੋਂ ਵੱਧ ਸ਼ੀਨੋ ਤੇ ਰਾਣੀ ਦੀ ਫ਼ਿਕਰ ਲੱਗੀ ਰਹਿੰਦੀ ਸੀ । ਉਹ ਭਾਵੇਂ ਬੜੀਆਂ ਸਾਉ ਸਨ ਪਰ ਭੈੜੀ ਹਵਾ ਵਗਦੀਆਂ ਕਿਹੜਾ ਚਿਰ ਲਗਦਾ ਏ ।

ਉਨ੍ਹਾਂ ਦੋਹਾਂ ਜਿਹਾਂ ਦੀ ਮਤ ਮਾਰਨ ਲਈ ਇਹ ਸੋਚਾਂ ਈ ਬਥੇਰੀਆਂ ਸਨ ਪਰ ਇਕ ਦਿਨ ਅਜਿਹਾ ਚੰਨ ਚੜ੍ਹਿਆ ਕਿ ਉਨ੍ਹਾਂ ਦੋਹਾਂ ਜਣੀਆਂ ਦਾ ਲੱਕ ਈ ਟੁੱਟ ਗਿਆ । ਹੋਇਆ ਇਹ ਪਈ, ਦਾਨੀ ਇਕ ਰਾਤ ਆਪਣੇ ਯਾਰਾਂ ਨਾਲ ਤਲਾ ਵਾਲੀ ਗਰਾਉਨਡੇ ਮੌਲਵੀ ਬੰਬ ਦਾ ਜਲਸਾ ਸੁਣਨ ਟੁਰ ਗਿਆ । ਮੌਲਵੀ ਬੰਬ ਦਾ ਉਲ ਨਾਂ ਤੇ ਹਦਾਇਤ ਅੱਲਾਹ ਸੀ, ਪਰ ਮੌਲਵੀ ਹੋਰੀ ਹਦਾਇਤ ਵੀ। ਆਪਣੇ ਜੋਸ਼ ਤੇ ਜ਼ੋਰ ਨਾਲ ਕਰਦੇ ਪਈ ਜਲਸਿਆਂ ਚ ਉਨ੍ਹਾਂ ਦੀਆਂ ਤਕਰੀਰਾਂ ਸੁਣ ਕੇ ਥਰਥਲੀ ਜਿਹੀ ਮੱਚ ਜਾਂਦੀ, ਮੌਲਵੀ ਹਦਾਇਤ ਅੱਲਾਹ ਹੋਰਾਂ ਦੇ ਜੋਸ਼ਿ ਖ਼ਤਾਬਤ ਤੇ ਮੁਖ਼ਾਲਿਫ਼ ਫ਼ਿਰਕੇ ਦੇ ਲਾਹ ਪਾਹ ਕਰਨ ਦੀ ਵਜ੍ਹਾ ਤੋਂ ਲੋਕੀ ਉਹਨਾਂ ਨੋਂ ਮੌਲਵੀ ਬੰਬ ਕਹਿੰਦੇ ਸਨ । ਅਸਲ ਵਿਚ ਉਹ ਰਹਿਣ ਵਾਲੇ ਤੇ ਵੱਡੇ ਸ਼ਹਿਰ ਦੇ ਸਨ ਪਰ ਪੂਰੇ ਇਲਾਕੇ ਵਿਚ ਉਨ੍ਹਾਂ ਨੂੰ ਵੱਡੇ ਵੱਡੇ ਜਲਸਿਆਂ ਤੇ ਬੁਲਾਇਆ ਜਾਂਦਾ ਤੇ ਲੋਕ ਵੀ ਬੜੇ ਸ਼ੌਕ ਨਾਲ ਉਨ੍ਹਾਂ ਦੀ ਤਕਰੀਰ ਸੁਣਨ ਆਉਂਦੇ ਸਨ । ਜਿਸ ਵੇਲ਼ੇ ਦਾਨੀ ਜਲਸੇ ਵਿਚ ਵੜਿਆ, ਮੌਲਵੀ ਸਾਹਿਬ ਗਜ ਗੱਜ ਕੇ ਕਹਿ ਰਹੇ ਸਨ, "ਜਿਸ ਦਿਨ ਦਾ ਯੂਸੁਫ਼ ਯੂਹਨਾ, ਮੁਹਾਮਦ ਯੂਸੁਫ਼ ਬਣਿਆ ਏ, ਉਹਦੇ ਚਿਹਰੇ ਤੇ ਨੂਰ ਆ ਗਿਆ ਏ । ਉਹੀਂ ਬੈਟਿੰਗ ਦੇ ਨਵੇਂ ਰਿਕਾਰਡ ਬਣਾਏ ਨੇਂ ਤੇ ਪੁਰਾਣੇ ਰਿਕਾਰਡ ਤਰੋੜ ਦਿੱਤੇ ਨੇਂ । ਆਉ ਲੋਕੋ ! ਵੇਖੋ ਲਵੋ ਅੱਜ ਉਹਦੇ ਰਸਤੇ ਤੇ ਜਿਹੜਾ ਵੀ ਟੁਰਦਾ ਏ ਉਹਦੇ ਰਿਕਾਰਡ ਵੀ ਉਹ ਆਪ ਈ ਬਣਾਂਦਾ ਏ ।"

ਪੂਰੀ ਗਰਾਊਂਡ ਨਾਅਰੇ ਵੱਜਣ ਲੱਗ ਪਏ ਤੇ ਲੰਬੇ ਤੋਤਿਆਂ ਵਾਲੇ ਬਾਂਸਾਂ ਤੇ ਟੰਗੇ ਸਪੀਕਰ ਲੋਕਾਂ ਦੇ ਕੰਨ ਪਾੜਨ ਲੱਗ ਪਏ । ਮੌਲਵੀ ਸਾਹਿਬ ਦੀ ਗੱਲ, ਦਾਨੀ ਦੇ ਦਿਲ ਨੂੰ ਲੱਗੀ ਤੇ ਉਹਨੇ ਸੋਚਿਆ, "ਜੇ ਉਹ ਵੀ ਦਾਨੀਈਲ ਤੋਂ ਮੁਹੰਮਦ ਦਾਨਿਸ਼ ਯਾ ਮੁਹੰਮਦ ਦਾਨੀਆਲ ਹੋ ਜਾਏ ਤੇ



ਉਹਦੇ ਦਿਨ ਵੀ ਫਿਰ ਸਕਦੇ ਨੇਂ ।

ਮੌਲਵੀ ਸਾਹਿਬ ਜਲਸੇ ਤੇ ਜੋਸ਼ ਦੇ ਬੰਬ ਮਾਰ ਰਹੇ ਸਨ ਤੇ ਖ਼ਲਕਤ ਵੀ ਉਸੇ ਤਰ੍ਹਾਂ ਜਵਾਬ ਦੇ ਰਹੀ ਸੀ । ਲੋਕਾਂ ਦੇ ਅਸਮਾਨ ਤੀਕਰ ਅਪੜਨ ਵਾਲੇ ਨਾਅਰੇ ਇਸ ਗੱਲ ਦੀ ਗਵਾਹੀ ਦੇ ਰਹੇ ਸਨ ਪਈ ਮੌਲਵੀ ਸਾਹਿਬ ਦੀਆਂ ਗੱਲਾਂ ਸਿੱਧੀਆਂ ਲੋਕਾਂ ਦੇ ਦਿਲਾਂ ਤੇ ਮਿਜ਼ਾਇਲਾਂ ਵਾਂਗ ਵੱਜ ਰਹੀਆਂ ਸਨ । ਮੌਲਵੀ ਸਾਹਿਬ ਕਹਿ ਰਹੇ ਸਨ, "ਦਿਲਾਂ ਦੀ ਮੈਲ, ਰੱਬ ਦੀ ਮੁਹੱਬਤ ਵਾਲੀ ਰੇਤੀ ਨਾਲ ਈ ਲਾਹ ਸਕਦੀ ਏ, ਆਉ ਅੱਜ ਇਹ ਮੈਲ ਇੱਥੇ ਈ ਸਾਫ਼ ਕਰਾ ਜਾਉ, ਇਹ ਵੇਲਾ ਰੋਜ਼ ਰੋਜ਼ ਨਹੀਂ ਆਉਂਦਾ, ਕਲ੍ਹ ਨਾ ਉਡੀਕੋ, ਕਲ੍ਹ ਖ਼ੋਰੇ ਆਵੇ ਯਾ ਨਾ ਆਵੇ ।" ਮੌਲਵੀ ਹੋਰਾਂ ਗੱਲ ਮੁਕਾਨਦੀਆਂ ਤਿੰਨ ਵਾਰੀ ਜ਼ੋਰ ਜ਼ੋਰ ਨਾਲ ਡਾਇਸ ਤੇ ਹੱਥ ਮਾਰਿਆ ਤੇ ਲੋਕਾਂ ਜੋਸ਼ ਨਾਲ ਅਸਮਾਨ ਸਿਰ ਤੇ ਚੁਕ ਲਿਆ । ਦਾਨੀ ਨੂੰ ਪਤਾ ਨਹੀਂ ਕਿਸ ਸ਼ੈਅ, ਸਿਰ ਤੇ ਚੁਕ ਲਿਆ ਤੇ ਉਹ ਲੋਕਾਂ ਦੀਆਂ ਮੋਢਿਆਂ ਨੂੰ ਟੱਪਦਾ ਹੋਇਆ ਸਟੇਜ ਦੇ ਲਾਗੇ ਅੱਪੜ ਗਿਆ । ਉਹਨੇ ਉੱਚੀ ਸਾਰੀ ਅਵਾਜ਼ ਵਿਚ ਕਹਿਆ, "ਮੈਂ ਮੁਸਲਮਾਨ ਹੋਣਾ ਚਾਹਨਾ ਵਾਂ ।"

ਮੌਲਵੀ ਹੋਰੀ ਡਾਇਸ ਤੋਂ ਹਟ ਕੇ ਦਾਨੀ ਵਾਲੇ ਪਾਸੇ ਗਏ ਤੇ ਉਹਦੇ ਨਾਲ ਗੱਲ ਬਾਤ ਕਰਨ ਲੱਗ ਪਏ । ਲੋਕਾਂ ਨੂੰ ਕੱਖ ਸਮਝ ਨਾ ਆਈ ਪਈ ਇਹ ਕੀ ਹੋ ਰਿਹਾ ਏ । ਏਨੇ ਚਿਰ ਵਿੱਚ ਮੌਲਵੀ ਸਾਹਿਬ ਨੇ ਦਾਨੀ ਦਾ ਹੱਥ ਫੜ ਕੇ ਉਹਨੂੰ ਸਟੇਜ ਤੇ ਚਾੜ੍ਹ ਲਿਆ ਤੇ ਉਹਦੀ ਬਾਂਹ ਫੜ ਕੇ ਖੁੱਲੀ ਕੀਤੀ ਤੇ ਕਹਿਆ, "ਵੇਖਣ ਵਾਲਿਓ ! ਵੇਖੋ ਰੱਬ ਦੀ ਰਹਿਮਤ ਕਿਵੇਂ ਅੱਜ ਤੁਹਾਡੇ ਤੇ ਵਸ ਰਹੀ ਏ । ਇਹ ਮੁੰਡਾ ਵੇਖੋ ਮੁਸਲਮਾਨ ਹੋਣ ਲਈ ਆਇਆ ਏ । ਗਵਾਹ ਰਹਿਣਾ ਇਹਦਾ ਸਵਾਬ ਸਿਰਫ਼ ਮੈਨੂੰ ਨਹੀਂ, ਕਿਆਮਤ ਵਾਲੇ ਦਿਨ ਤੁਹਾਨੂੰ ਵੀ ਉਨ੍ਹਾਂ ਈ ਮਿਲੇ ਗਾ ।"

ਇਹ ਗੱਲ ਸੁਣ ਕੇ ਲਗਦਾ ਸੀ ਜਲਸੇ ਵਿਚ ਜਿਵੇਂ ਝੱਲ ਕੁੱਦ ਗਿਆ ਹੋਵੇ । ਲੋਕੀ ਜੋਸ਼ ਨਾਲ ਬੇ ਵਸੇ ਵ ਗਏ ਤੇ ਉਹ ਇਕ ਸਾਹੇ ਨਾਅਰੇ ਮਾਰ ਰਹੇ ਸਨ । ਸਟੇਜ ਤੇ ਬੈਠੇ ਇਕ ਜਵਾਨ ਜਿਹੇ ਮੁੰਡੇ ਨੇ ਦਾਨੀ ਨੂੰ ਮੋਨਢੀਆਂ ਤੇ ਚੁੱਕਿਆ । ਮੌਲਵੀ ਸਾਹਿਬ ਆਪਣੇ ਗਲ ਵਿਚ ਪਏ ਅਸਲੀ ਤੇ ਨਕਲੀ ਫੁੱਲਾਂ ਦੇ ਕਈ ਹਾਰ ਦਾਨੀ ਦੇ ਗਲ ਵਿਚ ਪਾ ਦਿੱਤੇ । ਸਾਰੇ ਜਲਸੇ ਤੇ ਇਕ ਵਜਦ ਤੇ ਜੋਸ਼ ਨੇ ਛਾਂ ਕੀਤੀ ਹੋਈ ਸੀ । ਸਟੇਜ ਤੋਂ ਐਲਾਨ ਵੱਹ ਗਿਆ ਕਿ ਕਲ੍ਹ ਜੁਮੇ ਦੀ ਨਮਾਜ਼ ਵੇਲ਼ੇ ਦਾਨੀਈਲ ਮੰਡੀ ਆਦਮਵਾਲ ਦੀ ਜਾਮ ਮਸੀਤੇ ਬੈਤ ਕਰ ਕੇ ਬਾਕਾਆਦਾ ਮੁਸਲਮਾਨ ਹੋਏ ਗਾ ।

ਅਗਲੇ ਦਿਨ ਜਾਮ ਮਸੀਤ ਤੇ ਮਦਰਸੇ ਨੂੰ ਰੰਗ ਬਰੰਗੀਆਂ ਝੰਡੀਆਂ ਨਾਲ ਸਜਾਇਆ ਗਿਆ । ਗਲੀ ਨੂੰ ਸਾਫ਼ ਕਰਾ ਕੇ ਬਾਹਰ ਚੂਨਾ ਖਿਲਾਰਿਆ ਗਿਆ । ਮਸਜਿਦ ਕਮੇਟੀ ਦੇ ਮੈਂਬਰ ਦੇਗਾਂ ਪਕਾਣ ਵਾਲੇ ਨਾਈਆਂ ਨੂੰ ਹਦਾਇਤਾਂ ਦੇ ਰਹੇ ਸਨ । ਇੱਧਰ ਉੱਧਰ ਹੱਲ ਜਲ ਵੇਖ ਕੇ ਲਗਦਾ ਸੀ ਜਿਵੇਂ ਕੋਈ ਵਿਆਹ ਹੋਵੇ । ਲੋਕ ਜੁਮੇ ਦੀ ਨਮਾਜ਼ ਤੋਂ ਪਹਿਲਾਂ ਈ ਇਕੱਠੇ ਹੋਣੇ ਸ਼ੁਰੂ ਹੋ ਗਏ । ਮਦਰਸੇ ਦੇ ਇਆਨੇ, ਮਸੀਤ ਦੇ ਸਪੀਕਰ ਤੇ ਵਾਰੀ ਵਾਰੀ, ਜ਼ੋਰ ਜ਼ੋਰ ਨਾਲ ਨਾਤਾਂ ਪੜ੍ਹ ਰਹੇ ਸਨ । ਥੋੜੇ ਥੋੜੇ ਚਿਰ ਪਿੱਛੋਂ ਮਸੀਤ ਦੇ ਸਪੀਕਰ ਤੇ ਐਲਾਨ ਹੋ ਰਿਹਾ ਸੀ ਭਈ ਅੱਜ ਦਾਨੀ ਬੈਤ ਕਰਕੇ ਮੁਸਲਮਾਨ ਹੋ ਰਿਹਾ ਏ ਤੇ ਮੁਸਲਮਾਨਾਂ ਨੂੰ ਮਸੀਤੇ ਆਉਣ ਦੀ ਪੁਰ ਜ਼ੋਰ ਅਪੀਲ ਕੀਤੀ ਜਾਂਦੀ ਏ ਤਾਂ ਜੇ ਉਹ ਸਵਾਬ ਦਾਰੀਨ ਹਾਸਲ ਕਰ ਸਕੀ । ਇਸ ਅਪੀਲ ਦਾ ਅਸਰ ਵੀ ਬਹੁਤ ਹੋਇਆ । ਜੁਮੇ ਦੀ ਨਮਾਜ਼ ਤੱਕ ਅਖ਼ੀਰ ਈ ਖ਼ਲਕਤ ਇਕੱਠੀ ਹੋ ਗਈ । ਮੌਲਵੀ ਬੰਬ ਹੋਰਾਂ ਛੋਟੀ ਜਿਹੀ ਪੁਰਜੋਸ਼ ਨਾਲ ਭਰੀ ਹੋਈ ਤਕਰੀਰੀ ਕੀਤੀ ਤੇ ਦਾਨੀ ਕੋਲੋਂ ਬੈਤ ਲਈ । ਜਾਮ ਮਸਜਿਦ ਦੀ ਚੋਨਹਾਂ ਗੁੱਠਾਂ ਤੇ ਵੇੜ੍ਹੇ ਵਿਚ ਉੱਚੀ ਉੱਚੀ ਨਾਅਰੇ ਵੱਜਣ ਲੱਗ ਪਏ । ਨਾਅਰਿਆਂ ਦਾ ਜ਼ੋਰ ਕੁੱਝ ਘਟੀਆ ਤੇ ਚੌਧਰ ਰਿਆਸਤ ਅਲੀ ਨੇ ਦਾਨੀ ਨੂੰ ਜਿਹੜਾ ਹੁਣ ਮੁਹੰਮਦ ਦਾਨਿਸ਼ ਹੋ ਗਿਆ ਸੀ, ਪਨਧਰਾਂ ਹਜ਼ਾਰ ਦੇਣ ਦਾ ਐਲਾਨ ਕੀਤਾ, ਰਾਣੇ ਯੂਨਸ ਨੇ ਸੜਕ ਨਾਲ 10 ਮਰਲੇ ਥਾਂ ਦੇਣ ਦਾ ਐਲਾਨ ਕੀਤਾ, ਸ਼ੇਖ਼ ਯਾਕੂਬ ਦਸ ਹਜ਼ਾਰ ਦੇਣ

ਵੱਲੋਂ ਕਹਿਆ ਤੇ ਉਹਦੀ ਜ਼ਦਰ ਵਿਚ ਭਾਕੇ ਪਹਲਵਾਂ ਵੀ ਸਾਢੇ ਦਸ ਹਜ਼ਾਰ ਦਾਨਿਸ਼ ਨੂੰ ਦੇਣ ਦਾ ਐਲਾਨ ਕਰ ਦਿੱਤਾ । ਸੋ, ਹਜ਼ਾਰ ਤੇ ਪੰਜ ਸੌ ਦੇਣ ਵਾਲੇ ਤੇ ਕਈ ਸਨ ।

ਮੌਲਵੀ ਸਾਹਿਬ ਐਲਾਨ ਕੀਤਾ ਕਿ ਹਰ ਜੁਮੇਰਾਤ ਦੀ ਰੱਤ ਨੂੰ ਮੰਡੀ ਦੀਆਂ ਪੰਜ ਵੱਡੀਆਂ ਮਸੀਤਾਂ ਵਿਚ ਦਾਨਿਸ਼ ਦੇ ਆਜ਼ਾਜ਼ ਵਿਚ ਜਲਸੇ ਹੋਣਗੇ ।

ਜੁਮੇ ਦੀ ਨਮਾਜ਼ ਮੁੱਕੀ ਤੇ ਸਾਰੇ ਲੋਕਾਂ ਵਿਚ ਲੰਗਰ ਵੰਡਿਆ ਗਿਆ । ਲੰਗਰ ਖਾਂਦੇ ਖਵਾਨਦੇ ਲੋਕ ਆਪਣੇ ਆਪਣੇ ਘਰਾਂ ਨੂੰ ਟੁਰ ਗਏ ਤੇ ਦਾਨੀ ਅੱਲਾਹ ਦੇ ਘੱਰ ਈ ਰਹਿ ਗਿਆ ।

ਉਹਨੂੰ ਪਤਾ ਸੀ ਉਹਦੇ ਮਾਂ ਪਿਓ ਉਹਨੂੰ ਘੱਰ ਵੜਨ ਈ ਨਹੀਂ ਦੀ ਦੇਣਾ। ਸਾਰੀ ਰਾਤ ਉਹ ਮਦਰਸੇ ਦੀ ਸਫ਼ ਤੇ ਉਸਲ ਵੱਟ ਲੈਂਦਾ ਰਿਹਾ । ਕਦੇ ਕੋਈ ਗੱਲ ਉਹਨੂੰ ਘੇਰ ਲੈਂਦੀ ਤੇ ਕਦੇ ਕੋਈ । ਚਾਹ ਤੇ ਦੁਖ ਨੇ ਉਹਦੇ ਤਾਲੂ ਨੂੰ ਲੂਣਾ ਮਿੱਠਾ ਜਿਹਾ ਕਰ ਦਿੱਤਾ । ਚਾਹ ਇਸ ਗੱਲ ਦਾ ਕਿ ਜਦੋਂ ਬਹੁਤੀ ਇੱਜ਼ਤ ਉਹਨੂੰ ਰੱਬ ਨੇ ਦਿੱਤੀ ਏ, ਜਿਹਦੇ ਬਾਰੇ ਉਹਨੇ ਕਦੀ ਖ਼ਵਾਬਾਂ ਵਿਚ ਨਹੀਂ ਸੀ ਸੋਚਿਆ ਤੇ ਦੁਖ ਇਸ ਗੱਲ ਦਾ ਕਿ ਉਹਦੇ ਮਾਂ ਪਿਓ ਨੂੰ ਇਸ ਗੱਲ ਦੀ ਸਮਝ ਈ ਨਹੀਂ ਕਿ ਰੱਬ ਨੇ ਉਹਦੇ ਤੇ ਕੀ ਕਰਮ ਕਰ ਦਿੱਤਾ ਏ। ਉਹਨੂੰ ਮਾਂ ਪਿਓ ਦਾ ਖ਼ਿਆਲ ਆਇਆ, ਅਪਣੀ ਮੰਗੇਤਰ ਯਾਦ ਅਈ, ਆਪਣੀਆਂ ਨਿੱਕੀਆਂ ਭੈਣਾਂ ਦਾ ਵੀ ਚੇਤਾ ਆਈਆਂ ਤੇ ਉਹਦੇ ਗਲੇਡੂ ਭਰ ਘੱਤੇ, ਪਰ ਉਹਦਾ ਕੀ ਕਸੂਰ ਸੀ, ਉਹਨੇ ਤੇ ਕਹਿਆ ਸੀ ਪਈ ਉਹ ਵੀ ਅਪਣੀ ਦੁਨੀਆ ਤੇ ਦੀਣ ਸਵਾਰ ਲੈਣ, ਉਨ੍ਹਾਂ ਨੂੰ ਮਤ ਨਹੀਂ ਆਈ ਤੇ ਮੈਂ ਕੀ ਕਰਾਂ ? ਉਹਨੇ ਆਪਣੇ ਆਪ ਨੂੰ ਇਹ ਸੋਚ ਕੇ ਤਸੱਲੀ ਦਿੱਤੀ ਪਈ ਰੱਬ ਜਿਹਨੂੰ ਚਾਹੇ ਹਦਾਇਤ ਦੇਵੇ, ਇਹ ਸੱਭ ਰੱਬ ਦੀ ਦੇਣ ਏ, ਮੇਰੀ ਤੇ ਜ਼ਿੰਦਗੀ ਬਦਲ ਗਈ ਏ । ਮੈਨੂੰ ਹੋਰ ਕੀ ਚਾਹੀਦਾ ਏ ?

ਉਧਰ ਭਾਗ ਤੇ ਸ਼ਾਂਤੀ ਨੂੰ ਇੰਜ ਲੱਗ ਰਿਹਾ ਸੀ ਜਿਵੇਂ ਉਨ੍ਹਾਂ ਤੇ ਕੋਈ ਪਹਾੜ ਡਿੱਗ ਪਿਆ ਹੋਵੇ । ਦੋ ਦਿਨ ਉਨ੍ਹਾਂ ਦੇ ਸਨਗੋਂ ਰੋਟੀ ਨਾ ਲੰਘੀ । ਸ਼ੀਨੋ ਤੇ ਰਾਣੀ, ਰੋ ਰੋ ਫਾਵਾ ਹੋ ਗਈਆਂ । ਬਰਾਦਰੀ ਦੇ ਸਾਰੇ ਲੋਕ ਵਾਰੀ ਵਾਰੀ ਭਾਗ ਤੇ ਸ਼ਾਂਤੀ ਕੋਲ ਆਏ, ਉਹ ਆਪਣੇ ਮਨੂੰ ਤੇ ਹੌਸਲਾ ਦੇਣ ਆਉਂਦੇ ਸਨ ਪਰ ਉਨ੍ਹਾਂ ਨੂੰ ਇੰਜ ਲਗਦਾ ਸੀ ਜਿਵੇਂ ਉਹ ਉਨ੍ਹਾਂ ਦੇ ਮੂੰਹ ਤੇ ਕਾਲਿਕ ਮਿਲਣ ਆ ਰਹੇ ਨੇਂ । ਬਰਾਦਰੀ ਦੇ ਕਈ ਲੋਕਾਂ ਕਹਿਆ ਇਕੱਠ ਕਰ ਕੇਦਾਨੀ ਨੂੰ ਮਿਲਣੈ ਉਂ ਤੇ ਗੱਲ ਕਰਨੇ ਆਂ, ਪਈ ਤੋਂ ਇੰਜ ਕੀਤਾ ਤੇ ਕਿਉਂ ਕੀਤਾ ? ਸ਼ਾਂਤੀ ਕਹਿਆ, "ਅਸਾਂ ਇੰਜ ਨਹੀਂ ਕਰਨਾ, ਸਾਡੇ ਲਈ ਸਾਡਾ ਪੁਤੱਰ ਮਰ ਗਿਆ।" ਭਾਗ ਵੀ ਸੜਿਆ ਭੁਜੀਆ ਬੋਲਿਆ, "ਮੈਂ ਸਮਝਾ ਗਾ ਮੇਰੇ ਘੱਰ ਪੁਤੱਰ ਜੰਮਿਆ ਈ ਨਹੀਂ।" ਦੋ ਤਿੰਨ ਦਿਨ ਤੇ ਉਨ੍ਹਾਂ ਦੇ ਘੱਰ ਫੂਹੜੀ ਪਈ ਰਹੀ । ਤੀਜੇ ਚੌਥੇ ਦਿਨ ਉਹ ਅਕ ਥੱਕ ਕੇ ਕੰਮ ਤੇ ਟੁਰ ਗਏ । ਬਰਾਦਰੀ ਦੇ ਲੋਕਾਂ ਚਾਰ ਦਿਨ ਗੱਲਾਂ ਕੀਤੀਆਂ ਫਿਰ ਉਹ ਵੀ ਆਪਣੇ ਆਪਣੇ ਕਮਾਂਕਾਲਜਾਂ ਵਿਚ ਰੁੱਝ ਗਏ ।

ਦਾਨਿਸ਼ ਮਸੀਤਾਂ ਵਿਚ ਆਪਣੇ ਆਦਰ ਵਿਚ ਹੋਣ ਵਾਲੇ ਜਲਸਿਆਂ ਤੇ ਜਾਂਦਾ ਤੇ ਲੋਕੀ ਉਹਨੂੰ ਮੋਢਿਆਂ ਤੇ ਚੁਕ ਲੈਂਦੇ । ਕਈ ਤੇ ਅਕੀਦਤ ਨਾਲ ਉਹਦੇ ਹੱਥ ਚੁਮ ਲੈਂਦੇ। ਸਾਰੀਆਂ ਜਲਸਿਆਂ ਵਿਚ ਬੜੀਆਂ ਜ਼ੋਰਦਾਰ ਤਕਰੀਰਾਂ ਹੋਈਆਂ ਤੇ ਕਈ ਲੋਕਾਂ ਉਹਨੂੰ ਥੋੜੇ ਬਹੁਤੇ ਪੈਸੇ ਵੀ ਦਿੱਤੇ ਪਰ ਉਹਨੇ ਉਹ ਪੈਸੇ ਉਨ੍ਹਾਂ ਮਸੀਤਾਂ ਦੇ ਫ਼ੰਡ ਵਿਚ ਈ ਜਮਾ ਕਰਵਾ ਦਿੱਤੇ। ਇਸ ਗੱਲ ਤੇ ਲੋਕਾਂ ਉਹਦੇ ਨਾਲ ਹੋਰ ਵੀ ਵੱਧ ਕੇ ਅਕੀਦਤ ਦਿਖਾਈ ।

ਵੇਲਾ ਅਪਣੀ ਆਦਤ ਮੁਜਬ ਉਂਜ ਈ ਲੰਘ ਗਿਆ । ਜਿਵੇਂ ਉਹ ਸਦੀਆਂ ਤੋਂ ਲੰਘ ਰਿਹਾ ਏ । ਜਦੋਂ ਦਾ ਦਾਨੀ, ਦਾਨਸ਼ ਹੋਇਆ ਸੀ ਉਹ ਮਦਰਸੇ ਵਿਚ ਪੜ੍ਹਾਨ ਵਾਲੇ ਉਸਤਾਦਾਂ ਤੇ ਪੜ੍ਹਨ ਵਾਲੇ ਮੁੰਡਿਆਂ ਨਾਲ ਰਹਿ ਰਿਹਾ ਸੀ । ਕਿੰਨੇ ਦਿਨ ਤੇ ਉਹਨੂੰ ਚੰਗੇ ਚੰਗੇ ਘਰਾਂ ਵਿੱਚੋਂ ਵਣ ਸਵੱਨ ਰੋਟੀ ਆਉਂਦੀ ਰਹੀ ਤੇ ਉਹ ਚੰਗਾ ਲਿੜਦਾ ਰਿਹਾ । ਐਵੇਂ ਦਿਨਾਂ ਵਿੱਚ ਈ ਉਹ ਚੰਗਾ ਨਿੱਤਰ



ਗਿਆ ਤੇ ਉਹਦੀਆਂ ਗੱਲਾਂ ਲੁਸ ਲੁਸ ਕਰਨ ਲੱਗ ਪਈਆਂ ਪਰ ਹੌਲੀ ਹੌਲੀ ਲੋਕਾਂ ਦੇ ਘਰਾਂ ਵਿੱਚੋਂ ਆਉਣ ਵਾਲੀ ਰੋਟੀ ਵਿਚ ਨਾਗੇ ਆਉਣ ਲੱਗ ਪਏ ਤੇ ਉਹ ਮਦਰਸੇ ਵਿਚ ਈ ਪੱਕਣ ਵਾਲੀ ਰੋਟੀ ਖਾਣ ਲੱਗ ਪਿਆ ।

ਜਲਸੇ ਜਲੂਸ ਵੀ ਮੁੱਕ ਗਏ । ਲੋਕਾਂ ਦਾ ਚਾਅ ਤੇ ਅਕੀਦਤ ਵੀ ਘੁੱਟਣ ਲੱਗ ਪਈ । ਮਦਰਸੇ ਦੇ ਵੱਡੇ ਮੌਲਵੀ ਸਾਹਿਬ ਵੀ ਇੱਧਰ ਉੱਧਰ ਕਹਿਆ ਪਈ ਦਾਨਿਸ਼ ਹੁਣ ਕੋਈ ਕੰਮ ਕਾਂ ਵੀ ਕਰੇ, ਮਦਰਸੇ ਹੋਣ ਇਹਨੂੰ ਟੁੱਕਰ ਖਵਾਨ ਦਾ ਠੇਕਾ ਤੇ ਨਹੀਂ ਨਾ ਲਿਆ । ਦਾਨਿਸ਼ ਦੀ ਕੰਨੀ ਵੀ ਇਹ ਗੱਲ ਪਈ । ਉਹ ਆਪ ਵੀ ਅਪਣੀ ਅਵਾਜ਼ ਇਕੋ ਜਿਹੀ ਜ਼ਿੰਦਗੀ ਤੋਂ ਅਕ ਜਿਹਾ ਗਿਆ ਸੀ ।

ਉਹ ਉਸੇ ਜੁਤੀਆਂ ਦੀ ਦੁਕਾਨ ਤੇ ਗਿਆ ਤਾਂ ਜੇ ਫਿਰ ਸੇਲਜ਼ ਮਿਨੀ ਸ਼ੁਰੂ ਕਰ ਸਕੇ। ਦੁਕਾਨ ਦੇ ਮਾਲਿਕ ਵੱਡੇ ਹਾਜੀ ਸਾਹਿਬ ਨੂੰ ਪਤਾ ਲੱਗਾ ਪਈ ਉਹ ਮੁਸਲਮਾਨ ਹੋ ਗਿਆ ਏ । ਖ਼ੁੱਸ਼ ਹੋਣ ਦੀ ਬਜਾਏ ਵੱਡੇ ਹਾਜੀ ਸਾਹਿਬ ਉਨ੍ਹੋਂ ਮਖ਼ੋਲ ਕਰਨ ਲੱਗ ਪਏ ।"ਅੱਗੇ ਥੋੜੇ ਮੁਸਲਮਾਨ ਸਨ, ਤੋਂ ਮੁਸਲਮਾਨ ਬਣ ਕੇ ਜਿਹੜਾ ਪਹਾੜ ਢਾਵੇਂ ਗਾ, ਅਸੀਂ ਵੀ ਵੇਖ ਲਾਂਗੇ ।

ਦਾਨੀ ਵਿਚਾਰਾ ਬੜਾ ਭੈੜਾ ਪਿਆ । ਉਹਨੂੰ ਸਮਝ ਨਾ ਲੱਗੀ, ਉਹ ਅੱਗੋਂ ਕੀ ਜਵਾਬ ਦੇ । ਉਹ ਚੁਪ ਰਿਹਾ ਤੇ ਵੱਡੇ ਹਾਜੀ ਸਾਹਿਬ ਦੰਦ ਕੱਢਦੇ ਰਹੇ । ਹੁਸਨ ਤੋਂ ਵਿਹਲੇ ਹੋਏ ਤੇ ਉਨ੍ਹਾਂ ਕਹਿਆ, "ਆਜਾਈਂ ਫਿਰ ਕਲ੍ਹ ਤੋਂ ਕੰਮ ਤੇ।"

ਉਹਦੇ ਦਿਲ ਤੇ ਸੱਟ ਤੇ ਲੱਗੀ ਪਰ ਉਹ ਚੁੱਪ ਚੁਪੀਤੇ ਕੰਨ ਵਲੇਟ ਕੇ ਆ ਗਿਆ । ਵਾਪਸ ਆਉਂਦੀਆਂ ਇਕ ਗਲੀ ਵਿਚ ਉਹਨੇ ਅਪਣੀ ਮਾਂ ਤੇ ਪਿਓ ਨੂੰ ਵੇਖਿਆ । ਭਾਗ ਤੇ ਸਿਰ ਤੇ ਆਟੇ ਦੀ ਗੁੱਥੀ ਰੱਖੀ ਸੀ ਤੇ ਸ਼ਾਂਤੀ ਨੇ ਘੱਰ ਲਈ ਨੁੱਕੜ ਸ਼ਕੜ ਫੜਿਆ ਸੀ । ਦਾਨਿਸ਼ ਨੇੜੇ ਆਇਆ ਤੇ ਭਾਗ ਨੇ ਉਹਨੂੰ ਵੇਖ ਕੇ ਧਿਆਨ ਇੱਧਰ ਉੱਧਰ ਕਰ ਛੱਡਿਆ, ਪਰ ਅਪਣੀ ਦੀਦ ਨੂੰ ਉਹ ਇਕ ਦੂਜੇ ਦੇ ਬਹੁਤ ਨੇੜੇ ਆ ਗਏ ।

ਦਾਨਿਸ਼ ਕੋਲੋਂ ਰਿਹਾ ਨਾ ਗਿਆ, ਉਨ੍ਹਾਂ ਦੇ ਕੋਲ ਆ ਕੇ ਦਾਨਿਸ਼ ਨੇ ਸ਼ਾਂਤੀ ਨੂੰ ਕਹੀਆ, "ਮਾਂ ਮਜ਼ਹਬ ਬਦਲਣ ਨਾਲ ਰਿਸ਼ਤੇ ਤੇ ਨਹੀਂ ਬਦਲਦੇ ।"

ਸ਼ਾਂਤੀ ਅੱਗੋਂ ਕੋਈ ਜਵਾਬ ਨਾ ਦਿੱਤਾ । ਪਰ ਓਦ੍ਹੀਆਂ ਅੱਖਾਂ ਵਿੱਚੋਂ ਅੱਥਰੂ ਲੜੀ ਬਣ ਕੇ ਵਿਹਣ ਲੱਗ ਪਏ । ਉਹ ਦੋਵੇਂ ਜੀ ਟੁਰਦੇ ਰਹੇ, ਪਿੱਛੋਂ ਫਿਰ ਦਾਨਿਸ਼ ਅਵਾਜ਼ ਦਿੱਤੀ ।"ਮਾਂ!" ਸ਼ਾਂਤੀ ਮੁੜੀ ਤੇ ਭਾਗ ਉਹਨੂੰ ਹੱਥ ਨਾਲ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਇੰਜ ਦਾਨਿਸ਼ ਤੱਕ ਪਹੁੰਚ ਗਈ ਜਿਵੇਂ ਇਲ ਚੂਚੇ ਤੱਕ ਪਹੁੰਚਦੀ ਏ ।

ਉਹਦੇ ਹੱਥੋਂ ਸੌਦੇ ਸੂਦ ਵਾਲੇ ਸ਼ਾਪਰ ਡਿੱਗ ਪਏ ਤੇ ਉਹਨੇ ਦੋਹਾਂ ਹੱਥਾਂ ਨਾਲ ਦਾਨਿਸ਼ ਦੀ ਹਿੱਕ ਤੇ ਦੁਹੱਥੜ ਮਾਰੀ ਤੇ ਬੇ ਵਸੀ ਜਿਹੀ ਅਵਾਜ਼ ਵਿਚ ਭਭੀਆਕ ਈ ਪਈ, "ਵੇ ਕਿਹੜੀ ਏ ਉੱਤਰੀ ਤੇਰੀ ਮਾਂ! ਮਰ ਗਈ ਤੇਰੀ ਮਾਂ, ਨਾ ਰਹਨੀਆ ਕੌਣ ਏਂ ਤੋਂ ।" ਦਾਨਿਸ਼ ਬੜਪਡਰ ਕੇ ਖਲੋਤਾ ਰਿਹਾ, ਸ਼ਾਂਤੀ ਨੇ ਲੀੜੇਨਾਲ ਅੱਥਰੂ ਪੋਨਜੇ, ਸ਼ਾਪਰ ਫੜੇ ਤੇ ਭਾਗ ਨਾਲ ਟੁਰਨ ਲੱਗ ਪਈ । ਗਲੀ ਵਿਚ ਆਉਣ ਜਾਣ ਵਾਲੀਆਂ ਨੂੰ ਕੱਖ ਸਮਝ ਨਾ ਆਈ ਕਿ ਇਹ ਕੀ ਹੋਇਆ ਏ । ਦਾਨੀ ਅਗਲੇ ਦਿਨ ਤੋਂ ਜੁੱਤੀਆਂ ਦੀ ਦੁਕਾਨ ਤੇ ਜਾਣ ਲੱਗ ਪਿਆ । ਪਰ ਦੋ ਚੂਨਾ (ਚੌਂਹ) ਦਿਨਾਂ ਵਿੱਚ ਈ ਉਹਨੂੰ ਸਮਝ ਆ ਗਈ ਪਈ ਇੱਥੇ ਹੁਣ ਕੰਮ ਕਰਨਾ, ਉਹਦੇ ਲਈ ਸੌਖਾ ਨਹੀਂ, ਕੀਉਂਜੋ ਗਲੇ ਕਿੱਥੇ ਵੱਡੇ ਹਾਜੀ ਸਾਹਿਬ ਉਹਨੂੰ ਵਾਜ ਮਾਰਦੇ ਤੇ ਕਹਿੰਦੇ "ਇੱਧਰ ਆ, ਵਈ ਮੁਸਲਮਾਨਾ" ਕਿਸੇ ਨੇ ਪੁੱਛ ਲਿਆ ਪਈ ਹਾਜੀ ਸਾਹਿਬ ਇਹ ਕੀ ਗੱਲ ਹੋਈ ਤੇ ਫਿਰ ਉਨ੍ਹਾਂ ਹੱਸ ਹੱਸ ਕੇ ਸਾਰੀ ਕਹਾਣੀ ਇੰਜ ਦੱਸਣੀ ਜਿਵੇਂ ਕੋਈ ਲਤੀਫ਼ਾ ਹੋਵੇ ।

ਹਾਜੀ ਸਾਹਿਬ ਪੇਸ਼ੀ, ਡੀਗਰ ਦੀ ਨਮਾਜ਼ ਪੜ੍ਹਨ ਲਈ ਜਾਣਾ ਤੇ ਦਾਨਿਸ਼ ਵੀ ਇਕ ਦੋ

ਵਾਰ ਕਹਿਆ, “ਹਾਜੀ ਸਾਹਿਬ ਮੈਂ ਵੀ ਨਮਾਜ਼ ਪੜ੍ਹਨ ਲਈ ਜਾਣਾ ਏ"“ਤੇ ਉਨ੍ਹਾਂ ਅੱਗੋਂ ਹੱਸ ਕੇ ਕਹਿਣਾ, “ਉਹ ਰਹਿ ਜਾ, ਤੋਂ ਏਡਾ ਵੱਡਾ ਮੁਸਲਮਾਨ, ਤੂੰ ਨਮਾਜ਼ ਨਹੀਂ ਪੜ੍ਹੇਂ ਗਾ ਤੇ ਅਸਮਾਨ ਡਿੱਗ ਪਏ ਗਾ, ਵੱਡਾ ਨਮਾਜ਼ੀ ਚੁਪ ਕਰ ਕੇ ਗਾਹਕਾਂ ਵੱਲ ਧਿਆਨ ਕਰੋ ।”

ਦਾਨੀ ਦਾ ਦਿਲ ਛਿਥਾ ਜਿਹਾ ਪੈ ਗਿਆ ।

ਛੇਤੀ ਈ ਉਹਨੇ ਦੁਕਾਨ ਦੀ ਨੌਕਰੀ ਛੱਡ ਦਿੱਤੀ ।ਹੁਣ ਉਹਦੇ ਕੋਲ ਕਰਨ ਲਈ ਕੋਈ ਵੀ ਕੰਮ ਨਹੀਂ ਸੀ, ਉਹਨੇ ਬਥੇਰਾ ਸੋਚਿਆ, ਕੀ ਕੰਮ ਕਰੇ ? ਪਰ ਉਹਦੇ ਹੱਥ ਇਨ੍ਹਾਂ ਸੋਚਾਂ ਦਾ ਕੋਈ ਵੀ ਹੱਲ ਨਾ ਆਉਂਦਾ ।ਕਦੀ ਕੋਈ ਆਪ ਈ ਦਲੀਲ ਬਣਾਂਦਾ ਫਿਰ ਆਪ ਈ ਢਾ ਦਿੰਦਾ ।

ਮਦਰਸੇ ਦੇ ਇਕ ਹਾਣੀ ਉਸਤਾਦ ਕਾਰੀ ਫ਼ੈਆਜ਼ ਨਾਲ ਦਾਨਿਸ਼ ਦੁਖ ਸੁੱਖ ਫੋਲ਼ ਲੈਂਦਾ ਸੀ।ਦਾਨਿਸ਼ ਨੇ ਅਪਣੀ ਪ੍ਰੇਸ਼ਾਨੀ ਕਾਰੀ ਸਾਹਿਬ ਨੂੰ ਦੱਸੀ ਤੇ ਉਨ੍ਹਾਂ ਦਾਨਿਸ਼ ਨੂੰ ਕਹਿਆ, “ਯਾਰ ਤੇਰੇ ਕੋਲ ਕੁੱਝ ਪੈਸੇ ਵੀ ਹੈ ਨੇਂ, ਰਾਣੇ ਯੂਨਸ ਤੀ ਨੋਂ ਸੜਕ ਤੇ ਪਲਾਟ ਦੇਣ ਦਾ ਵੀ ਐਲਾਨ ਕੀਤਾ ਏ, 10 ਮਰਲੇ ਦਾ ਪਾਟ ਏ, ਵਿੱਚੋਂ ਪੰਜ ਮਰਲੇ ਵੇਚ ਤੇ ਬਾਕੀ ਪੰਜਾਂ ਮਰਲਿਆਂ ਤੇ ਕੁੱਲੀ ਕੋਠੇ ਦਾ ਆਸਰਾ ਕਰ।”

“ਪਰ ਕਾਰੀ ਸਾਹਿਬ ਇਹ ਤੇ ਸੱਭ ਕੁੱਝ ਹੋ ਗਿਆ ।ਪਰ ਇਹਦੇ ਨਾਲ ਫ਼ਰਕ ਕੀ ਪਏ ਗਾ ?” ਦਾਨਿਸ਼ ਬੋਲਿਆ ।

“ਉਹ ਝੱਲਿਆ ਫਿਰ ਕੋਈ ਘੱਰ ਵਸਾਣ ਵਾਲੀ ਲੈ ਆਈਂ, ਅੱਲਾਹ ਅੱਲਾਹ ਤੇ ਖ਼ੈਰ ਸੁਲਾ, ਅਰੇ ਕੰਮ ਸਿੱਧੇ ਹੂ ਜਾਨਗੇ ।” ਕਾਰੀ ਸਾਹਿਬ ਕਹਿਆ

“ਪੈਰ ਮੈਨੂੰ ਰਿਸ਼ਤਾ ਦੇ ਗਾ ਕੌਣ ?” ਦਾਨਿਸ਼ ਹੈਰਾਨ ਜਿਹਾ ਹੋ ਕੇ ਪੁੱਛਿਆ ।

“ਲੈ ਵਈ ਇਹ ਵੀ ਕੋਈ ਪੁੱਛਣ ਵਾਲੀ ਗੱਲ ਏ, ਆਪਣੇ ਵੱਡੇ ਮੌਲਵੀ ਸਾਹਿਬ ਦੀਆਂ ਚਾਰ ਧੀਆਂ ਜਵਾਨ ਨੇਂ, ਉਹ ਵਿਚਾਰੇ ਤੇ ਉਨ੍ਹਾਂ ਦੇ ਰਸ਼ਟੀਆਂ ਅਲੋਂ ਈ ਪ੍ਰੇਸ਼ਾਨ ਰਹਿੰਦੇ ਨੇਂ ।ਉਨ੍ਹਾਂ ਦਾ ਵੀ ਭਾਰ ਲਹਿ ਜਾਵੇ ਗਾ ਤੇ ਤੇਰਾ ਵੀ ਕੰਮ ਸਿਰ ਜਾਏ ਗਾ।” ਕਾਰੀ ਫ਼ੈਆਜ਼ ਨੇ ਦਾਨੀ ਨੋਂ ਜਵਾਬ ਦਿੱਤਾ ।

“ਪਰ ਉਨ੍ਹਾਂ ਕੋਲੋਂ ਰਿਸ਼ਤਾ ਪਿੱਛੇ ਗਾ ਕੌਣ ।” ਦਾਨਿਸ਼ ਸਵਾਲ ਕੀਤਾ ।

ਕਾਰੀ ਸਾਹਿਬ ਹੱਸ ਕੇ ਕਹਿਣ ਲੱਗੇ, “ਕੋਹ ਟੁਰੀ ਨਾ ਤੇ ਬਾਬਾ ਮੈਂ ਤਰੇਹਾਈ, ਉਹ ਭਾਈ ਸਾਹਿਬ ਪਹਲਾਂ ਨੀਨਾ ਤੇ ਰੱਖ ਕੰਧ ਵੀ, ਵੇਲ਼ੇ ਨਾਲ ਬਣ ਜਾਏਗੀ ।”

ਅਗਲੇ ਦਿਨ ਦਾਨਿਸ਼ ਰਾਣੇ ਯੂਨਸ ਵੱਲ ਗਿਆ ਤੇ ਰਾਣਾ ਸਾਹਿਬ ਪਹਿਲਾਂ ਤੇ ਪਛਾਣਿਆ ਈ ਨਾ, ਜੇ ਪਛਾਣਿਆ ਵੀ ਤੇ ਕਹਿਣ ਲੱਗੇ, “ਸੜਕ ਵਾਲੇ ਤੇ ਸਾਰੇ ਪਲਾਟ ਵਿਕ ਗਏ ਨੇਂ, ਹਾਂ ਪਿੱਛੇ ਛੱਪੜ ਕੋਲੋਂ ਪੰਜ ਮਰਲੇ ਵੱਲ ਲੈ।” ਦਾਨਿਸ਼ ਦੇ ਤੇ ਤੋਤੇ ਉੱਡ ਗਏ ਪਈ ਉਹਦੇ ਨਾਲ ਬਣੀ ਕੀ?

ਉਹਨੇ ਝੁੱਕਦਿਆਂ ਝੁੱਕਦਿਆਂ ਕਹਿਆ, “ਰਾਣਾ ਸਾਹਿਬ ਉਦੋਂ ਤੇ ਤੁਸਾਂ ਮਸਜਿਦ ਵਿਚ, ਸੜਕ ਤੇ ਪਲਾਟ ਦੇਣ ਦਾ ਐਲਾਨ ਕੀਤਾ ਸੀ ।”

ਰਾਣਾ ਅੱਗੋਂ ਗ਼ੁੱਸੇ ਵਿਚ ਆ ਗਿਆ ਤੇ ਉਹਨੇ ਕਹਿਆ, “ਤੋਂ ਸਾਏ ਹੱਲ ਵਾਨਦਾ ਰਿਹਾ ਏਂ ? ਮੁਸਲਮਾਨ ਹੋ ਕੇ ਸਾਡੇ ਸਿਰ ਅਹਿਸਾਨ ਕੱਤਿਆ ਈ ? ਜਾ ਮਸੀਤ ਵਾਲਿਆਂ ਨੂੰ ਲੈ ਆ, ਮੈਂ ਤੈਨੂੰ ਮਰਲਾ ਵੀ ਨਹੀਂ ਦੇਣਾ, ਉਹ ਛੱਪੜ ਵਾਲੇ ਪੰਜ ਮਰਲੇ ਲੈਣੇ ਨੀ ਤੇ ਲੈ, ਨਹੀਂ ਤੇ ਵਗਦਾ ਹੋ, ਉਹ ਵੀ ਮੈਂ ਤੇਰੇ ਨਾਂ ਨੇਂ ਲਾਣੇ, ਪਈ ਤੋਂ ਵੇਚ ਵੱਟ ਕੇ ਅਪਣਾ ਰਾਹ ਫੜ ਜਾਈਂ, ਰਹਿਣ ਲਈ ਦੇ ਰਹੀਆਂ, ਜੇ ਰਹਿਣਾ ਨਹੀਂ ਤੇ ਤੋਂ ਆਪਣੇ ਘਰ ਮੈਂ ਆਪਣੇ ਘੱਰ।”

ਦਾਨਿਸ਼ ਦੀ ਆਸਾਂ ਉਮੀਦਾਂ ਦੇ ਸਾਰੇ ਮਹਿਲ ਮੁਨਾਰੇ ਉਹਦੀ ਅੱਖਾਂ ਦੇ ਸਾਹਮਣੇ ਈ



ਢਆ ਗਏ ਤੇ ਉਹ ਡਿੱਗਦਾ ਢੀਂਦਾ ਮਸੀਤ ਵੱਲ ਟੁਰ ਪਿਆ ।

ਅਗੋਂ ਮਸੀਤੇ ਹੋਰ ਈ ਕੰਮ ਬਣਿਆ ਸੀ ।ਕਿਤੇ ਕਾਰਜ਼ੀ ਫ਼ੈਆਜ਼ ਨੇ ਦਾਨਿਸ਼ ਦੇ ਰਿਸ਼ਤੇ ਦੀ ਗੱਲ ਕੀਤੀ ਤੇ ਵੱਡੇ ਮੌਲਵੀ ਸਾਹਿਬ ਨੂੰ ਤੇ ਅੱਗ ਲੱਗ ਗਈ, ਉਨ੍ਹਾਂ ਕਹਿਆ, “ਉਏ ਕਾਰੀ ਤੋਂ ਹੋਣਾ ਕੌਣ ਏਂ ਮੇਰੀ ਧੀ ਦੀ ਗੱਲ ਕਰਨ ਵਾਲਾ, ਮੇਰੀਆਂ ਚਾਰ ਧੀਆਂ ਨੇਂ ਤੇ ਮੈਂ ਕੋਈ ਸੜਕ ਤੇ ਬਿਠਾਇਆਂ ਨੇਂ ।”

ਕਾਰੀ ਫ਼ੈਆਜ਼ ਬਥੇਰਾ ਕਹਿਆ, “ਹਜ਼ਰਤ ਸਾਹਿਬ ਦਾਨਿਸ਼ ਕੋਲ ਪੈਸੇ ਵੀ ਹੈ ਨੇਂ, ਪਲਾਟ ਵੀ ਏ, ਕੰਮ ਕਾਜ ਕਰ ਕੇ ਘੱਰ ਵੀ ਬਣਾ ਲਏ ਗਾ, ਚੰਗਾ ਭਲਾ ਮੁੰਡਾ ਹੈ।ਅਪਣਾ ਮਜ਼ਹਬ ਛੱਡ ਕੇ ਉਹਨੇ ਏਨੀ ਵੱਡੀ ਕੁਰਬਾਨੀ ਦਿੱਤੀ ਏ ।ਸਾਨੂੰ ਉਹਦੇ ਨਾਲ ਇੰਜ ਨਹੀਂ ਕਰਨਾ ਚਾਹੀਦਾ ।ਤੁਹਾਡੇ ਕੋਲੋਂ ਜੇ ਮੈਂ ਤੁਹਾਡੀ ਧੀ ਦਾ ਰਿਸ਼ਤਾ ਪੁੱਛਿਆ ਏ ਤੇ, ਐਨ ਸੁਨਤ ਦੇ ਮੁਤਾਬਿਕ ਏ, ਕੋਈ ਗੁਨਾਹ ਨਹੀਂ ਕੀਤਾ ਤੇ ਨਾਲੇ ਤੁਹਾਡਾ ਵੀ ਭਾਰ ਹੌਲਾ ਹੋ ਜਾਏ ਗਾ ।”

“ਉਏ ਤੋਂ ਕਲ੍ਹ ਦਾ ਜਮ, ਮੈਨੂੰ ਵਾਅਜ਼ ਨਾ ਕਰ, ਮੈਂ ਸਾਰੀ ਉਮਰ ਦਾ ਇਹੋ ਈ ਕੰਮ ਕਰ ਰਹੀਆਵਾਂ, ਤੋਂ ਏਡਾ ਦੇਣ ਦਾ ਠੇਕੇਦਾਰ ਤੇ ਦਾਨਿਸ਼ ਦਾ ਹਮਦਰਦ ਏਂ ਤੇ ਤੋਂ ਅਪਣੀ ਭੈਣ ਦਾ ਰਿਸ਼ਤਾ ਦੀਦੇ ਉਹਨੂੰ।” ਵੱਡੇ ਮੌਲਵੀ ਸਾਹਿਬ ਅੱਗੋਂ ਗੱਜੇ ।

ਗ਼ੁੱਸੇ ਨਾਲ ਕਾਰੀ ਫ਼ੈਆਜ਼ ਦੀਆਂ ਗੱਲਾਂ ਫੁਲ ਗਈਆਂ ਤੇ ਉਹਨੇ ਮੌਲਵੀ ਸਾਹਿਬ ਦਾ ਗਲਮਾ ਫੜ ਕੇ ਵੱਟ ਚਾੜ ਤੇ ਦੰਦ ਪੀਹਨਦੀਆਂ ਕਹਿਆ, “ਤੋਂ ਹੁਣ ਇਕ ਲਫ਼ਜ਼ ਵੀ ਇਸ ਬਾਰੇ ਮੂੰਹੋਂ ਕੱਢਿਆ ਤੇ ਮੇਰੀ ਤੇਰੀ ਜਾਨ ਕੱਢ ਦਿਆਂ ਗਾ ।”

ਮਦਰਸੇ ਦੇ ਵੱਡੇ ਮੁੰਡਿਆਂ ਅਗਾਂਹ ਵਧ ਕੇ ਦੋਹਾਂ ਨੂੰ ਛੁਡਾਇਆ ਤੇ ਛੁੱਟਦੀਆਂ ਸਾਰ ਈ ਵੱਡੇ ਮੌਲਵੀ ਸਾਹਿਬ ਕਹਿਆ, “ਹੁਣ ਤੋਂ ਇੱਥੇ ਤੋਂ ਰਹੀਂ ਯਾ ਮੈਂ ।”

ਮੌਲਵੀ ਸਾਹਿਬ ਗੱਲ ਈ ਕਰ ਰਹੇ ਸਨ ਤੇ ਦਾਨਿਸ਼ ਮਸੀਤੇ ਵੜਿਆ । ਦਾਨਿਸ਼ ਨੂੰ ਵੇਖਦਿਆਂ ਸਾਰੀ ਈ, ਇਕ ਵਾਰੀ ਫਿਰ ਮੌਲਵੀ ਸਾਹਿਬ ਦਾ ਪਾਰਾ ਚੜ੍ਹ ਗਿਆ ਤੇ ਉਹ ਬੈਠੇ ਬੈਠੇ ਉਠ ਪਏ ਤੇ ਦਾਨਿਸ਼ ਨੂੰ ਕਹਿਣ ਲੱਗੇ, “ਉਏ ਕੰਮੀਆਂ, ਤੀਨੋਂ ਜੁਰਤ ਕੀਵੇਂ ਹੋਈ ਮੇਰੀ ਧੀ ਦੀ ਗੱਲ ਕਰਨ ਦੀ ।” ਏਨੀ ਗੱਲ ਕਰ ਕੇ ਉਨ੍ਹਾਂ ਦੋ ਤਰੈ ਦਾਨਿਸ਼ ਨੂੰ ਮਿਲੀਆਂ, ਏਨੀ ਦੇਰ ਵਿਚ ਕਾਰੀ ਫ਼ੈਆਜ਼ ਦੋੜਦਾ ਆਇਆ ਤੇ ਆ ਕੇ ਦਾਨਿਸ਼ ਅੱਗੇ ਖਲੋ ਗਿਆ ਤੇ ਕਹਿਣ ਲੱਗਾ, “ਮੌਲਵੀ ਸਾਹਿਬ ਆਪਣੇ ਤੇ ਕੁੱਝ ਕਹਿਆ ਈ ਨਹੀਂ, ਗੱਲ ਮੈਂ ਕੀਤੀ ਏ, ਮੇਰੇ ਨਾਲ ਨਬਰੋ, ਐਵੇਂ ਕਿਉਂ ਗ਼ਰੀਬ ਮਾਰ ਕਰ ਰਹੇ ਓ ।”

ਮੌਲਵੀ ਸਾਹਿਬ ਕਚੀਚੀ ਵੱਟ ਕੇ ਕਾਰੀ ਨੂੰ ਕਹਿਆ, “ਪਿਛਾਂ ਹੋ ਜਾ ਮੈਂ ਤੀਨੋਂ ਕੀਹਾ ਰਿਹਾ ਵਾਂ” ਉਹ ਫ਼ਿਰ ਦਾਨਿਸ਼ ਨੂੰ ਮਾਰਨ ਪਏ, ਅੱਗੋਂ ਕਾਰੀ ਨੇ ਉਨ੍ਹਾਂ ਨੂੰ ਦੋਹਾਂ ਹੱਥਾਂ ਨਾਲ ਡੱਕਣ ਦੀ ਕੋਸ਼ਿਸ਼ ਕੀਤੀ ਤੇ ਮੌਲਵੀ ਸਾਹਿਬ ਨੇ ਗੱਜ ਕੇ ਕਹਿਆ, “ਤੂੰ ਅਈਡਾ ਸਿੱਕਾ ਏਂ ਇਹਦਾ ਤੇ ਪਨੋਜਾ ਬਣਾ ਕੇ ਲੈ ਜਾ ਇਹਨੂੰ ਆਪਣੇ ਘੱਰ ।”

ਕਾਰੀ ਗ਼ੁੱਸੇ ਨਾਲ ਪਾਗਲ ਹੋ ਗਿਆ ।ਉਹਨੇ ਮੌਲਵੀ ਸਾਹਿਬ ਦੀ ਦਾੜ੍ਹੀ ਫੜ ਕੇ ਮੂੰਹ ਤੇ ਤਿੰਨ ਚਾਰ ਚਪੇੜਾਂ ਤੇ ਢਿੱਡ ਵਿਚ ਇਕ ਹੁਰਾ ਮਾਰ ਕੱਢਿਆ ।

ਕਾਰੀ ਜਵਾਨ ਮੁੰਡਾ ਸੀ ਤੇ ਮੌਲਵੀ ਅਧਕੜ ਬੰਦਾ, ਉਹ ਪਰਾਂਹ ਜਾ ਪਿਆ, ਕਾਰੀ ਨੇ ਹਫ਼ੇ ਮੌਲਵੀ ਨੂੰ ਲੰਮਿਆਂ ਪਈਆਂ ਵੀ ਠੁੱਡੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਮਦਰਸੇ ਦੇ ਵੱਡੇ ਮੁੰਡਿਆਂ ਕਾਰੀ ਨੂੰ ਥਲੀਆ ।ਸ਼ਾਮ ਵੇਲ਼ੇ ਮਸਜਿਦ ਤੇ ਮਦਰਸੇ ਦੀ ਕਮੇਟੀ ਨੂੰ ਪਤਾ ਲੱਗਾ ਤੇ ਉਨ੍ਹਾਂ ਕੁਫ਼ਤਾਂ ਵੇਲ਼ੇ ਮੌਲਵੀ ਤੇ ਕਾਰੀ ਦੋਹਾਂ ਨੂੰ ਕਹਿਆ, “ਵਾਈ ਕਲ੍ਹ ਸ਼ਾਮ ਤੱਕ ਬਿੱਲਾ ਕਰ ਜਾਉ, ਤੁਹਾਨੂੰ ਇੱਥੇ ਬੱਚਿਆਂ ਨੂੰ ਦੇਣ ਸਿਖਾਣ ਲਈ ਰੱਖਿਆ ਸੀ, ਤੁਹਾਨੂੰ ਤੇ ਲਗਦਾ ਏ, ਅਜੇ ਆਪੀ ਸਿੱਖਣ ਦੀ ਲੋੜ

ਏ ।"

ਕਾਰੀ ਫ਼ੈਆਜ਼ ਤੇ ਅੱਗੋਂ ਕੋਈ ਹੂੰ ਤੋਂ ਨਾ ਕੀਤੀ ਪਰ ਵੱਡੇ ਮੌਲਵੀ ਸਾਹਿਬ ਬੜੀਆਂ ਲਿੱਲਾਂ ਲਿੱਤੀਆਂ ਪਰ ਕਮੇਟੀ ਇਕ ਨਾ ਸੁਣੀ, ਬੱਸ ਮਦਰਸੇ ਦਾ ਮਕਾਨ ਖ਼ਾਲੀ ਕਰਨ ਮੌਲਵੀ ਸਾਹਿਬ ਨੂੰ ਹਫ਼ਤੇ ਦਾ ਟਾਈਮ ਦੇ ਦਿੱਤਾ ।

ਇੰਤਜ਼ਾਮੀ ਕਮੇਟੀ ਨੇ ਵਕਤੀ ਤੌਰ ਤੇ ਮਦੱਰਸਾ ਬੰਦ ਕਰ ਦਿੱਤਾ, ਅਗਲੇ ਦਿਨ ਕਾਰੀ ਫ਼ੈਆਜ਼ ਵੀ ਘੱਰ ਨੂੰ ਛਡਣਾ ਪਿਆ ।ਜਾਣ ਲੱਗਿਆਂ ਉਹਨੇ ਦਾਨਿਸ਼ ਨੂੰ ਤਸੱਲੀ ਦਿੱਤੀ, "ਮੈਂ ਤੇਰਾ ਸਾਥ ਨਾ ਛੱਡਦਾ ਪਰ ਮੈਂ ਆਪ ਪ੍ਰਦੇਸੀ ਆਂ, ਜੇ ਕਿਤੇ ਮੈਨੂੰ ਕੋਈ ਮਦੱਰਸਾ ਚਲਿਆ ਤੇ ਤੇ ਮੈਂ ਤੈਨੂੰ ਉਥੇ ਬੁਲਾ ਲਾਂ ਗਾ ।"

ਵੱਡੇ ਮੌਲਵੀ ਸਾਹਿਬ ਮਸੀਤੇ ਜਾ ਕੇ ਮਾੜੇ ਚੰਗੇ ਹਾਲ ਨਾਲ ਨਮਾਜ਼ ਵੀ ਪੜ੍ਹਾਂਦੇ ਰਹੇ ਪਰ ਤਰੀਜੇ ਦਿਨ ਨਵੇਂ ਮੌਲਵੀ ਸਾਹਿਬ ਮਸੀਤੇ ਨਮਾਜ਼ ਪੜ੍ਹਾਨ ਲਈ ਆ ਗਏ ਤੇ ਵੱਡੇ ਮੌਲਵੀ ਸਾਹਿਬ ਦੀ ਰਹਨਦੀ ਖੋਹਨਦੀ ਆਸ ਉਮੀਦ ਵੀ ਮੁੱਕ ਗਈ ।ਉਹ ਵਿਚਾਰੇ ਹਫ਼ਤੇ ਤੋਂ ਪਹਿਲਾਂ ਈ ਮਕਾਨ ਖ਼ਾਲੀ ਕਰ ਗਏ ।

ਮਦਰਸੇ ਵਿਚ ਪੜ੍ਹਨ ਵਾਲੇ ਬੱਚੇ ਵੀ ਕਰਮੁ ਕਰਮੀ ਆਪਣੇ ਆਪਣੇ ਘਰਾਂ ਨੂੰ ਟੁਰ ਗਏ । ਪਰ ਦਾਨਿਸ਼ ਕਿਹੜੇ ਘੱਰ ਜਾਂਦਾ ? ਉਹਦਾ ਤੇ ਅਪਣਾ ਕੋਈ ਘੱਰ ਰਿਹਾ ਈ ਨਹੀਂ ਸੀ ।ਉਹ ਤੇ ਅੱਲਾਹ ਦੇ ਘੱਰ ਰਹਿ ਰਿਹਾ ਸੀ ਤੇ ਅੱਲਾਹ ਦੇ ਘੱਰ ਦਾ ਇੰਤਜ਼ਾਮ, ਇੰਤਜ਼ਾਮੀ ਕਮੇਟੀ ਦੇ ਹੱਥ ਸੀ ।ਜਿਹਨੇ ਉਹਨੂੰ ਇਕ ਵਾਰੀ ਵੀ ਰਹਿਣ ਨੂੰ ਨਹੀਂ ਸੀ ਕਹਿਆ, ਜਿਹਦਾ ਮਤਲਬ ਸੀ, ਵਾਈ ਅਪਣਾ ਠਿਕਾਣਾ ਕਰ ਜਾ ।"

ਦਾਨਿਸ਼ ਇਕ ਦਿਨ ਸ਼ਾਮ ਕੋ ਵੇਲ਼ੇ ਚੁਪ ਚੁਪੀਤੇ ਮਦਰਸੇ ਵਿੱਚੋਂ ਨਿਕਲ ਤੇ ਆਇਆ ਪਰ ਉਹਨੂੰ ਸਮਝ ਨਹੀਂ ਸੀ ਆ ਰਹੀ ਉਹ ਜਾਵੇ ਤੇ ਜਾਵੇ ਕਿੱਥੇ ।ਉਹਨੂੰ ਪਤਾ ਈ ਨਾ ਲੱਗਾ ਪਈ ਉਹ ਸੋਚਾਂ ਵਿਚ ਡੁੱਬਾ, ਕਿਸ ਵੇਲ਼ੇ ਸਾਈਂ ਬੂਟੇ ਦੇ ਦਰਬਾਰ ਤੇ ਪਹੁੰਚ ਗਿਆ ਏ ।ਉਥੇ ਹੁੰਦੀ ਕੱਵਾਲੀ ਵੇਖ ਕੇ ਉਹਨੂੰ ਚੇਤੇ ਆਈ ਉੱਕਾ ਅੱਜ ਜੁਮੇਰਾਤ ਏ ।ਕੱਵਾਲੀ ਸੁਣਨ ਲਈ ਉਹ ਵੀ ਲੋਕਾਂ ਵਿਚ ਬਹਿ ਗਿਆ ਪਰ ਕੱਵਾਲੀ ਨਾਲੋਂ ਬਹੁਤੀ ਉੱਚੀ ਅਵਾਜ਼ ਉਹਨੂੰ ਵੱਡੇ ਮੌਲਵੀ ਦੀ ਆ ਰੀ ਸੀ ।

"ਉਹ ਕੰਮੀਆਂ, ਤੈਨੂੰ ਜੁਰੱਤ ਕਿਵੇਂ ਹੋਈ ਸ਼ ਸ਼"

ਉਹਨੂੰ ਲੱਗਾ ਜਿਵੇਂ ਉਹਦਾ ਦਿਮਾਗ਼ ਬੰਦ ਹੋ ਰਿਹਾ ਏ ਤੇ ਵਸਾਹ ਘੁੱਟ ਰਿਹਾ ਏ ।ਉਹਨੂੰ ਪਤਾ ਈ ਨਾ ਲੱਗਾ ਕਦੋਂ ਉਹਨੂੰ ਹਾਲ ਪੈ ਗਏ ।ਉਹ ਅਪਣੀ ਪੀੜਾਂ ਸਣੇ ਆਪਣੇ ਆਪ ਨੂੰ ਭੁਲ ਗਿਆ ।ਉਹਨੂੰ ਜਦੋਂ ਹੋਸ਼ ਆਈ, ਦੋ ਤਿੰਨ ਮਲੰਗ ਉਹੇ ਆਕੜੇ ਜੁੱਸੇ ਨੂੰ ਘੁੱਟ ਰਹੇ ਸਨ, ਉਹਦਾ ਅੰਗ ਅੰਗ ਦੁਖ ਰਿਹਾ ਸੀ ।ਉਹਨੂੰ ਲੱਗਾ, ਆਵਦੀ ਰੂਹ ਦੀ ਪੀੜ ਉਹਦੇ ਜਿਸਮ ਵਿੱਚ ਉਤਰ ਆਈ ਏ ।ਉਹਨੂੰ ਹੋਸ਼ ਭਾਵੇਂ ਆ ਗਈ ਸੀ ਪਰ ਉਹਨੇ ਸੋਚਿਆ ਹੋਸ਼ ਨੂੰ ਉਹਨੇ ਕੀ ਕਰਨਾ ਏਂ ਇਸ ਲਈ ਉਹ ਬੇ ਹੋਸ਼ਾਂ ਵਾਂਗ ਈ ਪਿਆ ਰਿਹਾ ।ਖ਼ੋਰੇ ਉਹਨੂੰ ਰਾਤ ਕਿਸ ਵੇਲ਼ੇ ਨੀਂਦਰ ਆ ਗਈ ।ਸਵੇਰੇ ਉਹਦੀ ਅੱਖ ਮਲੰਗਾਂ ਦੇ ਘੁੱਟੇ ਨਾਲ ਖੁੱਲੀ ।ਮਲੰਗ ਬੂਟੀ ਘੁੱਟ ਰਹੇ ਸਨ ।ਨਾਲੇ ਅਲੀ ਹੈਦਰ ਦੇ ਲੰਮੇ ਲੰਮੇ ਨਾਅਰੇ ਮਾਰ ਰਹੇ ਸਨ ।ਬੂਟੀ ਤਿਆਰ ਹੋ ਈ ਤੇ ਸਾਰੇ ਮਲੰਗ ਪਹਿਲੇ ਹੱਲੇ ਈ ਇਕ ਇਕ ਪਿਆਲਾ ਚਾੜ੍ਹ ਗਏ ।ਦਾਨਿਸ਼ ਨੂੰ ਵੀ ਉਨ੍ਹਾਂ ਪਿਆਲਾ ਭਰ ਕੇ ਦਿੱਤਾ ।ਉਹਨੇ ਬੜੀ ਨਾਂਹ ਕੀਤੀ ਪਰ ਮਲਨਗਾਂ ਕਹੀਆ ਅੱਜ ਪੀ ਜਾ ਰੱਬ ਦਾ ਨਾਂ ਲੈ ਕੇ ਤੇ ਚੜ੍ਹ ਜਾ ਇਸ਼ਕ ਦੀ ਪੌੜ੍ਹੀ ।ਦਾਨਿਸ਼ ਔਖੀਆਂ ਸੌਖਿਆਂ ਹੋ ਕੇ ਅੱਧ ਪਚੱਧ ਬੂਟੀ ਦਾ ਪਿਆਲਾ ਪੀਤਾ ।ਥੋੜੇ ਚਿਰ ਮਗਰੋਂ ਈ ਉਹਨੂੰ ਇੰਜ ਲੱਗਾ ਜਿਵੇਂ ਉਹ ਅਸਮਾਨਾਂ ਤੇ ਉੱਡ ਰਿਹਾ ਏ ।ਇਸ ਦੁਨੀਆ ਦਾ ਉਹ ਬੰਦਾ ਈ ਨਹੀਂ ।ਇਸ ਦੁਨੀਆ ਦੇ ਕਿਸੇ ਦੁਖ ਦਰਦ ਨਾਲ ਉਹਦਾ ਕੋਈ ਵਾਸਤਾ ਈ ਨਹੀਂ, ਪਰ ਯਕਦਮ ਉਹਨੂੰ ਇੰਜ ਲੱਗਾ, ਉਹ ਜ਼ਮੀਨ ਤੇ



ਡਿੱਗ ਪਿਆ ਏ ਤੇ ਉਹਦਾ ਜੁੱਸਾ ਖੇਰੂ ਖੇਰੂ ਹੋ ਗਿਆ ਏ ।ਉਹ ਉੱਚੀ ਉੱਚੀ ਰੋਣ ਲੱਗ ਪਿਆ ਤੇ ਕਿੰਨੀ ਦੇਰ ਈ ਉਹ ਰੋਂਦਾ ਰਿਹਾ ।ਰੋ ਰੋ ਕੇ ਉਹਦੇ ਅੱਥਰੂ ਸੁੱਕ ਗਏ ਤੇ ਉਹ ਹੱਸਨ ਲੱਗ ਪਿਆ । ਹੱਸਦਿਆਂ ਹੱਸਦਿਆਂ ਉਹਦਾ ਮੂੰਹ ਥੱਕ ਗਿਆ ਤੇ ਉਹ ਆਪ ਵੀ ਥੱਕ ਟੁੱਟ ਗਿਆ ਤੇ ਇਕ ਪਾਟੇ ਪੁਰਾਣੇ, ਗੰਦੇ ਜਿਹੇ ਖੇਸ ਦੀ ਬੁੱਕਲ ਮਾਰ ਕੇ ਬਾਬੇ ਬੂਟੇ ਦੇ ਦਰਬਾਰ ਤੇ ਬਣੀ ਮਲੰਗਾਂ ਦੀ ਢਾਰੀ ਦੀ ਇਕ ਨੁਕਰੇ ਗੁਛੋ ਮੁਛੋ ਹੋ ਕੇ ਆਪਣੇ ਆਪ ਨੂੰ ਕੱਠਾ ਕਰਨ ਲੱਗ ਪਿਆ, ਪਰ ਉਹ ਅਪਣਾ ਖਿੱਲਰ ਚੁੱਕਿਆ ਸੀ ਕਿ ਉਹਦੇ ਆਪਣੇ ਕੋਲੋਂ ਵੀ ਆਪਣੇ ਆਪ ਨੂੰ ਇਕੱਠਾ ਕਰਨਾ ਔਖਾ ਸੀ ।

ਇਕ ਦਿਨ ਸ਼ਾਮ ਨੂੰ ਭਾਗ ਥੱਕਾ ਟੁੱਟਾ ਘੱਰ ਆਇਆ, ਮੂੰਹ ਹੱਥ ਧੋਇਆ, ਸਿਗਰੇਟ ਲਾਈ ਤੇ ਮੰਜੀ ਤੇ ਬਹਿ ਗਿਆ ।ਸ਼ਾਂਤੀ ਰੋਟੀਆਂ ਪਕਾ ਗੀ ਸੀ ਉਹਨੇ ਸ਼ੀਨੋ ਨੂੰ ਰੋਟੀ ਪਿਓ ਅੱਗੇ ਰੱਖਣ ਲਈ ਵਾਜ ਦਿੱਤੀ ।ਸ਼ੀਨੋ ਪਿਓ ਅੱਗੇ ਰੋਟੀ ਰੱਖ ਦਿੱਤੀ ।ਝੱਟ ਮਗਰੋਂ ਸ਼ਾਂਤੀ ਰੋਟੀਆਂ ਤੋਂ ਵਿਹਲੀ ਹੋ ਕੇ ਉਠੀ ਤੇ ਵੇਖਿਆ, ਰੋਟੀ ਭਾਗ ਦੇ ਅੱਗੇ ਪਈ ਏ ਪਰ ਉਹਨੇ ਰੋਟੀ ਨੂੰ ਭੁਲ ਕੇ ਵੀ ਨਹੀਂ ਵੇਖਿਆ।।

ਸ਼ਾਂਤੀ ਕਹਿਆ, "ਹਾ ਸ਼ ਹਾਏ ।ਅੱਜ ਤੇ ਤਹਾਡਾ ਮਨ ਪਸੰਦ ਸਲੂਣਾ ਛੋਟੀ ਉਜਰੀ ਪੱਕੀ ਏ ਤੇ ਤੁਸਾਂ ਬੁਰਕੀ ਵੀ ਨਹੀਂ ਲਾਈ ਕੀ ਗੱਲ ਏ ?" ਸ਼ਾਂਤੀ ਨੇ ਅਪਣੀ ਗੱਲ ਕੀਤੀ ਤੇ ਭਾਗ ਦੇ ਗਲੇਡੂ ਭਰ ਘੱਤੇ ਤੇ ਉਹਨੇ ਰੋਟੀ ਪਰਾਂਹ ਕਰ ਛੱਡੀ ਤੇ ਕਹਿਆ, "ਲੈ ਜਾ ਮੈਨੂੰ ਭੁਖ ਨਹੀਂ ।"

ਸ਼ਾਂਤੀ ਦੇ ਪੈਰਾਂ ਥੀਲੋਂ ਤੇ ਜ਼ਮੀਨ ਨਿਕਲ ਗਈ ।ਉਹਨੇ ਪੂਰੀ ਹਯਾਤੀ ਕਦੀ ਭਾਗ ਦੀ ਅੱਖ ਵਿਚ ਅੱਥਰੂ ਨਹੀਂ ਸੀ ਤੱਕੇ, ਉਹਨੇ ਪੁੱਛਿਆ ਸ਼ੀਨੋ ਦੇ ਅੱਬਾ ਖ਼ੈਰ ਤੇ ਹੈ ਜੇ ?

ਭਾਗ ਦੀਆਂ ਅੱਖਾਂ ਚੋਂ ਅੱਥਰੂ ਡੁੱਲਾ ਕੇ ਉਹਦੀ ਠੋਡੀ ਤੱਕ ਆ ਗਏ ਤੇ ਉਹ ਭਭੀਆਕ ਈ ਪਿਆ, "ਸਾਡਾ ਪੁਤੱਰ ਭੁੱਖਾ ਨੰਗਾ, ਖੱਜਲ ਹੋਣ ਡਿਹਾ ਏ, ਮੈਨੂੰ ਰੋਟੀ ਕਸਰਾਂ ਲੰਗੇ ।" ਅਪਣਾ ਕਹਿ ਕੇ ਉਹ ਪਾਟੀ ਜਿਹੀ ਵਾਜ ਵਿਚ ਡੁਸਕਣ ਲੱਗ ਪਿਆ ।

ਸ਼ੀਨੋ ਤੇ ਰਾਣੀ ਵੀ ਘਾਬਰ ਕੇ ਰੋਵਣ ਲੱਗ ਪਈਆਂ, ਸ਼ਾਂਤੀ ਕਹਿਆ, "ਭਾਗ ਮੈਨੂੰ ਪੱਥਰ ਦਾ ਕਰ ਕੇ ਆਪ ਕਿਥੋਂ ਚਿੜੀ ਦੇ ਦਿਲ ਵਾਲਾ ਹੋ ਗਿਆ ਏਂ, ਮੈਨੂੰ ਤੇ ਦਾਨੀ ਦਾ ਨਾਂ ਵੀ ਨਹੀਂ ਸੈਂ ਲੈਣ ਦਿੰਦਾ, ਹੌਸਲਾ ਰੱਖ ਤੇ ਗੱਲ ਦੱਸ, ਕੀ ਏ ?

ਭਾਗ, ਸ਼ਾਂਤੀ ਨੂੰ ਗੱਲ ਦੱਸੀ ਤੇ ਉਹ ਦੋਵੇਂ ਉਸੇ ਵੇਲ਼ੇ ਈ ਸਾਈਂ ਬੂਟੇ ਦੇ ਦਰਬਾਰ ਤੇ ਅੱਪੜ ਗਏ ਤੇ ਦਾਨੀ ਨੂੰ ਕਹੀਆ, "ਇਸੀ ਤੈਨੂੰ ਲੈਣ ਆਏ ਆਂ ।" ਨਾ ਮਲੰਗਾਂ ਕਹਿਆ ਤੁਸੀਂ ਕੌਣ ਓ ਤੇ ਇਹਨੂੰ ਕਿੱਥੇ ਖੜਨਾ ਜੇ ਤੇ ਨਾ ਦਾਨਿਸ਼ ਕਹਿਆ ਪਈ ਮੈਂ ਨਹੀਂ ਜਾਣਾ ।

ਉਹ ਚੁੱਪ ਚੁਪੀਤੇ ਉਠ ਕੇ ਉਨ੍ਹਾਂ ਦੇ ਨਾਲ ਇੰਜ ਟੁਰ ਪਿਆ ਜਿਵੇਂ ਉਹ ਅੱਗੇ ਈ ਉਡੀਕ ਰਿਹਾ ਹੋਵੇ ਪਈ ਉਹਦੇ ਮਾਪੇ ਕਦੋਂ ਉਂ ਤੇ ਉਹਨੂੰ ਲੈ ਜਾਣ ।ਘੱਰ ਅੱਪੜੇ ਤੇ ਸ਼ੀਨੋ, ਰਾਣੀ ਦਾਨਿਸ਼ ਦੇ ਗਲ ਲੱਗ ਕੇ ਰੋਣ ਲੱਗ ਪਈਆਂ ।

ਸ਼ੀਨੂੰ ਰੋਂਦੀ ਰੋਂਦੀ ਕਹਿਆ, ਭਾ !ਹੁਣ ਸਾਨੂੰ ਛੱਡ ਕੇ ਨਾ ਜਾਵੇਂ ।"

ਦਾਨੀ ਬਿਟਰ ਬਿਟਰ ਬਲੀੜਾਂ ਵਾਂਗ ਵੇਂਦਾ ਰਿਹਾ ਤੇ ਮੂੰਹੋਂ ਕੁੱਝ ਵੀ ਨਾ ਬੋਲਿਆ ।ਉਹਨੇ ਗਰਮ ਪਾਣੀ ਨਾਲ ਨਹਾ ਕੇ ਇਸਤ੍ਰੀ ਹੋਏ ਕੱਪੜੇ ਪਾਏ, ਗਰਮ ਗਰਮ ਰੁਤੀ ਖਾਹਦੀ ਤੇ ਉਹਨੋਂ ਲਗਾ ਜਿਵੇਂ ਉਹ ਦੁਨੀਆ ਤੇ ਆ ਗਿਆ ਏ ।

ਅਠ ਦਸ ਦਿਨ ਲੰਘੇ ਤੇ ਦਾਨੀ ਇਕ ਦੁਕਾਨ ਤੇ ਸੇਲਜ਼ ਮਿਨੀ ਕਰ ਲਈ ।ਮੁਹੱਲੇ ਦਾਰਾਂ ਤੇ ਬਰਾਦਰੀ ਦੇ ਲੋਕਾਂ ਦਾਨੀ ਨੂੰ ਘੱਰ ਆਉਂਦੀਆਂ ਜਾਂਦੀਆਂ ਵੇਖਿਆ ਤੇ ਭਾਗ ਤੇ ਸ਼ਾਂਤੀ ਨਾਲ ਦੋ ਚੂਨਾ ਜਈਆਂ ਵੱਲ ਵਲਾ ਕੇ ਗੱਲ ਵੀ ਕੀਤੀ ਪਰ ਛੇਤੀ ਓ ਈ ਲੋਕ ਭੁਲ ਭੁਲਾ ਗਏ ।ਮੰਗੇ ਲੰਬੜਦਾਰ ਵੀ ਭਾਗ ਵੱਲ ਆਉਣਾ ਜਾਣਾ ਸ਼ੁਰੂ ਕਰ ਦਿੱਤਾ ।ਹੋਰ ਕੁੱਝ ਚਿਰ ਲੰਘਿਆ ਤੇ ਦਾਨੀ ਦੇ ਵਿਆਹ ਦੀਆ ਗੱਲ ਵੀ ਟੁਰ ਪਈ ।ਸ਼ੀਨੋ ਤੇ ਰਾਣੀ ਦੀ ਅੱਗੇ ਈ ਜ਼ਬਾਨੀ ਗੱਲ ਮਾਸੀ ਦੇ ਘੱਰ ਹੋਈ

ਸੀ ।ਤਿਨਾਂ ਭੈਣ ਭਰਾਵਾਂ ਦੇ ਦਿਨ ਮਿੱਥੇ ਗਏ ।ਭਾਗ ਤੇ ਸ਼ਾਂਤੀ, ਭੈਣ ਭਰਾਵਾਂ ਕੋਲੋਂ ਫੜ ਤਿੜ ਕੇ ਵੇਲਾ ਟਪਾਇਆ ।ਸ਼ੀਨੋ ਤੇ ਰਾਣੀ ਆਪਣੇ ਘਰਾਂ ਨੂੰ ਟੁਰ ਗਈਆਂ ਤੇ ਭਾਗ ਕੇ ਘੱਰ ਨੂੰਹ ਆ ਗਈ ।ਨੂੰਹ ਭਾਗ ਕਈਆਂ ਲਈ ਬੜੀ ਭਾਗਾਂ ਵਾਲੀ ਸਾਬਤ ਹੋਈ ।ਉਹਨੂੰ ਕੱਪੜੇ ਸੀਨੇ ਆਉਂਦੇ ਸਨ । ਉਹਨੇ ਸਵਾਣੀਆਂ ਤੇ ਬਾਲਾਂ ਦੇ ਕੱਪੜੇ ਸੀ ਕੇ ਘੱਰ ਦਾ ਟੋਰਾ ਚੰਗਾ ਟੁਰਿਆ ।

ਘੱਰ ਵਿਚ ਮਾੜੀਆਂ ਚੰਗੀਆਂ ਤਿੰਨ ਤਨਖ਼ਵਾਹਾਂ ਵੀ ਆਉਂਦੀਆਂ ਸਨ, ਸਿਲ ਵਿਚ ਈ ਘੱਰ ਦਾ ਸਾਰਾ ਕਰਜ਼ਾ ਲਹਿ ਗਿਆ ਤੇ ਖ਼ੁਦਾਵੰਦ ਉਨ੍ਹਾਂ ਨੂੰ ਪੁੱਤਰਾ ਵੀ ਦੇ ਦਿੱਤਾ।

ਭਾਗ ਤੇ ਸ਼ਾਂਤੀ ਬਹੁਤ ਖ਼ੁੱਸ਼ ਸਨ ।ਖ਼ੁਦਾਵੰਦ ਨੇ ਉਨ੍ਹਾਂ ਦਾ ਉਜੜਿਆ ਘੱਰ ਫਿਰ ਵਸਾ ਦਿੱਤਾ ਸੀ, ਸਾਰਾ ਕੰਮ ਠੀਕ ਠੱਕ ਚੱਲ ਰਿਹਾ ਸੀ, ਬਸ ਦਾਨੀ ਜਦੋਂ ਦਾ ਵਾਪਸ ਆਇਆ ਸੀ, ਦਾਨੀ ਉਹ ਦਾਨੀ ਨਹੀਂ ਸੀ ਰਿਹਾ ।ਉਹ ਚੁਪ ਦੀ ਬੁੱਕਲ ਮਾਰੀ ਰੱਖਦਾ, ਜਿਨੀ ਕਿਸੇ ਗੱਲ ਕਰਨੀ ਉਨ੍ਹਾਂ ਜਵਾਬ ਦੇ ਦੇਣਾ, ਨਹੀਂ ਤੇ ਬੱਸ ਆਪਣੇ ਕੰਮ ਨਾਲ ਕੰਮ।

ਭਾਗ ਤੇ ਸ਼ਾਂਤੀ ਖ਼ੁੱਸ਼ ਸਨ ਪਈ ਸਾਡਾ ਪੁਤੱਰ ਰੁਲ ਖੁਲ ਕੇ ਸਮਝਦਾਰ ਹੋ ਗਿਆ ਏ, ਤੇ ਦਾਨੀ ਦੀ ਬੀਵੀ ਐਲਿਸ ਨੇ ਉਹਨੂੰ ਵੇਖਿਆ ਈ ਇੰਜ ਦਾ ਸੀ ।ਇਸ ਲਈ ਉਹਨੂੰ ਕੋਈ ਫ਼ਰਕ ਨਹੀਂ ਸੀ ਜਾਪਦਾ ਕਿ ਪਹਿਲਾਂ ਵਾਲੇ ਦਾਨੀ ਹੋਣ ਵਾਲੇ ਦਾਨੀ ਵਿਚ ਕੀ ਫ਼ਰਕ ਏ ?

ਕੋਈ ਨਹੀਂ ਜਾਂਦਾ, ਬਾਹਰੋਂ ਠੰਡਾ ਠਾਰ ਨਜ਼ਰੀਂ ਆਉਣ ਵਾਲਾ ਦਾਨੀ ਅੰਦਰੋ ਅੰਦਰ ਕਿਹੜੀ ਅੱਗ ਲੁਕਾਈ, ਫਿਰਦਾ ਏ ? ਇਹ ਅੱਗ ਸੀ ਉਹਦੇ ਸਵਾਲਾਂ ਦੀ ।ਮੈਂ ਕੌਣ ਆਂ ? ਮੈਂ ਕੀ ਆਂ ? ਇਨਸਾਨ ਕੀ ਏ ? ਮਜ਼ਹਬ ਕੀ ਏ ? ਮਜ਼ਹਬ ਨਾਲ ਕੀ ਫ਼ਰਕ ਪੈਂਦਾ ਏ ?ਕਿਸੇ ਮਜ਼ਹਬ ਤੇ ਈ ਚੱਲਣਾ ਕਿਉਂ ਜ਼ਰੂਰੀ ਏ ? ਇੱਕੋ ਜਿਹੇ ਹੋ ਕੇ ਵੀ ਇਨਸਾਨ ਇੱਕੋ ਜਿਹੇ ਕਿਉਂ ਨਹੀਂ ? ਕਿਸੇ ਤਗੜੇ ਦੇ ਘੱਰ ਜੰਮਣ ਚ, ਜੰਮਣ ਵਾਲੇ ਦਾ ਕੀ ਕਮਾਲ ਏ ? ਤੇ ਕਿਸੇ ਮਾੜੇ ਘੱਰ ਪੈਦਾ ਹੋਣ ਵਿਚ, ਪੈਦਾ ਹੋਣ ਵਾਲੇ ਦਾ ਕੀ ਕਸੂਰ ਏ ?

ਮਜ਼ਹਬਾਂ ਨਾਲ ਵੀ ਨਸਲਾਂ ਦਾ ਫ਼ਰਕ ਕੀਉਂ ਨਹੇਂ ਮੁਕਦਾ ?

ਉਹ ਸੋਚ ਸੋਚ ਫਾਵਾ ਹੋ ਜਾਂਦਾ ।ਉਹ ਜੂੰ ਜੂੰ ਸੋਚਦਾ, ਤੋਂ ਤੋਂ ਉਹਦੇ ਅੰਦਰ ਦੀ ਅੱਗ ਵਧਦੀ ਜਾਂਦੀ ਤੇ ਫਿਰ ਉਹਨੂੰ ਲਗਦਾ ਜਿਵੇਂ ਇਹ ਅੱਗ ਉਹਦੇ ਸਿਰ ਨੂੰ ਚੜ੍ਹ ਗਈ ਏ ? ਉਹ ਡੌਰ ਭੌਰਾ ਜਿਹਾ ਹੋ ਜਾਂਦਾ ।ਉਹ ਆਪਣੀਆਂ ਸੋਚਾਂ ਦੇ ਰਸਤੇ ਦਾ ਕੱਲਾਂ ਈ ਪਾਂਧੀ ਸੀ, ਉਹ ਇਸ ਰਸਤੇ ਤੇ ਟੁਰਦਾ ਟੁਰਦਾ ਅਪਣਾ ਅੱਗੇ ਟੁਰ ਗਿਆ ਕਿ ਉਹਨੂੰ ਲੱਗਾ ਪਈ ਰਸਤਾ ਈ ਮੁੱਕ ਗਿਆ ਏ । ਅਪਣਾ, ਬਿਗਾਨਾ, ਹੋਣਾ ਨਾ ਹੋਣਾ, ਮਰਨਾ, ਜੀਵਣਾ, ਹਾਸਾ ਰੋਣਾ ਉਹਦੇ ਲਈ ਇਕ ਹੋ ਗਏ ਤੇ ਇਕ ਦਿਨ ਉਹ ਅੱਧੀ ਰਾਤੀ, ਚੁਪ ਚੁਪੀਤੇ ਘਰੋਂ ਨਿਕਲ ਗਿਆ ।

ਭਾਗ ਤੇ ਸ਼ਾਂਤੀ ਦਿਨ ਚੜ੍ਹਨ ਤੋਂ ਪਹਿਲਾਂ ਈ ਡਿਊਟੀ ਤੇ ਟੁਰ ਜਾਂਦੇ ਸਨ ।ਦਿਨ ਚੜ੍ਹੇ ਐਲਿਸ ਉਠੀ ਤੇ ਦਾਨੀ ਮੰਜੀ ਤੇ ਕੋਈ ਨਹੀਂ ਸੀ, ਉਹ ਸਮਝੀ ਸਵੇਰੇ ਸਵੇਰੇ ਕਿਤੇ ਕੰਮ ਗਿਆ ਹੋਵੇ ਗਾ, ਪਿਛਲੇ ਪਹਿਰ ਭਾਗ ਤੇ ਸ਼ਾਂਤੀ ਘੱਰ ਆ ਗਏ ਪਰ ਦਾਨੀ ਸ਼ਾਮ ਤੀਕਰ ਵੀ ਨਾ ਆਇਆ । ਐਲਿਸ ਨੇ ਦੱਸਿਆ ਤੇ ਭਾਗ ਕਹਿਆ, "ਜਿੰਨਾ ਜਵਾਨ ਏ, ਕਿਹੜਾ ਇਆਣਾ ਬਾਲ ਏ, ਆਪੇ ਆ ਜਾਂਦਾ ਏ ।" ਪਰ ਦਾਨੀ ਕੁਫ਼ਤਾਂ ਵੇਲ਼ੇ ਤੀਕ ਨਾ ਆਇਆ ।

ਭਾਗ ਬਾਹਰ ਨਿਕਲਿਆ ਤੇ ਉੱਘ ਸੁੱਘ ਲਈ ਪਰ ਕਿਤੋਂ ਪਤਾ ਨਾ ਲੱਗਿਆ, ਦਾਨੀ ਦਾ ਹੁਣ ਬਾਹਰ ਕਿਸੇ ਨਾਲ ਬਹਿਣ ਖਲੋਣ ਈ ਨਹੀਂ ਸੀ ।ਉਡੀਕਦੀਆਂ ਉਡੀਕਦੀਆਂ ਰਾਤ ਲੰਘ ਗਈ ।ਅਗਲੀ ਸਵੇਰੇ ਭਾਗ ਨੂੰ ਦੱਸ ਪਈ ਤੇ ਉਹ ਸਦਾ ਸਾਈਂ ਬੂਟੇ ਦੇ ਦਰਬਾਰ ਤੇ ਗਿਆ ।ਦਾਨੀ ਮਲੰਗਾਂ ਦੀ ਟੋਲੀ ਵਿਚ ਬੈਠਾ ਘੋਟਾ ਲਾ ਰਿਹਾ ਸੀ ।ਭਾਗ ਵੇਖਦਿਆਂ ਈ ਕਹਿਆ, "ਫ਼ਟੇ ਮੂੰਹ ਤੇਰੇ ਹੋਣ ਤੇ ਜੰਮਣ ਦਾ, ਸਾਡੇ ਵਸਾਹ ਸੁੱਕੇ ਨੇਂ ਤੇ ਤੋਂ ਇੱਥੇ ਘੁੱਟੇ ਲਾਣ ਡਿਹਾ ਏਂ ।ਉਤਾਨਹਾ ਉਠ ਵੱਡਾ



ਮਲੰਗ ।"

ਦਾਨੀ ਕੁੱਝ ਨਾ ਬੋਲਿਆ ਤੇ ਚੁਪ ਕਰ ਕੇ ਭਾਗ ਦੇ ਨਾਲ ਟੁਰ ਪਿਆ ।

ਦਾਨੀ ਘੱਰ ਤੇ ਆ ਗਿਆ ਪਰ ਕੰਮ ਤੇ ਨਾ ਗਿਆ ।ਦੋ, ਤਰੈ ਦਿਨ ਉਹ ਘੱਰ ਈ ਪਿਆ ਰਿਹਾ, ਐਲਿਸ ਉਹਦਾ ਦਿਲ ਪਰਚਾਨ ਦਾ ਬੜਾ ਚਾਰਾ ਕੀਤਾ ।ਭਾਗ ਤੇ ਸ਼ਾਂਤੀ ਵੀ ਬਥੇਰਾ ਸਮਝਾਇਆ ਪਈ "ਤੋਂ ਹੁਣ ਬਾਲ ਬੱਚੇ ਦਾਰ ਏਂ, ਸੰਭਾਲ ਆਪਣੇ ਆਪ ਨੂੰ, ਪਰ ਉਹਦੇ ਕੋਲੋਂ ਅਪਣਾ ਆਪ ਨਾ ਸੰਭਾਲਿਆ ਗਿਆ ।ਚੌਥੀ ਰਾਤ ਨੂੰ ਉਹ ਫਿਰ ਘਰੋਂ, ਸਾਰੇ ਜਈਆਂ ਦੇ ਸੁੱਤਿਆਂ ਨਿਕਲ ਗਿਆ ।ਅਗਲੇ ਦਿਨ ਭਾਗ ਨੂੰ ਪਤਾ ਲੱਗਾ ਤੇ ਉਹ ਸਾਈਂ ਬੂਟੇ ਦੇ ਦਰਬਾਰ ਤੇ ਗਿਆ ਪਰ ਮਲੰਗਾਂ ਕਹਿਆ ਇਸ ਵਾਰੀ ਉਹ ਇੱਥੇ ਆਇਆ ਈ ਨਹੀਂ ।

ਭਾਗ ਸਾਈਂ ਬੂਟੇ ਦੇ ਦਰਬਾਰ ਤੇ ਕੈਂ ਫਿਰੇ ਲਾਂਦਾ ਰਿਹਾ ।ਉਹ ਦੂਜੇ ਤਰੀਜੇ ਦਰਬਾਰਾਂ ਤੇ ਵੀ ਇੱਧਰ ਉੱਧਰ ਬੜਾ ਖੱਜਲ ਹੋਇਆ ਪਰ ਦਾਨੀ ਦਾ ਕੋਈ ਥੂਹ ਪਤਾ ਨਾ ਲੱਗਾ ।ਭਾਗ ਕੇ ਮਹੀਨਾ ਖੰਡ ਰੋ ਧੋ ਕੇ ਬਹਿ ਗਏ ।ਇਕ ਦਿਨ ਭਾਗ ਨੂੰ ਕਿਸੇ ਦੱਸਿਆ ਪਈ, ਦਾਨੀ ਸਾਈਂ ਬੂਟੇ ਦੇ ਦਰਬਾਰ ਤੇ ਆਇਆ ਏ ।ਭਾਗ ਉਥੇ ਗਿਆ ਤੇ ਪਹਿਲੀ ਨਜ਼ਰੇ ਤੇ ਉਨ੍ਹਾਂ ਪਛਾਣਿਆ ਈ ਨਾ ਪਈ ਇਹ ਦਾਨੀ ਉਹਦੀ ਵਧੀ ਦਾੜ੍ਹੀ, ਨਾ ਧੋਤੇ ਸਿਰ ਦੇ ਵਾਲ, ਗੱਲ ਵਿੱਚ ਮਲੰਗਾਂ ਵਾਲਾ ਚੋਗ਼ਾ ਜਿਹਾ । ਭਾਗ ਕਹਿਆ, "ਤੋਂ ਸਾਡੇ ਨਾਲ ਕੀ ਤਮਾਸ਼ੇ ਪਿਆ ਕਰਨਾ ਏਂ ? ਉਤਾਨਹਾ ਉਠ ਤੇ ਚੱਲ ਘੱਰ, ਬੂਥੀ ਵੇਖ ਅਪਣੀ ਦਰਵੇਸ਼ਾਂ ਵਾਲੀ ।"

ਦਾਨੀ ਨਾ ਉਠਿਆ ਤੇ ਨਾ ਈ ਉਹਨੇ ਅੱਗੋਂ ਕੋਈ ਜਵਾਬ ਦਿੱਤਾ ।ਇੱਕ ਮਲੰਗ ਬੋਲਿਆ ਤੇ ਉਹਨੇ ਭਾਗ ਨੂੰ ਕਹਿਆ, ਜਾਉ ਬਾਦਸ਼ਾਹੋ ! ਇਹ ਹੁਣ ਤੁਹਾਡਾ ਨਹੀਂ ਰਿਹਾ, ਤੁਹਾਡੇ ਹੁਣ ਇਹ ਕਿਸੇ ਕੰਮ ਦਾ ਨਹੀਂ ਤੇ ਨਾ ਈ ਇਹਨੇ ਹੁਣ ਜਾਣਾ ਜੇ, ਐਵੇਂ ਪਏ ਕੁਰਲਾਂਦੇ ਓ, ਉਹ ਨਾ ਤੁਹਾਡੀ ਕੋਈ ਗੱਲ ਸੁਣ ਰਿਹਾ ਏ ਤੇ ਨਾ ਉਹਨੂੰ ਸਮਝ ਆ ਰਹੀ ਏ ਪਈ ਤੁਸੀਂ ਕੌਣ ਓ ਤੇ ਕੀ ਕਹਿ ਰਹੇ ਓ, ਅਪਣਾ ਵੇਲਾ ਨਾ ਬਰਬਾਦ ਕਰੋ ।ਜਾਉ ਰੱਬ ਖ਼ੈਰ ਕਰੇ।" ਪਰ ਭਾਗ ਕਿਥੋਂ ਮੰਨਣ ਵਾਲਾ ਸੀ, ਉਹਨੇ ਦਾਨੀ ਨੂੰ ਬੜੇ ਦਾਬੈ ਮਾਰੇ ਤੇ ਉੱਠਣ ਨੂੰ ਕਹਿਆ, ਦੋ ਤਿੰਨ ਵਾਰੀ ਉਹਨੇ ਦਾਨੀ ਨੂੰ ਧਰੂ ਕੇ ਵੀ ਉਠਾਂਣ ਦਾ ਚਾਰਾ ਕੀਤਾ ਪਰ ਦੂਜੇ ਮਲੰਗ ਨੇ ਸੱਚ ਆਖਿਆ ਸੀ ।ਭਾਗ ਨੂੰ ਕਲੀਆਂ ਈ ਘੱਰ ਜਾਣਾ ਪਿਆ।

ਥੋੜੇ ਦਿਨਾਂ ਮਗੋਂ ਐਲਿਸ ਦੇ ਪਿਓ ਮੰਗੇ ਨੂੰ ਪਤਾ ਲੱਗਾ ।ਉਹ ਆਇਆ ਤੇ ਉਹਨੇ ਭਾਗ ਤੇ ਸ਼ਾਂਤੀ ਨੂੰ ਖੋਹਰੇ ਕੱਢੇ ਤੇ ਕਹਿਆ, "ਕਿਉਂ ਮੇਰੀ ਧੀ ਨੂੰ ਰੁਲਣ ਲੱਗੇ ਓ, ਮੈਂ ਹੁਣ ਜਵਾਨ ਧੀ ਨੂੰ ਇੰਜ ਉਜੜਿਆ ਤੇ ਨਹੀਂ ਵੇਖ ਸਕਦਾ ।" ਸ਼ਾਂਤੀ ਬੋਲੀ, "ਭਰਾ ਜਿੱਥੇ ਅਸਾਂ ਤਿੰਨ ਬਾਲ ਪਾਲੇ ਨੇਂ, ਦਾਨੀ ਦਾ ਪੁਤੱਰ ਸਾਨੂੰ ਭਾਰਾ ਨਹੀਂ, ਸਾਡੀ ਉਹ ਰੱਤ ਏ, ਤੇ ਨਾਲ ਸੋਨਾ ਕੜ੍ਹਾਈਉਂ ਤੇ ਮਹਗਨਾ ਹੈਂ ਹੁੰਦਾ, ਰਹਿ ਗਈ ਗੱਲ ਐਲਿਸ ਦੀ ਤੇ ਵੋਹ ਸਾਡੀ ਧੀ ਏ ਸਾਡੇ ਵੱਲੋਂ ਤੈਨੂੰ ਕਦੀ ਤੱਤੀ ਹਵਾ ਵੀ ਨਹੀਂ ਆਉਣ ਲੱਗੀ ।"

ਮੰਗਾ ਆਖਣ ਲੱਗਾ, "ਭੈਣ ਗੱਲ ਇਹ ਨਹੀਂ, ਵੇਖ ਨਾ, ਜਿੰਨਾ ਜਵਾਨ ਪੁਤੱਰ ਸ਼ੈਦਾਈਆਂ ਵਾਂਗ ਨਸ਼ਈਆਂ ਵਿਚ ਪਿਆ ਏ, ਇਹ ਵੀ ਤੇ ਵਾਰ ਇਨ੍ਹੀਂ ਨਾ ਖਾਂਦਾ ।ਤੁਹਾਡੇ ਕੋਲੋਂ ਉਹ ਸਿੱਧਾ ਨਹੀਂ ਹੁੰਦਾ ਤੇ ਮੈਂ ਉਹਦਾ ਕੋਈ ਉਪਾ ਕਰ ਲੈਣਾਂ ।"

ਭਾਗ ਕਹਿਆ, "ਭਾਈਆ ਤੋਂ ਵੀ ਅਪਣਾ ਚਾਰਾ ਕਰ ਵੇਖ।"

ਅਗਲੇ ਦਿਨ ਮੰਗਾ, ਸ਼ਾਂਤੀ ਤੇ ਐਲਿਸ, ਸਾਈਂ ਬੂਟੇ ਦੇ ਦਰਬਾਰ, ਦਾਨੀ ਕੋਲ ਆਈਆਂ ।ਐਲਿਸ ਆਉਂਦੀਆਂ ਆਪਣੇ ਬਾਲ ਨੂੰ ਵੀ ਨਾਲ ਲੈ ਆਂਦਾ ਸੀ ਪਈ ਖ਼ੋਰੇ ਦਾਨੀ ਨੂੰ ਕੋਈ ਅਕਲ ਆ ਈ ਜਾਵੇ ।

ਸ਼ਾਂਤੀ ਤੇ ਐਲਿਸ ਬੜੀਆਂ ਲਿੱਲਾਂ ਲਈਆਂ ਤੇ ਮੰਗੇ ਬਥੇਰਾ ਦਾਬਾ ਧਰੜਾ ਵੀ ਕੀਤਾ ਪਰ ਦਾਨੀ ਕੋਈ ਗੱਲ ਨਾ ਗੋਲੀ ਤੇ ਉਨ੍ਹਾਂ ਨੂੰ ਵੀ ਭਾਗ ਵਾਂਗਰ ਖ਼ਾਲੀ ਹੱਥ ਈ ਜਾਣਾ ਪਿਆ ।ਭਾਗ ਕਈਆਂ ਦਿਨਾਂ ਬਾਅਦ ਵੀ ਕਿਨੀ ਵਾਰੀ ਦਾਨੀ ਨੂੰ ਘੱਰ ਖੜਨ ਦਾ ਚਾਰਾ ਕੀਤਾ ਪਰ ਹੌਲੀ ਹੌਲੀ ਉਹਨਾਂ ਨੋਂ ਸਬਰ ਆ ਗਿਆ ਤੇ ਉਨ੍ਹਾਂ ਸਮਝ ਲਿਆ ਪਈ ਇਹ ਇਈਉਂ ਸੰਡੇ ਅੱਗੇ ਬਿਨ ਵਜਾਵਣ ਵਾਲੀ ਗੱਲ ਏ ।

ਦਾਨੀ ਹੁਣ ਮਲੰਗਾਂ ਵਿੱਚੋਂ ਈ ਇਕ ਮਲੰਗ ਸੀ ਤੇ ਬੱਸ ਉਹਦੀ ਸਾਰੀ ਦੁਨੀਆ ਸਾਈਂ ਬੂਟੇ ਦੇ ਈ ਦਰਬਾਰ ਤੇ ਵਸਦੀ ਸੀ ਇਕ ਦਿਨ ਮਲੰਗ ਬੈਠੇ ਘੋਟਾ ਲਾ ਰਹੇ ਸਨ ਤੇ ਇਕ ਮਜ਼੍ਹਬੀ ਜਮਾਤ ਦੇ ਮੁੰਡੇ ਆ ਗਏ ਤੇ ਉਨ੍ਹਾਂ ਮਲੰਗਾਂ ਨੂੰ ਦਾਬਾ ਸ਼ਾਬਾ ਮਾਰਿਆ ਪਈ, "ਤੁਸੀਂ ਅੱਲਾਹ ਦੇ ਦੇਣ ਤੇ ਮਾਆਸ਼ਰੇ ਨੂੰ ਵਿਗਾੜ ਰਹੇ ਓ, ਨਾ ਨਮਾਜ਼ ਨਾ ਰੋਜ਼ਾ, ਐਵੇਂ ਸੁੱਕੇ ਨਾਅਰੇ।"

ਮੁੰਡਿਆਂ ਦਾ ਆਗੂ ਬੜਾ ਦਲੇਰ ਮੁੰਡਾ ਸੀ, ਉਹ ਕਈ ਦੂਜੇ ਮੁਲਕਾਂ ਵਿਚ ਵੀ ਦੇਣ ਦੀ ਖ਼ਿਦਮਤ ਵਾਸਤੇ ਜਾਂਦਾ ।ਇੱਥੇ ਵੀ ਤਨਜ਼ੀਮ ਦੀ ਬੜੀ ਖ਼ਿਦਮਤ ਕਰਦਾ ।ਅੱਜ ਵੀ ਮਲੰਗਾਂ ਦੇ ਫ਼ਤਨੇ ਨੂੰ ਮੁਕਾਨ ਲਈ ਉਹ ਸੱਭ ਤੋਂ ਅੱਗੇ ਸੀ ।ਉਹ ਜਿਸ ਵੇਲ਼ੇ ਇਕ ਬੁੱਢੇ ਮਲੰਗ ਦੀ ਬਾਂਹ ਮਰੋੜ ਕੇ ਉਹਨੂੰ ਹੂਰੇ ਮਾਰ ਰਿਹਾ ਸੀ ।ਦਾਨੀ ਕੋਲੋਂ ਜਰੀਆਨਾ ਗਿਆ ।ਉਹਨੇ ਕਹਿਆ, "ਐਵੇਂ ਮਰੀਆਂ ਨੂੰ ਨਾ ਮਾਰੂ।"

ਆਗੂ ਨੂੰ ਦਾਨੀ ਦੀ ਗੱਲ ਤੇ ਬੜਾ ਗ਼ੁੱਸਾ ਆਇਆ ।ਉਹਨੇ ਰੱਖ ਕੇ ਡੰਡਾ ਦਾਨੀ ਦੇ ਖੁਨੇ ਵਿਚ ਮਾਰਿਆ ।ਦਾਨੀ ਦਾ ਸਾਰਾ ਮਿੱਥ ਲਹੂ ਨਾਲ ਭਰ ਘਤਾ ।

ਦਾਨੀ ਉਠ ਕੇ ਖਲੋ ਗਿਆ ਤੇ ਉਹਨੇ ਬੜੇ ਗ਼ੁੱਸੇ ਵਿਚ ਉਹਨੂੰ ਕਹਿਆ, "ਤੋਂ ਸਾਨੋਂ ਮਾਰੀਆ, ਜਾ ਰੱਬ ਤੈਨੂੰ ਮਾਰੇ ਗਾ ।"

ਮਲੰਗਾਂ ਨੂੰ ਲਿੱਤਰ ਖੋਸੜਾ ਕਰ ਕੇ, ਮੁੰਡੇ ਜਾਂਦੇ ਜਾਂਦੇ ਕਹਿ ਗਏ, "ਦੀਣ ਦੇ ਨਾਂ ਤੇ ਇਹ ਪਖੰਡ ਬੰਦ ਕਰ ਦਿਓ, ਨਹੀਂ ਤੇ ਅਗਲੇ ਹਫ਼ਤੇ ਇਸ ਤੋਂ ਵੀ ਭੈੜੀ ਕਰਾਂਗੇ ।"

ਅਗਲੇ ਦਿਨ ਮੋਟਰ ਸਾਈਕਲ ਤੇ ਕਿਥੇ ਜਾਂਦੀਆਂ ਉਸ ਆਗੂ ਮੁੰਡੇ ਦਾ ਬੜਾ ਭਾਰਾ ਐਕਸੀਡੈਂਟ ਹੋਇਆ ।ਉਹ ਜਾਣੂੰ ਤੇ ਬਚ ਗਿਆ ਪਰ ਉਹਦੀ ਸੱਜੀ ਬਾਂਹ ਟੁੱਟ ਗਈ ।ਅਗਲੇ ਹਫ਼ਤੇ ਨਾ ਤੇ ਮਲੰਗ ਈ ਕਿਤੇ ਗਏ ਤੇ ਨਾ ਈ ਮਜ਼੍ਹਬੀ ਤਨਜ਼ੀਮ ਦੇ ਮੁੰਡੇ ਆਏ ।ਹਰ ਪਾਸੇ ਇਹ ਧੂਮ ਪੈ ਗਈ ਕਿ ਮਲਨਗਾਂ ਨੋਂ ਮਾਰਨ ਵਾਲੇ ਮੁੰਡੇ ਦੀ ਬਾਂਹ ਦਾਨੀ ਮਲੰਗ ਦੀ ਬਦ ਦੁਆ ਨਾਲ ਟੁੱਟ ਗਈ ਏ। ਇਸ ਵਾਕਿਅ ਪਿਚੋਂ ਦਾਨੀ, ਸਾਈਂ ਦਾਨੀ ਹੋ ਗਿਆ ।ਲੋਕਾਂ ਉਹਦੀ ਕਰਾਮਤਾਂ ਬਾਰੇ ਕਈ ਗੱਲਾਂ ਮਸ਼ਹੂਰ ਕਰ ਛੱਡੀਆਂ ।

ਦੂਰੋਂ ਦੂਰੋਂ ਮੁਸੀਬਤਾਂ ਦੇ ਮਾਰੇ ਦਾਨੀ ਕੋਲ ਆਉਣ ਲੱਗ ਪਏ ।ਲੋਕ ਕਹਿੰਦੇ, "ਸਾਈਂ ਦਾਨੀ ਜੋ ਮੂੰਹੋਂ ਕੱਢਦਾ ਏ ਉਹ ਪੂਰੀ ਹੁੰਦੀ ਏ ।"

ਦਾਨੀ ਕੋਲ ਬੜੇ ਲੋਕ ਆਉਂਦੇ ਪਰ ਉਹ ਕਿਸੇ ਨਾਲ ਕੋਈ ਗੱਲ ਬਾਤ ਨਾ ਕਰਦਾ ।ਬੱਸ ਕਦੀ ਕਿਦਾਰ ਐਵੇਂ ਮੌਜ ਵਿਚ ਆਉਂਦਾ ਤੇ ਕੋਈ ਗੱਲ ਕਰਦਾ, ਯਾ ਚੁਪ ਕਰ ਕੇ ਹੱਥ ਚੁੱਕਦਾ, ਦੁਆ ਕਰਦਾ ਤੇ ਫਿਰ ਇਸ਼ਾਰੇ ਨਾਲ ਆਹੰਦਾ ਚਲੇ ਜਾਉ।

ਕੋਈ ਪੈਸੇ ਦੇਣ ਦਾ ਚਾਰਾ ਕਰਦਾ ਤੇ ਉਹ ਮਨ੍ਹਾ ਕਰ ਦਿੰਦਾ ।ਲੋਕ ਫੁੱਲ ਫ਼ਰੂਟ ਤੇ ਵੱਸਣ ਸਵੱਨੀਆਂ ਮਠਿਆਈਆਂ ਉਹਦੇ ਵਾਸਤੇ ਲੈ ਕੇ ਆਉਂਦੇ ਪਰ ਉਹ ਕੁੱਝ ਵੀ ਨਾ ਲੈਂਦਾ ।ਕੋਈ ਬਹੁਤੀ ਜ਼ਿੱਦ ਕਰਦਾ ਤੇ ਉਹ ਕਹਿੰਦਾ ਬਾਹਰ ਲੋਕਾਂ ਵਿਚ ਵੰਡ ਦੀਵਓ ।

ਕਈ ਵਾਰੀ ਉਹ ਲੋਕਾਂ ਤੋਂ ਬਹੁਤ ਤੰਗ ਆਉਂਦਾ ਤੇ ਆਹੰਦਾ, "ਮੇਰੇ ਕੋਲ ਕੁੱਖ ਨਹੀਂ, ਐਵੇਂ ਤੁਹਾਨੂੰ ਭੁਲੇਖਾ ਲੱਗਾ ਏ, ਮੈਨੂੰ ਤੇ ਅਪਣਾ ਪਤਾ ਨਹੀਂ, ਮੈਂ ਕੌਣ ਆਂ ? ਤੇ ਕੀ ਆਂ ? ਜਾਉ ਜਾ



ਕੇ ਅਪਣਾ ਕੰਮ ਕਰੋ ।" ਉਹ ਲੋਕਾਂ ਤੋਂ ਅੱਕ ਕੇ ਉਨ੍ਹਾਂ ਨੂੰ ਗੰਦੀਆਂ ਗੰਦੀਆਂ ਗਾਲ੍ਹਾਂ ਵੀ ਕੱਢਦਾ ਤੇ ਲੋਕ ਖ਼ੁੱਸ਼ ਹੁੰਦੇ ਪਈ "ਅੱਜ ਕੰਮ ਬਣ ਜਾਏ ਗਾ, ਸਾਈਂ ਹੋਰੀ ਜਲਾਲ ਵਿਚ ਆਏ ਨੇਂ ।"

ਸਾਲ ਡੇਢ ਦੇ ਵਿੱਚ ਵਿੱਚ ਈ ਸਾਈਂ ਦਾਨੀ ਦੀ ਬੜੀ ਮਾਨਤਾ ਹੋ ਗਈ, ਹਰ ਪਾਸੇ ਉਹਦੇ ਪਹੁੰਚਿਆ ਹੋਇਆ ਬਜ਼ੁਰਗ ਹੋਣ ਦੀ ਦੁਹਾਈ ਪੈ ਗਈ ।ਇਕ ਦਿਨ ਸ਼ਾਮ ਨੂੰ ਦੋ ਨਮਾਜ਼ੀ ਮੁੰਡੇ ਆਦਮਵਾਲ ਦੀ ਉਸੇ ਜਾਮ ਮਸੀਤ ਤੋਂ ਨਮਾਜ਼ ਪੜ੍ਹ ਕੇ ਨਿਕਲੇ ਜਿੱਥੇ ਦਾਨੀ ਮੁਸਲਮਾਨ ਹੋਇਆ ਸੀ ।ਇਕ ਨਮਾਜ਼ੀ ਤੇ ਅਪਣਾ ਵਿਗੜਿਆ ਕੰਮ ਸਿੱਧਾ ਹੋਣ ਦੀ ਗੱਲ ਛੋਹ ਦਿੱਤੀ ਤੇ ਦੱਸਿਆ ਕਿਵੇਂ ਸਾਈਂ ਦਾਨੀ ਦੀ ਦੁਆ ਨਾਲ ਇਹ ਕਰਾਮਤ ਹੋਈ ।ਉਹਨੇ ਕਹਿਆ, "ਵੇਖੋ ਜੀ, ਰੱਬ ਦੀ ਮਰਜ਼ੀ, ਉਹ ਚਾਹਵੇ ਤੇ ਚੋਰਾਂ ਘੱਰ ਕੁਤਬ ਪੈਦਾ ਕਰ ਦੇ ।"

ਦੂਜਾ ਬੋਲਿਆ, "ਉਹ ਅਜੇ ਵੀ ਚੋਰ ਈ ਏ, ਹੋਰ ਕੀ ਏ ਉਹ ? ਉਹਦਾ ਕਿਹੜਾ ਕੋਈ ਦੀਨ ਇਮਾਨ ਏ ।"

ਪਹਿਲੇ ਕਹਿਆ, "ਪਹਿਲੀ ਗੱਲ ਤੇ ਇਹ ਵੇ, ਅੱਲਾਹ ਵਾਲੇ ਵੈਸੇ ਈ ਆਪਣੇ ਆਪ ਨੂੰ ਮਜ਼ਹਬਾਂ ਦੇ ਪਿੰਜਰੇ ਤੋਂ ਆਜ਼ਾਦ ਸਮਝਦੇ ਨੇਂ, ਉਨ੍ਹਾਂ ਲਈ ਰੱਬ ਅਪਣਾ ਦਰ ਖੋਲਿਆ ਹੁੰਦਾ ਏ ਤੇ ਉਨ੍ਹਾਂ ਦਾ ਦਰ ਹਰ ਕਿਸੇ ਲਈ ਖੁੱਲਾ ਹੁੰਦਾ ਏ ਜਿਹੜਾ ਜਾਏ ਮੁਰਾਦਾਂ ਪਾ ਲਏ ਤੇ ਦੂਜੀ ਗੱਲ ਇਹ ਵੀ ਸਾਰੀ ਦੁਨੀਆ ਨੂੰ ਇਹ ਪਤਾ ਏ ਸਾਈਂ ਹੋਰੀ ਇਸੇ ਈ ਮਸੀਤੇ ਮੁਸਲਮਾਨ ਹੋਏ ਸਨ ।

"ਹੱਦ ਹੋ ਗਈ ਏ ਤੇਰੇ ਵਾਲੀ" ਦੂਜਾ ਆਖਣ ਲੱਗਾ, "ਸਾਰੀ ਦੁਨੀਆ ਨੂੰ ਇਹ ਵੀ ਪਤਾ ਏ ਪਈ ਉਹ ਆਪਣੇ ਗ਼ੈਰ ਮੁਸਲਿਮ ਮਾਂ ਪਿਓ ਵੱਲ ਟੁਰ ਗਿਆ ਸੀ ਤੇ ਉਹਨੇ ਵਿਆਹ ਵੀ ਇਕ ਗ਼ੈਰ ਮੁਸਲਿਮ ਨਾਲ ਕੀਤਾ ਤੇ ਇਕ ਇਆਣਾ ਵੀ ਏ ਉਹਦਾ ਉਸੇ ਬੀਬੀ ਵਿੱਚੋਂ ।ਇਨ੍ਹਾਂ ਕੁੱਝ ਕਰਨ ਤੋਂ ਬਾਅਦ ਵੀ ਉਹ ਮੁਸਲਮਾਨ ਈ ਏ ਅਜੇ ? ਤੇ ਉੱਤੋਂ ਸੋਨੇ ਤੇ ਸੁਹਾਗਾ ਉਹ ਹੁਣ ਦਰਵੇਸ਼ ਬਣ ਬੈਠਾ ਏ ।" ਉਹ ਬਗ਼ੈਰ ਵਸਾਹ ਲੀਉਂ ਬੋਲਦਾ ਰਿਹਾ ।

"ਖ਼ੁਦਾ ਦਾ ਖ਼ੌਫ਼ ਕਰੋ ਕੁੱਝ, ਪਤਾ ਨਹੀਂ ਕੀ ਹੋ ਗਿਆ ਏ ਸਾਡੇ ਈਮਾਨ ਨੂੰ, ਉਹ ਮੁਰਤਦ ਏ, ਇਹ ਤੇ ਸਾਡੇ ਈਮਾਨ ਦੀ ਕਮਜ਼ੋਰੀ ਏ ਪਈ ਉਹ ਅਜੇ ਵੀ ਜ਼ਿੰਦਾ ਏ।"

ਪਹਿਲਾ ਬੋਲਿਆ, ਭਾਈ ਜੀ ਖ਼ੁਦਾ ਦਾ ਖ਼ੌਫ਼ ਕਰੋ ਤੁਸੀਂ ਤੇ ਡਰੋ ਰੱਬ ਦੇ ਕਹਿਰ ਤੋਂ ਕਿਉਂ ਤੁਸੇਂ ਪੁਠੀਆਂ ਗੱਲਾਂ ਕਿਰਰ ਰਹੇ ਓ।ਮਾਂ ਪਿਓ ਤੇ ਕਾਫ਼ੀ ਵੀ ਹੋਏ ਤੇ ਉਨ੍ਹਾਂ ਦੀ ਖ਼ਿਦਮਤ ਦਾ ਹੁਕਮ ਏ ਤੇ ਅਹਿਲ ਕੁਤਬਾ ਨਾਲ ਵਿਆਹ ਜਾਇਜ਼ ਨਹੀਂ, ਇਹ ਕਿੱਥੇ ਲਿਖਿਆ ਏ ? ਮੈਨੂੰ ਦੱਸੋ ਤੁਸੀਂ ? ਐਵੇਂ ਗੱਲ ਕਰ ਛੱਡਣਾ ਤੇ ਕੋਈ ਗੱਲ ਨਾ ਹੋਈ ।"

ਹੌਲੀ ਹੌਲੀ ਦੋਵੇਂ ਨਮਾਜ਼ੀ ਜ਼ੋਰ ਜ਼ੋਰ ਨਾਲ ਬੋਲਣ ਲੱਗ ਪਏ ਤੇ ਟੁਰਦੇ ਟੁਰਦੇ ਗੱਲ ਦੀ ਨੁੱਕਰ ਤੇ ਖਲੋ ਗਏ ।ਵਗਦੀ ਗਲੀ ਸੀ, ਆਉਂਦੇ ਜਾਂਦੇ ਲੋਕ ਵੀ ਰੌਲਾ ਸੁਣ ਕੇ ਖਲੋਨਾ ਸ਼ਰੋ ਹੋ ਗਏ, ਗੱਲ ਵਧਦੀ ਵਧਦੀ ਵਾਹਵਾ ਵੱਧ ਗਈ ।

ਪਹਿਲਾ ਕਹਿੰਦਾ ਸੀ ਪਈ, "ਸਾਈਂ ਅੱਲਾਹ ਦਾ ਵਲੀ ਏ ਤੇ ਪਹੁੰਚਿਆ ਹੋਇਆ ਬਜ਼ੁਰਗ ਏ ਤੇ ਦੋਜਾ ਅੜੀਆ ਸੀ ਪਈ ਉਹ ਡਰਾਮੇ ਬਾਜ਼ ਤੇ ਨਸ਼ਈ ਏ ਭੰਗ ਪੀ ਪੀ ਉਹਨੂੰ ਅਪਣੀ ਹੋਸ਼ ਨਹੀਂ, ਉਹਨੂੰ ਰੱਬ ਦੀ ਖ਼ੈਰ ਕੀ ਹੋਣੀ ਏ ?"

ਦੋਵੇਂ ਨਮਾਜ਼ੀ ਗ਼ੁੱਸੇ ਨਾਲ ਲਾਲ ਪੀਲੇ ਹੋ ਰਹੇ ਸਨ ਤੇ ਹੱਥੋ ਪਾਈ ਹੋਣ ਨੂੰ ਕਾਹਲੇ ਸਨ । ਦੂਜੇ ਨੂੰ ਗੱਲ ਕਰਦਿਆਂ ਕਰਦਿਆਂ ਬਹੁਤਾ ਗ਼ੁੱਸਾ ਆ ਗਿਆ ਤੇ ਉਹ ਉੱਚੀ ਉੱਚੀ ਕਹਿਣ ਲੱਗ ਪਿਆ, "ਉਹ ਕਾਫ਼ਰ ਏ, ਉਹ ਕਾਫ਼ਰ ਏ ।"

ਪਹਿਲੇ ਨੂੰ ਤੇ ਬਹੁਤ ਈ ਗ਼ੁੱਸਾ ਆ ਗਿਆ ਉਨ੍ਹਾਂ ਦੂਜੇ ਨੂੰ ਗਲਮੀਉਂ ਫੜ ਲਿਆ ।ਅਜੇ ਲੋਕ ਛੁਡਾਣ ਈ ਡੀਹੇ ਸਨ ਤੇ ਮਾਸਟਰ ਨੂਰ ਦੀਣ ਹੋਰੀ ਆ ਗਏ ਤੇ ਪੁੱਛਣ ਲੱਗ ਪਏ, "ਕੀ ਗੱਲ

ਕੀ ਹੋਈ ਏ ਵਾਈ ?"

ਪਹਿਲਾ ਦੱਸਣ ਲੱਗਾ ਪਈ, "ਸਾਈਂ ਦਾਨੀ ਹੋਰੀ ਅੱਲਾਹ ਦੇ ਦਰਵੇਸ਼, ਲੋਕਾਂ ਨੂੰ ਉਨ੍ਹਾਂ ਕੋਲੋਂ ਫ਼ੈਜ਼ ਹੋ ਰਿਹਾ ਏ ਤੇ ਇਹ ਕਹਿੰਦਾ ਏ ਉਹ ਮੁਸਲਮਾਨ ਈ ਨਹੀਂ।"

ਦੂਜਾ ਜ਼ੋਰ ਦੀ ਬੋਲਿਆ, "ਆਹੋ, ਉਹ ਤੇ ਮੈਂ ਅਜੇ ਵੀ ਕਹਿਣਾ ਉਹ ਮੁਸਲਮਾਨ ਨਹੀਂ।"

ਮਾਸਟਰ ਹੋਰਾਂ ਕਹਿਆ, "ਉਹ ਜੋ ਵੀ ਏ ਤੁਹਾਡੀ ਜਾਣ ਤੇ ਕਿਉਂ ਬਣੀ ਏ । ਤੁਹਾਨੂੰ ਕੋਈ ਤਕਲੀਫ਼ ਏ ? ਉਹਦੇ ਕੁੱਝ ਹੋਣ ਯਾ ਨਾ ਹੋਣ ਦੀ । ਜਾਉ ਜਾ ਕੇ ਅਪਣਾ ਅਪਣਾ ਕੰਮ ਕਰੋ । ਐਵੇਂ ਤਮਾਸ਼ਾ ਲਾਇਆ ਜੇ, ਵੱਡੇ ਮੁਨਸਫ਼ ਰਹਿ ਗਏ ।"

ਮਾਸਟਰ ਹੋਰੀ ਏਨਾ ਕਹਿ ਕੇ ਟੁਰ ਪਏ । ਲੋਕ ਵੀ ਖਿਲਰਨਾ ਪੁਲਰਨਾ ਸ਼ੁਰੂ ਹੋ ਗਏ । ਉਨ੍ਹਾਂ ਦੋਹਾਂ ਨਮਾਜ਼ੀਆਂ ਇਕ ਦੂਜੇ ਵੱਲ ਇੰਜ ਵੇਖਿਆ ਜਿਵੇਂ ਕਹਿ ਰਹੇ ਹੋਣ, '' ਗੱਲ ਤੇ ਠੀਕ ਏ । ਪਹਿਲਾਂ ਗਲੀ ਦੇ ਇਕ ਪਾਸੇ ਟੁਰ ਗਿਆ ਤੇ ਦੂਜਾ, ਦੂਜੇ ਪਾਸੇ ਮੁੜ ਗਿਆ....।

---

## ਲਹਿੰਦੇ ਪੰਜਾਬ ਦੇ ਕਹਾਣੀ ਸੰਗ੍ਰਿਹਿ

**ਅਕਬਰ ਕਹਾਣੀਆਂ/ਅਕਬਰ ਲਾਹੌਰੀ**
**ਹਾਸੇ ਤੇ ਹਾਉਕੇ/ਅਕਬਰ ਲਾਹੌਰੀ**
**ਰਾਵੀ ਦੀਆਂ ਰਮਜ਼ਾ/ਅਕਬਰ ਲਾਹੌਰੀ**
**ਛਿਲਤਰਾਂ/ਅਕਬਰ ਲਾਹੌਰੀ**
**ਕਾਲੀਆਂ ਇੱਟਾਂ ਕਾਲੇ ਰੋੜ/ਅਨਵਰ ਅਲੀ**
**ਨੂਰੀ/ਅਨਵਰ ਅਲੀ**
**ਕੱਚੇ ਦੀ ਗੁੱਡੀ/ਹਨੀਫ਼ ਚੌਧਰੀ**
**ਦੂਜਾ ਬਟਵਾਰਾ/ਹਨੀਫ਼ ਚੌਧਰੀ**
**ਲਹੂ ਦੀ ਖੁਸ਼ਬੋ/ਸਲੀਮ ਖਾਨ ਗਿੰਮੀ**



# ਆਵਾਜ਼ਾਂ/ਸਾਬਿਰ ਅਲੀ ਸਾਬਿਰ

ਲਾਹੌਰ ਦੇ ਇਕ ਮਸ਼ਹੂਰ ਚੋਕ ਵਿਚ ਦੋ ਸੜਕਾਂ ਵਿਚਕਾਰ ਬਣੇ ਫ਼ੁੱਟ ਪਾਥ ਤੇ ਟਰੈਫ਼ਿਕ ਇਸ਼ਾਰੇ ਦੀ ਬੁਰਜੀ ਨਾਲ ਉਹਨੇ ਢੋ ਲਾਈ ਹੋਈ ਸੀ ।

ਭੋਏਂ ਤੇ ਪਥੱਲਾ ਮਾਰ ਕੇ ਬਹਿਣ ਪਾਰੋਂ ਲੀੜੇ ਮਿੱਟੀ ਨਾਲ ਮਿੱਟੀ ਹੋਏ ਦਿਸਦੇ। ਲੋਕ ਉਹਦੇ ਕੋਲੋਂ ਚਾਰ ਚਾਰ ਕਰਮਾਂ ਦੂਰ ਈ ਲੰਘਦੇ ਪਏ ਸਨ, ਜਿਵੇਂ ਉਹ ਕੋਈ ਡਰਾਉਣੀ ਸ਼ੈਅ ਹੋਵੇ ।

ਵੈਸੇ ਉਹਦੀ ਵੇਖਣੀ ਵੀਸ਼ ਏਡੀ ਚੰਗੀ ਨਹੀਂ ਸੀ । ਨਜ਼ਰ ਵਿੱਚ 50 ਫ਼ੀਸਦ ਗ਼ੁੱਸਾ, 30 ਫ਼ੀਸਦ ਗ਼ਮ ਤੇ 20 ਕੋ ਫ਼ੀਸਦ ਚਤੁਰਾਈ ।

ਉਂਜ ਭਾਵੇਂ ਦੂਰੋਂ ਵੇਖਣ ਨੂੰ ਇਕ ਜਿਉਂਦੀ ਲਾਸ਼ ਤੋਂ ਸਿਵਾ ਕੁੱਝ ਵੀ ਨਹੀਂ ਸੀ ਪਰ ਅੱਖਾਂ ਹਾਲੀ ਜਾਨਦਾਰ ਸਨ, ਉਹਦੇ ਵਾਂਗੂੰ ਉੱਜੜਿਆਂ ਹੋਈਆਂ ਨਹੀਂ ।

ਮੈਂ ਵੀ ਉਹਨੂੰ ਵੇਖਦਾ ਹੋਇਆ ਚਾਰ ਪੰਜ ਕਰਮਾਂ ਵਲਾ ਕੇ ਲੰਘਣ ਲੱਗਾ ਤੇ ਉਹਨੇ ਮੇਰੇ ਵੱਲੇ ਇੰਜ ਵੇਖਿਆ ਕਿ ਮੈਨੂੰ ਖਲੋਣਾ ਪਿਆ ।

ਨਜ਼ਰਾਂ ਮਿਲੀਆਂ ਤੇ ਮੇਰੇ ਪੈਰ ਉਹਦੇ ਵੱਲ ਵਧਣ ਲੱਗ ਪਏ । ਇੰਜ ਲੱਗਾ ਜਿਵੇਂ ਕੋਈ ਬੜੇ ਪੁਰਾਣੇ ਰਿਸ਼ਤੇ ਦਾਰ ਮਿਲਣ ਲੱਗੇ ਹੋਣ। ਮੈਂ ਕੁੱਝ ਸੋਚਦਾ ਹੋਇਆ ਬਿਲਕੁਲ ਸਲੋਮੋਸ਼ਨ ਫ਼ਿਲਮ ਤਰ੍ਹਾਂ ਉਹਦੇ ਵੱਲ ਜਾ ਰਿਹਾ ਸਾਂ। ਉਹਦੀ ਮੇਰੀ ਚੋਂਹ ਕੋ ਗਜ਼ਾਂ ਦੀ ਵਿੱਥ ਰਹਿ ਗਈ ਤੇ ਮੇਰੇ ਪੈਰ ਰੁਕ ਗਏ । ਰੁਕਦੇ ਕਿਉਂ ਨਾਸ਼ ਉਹਦੀ ਮਿਕਨਾਤੀਸੀ ਨਜ਼ਰ ਘੂਰੀ ਵਿਚ ਬਦਲ ਗਈ ਸੀ ।

ਮੇਰੇ ਵਲੇ ਸ਼ ਇੰਜ ਧੌਣ ਅਕੜਾ ਕੇ ਵੇਖਣ ਨਾਲ ਉਹਦੇ ਦੁਆਲੇ ਵਲ੍ਹੀਟੀ ਹੋਈ ਮਿਲੀ ਕਚੀਲੀ ਤੇ ਥਾਂ ਥਾਂ ਤੋਂ ਛਿੱਦੀ ਹੋਈ ਚਾਦਰ ਉਹਦੇ ਸਿਰ ਤੋਂ ਲਹਿ ਗਈ । ਥੱਲਿਓਂ ਸਲੇਟੀ ਰੰਗੇ ਚੀਨੇ ਜਿਹੇ ਖਿਲਰੇ ਪੁਲਰੇ ਵਾਲ ਦਿਸਣ ਲੱਗ ਪਏ ਜਿਹਨਾਂ ਨੂੰ ਸੰਭਾਲਣ ਲਈ ਉਹਨੇ ਮਗਰ ਜੂੜਾ ਕੀਤਾ ਸੀ ਯਾ ਖ਼ੋਰੇ ਰਬੜ ਪਾਈ ਹੋਈ ਸੀ । ਉਮਰ ਕੋਈ ਪੰਤਾਲੀ ਕੋ ਸਾਲ ਦੇ ਲਾਗੇ ਤੇ ਚਿਹਰੇ ਦੀ ਬਨਾਵਟ ਤੇ ਮਰਦਾਂ ਵਰਗੀ ਪਰ ਮੂੰਹ ਤੇ ਮੁੱਛ ਦਾੜ੍ਹੀ ਦਾ ਕੋਈ ਨਾਂ ਨਿਸ਼ਾਨ ਨਹੀਂ ਸੀ ਦਿਸਦਾ ।

"ਇਹ ਮਰਦ ਏ ਕਿ ਜ਼ਨਾਨੀਸ਼ ?"

ਮੈਂ ਆਪਣੇ ਆਪ ਨੂੰ ਈ ਸਵਾਲ ਜਿਹਾ ਕੀਤਾ ਤੇ ਜਵਾਬ ਮਿਲਿਆ ।

"ਸਿੱਧੀ ਜਿਹੀ ਗੱਲ ਏ ਇਹਦੇ ਵਾਲ ਵੀ ਜ਼ਨਾਨੀਆਂ ਵਰਗੇ ਨੇਂ ਤੇ ਮੁੱਛ ਦਾੜ੍ਹੀ ਵੀ ਕੋਈ ਨਹੀਂ । ਇਹ ਜ਼ਨਾਨੀ ਈ ਹੋ ਸਕਦੀ ਏ ।"

"ਨਹੀਂ ਇਹ ਜ਼ਨਾਨੀ ਨਹੀਂ ।"

"ਕਿਵੇਂ ਨਹੀਂਸ਼ ?"

"ਇਸ ਕਰ ਕੇ ਕਿ ਵੱਡੇ ਵਾਲ ਮਰਦਾਂ ਦੇ ਵੀ ਹੁੰਦੇ ਨੇਂ। ਰਹੀ ਗੱਲ ਮੁੱਛ ਦਾੜ੍ਹੀ ਦੀਸ਼ ? ਤੈ ਮਰਦ ਖੋਦੇ ਵੀ ਤਾਂ ਹੁੰਦੇ ਈ ਨੇਂ ਨਾਸ਼!"

ਨਾਲ ਈ ਮੇਰੇ ਕੰਨ ਵਿਚ ਅਵਾਜ਼ ਪੇ ਗਈ ।

"ਬੰਦਾ ਮੰਗੇ ਆਟਾ ਉਹਨੂੰ ਆਟੀਉਂ ਵੀ ਘਾਟਾ, ਜ਼ਨਾਨੀ ਮੰਗੇ ਪੇੜੇ ਉਹਨੂੰ ਦੇਣ ਵਾਲੇ ਬਥੇਰੇ ।"

ਇਹ ਮੇਰੇ ਕੋਲੋਂ ਲੰਘਦੇ ਆਪਸ ਚ ਗੱਲਾਂ ਕਰਦੇ ਜਾਂਦੇ ਦੋ ਬੰਦਿਆਂ ਚੋਂ ਕਿਸੇ ਇਕ ਦਾ ਫ਼ਰਮਾਨ ਸੀ । ਹੁਣ ਮੇਰਾ ਉਹਨੂੰ ਮਰਦ ਸਮਝਣ ਵਾਲਾ ਖ਼ਿਆਲ ਹੋਰ ਵੀ ਪੱਕਾ ਹੋ ਗਿਆ ਕਿ ਸੱਚ ਮੁੱਚ ਜੇ ਇਹ ਜ਼ਨਾਨੀ ਹੁੰਦੀ ਤੇ ਇਹਦੀ ਇਹ ਹਾਲਤ ਨਾ ਹੁੰਦੀ। ਪਰ ਜਦੋਂ ਮੈਂ ਉਹਦੇ ਕੰਨ ਤੇ ਨੱਕ ਵੱਲ ਗੌਹ ਨਾਲ ਵੇਖਿਆ ਤੇ ਮੇਰਾ ਇਹ ਖ਼ਿਆਲ ਮੂੰਹ ਪਰਨੇ ਜਾ ਪਿਆ । ਉਹਦੇ ਕੰਨ ਵੀ ਵਿੰਵੇ ਹੋਏ ਸਨ

ਤੇ ਨੱਕ ਵੀ ਸ਼ ਮੈਂ ਫਿਰ ਸੋਚਣ ਲੱਗ ਪਿਆ ।

"ਕੰਨ ਤੇ ਮਰਦ ਵੀ ਵਿਨ੍ਹਾ ਲੈਂਦਾ ਨੇਂ ਪਰ ਨੱਕਸ਼ ?"

ਦੋ ਕੁ ਮਿੰਟ ਸੋਚਣ ਮਗਰੋਂ ਮੈਨੂੰ ਇਹਦਾ ਜਵਾਬ ਵੀ ਲੱਭ ਗਿਆ । ਸਾਡੇ ਪਿੰਡ ਇਕ ਜਣਾ ਹੈ ਆ ਜਿਹਨੂੰ ਲੋਕ ਪਾਗਲ ਸਮਝਦੇ ਨੇਂ। ਉਹਨੇ ਨੱਕ ਵਨ੍ਹਾਈਆ ਹੋਇਆ ਏ, ਸਗੋਂ ਨਥਲੀ ਵੀ ਪਾਈ ਰੱਖੀ ਏ । ਮੇਰੇ ਪੁੱਛਣ ਤੇ ਉਹਨੇ ਕਹਿਆ ਸੀ ਜਨਾਬ ਮਰਦ ਬਣ ਕੇ ਜੀਣਾ ਕਿਹੜਾ ਸੌਖਾ ਏ । ਜਿਹਦੇ ਤੇ ਮੈਂ ਲਾ ਜਵਾਬ ਜਿਹਾ ਹੋ ਗਿਆ ਸਾਂ। ਨਾਲੇ ਇਸ ਤਰ੍ਹਾਂ ਦੇ ਸਿਰ ਫਿਰੇ ਬੰਦੇ ਨਾਲ ਬਹਿਸ ਕਰਨ ਦਾ ਵੀ ਕੀ ਫ਼ਾਇਦਾ ਸੀ ।

ਵਿੰਞੇ ਨੱਕ ਵਾਲੇ ਉਸ ਜਿਨੇ ਦਾ ਨਕਸ਼ਾ ਮੇਰੀਆਂ ਅੱਖਾਂ ਅੱਗੇ ਆਇਆ ਤਾਂ ਮੇਰਾ ਉਹਨੂੰ ਮਰਦ ਆਖਣ ਵਾਲਾ ਨਜ਼ਰੀਆ ਸਫ਼ੈਦ ਪੋਸ਼ਾਂ ਤਰ੍ਹਾਂ ਲੀੜੇ ਝਾੜ ਕੇ ਉਠ ਖਲੋਤਾ।

"ਇਹ ਮਰਦ ਹੋ ਸਕਦਾ ਏਸ਼ !"

"ਠੀਕ ਏ ਜੀ ਮਨ ਲੈਨੇ ਆਂ ਕਿ ਇਹ ਮਰਦ ਈ ਹੋਵੇ ਗਾ, ਪਰ ਇਹਦੇ ਵਿਚ ਕੋਈ ਮਰਦਾਂ ਵਾਲੀ ਗੱਲ ਹੈਗੀ ਏਸ਼ ?"

ਮੇਰੇ ਅੰਦਰੋਂ ਇਕ ਮਖ਼ੋਲੀਆ ਜਿਹੀ ਅਵਾਜ਼ ਆਈ ।

"ਤੇ ਖ਼ੈਰ ਨਾਲ ਇਹਦੇ ਵਿਚ ਜ਼ਨਾਨੀਆਂ ਵਾਲੀ ਵੀ ਕਿਹੜੀ ਗੱਲ ਹੈਗੀ ਏਸ਼ ?"

ਹਾਲੀ ਇਸੇ ਰੌਲੇ ਵਿਚ ਈ ਸਾਂ ਕਿ ਉਹਦੀ ਚਾਦਰ ਹਿੱਲੀ ਤੇ ਉਹਦੇ ਖੱਬੇ ਪਾਸੇ ਇਕ ਪਿਆਲੀ ਦਿਸੀ, ਜਿਹੜੀ ਹੁਣ ਅੱਧੀ ਕੋ ਚਾਦਰ ਦੇ ਥੱਲੇ ਸੀ ਤੇ ਅੱਧੀ ਬਾਹਰ। ਮੈਂ ਪਿਆਲੀ ਵਿਚ ਵੇਖਣ ਦਾ ਪੂਰਾ ਚਾਰਾ ਕੀਤਾ ਪਰ ਨਾਕਾਮ ਰਿਹਾ। ਉਹਨੂੰ ਸ਼ੋਰੇ ਮੇਰੀ ਇਹ ਹਰਕਤ ਚੰਗੀ ਨਾ ਲੱਗੀ ਉਹਨੇ ਪਿਆਲੀ ਫੜੀ ਤੇ ਸੜਕ ਵੱਲ ਗੀੜ੍ਹ ਦਿੱਤੀਸ਼ ਉਤੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਇਕ ਨਿੱਕਾ ਜਿਹਾ ਹੌਕਾ ਭਰਿਆ ।

ਜਿਵੇਂ ਈ ਪਿਆਲੀ ਸੜਕ ਤੇ ਗਈ ਇਸ਼ਾਰਾਹ ਬੰਦ ਹੋ ਗਿਆ ਤੇ ਮੇਰੇ ਅੰਦਰੋਂ ਫਿਰ ਇਕ ਮਖ਼ੋਲੀਆ ਜਿਹੀ ਅਵਾਜ਼ ਆਈ ।

"ਬੜੀ ਗੱਲ ਏਸ਼ !"

ਹੁਣ ਉਹਦੀ ਪਿਆਲੀ ਇਕ ਹਰੀ ਨੰਬਰ ਪਲੇਟ ਵਾਲੀ ਪਜਾਰੋ ਦੇ ਅੱਗੇ ਇਸ ਅੰਦਾਜ਼ ਵਿਚ ਪਈ ਹੋਈ ਸੀ ਕਿ ਮੂਧੀ ਸੀ ਨਾ ਸਿੱਧੀ, ਸਗੋਂ ਟੇਢੀ ਹੋਈ ਆਪਣੇ ਅੱਗੇ ਖੜ੍ਹੀ ਪਜਾਰੋ ਤੇ ਹੋਰ ਕਈਆਂ ਗੱਡੀਆਂ ਨੂੰ ਅਪਣੀ ਸੱਖਣੀ ਝੋਲੀ ਵਿਖਾ ਰਹੀ ਸੀ । ਹਰੀ ਬੱਤੀ ਜੱਗੀ ਤੇ ਹਰੀ ਨੰਬਰ ਪਲੇਟ ਵਾਲੀ ਪਜਾਰੋ ਮੂੰਹ ਚੜ੍ਹਾਉਨਦੀ ਹੋਈ ਉਸ ਪਿਆਲੀ ਨੂੰ ਨਿੱਕਾ ਜਿਹਾ ਠੁੱਡਾ ਮਾਰਦੀ ਹੋਈ ਲੰਘ ਗਈ ।

ਮੈਂ ਸਮਝਿਆ ਕਿ ਪਿਆਲੀ ਟੁੱਟ ਗਈ ਏ । ਪਰ ਨਹੀਂਸ਼ ਟੁੱਟਣੋਂ ਬਚ ਗਈਸ਼ ਤੈ ਭਵਾਨਟਲੀਆਂ ਖਾਂਦੀ ਹੋਈ ਸੜਕ ਦੇ ਵਿਚਕਾਰ ਚਲੀ ਗਈ ।

ਹੁਣ ਵੀ ਉਹ ਟੇਢੀ ਈ ਪਈ ਹੋਈ ਸੀ ਪਰ ਉਹਦਾ ਮੂੰਹ ਪਹਿਲੋਂ ਵਾਂਗੂੰ ਗੱਡੀਆਂ ਵੱਲੇ ਨਹੀਂ ਸੀ । ਹੁਣ ਤਾਂ ਉਹ ਆਉਂਦੀਆਂ ਗੱਡੀਆਂ ਵੱਲ ਕੁੰਡ ਕਰ ਕੇ ਖਲੋ ਗਈ ਸੀ, ਜਿਵੇਂ ਆਖ ਰਹੀ ਹੋਵੇ ਗੰਦ ਨਾਲੋਂ ਕੁੰਡ ਚੰਗੀਸ਼ ਯਾਂ ਸ਼ੋਰੇ ਗੱਡੀਆਂ ਦੇ ਨਾਲ ਰਲ ਕੇ ਟੁਰਨ ਦਾ ਸੋਚ ਰਹੀ ਸੀ ।

ਅੱਚਨ ਚੇਤ ਇਕ ਵਾਹਵਾ ਵੱਡੇ ਮੂੰਹ ਵਾਲਾ ਬੋਲ੍ਹੀ ਕੁੱਤਾ ਜਿਹਦੇ ਗੱਲ ਵਿੱਚ ਸਟੀਲ ਦੀਆਂ ਮੇਖ਼ਾਂ ਨਾਲ ਸਜਿਆ ਹੋਇਆ ਪਟਾ ਸੀ, ਆਪਣੇ ਮਾਲਿਕ ਨਾਲ ਸੜਕ ਪਾਰ ਕਰਨ ਲੱਗਾ ਤੇ ਉਹਦੀ ਨਜ਼ਰ ਉਸ ਪਿਆਲੀ ਤੇ ਪਈ । ਉਹਨੇ ਟੇਢੀ ਪਈ ਪਿਆਲੀ ਨੂੰ ਸਿੱਧੀ ਕਰ ਕੇ ਸੁੰਘਿਆ । ਫ਼ਿਰ ਵੱਡੇ ਸਾਰੇ ਮੂੰਹ ਚੋਂ ਨਿਮੀ ਜਿਹੀ ਫੋਨਹਾ ਦੀ ਅਵਾਜ਼ ਕੱਢੀ ਤੇ ਟੰਗ ਚਕ ਕੇ ਅਪਣੀ ਆਦਤ



ਪੂਰੀ ਕਰ ਲਈ ।

ਟੁਰਨ ਲੱਗੇ ਦਾ ਪਿਛਲਾ ਪੈਰ ਪਿਆਲੀ ਨੂੰ ਵਜਾ ਤੇ ਪਿਆਲੀ ਫਿਰ ਟੇਢੀ ਹੋ ਗਈ । ਹੁਣ ਉਹਦਾ ਮੂੰਹ ਕੁੱਤੇ ਵੱਲ ਸੀਸ਼ ਜਿਵੇਂ ਜਾਂਦੇ ਕੁੱਤੇ ਨੂੰ ਵੇਖ ਰਹੀ ਹੋਵੇ । ਪਿਆਲੀ ਜਾਂਦੇ ਹੋਏ ਕਿਤੇ ਵੱਲ ਵੇਖਦੀ ਰਹੀ ਪਰ ਉਹਨੇ ਪਿਛਾਂ ਭੌਂ ਕੇ ਨਾ ਵੇਖਿਆ । ਇਥੋਂ ਤੀਕਰ ਕਿ ਕੁੱਤਾ ਦਿਸਣੋਂ ਬੰਦ ਹੋ ਗਿਆ ।

ਸੜਕ ਤੇ ਜਾਂਦੇ ਇੱਕ ਜਿਨੇ ਨੇ ਪਿਆਲੀ ਨੂੰ ਹੌਲੀ ਜਿਹੀ ਠੁੱਡਾ ਮਾਰ ਕੇ ਇਕ ਪਾਸੇ ਕਰਨ ਦਾ ਚਾਰਾ ਕੀਤਾ ਪਰ ਉਹ ਦੋ ਕੋ ਗਜ਼ ਪਰਾਂਹ ਸਿੱਧੀ ਖਲੋ ਗਈ, ਅਸਮਾਨ ਵੱਲ ਮੂੰਹ ਕਰ ਕੇ। ਮੈਂ ਹਾਲੀ ਸੋਚ ਈ ਰਿਹਾ ਸਾਂ ? ਇਹ ਅਸਮਾਨ ਵੱਲ ਮੂੰਹ ਕਰ ਕੇ ਕੀ ਆਖ ਰਹੀ ਹੋਵੇਗੀ ਕਿ ਕਿਸੇ ਹੋਰ ਰਾਹੀ ਦਾ ਪੈਰ ਵਜਾ ਤੇ ਪਿਆਲੀ ਮੂਧੀ ਹੋ ਗਈ, ਜਿਵੇਂ ਸਜਦਾ ਕਰ ਰਹੀ ਹੋਵੇਸ਼ ਪਰ ਏਡਾ ਲੰਮਾ ਸਜਦਾਸ਼ ? ਦੋ ਕੋ ਮਿੰਟ ਇਸੇ ਹਾਲਤ ਵਿਚ ਈ ਲੰਘ ਗਏ ।

ਮੈਂ ਪਿਆਲੀ ਵੱਲੋਂ ਧਿਆਨ ਹਟਾ ਕੇ ਉਹਦੇ ਵੱਲ ਵੇਖਿਆ ਜਿਹਨੇ ਪਿਆਲੀ ਸੋਟੀ ਸੀ । ਉਹਦੀਆਂ ਨਜ਼ਰਾਂ ਪਹਿਲੋਂ ਈ ਮੇਰੇ ਤੇ ਜੰਮਿਆਂ ਹੋਈਆਂ ਸਨ। ਮੈਂ ਅੱਖ ਦੇ ਇਸ਼ਾਰੇ ਨਾਲ ਉਹਦਾ ਧਿਆਨ ਪਿਆਲੀ ਵੱਲ ਕਰਾਇਆ । ਉਧਰੋਂ ਇਕ ਸਵਾਰੀਆਂ ਦੀ ਭਰੀ ਹੋਈ ਲਾਰੀ ਆਈ ਤੇ ਨਿਮ੍ਹੀਆਂ ਜਿਹੀਆਂ ਪਰ ਟਰੈਫ਼ਿਕ ਦੇ ਰੌਲੇ ਵਿਚ ਵੀ ਸਾਫ਼ ਸੁਨੀਚ ਜਾਣ ਵਾਲੀਆਂ ਤਿੰਨ ਇਕੱਠੀਆਂ ਆਵਾਜ਼ਾਂ ਆਈਆ ।

ਇਕ ਜਿਹਨੇ ਪਿਆਲੀ ਸੋਟੀ ਸੀ ਉਹਦੀ, ਦੂਜੀ ਪਿਆਲੀ ਦੇ ਟੁਟਨਦੀਸ਼ ਤੈ ਤੀਜੀ ਅਵਾਜ਼ ਮੇਰੀ ਅਪਣੀ ਸੀਸ਼ ਜਿਵੇਂ ਲਾਰੀ ਦਾ ਟਾਇਰ ਮੇਰੇ ਪੈਰ ਤੇ ਚੜ੍ਹ ਗਿਆ ਹੋਵੇ।

# ਪਾਬੰਦੀ/ਮਦਸਰ ਬਸ਼ੀਰ

"ਉਏ ਮਲਿਕ ਛੱਡ ਉਏ ।ਅੱਜ ਹਵਾ ਵੀ ਪੁਰੇ ਦੀ ਹੈ ।ਅੱਜ ਤੈਨੂੰ ਨੱਸਣ ਨਹੀਂ ਦੇਵਣਾ ।"ਮੁੱਲਾਂ ਨੇ ਆਪਣੇ ਕੋਠੇ ਤੋਂ ਹੇਠਾਂ ਵਹਿੰਦੀਆਂ ਹੋਏ ਮਲਿਕ ਨੂੰ ਵਾਜ ਮਾਰੀ ।ਮਲਿਕ ਜਿਹੜਾ ਕਿ ਫ਼ਿਲਮਾਂ ਕਰਾਏ ਤੇ ਦੇਵਨ ਦਾ ਕੰਮ ਕਰਦਾ ਸੀ ।ਉਸ ਸਮੇ ਆਪਣੀ ਹੱਟੀ ਵਿਚ ਉੱਚੀ ਵਾਜ ਨਾਲ ਲੱਗੇ ਮਨਾਡੇ ਦੇ ਗਾਣੇ ਵਿਚ ਗਵਾਚਿਆ ਪਿਆ ਸੀ ।ਮੁੱਲਾਂ ਦੀ ਵਾਜ ਉਸ ਦੇ ਕਣਾਂ (ਕੰਨਾਂ) ਵਿਚ ਹੌਲੀ ਜਿਹੀ ਪਈ ਜਿਹਨੇ ਉਹਨੂੰ ਸੁਤੀਉਂ ਜਗਾ ਦਿਤਾ ।ਮੁੱਲਾਂ ਦੀ ਵਾਜ ਤੇ ਮਲਿਕ ਨੂੰ ਦੂਰੋਂ ਈ ਥੜਕਾ ਦਿੰਦੀ ਸੀ ਪਰ ਉਸ ਵੇਲ਼ੇ ਮੁੱਲਾਂ ਦੀ ਵਾਜ ਦਾ ਜ਼ੋਰ ਕੁਝ ਵੱਖਰਾ ਜਿਹਾ ਈ ਸੀ ।ਮਲਿਕ ਆਪਣੀ ਹੱਟੀ ਤੋਂ ਬਾਹਰ ਨਿਕਲਿਆ ਤੇ ਸੱਭ ਤੋਂ ਪਹਿਲਾਂ ਉਹਨੇ ਪੂਰਬ ਵੱਲ ਮੂੰਹ ਕਰ ਕੇ ਮੱਥੇ ਉੱਤੇ ਹੱਥ ਰੱਖ ਕੇ ਸਾਰੇ ਅਸਮਾਨ ਦਾ ਨਕਸ਼ਾ ਵੇਖਿਆ ।ਚਾਰੇ ਪਾਸੇ ਕੈਂ ਰੰਗਾਂ ਦੀਆਂ ਨਿੱਕੀਆਂ ਵੱਡੀਆਂ ਗੁੱਡੀਆਂ ਉਡਦੀਆਂ ਪਈਆਂ ਸਨ ।

"ਹਵਾ ਤੇ ਡਾਢੀ ਸੋਹਣੀ ਹੈ ।ਸਵਾਦ ਆ ਜਾਵੇ ਗਾ ।ਅੱਜ ਮੈਂ ਵੀ ਤੈਨੂੰ ਭਜਨ ਨਹੀਂ ਦੇਵਣਾ "ਮਲਿਕ ਨੇ ਹੌਲੀ ਜਿਹੀ ਵਾਜ ਵਿਚ ਆਪਣੇ ਆਪ ਨਾਲ ਗੱਲ ਕੀਤੀ ਤੇ ਫਿਰ ਹੱਸ ਕੇ ਉੱਚੀ ਵਾਜ ਵਿਚ ਮੁੱਲਾਂ ਨੂੰ ਆਖਿਆ, "ਉਏ ਵੱਡਿਆ ਪਤੰਗ ਬਾਜ਼ਾ ਪਿਛਲੀ ਵਾਰ ਮੈਂ ਤੇਰੀਆਂ ਤਿੰਨ ਝਾੜੀਆਂ ਸਨ ।ਉਸ ਵੇਲ਼ੇ ਤੇ ਨੱਸ ਗਿਆ ਸੈਂ ।"

"ਉਹ ਤੇ ਮੇਰੇ ਪ੍ਰਾਹੁਣੇ ਆ ਗਏ ਸਨ ।ਅੱਜ ਤੇਰਾ ਸਾਰਾ ਹਿਸਾਬ ਬਰਾਬਰ ਕਰ ਦੇਵਾਂ ਗਾ।" ਮੁੱਲਾਂ ਉੱਤੋਂ ਈ ਬੋਲਿਆ ।

ਉਨ੍ਹਾਂ ਦੋਹਾਂ ਦੀਆਂ ਗੱਲਾਂ ਸੁਣ ਕੇ ਸਾਬਰ ਗਾਂਧੀ ਦੀ ਬੈਠਕ ਵਿਚ ਬੈਠੇ ਸ਼ੋਇਬ, ਮਨਸ਼ਾ, ਤਾਰਾ ਤੇ ਪੱਪੂ ਰਨਗਸਾਜ਼ ਬਾਹਰ ਸੜਕ ਤੇ ਨਿਕਲ ਕੇ ਭਾ ਕਾਲੇ ਦੀ ਹੱਟੀ ਤੇ ਜਾ ਖਲੋਤੇ ।ਆਪਣੀ ਹੱਟੀ ਦੇ ਬਾਹਰ ਖਲੋਤੇ ਮੁੰਡੇ ਵੇਖ ਕੇ ਭਾ ਕਾਲਾ ਵੀ ਅੰਦਰੋਂ ਆਪਣੀਆਂ ਐਨਕਾਂ ਸਾਫ਼ ਕਰਦਿਆਂ ਬਾਹਰ ਆ ਗਿਆ ।

"ਭਾ ਜੀ !ਪਿਛਲੀ ਵਾਰੀ ਮੁੱਲਾਂ ਮਲਿਕ ਦੇ ਹੱਥ ਥੱਲੇ ਸੀ ।ਜਿਸ ਦਾ ਮਲਿਕ ਨੂੰ ਬੜਾ ਈ ਵਾਧਾ ਸੀ ।" ਤਾਰਾ ਸਿਗਰੇਟ ਲਾਉਂਦਿਆਂ ਬੋਲਿਆ ।

"ਚੰਗਾ ।ਉਹ ਤੇ ਤੇਰੀ ਗੱਲ ਠੀਕ ਹੈ ਯਾਰ ਉਸ ਦਿਹਾੜੀ ਮਲਿਕ ਨੇ ਪੇਚ ਵੀ ਡਾਢੇ ਸੁਥਰੇ ਕੀਤੇ ਸਨ ।ਨਾਲੇ ਹੁਣ ਉਸ ਦਾ ਹੱਥ ਵੀ ਬੁਹਤ ਸਿੱਧਾ ਹੋ ਗਿਆ ਹੇ ।" ਭਾ ਕਾਲਾ ਬੋਲਿਆ।

"ਜੀ ਭਾ ਜੀ ।ਇਹ ਗੱਲ ਤੇ ਠੀਕ ਹੈ ।ਉਂਜ ਵੀ ਮਲਿਕ ਤੁਹਾਨੂੰ ਆਪਣਾ ਉਸਤਾਦ ਮੰਨਦਾ ਹੈ ।" ਸ਼ੋਇਬ ਬੋਲਿਆ ।

"ਯਾਰ ਇਹ ਤਾਂ ਉਸ ਦੀ ਮਿਹਰਬਾਨੀ ਹੈ ।ਉਏ ਮਾਨੈ ਬਾਹਰ ਸਟੂਲ ਲੈ ਕੇ ਆ ਨਾਲ ਵੱਟੀ ਵੀ ਫੜਾ, ਮੈਂ ਉਸਤਰਾ ਤੇਜ਼ ਕਰ ਲਵਾਂ ।" ਭਾ ਕਾਲੇ ਨੇ ਹੱਟੀ ਦੇ ਅੰਦਰ ਧਿਆਨ ਮਾਰਦਿਆਂ ਹੋਏ ਆਖਿਆ ।

"ਭਾ ਜੀ ਪਿਛਲੀ ਵਾਰੀ ਮਲਿਕ ਨੇ ਇਕ ਦੋ ਵਾਰੀ ਹੱਥ ਖਿੱਚ ਵੀ ਲਿੱਤਾ ਸੀ ।" ਪੱਪੂ ਅਸਮਾਨ ਵੱਲ ਵਹਿੰਦੀਆਂ ਬੋਲਿਆ ।

"ਯਾਰ ਪੱਪੂ, ਖਿੱਚ ਤਾਂ ਨਹੀਂ ਸੀ ।ਏਨੇ ਕੂ ਹੱਥ ਨੂੰ ਉਸਤਾਦਾਂ ਨੇ ਵੀ ਜਾਇਜ਼ ਮੰਨਿਆ ਹੈ ।" ਭਾ ਕਾਲਾ ਵੀ ਸਿਗਰੇਟ ਲਾਉਂਦਿਆਂ ਬੋਲਿਆ ।

ਇਚਰਾਂ ਨੂੰ ਮਾਨਾ ਵੱਟੀ ਤੇ ਉਸਤਰਾ ਲੈ ਆਇਆ ।ਭਾ ਕਾਲੇ ਨੇ ਆਪਣੇ ਖੱਬੇ ਹੱਥ ਦੀ ਪਹਿਲੀ ਉਂਗਲ ਉੱਤੇ ਚਮੜੇ ਦਾ ਖ਼ੋਲ ਚੜ੍ਹਾਇਆ ਤੇ ਉਸਤਰੇ ਨਾਲ ਸ਼ਹਿਤੀਰ ਸਿੱਧੇ ਕਰਨ ਲੱਗ



ਗਿਆ ।ਦੂਜੇ ਪਾਸੇ ਮਲਿਕ ਵੀ ਆਪਣੇ ਕੋਠੇ ਉੱਤੇ ਚੜ੍ਹ ਗਿਆ ਸੀ ।ਉਨ੍ਹਾਂ ਦੋਹਾਂ ਨੂੰ ਵੇਖ ਕੇ ਅਗਲੇ ਮਹੱਲੇ ਵਿਚ ਜਗੂ ਮੀੜੋ ਵੀ ਆਪਣਾ ਤਣਦੀ ਵਾਲਾ ਗੁੱਡਾ ਲੈ ਕੇ ਆਪਣੇ ਘੱਰ ਦੀ ਮਮਟੀ ਉੱਤੇ ਚੜ੍ਹ ਗਿਆ ।ਜਗੂ ਆਪਣੇ ਪੂਰੇ ਇਲਾਕੇ ਵਿਚ ਜਗੁ ਮੀੜੋ ਤੇ ਲੁਟੇਰੇ ਦੇ ਨਾਂ ਤੋਂ ਜਾਣਿਆ ਜਾਵੰਦਾ ਸੀ ।ਮਲਿਕ ਦੇ ਪਤੰਗ ਸਿੱਧੇ ਕਰਨ ਤੋਂ ਪਹਿਲਾਂ ਮੁੱਲਾਂ ਨੇ ਤਿੰਨ ਚਾਰ ਪਤੰਗਾਂ ਤਣਾਵਾਂ ਪਾ ਕੇ, ਉਡਾ ਕੇ ਵੇਖ ਲਿੱਤੀਆਂ ਸਨ ।ਮਲਿਕ ਨੇ ਪਤੰਗ ਛੱਡੀ ਤੇ ਮੁੱਲਾਂ ਨੇ ਵੀ ਪਤੰਗ ਕੁਝ ਹੋਰ ਲੰਮੀ ਕਰ ਲਿੱਤੀ ।ਪੇਚਾ ਤੇ ਇਨ੍ਹਾਂ ਦੋਹਾਂ ਦਾ ਲਗਦਾ ਪਿਆ ਸੀ ਪਰ ਬਜ਼ਾਰ ਵਿਚ ਕੈਂ ਥਾਵਾਂ ਉੱਤੇ ਬੰਦੇ ਖਲੋ ਕੇ ਪੇਚਾ ਵੇਖਣ ਲੱਗ ਗਏ ।

"ਭਾ ਜੀ ।ਮਲਿਕ ਦੀ ਪਤੰਗ ਤੇ ਪੰਜ ਗਿਠੀ ਦਿਸਦੀ ਹੈ ਤੇ ਮੁੱਲਾਂ ਦੀ ਲਗਦਾ ਹੈ ਸਾੜ੍ਹ ਚੋਗਿਠੀ ਹੈ ।" ਤਾਰੇ ਨੇ ਆਖਿਆ ।

"ਨਹੀਂ ਯਾਰ ਹੈਗੀ ਤੇ ਮੁੱਲਾਂ ਦੀ ਵੀ ਪੰਜ ਗਿਠੀ ਹੈ ਪਰ ਹੈਗੀ ਨਿੱਕੇ ਹੱਥ ਦੀ ਹੈ ।" ਭਾ ਕਾਲਾ ਗੌਹ ਨਾਲ ਵਹਿੰਦੀਆਂ ਬੋਲਿਆ ।

"ਭਾ ਜੀ ਲਗਦਾ ਹੈ ।ਦੋਹਾਂ ਨੇ ਉੱਠ ਚੀਨ ਨਾਲ ਉਡਾਈਆਂ ਨੇਂ ।" ਪੱਪੂ ਬੋਲਿਆ ।

"ਨਹੀਂ ਯਾਰ ਹਵਾ ਕੁਝ ਤੇਜ਼ ਹੈ ਤੇ ਪਤੰਗਾਂ ਵੀ ਵੱਡੀਆਂ ਨੇਂ ।ਲਗਦਾ ਹੈ ਦੋ ਪਾਂਡਾ ਜਾਂ ਪਾਕਿਸਤਾਨੀ ਦੋ ਰਿੱਛ ਹੋਣੀ ਹੈ ।" ਭਾ ਜੀ ਬੋਲੇ ।

"ਭਾ ਜੀ ਮੁੱਲਾਂ ਦੀ ਬਸੰਤੀ ਹੈ ਤੇ ਮਲਿਕ ਨੇ ਖ਼ਬਰੇ ਸਲਾਰਾ ਛੱਡਿਆ ਹੈ ।" ਸ਼ੋਇਬ ਬੋਲਿਆ ।

"ਉਏ ਮਾਨੈ ਟੋਕਾ ਫੜ ਤੇ ਸ਼ਹਿਤੀਰ ਵੱਢ ।ਵਿਚੋਂ ਕਮਾਨੀਆਂ ਤੇ ਗਜ਼ ਵੱਖੋ ਵਖ ਕਰ ਲਵੀਂ ।" ਇਹ ਆਖ ਕੇ ਭਾ ਜੀ ਨੇ ਸ਼ੋਇਬ ਵੱਲ ਧਿਆਨ ਮਾਰਿਆ ।

"ਸ਼ੋਇਬ ਹੁਣ ਤੂੰ ਵੀ ਐਨਕ ਲਵਾ ਲੈ ।ਚੱਲੋ ਮੁੱਲਾਂ ਦੀ ਪਤੰਗ ਤੇ ਪੀਲੇ ਰੰਗ ਹੈ।ਇਸੇ ਕਾਰਨ ਬਸੰਤੀ ਅਖਵਾਈ ਜਾਵੇਗੀ ਫੇਰ ਜੇ ਤੂੰ ਧਿਆਨ ਮਾਰੀਂ ਤੇ ਮਲਿਕ ਦੀ ਪਤੰਗ ਵਿਚਕਾਰੋਂ ਇਕ ਰੰਗ ਦੀ ਹੈ ਤੇ ਸੱਜੇ ਖੱਬੇ ਹੋਰ ਰੰਗ ਨੇਂ ।ਇਸ ਪਤੰਗ ਨੂੰ ਤੇਰਾ ਆਖਾਂਗੇ ਤੇ ਸਲਾਰੇ ਦੀ ਨਿਸ਼ਾਨੀ ਇਹ ਕਿ ਸਾਰਾ ਕਾਗ਼ਜ਼ ਚਾਰ ਇੰਚੀ ਪੱਟੀ ਦੇ ਜੋੜ ਨਾਲ ਬਨਦਾ ਹੈ ।"

"ਉਹੋ ਭਾ ਜੀ ਮੁਆਫ਼ ਕਿਰਿਆ ਜੇ ।ਇਕ ਮੈਨੂੰ ਇਹਨਾਂ ਦੀ ਪੁੱਛਾਂ ਹਮੇਸ਼ਾ ਭੁਲ ਜਾਵੰਦੀ ਹੈ ।ਖ਼ੈਰ ਛੱਡੋ ।ਤੁਸੀਂ ਵੇਖੋ ਅੱਧੀ ਅੱਧੀ ਗੁੱਟ ਤੋਂ ਅਗਾਂਹ ਹੋ ਗਈਆਂ ਨੇਂ ਤੇ ਅਜੇ ਤੀਕਰ ਮੇਲ ਨਹੀਂ ਹੋਇਆ ।" ਸ਼ੋਇਬ ਬੋਲਿਆ ।

"ਹੋ ਜਾਵੇ ਗਾ ਮਿਲ, ਹਵਾ ਪੂਰੇ ਦੀ ਤੇ ਨਾਲ ਤੇਜ਼ ਵੀ ਹੈ ।ਇਸ ਵਿਚ ਪੇਚ ਸਿੱਧੇ ਈ ਹੁੰਦੇ ਨੇਂ ।" ਭਾ ਕਾਲਾ ਇਹ ਆਖ ਕੇ ਮਾਨੈ ਨੂੰ ਸ਼ਹਿਤੀਰ ਦੀ ਕਟਾਈ ਸਮਝਾਉਣ ਲੱਗ ਗਿਆ ।ਭਾ ਕਾਲਾ ਪੰਜਾਹ ਵਰ੍ਹਿਆਂ ਦਾ ਇਕ ਸਮਝਦਾਰ ਤੇ ਜਾਣੂੰ ਬੰਦਾ ਸੀ ।ਉਸ ਦੀ ਪਤੰਗਾਂ ਦੀ ਆਪਣੀ ਹੱਟੀ ਸੀ ।ਉਹ ਸਾਰੀਆਂ ਪਤੰਗਾਂ ਆਪਣੇ ਹੱਥੀਂ ਬਣਾਉਂਦਾ ਸੀ ।ਉਹਨੇ ਪਤੰਗ ਬਣਾਉਣ ਦੀ ਜਾਚ ਆਪਣੇ ਦਾਦੇ ਕੋਲੋਂ ਲਈ ਸੀ ।ਪਹਿਲਾਂ ਉਹ ਪਤੰਗਾਂ ਆਪਣੇ ਸ਼ੌਕ ਪਾਰੋਂ ਬਣਾਉਂਦਾ ਸੀ ਤੇ ਫਿਰ ਮਗਰੋਂ ਇਸੇ ਕੰਮ ਨੂੰ ਰੋਜ਼ੀ ਰੋਟੀ ਮਨ ਲਿਆ ।ਪਿਛਲੇ ਕਈ ਵਰ੍ਹਿਆਂ ਤੋਂ ਉਸ ਦੀ ਹੱਟੀ ਤੇ ਵੱਡੇ ਵੱਡੇ ਉਸਤਾਦਾਂ ਦੀ ਆਵਾ ਜਾਵੀ ਸੀ ।ਭਾ ਕਾਲੇ ਦੀ ਹੱਟੀ ਦੇ ਨਾਲ ਈ ਸਾਬਰ ਗਾਂਧੀ ਬੈਠਾ ਸੀ ।ਜਿਸ ਵਿਚ ਉਸ ਦੇ ਯਾਰ ਹਰ ਵੇਲ਼ੇ ਤਾਸ਼ ਦੇ ਪੱਤਿਆਂ ਨਾਲ ਰੰਗ ਜਾਂ ਮੰਗ ਪਤਾ ਖੇਡਦੇ ਰਹਿੰਦੇ ਸਨ ਪਰ ਜਿਸ ਵੇਲ਼ੇ ਵੀ ਮਹੱਲੇ ਵਿਚ ਕੋਈ ਚੰਗੇ ਪਤੰਗ ਬਾਜ਼ ਪੇਚਾ ਲਾਵਨਦੇ ਸਨ ਤੇ ਉਹ ਸਾਰੇ ਯਾਰ ਸੰਗੀ ਭਾ ਕਾਲੇ ਦੀ ਹੱਟੀ ਉੱਤੇ ਕੱਠ ਕਰ ਲੈਂਦੇ ਸਨ ।

"ਭਾ ਜੀ ਮੁੱਲਾਂ ਨੇ ਪਤੰਗ ਥੱਲੇ ਲਾ ਲਈ ਹੈ ।ਜਿਸ ਵੇਲ਼ੇ ਕੈਂਚੀ ਪੈਣੀ ਹੈ ਤੇ ਮਲਿਕ ਦੀ

ਪਤੰਗ ਛਤਲ ਹੋ ਜਾਵੇਗੀ ।" ਸਾਬਰ ਗਾਂਧੀ ਬੋਲਿਆ ।

"ਲਵੋ ਭਾ ਜੀ ਮੇਲ ਹੋ ਗਿਆ ਏ, ਤੇ ਜੇ ਪਤੰਗਾਂ ਸਿੱਧੀਆਂ ਰਹੀਆਂ ਤੇ ਛਤਲ ਕੋਈ ਨਹੀਂ ਹੋਣੀ ।" ਸ਼ੋਇਬ ਬੋਲਿਆ ।

"ਉਹ ਯਾਰ ਅਜੇ ਇਕ ਇਕ ਦੋ ਦੋ ਵਲ ਤੇ ਪੈ ਲੀਵਨ ਦੇਵੋ ਤੇ ਫਿਰ ਵੇਖਾਂਗੇ ।" ਭਾ ਜੀ ਨੇ ਸ਼ਹਤੀਰਾਂ ਨੂੰ ਅੱਗ ਉੱਤੇ ਸੀਕਦੀਆਂ ਹੋਏ ਆਖਿਆ ।

"ਗਾਂਧੀ ਜੀ, ਦੋਵੇਂ ਪੁਰਾਣੇ ਜਾਣੂੰ ਨੇਂ ਤੇ ਉੱਤੋਂ ਦੋਹਾਂ ਦੀ ਆਪਸ ਵਿਚ ਟੈਂ ਪਟਾਸ ਵੀ ਹੈਗੀ ਹੈ ।" ਤਾਰਾ ਬੋਲਿਆ ।

"ਲਵੋ ਬਈ ਜਵਾਨੋ ! ਜਿਹੜਾ ਵੀ ਅੰਦਰਲੇ ਘੱਰ ਪਤੰਗ ਟੁਰੇ ਗਾ ਉਹ ਵੱਢ ਲਵੇ ਗਾ ।" ਭਾ ਕਾਲੇ ਨੇ ਆਖਿਆ ਤੇ ਕੁਝ ਚਿਰ ਮਗਰੋਂ ਹੋਇਆ ਵੀ ਉਂਜ ਈ । ਮਲਿਕ ਆਪਣੀ ਪਤੰਗ ਨੂੰ ਆਪਣੇ ਘੱਰ ਵਿਚ ਟੁਰਦਾ ਰਿਹਾ । ਜਦ ਕਿ ਮੁੱਲਾਂ ਅਗਲੇ ਘੱਰ ਈ ਪਤੰਗ ਵਧਾਂਦਾ ਰਿਹਾ । ਇਸੇ ਕਾਰਨ ਉਹ ਬਚਿਆ ਨਾ । ਮਲਿਕ ਨੇ ਪਤੰਗ ਵੱਢਦੇ ਈ ਉੱਚੀ ਵਾਜ ਵਿਚ ਬਿੜਕ ਮਾਰੀ "ਆ ਕਾਟਾ, ਬੋ ਕਾਟਾ, ਬੋ ਕਾਟਾ, ਆ, ਆ ! ਫੁੜ ਫੁੜ ! ਹੁਣ ਦੋੜੇਂ ਨਾ ।"

"ਮੈਂ ਨਹੀਂ ਦੌੜਦਾ । ਬੱਸ ਮਗਰੋਂ ਡੋਰ ਅੜ ਗਈ ਸੀ ।" ਮੁੱਲਾਂ ਡੋਰ ਖਿਚਦਿਆਂ ਬੋਲਿਆ।

"ਚੱਲ ਅਗਲੇ ਪੇਚ ਵਿਚ ਚਾਹ ਲਾ ਲਵੀਂ ।" ਮਲਿਕ ਨੇ ਆਖਿਆ । ਕੁਝ ਚਿਰ ਮਗਰੋਂ ਮੁੱਲਾਂ ਨੇ ਜਿਹੜੀ ਪਤੰਗ ਛੱਡੀ । ਉਸ ਵਿਚ ਕਾਂਟੇ ਦਾ ਨਿਸ਼ਾਨ ਸੀ ਤੇ ਇੰਜ ਦਾ ਈ ਨਮੂਨਾ ਉਸਾਰਿਆ ਗਿਆ ਸੀ ।

"ਵਾਹ ਵਾਹ ਸੁਬਹਾਨ ਅੱਲਾਹ । ਭਾ ਜੀ ਕਿੱਡਾ ਸੋਹਣਾ ਸਹਰਾਬ ਉਡਾਇਆ ਸੁ ।" ਸਾਬਰ ਗਾਂਧੀ ਬੋਲਿਆ ।

"ਆਹੋ ਯਾਰ । ਹੁਣ ਤੇ ਸਹਰਾਬ ਬੱਸ ਬਸ਼ੀਰ ਸਾਈਕਲਾਂ ਵਾਲਾ ਈ ਬਣਾਂਦਾ ਹੈ ।" ਭਾ ਕਾਲਾ ਸ਼ਹਤੀਰਾਂ ਨੂੰ ਸੀਕਦੀਆਂ ਬੋਲਿਆ ।

"ਠੀਕ ਆਖਿਆ ਜੇ । ਭਾ ਜੀ ਇਹ ਵਾਂਸ ਕਿਧਰ ਦੇ ਨੇਂ ।" ਤਾਰਾ ਬੋਲਿਆ ।

"ਯਾਰ ਜਦੋਂ ਤੀਕਰ ਤੇ ਢਾਕੇ ਤੋਂ ਆਉਂਦਾ ਸੀ । ਉਸ ਵੇਲ਼ੇ ਬੁਹਤ ਸਸਤਾ ਸੀ । ਕੌਡੀਆਂ ਦੇ ਭਾਅ ਵਿਕਦਾ ਸੀ ਹੁਣ ਤੇ ਕਈ ਵਰ੍ਹੇ ਲੰਘ ਗਏ ਨੇਂ । ਹੁਣ ਤੇ ਬੁਹਤ ਮਹਿੰਗਾ ਹੈ । ਇਹ ਵਾਂਸ ਲੰਕਾ ਤੋਂ ਆਇਆ ਹੈ ।" ਭਾ ਜੀ ਇਕ ਲੰਮੀ ਆਹ ਭਰ ਕੇ ਬੋਲੇ ।

"ਆਹੋ ਭਾ ਜੀ । ਵਿਛੜ ਕੇ ਕਦੇ ਕੋਈ ਵਸਿਆ ਜੇ । ਵਖ ਭਾਵੇਂ ਘਰਾਂ ਵਿਚ ਹੋਵਣ ਜਾਂ ਰਿਆਸਤਾਂ ਦੇ ।" ਸਾਬਰ ਗਾਂਧੀ ਵੀ ਸਿਗਰੇਟ ਲਾ ਕੇ ਬੋਲਿਆ ।

ਇੰਜ ਈ ਗੱਲ ਹੁੰਦੀ ਰਹੀ ਤੇ ਸ਼ਾਮ ਦੀਆਂ ਬਾਂਗਾਂ ਤੋਂ ਪਹਿਲਾਂ ਮਲਿਕ ਤੇ ਮੁੱਲਾਂ ਵਿਚ ਪੰਜ ਪੰਜ ਪੇਚ ਹੋ ਗਏ । ਅੱਜ ਵੀ ਮਲਿਕ ਨੇ ਮੈਦਾਨ ਤਿੰਨ ਦੋ ਤੋਂ ਮਾਰ ਲਿਆ ਸੀ । ਬਾਂਗਾਂ ਹੁੰਦੇ ਈ ਦੋਹਾਂ ਨੇ ਪਤੰਗਾਂ ਲਾਹ ਲਿੱਤੀਆਂ । ਫਿਰ ਦੋਹਾਂ ਨੇ ਮਸੀਤੇ ਜਾ ਕੇ ਕੱਠੀ ਨਮਾਜ਼ ਪੜ੍ਹੀ ਤੇ ਉਂਜ ਈ ਹੱਸਦੇ ਖੇਡਦੇ ਘਰਾਂ ਨੂੰ ਪਰਤ ਗਏ । ਅਗਲੀ ਸਵੇਰ ਭਾ ਕਾਲੇ ਨੇ ਆਪਣੀ ਹੱਟੀ ਵਧਾਈ ਤੇ ਨਾਲੇ ਈ ਉਥੇ ਸ਼ਹਿਬਾਜ਼ ਉਰਫ਼ ਗੁੱਡੂ ਭੱਟੀ ਵੀ ਬਾਹਰ ਥੜੇ ਉੱਤੇ ਆਨ ਕੇ ਬਹਿ ਗਿਆ । ਉਸ ਦੇ ਹੱਥ ਵਿਚ ਇਕ ਫ਼ਾਈਲ ਸੀ । ਜਿਸ ਦੇ ਉੱਤੇ ਫ਼ਜ਼ੀਲਾ ਕਾਜ਼ੀ ਦੀ ਫ਼ੋਟੋ ਲੱਗੀ ਹੋਈ ਸੀ । ਸ਼ਹਿਬਾਜ਼ ਦੇ ਘੱਰ ਤੋਂ ਕੁਝ ਅਗਾਂਹ ਫ਼ਜ਼ੀਲਾ ਦਾ ਘੱਰ ਸੀ । ਫ਼ਜ਼ੀਲਾ ਤੇ ਸ਼ਹਿਬਾਜ਼ ਦੋਵੇਂ ਨਿੱਕੀ ਉਮਰੀਉਂ ਹਾਣੀ ਤੇ ਮਹੱਲੇ ਦਾਰ ਸਨ ਤੇ ਨਾਲੋ ਨਾਲ ਇਕ ਦੂਜੇ ਦੀ ਰਾਹ ਵੀ ਵੇਹੰਦੇ ਸਨ । ਫ਼ਜ਼ੀਲਾ ਦਾ ਨਾਂ ਤੇ ਸ਼ਕਲ ਦੋਵੇਂ ਟੀ ਵੀ ਦੀ ਇਕ ਪ੍ਰਸਿਧ ਨਾਟਕ ਕਾਰ ਨਾਲ ਰਲਦੀ ਸੀ । ਇਸੇ ਕਾਰਨ ਸ਼ਹਿਬਾਜ਼ ਕੋਲ ਉਸ ਨਾਟਕ ਵਾਲੀ ਦੇ ਕਈ ਚਿਤਰ ਸਨ । ਸ਼ਹਿਬਾਜ਼ ਰੋਜ਼ ਸਵੇਰੇ ਈ ਭਾ ਕਾਲੇ ਦੀ ਹੱਟੀ ਤੇ ਆ ਜਾਂਦਾ ਸੀ । ਉਹ



ਕਾਲਜ ਜਾਵਣ ਤੋਂ ਪਹਿਲਾਂ ਉਥੇ ਬਹਿ ਜਾਵੰਦਾ ਸੀ । ਫ਼ਜ਼ੀਲਾ ਦੇ ਕਾਲਜ ਜਾਵਣ ਦਾ ਵੇਲਾ ਵੀ ਉਹੋ ਈ ਸੀ । ਜਿਸ ਸਮੇ ਉਹ ਆਪਣੇ ਕਾਲਜ ਦੀ ਵੈਗਨ ਤੇ ਬਹਿ ਕੇ ਜਾਂਦੀ ਸੀ ਤੇ ਉਸੇ ਸਮੇ ਉਹ ਇਕ ਨਿਗਾਹ ਸ਼ਹਿਬਾਜ਼ ਤੇ ਪਾਂਧੀ ਤੇ ਉਹੋ ਇਕ ਨਿਗਾਹ ਸ਼ਹਿਬਾਜ਼ ਦੇ ਅਗਲੇ ਕੁਝ ਘੰਟਿਆਂ ਵਾਸਤੇ ਬੁਹਤ ਹੁੰਦੀ ਸੀ । ਭਾ ਕਾਲਾ, ਮਾਨੈ ਨਾਲ ਖਲੋ ਕੇ ਹੱਟੀ ਦੀ ਸਫ਼ਾਈ ਕਰਵਾਂਦਾ ਪਿਆ ਸੀ । ਸਫ਼ਾਈ ਸੁਥਰਾਈ ਕਰਵਾ ਕੇ ਉਹ ਬਾਹਰ ਨਿਕਲਿਆ ਤੇ ਸ਼ਹਿਬਾਜ਼ ਨੂੰ ਗਲੀ ਵੱਲ ਧਿਆਨ ਮਾਰਦਿਆਂ ਵੇਖਿਆ ।

"ਸ਼ਹਿਬਾਜ਼ ਪੁਤੱਰ ਹਰ ਵੇਲ਼ੇ ਉਸ ਦਾ ਧਿਆਨ ਮਨ ਵਿਚ ਹੁੰਦਾ ਹੈ ਕਿ ਕੁਝ ਪੜ੍ਹਨਾ ਵੀ ਏਂ ।" "ਭਾ ਜੀ, ਪੜਾਂਗਾ ਤੇ ਨੌਕਰੀ ਲਭੇਗੀ, ਤੇ ਜਦੋਂ ਨੌਕਰੀ ਹੋਵੇਗੀ ਤੇ ਫਿਰ ਈ ,,,, ।" ਸਹਿਬਾਜ਼ ਬੋਲਿਆ।

"ਉਏ ਮਾਨੈ । ਫਟਾ ਸਿੱਧਾ ਕਰ । ਪਹਿਲਾਂ ਉਹਨੂੰ ਕੱਪੜਾ ਮਾਰ ਤੇ ਫਿਰ ਇਕ ਤੂੰਬਾ ਤੇਲ ਦਾ ਲਾ ਕੇ ਸਾਰੇ ਫੱਟੇ ਨੂੰ ਵੱਤਰ ਕਰ ।" ਭਾ ਕਾਲਾ ਹੱਟੀ ਦੇ ਅੰਦਰ ਕੰਮ ਕਰਦੇ ਮਾਨੈ ਨੂੰ ਵੇਖ ਕੇ ਬੋਲਿਆ । ਏਨੇ ਵਿਚ ਫ਼ਜ਼ੀਲਾ ਦੀ ਵੈਗਨ ਲੰਘੀ ਸ਼ਹਿਬਾਜ਼ ਦਾ ਮਨ ਛਾਤੀ ਤੋਂ ਬਾਹਰ ਆਨ ਡਿੱਗਾ ਤੇ ਉਸ ਦਾ ਵਸਾਹ ਉਤਾਨਹਾ ਹੇਠ ਉਥੇ ਈ ਰਹਿ ਗਿਆ ਤੇ ਜਿਸ ਸਮੇ ਫ਼ਜ਼ੀਲਾ ਨੇ ਆਪਣੇ ਗੁਲਾਬੀ ਦੁਪੱਟੇ ਨੂੰ ਪਰਾਂਹ ਕਰ ਕੇ ਆਪਣੀਆਂ ਮੋਟੀਆਂ ਮੋਟੀਆਂ ਅੱਖੀਆਂ ਨਾਲ ਸ਼ਹਿਬਾਜ਼ ਨੂੰ ਵੇਖਿਆ ਤੇ ਸ਼ਹਿਬਾਜ਼ ਦੀ ਹਾਲਤ ਉਸਰੀ । ਉਸ ਮਗਰੋਂ ਸ਼ਹਿਬਾਜ਼ ਵੈਗਨ ਨੂੰ ਉਸ ਵੇਲ਼ੇ ਤੀਕਰ ਵਿਹੰਦਾ ਰਿਹਾ । ਜਦੋਂ ਤੀਕਰ ਵੈਗਨ ਅਗਲੀ ਗਲੀ ਭੌਂ ਨਾ ਗਈ ।

"ਭਾ ਜੀ । ਇਕ ਰਕਮ ਮੇਰੇ ਵਾਸਤੇ ਪਤੰਗਾਂ ਦੀ ਤਿਆਰ ਕਰ ਛੱਡਿਆ ਜੇ ।" ਸ਼ਹਿਬਾਜ਼ ਬੋਲਿਆ ।

"ਪੁਤੱਰ ਤੂੰ ਬੱਸ ਧਿਆਨ ਨਾਲ ਪੜ੍ਹ ਤੇ ਨਾਲੇ ਜਿਸ ਕੁੰਮੇ ਤੂੰ ਲੱਗ ਗਿਆ ਏਂ ਉਸ ਵਿਚ ਤੇ ਤੇਰੇ ਕੋਲੋਂ ਇਕ ਪਤੰਗ ਵੀ ਨਹੀਂ ਉਡਨੀ ਤੇ ਪੂਰੀਆਂ ਬਾਰਾਂ ਪਤੰਗਾਂ ਦੀ ਰਕਮ ਕਿਥੋਂ ਉਡਾਵੇਂ ਗਾ ?" ਭਾ ਜੀ ਨੇ ਹੱਸ ਕੇ ਆਖਿਆ ।

"ਨਾ ਭਾ ਜੀ । ਸੱਚ ਆਖਣਾ ਵਾਂ । ਇਦਕੀ ਬਸੰਤ ਤੇ ਮੇਰੇ ਗੁਜਰਾਤੋਂ ਪ੍ਰਾਹੁਣੇ ਆਨੇ ਨੇਂ ਨਾਲ ਉਥੇ ਬਾਜੀ ਸ਼ਾਜ਼ੀਆ ਦੇ ਸਹੁਰੇ ਵੀ ਨੇਂ ।"

"ਵਾਹ ਬਈ ਵਾਹ ਫ਼ਜ਼ੀਲਾ ਦੀ ਵੱਡੀ ਭੈਣ ਤੇਰੀ ਵੀ ਬਾਜੀ ਬਣ ਗਈ ਹੈ ।" ਭਾ ਜੀ ਸਿਗਰੇਟ ਲਾਉਂਦਿਆਂ ਬੋਲੇ ।

"ਉਹੋ ਛੱਡੋ ਜੀ । ਬੱਸ ਮੈਂ ਹੁਣ ਜਾਵਾਂ । ਪਹਿਲਾ ਪੀਰੀਅਡ ਤੇ ਰੋਜ਼ ਵਾਂਗੂੰ ਅੱਜ ਫਿਰ ਲੰਘ ਗਿਆ ਹੈ । ਕਿਧਰੇ ਦੂਜਾ ਵੀ ਨਾ ਲੰਘ ਜਾਵੇ ।" ਸ਼ਹਿਬਾਜ਼ ਨੇ ਆਪਣੇ ਬੋਦੇ ਸਿੱਧੇ ਕਰਦਿਆਂ ਆਖਿਆ ।

"ਜਾ । ਤੇਰਾ ਰੱਬ ਰਾਖਾ ।" ਭਾ ਜੀ ਹੱਟੀ ਦੇ ਅੰਦਰੋਂ ਸਟੂਲ ਬਾਹਰ ਲਿਆਉਂਦੇ ਹੋਏ ਬੋਲੇ ਤੇ ਸ਼ਹਿਬਾਜ਼ ਦੌੜਦਾ ਬੱਸ ਸਟਾਪ ਵੱਲ ਟੁਰ ਗਿਆ ।

"ਉਏ ਮੇਰੇ ਪੁੱਤਰਾ ਤੈਨੂੰ ਰੋਜ਼ ਇੱਕੋ ਈ ਗੱਲ ਸਮਝਾਵਨੀ ਪੈਂਦੀ ਹੈ । ਉਏ ਮਾਨੈ ਪਹਿਲਾਂ ਪੂਰਾ ਅੱਡਾ ਸਿੱਧਾ ਕਰਿਆ ਕਰ । ਫੱਟੇ ਉੱਤੇ ਧਾਗੇ ਦਾ ਗੋਲਾ ਵੱਲ । ਫਿਰ ਉਸ ਦੀ ਇਕ ਨੁੱਕਰ ਤੇ ਲੇਵੀ ਦਾ ਡੂੰਗਾ ਰੁੱਖ ਤੇ ਦੂਜੇ ਪਾਸੇ ਕੌਡਾ, ਸਿੱਪੀ, ਕੈਂਚੀ ਤੇ ਸੁਨਬਾ ਰੱਖ।"

"ਭਾ ਜੀ ਸਾਰੀਆਂ ਸ਼ੈਵਾਂ ਰੱਖ ਦਿਤੀਆਂ ਨੇਂ ਤੇ ਸੁਨਬਾ ਕੀ ਜ਼ਰੂਰ ਰੱਖਣਾ ਹੈ । ਕਲ੍ਹ ਏਨੇ ਵੜੇ ਟਿਕੇ ਬਣਾ ਤੇ ਲਿਤੇ ਸਨ ।"

"ਪੁਤੱਰ ਸ਼ੈਵਾਂ ਸਾਰੀਆਂ ਪੂਰੀਆਂ ਹੋਣੀਆਂ ਚਾਹੀਦੀਆਂ ਨੇਂ ।ਭਾਵੇਂ ਉਨ੍ਹਾਂ ਦੀ ਲੋੜ ਨਾ ਹੋਵੇ ।"

"ਚੰਗਾ ਭਾ ਜੀ । ਜਿਵੇਂ ਤੁਸੀਂ ਆਖੋ ।" ਮਾਨੈ ਨੇ ਇਹ ਆਖ ਕੇ ਸ਼ੈਵਾਂ ਕੱਠੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ ਤੇ ਬਾਹਰ ਅਸਮਾਨ ਵੱਲ ਭਾ ਕਾਲੇ ਨੇ ਇਕ ਗੂੜ੍ਹੀ ਨਿਗਾਹ ਪਾਈ ਤੇ ਫਿਰ ਕੁਝ ਚਿਰ ਐਵੇਂ ਈ ਸੋਚਦਾ ਰਿਹਾ ਫੇਰ ਹਵਾ ਵਿਚ ਸੋਹਣੀ ਕਬੂਤਰਾਂ ਵਾਲੇ ਦੇ ਅੱਡੇ ਤੋਂ ਉਡਦੇ ਕਬੂਤਰ ਦਿੱਸੇ ।ਭਾ ਦੀ ਨਜ਼ਰ ਫਿਰ ਇਕ ਵਾਰੀ ਅਸਮਾਨ ਵੱਲ ਟੁਰੀ ।ਇਚਰਾਂ ਨੂੰ ਸਾਬਰ ਗਾਂਧੀ ਆਪਣੀ ਬੈਠਕ ਤੋਂ ਮਿਸਵਾਕ ਕਰਦਿਆਂ ਬਾਹਰ ਨਿਕਲ ਆਇਆ ।

"ਭਾ ਜੀ ਹਵਾ ਦੀ ਲੁਸ ਵੇਹੰਦੇ ਪਏ ਹੋ ।" ਸਾਬਰ ਗਾਂਧੀ ਬੋਲਿਆ ।

"ਆਹੋ ਯਾਰ ।ਕਲ੍ਹ ਤਾਂ ਪੂਰੇ ਦੀ ਹਵਾ ਸੀ ਪਰ ਇਸ ਵੇਲ਼ੇ ਤੇ ਹਲਕੀ ਤੇ ਕਿਧਰੇ ਕਿਧਰੇ ਭੁਲਹੇ ਦੀ ਹਵਾ ਹੈ ।ਇੰਜ ਲਗਦਾ ਹੈ ਕਿ ਲੌਢੇ ਵੇਲ਼ੇ ਹਵਾ ਚੰਗੀ ਤੇ ਤੇਜ਼ ਹੋਵੇਗੀ ।"

"ਠੀਕ ਆਖਿਆ ਜੇ ਭਾ ਜੀ ।ਪਤੰਗ ਦੇ ਪੇਚ ਦਾ ਸਵਾਦ ਵੀ ਬਰਾਬਰ ਦੀ ਹਵਾ ਵਿਚ ਹੁੰਦਾ ਹੈ ।"

"ਇਹ ਗੱਲ ਤਾਂ ਠੀਕ ਹੈ ।"

"ਉਏ ਮਾਨੈ ।ਪੁਤੱਰ ਜਾਈਂ ਜ਼ਰਾ ਯੂਸੁਫ਼ ਕੋਲ ।ਮੇਰਾ ਨਾਂ ਲੈ ਕੇ ਇਕ ਗਲਾਸ ਲੱਸੀ ਦਾ ਲੈ ਆ ਨਾਲ ਆਰਿਫ਼ ਖ਼ਾਨ ਕੋਲੋਂ ਦੋ ਕੁਲਚੇ ਵੀ ਫੜੀ ਲੈ ਆਵੇਂ ।" ਭਾ ਕਾਲੇ ਨੇ ਬੋਝੇ ਚੋਂ ਪੈਸੇ ਕੱਢੇ ਤੇ ਮਾਨੈ ਨੂੰ ਟੁਰਿਆ ।ਸਾਬਰ ਗਾਂਧੀ ਵੀ ਕੜੋਲੀਆਂ ਕਰਨ ਲੱਗ ਪਿਆ ।ਮਾਨਾ ਜਦੋਂ ਲੱਸੀ ਲੈ ਆਇਆ ਤੇ ਉਸ ਦੇ ਮਗਰ ਮਗਰ ਹਾਜੀ ਧੋਬੀ ਵੀ ਆ ਗਿਆ ।ਹਾਜੀ ਧੋਬੀ ਦੀ ਹੱਟੀ ਭਾ ਕਾਲੇ ਦੀ ਹੱਟੀ ਦੇ ਸਾਹਮਣੇ ਸੀ ।ਉਹਨੇ ਰੋਜ਼ ਈ ਅੱਧਾ ਕੁਲਚਾ ਭਾ ਕੋਲੋਂ ਮੰਗ ਕੇ ਖਾਣਾ ਹੁੰਦਾ ਸੀ ਤੇ ਜਿਸ ਦਿਨ ਕਿਸੇ ਕਾਰਨ ਉਹ ਨਾ ਆਉਂਦਾ ਤੇ ਉਸ ਦਿਹਾੜੀ ਭਾ ਨੂੰ ਵੀ ਸਵਾਦ ਨਾ ਆਉਂਦਾ ਸੀ ।ਭਾ ਦੀ ਹੱਟੀ ਖੁਲਦੇ ਈ ਸਾਬਰ ਗਾਂਧੀ ਦੀ ਬੈਠਕ ਵਿਚ ਰੌਣਕ ਲੱਗ ਜਾਂਦੀ ਸੀ ।ਰੋਜ਼ ਵਾਂਗੂੰ ਤਾਰਾ, ਸ਼ੋਇਬ ਦੋਵੇਂ ਆ ਗਏ ਤੇ ਉਨ੍ਹਾਂ ਦੇ ਮਗਰ ਭਨਗਾ ਰਿਕਸ਼ੇ ਵਾਲਾ ਵੀ ਆ ਜਾਂਦਾ ਤੇ ਜਿਸ ਸਮੇ ਚਾਰ ਜੀ ਪੂਰੇ ਹੋ ਗਏ ਤੇ ਫਿਰ ਰੰਗ ਦੀ ਬਾਜ਼ੀ ਸ਼ੁਰੂ ਹੋ ਗਈ ।ਫਿਰ ਬੈਠਕ ਵਿਚੋਂ ਇਹੋ ਜਿਹੀ ਵਾਜਾਂ ਆਂਦਿਆਂ ਰਹੀਆਂ ।

"ਚੱਲ ਪੀਹ"

"ਉਏ ਕੋਟ ਹੋ ਗਿਆ ।ਉਹ ਬਾਵਾ ਜੀ ਹੁਣ ਸੰਭਲੋ ।"

"ਉਏ ਰੰਗ ਬੋਲ ਕੇ ਕੁੱਟ ਖਾ ਲਿਆ ਈ ।ਉਏ ਬਾਵਾ ਜੀ ਇਹੋ ਈ ਤੇ ਸੈਂਸ ਏ,ਨੂੰ ਇਸ ਵਿਚ ਉਥੇ ਲੱਸੀ ਦਾ ਕੋਪ ਫੜ ਕੇ ਮਨਸ਼ਾ ਵੀ ਆ ਗਿਆ ।ਉਹ ਭਾ ਦਾ ਪੁਰਾਣਾ ਯਾਰ ਸੀ ਤੇ ਨਾਲੋ ਨਾਲ ਉਨ੍ਹਾਂ ਦੀਆਂ ਹੱਟੀਆਂ ਦਾ ਮਾਲਿਕ ਵੀ ਸੀ ਉਹ ਵੀ ਭਾ ਨਾਲ ਬਾਹਰ ਬੰਚ ਤੇ ਬਹਿ ਗਿਆ ।

"ਭਾ ਜੀ ।ਅੱਜ ਕਲ੍ਹ ਗੁੱਡੀ ਡੋਰ ਦਾ ਕੰਮ ਬੁਹਤ ਵੱਧ ਗਿਆ ਹੇ ।" ਮਨਸ਼ਾ ਲੱਸੀ ਪੈਂਦੀਆਂ ਬੋਲਿਆ ।

"ਯਾਰ ਇਹ ਗੱਲ ਤਾਂ ਠੀਕ ਹੈ ਪਰ ਇਸੇ ਗੱਲ ਨੇ ਈ ਮੈਨੂੰ ਚਿੰਤਾ ਲਾਈ ਹੋਈ ਏ ।" ਭਾ ਕਾਲਾ ਇਕ ਗੂੜ੍ਹੀ ਸੋਚ ਨਾਲ ਬੋਲਿਆ ।

"ਆਹੋ ਜੀ ।ਹੁਣ ਤੇ ਇਨ੍ਹਾਂ ਦੀ ਹੱਟੀ ਉੱਤੇ ਗੱਡੀਆਂ ਵਾਲੇ ਆਉਂਦੇ ਨੇਂ ।" ਹਾਜੀ ਧੋਬੀ ਵਿਚ ਬੋਲਿਆ ।

"ਭਾ ਜੀ ਤੁਹਾਨੂੰ ਕਾਹਦੀ ਚਿੰਤਾ ਹੈ ?" ਮਨਸ਼ਾ ਹੈਰਾਨੀ ਨਾਲ ਬੋਲਿਆ ।

"ਯਾਰ ਮਨਸ਼ਾ ਗੱਲ ਇਹ ਹੈ ਕਿ ਜਦੋਂ ਵੀ ਕੋਈ ਸ਼ੈਅ ਨੇ ਦੋਲਤੀਆਂ ਕੋਲ ਗਈ ਹੈ ਫਿਰ



ਉਸ ਦੀ ਅਖ਼ੀਰ ਭੈੜੀ ਹੋਈ ਹੈ ।" ਭਾ ਜੀ ਸਿਗਰੇਟ ਲਾ ਕੇ ਬੋਲੇ ।

"ਭਾ ਜੀ ਗੱਲ ਸਮਝ ਨਹੀਂ ਲੱਗੀ ।" ਹਾਜੀ ਧੋਬੀ ਨੇ ਪੁੱਛਿਆ ।

"ਯਾਰ ਗੱਲ ਬੜੀ ਸਿੱਧੀ ਹੈ ।ਇਸ ਸੜਕ ਉੱਤੇ ਖਲੋ ਕੇ ਕਿਸੇ ਦੂਜੇ ਦੇ ਪੇਚ ਤੋਂ ਸਵਾਦ ਲੈਨੇ ਆਂ ।ਜਦੋਂ ਆਪ ਵੀ ਪੇਚ ਕਰੀਏ ਤਾਂ ਤਦ ਵੀ ਪੇਚ ਦਾ ਸਵਾਦ ਲੈਨੇ ਆਂ ।ਪਤੰਗ ਆਪਣੀ ਕੱਟੀ ਜਾਵੇ ਜਾਂ ਦੂਜੇ ਦੀ ।ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਪਰ ਯਾਰ ਹੁਣ ਇਹ ਵੱਡੀਆਂ ਵੱਡੀਆਂ ਗੱਡੀਆਂ ਵਾਲੇ ਪੇਚ ਦਾ ਨਹੀਂ, ਜਿਤ ਦਾ ਸਵਾਦ ਲੈਂਦੇ ਨੇਂ ।ਅਗਲੇ ਦੀ ਪਤੰਗ ਵੱਢੀ ਜਾਨੀ ਚਾਹੀਦੀ ਹੈ ।ਉਸ ਮਾਰੇ ਜਿਨਾ ਮਰਜ਼ੀ ਪੈਸਾ ਲੱਗ ਜਾਵੇ ।ਯਾਰ ਏਹੋ ਹੀ ਗੱਲ ਚਿੰਤਾ ਦੀ ਹੈ ।" ਭਾ ਜੀ ਸਿਗਰੇਟ ਦਾ ਇਕ ਲੰਮਾ ਸੋਟਾ ਭਰ ਕੇ ਬੋਲੇ।

"ਭਾ ਜੀ ਹੁਣ ਤੇ ਵੱਡੀਆਂ ਕੰਪਨੀਆਂ ਨੇ ਵੀ ਬਸੰਤ ਮਨਾਉਣ ਦੇ ਮੇਲੇ ਲਾਏ ਹੋਏ ਨੇਂ । ਉਨ੍ਹਾਂ ਕਾਰਨ ਕੰਮ ਤੇ ਵਲਾਇਤ ਤੀਕਰ ਟੁਰ ਗਿਆ ਹੇ ।" ਸਾਬਰ ਗਾਂਧੀ ਬੋਲਿਆ ।

"ਇਹ ਗੱਲ ਉਸ ਤੋਂ ਵੀ ਵੱਧ ਚਿੰਤਾ ਵਾਲੀ ਹੈ ।ਪੈਸੇ ਨਾਲ ਹਮੇਸ਼ਾ ਸ਼ੌਕ ਮੁੱਕਿਆ ਤੇ ਕਾਰੋਬਾਰ ਵਧੀਆ ਹੈ ।" ਭਾ ਨੇ ਆਖਿਆ ।

"ਉਏ ਭਰਾ ।ਤੇਰੀਆਂ ਗੱਲਾਂ ਤੁਹਿਏਂ ਜਾਨੈਂ ।" ਹਾਜੀ ਧੋਬੀ ਇਹ ਆਖ ਆਪਣੀ ਹੱਟੀ ਵੱਲ ਟੁਰ ਗਿਆ ।ਜਿਥੇ ਇਕ ਗਾਹਕ ਉਹਨੂੰ ਉਡੀਕਦਾ ਪਿਆ ਸੀ ।ਕੁਝ ਚਿਰ ਮਗਰੋਂ ਸਕੂਲ ਦੀ ਛੁੱਟੀ ਦਾ ਵੇਲਾ ਹੋ ਗਿਆ ਤੇ ਬੱਚੇ ਵੀ ਹੌਲੀ ਹੌਲੀ ਉਸ ਦੀ ਹੱਟੀ ਤੇ ਆਉਣ ਲੱਗ ਗਏ ।ਭਾ ਆਪਣੀਆਂ ਪਤੰਗਾਂ ਆਪਣੇ ਹੱਥੀਂ ਬਣਾਉਂਦਾ ਸੀ ਪਰ ਬੱਚਿਆਂ ਵਾਸਤੇ ਗੁੱਡੇ, ਸ਼ਰਲੇ ਤੇ ਨਿੱਕੀ ਪਰੀਆਂ ਮਾਨਾ ਬਣਾਂਦਾ ਸੀ ।ਭਾ ਨੂੰ ਬਾਲਾਂ ਨਾਲ ਖ਼ਾਸ ਪਿਆਰ ਸੀ ।ਭਾ ਨੇ ਬਾਲਾਂ ਵਾਸਤੇ ਸਸਤੀ ਡੋਰ ਦੀਆਂ ਗਿੱਠਾਂ ਵੀ ਰੱਖੀਆਂ ਹੋਇਆਂ ਸਨ ।ਇਸ ਡੋਰ ਨੂੰ ਬਾਲ ਪੁੱਠੀਆਂ ਦੀ ਡੋਰ ਆਖਦੇ ਸਨ ।ਭਾ ਕਾਲੇ ਦੇ ਆਪਣੇ ਦੋ ਜਵਾਨ ਮੁੰਡੇ ਸਨ ।ਜਿਹੜੇ ਆਪਣੀ ਘੱਰ ਵਾਲਿਆਂ ਦੇ ਨਾਲ ਦੁਬਈ ਵਸਦੇ ਪਏ ਸਨ ।ਉਨ੍ਹਾਂ ਦੋਹਾਂ ਨੂੰ ਭਾ ਦੀ ਕੋਈ ਲੱਥੀ ਚੜ੍ਹੀ ਨਾ ਸੀ ਤੇ ਉਂਜ ਈ ਉਨ੍ਹਾਂ ਦੋਹਾਂ ਦੀ ਭਾ ਨੂੰ ਵੀ ਕੋਈ ਪ੍ਰਵਾਹ ਨਹੀਂ ਸੀ ।ਉਸ ਦੀ ਹਯਾਤੀ ਤੇ ਬੱਸ ਗੁੱਡੀ ਡੋਰ ਵਿਚ ਰੁੱਝੀ ਪਈ ਸੀ ।ਭਾ ਨੇ ਹੱਟੀ ਦੀ ਇਕ ਨੁੱਕਰ ਤੇ ਗੁੱਡੇ ਤੇ ਦੂਜੀ ਨੁੱਕਰ ਤੇ ਪਰੀਆਂ ਟੰਗੀਆਂ ਹੋਈਆਂ ਸਨ ।ਅੱਜ ਭਾ ਆਪਣੇ ਘੱਰ ਤੋਂ ਵੀ ਕੁਝ ਗੁੱਡੇ ਪਰੀਆਂ ਲੈ ਕੇ ਆਇਆ ਸੀ ।

"ਚੱਲ ਬਈ ਮਾਨੈ ਗਾਹਕੀ ਵਧਦੀ ਪਈ ਹੈ ।ਤੂੰ ਜ਼ਰਾ ਗੁੱਡੇ ਪਰੀਆਂ ਸਿੱਧੀਆਂ ਕਰ ਲੈ।"

"ਜੀ ਭਾ ਜੀ ਉਸੇ ਵੰਡ ਨਾਲ ਰੁੱਖਾਂ ।"

"ਉਂਜ ਈ ਪੁਤੱਰ ਪਰ ਫਿਰ ਵੀ ਇਕ ਵਾਰੀ ਸਮਝ ਲੈ ।ਸੱਭ ਤੋਂ ਅਗਾਂਹ ਅੱਡਾ ਪੁਨਾ, ਉਸ ਦੇ ਮਗਰ ਪੁਨਾ ਤਾਵਾ, ਫਿਰ ਤਾਵਾ ਤੇ ਉਸ ਦੇ ਮਗਰ ਡੇੜ੍ਹ ਤਾਵੇ, ਢਾਈ ਤਾਵੇ ਲਾ ਦੇ ਤੇ ਬਾਕੀ ਫਫੜਦਾਨ ਤੇ ਭਾਈ ਕੰਧ ਉੱਤੇ ਟੰਗ ਦੇ ।"

"ਠੀਕ ਹੈ ਭਾ ਜੀ ਇੰਜ ਈ ਪਰੀਆਂ ।"

"ਉਏ ਮੇਰੇ ਸੋਹਣੇ ਇੰਜ ਈ ਲਖਨਉ ਕਾਟ ਵੀ ।ਇਨ੍ਹਾਂ ਸੱਭ ਦੀ ਵੰਡ ਇਨ੍ਹਾਂ ਦੇ ਵਜੂਦ ਰਾਹੀਂ ਹੁੰਦੀ ਹੈ ।" ਭਾ ਕਾਲਾ ਬੋਲਿਆ ।

ਮਾਨਾ ਹੱਟੀ ਅੰਦਰ ਵੜ ਕੇ ਗੁੱਡੀਆਂ ਨੂੰ ਤਾਗੇ ਲਵੀਟਨ ਲੱਗ ਗਿਆ ।ਤੇ ਇਚਰਾਂ ਨੂੰ ਸ਼ਹਿਬਾਜ਼ ਵੀ ਭਾ ਦੀ ਹੱਟੀ ਉੱਤੇ ਆ ਕੇ ਬਹਿ ਗਿਆ ।ਭਾ ਉਹਨੂੰ ਵੇਖ ਕੇ ਹੁਸਨ ਲੱਗ ਪਿਆ ।ਭਾ ਦੇ ਹਾਸੇ ਨੂੰ ਵੇਖ ਕੇ ਸ਼ਹਿਬਾਜ਼ ਥੋੜਾ ਜਿਹਾ ਸ਼ਰਮਾ ਗਿਆ ਤੇ ਫਿਰ ਅੰਦਰ ਟੰਗੇ ਗੁੱਡੇ ਗੁੱਡੀਆਂ ਵੇਖ ਕੇ ਭਾ ਨਾਲ ਗੱਲਾਂ ਕਰਨ ਲੱਗ ਗਿਆ ।

"ਭਾ ਜੀ ਇਹ ਪਤੰਗ ਤੇ ਕੁੱਪ ਵਿਚ ਕੀ ਫ਼ਰਕ ਹੈ ?"

"ਕਿਉਂ ਗੁੱਡੂ ਭੱਟੀ ਇਹ ਗੱਲ ਫ਼ਜ਼ੀਲਾ ਨੇ ਪੁੱਛੀ ਹੈ ?"

"ਨਹੀਂ ਭਾ ਜੀ ਤੁਸੀਂ ਦੱਸੋ ।"

"ਗੁੱਡੂ ਭੱਟੀ ਸਾਹਿਬ ਜਿਹੜਾ ਪੇਚਾ ਲਾ ਕੇ ਬੈਠੇ ਹੋ ।ਉਸ ਵੱਲ ਧਿਆਨ ਰੱਖੋ।ਕਿਧਰੇ ਕੋਈ ਹੋਰ ਹੱਥ ਨਾ ਮਾਰ ਦੇਵੇ ਜਾਂ ਕੋਈ ਦੂਜਾ ਕਾਨਟੀ ਪਾ ਲਵੇ ।"

"ਉਹੋ ਭਰਾ ਜੀ ।ਚੀਜ਼ਾ ਨਾ ਲਾਵੋ ।"

"ਤੂੰ ਪੁਤੱਰ ਇਸ ਪਤੰਗ ਦੀ ਡੋਲੀ ਵੱਲ ਧਿਆਨ ਮਾਰ ।" ਭਾ ਨੇ ਇਕ ਡੱਬੇ ਦੇ ਨਮੂਨੇ ਵਾਂਗੂੰ ਉਸਾਰੀ ਪਤੰਗ ਵੱਲ ਵੇਖ ਕੇ ਆਖਿਆ ।

"ਭਾ ਜੀ ਉਹ ਤੇ ਖ਼ੈਰ ਜਦੋਂ ਮੇਰੇ ਇਸ਼ਕ ਦੀ ਹਵਾ ਨੂੰ ਜਦੋਂ ਲੋੜ ਪਈ ਤੇ ਤੁਹਾਡੇ ਸਾਥ ਦਾ ਬੁਰਜ ਮੇਰੇ ਨਾਂ ਦਾ ਈ ਉੱਡੇ ਗਾ ।" ਸ਼ਹਿਬਾਜ਼ ਨੇ ਵੀ ਅੱਗੋਂ ਹੱਸ ਕੇ ਆਖਿਆ ।

"ਪੁਤੱਰ ਸਾਡਾ ਬੁਰਜ ਤੇ ਹਰ ਵੇਲ਼ੇ ਤਿਆਰ ਹੈ ।ਤੂੰ ਬੱਸ ਇਸ ਦੇ ਹੇਠ ਪ੍ਰੇਮ ਦੀ ਬੱਤੀ ਬਾਲੀ ਰੱਖ ।" ਭਾ ਜੀ ਨੇ ਸਿਗਰੇਟ ਲਾਂਦੀਆਂ ਆਖਿਆ ।

"ਭਾ ਜੀ ਉਹ ਤੇ ਤੁਹਾਡੀ ਦੁਆ ਨਾਲ ਜਾਗਦੀ ਪਈ ਹੈ ਤੁਸੀਂ ਬੱਸ ਮੈਨੂੰ ਅੱਜ ਪਤੰਗ ਤੇ ਕੁੱਪ ਦਾ ਫ਼ਰਕ ਦੱਸੋ ।"

"ਚੰਗਾ ਜੇ ਹੁਣ ਤੂੰ ਜ਼ਿੱਦੀ ਪੈ ਗਿਆ ਹੈਂ ਤੇ ਫਿਰ ਧਿਆਨ ਨਾਲ ਸੁਣ ।ਕੁੱਪ ਦਾ ਹਿਸਾਬ ਇੰਜ ਦਾ ਹੈ ਕਿ ਜਿਵੇਂ ਸਾਡੇ ਸਮਾਜ ਵਿਚ ਮਰਦਾਂ ਦਾ ਹੈ ਜਦ ਕਿ ਪਤੰਗ ਇਕ ਜ਼ਨਾਨੀ ਵਾਂਗੂੰ ਹੈ।"

"ਉਹ ਕਿੰਜ ?" ਸ਼ਹਿਬਾਜ਼ ਹੈਰਾਨੀ ਨਾਲ ਬੋਲਿਆ ।

"ਪੁਤੱਰ ਕੁੱਪ ਪੰਜ ਗਿਠੀ ਵੀ ਹੋਵੇ ਤੇ ਛੇ ਗਿਠੀ ਪਤੰਗ ਨਾਲ ਲੜਦਾ ਹੈ ਪਰ ਪਤੰਗ ਜੇ ਪੰਜ ਗਿਠੀ ਹੋਵੇ ਤੇ ਉਹ ਪੰਜ ਗਿਠੀ ਕੁੱਪ ਨਾਲ ਨਹੀਂ ਲੜ ਸਕਦੀ ।ਇਹ ਗੱਲ ਤਾਂ ਪੇਚ ਦੇ ਹਿਸਾਬ ਨਾਲ ਹੈ, ਬੁਣਤਰ ਦੇ ਹਿਸਾਬ ਨਾਲ ਤੈਨੂੰ ਕੁੱਕੜ ਤੇ ਮੁਰਗ਼ਾਬੀ ਚੇਤੇ ਵਿਚ ਲੈ ਆਉਣੀਆਂ ਪੀਣ ਗਿਆਂ ।"

"ਉਹ ਕਿਵੇਂ ਭਾ ਜੀ ?" ਸ਼ਹਿਬਾਜ਼ ਨੇ ਪੁੱਛਿਆ ਤੇ ਭਾ ਦੇ ਨਾਲ ਮਾਨਾ ਵੀ ਸਟੂਲ ਤੇ ਆ ਕੇ ਬਹਿ ਗਿਆ ।

"ਪੁਤੱਰ ਕੁੱਪ ਦਾ ਉਤਲਾ ਹਿੱਸਾ ਯਾਨੀ ਪੇਟਾ ਕੁਕੜੀ ਦੇ ਅੰਡੇ ਵਾਂਗੂੰ ਗੋਲ ਹੁੰਦਾ ਹੈ ਤੇ ਪਤੰਗ ਦਾ ਮੁਰਗ਼ਾਬੀ ਦੇ ਅੰਡੇ ਵਾਂਗੂੰ ਹੁੰਦਾ ਹੈ ।" ਇਹ ਆਖ ਕੇ ਭਾ ਜੀ ਨੇ ਇਕ ਲੰਮਾ ਵਸਾਹ ਲਿੱਤਾ।

"ਭਾ ਜੀ ਕੀ ਇੰਜ ਦਾ ਈ ਫ਼ਰਕ ਪੈਂਦੀ ਵਿਚ ਵੀ ਹੁੰਦਾ ਹੈ ।" ਮਾਨੈ ਨੇ ਪੁੱਛਿਆ ।

"ਫ਼ਰਕ ਤੇ ਬੁਹਤ ਹੈ ਪਰ ਉਂਜ ਦਾ ਨਹੀਂ ।ਇਸ ਨੂੰ ਜਾਨਣ ਪਾਰੋਂ ਤੁਹਾਨੂੰ ਅੱਖਰ "ਨ" ਤੇ "ਬ" ਚੇਤੇ ਵਿਚ ਲੈ ਆਉਣੇ ਪੈਣਗੇ । ਕਿਉਂ ਜੇ ਕੁੱਪ ਦੀ ਪੈਂਦੀ ਅੱਖਰ "ਨ" ਵਾਂਗੂੰ ਹੁੰਦੀ ਹੈ ।ਤੇ ਪਤੰਗ ਦੀ ਪੈਂਦੀ ਅੱਖਰ "ਬ" ਵਾਂਗੂੰ ਹੁੰਦੀ ਹੈ ।"

ਵਾਹ ਭਾ ਜੀ ਤੁਹਾਡਾ ਜੁਆਬ ਨਹੀਂ ।ਕਿੰਜ ਸਾਰੀ ਗੱਲ ਸਮਝਾਈ ਹੈ ਪਰ ਇਹ ਮਰਦ ਤੇ ਜ਼ਨਾਨੀ ਵਾਲੀ ਗੱਲ ਕੀ ਦੱਸੀ ਹੈ ।" ਸ਼ਹਿਬਾਜ਼ ਗੂੜ੍ਹੀ ਸੋਚ ਨਾਲ ਬੋਲਿਆ।

"ਪੁਤੱਰ ਇਹ ਵੰਡ ਸਾਨੂੰ ਸ਼ਹਤੀਰਾਂ ਵਿਚ ਵੀ ਲੱਭਦੀ ਹੈ ।"

"ਉਹ ਕਿੰਜ ਭਾ ਜੀ ।" ਮਾਨੈ ਨੇ ਪੁੱਛਿਆ ।

"ਉਏ ਮਾਨੈ ਜ਼ਰਾ ਹੌਲੀ ਬੋਲਿਆ ਕਰ ।ਪੁਤੱਰ ਗੁੱਡਾ ਹੋਵੇ ਭਾਵੇਂ ਪਤੰਗ ਹੋਵੇ ਗੁੱਡੀ ਦੀ ਹਰ ਕਿਸਮ ਵਿਚਕਾਰਲਾ ਸ਼ਹਿਤੀਰ ਨੂਰ ਹੁੰਦਾ ਹੈ ਤੇ ਨਾਲਦੇ, ਹੇਠਲੇ ਸ਼ਹਤੀਰਾਂ ਨੂੰ ਮਾਦੀ ਆਖਿਆ ਜਾਂਦਾ ਹੇ ।ਵਾਹ ਮੇਰੇ ਮੌਲਾ ਇੱਥੇ ਵੀ ਨਰਮਾਈ ਸਵਾਣੀ ਦੇ ਹੱਥ ਵਿਚ ਹੈ ।" ਭਾ ਜੀ ਨੇ ਅਸਮਾਨ



ਵੱਲ ਧਿਆਨ ਮਾਰ ਕੇ ਆਖਿਆ ।

ਇਸ ਵਿਚ ਦੂਰੋਂ ਫ਼ਜ਼ੀਲਾ ਦੀ ਵੈਗਨ ਆਉਂਦੀ ਦਿਸੀ ।ਸ਼ਹਿਬਾਜ਼ ਨੇ ਛੇਤੀ ਨਾਲ ਕੰਘੀ ਕੱਢੀ ਤੇ ਬੋਦੇ ਸਿੱਧੇ ਕਰ ਕੇ ਹੱਟੀ ਤੇ ਬਾਹਰ ਆਨ ਕੇ ਖਲੋ ਗਿਆ ।ਵੈਗਨ ਲੰਘੀ ਤੇ ਰੋਜ਼ ਵਾਂਗੂੰ ਫ਼ਜ਼ੀਲਾ ਨੇ ਇਕ ਨਿਗਾਹ ਪਾਈ ਤੇ ਫਿਰ ਆਪਣਾ ਦੁਪੱਟਾ ਸਿੱਧਾ ਕਰ ਲਿੱਤਾ ਤੇ ਸ਼ਹਿਬਾਜ਼ ਉਸ ਵੇਲ਼ੇ ਤੀਕਰ ਵਿਹੰਦਾ ਰਿਹਾ ਜਦੋਂ ਤੀਕਰ ਵੈਗਨ ਫ਼ਜ਼ੀਲਾ ਨੂੰ ਉਸ ਦੇ ਘੱਰ ਲਾਹ ਕੇ ਅਗਾਂਹ ਨਾ ਟੁਰ ਗਈ ।ਉਸ ਦੇ ਮਗਰ ਸ਼ਹਿਬਾਜ਼ ਵੀ ਭਾ ਜੀ ਨੂੰ ਸਲਾਮ ਕਰ ਕੇ ਟੁਰ ਗਿਆ ।ਕੁਝ ਚਿਰ ਮਗਰੋਂ ਬਾਂਗਾਂ ਹੋਵਣ ਲੱਗ ਗਈਆਂ ਬਾਂਗਾਂ ਦੇ ਨਾਲ ਈ ਭਾ ਜੀ ਨਮਾਜ਼ ਪੜ੍ਹਨ ਟੁਰ ਗਏ ।ਨਮਾਜ਼ ਪੜ੍ਹ ਕੇ ਪਰਤੇ ਤੇ ਮਲਿਕ ਹੱਟੀ ਉੱਤੇ ਪਹਿਲਾਂ ਦਾ ਈ ਬੈਠਾ ਹੋਇਆ ਸੀ ।

"ਭਾ ਜੀ ਮੈਨੂੰ ਭਈਆਂ ਦੇ ਮੁੰਡੇ ਨੇ ਵਾਜ ਮਾਰ ਦਿਤੀ ਹੈ ।ਤੁਸੀਂ ਮੈਨੂੰ ਇਕ ਜੋੜੀ ਸ਼ਿਸਤਰਵਾਂ ਦੀ ਇਕ ਜੋੜੀ ਦਬਾਜ਼ ਤੇ ਦੋ ਜੋੜੀਆਂ ਸ਼ਤਰੰਜ ਦੀਆਂ ਦੇ ਦੇਵੋ ।"

"ਜਾ ਉਏ ਮਾਨੈ ਇਹ ਪਤੰਗਾਂ ਪਿਛੋਂ ਗੁਦਾਮ ਤੋਂ ਕੱਢ ਲਿਆ ।" ਭਾ ਜੀ ਨੇ ਮਾਨੈ ਨੂੰ ਹੱਟੀ ਦੇ ਪਿਛੇ ਗੁਦਾਮ ਵਿਚ ਘੱਲ ਦਿਤਾ ।ਕੁਝ ਚਿਰ ਮਗਰੋਂ ਮਾਨਾ ਪਤੰਗਾਂ ਲੈ ਆਇਆ ।

"ਹਾਂ ਬਈ ਮਲਿਕ ਇਕ ਜੋੜੀ ਦਬਾਜ਼ ਦੀ, ਦੋ ਜੋੜੀਆਂ ਸ਼ਤਰੰਜ ਦੀਆਂ ਤੇ ਉਏ ਮਾਨੈ ਤੇਰਾ ਦਿਮਾਗ਼ ਫਿਰ ਗਿਆ ਈ ।ਇਹ ਸ਼ਿਸਤਰਵਾਂ ਦੀ ਥਾਂ ਤੇ ਪਰੀਆਂ ਫੜ ਲੈ ਆਇਆਂ ਏਂ ।ਤੈਨੂੰ ਹਜ਼ਾਰ ਵਾਰੀ ਦੱਸਿਆ ਹੈ ਕਿ ਜਿਸ ਪਤੰਗ ਦਾ ਪੇਟਾ ਤੇ ਪੈਂਦੀ ਵੱਖੋ ਵਖ ਰੰਗ ਦੀ ਹੋਵੇ ਤੇ ਉਹਨੂੰ ਸ਼ਿਸਤਰੋ ਆਖਦੇ ਨੇਂ ।"

"ਚਲੋ ਛੱਡ ਭਾ ਜੀ ਇਕ ਜੋੜੀ ਪਰੀਆਂ ਹੀ ਦੀ ਦੇ ਦੇਵੋ ।" ਮਲਿਕ ਨੇ ਪਤੰਗਾਂ ਫੜੀਆਂ ਤੇ ਪੈਸੇ ਦੇ ਕੇ ਟੁਰ ਗਿਆ ।ਕੁਝ ਚਿਰ ਮਗਰੋਂ ਭਾ ਦੀ ਰੋਟੀ ਘਰੋਂ ਆ ਗਈ ਸੀ ।ਭਾ ਜੀ ਰੋਟੀ ਖਾ ਕੇ ਬਾਹਰ ਆਪਣੇ ਸਟੂਲ ਤੇ ਆਨ ਕੇ ਬਹਿ ਗਏ ।ਜਦੋਂ ਬਾਹਰ ਆਏ ਤੇ ਮਲਿਕ ਨੇ ਆਪਣੀ ਪਤੰਗ ਸਿੱਧੀ ਕੀਤੀ ਹੋਈ ਸੀ ।ਮਲਿਕ ਦੀ ਪਤੰਗ ਨੂੰ ਵੇਹੰਦੇ ਈ ਜਗੂ ਤੇ ਉਸ ਦੇ ਨਿੱਕੇ ਭਰਾ ਨੇ ਆਪਣੇ ਆਪਣੇ ਤਣਦੀ ਵਾਲੇ ਗੁੱਡੇ ਉਡਾ ਲਿਤੇ ।ਪਤੰਗਾਂ ਸਿੱਧੀਆਂ ਹੁੰਦੇ ਵੇਖ ਕੇ ਭਾ ਜੀ ਦੀ ਹੱਟੀ ਤੇ ਫਿਰ ਇਕ ਵਾਰੀ ਰਸ਼ ਲੱਗ ਗਿਆ ।ਸਾਬਰ ਗਾਂਧੀ, ਭਨਗਾ, ਤਾਰਾ, ਸ਼ੋਇਬ, ਸੁਣੀ, ਪੱਪੂ ਰਨਗਸਾਜ਼ ਸਾਰੇ ਕੱਠੇ ਹੋ ਗਏ ਸਨ ।

"ਉਏ ਮਾਨੈ ਮੈਨੂੰ ਕੈਂਚੀ ਫੜਾ ।ਮੈਂ ਇਨ੍ਹਾਂ ਮਛਲੀਆਂ ਦੀਆਂ ਪੋਨਛਾਂ ਬਣਾ ਲਵਾਂ ਤੇ ਤੂੰ ਮੇਰਾ ਪੁਤੱਰ ਅੰਦਰ ਮੀਨਢੇ ਗੁੱਡੀਆਂ ਨੂੰ ਅੱਖਾਂ, ਮੌਢੇ, ਟਿਕੇ ਲਾ ਤੇ ਕੱਲੀ ਮੈਂ ਆਪ ਈ ਲਾਵਾਂ ਗਾ ।"

"ਜੀ ਭਾ ਜੀ ।"

ਇਚਰਾਂ ਨੂੰ ਭਈਆਂ ਦੇ ਮੁੰਡੇ ਨੇ ਵੀ ਪਤੰਗ ਸਿੱਧੀ ਕਰ ਲਈ ।ਅਜੇ ਪੇਚੇ ਦਾ ਵਲ ਪੀਣ ਈ ਲੱਗਿਆ ਸੀ ਕਿ ਭਈਆਂ ਦੀ ਪਤੰਗ ਦਾ ਨੁਕਾ ਪਾੜ ਗਿਆ ।ਦੋਹਾਂ ਨੇ ਪਤਨਗਾਂ ਪਰਾਂਹ ਕਰ ਲਿੱਤੀਆਂ ।ਭਈਆਂ ਨੇ ਆਪਣੀ ਪਤੰਗ ਲਾ ਕੇ ਨੁਕਾ ਜੋੜਿਆ ਤੇ ਫਿਰ ਪਤੰਗ ਨੂੰ ਟੁਰਿਆ ।

"ਭਾ ਜੀ ਹੁਣ ਜੇ ਏਨੇ ਨੁਕਾ ਜੋੜਿਆ ਹੈ ਤੇ ਪਤੰਗ ਕਿੰਨੀ ਜ਼ਰੂਰ ਖਾਵੇਗੀ ।" ਤਾਰਾ ਬੋਲਿਆ ।

"ਯਾਰ ਵੇਖ ਹਾਂ ਉਹਨੇ ਪਹਿਲਾਂ ਈ ਧਾਗੇ ਨਾਲ ਹਲਕੀ ਜਿਹੀ ਬੰਨ੍ਹ ਦਿਤੀ ਹੈ।" ਭਾ ਜੀ ਸਿਗਰੇਟ ਲਾ ਕੇ ਬੋਲੇ ।ਭਈਆਂ ਦੇ ਪਤੰਗ ਨੂੰ ਠੀਕ ਕਰਨ ਵਿਚ ਮਲਿਕ ਨੇ ਆਪਣੀਆਂ ਦੋ ਤਿੰਨ ਪਤੰਗਾਂ ਨੂੰ ਤਣਾਵਾਂ ਪਾ ਕੇ ਉਡਾ ਕੇ ਵੇਖ ਲਿੱਤਾ । ਫਿਰ ਜਦੋਂ ਦੋਹਾਂ ਨੇ ਆਪਣੀਆਂ ਪਤੰਗਾਂ ਸਿੱਧੀਆਂ ਕੀਤਾਂ ਤੇ ਮਹੱਲੇ ਵਿਚ ਇੰਜ ਲਗਿਆ ਕਿ ਜਿਵੇਂ ਇਕ ਮੇਲਾ ਲੱਗ ਗਿਆ ਹੋਵੇ ।ਕੁਝ ਬੰਦਿਆਂ ਦਾ ਮਨ ਕਰਦਾ ਸੀ ਕਿ ਮਲਿਕ ਪਤੰਗ ਵੱਢੇ ਤੇ ਕੁਝ ਬੰਦਿਆਂ ਦਾ ਮਨ ਕਰਦਾ ਸੀ ਕਿ

ਭਈਆਂ ਦਾ ਮੁੰਡਾ ਪਤੰਗ ਵੱਢੇ ਪੇਚਾ ਟੁਰਦੇ ਨਾਲ ਈ ਉੱਚੀ ਉੱਚੀ ਵਾਜਾਂ ਦਾ ਰੌਲਾ ਪੈ ਗਿਆ ।

"ਉਏ ਮਲਿਕ ਗੋਤ ਮਾਰ ਕੇ ਬਾਹਰ ਨੂੰ ਕੱਢ ।" ਗਾਂਧੀ ਬੋਲਿਆ ।

"ਮਲਿਕ ਜੀ ਲੰਮੇ ਹੱਥ ਦੀ ਡੋਰ ਲਾਵੋ ।" ਤਾਰਾ ਬੋਲਿਆ ।

"ਉਏ ਆਪਣੇ ਘੱਰ ਨੂੰ ਪਤੰਗ ਟੁਰ । ਉਏ ਕੀ ਕਰਨਾ ਪਿਆ ਏਂ ਭਈਏ ।" ਸ਼ੋਇਬ ਬੋਲਿਆ ।

"ਉਏ ਘੁੱਟ ਕੇ ਡੋਰ ਲਾ ਨਹੀਂ ਤਾਂ ਛਤਲ ਹੋ ਜਾਵੇਗੀ ।" ਮੁੱਲਾਂ ਬੋਲਿਆ ।

"ਉਏ ਭਈਏ ਛੱਬੀ ਡੋਰ ਮਾਰ । ਮਾਰ ਉਏ, ਅੰਗੂਠਾ ਰੋਕ ਕੇ ।" ਤਾਰਾ ਬੋਲਿਆ ।

"ਲਵੋ ਬਈ ਜੇ ਮਲਿਕ ਨੇ ਗੋਤ ਮਾਰ ਕੇ ਡੋਰ ਰੋਕ ਲਿੱਤੀ ਤੇ ਸਮਝੋ ਭਈਏ ਹੋਰੀਂ ਫ਼ਾਰਗ਼ ।" ਭਾ ਜੀ ਇਕ ਨਵਾਂ ਸਿਗਰੇਟ ਲਾ ਕੇ ਬੋਲੇ । ਫਿਰ ਕੁਝ ਚਿਰ ਮਗਰੋਂ ਪੇਚ ਵੀ ਇੰਜ ਦਾ ਈ ਹੋਇਆ । ਮਲਿਕ ਨੇ ਲੰਮੇ ਹੱਥ ਡੋਰ ਛੱਡ ਕੇ ਗੋਤ ਮਾਰੀ ਤੇ ਪਤੰਗ ਨੂੰ ਆਪਣੇ ਘੱਰ ਨੂੰ ਕੱਢ ਕੇ ਡੋਰ ਰੋਕ ਲਿੱਤੀ । ਉਸੇ ਵੇਲ਼ੇ ਈ ਭਈਆਂ ਦੀ ਪਤੰਗ ਬਾਹਰ ਨੂੰ ਨਿਕਲੀ ਤੇ ਵਿੱਢੀ ਗਈ । ਮਲਿਕ ਨੇ ਪਤੰਗ ਵੱਢਦੇ ਈ "ਕਾਟਾ" ਦਾ ਨਾਅਰਾ ਮਾਰਿਆ ਤੇ ਬੜੇ ਹਿਸਾਬ ਨਾਲ ਧਮੀਆਂ ਦੇ ਕੇ ਪਤੰਗ ਨੂੰ ਸਿੱਧਾ ਕਰ ਲਿਆ । ਉਸ ਦਿਹਾੜੀ ਖ਼ਬਰੇ ਭਈਆਂ ਦੀ ਭੈੜੀ ਲਿਖੀ ਹੋਈ ਸੀ । ਮਲਿਕ ਨੇ ਉੱਤੋਂ ਰਤੀ ਉਹਦੀਆਂ ਪੰਜ ਪਤੰਗਾਂ ਲਾ ਦਿਤੀਆਂ ਤੇ ਸ਼ਾਮਾਂ ਦੀਆਂ ਬਾਂਗਾਂ ਹੁੰਦੇ ਈ ਦੋਹਾਂ ਨੇ ਪਤੰਗਾਂ ਲਾ ਲਿੱਤੀਆਂ ਮਲਿਕ ਨਮਾਜ਼ ਪੜ੍ਹ ਕੇ ਭਾ ਜੀ ਹੋਰਾਂ ਕੋਲ ਸ਼ਾਵਾਸ਼ੀ ਲੀਵਨ ਆ ਗਿਆ ।

"ਸਲਾਮ ਭਾ ਜੀ ।"

"ਵਾ ਅਲੈਕੁਮ ਇਸਲਾਮ ! ਇਸ਼ਕੇ ਬਈ ਇਸ਼ਕੇ ।" ਭਾ ਜੀ ਬੋਲੇ ।

"ਵਾਹ ਮਲਿਕ ਸਾਹਿਬ ਅੱਜ ਤੇ ਕਮਾਲ ਈ ਕਰ ਦਿਤਾ ਜੇ ।" ਮਾਨਾ ਬੋਲਿਆ ।

"ਬੱਸ ਮਾਨੈ ਇਹ ਸੱਭ ਕੁਝ ਭਾ ਹੋਰਾਂ ਦੀਆਂ ਜੁੱਤੀਆਂ ਦਾ ਸਦਕਾ ਹੈ । ਇਨ੍ਹਾਂ ਦੇ ਨੇੜੇ ਖਲੋ ਖਲੋ ਕੇ ਪਤੰਗ ਸਿੱਧੀ ਕਰਨੀ ਸਿਖੀ ਹੈ ।"

"ਨਹੀਂ ਯਾਰ ਮਲਿਕ ਇੰਜ ਦੀ ਗੱਲ ਨਹੀਂ । ਉਂਜ ਵੀ ਤੇਰਾ ਹੱਥ ਬੁਹਤ ਨਰਮ ਤੇ ਸਿੱਧਾ ਹੋ ਗਿਆ ਹੈ ।"

"ਬੱਸ ਭਾ ਜੀ ਤੁਹਾਡੀ ਦੁਆ ਚਾਹੀਦੀ ਹੈ ਨਾਲੇ ਅੱਜ ਚੀਰੇ ਵੀ ਬੁਹਤ ਆਏ ਨੇਂ ।"

"ਯਾਰ ਉਹ ਕਿਹੜੀ ਚਿੰਤਾ ਦੀ ਗੱਲ ਹੈ । ਤੈਨੂੰ ਇਕ ਉਪਾ ਦੱਸਿਆ ਤੇ ਹੋਇਆ ਹੈ । ਕੋਸੇ ਪਾਣੀ ਵਿਚ ਲੁਉਨ ਰਲਾ ਕੇ ਦੋਵੇਂ ਹੱਥ ਉਸ ਵਿਚ ਕੁਝ ਚਿਰ ਵਾਸਤੇ ਅੰਦਰ ਰੱਖ । ਸਾਰੀਆਂ ਸ਼ੀਸ਼ਿਆਂ ਆਪਣੇ ਆਪ ਨਿਕਲ ਜਾਵਣ ਗਿਆਂ । ਮਗਰੋਂ ਦੋਹਾਂ ਹੱਥ ਉੱਤੇ ਚੰਗੀ ਤਰ੍ਹਾਂ ਵੈਸਲੀਨ ਮੱਲ ਲੀਵੇਂ ।"

"ਜੀ ਭਾ ਜੀ ਇੰਜ ਈ ਕਰਾਂ ਗਾ ।"

"ਮਲਿਕ ਜੀ ਤੁਸੀਂ ਵੀ ਪੇਚੇ ਮਗਰੋਂ ਪਤੰਗ ਕਿਸੇ ਦੂਜੇ ਬੰਦੇ ਕੋਲੋਂ ਸਿੱਧੀ ਕਰਾ ਲਿਆ ਕਰੋ ।" ਮਾਨਾ ਬੋਲਿਆ ।

ਏਨੇ ਵਿਚ ਸਾਬਰ ਗਾਂਧੀ ਦੀ ਬੈਠਕ ਤੋਂ ਸਾਰੇ ਬੰਦੇ ਬਾਹਰ ਆ ਗਏ ਸੱਭ ਨੇ ਮਲਿਕ ਕੋਲੋਂ ਚਾਅ ਦੀ ਫ਼ਰਮਾਇਸ਼ ਕਰ ਦਿਤੀ । ਉਸ ਦਾ ਕਾਰਨ ਇਹ ਸੀ ਕਿ ਮਲਿਕ ਨੇ ਉਸ ਦਿਹਾੜੀ ਇਕ ਪਤੰਗ ਵੀ ਨਹੀਂ ਵਢਾਈ ਸੀ । ਸਾਬਰ ਦੀ ਬੈਠਕ ਵਿਚ ਇਕ ਬੰਦੇ ਨੇ ਉੱਚੀ ਵਾਜ ਵਿਚ ਡੈਕ ਉੱਤੇ ਅੰਗਰੇਜ਼ੀ ਗਾਣਾ ਲਾ ਦਿਤਾ । ਗਾਣੇ ਦੇ ਨਾਲ ਈ ਮਾਈਕਲ ਬਾਹਰ ਨੱਚਦਾ ਆ ਗਿਆ । ਮਾਈਕਲ ਦਾ ਅਸਲ ਨਾਂ ਸ਼ੇਖ਼ ਨਈਮ ਸੀ ਪਰ ਨਾਚ ਦਾ ਚੰਗਾ ਜਾਣੂੰ ਸੀ ਇਸੇ ਕਾਰਨ ਉਸ ਦਾ ਨਾਂ ਮਾਈਕਲ ਪੈ ਗਿਆ ਸੀ । ਬਾਹਰ ਸੱਭ ਨੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿਤੀਆਂ । ਮਲਿਕ ਨੇ ਸਾਰੀਆਂ



ਵਾਸਤੇ ਚਾਅ ਮੰਗਾਈ । ਭਾ ਦੀ ਹੱਟੀ ਉੱਤੇ ਰਸ਼ ਵੇਖ ਕੇ ਸ਼ਹਿਬਾਜ਼ ਵੀ ਉਥੇ ਖਲੋ ਗਿਆ ।

"ਉਏ ਗੁੱਡੂ ਭੱਟੀ ਤੇਰੇ ਵਿਆਹ ਤੇ ਵੀ ਇੰਜ ਈ ਨਚਾਂਗੇ ।" ਮਾਈਕਲ ਦੇ ਨਾਲ ਨਾਸਿਰ ਮੋਟਾ ਵੀ ਭੰਗੜਾ ਪਾਂਦੀਆਂ ਬੋਲਿਆ ।

ਉਸ ਦੇ ਮਗਰ ਗੁੱਡੂ ਭੱਟੀ ਜ਼ਿੰਦਾ ਬਾਦ, ਗੁੱਡੂ ਭੱਟੀ ਜ਼ਿੰਦਾ ਬਾਦ ਦੇ ਨਾਅਰੇ ਲੱਗ ਪਏ ਤੇ ਸ਼ਹਿਬਾਜ਼ ਉਨ੍ਹਾਂ ਸਾਰਿਆਂ ਵਿਚ ਕੁੜੀਆਂ ਵਾਂਗੂੰ ਸ਼ਰਮਾਈ ਜਾਵੇ ।

ਕੁਝ ਦਿਹਾੜਾਂ ਮਗਰੋਂ ਬਸੰਤ ਦਾ ਰੌਲਾ ਪੈ ਗਿਆ । ਬਸੰਤ ਦੀਆਂ ਤਿਆਰੀਆਂ ਦਸ ਕੂ ਦਿਨ ਪਹਿਲਾਂ ਈ ਸ਼ੁਰੂ ਹੋ ਗਈਆਂ ਸਨ । ਕੁੜੀਆਂ ਮੁੰਡਿਆਂ ਨੇ ਪੀਲੇ ਰੰਗ ਦੇ ਕੁਰਤੇ ਸਵਾ ਲਿਤੇ । ਜਿਹੜੀਆਂ ਕੁੜੀਆਂ ਮੰਗੀਆਂ ਹੋਈਆਂ ਸਨ ਉਨ੍ਹਾਂ ਦੇ ਮਾਪੇ ਦਿਹਾੜ ਘਲਣ ਵਾਸਤੇ ਗਜਰੇਲੇ ਦਾ ਪ੍ਰਬੰਧ ਕਰਨ ਲੱਗ ਗਏ । ਕੋਠਿਆਂ ਉੱਤੇ ਵੱਡੀਆਂ ਬੱਤੀਆਂ ਜੱਗ ਪਈਆਂ । ਸ਼ਹਿਰੋਂ ਬਾਹਰੋਂ ਆਏ ਪ੍ਰਾਹੁਣੇ ਵੀ ਉੱਤੇ ਕੋਠਿਆਂ ਤੇ ਆ ਗਏ । ਪੂਰੇ ਲਾਹੌਰ ਵਿਚ ਮੇਲਾ ਲੱਗ ਗਿਆ । ਭਾ ਜੀ ਦੀ ਹੱਟੀ ਉੱਤੇ ਵੀ ਸਾਰੀ ਦਿਹਾੜੀ ਰਸ਼ ਲੱਗਿਆ ਰਿਹਾ । ਨਿੱਕੇ ਬਾਲ ਬਾਰਾਂ ਨੰਬਰ ਦੀ ਡੋਰ ਲੈ ਜਾਂਦੇ ਰਹੇ ਤੇ ਵੱਡੀ ਉਮਰਾਂ ਦੇ ਬੰਦੇ ਗੁੱਡੇ ਪਤਨਗਾਂ ਨਾਲ । ਪੰਜ ਨੰਬਰ, ਪੰਜ ਪਾਂਡਾ, ਉਠ ਪਾਂਡਾ, ਪਾਕਿਸਤਾਨੀ ਦੋ ਨੰਬਰ ਤੇ ਪਾਕਿਸਤਾਨੀ ਉਠ ਚੀਨ ਦੀ ਡੋਰ ਲੈ ਜਾਵਨਦੇ ਰਹੇ । ਕੁਝ ਸਹਿੰਦੇ ਬੰਦੇ ਪੰਜਾਹ ਘੋੜਾ ਤੇ ਅਠ ਕੈਮਲ ਵਰਗੀਆਂ ਚੋਖੇ ਪੈਸੇ ਵਾਲਿਆਂ ਡੋਰਾਂ ਲਈ ਜਾਵਨਦੇ ਰਹੇ । ਕੋਠਿਆਂ ਉੱਤੇ ਢੋਲ ਵਾਜੇ ਵਾਲੇ ਵੀ ਸਨ । ਸ਼ਹਿਬਾਜ਼ ਵੀ ਸਵੇਰ ਤੋਂ ਆਪਣੇ ਕੋਠੇ ਉੱਤੇ ਚੜ੍ਹਿਆ ਹੋਇਆ ਸੀ । ਉਸ ਦਾ ਸਾਰਾ ਧਿਆਨ ਫ਼ਜ਼ੀਲਾ ਦੇ ਘੱਰ ਵੱਲ ਸੀ । ਜਿਥੇ ਬਾਜੀ ਸ਼ਾਜ਼ੀਆ ਤੇ ਉਨ੍ਹਾਂ ਦੇ ਸਹੁਰੇ ਗੁਜਰਾਤੋਂ ਆਏ ਹੋਏ ਸਨ । ਸਾਰੇ ਸ਼ਹਿਰ ਦੇ ਘਰਾਂ ਵਿਚ ਤੇ ਘਰਾਂ ਤੋਂ ਉੱਤੇ ਅਸਮਾਨ ਵਿਚ ਦੋਹਾਂ ਪਾਸੇ ਰੰਗ ਈ ਰੰਗ ਸੀ । ਸਾਬਰ ਗਾਂਧੀ ਨੇ ਵੀ ਆਪਣੀ ਤਾਸ਼ ਦੀ ਗੱਡੀ ਉਸ ਦਿਹਾੜੀ ਕੋਠੇ ਉੱਤੇ ਰੱਖੀ ਹੋਈ ਸੀ । ਬਸੰਤ ਦੇ ਦਿਹਾੜ ਪਤੰਗ ਬਾਜ਼ੀ ਦਾ ਕੋਈ ਅਸੂਲ ਜ਼ਾਬਿਤਾ ਨਹੀਂ ਸੀ । ਕਿਥੇ ਕੋਈ ਹੱਥ ਮਾਰਦਾ ਪਿਆ ਸੀ ਤੇ ਕਿਧਰੇ ਕੋਈ ਪੇਚੇ ਵਿਚ ਦਾਅ ਮਾਰ ਕੇ ਢਿੱਲ ਪਾਉਂਦਾ ਪਿਆ ਸੀ । ਕਈ ਘਰਾਂ ਵਿਚ ਲੂਣੇ, ਮਿੱਠੇ ਚੌਲਾਂ ਦੀ ਦੇਗਾਂ ਪੱਕਿਆਂ ਹੋਈਆਂ ਸਨ ਤੇ ਖਾਵਣ ਵਾਲਿਆਂ ਨੇ ਕੜੋੜੀ ਦੇ ਚੌਲ ਵੀ ਮੁਕਾ ਛੱਡੇ ਸਨ । ਹਵਾ ਵਿਚ ਸ਼ੁਰਲੀਆਂ, ਪਟਾਖ਼ੀਆਂ ਦੇ ਨਾਲੋ ਨਾਲ ਕਿਧਰੋਂ ਕਿਧਰੋਂ ਪੱਕੇ ਫ਼ਾਇਰਾਂ ਦੀਆਂ ਵਾਜਾਂ ਵੀ ਆਉਂਦੀਆਂ ਪਈਆਂ ਸਨ । ਮੁੱਲਾਂ ਤੇ ਮਲਿਕ ਦੋਵੇਂ ਇੱਕੋ ਈ ਕੋਠੇ ਤੇ ਚੜ੍ਹੇ ਹੋਏ ਸਨ । ਭਈਆਂ ਨੇ ਆਪਣੇ ਕੋਠੇ ਉੱਤੇ ਰਿੱਛ ਵਾਲਾ ਵੀ ਚੜ੍ਹਾਇਆ ਹੋਇਆ ਸੀ । ਉਨ੍ਹਾਂ ਦੇ ਮੁਕਾਬਲੇ ਵਿਚ ਮੁੱਲਾਂ ਕੋਠੇ ਉੱਤੇ ਇਕ ਖੋਤੇ ਨੂੰ ਲੈ ਆਇਆ ਸੀ । ਜਿਸ ਸਮੇ ਉਹ ਪੇਚ ਵੱਢਦੇ ਤੇ ਖੋਤੇ ਨੂੰ ਇਕ ਹੌਲੀ ਜਿਹੀ ਡਾਂਗ ਮਾਰ ਦਿੰਦੇ । ਫਿਰ ਖੋਤਾ ਉੱਚੀ ਵਾਜ ਵਿਚ ਢੀਨਚੋਂ ਢੀਨਚੋਂ ਕਰਦਾ ਤੇ ਉਸ ਦੇ ਮੋਨਹਾ ਅੱਗੇ ਸਪੀਕਰ ਦਾ ਮਾਇਕ ਕਰ ਦਿੰਦੇ । ਜਿਸ ਕਾਰਨ ਚਾਰੇ ਪਾਸੇ ਹਾਸੇ ਪੈ ਜਾਵਨਦੇ । ਚਾਰ ਚੁਫ਼ੇਰੇ ਨਿੱਕੀਆਂ ਨਿੱਕੀਆਂ ਖ਼ੁਸ਼ੀਆਂ ਸਨ ਫਿਰ ਜਿਸ ਸਮੇ ਕੁਝ ਚਿਰ ਨੂੰ ਬੱਤੀ ਚਲੀ ਜਾਂਦੀ ਤੇ ਇੰਜ ਲਗਦਾ ਕਿ ਸਾਰੇ ਜੱਗ ਨੂੰ ਚੁਪ ਲੱਗ ਗਈ ਹੋਵੇ । ਇੰਜ ਈ ਬਸੰਤ ਦਾ ਦਿਹਾੜ ਲੰਘ ਗਿਆ । ਕਿਥੇ ਕਿਥੇ ਮਾੜੀ ਮੋਟੀ ਟੈਂ ਪਟਾਸ ਵੀ ਹੋਈ । ਕੁਝ ਕੋਠਿਆਂ ਉੱਤੇ ਗਾਣਾ ਵਜਾਵਣਾ ਵੀ ਸ਼ੁਰੂ ਹੋ ਗਿਆ । ਜਗੂ ਲੁਟੇਰੇ ਨੇ ਗੁੱਡੀਆਂ ਪਤਨਗਾਂ ਚਮੋੜ ਚਮੋੜ ਕੇ ਘੱਰ ਵਿਚ ਇਕ ਢੇਰ ਲਾ ਲਿੱਤਾ ।

ਅਗਲੀ ਸਵੇਰ ਭਾ ਜੀ ਆਪਣੀ ਹੱਟੀ ਉੱਤੇ ਬੈਠੇ ਤੇ ਸਾਬਰ ਗਾਂਧੀ ਤੇ ਤਾਰਾ ਵੀ ਆ ਗਏ ਤੇ ਅਖ਼ਬਾਰ ਵੇਖਣਾ ਸ਼ੁਰੂ ਕਰ ਦਿਤਾ । ਜਿਸ ਵਿਚ ਸਾਰੇ ਪਾਸੇ ਬਸੰਤ ਬਾਰੇ ਈ ਲਿਖਿਆ ਗਿਆ ਸੀ । ਕਈ ਥਾਵਾਂ ਉੱਤੇ ਮੁੰਡੇ ਕੋਠਿਆਂ ਉੱਤੋਂ ਡਿਗ ਪਏ । ਕਈ ਥਾਵਾਂ ਉੱਤੇ ਲੜਾਈਆਂ ਵੀ ਹੋਈਆਂ । ਕੁਝ ਲੋਕਾਂ ਨੇ ਆਪਣੇ ਘਰਾਂ ਵਿਚ ਸ਼ਰਾਬ ਤੇ ਪਰੀਆਂ ਦਾ ਪ੍ਰਬੰਧ ਕੀਤਾ ਹੋਇਆ ਸੀ । ਜਿਥੇ ਪੁਲਸ ਵਾਲਿਆਂ ਨੇ ਛਾਪੇ ਵੀ ਮਾਰੇ ਸਨ । ਇਹੋ ਜਿਹੀ ਖ਼ਬਰਾਂ ਪੜ੍ਹ ਪੜ੍ਹ ਕੇ ਭਾ ਜੀ ਦੇ ਮਨ ਨੂੰ

ਹੌਲ ਪੈਣੇ ਸ਼ੁਰੂ ਹੋ ਗਏ ।

"ਯਾਰ ਗਾਂਧੀ ਇਹ ਕੰਮ ਬੜੇ ਮਾੜੇ ਨੇਂ ।" ਭਾ ਜੀ ਬੋਲੇ ।

"ਭਾ ਜੀ ਅਸੀਂ ਕਰ ਵੀ ਕੀ ਸਕਣੇ ਆਂ ।" ਗਾਂਧੀ ਬੋਲਿਆ ।

"ਯਾਰ ਜਿਸ ਵੇਲ਼ੇ ਕਿਸੇ ਕੰਮ ਵਿਚ ਇੰਜ ਦਾ ਰੌਲਾ ਪੈ ਜਾਵੇ ਤੇ ਉਸ ਦੀ ਅਖ਼ੀਰ ਭੈੜੀ ਹੁੰਦੀ ਹੈ ।"

"ਕੀ ਮਤਲਬ ਭਾ ਜੀ ?" ਤਾਰੇ ਨੇ ਪੁੱਛਿਆ ।

"ਯਾਰ ਇਨ੍ਹਾਂ ਕੰਮਾਂ ਦੀ ਸਮਝ ਤੇ ਨਹੀਂ ਆਉਂਦੀ ਫਿਰ ਵੀ ਇਹ ਕੰਮ ਠੀਕ ਨਹੀਂ ਹੈਗੇ । ਹੁਣ ਮੁੰਡੇ ਕੈਮੀਕਲ ਡੋਰ ਮੰਗਦੇ ਨੇਂ ।ਜਿਸ ਦੇ ਨਾਲ ਚੀਰੇ ਦਾ ਜ਼ਖ਼ਮ ਨਹੀਂ ਭਰਦਾ ।ਲੋਕ ਹੁਣ ਉਂਜ ਦੇ ਨਹੀਂ ਰਹੇ ।ਲੋਕਾਂ ਨੇ ਸ਼ੌਂਕ ਨਹੀਂ ਆਪਣੇ ਸ਼ੌਂਕ ਨੂੰ ਅਣਖ ਵਿਚ ਬਦਲ ਦਿਤਾ ਹੈ ।ਯਾਰ ਇਹ ਸਾਡੀ ਹਜ਼ਾਰਾਂ ਵਰ੍ਹਿਆਂ ਪੁਰਾਣੀ ਰੀਤੀ ਹੈ ।ਇੰਜ ਵੇਖ ਕੇ ਹੁਣ ਜੀ ਘਾਬਰਦਾ ਹੈ ।"

"ਭਾ ਜੀ ਇਹ ਅਖ਼ਬਾਰ ਵਿਚ ਲਿਖਿਆ ਹੈ ਕਿ ਪਤੰਗ ਬਾਜ਼ੀ ਚੀਨ ਤੋਂ ਸ਼ੁਰੂ ਹੋਈ ਸੀ ।" ਗਾਂਧੀ ਬੋਲਿਆ ।

"ਯਾਰ ਹੋ ਸਕਦਾ ਹੈ ਪਰ ਮੇਰਾ ਦਾਦਾ ਇਕ ਹੋਰ ਕਹਾਣੀ ਸੁਣਾਂਦਾ ਸੀ ।"

"ਉਹ ਕੀ ਭਾ ਜੀ ਸਾਨੂੰ ਵੀ ਸੁਣਾਉ ।" ਗਾਂਧੀ ਤੇ ਤਾਰਾ ਇਕੱਠੇ ਬੋਲੇ ਤੇ ਅੰਦਰੋਂ ਮਾਨਾ ਵੀ ਬਾਹਰ ਥੜੇ ਤੇ ਆਨ ਕੇ ਬਹਿ ਗਿਆ ।

"ਯਾਰ ਉਹ ਲੰਮੀ ਗੱਲ ਹੈ ।ਫਿਰ ਕਦੇ ਸਹੀ ।"

"ਨਹੀਂ ਭਾ ਜੀ ਹੁਣੇ ਸੁਣਾਉ ।" ਸਾਰੇ ਜ਼ਿੱਦੀ ਪੈ ਗਏ ।

"ਚੰਗਾ ਯਾਰ ਸੁਣੋ ।ਮਲਿਕ ਯੂਨਾਨ ਵਿਚ ਇਕ ਬੜਾ ਵੱਡਾ ਫ਼ਲਸਫ਼ਾ ਦਾਨ ਅਫ਼ਲਾਤੂਨ ਰਹਿੰਦਾ ਸੀ ।ਇਕ ਦਿਨ ਬਾਤਸ਼ਾਹ ਉਸ ਤੋਂ ਵਿਗੜ ਗਿਆ ਤੇ ਉਹਨੇ ਉਸ ਨੂੰ ਕਿਲੇ ਵਿਚ ਕੈਦ ਕਰ ਦਿਤਾ ਉਹ ਬਾਤਸ਼ਾਹ ਉਸ ਦੇ ਉਸਤਾਦ ਸੁਕਰਾਤ ਦੀ ਬੜੀ ਇੱਜ਼ਤ ਕਰਦਾ ਸੀ ।ਉਸੇ ਕਾਰਨ ਉਹਨੇ ਅਫ਼ਲਾਤੂਨ ਦੀਆਂ ਇਕ ਦੋ ਗੱਲਾਂ ਮਨ ਲਈਆਂ।ਉਹਨੇ ਉਸ ਨੂੰ ਵਾਂਸ, ਕੱਪੜਾ ਤੇ ਸੂਤਰ ਦਿਤਾ । ਅਫ਼ਲਾਤੂਨ ਕੁਝ ਦਿਹਾੜ ਸੋਚਦਾ ਰਿਹਾ ਇਕ ਦਿਨ ਉਹਨੇ ਦੋ ਵਾਨਸਾਂ ਨਾਲ ਇਕ ਵੱਡਾ ਗੁੱਡਾ ਕੱਪੜੇ ਨਾਲ ਬਣਾਇਆ ।ਫਿਰ ਵਾਨਸਾਂ ਨੂੰ ਫੜ ਕੇ ਦੌੜਦਾ ਹੋਇਆ ਕਿਲੇ ਤੋਂ ਛਾਲ ਮਾਰ ਗਿਆ ।ਫਿਰ ਉਡਦੀਆਂ ਕਿਲੇ ਦੇ ਨਾਲ ਵਗਦੇ ਦਰਿਆ ਵਿਚ ਲੱਥ ਗਿਆ ਤੇ ਇੰਜ ਉਹਨੇ ਪਹਿਲੀ ਗੁੱਡੀ ਬਣਾਈ ਸੀ ।ਬਾਕੀ ਰੱਬ ਸੁਹਣਾ ਈ ਜਾਣੇ ਕਿ ਇਹ ਗੱਲ ਕਿਨੀ ਕੂ ਠੀਕ ਹੈ ।" ਭਾ ਨੇ ਇਹ ਆਖ ਇਕ ਲੰਮਾ ਵਸਾਹ ਲਿੱਤਾ ।

"ਭਾ ਜੀ ਇਹ ਲੋਕ ਆਖਦੇ ਨੇਂ ਕਿ ਇਹ ਹਿੰਦੂਆਂ ਦੀ ਰਸਮ ਹੈ ।" ਤਾਰਾ ਬੋਲਿਆ ।

"ਯਾਰ ਕੀ ਰਸਮ ਰੀਤ ਦਾ ਵੀ ਕੋਈ ਧਰਮ ਹੁੰਦਾ ਜਾਂ ਧਰਮ ਵਿਚ ਰਸਮ ਰੀਤ ਹੁੰਦੇ ਨੇਂ । ਸਾਡੇ ਵੱਡੇ ਆਖਦੇ ਸਨ ਕਿ ਪਹਿਲੀ ਵੱਡੀ ਜੰਗ ਤੋਂ ਪਹਿਲਾਂ ਪੂਰੀ ਦੁਨੀਆ ਦਾ ਸੱਭ ਤੋਂ ਵੱਡਾ ਮੇਲਾ ਕਾਬਲ ਸ਼ਹਿਰ ਵਿਚ ਹੁੰਦਾ ਸੀ ।ਉਥੇ ਕਿਹੜੇ ਸਾਰੇ ਹਿੰਦੂ ਵਸਦੇ ਸਨ ਨਾਲ ਇਹ ਅਖ਼ਬਾਰ ਵਾਲੇ ਆਖਦੇ ਨੇਂ ਕਿ ਇਹ ਚੀਨ ਵਿਚ ਸ਼ੁਰੂ ਹੋਈ ਸੀ ਫਿਰ ਚੀਨ ਤੇ ਯੂਨਾਨ ਦਾ ਹਿੰਦੁਸਤਾਨ ਨਾਲ ਕੀ ਸਾਕ ?"

"ਭਾ ਜੀ ਹੁਣ ਇਹ ਵੀ ਜੋ ਕੁਝ ਹੁੰਦਾ ਪਿਆ ਹੈ ।ਇਹ ਵੀ ਕੁਝ ਠੀਕ ਨਹੀਂ ।" ਮਗਰੋਂ ਆਇਆ ਹੋਇਆ ਪੱਪੂ ਰਨਗਸਾਜ਼ ਬੋਲਿਆ ।

"ਯਾਰ ਇਹੋ ਈ ਤੇ ਮੈਂ ਕਲਪਨਾ ਪਿਆ ਵਾਂ ਕਿ ਇਹ ਸੱਭ ਕੁਝ ਨਾ ਸਿਰਫ਼ ਗ਼ਲਤ ਹੈ ਨਾਲੋ ਨਾਲ ਭੈੜਾ ਵੀ ਹੈ ।ਸਾਡੇ ਬਜ਼ੁਰਗ ਤੇ ਇੰਜ ਬਸੰਤ ਨਹੀਂ ਮਨਾਉਂਦੇ ਸਨ ।"



ਭਾ ਜੀ ਇਹ ਗੱਲਾਂ ਕਰਦੇ ਪਏ ਸਨ ਕਿ ਮਾਈਕਲ ਨੇ ਆਨ ਕੇ ਦੱਸਿਆ ਕਿ ਕੈਰਮ ਦੀ ਹੱਟੀ ਉੱਤੇ ਲੜਾਈ ਹੋ ਗਈ ਹੈ ।ਉਸ ਦੀ ਗੱਲ ਸੁਣ ਕੇ ਸੁਣੇ ਭਾ ਜੀ ਸਾਰੇ ਉਠ ਕੇ ਕੈਰਮ ਦੀ ਹੱਟੀ ਵੱਲ ਟੁਰ ਗਏ ।ਉਥੇ ਉਨ੍ਹਾਂ ਵੇਖਿਆ ਕਿ ਯੂਸੁਫ਼ ਦੁਧ ਦਹੀ ਵਾਲੇ ਦਾ ਪੁਤੱਰ ਭਨਗਾ ਰਿਕਸ਼ੇ ਵਾਲਾ ਮਲਿਕ ਜਾਬੀ ਨਾਲ ਲੜ ਰਿਹਾ ਸੀ ।ਦੋਵੇਂ ਇਕ ਦੂਜੇ ਦੇ ਹੱਥੀਂ ਪਏ ਹੋਏ ਸਨ ।ਭਾ ਜੀ ਨੇ ਜਾ ਕੇ ਦੋਹਾਂ ਨੂੰ ਵਖ ਕੀਤਾ ।ਦੋਵੇਂ ਭਾ ਜੀ ਦਾ ਮਨ ਤੋਂ ਆਦਰ ਕਰਦੇ ਸਨ ।ਫਿਰ ਭਾ ਜੀ ਦੋਹਾਂ ਨੂੰ ਆਪਣੀ ਹੱਟੀ ਉੱਤੇ ਲੈ ਆਏ ।

"ਤੁਹਾਨੂੰ ਸਾਰਿਆਂ ਨੂੰ ਮੈਂ ਆਖਿਆ ਸੀ ਕਿ ਇਹ ਕੈਰਮ ਤੇ ਬਿਲਿਅਰਡ ਦੇ ਅੱਡੇ ਅਸਲ ਵਿਚ ਜੂਏ ਦੀਆਂ ਥਾਵਾਂ ਨੇਂ ।ਇਨ੍ਹਾਂ ਨੂੰ ਆਪਣੇ ਮਹੱਲੇ ਵਿਚ ਖੁੱਲਣ ਨਾ ਦੇਵੋ ਪਰ ਤੁਹਾਡੇ ਚੋਂ ਕਿਸੇ ਨੇ ਮੇਰੀ ਗੱਲ ਨਾ ਮਨੀ ।ਫਿਰ ਹੁਣ ਵੇਖ ਲਿਆ ਜੇ ।"

"ਭਾ ਜੀ ਮੈਂ ਕੁਈਨ ਪਾਵਨ ਲੱਗਿਆ ਸੀ ।ਇਹਨੇ ਮੇਰਾ ਹੱਥ ਹਲਾ ਦਿਤਾ ।ਨਹੀਂ ਤਾਂ ਸਾਰਾ ਫਟਾ ਜਿਤ ਲਿਆ ਸੀ ।" ਜਾਬੀ ਬੋਲਿਆ ।

"ਭਾ ਜੀ ਮੈਂ ਤਾਂ ਬੱਸ ਇਕ ਉਬਾਸੀ ਲਿੱਤੀ ਸੀ ਕਿ ਹੱਥ ਵੱਜ ਗਿਆ ।" ਭਨਗਾ ਬੋਲਿਆ ।

"ਇਨ੍ਹਾਂ ਗੱਲਾਂ ਦਾ ਮੈਨੂੰ ਕੋਈ ਪਤਾ ਨਹੀਂ ।ਬੱਸ ਤੁਸੀਂ ਦੋਵੇਂ ਭਰਾ ਗੱਲ ਲੱਗੂ ਤੇ ਦਿਲੋਂ ਸਲ੍ਹਾ ਕਿਰਿਆ ਜੇ ।ਮਨ ਵਿਚ ਕੋਈ ਕ੍ਰੋਧ ਨਾ ਰਹਵੇ ।ਸਾਰਿਆਂ ਨੂੰ ਮੈਂ ਚਾਅ ਪਿਆਵਾਂ ਗਾ ।" ਭਾ ਜੀ ਨੇ ਇਹ ਆਖ ਕੇ ਮਾਨੈ ਨੂੰ ਖ਼ਾਨ ਦੇ ਹੋਟਲ ਘੱਲਿਆ ।ਮਗਰੋਂ ਗਾਂਧੀ ਨੇ ਦੋਹਾਂ ਦੀ ਜੱਫੀ ਪਵਾਈ ।ਫਿਰ ਸਾਰਿਆਂ ਨੇ ਤਾੜੀਆਂ ਮਾਰੀਆਂ ਇੰਜ ਭਾ ਜੀ ਨੇ ਗੱਲ ਨਬੇੜ ਦਿਤੀ ।

ਬਸੰਤ ਦੇ ਮੇਲੇ ਮਗਰੋਂ ਮੌਸਮ ਦਾ ਰੰਗ ਬਦਲ ਗਿਆ ।ਪਾਲਾ ਗਰਮੀ ਵੱਲ ਟੁਰੀ ਜਾਵੇ ਬਾਗਾਂ ਵਿਚ ਬਿਹਾਰ ਆਈ ਸੀ ਤੇ ਇਕ ਪੁਰਾਣਾ ਆਖਾਂ ਸੱਭ ਦੇ ਸਾਹਮਣੇ ਆਈ ਜਾਵੇ "ਬਸੰਤ ਪਾਲਾ ਉੜੰਥ ।" ਵੇਲਾ ਅਗਾਂਹ ਵਧਦਾ ਗਿਆ ।ਗਰਮੀ ਦੇ ਨਾਲੋ ਨਾਲ ਸਾਵਣ ਵੀ ਆ ਗਿਆ ।ਇਕ ਦਿਹਾੜੀ ਸ਼ਹਿਬਾਜ਼ ਭਾ ਜੀ ਦੀ ਹੱਟੀ ਮਠਿਆਈ ਫੜ ਕੇ ਲੈ ਆਇਆ "ਸਲਾਮ ਭਾ ਜੀ" ਸ਼ਹਿਬਾਜ਼ ਭਾ ਦੇ ਗੋਡਿਆਂ ਨੂੰ ਹੱਥ ਲਾ ਕੇ ਬੋਲਿਆ ।

"ਵਾ ਅਲੈਕੁਮ ਇਸਲਾਮ !ਪੁਤੱਰ ਇਹ ਕਿਸ ਗੱਲ ਦੀ ਮਠਿਆਈ ਏ ।" ਭਾ ਜੀ ਨੇ ਸਿਰ ਤੇ ਹੱਥ ਫੇਰ ਕੇ ਆਖਿਆ ।

"ਭਾ ਜੀ ਮੈਂ ਬੀ ਏ ਵਿਚ ਪਾਸ ਹੋ ਗਿਆ ਵਾਂ ।ਮੇਰੇ ਉਸਤਾਦ ਆਸਿਫ਼ ਸਾਹਿਬ ਨੇ ਪਹਿਲਾਂ ਤੋਂ ਇਕ ਦਵਾਈਆਂ ਵਾਲੀ ਕੰਪਨੀ ਵਿਚ ਮੇਰੀ ਗੱਲ ਕੀਤੀ ਹੋਈ ਸੀ ਤੇ ਕਲ੍ਹ ਤੋਂ ਮੇਰੀ ਨੌਕਰੀ ਵੀ ਸ਼ੁਰੂ ਹੋ ਜਾਵਣੀ ਹੈ ।" ਸ਼ਹਿਬਾਜ਼ ਨੇ ਖ਼ੁਸ਼ੀ ਨਾਲ ਸਾਰੀ ਗੱਲ ਦੱਸੀ ।

"ਵਾਹ ਬਈ ਵਾਹ ! ਸ਼ਾਵਾਸ਼ ਉਏ ਜਵਾਨਾ ।ਮੁਬਾਰਕਾਂ ਹੋਵਣ ।ਤੈਨੂੰ ਰੱਬ ਸਾਰੀ ਹਯਾਤੀ ਖ਼ੁਸ਼ੀਆਂ ਨਸੀਬ ਕਰੇ ।ਉਏ ਗਾਂਧੀ ਜ਼ਰਾ ਬਾਹਰ ਤੇ ਨਿਕਲ ।" ਭਾ ਜੀ ਨੇ ਗਾਂਧੀ ਦੀ ਬੈਠਕ ਵੱਲ ਧਿਆਨ ਮਾਰ ਕੇ ਆਖਿਆ ।

"ਕੀ ਗੱਲ ਹੈ ਭਾ ਜੀ ।" ਗਾਂਧੀ ਨੇ ਬਾਹਰ ਆਨ ਕੇ ਪੁੱਛਿਆ ।

"ਯਾਰ ਆਪਣਾ ਗੁੱਡੂ ਭੱਟੀ ਬੀ ਏ ਵਿਚ ਪਾਸ ਹੋ ਗਿਆ ਹੇ ।" ਭਾ ਜੀ ਨੇ ਆਖਿਆ ।

"ਉਹ ਮੁਬਾਰਕ ਹੋਏ ਗੁੱਡੂ ।" ਗਾਂਧੀ ਨੇ ਸ਼ਹਿਬਾਜ਼ ਨੂੰ ਗੱਲ ਲਾ ਕੇ ਆਖਿਆ ।

"ਉਹ ਮੁਬਾਰਕਾਂ ਹੋਵਣ ।ਵਧਾਈਆਂ ਹੋਵਣ ਗੁੱਡੂ ਭੱਟੀ ।" ਮਾਈਕਲ ਵੀ ਅੰਦਰੋਂ ਨੱਚਦਾ ਹੋਇਆ ਬੋਲਿਆ ।

"ਬੱਸ ਭਾ ਜੀ ਹੁਣ ਤੁਸੀਂ ਮੇਰੇ ਅੱਬਾ ਜੀ ਨਾਲ ਗੱਲ ਕਰੋ ।" ਸ਼ਹਿਬਾਜ਼ ਭਾ ਜੀ ਨੂੰ ਗੱਲ

ਲਾ ਕੇ ਬੋਲਿਆ ।

"ਹਾਂ ਕਿਉਂ ਨਹੀਂ ਯਾਰ ।ਹੁਣ ਤਾਂ ਤੇਰੀ ਨੌਕਰੀ ਵੀ ਪੱਕੀ ਹੋ ਗਈ ਹੈ ।ਉੱਤੋਂ ਉਹ ਵੀ ਤੇ ਮੇਰੀ ਧੀ ਹੈ ।"

"ਭਾ ਜੀ ਹੁਣ ਤੁਸੀਂ ਉਹਨੂੰ ਆਪਣੀ ਨੂੰਹ ਬਣਾਉਣ ਦਾ ਪ੍ਰਬੰਧ ਕਰੋ ।" ਸ਼ਹਿਬਾਜ਼ ਹੱਸ ਕੇ ਬੋਲਿਆ ।

"ਤੂੰ ਚਿੰਤਾ ਨਾ ਕਰ ।ਪਹਿਲਾਂ ਮੈਨੂੰ ਤੇਰੇ ਅਬੇ ਨਾਲ ਗੱਲ ਕਰ ਲੀਨ ਦੇ ।ਫੇਰ ਉਸ ਦੇ ਘੱਰ ਵਾਲਿਆਂ ਨਾਲ ਵੀ ਗੱਲ ਕਰਾਂ ਗਾ ।" ਭਾ ਜੀ ਨੇ ਇਹ ਆਖ ਕੇ ਥੋੜੀ ਜਿਹੀ ਮਠਿਆਈ ਖਾਦੀ ਤੇ ਬਾਕੀ ਗਾਂਧੀ ਦੀ ਬੈਠਕ ਵਿਚ ਘੁਲ ਦਿਤੀ ।ਉਥੇ ਪਹਿਲਾਂ ਤੋਂ ਹਾਜੀ ਧੋਬੀ, ਭਨਗਾ, ਮਨਸ਼ਾ, ਪੱਪੂ ਰਨਗਸਾਜ਼ ਸਾਰੇ ਕੱਠੇ ਹੋਏ ਸਨ ।ਸ਼ਹਿਬਾਜ਼ ਦੀ ਗੱਲ ਸੁਣ ਕੇ ਸਾਬਰ ਗਾਂਧੀ ਨੇ ਆਪਣਾ ਵਾਜਾ ਕੱਢਿਆ ।ਤਾਰੇ ਨੇ ਮੇਜ਼ ਵਜਾਣੀ ਸ਼ੁਰੂ ਕਰ ਦਿਤੀ ਤੇ ਪੱਪੂ ਰੰਗਸਾਜ਼ ਨੇ ਰਫ਼ੀ ਤੇ ਲਤਾ ਦੇ ਗਾਣੇ ਗਾਣੇ ਸ਼ੁਰੂ ਕਰ ਦਿਤੇ ।ਇੰਜ ਈ ਹੱਸਦਿਆਂ ਖੇਡਦਿਆਂ ਸ਼ਾਮਾਂ ਦੀਆਂ ਬਾਂਗਾਂ ਹੋ ਗਈਆਂ ।ਭਾ ਜੀ ਦੇ ਨਾਲ ਸਾਰੇ ਜੀ ਨਮਾਜ਼ ਪੜ੍ਹਨ ਮਸੀਤ ਟੁਰ ਗਏ ਨਮਾਜ਼ ਮਗਰੋਂ ਭਾ ਜੀ ਸ਼ਹਿਬਾਜ਼ ਦੇ ਅਬੇ ਨੂੰ ਆਪਣੀ ਹੱਟੀ ਤੇ ਲੈ ਆਏ ।ਉਹਨੂੰ ਸਾਰੀ ਗੱਲ ਦੱਸੀ ।ਉਹਨੇ ਪਹਿਲਾਂ ਕੁਝ ਹਾਂ ਨਾ ਕੀਤੀ ਤੇ ਫਿਰ ਭਾ ਜੀ ਦੇ ਸਮਝਾਉਣ ਮਗਰੋਂ ਮਨ ਗਿਆ ।

"ਜਨਾਬ ਤੁਸੀਂ ਵੀ ਭੱਟੀ ਤੇ ਉਹ ਵੀ ਭੱਟੀ ਨੇਂ ।ਇੱਕੋ ਈ ਬਰਾਦਰੀ ਤੇ ਨਾਲੋ ਨਾਲ ਮਹੱਲੇ ਦਾਰੀ ਵੀ ਸ਼ੁਰੂ ਤੋਂ ਏ ਤੁਸੀਂ ਦੋਵੇਂ ਇਕ ਦੂਜੇ ਦੇ ਘਰਾਂ ਆਲਿਆਂ ਨੂੰ ਚੰਗਾ ਜਾਂਦੇ ਹੋ ।"

"ਭਾ ਜੀ ਪਿਛਲੇ ਵਰ੍ਹੇ ਤੇ ਉਨ੍ਹਾਂ ਸ਼ਾਜ਼ੀਆ ਦਾ ਵਿਆਹ ਕੀਤਾ ਹੈ ।"

"ਤੇ ਫਿਰ,,, ?"

"ਭਾ ਜੀ ਅਸੀਂ ਸ਼ਹਿਬਾਜ਼ ਦਾ ਵਿਆਹ ਬੁਹਤ ਛੇਤੀ ਕਰਨਾ ਹੈ ।ਉਸ ਦੀ ਮਾਂ ਢਿੱਲੀ ਮਾਠੀ ਰਹਿੰਦੀ ਹੈ ।"

"ਜਨਾਬ ਇਹ ਸੱਭ ਮਗਰੋਂ ਦੀਆਂ ਗੱਲਾਂ ਨੇਂ ।ਪਹਿਲਾਂ ਸਾਰੀ ਗੱਲ ਬਾਤ ਪੱਕੀ ਹੋ ਲੀਵਨ ਦੇਵੋ ।ਇਹ ਸੱਭ ਕੁਝ ਵੇਖਿਆ ਜਾਵੇ ਗਾ ।"

"ਚੰਗਾ ਭਾ ਜੀ ਮੈਨੂੰ ਕਾਹਦਾ ਇਤਰਾਜ਼ ।ਗੁੱਡੂ ਤੁਹਾਡੇ ਹੱਥਾਂ ਵਿਚ ਈ ਵੱਡਾ ਹੋਇਆ ਹੈ ।" ਇਹ ਆਖ ਕੇ ਗੁੱਡੂ ਦਾ ਅੱਬਾ ਘੱਰ ਨੂੰ ਟੁਰ ਗਿਆ ।ਉਸ਼ਾ ਦੀ ਨਮਾਜ਼ ਮਗਰੋਂ ਭਾ ਜੀ ਨੇ ਫ਼ਜ਼ੀਲਾ ਦੇ ਅਬੇ ਨਾਲ ਵੀ ਗੱਲ ਕੀਤੀ ।ਉਹ ਵੀ ਅੱਧੀ ਪਚੱਧੀ ਹਾਂ ਕਰ ਗਿਆ ।ਉਸ ਮਗਰੋਂ ਭਾ ਜੀ ਨੇ ਕਈ ਦਿਹਾੜ ਹੌਲੀ ਹੌਲੀ ਗੱਲ ਟੋਰੀ ਰੱਖੀ ।ਫਿਰ ਅਖ਼ੀਰ ਦੋਹਾਂ ਘੱਰ ਵਾਲਿਆਂ ਨੇ ਆਉਣ ਵਾਲੀ ਬਹਾਰ ਵਿਚ ਵਿਆਹ ਮਿੱਥ ਲਿੱਤਾ ।ਇਸ ਵਿਚ ਭਾ ਦੀ ਹੱਟੀ ਉੱਤੇ ਉਂਜ ਈ ਰੌਣਕਾਂ ਲਗਦੀਆਂ ਰਹੀਆਂ ਇਸ ਨਾਲ ਭਾ ਜੀ ਕੈਰਮ ਤੇ ਬਿਲਿਅਰਡ ਦੀਆਂ ਹੱਟੀਆਂ ਉੱਤੇ ਰੋਜ਼ ਦਿਹਾੜੀ ਹੋਵਣ ਵਾਲੇ ਝਗੜਿਆਂ ਤੋਂ ਅਕ ਗਏ ਸਨ ।ਬਹਾਰ ਤੋਂ ਪਹਿਲਾਂ ਇਕ ਵਾਰੀ ਫਿਰ ਬਸੰਤ ਦਾ ਮੇਲਾ ਸਜਿਆ ਫਿਰ ਇਦਕੀ ਰੁੱਤ ਵਿਚ ਭਾ ਜੀ ਦੇ ਮਿੱਥੇ ਤੋਂ ਪਸੀਨਾ ਨਾ ਗਿਆ ।ਉਸ ਸਮੇ ਭਾ ਜੀ ਦੀ ਚਿੰਤਾ ਹੋਰ ਵੱਧ ਗਈ ।ਜਦੋਂ ਭਾ ਜੀ ਕੋਲ ਦੋ ਤਿੰਨ ਵੱਡੀ ਵੱਡੀ ਕੰਪਨੀਆਂ ਵਾਲੇ ਆਪਣੀਆਂ ਨਾਵਾਂ ਦੇ ਛਪੇ ਕਾਗ਼ਜ਼ ਲੈ ਆਏ ਕਿ ਉਨ੍ਹਾਂ ਦੇ ਨਾਵਾਂ ਵਾਲੇ ਗੁੱਡੇ ਬਣਾਏ ਜਾਵਣ ।ਭਾ ਜੀ ਨੇ ਉਨ੍ਹਾਂ ਦਾ ਕੰਮ ਫੜ ਤੇ ਲਿਆ ਪਰ ਚਿੰਤਾ ਕਾਰਨ ਸਿਗਰੇਟ ਉੱਤੇ ਸਿਗਰੇਟ ਪੀਵੀ ਜਾਵਣ ਕਿ ਉਸ ਸਮੇ ਤਾਰਾ ਆ ਗਿਆ ।

"ਭਾ ਜੀ ਕੀ ਹੋਇਆ ਹੈ ।" ਤਾਰੇ ਨੇ ਪੁੱਛਿਆ ਤੇ ਉਸ ਦੇ ਮਗਰ ਮਨਸ਼ਾ ਵੀ ਆਨ ਕੇ ਖਲੋ ਗਿਆ ।

"ਯਾਰ ਮਨਸ਼ੇ ਹੁਣ ਇਸ ਕੰਮ ਦੀ ਅਖ਼ੀਰ ਹੋ ਗਈ ਹੈ ।"



"ਕੀ ਮਤਲਬ ਭਾ ਜੀ ।"

"ਯਾਰ ਹੁਣ ਲਗਦਾ ਹੈ ਕਿ ਲਹੌਰੋਂ ਇਹ ਪਤੰਗ ਬਾਜ਼ੀ ਮੁੱਕ ਜਾਨੀ ਹੈ ।"

"ਭਾ ਜੀ ਇਹ ਕੀ ਮਖ਼ੌਲ ਕਰਦੇ ਪਏ ਹੋ ।ਪਤੰਗ ਬਾਜ਼ੀ ਕਿਵੇਂ ਮੁੱਕ ਜਾਨੀ ਹੈ ।"

"ਯਾਰ ਇਹ ਇਕ ਵਿਸਵਾਸ ਹੈ ਕਿ ਇਹ ਮੁੱਕ ਜਾਵਣੀ ਹੈ ।"

"ਭਾ ਜੀ ਇਹ ਤੇ ਇਥੋਂ ਕਿਆਮਤ ਤੀਕਰ ਨਹੀਂ ਮੁਕਣੀ ।"

"ਯਾਰ ਕਿਆਮਤ ਹੀ ਤੇ ਆ ਗਈ ਹੈ ।"

"ਕੀ ਮਤਲਬ ਭਾ ਜੀ ।" ਮਨਸ਼ਾ ਹੈਰਾਨੀ ਨਾਲ ਬੋਲਿਆ ।

"ਯਾਰ ਰੋਜ਼ ਦਿਹਾੜੀ ਮੋਟਰ ਸਾਈਕਲਾਂ ਉੱਤੇ ਜਵਾਨਾਂ ਦੇ ਗਾਟੇ ਵੱਢੇ ਜਾਂਦੇ ਪਏ ਨੇਂ ਤੇ ਨਾਲ ਆਮ ਬੰਦੇ ਦੀ ਗੱਲ ਵੱਡੇ ਸਰਮਾਇਆ ਕਾਰਾਂ ਕੋਲ ਟੁਰ ਗਈ ਹੈ ।ਹੁਣ ਅਖ਼ੀਰ ਨੇੜੇ ਹੈ ।"

"ਭਾ ਜੀ ਇਹ ਗੱਲ ਤੇ ਮਾੜੀ ਹੈ ਇਹ ਕੰਮ ਤੇ ਨਹੀਂ ਮੁੱਕਣਾ ਚਾਹੀਦਾ ।"

"ਯਾਰ ਹੁਣ ਇਹ ਮੁੱਕ ਈ ਜਾਵੇ ਤੇ ਚੰਗਾ ਹੈ ।ਥੋੜਾ ਗੰਦ ਪੈ ਗਿਆ ਹੈ ।ਸ਼ਰਾਬ, ਚਰਸ, ਪਰੀਆਂ, ਕੈਮੀਕਲ ਡੋਰਾਂ ।ਗ਼ਰੀਬਾਂ ਦੇ ਘਰਾਂ ਦੇ ਦੀਵੇ ਬੁਝ ਗਏ ਨੇਂ ।"

"ਭਾ ਜੀ ਇਹ ਡੋਰਾਂ ਫਿਰਨ ਦਾ ਕੰਮ ਤੇ ਬੁਹਤ ਈ ਭੈੜਾ ਹੈ ।"

"ਯਾਰ ਪਤੰਗ ਬਾਜ਼ੀ ਪਹਿਲਾਂ ਵੀ ਇੱਥੇ ਸੀ ।ਕਦੇ ਵੀ ਇੰਜ ਨਹੀਂ ਹੋਇਆ ਸੀ ਨਾਲੇ ਹੁਣ ਵੇਖੋ ਕਿਸੀ ਕਿਸੀ ਡੋਰ ਤੇ ਕਿਸੀ ਕਿਸੀ ਪਤੰਗ ਆ ਗਈ ਹੈ ।ਯਾਰ ਮੈਂ ਤੁਹਾਨੂੰ ਆਖਣਾ ਸਾਂ ਕਿ ਪੇਚੇ ਦਾ ਸਵਾਦ ਤੇ ਜਿਤ ਦਾ ਸਵਾਦ ਦੋਵੇਂ ਵੱਖੋ ਵਖ ਨੇਂ ।"

"ਚੰਗਾ ਭਾ ਜੀ ਰੱਬ ਖ਼ੈਰ ਕਰੇ ।" ਮਨਸ਼ਾ ਇਹ ਆਖ ਕੇ ਟੁਰ ਗਿਆ ।

ਕੁਝ ਦਿਹਾੜਾਂ ਮਗਰੋਂ ਬਸੰਤ ਦੀ ਰੁੱਤ ਉਂਜ ਈ ਆਈ ।ਇਦਕੀ ਸਰਕਾਰ ਵੱਲੋਂ ਵੀ ਡਾਢੇ ਬੰਦੋਬਸਤ ਸਨ ।ਵੱਡੀਆਂ ਕੰਪਨੀਆਂ ਵਾਲਿਆਂ ਨੇ ਵੀ ਬੜਾ ਖ਼ਰਚ ਕੀਤਾ ਹੋਇਆ ਸੀ ।ਭਾ ਜੀ ਦੇ ਆਪਣੇ ਮੁੰਡੇ ਵੀ ਦੁਬਈ ਤੋਂ ਬਸੰਤ ਮਨਾਉਣ ਆਏ ਸਨ ।ਉਹ ਵੀ ਚੰਗਾ ਪੈਸਾ ਧੇਲਾ ਖ਼ਰਚ ਕਰ ਕੇ ਪਰਤ ਗਏ ।ਵੇਲ਼ੇ ਦੇ ਨਾਲੋ ਨਾਲ ਭਾ ਜੀ ਦੇ ਵਿਸਵਾਸ ਰੋਜ਼ ਦਿਹਾੜੀ ਵਧਦੇ ਰਹੇ ।ਕਈ ਬੰਦੇ ਮਰੇ, ਕਿੰਨੀਆਂ ਦੇ ਗਾਟੀਆਂ ਉੱਤੇ ਡੋਰ ਫਿਰੀ ।ਇੰਜ ਈ ਬਸੰਤ ਦਾ ਰੌਲਾ ਮੁੱਕ ਗਿਆ ਤੇ ਮਗਰੋਂ ਸ਼ਹਿਬਾਜ਼ ਦਾ ਵਿਆਹ ਸ਼ੁਰੂ ਹੋ ਗਿਆ ।ਸ਼ਹਿਬਾਜ਼ ਤੇ ਫ਼ਜ਼ੀਲਾ ਦੋਵੇਂ ਈ ਡਾਢੇ ਖ਼ੁਸ਼ ਸਨ ਸੱਭ ਤੋਂ ਵੱਧ ਖ਼ੁਸ਼ੀ ਭਾ ਜੀ ਨੂੰ ਸੀ ।ਕਿ ਦੋਹਾਂ ਜੀਆਂ ਦੇ ਨਾਲੋ ਨਾਲ ਦੋਵੇਂ ਘੱਰ ਵੀ ਇਕ ਹੋ ਗਏ ਸਨ ।ਸ਼ਹਿਬਾਜ਼ ਦੀ ਮਹਿੰਦੀ ਦੀ ਸਾਰੀ ਰਾਤ ਸਾਬਰ ਗਾਂਧੀ ਨੇ ਵਾਜਾ ਵਜਾਇਆ ।ਮਨਸ਼ਾ ਤਬਲਾ ਵਜਾਵਨਦਾ ਰਿਹਾ ।ਪੱਪੂ ਰਨਗਸਾਜ਼ ਨੇ ਸਾਰੀ ਰਾਤ ਰਫ਼ੀ ਲਤਾ ਦੇ ਗਾਣੇ ਗਾਏ ।ਭਾ ਜੀ ਨੇ ਇਕ ਗਾਣੇ "ਫੋਲ਼ ਤੁਮਹੇਂ ਭਿੱਜਾ ਹੈ ਖ਼ਤ ਮੈਂ" ਦੀ ਕਈ ਵਾਰੀ ਫ਼ਰਮਾਇਸ਼ ਕੀਤੀ ।ਅਗਲੀ ਦਿਹਾੜੀ ਉਸ ਦੀ ਜੰਜ ਉੱਤੇ ਢੋਲ ਵਜੇ ।ਉਸ ਦੇ ਸੱਭ ਯਾਰ ਹਸਨ, ਰੋਹੀਲ, ਨਾਸਿਰ, ਹਮਾਦ ਸਾਰੇ ਨੱਚਦੇ ਗੁੱਡੂ ਭੱਟੀ ਦੇ ਨਾਅਰੇ ਲਾਉਂਦੇ ਰਹੇ ਤੇ ਫਿਰ ਜਜਮਾਨਾਂ ਦੇ ਘੱਰ ਅੱਪੜੇ ।ਮਸੀਤ ਅਬੂ ਬਕਰ ਸਦੀਕ ਦੇ ਇਮਾਮ ਕਾਰੀ ਅਬਦੁਲ ਮਜੀਦ ਨੇ ਨਿਕਾਹ ਪੜ੍ਹਾਇਆ ।ਇਕ ਪਾਸੇ ਤੋਂ ਭਾ ਕਾਲਾ ਤੇ ਆਸਿਫ਼ ਸਾਹਿਬ ਗਵਾਹ ਬਣੇ ਤੇ ਦੂਜੇ ਪਾਸੇ ਤੋਂ ਅਮਜਦ ਨਵਾਜ਼ ਤੇ ਰਾਣਾ ਬਾਬਰ ਗਵਾਹ ਬਣੇ ।ਕੁੜੀ ਵਿਆਹ ਕੇ ਆਪਣੇ ਘੱਰ ਆ ਗਈ ।ਭਾ ਜੀ ਨੇ ਸਲਾਮੀ ਦੇ ਨਾਲ ਇਕ ਜੋੜੀ ਕਾਲੇ ਰੰਗ ਦੇ ਕੁਪਾਂ ਦੀ ਦਿਤੀ ।ਜਿਹਨਾਂ ਦੇ ਮੌਢੇ ਉਨ੍ਹਾਂ ਸੁਨਹਿਰੀ ਰੰਗ ਦੇ ਬਣਾਏ ਹੋਏ ਸਨ ।

ਸ਼ਹਿਬਾਜ਼ ਦੇ ਵਿਆਹ ਨੂੰ ਇਕ ਵਰ੍ਹੇ ਦਾ ਵੇਲਾ ਲੰਘ ਗਿਆ ।ਬਸੰਤ ਦਾ ਮੇਲਾ ਫਿਰ ਇਕ ਵਾਰੀ ਸਜਿਆ ।ਸ਼ਾਜ਼ੀਆ ਤੇ ਉਸ ਦੇ ਘੱਰ ਵਾਲੇ ਵੀ ਲਾਹੌਰ ਆਏ ।ਇਸ ਵਿਚ ਕਈ ਗ਼ਰੀਬਾਂ ਦੇ ਬਾਲਾਂ ਦੇ ਗਾਟੇ ਵੱਢੇ ਗਏ ।ਅਖ਼ਬਾਰਾਂ, ਰੇਡੀਓ, ਟੀ ਵੀ ਹਰ ਥਾਂ ਉੱਤੇ ਰੌਲਾ ਪੈ ਗਿਆ ।ਸਰਕਾਰ ਦੀਆਂ ਸੱਥਾਂ ਵਿਚ

ਵੀ ਗੱਲ ਬਾਤ ਟੁਰ ਗਈ ।ਅਖ਼ੀਰ ਗੱਲ ਇੰਜ ਨਿਭੜੀ ਕਿ ਸਰਕਾਰ ਨੇ ਪਤੰਗ ਬਾਜ਼ੀ ਉੱਤੇ ਪਾਬੰਦੀ ਲਾ ਦਿਤੀ ।ਭਾ ਜੀ ਆਪਣੀ ਹੱਟੀ ਦੇ ਥੜੇ ਉੱਤੇ ਬੈਠੇ ਸਨ ਤੇ ਉਨ੍ਹਾਂ ਦੇ ਚਾਰ ਚੁਫ਼ੇਰੇ ਮਹੱਲੇ ਦਾਰ ਕੱਠੇ ਹੋਏ ਸਨ।

"ਭਾ ਜੀ ਇਹ ਤਾਂ ਬੜਾ ਜ਼ੁਲਮ ਹੈ ।" ਮਨਸ਼ਾ ਬੋਲਿਆ ।

"ਭਾ ਜੀ ਇਨ੍ਹਾਂ ਕਈ ਹਜ਼ਾਰ ਡੋਰ ਗੁੱਡੀਆਂ ਵਾਲਿਆਂ ਨੂੰ ਭੁੱਖੇ ਮਾਰ ਦੇਣਾ ਹੈ ।" ਮਾਨਾ ਬੋਲਿਆ।

"ਭਾ ਜੀ ਕੀ ਹੁਣ ਬਸੰਤ ਦੀਆਂ ਰੌਣਕਾਂ ਮੁੱਕ ਜਾਵਣ ਗਿਆਂ ।" ਤਾਰਾ ਬੋਲਿਆ।

"ਯਾਰ ਜਿਹਨਾਂ ਦੇ ਜਵਾਨ ਪੁਤੱਰ ਮਰੇ ਨੇਂ ਉਹਨਾਂ ਵੱਲ ਵੀ ਵੇਖੋ ।ਹੁਣ ਤੇ ਬਸੰਤ ਦੀ ਥਾਂ ਤੇ ਲੋਕਾਂ ਨੇ ਅਯਾਸ਼ੀ ਸ਼ੁਰੂ ਕਰ ਦਿਤੀ ਹੈ ।" ਭਾ ਜੀ ਬੋਲੇ ।

"ਦੂਜੇ ਦੇਸਾਂ ਵਿਚ ਲੋਕਾਂ ਨੇ ਟੀ ਵੀ ਉੱਤੇ ਲਾਹੌਰ ਦੇ ਕਈ ਘਰਾਂ ਵਿਚ ਪਰੀਆਂ ਤੱਕਿਆਂ ਨੇਂ ।" ਹਾਜੀ ਧੋਬੀ ਬੋਲਿਆ ।

"ਯਾਰ ਕੀ ਅਸੀਂ ਮੁਸਲਮਾਨ ਹਾਂ ।।।।?" ਭਾ ਜੀ ਬੋਲੇ ।

ਫਿਰ ਇਹੋ ਜਿਹੀ ਹੋਰ ਬਥੇਰੀਆਂ ਗੱਲਾਂ ਭਾ ਜੀ ਹਰ ਇਕ ਦੇ ਮੋਨਹਾ ਤੋਂ ਸੁਣਦੇ ਰਹੇ ।ਤੇ ਫਿਰ ਹਰ ਇਕ ਵੱਲ ਮੋਨਹਾ ਕਰ ਕੇ ਇਕ ਹੌਲੀ ਜਿਹੀ ਨਿਗਾਹ ਮਾਰਦੇ ਰਹੇ ਕਿ ਜਿਵੇਂ ਇਹ ਪੁੱਛਦੇ ਹੋਵਣ ਕਿ ਬਈ ਇਹ ਕੀ ਹੋ ਗਿਆ ਹੈ ਪਰ ਆਪਣੇ ਹੌਂਟਾਂ ਤੋਂ ਕੋਈ ਗੱਲ ਨਾ ਆਖੀ ।ਇੰਜ ਦਿਸਦਾ ਸੀ ਕਿ ਖ਼ਬਰੇ ਭਾ ਜੀ ਦੇ ਹੋਂਟ ਸੀਤੇ ਗਏ ਹੋਵਣ ।ਫਿਰ ਉਹੋ ਈ ਗੱਲਾਂ ਸ਼ੁਰੂ ਹੋ ਗਈਆਂ ।

"ਭਾ ਜੀ ਸੁਣਿਆ ਹੈ ਕਿ ਦੋ ਦਿਹਾੜੀਆਂ ਵਾਸਤੇ ਖੋਲ ਦੀਵਨਗੇ ।" ਮਾਈਕਲ ਬੋਲਿਆ ।

"ਉਹ ਮੇਰੇ ਮਿਤਰੋ ।ਇਹ ਤੇ ਸਾਰੀ ਹਯਾਤੀ, ਸਾਰੇ ਵਰ੍ਹੇ ਦਾ ਰੰਗ ਹੈ ।ਦੋ ਜਾਂ ਤਿੰਨ ਦਿਹਾੜੀਆਂ ਵਾਸਤੇ ਨਹੀਂ ।ਦੋ ਦਿਹਾੜੀਆਂ ਦਾ ਰੰਗ ਤੇ ਵੱਡੇ ਹੋਟਲਾਂ, ਪਲਾਜ਼ੀਆਂ ਵਾਸਤੇ ਹੈ ।ਜਿਹੜੇ ਇਸ ਦੇ ਕਰਾਏ ਵਿਚ ਕਿਹੋ ਕਿਹੋ ਜਿਹੇ ਰੰਗ ਵੇਚਦੇ ਨੇਂ ।" ਮਨਸ਼ਾ ਬੋਲਿਆ ।

"ਭਾ ਜੀ ਸਰਕਾਰ ਨੂੰ ਇੰਜ ਨਹੀਂ ਕਰਨਾ ਚਾਹੀਦਾ ਸੀ ।" ਗਾਂਧੀ ਬੋਲਿਆ ।

"ਯਾਰ ਕਿਸ ਨੂੰ ਕੀ ਕਰਨਾ ਚਾਹੀਦਾ ਹੈ ।ਉਹ ਰੱਬ ਈ ਜਾਣੇ ਪਰ ਯਾਰ ਇਹ ਵੀ ਤੇ ਸੋਚੋ ਕਿ ਜਿਸ ਜੀ ਉੱਤੇ ਡੋਰ ਫਿਰੇ ਉਹ ਤੁਹਾਡਾ ਜਾਂ ਮੇਰਾ ਭਰਾ ਪੁਤੱਰ ਹੋਵੇ ਤੇ ਫਿਰ ।" ਮਨਸ਼ਾ ਬੋਲਿਆ ।ਭਾ ਜੀ ਫਿਰ ਇਕ ਵਾਰੀ ਚੁਪ ਦਿੱਸੇ ਤੇ ਸੱਭ ਆਪੋ ਆਪਣੀਆਂ ਗੱਲਾਂ ਕਰਦੇ ਰਹੇ ।ਕਈ ਵਾਰੀ ਉਹਨਾਂ ਭਾ ਕਾਲੇ ਨਾਲ ਗੱਲ ਕਰਨੀ ਚਾਹੀ, ਲਗਦਾ ਸੀ ਕਿ ਭਾ ਜੀ ਨੂੰ ਸੱਪ ਈ ਸੁੰਘ ਗਿਆ ਏ ।ਫਿਰ ਭਾ ਜੀ ਨੇ ਨਾ ਕਿਸੇ ਨੂੰ ਕੁਝ ਆਖਿਆ ਤੇ ਮਾਨੇ ਦੇ ਮੌਢੇ ਉੱਤੇ ਹੱਥ ਰੱਖ ਕੇ ਘੱਰ ਟੁਰ ਗਏ ।ਮਗਰੋਂ ਸਾਰੇ ਜੀ ਉਨ੍ਹਾਂ ਨੂੰ ਹੈਰਾਨੀ ਨਾਲ ਵੇਹੰਦੇ ਰਹੇ ।

ਉਸ ਦਿਹਾੜੀ ਮਗਰੋਂ ਭਾ ਜੀ ਨੇ ਕਦੇ ਵੀ ਆਪਣੀ ਹੱਟੀ ਨਾ ਖੋਲੀ ।ਫਿਰ ਹਰ ਵਰ੍ਹੇ ਇਕ ਜਾਂ ਦੋ ਦਿਹਾੜੀਆਂ ਵਾਸਤੇ ਪਾਬੰਦੀ ਖੁੱਲਦੀ ਸੀ ।ਪਰ ਭਾ ਜੀ ਨੇ ਨਾ ਕੋਈ ਪਤੰਗ ਬਣਾਈ ਤੇ ਨਾ ਈ ਕੋਈ ਉਡਾਈ ।

ਅਗਲੇ ਦੋ ਵਰ੍ਹਿਆਂ ਵਿਚ ਉਨ੍ਹਾਂ ਦੇ ਦੋਵੇਂ ਮੁੰਡੇ ਵੀ ਵਦੀਸੋਂ ਪਰਤ ਆਏ ਸਨ ।ਇਕ ਦਿਨ ਨਿੱਕੇ ਮੁੰਡੇ ਨੇ ਭਾ ਦੀ ਹੱਟੀ ਦੇ ਬਾਹਰ ਇਕ ਪੀ ਸੀ ਓ ਖੋਲ ਲਿਆ ਤੇ ਕੁਝ ਦਿਨਾਂ ਮਗਰੋਂ ਹੱਟੀ ਅੰਦਰੋਂ ਖ਼ਾਲੀ ਕਰ ਕੇ ਇਕ ਬਿਲਿਅਰਡ ਕਲੱਬ ਖੋਲ ਲਿਆ ।



# ਲਾਵਾਰਿਸ ਲਾਸ਼/ਸਾਈਦਾ ਯੂਨਸ

ਤਾਜੀ ਜਦੋਂ ਤੋਂ ਮਿਸਤਰੀਆਂ ਦੀ ਮਸ਼ੀਨ ਤੋਂ ਆਟਾ ਪੀਹਾਨ ਜਾਣ ਲੱਗੀ ਏ ਉਦੋਂ ਉਹਦੀ ਉਮਰ ਬਾਰਾਂ ਤੇਰ੍ਹਾਂ ਵਰ੍ਹਿਆਂ ਦੀ ਹੋਵੇਗੀ ।ਗੋਲ ਮਟੋਲ ਜਿਹੀ ਤੇ ਗੋਰੀ ਚਿੱਟੀ। ਤਾਜੀ ਸਾਰਿਆਂ ਨੂੰ ਬੜੀ ਚੰਗੀ ਲਗਦੀ ਪਰ ਮਸ਼ੀਨ ਤੇ ਬੈਠੇ ਪਰਚਿਆਂ ਕੱਟਦੇ ਬਾਬਰ ਨੂੰ ਬਹੁਤੀ ਈ ਚੰਗੀ ਲਗਦੀ ।ਉਹ ਜਦੋਂ ਵੀ ਦਾਣੇ ਪੀਹਾਨ ਆਉਂਦੀ ਉਹਨੂੰ ਕਦੀ ਗੀਓੜੀਆਂ ਕਦੀ ਖੱਟੀਆਂ ਮਿੱਠੀਆਂ ਗੋਲੀਆਂ ਤੇ ਕਦੀ ਕੋਈ ਹੋਰ ਖਾਣ ਦੀ ਸ਼ੈਅ ਲੈ ਦਿੰਦਾ ।ਬਾਬਰ ਨੂੰ ਪਿਓ ਨੇ ਸਕੂਲੇ ਪਾਯਾ ਸੀ ।"ਕੁੱਝ ਪੜ੍ਹ ਲਿਖ ਜਾਏ ਗਾ ਤੇ ਕਲ੍ਹ ਨੂੰ ਕਿਤੇ ਇਹ ਚੰਗੀ ਨੌਕਰੀ ਤੇ ਲੱਗ ਜਾਏ ਗਾ ਤੇ ਸਾਡੇ ਖਨਵਾਦੇ ਦੀ ਵੀ ਹਾਲਤ ਬਦਲ ਜਾਏ ਗੀ । ਇਹ ਨਾਲੇ ਹੋਇਆ ਵੀ ਵੱਡਾ ਪੁੱਤਰ ਇਹ ਪੜ੍ਹਿਆ ਤੇ ਨਿੱਕੇ ਵੀ ਵੇਖਾ ਵੇਖੀ ਪੜ੍ਹਾਈ ਵਲੇ ਧਿਆਨ ਕਰਨਗੇ ।ਮੈਂ ਤੇ ਸਾਰੀ ਉਮਰ ਬਾਬੂ ਨਾ ਬਣਿਆ ਕਰਖ਼ਾਨੇ ਦੇ ਅਫ਼ਸਰਾਂ ਦੀਆਂ ਝਾੜਾਂ ਈ ਖਾਂਦਾ ਰਹੀਆ ਤੇ ਘੱਰ ਆਕੇ ਵੀ ਬੁੱਢੀ ਦੇ ਉਲਾਹਮੇ ਮੈਂ ਅੱਠਾਂ ਬਾਲਾਂ ਨੂੰ ਤੇਰੀ ਇਸ ਤਨਖ਼ਾਹ ਨਾਲ ਕਿਵੇਂ ਪਾਲਾਂ ਅੱਗੋਂ ਗ਼ਰੀਬਾਂ ਦੇ ਘੱਰ ਜਮਨੇ ਵੀ ਚੋਖੇ ਹੋਏ ।ਫੜ ਤਿੜ ਕੇ ਆਟਾ ਪਹਿਨ ਆਲੀ ਚੱਕੀ ਲਾ ਤੇ ਬੈਠਾਂ ਉਹ ਵੀ ਪਰ ਰੋਗ ਈ ਲੱਗਾ ਏ ।ਜਦੋਂ ਤਾਈਂ ਸਾਰਾ ਕਰਜ਼ਾ ਨਹੀਂ ਲੀਹ ਜਾਂਦਾ ।" ਕਰਮ ਅੱਲ੍ਹਾ ਆਪਣੇ ਆਪ ਨਾਲ ਗੱਲਾਂ ਕਰਦਾ ਰਿਹਾ ।ਬਾਬਰ ਨੇ ਰੋ ਧੋ ਕੇ ਮਸਾਂ ਅਠ ਜਮਾਤਾਂ ਪੂਰੀਆਂ ਕੀਤੀਆਂ, ਨਾਂਵੇਂ ਜਮਾਤ ਚੋਂ ਦੋ ਤਿੰਨ ਵਾਰੀ ਫ਼ੇਲ ਹੋਇਆ ਤੇ ਪਿਓ ਨੇ ਸਕੂਲੋਂ ਉਠਾ ਲੀਆ ਤੇ ਮਸ਼ੀਨ ਤੇ ਪਰਚਿਆਂ ਕੱਟਣ ਤੇ ਬਿਠਾ ਦਿੱਤਾ ।ਸਾਰਾ ਦਿਨ ਰੰਗ ਬਰੰਗੇ ਲੋਕ ਦਾਣੇ ਪੀਹਾਨ ਆਉਂਦੇ ਪਰ ਤਾਜੀ ਵਰਗਾ ਕੋਈ ਨਹੀਂ ਸੀ ।ਉਹ ਜੂੰ ਜੂੰ ਸਿਆਣੀ ਹੁੰਦੀ ਗਈ ਬਾਬਰ ਦੇ ਦਿਲ ਵਿੱਚ ਖੁਭਦੀ ਗਈ ।ਹੁਣ ਉਹਨੂੰ ਵੀ ਬਾਬਰ ਚੰਗਾ ਲੱਗਣ ਲੱਗ ਪਿਆ ।ਪਹਿਲੋਂ ਪਹਿਲੋਂ ਅੱਖਾਂ ਦੀ ਰਾਹੀਂ ਗੱਲਾਂ ਹੁੰਦਿਆਂ ਰਹੀਆਂ ਫਿਰ ਚੋਰੀ ਛੁਪੇ ਮੁਲਾਕਾਤਾਂ ਸ਼ੁਰੂ ਹੋਗੀਆਂ ।ਇੰਜ ਕੁੱਝ ਚਿਰ ਤੇ ਲੰਘ ਗਿਆ ਪਰ ਕਦੋਂ ਤੋੜੀ, ਅਖ਼ੇ ਸੌ ਦਿਨ ਚੋਰ ਦਾ ਤੇ ਇਕ ਦਿਨ ਸਾਧ ਦਾ ।ਨਾਲੇ ਲੋਕੀ ਕਦੀ ਕਿਸੇ ਨੂੰ ਰਾਜ਼ੀ ਵੇਖ ਕੇ ਬਰਦਾਸ਼ਤ ਕਰ ਸਕਦੇ ਨੇਂ, ਕਿਸੇ ਨੇ ਪਿਓ ਨੂੰ ਭਿਣਖ ਪਾ ਦਿੱਤੀ ਉਹ ਤਾੜ ਤੇ ਰਿਹਾ ਇਕ ਦਿਨ ਫੜੇ ਗਏ ਦਿਨ ਦੋਵੇਂ ।ਕੁੜੀ ਦੇ ਮਾਪਿਆਂ ਤੇ ਦੜ ਵਟ ਕੇ ਕੁੜੀ ਘੱਰ ਬਿਠਾਲ ਲਈ ਮਹੀਨੇ ਦੇ ਵਿੱਚ ਵਿੱਚ ਈ ਮਾਮੇ ਦੇ ਪੁੱਤਰ ਨਾਲ ਵਿਆਹ ਕੇ ਜ੍ਹਿਦੇ ਨਾਲ ਜੰਮਦੀ ਮੰਗੀ ਹੋਈ ਸੀ ਗੁੱਜਰਾਂਵਾਲੇ ਤੋਰ ਦਿੱਤੀ ਪਰ ਬਾਬਰ ਦੇ ਪਿਓ ਨੇ ਵਾਹਵਾ ਉਹਦੀ ਖੁੰਬ ਠੱਪੀ ਤੇ ਉਹ ਮਾਰ ਖਾ ਕੇ ਘਰੋਂ ਨੱਸ ਗਿਆ। ਨਾ ਉੱਗ ਨਾ ਸੁੱਘ, ਮਾਂ ਰੋਵੇ "ਹਾਏ ਮੇਰਾ ਪੁੱਤਰ ਖ਼ੋਰੇ ਕਿੱਥੇ ਵੇ, ਰੋਟੀ ਖਾਦ੍ਹੀ ਸੁ ਕੇ ਭੁੱਖਾ ਤਿੱਸਾ ਕਿੱਧਰੇ ਧੱਕੇ ਖਾਂਦਾ ਫਿਰਦਾ ਵੇ ! ਫ਼ਿਰ ਖ਼ਾਵੰਦ ਨੂੰ ਕਿਹਾ, "ਮੁੰਡਾ ਖੂੰਡਾ ਇ ਸੀ, ਇਸ ਉਮਰੇ ਹੋ ਜਾਂਦੀ ਏ ਭੁਲ ਬੜੀਆਂ ਬੜੀਆਂ ਕੋਲੋਂ, ਤੁਸੀ ਤੇ ਉਹਨੂੰ ਇੰਜ ਕੁੱਟੀਆ ਏ ਜਿਵੇਂ ਗਦੋਂ ਹੋਵੇ ।ਕਿਸੇ ਪਾਸੇ ਮੂੰਹ ਕਰ ਗੀਆ ਏ ।ਉਹਦੇ ਬੋਝੇ ਚ ਇਕ ਪੈਸਾ ਨਹੀਂ ਸੀ ਮੈਂ ਮਰ ਜਾਂ ਮੇਰਾ ਬੱਚਾ।"

"ਤੇਰੇ ਲਾਡਾਂ ਨੇ ਈ ਤੇ ਇਹ ਚੰਨ ਚੜ੍ਹਾਏ ਨੇਂ ।ਠਕਾਈ ਤੇ ਤੇਰੀ ਵੀ ਹੋਣੀ ਚਾਹੀਦੀ ਏ ।" ਕਰਮ ਅੱਲ੍ਹਾ ਜਵਾਬ ਦਿੱਤਾ ।ਬਾਬਰ ਦੋ ਤਰੇ ਮਹੀਨੇ ਖੱਜਲ ਖ਼ਾਰ ਹੋਕੇ ਮੁੜ ਆਈਆ ਜਿਵੇਂ ਆਹੰਦੇ ਨੇਂ ਫ਼ਲਾਣਾ ਤੇ ਕੱਟੇ ਦੀ ਪੋਸ਼ਲ ਫੜ ਕੇ ਆਗਿਆ ਏ ।ਹੁਣ ਵੇਖਣ ਨੂੰ ਬੜਾ ਬੀਬਾ ਬਣ ਕੇ ਤੇ ਪੜ੍ਹਾਈ ਸ਼ੁਰੂ ਕਰ ਦਿੱਤੀ ਜਿਵੇਂ ਕਿਵੇਂ ਪ੍ਰਾਇਵੇਟ ਦਸਵੇਂ ਪਾਸ ਕਰ ਲਈ ।ਉਨ੍ਹਾਂ ਦਿਨਾਂ ਚ ਲੋਕੀ ਦਸ ਪੜ੍ਹ ਕੇ ਵੀ ਪੜ੍ਹੀਆਂ ਲਿਖੀਆਂ ਚ ਸ਼ਾਮਿਲ ਹੋ ਜਾਂਦੇ ਸਨ ।ਅਖ਼ੀਰ ਬਾਬਰ ਦਫ਼ਤਰ ਵਿੱਚ ਬਾਬੂ ਲੱਗ ਗਿਆ ।ਹੁਣ ਉਹ ਕਮਾਉ ਪੁੱਤਰ ਸੀ ਤੇ ਵੇਖਣ ਨੂੰ ਬੜਾ ਬੀਬਾ ।ਪਰ ਵਿੱਚੋਂ ਉਹਦੀ ਤਾਰ ਹਰ

ਵੇਲ਼ੇ ਤਾਜੀ ਵਲੇ ।ਦੋਵੇਂ ਆਪੋ ਅਪਣੀ ਥਾਂ ਮੱਛੀ ਵਾਂਗੂੰ ਤੜਫ਼ਨ ।ਆਹੰਦੇ ਨੇਂ ਪਹਿਲਾ ਪਿਆਰ ਬੜਾ ਮਾਰੂ ਹੁੰਦਾ ਏ ।ਇਕ ਦਿਨ ਬਾਬਰ ਦੇ ਇਕ ਦੋਸਤ ਦੇ ਪੱਤੇ ਰਾਹੀਂ ਉਹਨੂੰ ਤਾਜੀ ਦਾ ਖ਼ਤ ਮਿਲਿਆ ਜਿਹਦੇ ਤੇ ਉਹਨੇ ਅਪਣੀ ਗੁਆਂਢਨ ਦਾ ਪਤਾ ਲਿਖਿਆ ਸੀ ਪਈ ਤੋਂ ਮੀਨੋਂ ਇਸ ਪੱਤੇ ਤੇ ਖ਼ਤ ਲਿਖਣਾ ਕਰਨਾ ਏ ।ਹੁਣ ਚਿੱਠੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ, ਅੱਧੀ ਮੁਲਾਕਾਤ ਤੇ ਹੋ ਈ ਜਾਂਦੀ ।ਤਾਜੀ ਚਾਹੁੰਦੀ ਤੇ ਨਹੀਂ ਸੀ ਕਿ ਕੋਈ ਬਾਲ ਬੱਚਾ ਹੋਵੇ ਪਰ ਕੀਹ ਕਰਦੀ ਕਿਸੇ ਦੀ ਬੀਵੀ ਸੀ, ਨਾ ਚਾਹੰਦੀਆਂ ਹੋਇਆਂ ਵੀ ਉਹਨੇ ਇਕ ਬੱਚੀ ਪੈਦਾ ਕਰ ਲਈ ।

ਵੇਖਣ ਨੂੰ ਇੰਜ ਲੱਗੇ ਕਿ ਮੀਆਂ ਬੀਵੀ ਤੇ ਇਕ ਬੱਚਾ ਤਿਣੇ ਜੀ ਖ਼ੁੱਸ਼ ਬਾਸ਼ ਨੇਂ ਤੇ ਇਹ ਇਕ ਹੱਸਦਾ ਵਸਦਾ ਘੱਰ ਏ ।ਕਿਸੇ ਨੂੰ ਕੀਹ ਪਤਾ ਪਈ ਘੱਰ ਵਾਲੀ ਨੂੰ ਕਿਹੜੀ ਸਿਉਕੰ ਲੱਗੀ ਹੋਈ ਏ ਤੇ ਘੱਰ ਵਾਲੇ ਨੂੰ ਕਿਹੜੀ ਸਣ੍ਹ ਲੱਗੀ ਹੋਈ ਏ ।ਤਾਜੀ ਆਪਣੇ ਕਿਸੇ ਰਵੀਏ ਤੋਂ ਮਾਅਲੂਮ ਨਹੀਂ ਸੀ ਹੋਣ ਦਿੰਦੀ ਪਈ ਉਹਦਾ ਧਿਆਨ ਖ਼ਾਵੰਦ ਬਿਣਾ ਕਿੱਧਰੇ ਹੋਰ ਦੇ ਵੀ ਹੈ ਵੇ ।ਪਰ ਖ਼ੁਫ਼ੀਆ ਖ਼ਤ ਕਿਤਾਬਤ ਚੱਲਦੀ ਰਹੀ ।ਜਮਾਲ ਦੇ ਫ਼ਰਿਸ਼ਤਿਆਂ ਨੂੰ ਵੀ ਖ਼ਬਰ ਨਾ ਕਿ ਬੀਵੀ ਕਿਹੜੇ ਕਾਰੇ ਕਰ ਰਹੀ ਏ ।ਇਕ ਦਿਨ ਗਵ੍ਹਾਡੰਨ ਨੇ ਤਾਜੀ ਦੀ ਚਿੱਠੀ ਅੱਗੇ ਵਾਂਗੂੰ ਆਪਣੇ ਛੋਟੇ ਮੁੰਡੇ ਦੇ ਹੱਥ ਘੱਲ ਦਿਤੀ ਉਸ ਦਿਨ ਤਾਜੀ ਦਾ ਖ਼ਾਵੰਦ ਕੁੱਝ ਵੱਲ ਨਹੀਂ ਸੀ ਤੇ ਅੱਧੀ ਛੁੱਟੀ ਕਰ ਕੇ ਘੱਰ ਆਗਿਆ ਸੀ ।ਚਿੱਠੀ ਉਸ ਬਾਲ ਦੇ ਹੱਥੋਂ ਲੈ ਕੇ ਪੜ੍ਹੀ ਤੇ ਉਹਦਾ ਮੂੰਹ ਗ਼ੁੱਸੇ ਨਾਲ ਲਾਲ ਸੂਹਾ ਹੋ ਗਿਆ, ਅਖਾਂ ਚੋਂ ਲੱਗੇ ਜਿਵੇਂ ਰੱਤ ਡੁੱਲ ਪੋਏ ਗੀ ਪਰ ਪੀ ਗਿਆ ਬੋਲਿਆ ਕੁੱਝ ਨਾ ।ਅਗਲੇ ਦਿਨ ਉਸ ਕੰਮ ਤੋਂ ਛੁੱਟੀ ਕੀਤੀ ਸਵੇਰੇ ਸਵੇਰੇ ਤਾਜੀ ਨੂੰ ਉਠਾਇਆ "ਉਹ ਕਿਹੜੀ ਸੁੱਤੀ ਹੋਈ ਸੀ ।ਉਹ ਤੇ ਸਾਰੀ ਰਾਤ ਡਰ ਦੀ ਮਾਰੀ ਜਾਗਦੀ ਰਹੀ ਪਈ ਇਹ ਜਿਹੜਾ ਇੱਡੇ ਗ਼ੁੱਸੇ ਨਾਲ ਵੀ ਬੋਲਿਆ ਕੁੱਝ ਨਹੀਂ ਰਾਤ ਚੁੱਪ ਕਰਕੇ ਮੈਨੂੰ ਮਾਰ ਈ ਨਾ ਛੱਡੇ ।ਜਮਾਲ ਨੇ ਤਾਜੀ ਨੂੰ ਆਖਿਆ ਕੋਈ ਲੀੜਾ ਕੱਪੜਾ ਨਾਲ ਰੱਖਣਾ ਈ ਤੇ ਰੱਖ ਲੈ ।ਉਸ ਡਰਦੀ ਪੁੱਛਿਆ "ਆਪਾਂ ਕਿੱਥੇ ਜਾਣਆ ਏਂ ?" "ਪਤਾ ਲੱਗ ਜਾਏ ਗਾ ਤੈਨੂੰ ਚੌਥਣ।" ਉਸ ਤਾਜੀ ਨੂੰ ਨਾਲ ਲਿਆ ਤੇ ਟੇਸ਼ਣ ਤੇ ਚਲਾ ਗਿਆ ।ਲਾਹੌਰ ਦੀਆਂ ਦੋ ਟਿਕਟਾਂ ਕਟਾਈਆਂ।ਘੰਟੇ ਦੋ ਨਾ ਲੱਗੇ ਤੇ ਉਹ ਤਾਜੀ ਦੀ ਮਾਂ ਦੇ ਘੱਰ ਅੱਪੜ ਗਿਆ ।ਉਹ ਬੜੀ ਖ਼ੁੱਸ਼ ਹੋਈ ।"ਬਿਸਮ ਅੱਲਾਹ ਮੇਰਾ ਭਤਰੀਆ ਆਇਆ ਏ ।ਤਾਜੇ ਕੀ ਹਾਲ ਈ, ਮੈਂ ਤੇ ਤੁਹਾਡੇ ਤੋਂ ਡਾਹਡੀ ਹੁਸੜ ਗਈ ਸਾਂ ।"

'ਜਮਾਲ ਨੇ ਤਾਜੀ ਦੀ ਬਾਂਹ ਫੜੀ ਤੇ ਉਹਦੀ ਮਾਂ ਦੇ ਹੱਥ ਫੜਾ ਕੇ ਬੋਲਿਆ "ਆਹ ਲੈ ਫੜ ਉਦਰੇਵਾਂ ਲਾਹ ਲੈ, ਕੁੜੀ ਵੀ ਫੜ ਤੇ ਧੀ ਫੜ ਮੈਨੂੰ ਨਹੀਂ ਪਤਾ ਇਹ ਕੀਹਦਾ ਬੀ ਏ, ਤੋਂ ਮੇਰੇ ਨਾਲ ਇਹ ਧਰੋਂ ਨਹੀਂ ਸੀ ਕਰਨਾ ਪਹਿਲੋਂ ਈ ਇਹਦੇ ਯਾਰ ਨਾਲ ਟੋਰ ਦੀਨਾ ਸੀ ਇਹਨੂੰ।"

ਫੁੱਫੀ ਅਜੇ ਕੁੱਝ ਬੋਲਣ ਈ ਲੱਗੀ ਸੀ ਪਰ ਉਹ, ਇਕੋ ਸਾਹੇ ਲੱਗਾ ਗਿਆ ਤੇ ਆਖਿਆ, "ਮੇਰੇ ਵੱਲ ਜੇ ਕਿਸੇ ਨੇ ਮੂੰਹ ਕੀਤਾ ਤੇ ਉਹਦੇ ਨਾਲ ਐਡੀ ਕੂ ਮੰਦੀ ਹੋਵੇਗੀ ਜਿਹੜੀ ਅੱਜ ਤਾਈਂ ਕਿਸੇ ਨਾਲ ਨਾ ਹੋਈ ਹੋਵੇਗੀ ।" ਤੈ ਵੇੜ੍ਹੇ ਦਾ ਬੂਹਾ ਖੋਲ ਕੇ ਪੂਰੇ ਜ਼ੋਰ ਨਾਲ ਠਾਹ ਮਾਰ ਕੇ ਵੇੜ੍ਹਿਉਂ ਨਿਕਲ ਗਿਆ ।ਤਾਜੀ ਨਾ ਹੂੰ ਤੇ ਨਾ ਹਾਂ ਕੀਤੀ ।ਵੇੜ੍ਹੇ ਚ ਡਿੱਠੀ ਹੋਈ ਮੰਜੀ ਤੇ ਬਹਿ ਗਈ ।ਉੱਤੋਂ ਭੈੜਾ ਜਿਹਾ ਮੂੰਹ ਬਣਾ ਲਿਆ ਤੇ ਵਿੱਚੋਂ ਰੱਜ ਕੇ ਰਾਜ਼ੀ ਸੀ ।ਉਹਨੂੰ ਪਤਾ ਸੀ ਮਾਪਿਆਂ ਨੇ ਮੈਨੂੰ ਰੱਸਾ ਪਾ ਕੇ ਜਿਹੜੇ ਕੀਲੇ ਨਾਲ ਬੰਨਿਆ ਸੀ ਉਹ ਤੇ ਸੌਖਾ ਈ ਟਪੀਜ ਗਿਆ ਏ ।ਹੁਣ ਮੇਰਾ ਕੀ ਕਰ ਲੈਣਗੇ । ਇਹ ਤਾਂ ਇੰਜ ਹੋਇਆ ਜਿਵੇਂ ਕੁੱਬੇ ਨੂੰ ਲੱਤ ਰਾਸ ਆ ਗਈ ।ਤਾਜੀ ਹੁਣ ਕੋਅਰੀ ਕੁੜੀ ਤੇ ਨਹੀਂ ਸੀ ਜੋ ਉਹਨੂੰ ਬਾਹਰ ਅੰਦਰ ਜਾਣ ਤੋਂ ਡਕਦੇ ।ਬਾਬਰ ਵੀ ਹੁਣ ਨੌਕਰੀ ਕਰਦਾ ਸੀ ਤੇ ਆਜ਼ਾਦ ਸੀ ।ਉਹਨੂੰ ਤੇ ਯਕੀਨ ਈ ਨਹੀਂ ਸੀ ਆਉਂਦਾ ਪਈ ਤਾਜੀ ਇੱਡੇ ਅਰਾਮ ਨਾਲ ਵਾਪਸ ਆ ਜਾਏਗੀ ।ਉਹਦੇ ਲਈ ਤੇ ਇੰਜ ਹੋਇਆ ਪਈ ਜਿਵੇਂ ਬਿਲੀ ਦੇ ਭਾਗੀਂ ਛਿਕਾ ਟੁੱਟ ਪਿਆ ਹੋਵੇ ।ਉਹ ਹੁਣ ਦੋਵੇਂ ਖੁੱਲਮ ਖੁੱਲਾ ਮਿਲਦੇ ।ਲੱਥੀ ਲੋਈ ਤੇ ਕੀ ਕਰੇ ਗਾ ਕੋਈ ।ਪਿਓ ਲੋਕਾਂ ਦੇ ਸਾਮਣੇ ਬਾਹਰ ਨਾ ਨਿਕਲੇ ।ਮਾਂ ਨੂੰ ਬੋਲੇ "ਇਹ ਤੇਰੇ ਗੰਦੇ ਦੁਧ ਦਾ ਵਗਾੜਾ ਏ ਜਿਹੜਾ ਫੁੱਟ ਗਿਆ ਏ ।ਮੈਨੂੰ ਕਿਤੇ ਮੂੰਹ ਵਿਖਾਣ ਜੋਗਾ ਨਹੀਂ ਜੇ ਛੱਡਿਆ ।" ਕੁੜੀ ਨੂੰ ਆਖੇ ਤੇ ਕੀ ਆਖੇ ਉਹ ਤੇ ਹੁਣ ਸਾਰੇ ਝਾਕੇ ਲਾਹ ਬੈਠੀ ਸੀ ।ਪਿਓ ਸ਼ਰਮ ਦਾ ਮਾਰਾ ਘੱਟਦਾ ਜਾਵੇ ਤੇ ਉਹ ਸਗੋਂ ਸਿਰ ਤੇ ਚੜ੍ਹਦੀ ਜਾਵੇ ।ਇਕ ਦਿਨ ਮਾਂ ਨੇ ਅੰਦਰ ਵਾੜ ਕੇ ਥਾਪੀਆਂ ਤੇ ਲੱਤਾਂ ਨਾਲ ਦਬਲ ਕੁੱਟੀ ।ਅਗਲੇ ਦਿਨ ਬਾਬਰ ਨੂੰ ਮਿਲੀ ਤੇ ਉਹਨੂੰ ਆਪਣੇ ਪਿੰਡੇ ਦੇ ਨੀਲ ਵਖਾਏਓ ਸੁੱਤੇ ਆਖਣ ਲੱਗੀ, "ਤੇਰੇ ਪਿੱਛੇ ਮੈਂ ਅਪਣਾ ਘੱਰ ਛੱਡਿਆ ਤੇ ਹੁਣ ਮਾਂ ਪਿਓ ਵੀ ਛੱਡ ਦਿਤਾ ਏ ।ਜੇ ਤੋਂ ਬੰਦਾ ਬਣ ਕੇ ਬਾਂਹ ਨਾ ਫੜੀ ਤੇ ਕੁੱਝ ਖਾਕੇ ਮਰ ਜਾਂਗੀ ।"

ਉਸ ਆਖਿਆ, "ਦੋ ਚਾਰ ਦਿਨ ਖਲੋ ਜਾ ਕਰਨਾ ਵਾਂ ਕੁੱਝ ।"

ਤਾਜੀ ਦਸੀਵੇਂ ਚੋਂ ਫ਼ੇਲ ਹੋਗਈ ਸੀ ਤੇ ਮਾਪਿਆਂ ਘੱਰ ਬਹਾ ਲਈ ਸੀ ਦਸੀਵੇਂ ਪਾਸ ਹੁੰਦੀ ਤੇ ਕੋਈ ਨੌਕਰੀ ਵੀ ਕਰ ਸਕਦੀ ਸੀ ਪਰ ਹੁਣ ਇਹ ਗੱਲ ਮੁਸ਼ਕਲ ਸੀ ।ਬਾਬਰ ਬੜਾ ਸੀਆਨਾ ਬੰਦਾ ਸੀ ਉਸ ਨੱਸ ਭੱਜ ਕਰ ਕੇ ਤਾਜੀ "ਮੁਮਤਾਜ਼ ਬੀਬੀ" ਨੂੰ ਜੇ ਵੀ ਚ ਦਾਖ਼ਲਾ ਲੈ ਦਿੱਤਾ ਉਹ ਸ਼ਰਕ ਪੁਰ ਹੋਸਟਲ ਚ ਚਲੀ ਗਈ ਤੇ ਬਾਬਰ ਐਤਵਾਰ ਦੀ ਐਤਵਾਰ ਜਾ ਕੇ ਉਹਨੂੰ ਮਿਲ ਆਉਂਦਾ ਕਰਦਾ ।

ਸਾਲ ਪਿੱਛੋਂ ਆਈ ਤੇ ਬਾਬਰ ਨੇ ਉਹਨੂੰ ਇਕ ਮਿਡਲ ਸਕੂਲ ਵਿਚ ਉਸਤਾਨੀ ਲਵਾ ਦਿੱਤਾ ਤੇ ਰਹਿਣ ਲਈ ਵੱਖਰਾ ਮਕਾਨ ਲੈ ਦਿੱਤਾ ਥੱਲੇ ਦੁਕਾਨ ਸੀ ਤੇ ਉਤੇ ਇਕ ਕਮਰੇ ਦਾ ਛਬੇ ਵਾਲਾ ਮਕਾਨ ਆਂਡ ਗਵਾਂਡ ਕੋਈ ਨਹੀਂ ਸੀ ।ਬਾਬਰ ਨੇ ਕੰਮ ਤੋ ਸਿੱਧਾ ਉਧਰ ਜਾਨਾ ਤੇ ਅੱਧੀ ਰਾਤੀਂ ਘੱਰ ਜਾਣਾ ਜੇ ਪਿਓ ਨੇ ਪੁੱਛਣਾ ਤੇ ਆਖਣਾ ਦੋਸਤਾਂ ਨਾਲ ਤਾਸ਼ ਖੇਡਦਾ ਰਹੀਆ ਵਾਂ ਘੱਰ ਆਕੇ ਕੀ ਕਰਾਂ ਨੌਕਰੀ ਤੇ ਕਰਨਾ ਵਾਂ ਪਿਆ।"

ਦੋ–ਚਾਰ ਸਾਲ ਉਂਜੇ ਲੰਘ ਗਏ ।

ਇਕ ਦਿਨ ਤਾਜੀ ਨੂੰ ਭਿਣਖ ਪਈ ਬਾਬਰ ਦਾ ਵਿਆਹ ਹੋਣ ਲਗਾ ਏ ।ਉਹ ਤੇ ਮਰਦੀ ਜਾਵੇ ਕਦੋਂ ਸ਼ਾਮ ਨੂੰ ਆਵੇ ਤੇ ਗੱਲ ਕਰਾਂ ।ਬਾਬਰ ਅੰਦਰ ਵੜਿਆ ਈ ਤੇ ਉਹਦੇ ਭਖੇਂ ਪਏ ਗਈ । ਉਹਦੇ ਸੀਨੇ ਤੇ ਮੁੱਕੀਆਂ ਮਾਰ ਦੀ ਜਾਵੇ ਤੇ ਨਾਲੇ ਰੋਂਦੀ ਰੋਂਦੀ ਬੋਲਦੀ ਜਾਵੇ, "ਝੂਠੀਆ ਵੇ ਮਕਾਰੀਆ, ਬੇ ਇਮਾਨਾ !ਮੇਰੀ ਜ਼ਿੰਦਗੀ ਰੋਲ ਕੇ ਤੇ ਹੁਣ ਵਾਅਦਾ ਭੁੱਲ ਗਿਆ ਏਂ ।ਵਿਆਹ ਰਚਾਨਦਾ ਫਿਰਨਾ ਏਂ ।" ਉਹ ਆਖੇ ਮੈਨੂੰ ਛੱਡ ਯਾਂ ਤੇ ਤੈਨੂੰ ਕੋਈ ਗੱਲ ਦੱਸਾਂ ਪਰ ਉਹ ਕੁੱਝ ਸੁਣਨ ਲਈ ਤਿਆਰ ਨਹੀਂ ਸੀ ।ਅਖ਼ੀਰ ਖੱਪ ਖਪਾ ਕੇ ਠੰਡੀ ਹੋ ਕੇ ਬਹਿ ਗਈ ਤੇ ਬਾਬਰ ਬੋਲਿਆ "ਕੀਹਦਾ ਵਿਆਹ ਹੋਣ ਲੱਗਾ ।ਐਡੀ ਗਰਮ ਸਰਦ ਪਈ ਹੋਣੀ ਏਂ ।"

"ਤੇਰਾ ਹੋਰ ਕੀਹਦਾ ਤੋਂ ਫਿਰ ਮੇਰੇ ਨਾਲ ਝੂਠ ਬੋਲੀਂ ਗਾ ।"

"ਨਹੀਂ ਮੁਮਤਾਜ਼ ਬੀਬੀ ਝੂਠ ਕਿਉਂ ਬੋਲਨਾ ਏ ।ਮੇਰੀ ਮਾਂ ਕੁੜੀਆਂ ਸ਼ੁੜੀਆਂ ਵੇਖਦੀ ਫਿਰਦੀ ਏ ਪਰ ਵਿਆਹ ਤੇ ਉਦੋਂ ਈ ਹੋਵੇ ਗਾ ਨਾਂ ਜਦੋਂ ਮੈਂ ਕਰਾਂ ਗਾ, ਤੋਂ ਵਹਿਮ ਈ ਨਾ ਕਰ ਤੇਰੇ ਤੋਂ ਬਿਨਾ ਮੈਂ ਕੋਈ ਹੋਰ ਜ਼ਨਾਨੀ ਸੋਚ ਵੀ ਨੇਂ ਸਕਦਾ ।"

ਬਾਬਰ ਦੀ ਕੁੜਮਾਈ ਹੋਈ ਵੀ ਟੁੱਟ ਵੀ ਗਈ ਪਰ ਤਾਜੀ ਦੇ ਦਿਲ ਵਿੱਚ ਗੰਢ ਭੱਜ ਗਈ ਉਹ ਹੁਣ ਬੁੱਝੀ ਬੁੱਝੀ ਜਿਹੀ ਰਹਿਣ ਲੱਗ ਪਈ ।ਨਾ ਖਾਣ ਪੀਣ ਵੱਲ ਧਿਆਨ ਨਾ ਕਿਸੇ ਹੋਰ ਗਲ ਵਲੇ ।ਬਾਬਰ ਬਥੇਰੀਆਂ ਤਸੱਲੀਆਂ ਦਵਾਵੇ ਪਰ ਉਹਦਾ ਤੇ ਜਿਵੇਂ ਇਤਬਾਰ ਈ ਉਠ ਗਿਆ ਹੋਵੇ ।ਇਕੋ ਈ ਗੱਲ ਕਰੇ, "ਤੋਂ ਬਦਲ ਗਿਆ ਏਂ ਧੋਖਾ ਕੀਤਾ ਈ ।" ਨਿੱਕਾ ਨਿੱਕਾ ਤਾਪ ਰਹਿਣ ਲੱਗ ਪਿਆ ਉੱਤੋਂ ਖੰਗ ਪਿਛਾ ਨਾ ਛੱਡੇ ।ਬਾਬਰ ਆਹਰ ਨਾਲ ਦਵਾ ਲਿਆ ਕੇ ਦਿੰਦਾ ਰਿਹਾ ਪਰ ਫ਼ਰਕ ਨਾ ਪਿਆ ਫਿਰ ਇਕ ਡਾਕਟਰ ਕੋਲ ਲੈ ਗਿਆ ।ਐਕਸਰੇ ਕਰਵਾਇਆ ਤੇ ਟੀ ਬੀ ਨਿਕਲੀ।

ਕੁੱਝ ਦਿਨ ਤੇ ਘੱਰ ਈ ਇਲਾਜ ਹੁੰਦਾ ਰਹੀਆ ਪਰ ਤਕਲੀਫ਼ ਵ੍ਹਦਦੀ ਗਈ ਤੇ ਗੁਲਾਬ ਦੇਵੀ ਹਸਪਤਾਲ ਦਾਖ਼ਲ ਕਰਵਾ ਦਿਤੀ ।ਉਥੋਂ ਕੋਈ ਨਸੀਬਾਂ ਆਲਾ ਈ ਬਚ ਕੇ ਨਿਕਲਦਾ ਏ ।ਬਾਬਰ ਰੋਜ਼ ਜਾਵੇ ਦਵਾ ਦਾਰੂ ਦਾ ਧਿਆਨ ਕਰੇ ਫੁੱਲ ਸ਼ੁਲ ਲੈ ਜਾਵੇ ।ਹੌਲੀ ਹੌਲੀ ਉਹਦੇ ਦਫ਼ਤਰ ਦਾ ਕੰਮ ਵੱਧ ਗਿਆ ਹਸਪਤਾਲੋਂ ਨਾਗ਼ੇ ਪੈਣ ਲੱਗ ਪਏ ।ਤਾਜੀ ਦੀ ਵਾਰਡ ਵਿਚ ਕਿਸ਼ੋਰ ਨਾਂ ਦੀ ਨਰਸ ਸੀ। ਉਹਨੂੰ ਤਾਜੀ ਦਾ ਖ਼ਿਆਲ ਰੱਖਣ ਦੀ ਤਾਕੀਦ ਕੀਤੀਉ ਸੁ ।ਉਹਨੇ ਖ਼ਾਸ ਤੌਰ ਤੇ ਤਾਜੀ ਦਾ ਖ਼ਿਆਲ ਕਰਨਾ ।ਬਾਬਰ ਨੇ ਜਦੋਂ ਕਦੀ ਤਾਜੀ ਨੂੰ ਮਿਲਣ ਹਸਪਤਾਲ ਜਾਣਾ ਜਿਹੜੀ ਹੁਣ ਮੰਜੀ ਨਾਲ ਮੰਜੀ ਹੋ ਚੱਕੀ ਸੀ ਤੇ ਕਿਸ਼ੋਰ ਨਾਲ ਹਸਪਤਾਲ ਦੀ ਕੰਟੀਨ ਤੇ ਚਾਹ ਪੀਣ ਚਲੇ ਜਾਣਾ ।ਹੌਲੀ ਹੌਲੀ ਹਸਪਤਾਲੋਂ ਬਾਹਰ ਵੀ ਖਾਣਾ ਸ਼ਾਨਾ ਖਾਣ ਲੱਗ ਪਏ ।ਕਦੀ ਦੋਹਾਂ ਦਾ ਫ਼ਿਲਮ ਦਾ ਪ੍ਰੋਗਰਾਮ ਵੀ ਬਣ ਜਾਣਾ ਤੇ ਜਦੋਂ ਜਨਾ ਜਨੀ ਕੱਠੇ ਫ਼ਿਲਮ ਵੇਖ ਕੇ ਆਉਂਦੇ ਤੇ ਮੁੜ ਰਾਤ ਨੂੰ ਉਹ ਆਪੇ ਹੀਰੋ ਤੇ ਹੀਰੋਇਨ ਬਣ ਜਾਂਦੇ ਨੇਂ ।ਸੋ ਇਹ ਨਵੀਂ ਕਹਾਣੀ ਹੁਣ ਅਗਾਂਹ ਨੂੰ ਟੁਰ ਪਈ ।ਉਧਰ ਤਾਜੀ ਤੜਫ਼ੇ, ਬਾਬਰ ਆਵੇ ਤੇ ਉਹਨੂੰ ਆਖਾਂ ਮੈਨੂੰ ਕੋਹ ਮਰੀ ਲੈ ਜਾ ਪਰ ਉਹ ਤੇ ਹੁਣ ਆਉਂਦਾ ਈ ਨਹੀਂ। ਵਿਆਹ ਕਰ ਲਿਆ ਹੋਨਾ ਸੁ ।ਜਿੰਨਾ ਬਿਮਾਰ ਹੋਵੇ ਜਨਾਨੀ ਸਗੋਂ ਉਹਦੇ ਵੱਲ ਜ਼ਿਆਦਾ ਧਿਆਨ ਕਰਦੀ ਏ ।ਕਿੱਧਰੇ ਮਰ ਈ ਨਾ ਜਾਏ ।ਜਨਾਨੀ ਬਿਮਾਰ ਹੋਵੇ ਤੇ ਸੌ ਵਿੱਚੋਂ ਇੱਕ ਹੋਵੇ ਗਾ ਜੋ ਅਪਣੀ ਜਾਨ ਮਾਰੇ ।ਕਿਉਂ ਜੇ ਜ਼ਨਾਨੀਆਂ ਤੇ ਵਾਧੂ ਹੋਈਆਂ ਫਿਰਦੀਆਂ ਨੇਂ ।ਨਾਲੇ ਰਾਂਝਿਆਂ ਨੂੰ ਹੁਣ ਹੀਰਾਂ ਬਥੇਰੀਆਂ ।

ਤਾਜੀ ਦਿਨੋਂ ਦਿਨ ਘੱਟਦੀ ਜਾਵੇ ਤੇ ਬਾਬਰ ਹੱਦੋਂ ਈ ਵਧਦਾ ਜਾਵੇ ।ਉਹਦੀ ਕਹਾਣੀ ਇਥੋਂ ਤਾਈਂ ਅਪੜ ਗਈ ਕਿ ਕਿਸ਼ੋਰ ਨੇ ਹਸਪਤਾਲ ਦੀ ਨੌਕਰੀ ਤੋਂ ਇਸਤੀਫ਼ਾ ਦੇ ਦਿੱਤਾ ਤੇ ਬਾਬਰ ਨੇ ਅਪਣੀ ਨੌਕਰੀ ਤੋਂ ਲੰਮੀ ਛੁੱਟੀ ਲੈ ਲਈ ਤੇ ਦੋਂਵੇਂ ਕਰਾਚੀ ਟੁਰ ਗਏ ।

ਇਸ ਤੋਂ ਤਰੀਜੇ ਦਿਨ ਤਾਜੀ ਮੁੱਕ ਗਈ ਉਹ ਹੁਣ ਇਕ ਲਾਵਾਰਿਸ ਲਾਸ਼ ਸੀ।

---

## ਫ਼ਰਖੰਦਾ ਲੋਧੀ ਦੇ ਦੋ ਕਹਾਣੀ ਸੰਗ੍ਰਹਿ
## ਚੰਨੇ ਦੇ ਉਹਲੇ
## ਹਿਰਦੇ ਵਿਚ ਤਰਾਟਾਂ



# ਅੰਗੂਠਾ/ਰਾਣਾ ਜਹਾਂਗੀਰ ਮੰਜ਼ਰ

"ਸਲਾਮ ਚੌਧਰੀ ਜੀ !"

"ਵਾਲੀਕਮ ਸਲਾਮ, ਨੂੰ ਓ ਆ ਵਈ ਛੀਦੀਆ ! ਓ ਕੀ ਹਾਲ ਏ ਤੇਰਾ, ਤੇ ਕਿੱਥੇ ਰਹਿਣਾ ਏਂ ।"

"ਇੱਥੇ ਈ ਰਹਿਣਾ ਆਂ ਚੌਧਰੀ ਜੀ ।ਅਸਾਂ ਮਾੜੀਆਂ ਨੇ ਕਿਥੇ ਰਹਿਣਾ ਏਂ ।ਬੱਸ ਤੁਹਾਡੇ ਪੈਰਾਂ ਹੇਠ ਈ ਜੰਮੇ ਸਾਂ ਤੇ ਇੱਥੇ ਈ ਮਰ ਖੱਪ ਜਾਣਾ ਏਂ ।"

"ਓ ਨਹੀਂ ਉਏ, ਏਡਾ ਥੁੜ ਦਿਲਾ ਨਹੀਂ ਹੋਈਦਾ ।ਓ ਕੁੱਝ ਚਾਹੀਦਾ ਈ ਤੇ ਦਸ !ਕੋਈ ਰੋਟੀ ਟੁੱਕਰ ਵੀ ਖਾਦਾ ਈ ਕਿਤੋਂ ਕਿ ਨਹੀਂ ।ਬੜਾ ਲੱਥਾ ਪਥਾ ਆਇਆ ਏਂ ।ਬਹਿ ਜਾ ! ਤੇ ਬਹਿ ਕੇ ਦੱਸ ਕੀ ਗੱਲ ਏ ।" ਚੌਧਰੀ ਦੀ ਮੰਜੀ ਦੇ ਪਵਾਂਦੀ ਬਹਿ ਕੇ ਛੀਦੇ ਨੇ ਇਕ ਲੰਮਾ ਹੋਕਾ ਸੁੱਟਿਆ ।

"ਹਾਂ ਹੁਣ ਦੱਸ ਕੀ ਗੱਲ ਏ ?"

"ਕੁੱਝ ਨਹੀਂ ਚੌਧਰੀ ਜੀ !ਮੈਂ ਤੇ ਬੱਸ ਇਹ ਸੋਚ ਰਿਹਾ ਸਾਂ ਪਈਸ਼ ਓ !"

"ਓ ਤੋਂ ਸੋਚਣਾ ਵੀ ਏਂ !" ਹੱਸਦਿਆਂ ਹੋਇਆਂ ਚੌਧਰੀ ਨੇ ਕਹਿਆ ।

"ਆਹੋ ਚੌਧਰੀ ਜੀ !ਅਸੀਂ ਮਾੜੇ ਸੋਚ ਈ ਤੇ ਸਕਦੇ ਆ ।ਕਰਨਾ ਤੇ ਤੁਹਾਡੇ ਵਸ ਵਿਚ ਏ ।ਜੋ ਚਾਹੋ ਤੇ ਜਦੋਂ ਚਾਹੋ ਕਰ ਸਕਦੇ ਓ ।"

"ਇਹ ਅੱਜ ਤੋਂ ਕਿੱਸਰਾਂ ਦੀਆਂ ਗੱਲਾਂ ਪਿਆ ਕਰਨਾ ਏਂ ਛੀਦੀਆ ।ਮੇਰੀ ਸਮਝ ਵਿਚ ਤੇ ਕੁੱਝ ਨਹੀਂ ਪਿਆ ਆਉਂਦਾ ।ਮੈਂ ਗੱਲ ਹੋਰ ਕਰਨਾ ਆਂ ਤੇ ਤੋਂ ਜਵਾਬ ਹੋਰ ਦੇਣਾ ਏਂ ।ਖੁੱਲ ਕੇ ਗੱਲ ਕਰ !ਕੀ ਗੱਲ ਏ ।"

"ਉਹ ਮੈਂਸ਼ ਮੈਂ ਉਹ ਚੌਧਰੀ ਜੀ !ਓ ਕੀ ਮੈਂ ਮੈਂ ਲਾਈਦੀ ਆ ।ਸਿੱਧੀ ਗੱਲ ਕਰ।"

"ਗੱਲ ਘਟਾ ਤੇ ਮਿੱਟੀ ਏ ਚੌਧਰੀ ਜੀ ।ਇਕ ਢੱਗਾ ਪਿਛਲੇ ਵਰ੍ਹੇ ਮਰ ਗਿਆ ਸੀ ਤੇ ਦੂਜਾ ਅੱਜ ਮਰ ਗਿਆ ਏ ਜੀ ।ਅੱਗੋਂ ਮੁੰਜੀ ਦੇ ਦਿਹਾੜੇ ਸ਼ੁਰੂ ਹੋਣ ਵਾਲੇ ਨੇਂ ਕੱਦੂ ਕਰਕੇ ਚਾਰ ਪੈਸੇ ਕਮਾ ਲੈਦਾ ਸੀ ।ਹੁਣ ਉਹ ਵੀ ਕੰਮ ਮੁਕਾ।"

"ਉਹ ਪਾਗਲਾ ਢੱਗਾ ਮਰ ਗਿਆ ਏ ।ਕਿਹੜਾ ਪੈਂਦ ਉੱਜੜ ਗਿਆ ਏ ।ਐਵੇਂ ਘੰਟੇ ਤੋਂ ਮੇਰਾ ਸਿਰ ਪਿਆ ਖਾਂਦਾ ਸੈਂ ।"

"ਇਸੀ ਮਾੜੇ ਲੋਕ ਆਂ ! ਸਾਦੀ ਤੇ ਦੁਨੀਆ ਉਜੜ ਗਈ ਏ ਚੌਧਰੀ ਜੀ ।" ਇਹ ਕਹਿੰਦਿਆਂ ਹੋਇਆਂ ਛੀਦੇ ਦੇ ਗਲੇਡੂ ਬਾਹਰ ਆ ਪਏ ।

"ਉਹ ਨਹੀਂ ਉਏ ਨਹੀਂ ਬਣਦੇ ਰੋਂਦੇ ਬੁਰੇ ਲਗਦੇ ਨੇਂ ਉਏ ।ਅਜੇ ਇਸੀ ਤੁਹਾਡੇ ਸਿਰ ਤੇ ਜਿਉਣੇ ਜਾਗਨੇ ਆਂ ਤੇ ਸਾਡੇ ਹੁੰਦਿਆਂ ਤੁਹਾਨੂੰ ਛੀਨਾ ਨਹੀਂ ਹੋਣੀ ਚਾਹੀਦੀ ।ਸਵੇਰੇ ਚੱਲ ਮੰਡੀ ਮੇਰੇ ਨਾਲ !ਮੈਂ ਤੈਨੂੰ ਉਥੋਂ ਵਧੀਆ ਢਗਾ ਲੈ ਕੇ ਦੇਣਾ ਉਂ ।ਮਰਨ ਵਾਲੀ ਸ਼ੈਅ ਸੀ ।ਮਰ ਗਈ ਏ ।ਹੁਣ ਉਹਦੇ ਨਾਲ ਤੇ ਨਹੀਂ ਮਰਿਆ ਜਾਂਦਾ ।" ਅੱਥਰੂ ਟਮਕੀਰਦੇ ਹੋਏ ਛੀਦੇ ਨੂੰ ਚੌਧਰੀ ਨੇ ਆਖਿਆ ।

ਤੇ ਉਹਦੇ ਨਾਲ ਈ ਚੌਧਰੀ ਨੇ ਬੋਝੇ ਵਿੱਚੋਂ ਇਕ ਕਾਗ਼ਜ਼ ਕੱਢਿਆ ਤੇ ਟੋਕੇ ਦੇ ਕਾਲੇ ਤੇਲ ਨਾਲ ਉਹਦੇ ਉੱਤੇ ਛੀਦੇ ਦਾ ਅੰਗੂਠਾ ਲਵਾ ਲਿਆ ਤੇ ਕਿਹਾ,

"ਜਾ ਹੁਣ ਉਠ ਗੱਲਾਂ ਗੱਲਾਂ ਵਿੱਚ ਮੇਰਾ ਹੁੱਕਾ ਬੁਝਾ ਦਿੱਤਾ ਈ ।ਟੋਪੀ ਫੜ ਤੇ ਧੂਏਂ ਤੋਂ ਅੱਗ ਧਰ ਲਿਆ ।"

"ਹਲਾ ਚੌਧਰੀ ਜੀ ।" ਛੀਦਾ ਅੱਖੀਆਂ ਪੂੰਝਦਾ ਹੋਇਆ ਛੇਤੀ ਨਾਲ ਉਠਿਆ ਤੇ ਹੁੱਕੇ ਦੀ ਟੋਪੀ ਲੈ ਕੇ ਧੂਏਂ ਵੱਲ ਟੁਰ ਪਿਆ ।ਉਹ ਕਦੀ ਧੂਏਂ ਨੂੰ ਫੂਕਾਂ ਮਾਰਦਾ ਤੇ ਕਦੀ ਲਾਚੇ ਦੇ ਪਲੋਏ

ਨਾਲ ਹਵਾ ਦਿੰਦਾ ।ਅੱਗ ਬਣਾ ਕੇ ਉਸ ਹੁੱਕਾ ਤਾਜ਼ਾ ਕੀਤਾ ਤੇ ਇਕ ਲੰਮਾ ਸੂਟਾ ਖਿੱਚ ਕੇ ਚੌਧਰੀ ਨੇ ਖੰਗੂਰਾ ਮਾਰਿਆ ।ਛੀਦਾ ਹਾਲੀ ਤੀਕ ਅਪਣੀ ਹੁੱਕੇ ਦੀ ਕਾਰ ਗੁਜ਼ਾਰੀ ਸੁਣਨ ਨੂੰ ਖਲੋਤਾ ਹੋਇਆ ਸੀ ।

"ਠੀਕ ਏ ਛੀਦੀਆ ਹੁਣ ਤੋਂ ਜਾ ਤੇ ਸਵੇਰੇ ਤਿਆਰ ਰਹਵੇਂ ।ਮੰਡੀ ਜਾਣਾ ਏਂ ।" "

ਹਲਾ ਚੌਧਰੀ ਜੀ ।" ਕਹਿ ਕੇ ਛੀਦਾ ਘੱਰ ਵੱਲ ਟੁਰ ਪਿਆ ।ਚੌਧਰੀ ਕਿੱਡਾ ਚੰਗਾ ਬੰਦਾ ਏ ।ਇਹਨੂੰ ਸਾਡਾ ਮਾੜੀਆਂ ਦਾ ਕਿਨਾ ਖ਼ਿਆਲ ਏ ।ਇਹੋ ਸੋਚਾਂ ਸੋਚਦਾ ਹੋਇਆ ਉਹ ਵੇੜ੍ਹੇ ਜਾ ਵੜਿਆ ਤੇ ਸਰਦਾਰਾਂ ਦਾ ਲੱਥਾ ਮੂੰਹ ਵੇਖ ਕੇ ਉਹਦੇ ਕੋਲ ਚੁੱਲ੍ਹੇ ਅੱਗੇ ਜਾ ਬੈਠਾ।

"ਓ ਕੋਈ ਰੋਟੀ ਟੁੱਕਰ ਵੀ ਹੈ ਈ ਕਿ ਨਹੀਂ ?"

"ਰੋਟੀ ਤੇ ਸਾਡੇ ਨਸੀਬਾਂ ਵਿਚ ਲਿਖਣ ਵਾਲੇ ਨੇ ਈ ਗੁਣ ਮਿੱਥ ਕੇ ਰੱਖੀ ਏ ਭੁੱਲਿਆ ।ਨਾ ਰਿਜਨ ਜੋਗੀ ਲੱਭਦੀ ਏ ।ਤੇ ਕੀਤੇ ਵਾਅਦੇ ਕਾਰਨ ਭੁੱਖਾ ਮਰਨ ਨਹੀਂ ਦਿੰਦਾ।" ਸਰਦਾਰਾਂ ਨੇ ਚੁੱਲ੍ਹੇ ਵਿੱਚ ਫੂਕ ਮਾਰਦਿਆਂ ਹੋਇਆਂ ਆਖਿਆ ।

"ਓ ਇਹੋ ਜਿਹੀਆਂ ਰੁੱਖੀਆਂ ਗੱਲਾਂ ਰੱਬ ਨੂੰ ਚੰਗੀਆਂ ਨਹੀਂ ਲਗਦੀਆਂ ਸਰਦਾਰਾਂ।ਤੇ ਨਾਲੇ ਜੇ ਉਹ ਸਾਰਿਆਂ ਨੂੰ ਸਾਰਾ ਕੁੱਝ ਪੋਲੇ ਭਾਅ ਈ ਦੇ ਦਿੰਦਾ ਤੇ ਉਹਨੂੰ ਾਂਧ ਕੀਹਨੇ ਕਰਨਾ ਸੀ । ਇਹ ਉਹਦੀ ਈ ਮਿਹਰ ਏ ਪਈ ਚੌਧਰੀ ਨੇ ਮੇਰੇ ਜਿਹੇ ਮਾੜੇ ਬੰਦੇ ਨੂੰ ਢਗਾ ਲੈ ਕੇ ਦੇਣ ਦਾ ਵਾਅਦਾ ਕਰ ਲਿਆ ਏ ।ਤੇ ਸਵੇਰੇ ਮੈਂ ਚੌਧਰੀ ਹੋਰਾਂ ਨਾਲ ਮੰਦੀ ਜਾਣਾ ਏਂ, ਪਰ,,,!"

"ਪਰਸ਼ ਪਰ ਕੀ ਛੀਦੀਆ ! ਚੌਧਰੀ ਨੇ ਮੇਰਾ ਅੰਗੂਠਾ ਇਕ ਚਿੱਟੇ ਕਾ.ਗਜ਼ ਤੇ ਲਵਾ ਲਿਆ ਏ ਸਰਦਾਰਾਂ।"

"ਉਹ ਕਿਉਂ ?" ਸਰਦਾਰਾਂ ਨੇ ਪੁੱਛਿਆ ।ਤੇ ਫਿਰ ਆਪ ਈ ਕਹਿਣ ਲੱਗੀ ।"ਖ਼ੋਰੇ ਢੱਗੇ ਦੀ ਰਾਹਦਾਰੀ ਲਿਖਣੀ ਹੋਵੇ।ਤਾਂ ਜੇ ਮੰਡੀਉਂ ਪਰਤਣ ਵੇਲ਼ੇ ਤੈਨੂੰ ਰਾਹ ਵਿਚ ਕੋਈ ਸਰਕਾਰੀ ਬੰਦਾ ਪੁਛ ਗਿਛ ਨਾ ਕਰੇ।"

"ਆਹੋ !ਮੈਨੂੰ ਵੀ ਇਹੋ ਸਮਝ ਆਈ ਸੀ ।" ਛੀਦੇ ਨੇ ਆਖਿਆ ।

"ਪਰ ਰਾਹਦਾਰੀ ਤੇ ਨੰਬਰਦਾਰ ਲਿਖ ਕੇ ਦਿੰਦਾ ਏ ਛੀਦੀਆ ।" ਸਰਦਾਰਾਂ ਨੇ ਆਖਿਆ।

"ਉਹ ਨੰਬਰਦਾਰ ਵੀ ਤੇ ਚੋਧਰੀ ਹੋਰਾਂ ਦਾ ਈ ਭਰਾ ਵੇ ਨਾ।ਵੇਖੇਂ ਛੀਦੀਆ !ਕਿਤੇ ਹੂਰ ਕੋਈ ਓਈ ਦੀ ਖੋਈ ਨਾ ਪੈ ਜਾਵੇ।ਇਹ ਵੱਡੇ ਲੋਕ ਨੇਂ!ਤੇ ਇਨ੍ਹਾਂ ਦੇ ਹਿਸਾਬ ਕਿਤਾਬ ਵੀ ਵੱਡੇ ਈ ਹੁੰਦੇ ਨੇਂ ।ਤੇ ਸਾਡੀ ਝੁਗੇ ਵਿਚ ਛੇ ਕਨਾਲਾਂ ਪੈਲੀ ਏ ! ਤੇ ਹੈ ਵੀ ਉਨ੍ਹਾਂ ਦੀਆਂ ਪੀਲੀਆਂ ਦੇ ਵਿਚਕਾਰ ।"

"ਉਹ ਨਹੀਂ ਸ਼ਦੀਨੇਂ ਤੋ ਐਵੇਂ ਪਈ ਪ੍ਰੇਸ਼ਾਨ ਹੁਣੀ ਏਂ ।ਇਹ ਛੇ ਕਨਾਲਾਂ ਪੈਲੀ ਦੀ ਤੇ ਸਾਨੂੰ ਉਨ੍ਹਾਂ ਦੇ ਈ ਵਡੇਰਿਆਂ ਨੇ ਤਕੀਏ ਤੋਰ ਦਿੱਤੀ ਸੀ ।ਤੇ ਉਹ ਵੀ ਸੌ ਸਾਲ ਪਹਿਲਾਂ।ਪਿਓ ਦਾਦੇ ਤੋਂ ਇਸੀ ਉਨ੍ਹਾਂ ਦੀ ਸਿੱਪੀ ਆ ।ਤੇ ਨਾਲੇ ਉਨ੍ਹਾਂ ਦੇ ਉੱਤੇ ਰੱਬ ਦੀ ਏਨੀ ਮਿਹਰ ਏ ਪਈ ਪੰਧਰਾਂ ਵੀਹੀਆਂ ਮੁਰੱਬਿਆਂ ਵਿਚ ਸਾਡੀਆਂ ਛੇ ਕਨਾਲਾਂ।ਨਹੀਂ ਨਹੀਂ ਸਰਦਾਰਾਂ !ਤੈਨੂੰ ਐਵੇਂ ਵਸੋਸੀਆਂ ਨੇ ਘੇਰ ਲਿਆ ਏ ।ਜਾ ਉਠ ਤੇ ਹੁੱਕਾ ਤਾਜ਼ਾ ਕਰ ।"

ਨ੍ਹੇਰੇ ਨ੍ਹੇਰੇ ਈ ਛੀਦਾ ਉਠ ਖੁਲਵਾ।ਮੂੰਹ ਤੇ ਪਾਣੀ ਦੇ ਚਾਰ ਛਿੱਟੇ ਮਾਰੇ ਤੇ ਲੱਸੀ ਦਾ ਕੋਲਾ ਜਿਹੜਾ ਸਰਦਾਰਾਂ ਨਾਲ ਵਾਲਿਆਂ ਦੇ ਘਰੋਂ ਮੰਗ ਕੇ ਲਿਆਈ ਸੀ, ਪੀਤਾ ।ਢਿੱਡ ਤੇ ਹੱਥ ਫੇਰਿਆ ਤੇ ਚੌਧਰੀਆਂ ਦੀ ਹਵੇਲੀ ਟੁਰ ਗਿਆ ।ਆਹੋ ਚੌਧਰੀ ਜੀ ।ਤੇ ਚੌਧਰੀ ਹਵਾਂ ਨੇ ਅਪਣੀ ਨਵੀਂ ਮਾਡਲ ਦੀ ਕਾਰ ਵਿਚ ਪਿਛਲੀ ਸੀਟ ਤੇ ਛੀਦੇ ਨੂੰ ਬਿਠਾਇਆ ਤੇ ਮੰਡੀ ਟੁਰ ਗਿਆ ।ਸੁਹਣਾ ਬਲਦ ਖ਼ਰੀਦ ਕੀਤਾ ਤੇ ਕਿਹਾ,



"ਲੈ ਛੀਦੀਆਂ ਪੈਸੇ ਮੈਂ ਦੇ ਦਿਤੇ ਨੇਂ ਤੇ ਇਹ ਲੈ ਫੜ ਮੰਡੀ ਦੀ ਪਰਚੀ ਤੇ ਚੱਲ ਪਿੰਡ ਨੂੰ! ਮੈਂ ਕਚਹਿਰੀਉਂ ਹੋ ਆਵਾਂ।"

ਢਗਾ ਲੈ ਕੇ ਦੁਪਹਿਰੋਂ ਮਗਰੋਂ ਛੀਦਾ ਪਿੰਡ ਪੁਜਾ ।ਸਰਦਾਰਾਂ ਨੇ ਸਰ੍ਹੋਂ ਦੇ ਤੇਲ ਵਾਲੀ ਕੁਲੀ ਛੀਦੇ ਨੂੰ ਫੜਾਈ ।ਛੀਦੇ ਨੇ ਢੱਗੇ ਦੇ ਸਿੰਗ੍ਹ ਚੋਪੜੇ ਤੇ ਵੇੜ੍ਹੇ ਦੇ ਵਿੱਚ ਇੱਕ ਪਾਸੇ ਕਿਲੇ ਨਾਲ ਬੰਨ੍ਹ ਦਿੱਤਾ ।ਆਂਢ ਗੁਵਾਂਢ ਨੇ ਛੀਦੇ ਦਾ ਢਗਾ ਵੇਖਿਆ ।ਸਾਰੀਆਂ ਬਹੁਤ ਈ ਪਸੰਦ ਕੀਤਾ ਤੇ ਜਿਹੜਾ ਵੀ ਢੱਗੇ ਦਾ ਮੁੱਲ ਪੁੱਛਦਾ ।ਛੀਦਾ ਆਖਦਾ ਪਈ ਮੁੱਲ ਦਾ ਚੌਧਰੀ ਹੋਰਾਂ ਨੂੰ ਈ ਪਤਾ ਏ । ਛੀਦਾ ਢਗਾ ਵੇਖ ਵੇਖ ਕੇ ਰਾਜ਼ੀ ਹੁੰਦਾ ।ਕਦੇ ਉਹਨੂੰ ਥਾਪੜਾਂ ਦਿੰਦਾ ਕਦੇ ਕਿਲੇ ਦੁਆਲੇ ਫਿਰ ਫਿਰ ਕੇ ਉਹਦੇ ਲੰਗ ਪੈਰ ਜਾਚਦਾ ਤੇ ਮੁੜ ਪੱਠੇ ਲੈਣ ਖੋਹੇ ਵੱਲ ਟੁਰ ਗਿਆ ।ਪੱਠੇ ਕੁਤਰ ਕੇ ਉਸ ਢੱਗੇ ਦੀ ਖੁਰਲੀ ਵਿੱਚ ਪਾਏ ।ਢਗਾ ਖੁੱਲੀ ਵਾਲੇ ਕਿਲੇ ਬੱਧਾ ਆਪ ਵੇੜ੍ਹੇ ਚ ਮੰਜੀ ਡਾਹ ਕੇ ਬਹਿ ਗਿਆ ।

"ਸਰਦਾਰਾਂ ਮੇਰੀ ਮਰਜੀ ਏ ਖਹੜ (ਬੇੜ) ਨਾ ਵੱਟ ਲੀਏ ।ਮੈਂ ਕਣਕ ਵੇਖ ਕੇ ਆਇਆ ਆਂ ਕਣਕਾਂ ਤੇ ਲਾਲੀ ਫਿਰ ਗਈ ਏ ।ਹੋਰ ਦੋਂਹ ਤਿਨਾਂ ਦਿਨਾਂ ਚ ਪੱਕ ਪੀਨੀਆਏਂ ।"

ਸਰਦਾਰਾਂ ਰਸੋਈ ਦੀ ਗੁਠੇ ਲੱਗੀ ਪਰਾਲੀ ਚੁਕ ਲਿਆਈ ।ਨਿਕਲੇ ਤੋਂ ਗਿੱਲੀ ਕੀਤੀ ! ਤੇ ਮੁੜ ਦੋਵੇਂ ਜੀ ਖਹੜ ਵੱਟਣ ਲੱਗ ਪਏ ।

"ਚੌਧਰੀ ਨੇ ਸਾਡੇ ਮਾੜੀਆਂ ਤੇ ਬੜਾ ਅਹਿਸਾਨ ਕੀਤਾ ਏ ਸਰਦਾਰਾਂ! ਹੁਣ ਕਿਹੜਾ ਵੇਲਾ ਏ ਲੋਕ ਤੇ ਵੱਢੀ ਉਂਗਲ ਤੇ ਨਹੀਂ ਮੂਤਰ ਦੇ ।" ਖਹੜ ਨੂੰ ਤਨਦੋਲੀ ਲਾਂਦੀਆਂ ਹੋਇਆਂ ਛੀਦੇ ਨੇ ਆਖਿਆ ।

"ਚੰਗੇ ਦੀ ਇਸੇ ਈ ਦੁਨੀਆ ਦੇ ਵਸਨੀਕ ਨੇਂ ਛੀਦੀਆ !ਸੱਚ ਸਿਆਣਿਆ ਆਖਿਆ ਏ ਜੇ ਪੰਜੇ ਉਂਗਲਾਂ ਇਕੋ ਜਿਹੀਆਂ ਨਹੀਂ ਹੁੰਦਿਆ ।" ਖਹੜ ਨੂੰ ਵੱਟ ਚੜ੍ਹਾਂਦੀ ਹੋਈ ਸਰਦਾਰਾਂ ਨੇ ਆਖਿਆ ।ਅਗਲੇ ਦੋਂਹ ਤਿਨਾਂ ਦਿਨਾਂ ਨੂੰ ਵਾਢੀ ਸ਼ੁਰੂ ਹੋ ਗਈ ।ਉਹ ਦੋਵੇਂ ਮੂੰਹ ਹਨੇਰੇ ਉਠਦੇ ਢੱਗੇ ਲਈ ਪੱਠੇ ਬਣਾਂਦੇ ਖਹੜ ਕੱਛੇ ਮਾਰ ਕੇ ਲੱਸੀ ਦਾ ਭੁੱਲਣਾ ਚੁੱਕਦੇ ਤੇ ਵਾਢੀ ਟੁਰ ਜਾਂਦੇ ।ਛੇਤੀ ਹੀ ਵੱਢ ਕੁਤਰ ਕੇ ਉਨ੍ਹਾਂ ਹੱਲ ਬਣਾ ਸੁੱਟਿਆ ।ਤੇ ਸਰਦਾਰਾਂ ਕੁੰਡੀਆਂ ਦੀਆਂ ਗੰਡੜ੍ਹੀ ਸਿਰ ਤੇ ਰੱਖੀ ਤੇ ਪਿੰਡ ਟੁਰ ਆਈ ।

ਛੀਦਾ ਬੋਹਲ ਤੇ ਕੱਲਾ ਈ ਬੈਠਾ ਸੀ ।ਤੇ ਢਲਦੇ ਦਿਨ ਨਾਲ ਚੌਧਰੀ ਜੀ ਆਪਣੇ ਬੋਹਲਾਂ ਵੱਲ ਫੇਰਾ ਮਾਰਦਾ ਹੋਇਆ ਛੀਦੇ ਦੇ ਬੋਹਲ ਵੱਲ ਆ ਗਿਆ ।

"ਉਹ ਸੁਣਾ ਵਈ ਛੀਦੀਆ ।ਉਏ ਇਹੋ ਈ ਦਾਣੇ ਹੋਏ ਨੀ ?"

"ਆਹੋ ਚੌਧਰੀ ਜੀ !ਛੇ ਕਨਾਲਾਂ ਤੇ ਸਾਰੀ ਪੀਲੀ ਸੀ ।ਨਾਲੇ ਡੋਧੇ ਤੇ ਆ ਕੇ ਵਆਪੇ ਗਈ ਸੀ ਜੀ ।"

"ਚਲੋ ਬਥੇਰੀ ਏ ।ਠੀਕ ਏ!ਅੱਛਾ ਹੁਣ ਸੁਣ ਛੀਦੀਆ !ਮੈਂ ਤੇਰੇ ਨਾਲ ਇਕ ਗੱਲ ਕਰਨ ਲੱਗਾ ਆ ।ਧਿਆਨ ਨਾਲ ਸੁਣੀਂ ।"

"ਦੱਸੋ ਚੌਧਰੀ ਜੀ ਕੀ ਹੁਕਮ ਏਂ ਜੀ ।"

"ਛੀਦੀਆ ਤੋਂ ਸਾਡੇ ਕਿੰਨੇ ਪੈਸੇ ਦੇਣੇ ਨੇਂ ਭਲਾ।"

"ਪਤਾ ਨਹੀਂ ਚੌਧਰੀ ਜੀ ।ਤੁਹਾਨੂੰ ਈ ਪਤਾ ਏ ਜੀ ।ਮੈਨੂੰ ਤੇ ਏਨਾ ਈ ਚੇਤਾ ਏ ਚੌਧਰੀ ਜੀ !ਪਈ ਤਿੰਨ ਬੋਰੀਆਂ ਕਾਂਧ ਇਕ ਏ ਜੀ, ਹਜ਼ਾਰ ਰੁਪਈਆ ਡੀਜ਼ਲ ਵਾਲਾ ਏ ਜੀ ਤੇ ਢੱਗੇ ਦੇ ਰੋਪਈਏ ਨੇਂ ਜੀ ।"

"ਓ ਚੱਲ ਠੀਕ ਏ ।ਮੈਂ ਲਿਖ ਕੇ ਰੱਖੇ ਹੋਏ ਨੇਂ ।ਸਾਰੀ ਰਕਮ ਮੇਰੇ ਖ਼ਿਆਲ ਵਿਚ ਅਗਲਾ ਪਿਛਲਾ ਸੱਭ ਕੁਝ ਪਾ ਲਾ ਕੇ ਤੇ ਕੋਈ ਤ੍ਰੇਹ ਹਜ਼ਾਰ ਰੁਪਈਏ ਤੋਂ ਕੁੱਝ ਵੱਧ ਨੇਂ ।"

"ਠੀਕ ਏ ਚੌਧਰੀ ਜੀ ।ਮੈਂ ਇਕ ਇਕ ਪਾਈ ਦੀਆਂ ਗਾ ਜੀ ।"

"ਹੋਣਾ!ਪਾਗ਼ਲਾ ਤੋਂ ਕਿਥੋਂ ਏਨੀ ਰਕਮ ਦੇਈ ਏਂ ।ਤੋਂ ਇਸਰਾਂ ਕਰ।ਮੇਰੀ ਮਨ ਤੇ ਕਣਕ ਦੇ ਦੋ ਹਿੱਸੇ ਸਾਡੀ ਹਵੇਲੀ ਘੁਲ ਦੇ ਤੇ ਤੀਸਰਾ ਹਿੱਸਾ ਤੋਂ ਲੈ ਜਾ ।"

ਇਹ ਗੱਲ ਸੁਣ ਕੇ ਛੀਦੇ ਦਾ ਉਤਲਾ ਵਸਾਹ ਉੱਤੇ ਤੇ ਹੇਠਲਾ ਹੇਠਾਂ ਰਹਿ ਗਿਆ । ਇਹਦੇ ਮੂੰਹ ਚੋਂ ਬੱਸ ਏਨਾ ਈ ਨਿਕਲ ਸਕਿਆ ।"ਪਰ ਚੌਧਰੀ ਜੀ ।" ਤੇ ਚੌਧਰੀ ਦੇ ਭਾਰੇ ਦਬਕੇ ਲੈ ਉਹਦਾ 'ਪਰ' ਕਿਤੇ ਗੁਆ ਦਿਤਾ,

"'ਪਰ' ਕੀ ਹੁੰਦਾ ਏ ਉਏ ।ਸਾਡੇ ਰੁਪਈਏ ਹਰਾਮ ਦੇ ਨੇਂ ਯਾਂ ਕਿੱਕਰਾਂ ਨਾਲੋਂ ਲਹਿੰਦੇ ਨੇਂ । ਤੇ ਨਾਲੇ ਸੁਣ ਅੰਗੂਠਾ ਤੋਂ ਮੈਨੂੰ ਆਪੀ ਲਾ ਕੇ ਦਿੱਤਾ ਸੀ ।ਉਂਜ ਵੀ ਇਹ ਪੈਲੀ ਜੱਦੀ ਪੁਸ਼ਤੀ ਸਾਡੀ ਏ ।ਤੇਰਾ ਬਾਲ ਨਾ ਬੱਚਾ ਤੋਂ ਮਰਨ ਲੱਗਾ ਪੈਲੀ ਵੇਚ ਕੇ ਸਾਡੀਆਂ ਸ਼ਰੀਕੇ ਨਾਲ ਡਾਂਗਾਂ ਚੁਕਾ ਜਾਵੇਂ ਗਾ ।ਤੇ ਅਸੀਂ ਤੈਨੂੰ ਕਿੱਥੇ ਲੱਭਦੇ ਫਿਰਾਂਗੇ। ਸਾਡੇ ਵਡੇਰਿਆਂ ਨੇ ਤੁਹਾਨੂੰ ਵਾਹਨ ਖਾਣ ਨੂੰ ਦਿਤੀ ਸੀ ।ਸਾਦੀ ਮਿਹਰਬਾਨੀ ਸਮਝ ਪਈ ਅਸੀਂ ਮੁਫ਼ਤ ਦਿਤੀ ਹੋਈ ਜ਼ਮੀਨ ਮੁੱਲ ਲੈ ਰਹੇ ਆ ।ਹੋਰ ਤੈਨੂੰ ਮੌਤ ਚਾਹੀਦੀ ਏ ।ਤੇ ਅੱਗੋਂ ਵੀ ਤੁਸਾਂ ਈ ਦਾਹੀ ਖਾਣੀ ਏਂ ।ਅਸਾਂ ਕਿਹੜੀ ਤੇਰੇ ਕੋਲੋਂ ਖੋਹ ਲਈ ਏ ।ਯਾਂ ਅਸੀਂ ਪੀਲੀ ਚੁਕ ਕੇ ਕਿਤੇ ਲੈ ਚੱਲੇ ਆ ।"

ਥੋੜਾ ਸਾਹ ਮਾਰ ਚੌਧਰੀ ਬੋਲ ਸੀ,

"ਲੈ ਮੈਂ ਬੰਦੇ ਘੱਲਣਾ ਆਂ ਤੇ ਸਾਡਾ ਹਿੱਸਾ ਵੰਡ ਕੇ ਉਨ੍ਹਾਂ ਨੂੰ ਦੇ ਦੇਵੀਂ ।ਤੇ ਜੇ ਕੋਈ ਹੁਸ਼ਿਆਰੀ ਕੀਤੀ ਤੇ ਚੇਤਾ ਵੀ ਰੱਖੀਂ "।

ਇਹ ਕਹਿ ਕੇ ਚੌਧਰੀ ਤੇ ਟੁਰ ਗਿਆ ।ਤੇ ਜਾਂਦਾ ਹੋਇਆ ਛੀਦੇ ਦੀ ਹੋਸ਼ ਸੁਰਤ ਵੀ ਨਾਲ ਈ ਲੈ ਗਿਆ ।ਉਹ ਬਿਟਰ ਬਿਟਰ ਕਦੇ ਪੀਲੀ ਵੱਲ ਵੇਖਦਾ ਤੇ ਕਦੇ ਅਸਮਾਨ ਵੱਲ ਮੂੰਹ ਕਰ ਕੇ ਰੱਬ ਦੇ ਕੰਮਾਂ ਵੱਲੋਂ ।

ਕੌਣ ਆਇਆ, ਕੀ ਲੈ ਗਿਆ, ਤੇ ਕੀ ਛੱਡ ਗਿਆ ।ਛੀਦਾ ਚੁਪ ਚਾਪ ਉਠਿਆ ਬੇੜੀਆਂ ਰੋੜ੍ਹੀਆਂ ਤੇ ਪੰਡ ਵੱਲ ਟੁਰ ਪਿਆ ।ਬੇ ਦਲੀਲਾ ਹੋਇਆ ਦਾ ਉਹ ਜਦੋਂ ਘੱਰ ਦੇ ਨੇੜੇ ਪੁਜਾ ਤੇ ਉਸ ਵੇਖਿਆ ਪਈ ਲੋਕੀ ਦੌੜ ਦੌੜ ਉਹਦੇ ਈ ਘੱਰ ਵੱਲ ਨੂੰ ਜਾ ਰਹੇ ਨੇਂ ।ਲੱਤਾਂ ਉਹਦੇ ਜੁੱਸੇ ਦਾ ਸਾਥ ਤੇ ਪਹਿਲਾਂ ਈ ਛੱਡ ਬੈਠੀਆਂ ਸਨ ਪਰ ਫਿਰ ਵੀ ਉਹ ਛੇਤੀ ਛੇਤੀ ਘੱਰ ਪੂਜਾ ।ਕੁਝ ਵਾਜਾਂ ਉਹਦੇ ਕਣਾਂ ਵਿਚ ਪਈਆ, "ਉਹ ਇਹਨੂੰ ਸਰ੍ਹੋਂ ਦੇ ਤੇਲ ਵਿੱਚ ਥੋਮ ਕੁੱਟ ਕੇ ਦਿਓ।ਲਗਦਾ ਏ ਇਹਨੇ ਪੁੱਠੀਆਂ ਵਿਚੋਂ ਕੋਈ ਜ਼ਹਿਰੀਲਾ ਕੀੜਾ ਖਾ ਲਿਆ ਏ ।"

ਉਹ ਦੌੜਦਾ ਹੋਇਆ ਜਦ ਵੇੜ੍ਹੇ ਵੜਿਆ ਤੇ ਢਗਾ ਵੇੜ੍ਹੇ ਦੇ ਵਿਚਕਾਰ ਡਿੱਗਾ ਤੜਫ਼ ਰਿਹਾ ਸੀ ਤੇ ਉਹਦੇ ਵਹਿੰਦੀਆਂ ਵਹਿੰਦੀਆਂ ਈ ਇਕ ਲੰਮੀ ਆਕੜ ਲੈ ਕੇ ਠੰਡਾ ਹੋ ਗਿਆ ।ਤੀਲੀ ਵਾਲੀ ਕੁੱਲੀ ਸਰਦਾਰਾਂ ਦੇ ਹੱਥੋਂ ਡਿਗ ਪਈ ਤੇ ਉਹ ਢਾਈਂ ਮਾਰ ਮਾਰ ਰੋਵਣ ਲੱਗ ਪਈ ।

"ਨਾ ਰੋ ਸਰਦਾਰਾਂ! ਨਾ ਰੋ ! ਏਨੇ ਮਰ ਈ ਜਾਣਾ ਇਸੀ ।ਮਰ ਈ ਜਾਣਾ ਸੀ ਇਹਨੇ ਸਰਦਾਰਾਂ! ਦੁਨੀਆ ਉੱਤੋਂ ਜੀਨਾਂ ਦੇ ਕੰਮ ਮੁੱਕ ਜਾਵਣ ਉਹ ਨਹੀਂ ਰਹਿੰਦੇ ।ਉਹ ਮਰ ਈ ਜਾਂਦੇ ਨੇਂ ।"

ਦਲੇਰੀ ਦਿਲਾਸਾ ਦੇ ਕੇ ਵੇੜ੍ਹਾ ਮੁਹੱਲਾ ਆਪਣੇ ਆਪਣੇ ਘਰੀਂ ਟੁਰ ਗਿਆ ।

ਰਾਤ ਪੈ ਗਈ ਤੇ ਫਿਰ ਜਦੋਂ ਅਗਲੇ ਦਿਨ ਗਵਾਂਢਣ ਮਾਈ ਜੀਨੋ ਛਾਬੀ ਵਿਚ ਚੂਨਾ ਰੋਟੀਆਂ ਉੱਤੇ ਅੰਬ ਦਾ ਉਚਾਰ ਰੱਖ ਕੇ ਲੱਸੀ ਵਾਲਾ ਕੁੱਜਾ ਫੜਿਆ ਛੀਦੇ ਕੀ ਪੌੜੀ ਇਨ੍ਹਾਂ ਦੇ ਵੇੜ੍ਹੇ ਉਤਰੀ ਤੇ ਬੂਹੇ ਉੱਤੇ ਵੱਡਾ ਜਿੰਦਰਾ ਵਜਾ ਉਹਦਾ ਮੂੰਹ ਚਿੜਾ ਰਿਹਾ ਸੀ ।



# ਮੋਜਜ਼ਾ/ਕਰਾਮਤ ਅਲੀ ਮੁਗ਼ਲ

"ਮੁੱਠੀ ਵਿਚ ਰੇਤ ਕੈਦ ਏ"

"ਨਹੀਂ"

"ਰੇਤ ਵਿਚ ਮੈਂ ਕੈਦ ਆਂ"

"ਮੈਂ ਤੇ ਰੇਤ"

"ਰੇਤ ਤੇ ਮੈਂ"

ਦੋਵੇਂ ਇਕ ਦੂਜੇ ਨਾਲ ਜੁੜੇ ਦੋਵੇਂ ਇਕ ਦੂਜੇ ਤੋਂ ਵਖ ਦੋਵੇਂ ਇਕੋ ਜਿਹੇ ਦੋਵੇਂ ਅਪਣੀ ਹੋਂਦ ਅਪਣੀ ਤਲਾਸ਼ ਵਿੱਚ ਇੱਕ ਦੂਜੇ ਦੇ ਕੈਦੀ ।

"ਅਸੀਂ ਦੋਵੇਂ ਅਜ਼ਾਦ ਆਂ"

"ਅਸੀਂ ਦੋਵੇਂ ਕੈਦ ਆਂ"

"ਨਹੀਂ ?"

"ਕੀ ਅਸੀਂ ਦੋਵੇਂ ਅਜ਼ਾਦ ਕੈਦੀ ਆਂ"

"ਇਕਲਾਪੇ ਨੇ ਮੈ" ਮੇਰੇ ਤੱਕ ਆਉਣ ਲਈ ਸਫ਼ਰ ਵਾਸਤੇ ਤਿਆਰ ਕਰ ਲਿਆ ਏ ।ਮੈਂ ਆਪਣੇ ਦਿਲ ਦਾ ਸਫ਼ਰ ਸ਼ੁਰੂ ਕਰ ਲਿਆ ਏ ਤੇ ਇਸ ਤਰ੍ਹਾਂ ਆਪਣੇ ਆਪ ਤੋਂ ਬਹੁਤ ਦੂਰ ਹੋ ਗਿਆ ਆਂ ।

ਮੇਰਾ ਅਪਣਾ ਆਪ ਮੇਰੇ ਬਹੁਤ ਨੇੜੇ ਹੁੰਦਾ ਜਾ ਰਿਹਾ ਏ ਏਨਾ ਨੇੜੇ ਕਿ ਸਾਡੇ ਵਿਚ ਦੂਈ ਦਾ ਫ਼ਰਕ ਮਿਟਦਾ ਜਾਂਦਾ ਏ ।ਇਨਸਾਨ ਨੂੰ ਸੁੱਖ ਸਕੂਨ ਦਿੰਦਾ ਏ ਪਰ ਦੁਖ ਉਹਨੂੰ ਦੁਖ ਦੀ ਪਛਾਣ ਕਰਾਂਦਾ ਏ ਤੇ ਸੁੱਖ ਦੀ ਵੀ ।ਆਪਣੇ ਆਪ ਨੂੰ ਲੱਭਣ ਦੀ ਤਾਂਘ ਮੇਰੀ ਐਵੇਂ ਈ ਸ਼ੁਰੂ ਨਹੀਂ ਹੋ ਗਈ, ਇਹਦੇ ਵਾਸਤੇ ਮੈਨੂੰ ਬਹੁਤ ਦੌੜਨਾ ਪਿਆ।ਮੈਂ ਆਪਣੇ ਆਪ ਤੋਂ ਦੂਰ ਹੋਵਣ ਦੀ ਬਹੁਤ ਕੋਸ਼ਿਸ਼ ਕੀਤੀ ਤੇ ਕਦੇ ਲੱਗਾ ਵੀ ਮੈਂ ਆਪਣੇ ਆਪ ਤੋਂ ਬਹੁਤ ਦੂਰ ਆ ਗਿਆ ।ਪਰ ਅਗਲੇ ਪੱਲ ਸੱਭ ਕੁਝ ਮੁੱਕ ਜਾਂਦਾ ਫਿਰ ਉਹੀ ਵਾ ਵਰੋਲੇ ਫਿਰ ਉਹੀ ਰਾਤਾਂ ਦੀਆਂ ਉਸਲ ਵੱਟਿਆਂ ਸ਼ੁਰੂ ਹੋ ਜਾਂਦੀਆਂ ਨੇਂ । ਰਾਤਾਂ ਨੂੰ ਘੱਟ ਵਿਖਾਲੀ ਦੇਵਨ ਵਾਲੇ ਸ਼ਹਿਰਾਂ ਦੇ ਅਸਮਾਨ ਤੇ ਖਿਲਰੇ ਤਾਰੇ ਹੇਠਾਂ ਉਲਾਨੀ ਮੰਜੀ ਤੇ ਕਿੰਨੀਆਂ ਸੋਚਾਂ ਮੈਨੂੰ ਘੇਰ ਲੈਂਦੀਆਂਸ਼ ਮੈਂ ਉਦੋਂ ਵੀ ਤੇ ਕੁਝ ਵੀ ਨਹੀਂ ਸੀ ਹੁਣ ਵੀ ਕੁਝ ਨਹੀਂ ।ਘੱਰ ਵਿਚ ਹੁੰਦਿਆਂ ਵੀ ਮੈਂ ਘੱਰ ਨਹੀਂ ਹੁੰਦਾ ।

ਇਹ ਮਕਾਨ ਮੈਨੂੰ ਰਾਸ ਨਹੀਂ ਆਇਆ ।

ਇਹ ਹਾਊਸਿੰਗ ਸੋਸਾਇਟੀ ਸ਼ਹਿਰ ਤੋਂ ਦਸ ਮੀਲ ਦੀ ਵਿੱਥ ਤੇ ਬਣਾਈ ਗਈ ਏ । ਸ਼ਾਇਦ ਪੰਜਵਾਂ ਘੱਰ ਸਾਡਾ ਸੀ ਪੂਰੀ ਹਾਊਸਿੰਗ ਸੋਸਾਇਟੀ ਵਿਚ ਉਦੋਂ ਨਵੇਂ ਘੱਰ ਬਣ ਰਹੇ ਨੇਂ । ਠੇਕੇਦਾਰ ਇਕੋ ਈ ਸੀ, ਬਹੁਤ ਹੁਸ਼ਿਆਰ ਬਹੁਤ ਗੱਲਾਂ ਕਰਨ ਵਾਲਾ ।ਤੁਹਾਨੂੰ ਖੜੇ ਖਲੋਤੇ ਵੇਚ ਜਾਵੇ ।ਹਾਜੀ ਸੀ ਤੇ ਭਲਾ ਜਹਿਆ ਨਾਂ ਉਹਦਾ ਹਾਜੀ ਸ਼ੇਰ ਅਲੀ ਹਰ ਵਰ੍ਹੇ ਹੋਰ ਕਿੱਧਰੇ ਜਾਵੇ ਨਾ ਜਾਵੇ ਹੱਜ ਕਰਨ ਜ਼ਰੂਰ ਜਾਂਦਾ ।ਪੂਰੀ ਹਾਊਸਿੰਗ ਸੋਸਾਇਟੀ ਨੂੰ ਬਣਾਉਣ ਦਾ ਠੇਕਾ ਉਹਦੇ ਕੋਲ ਏ ।ਅੱਧੀ ਰਕਮ ਐਡਵਾਂਸ ਦੇਵਨ ਤੋਂ ਬਾਅਦ ਅਸੀਂ ਘੱਰ ਦੀ ਰਕਮ ਦੀਆਂ ਬਾਕੀ ਕਿਸਤਾਂ ਦੇਣੀਆਂ ਸਨ ਤੇ ਫਿਰ ਈ ਇਹਦਾ ਲੈਂਟਰ ਪੈਣਾ ।ਦਰਵਾਜ਼ੇ ਖਿੜਕੀਆਂ ਲੱਗਣੀਆਂ ਤੇ ਛੇ ਮਹੀਨੇ ਵਿਚ ਇਹ ਕੰਮ ਮੁਕੰਮਲ ਹੋਣਾ ਅੰਦਰਲਾ ਅਖ਼ੀਰਲਾ ਕਮਰਾ ਤਿਆਰ ਜਿੱਥੇ ਸਾਮਾਨ ਲਿਆ ਕੇ ਰੱਖਿਆ ਜਾ ਸਕਦਾ ਸੀ ਤੇ ਹਾਜੀ ਹੋਰਾਂ ਦੀ ਮੰਨਤ ਕਰ ਕੇ ਅਸੀਂ ਇੱਥੇ ਆਉਂਦੀਆਂ ਥੋੜਾ ਬਹੁਤ ਸਾਮਾਨ ਵੀ ਅੰਦਰ ਟਿਕਾ ਦਿੰਦੇ ਤਾਂ ਜੋ ਕਬਜ਼ਾ ਸਾਡੇ ਵਾਸਤੇ ਜਲਦੀ ਮੁਮਕਿਨ ਹੋ ਸਕੇ ਕਿਉਂ ਜੇ ਬਹੁਤ ਸਾਰੇ

ਫ਼ਰਾਡ ਹੋ ਰਹੇ ਨੇਂ ਤੇ ਜਿਹੜਾ ਬੰਦਾ ਕਰਾਏ ਤੇ ਰੁਲਦਾ ਰਿਹਾ ਹੋਵੇ ਉਹਨੂੰ ਜਦੋਂ ਆਪਣੀਆਂ ਜੜਾਂ ਲੱਭ ਰਹੀਆਂ ਹੋਵਣ ਉਹ ਮੁਕੰਮਲ ਹੁੰਦਾ ਜਾਂਦਾ ਏ ।ਕਰਾਏ ਦਾਰ ਤੋਂ ਮਾਲਿਕ ਬਣਨ ਦਾ ਸਫ਼ਰ ਦੋਜ਼ਖ਼ ਤੋਂ ਜੰਨਤ ਦੇ ਸਫ਼ਰ ਵਾਂਗ ਏ ਜਿਹੜਾ ਹਰ ਕੋਈ ਕਰਨਾ ਚਾਹੁੰਦਾ ਏ ।ਮੈਂ ਹਾਜੀ ਹੋਰਾਂ ਨਾਲ ਕੋਈ ਦੋ ਕੂ ਵਾਰ ਮਿਲਿਆ।ਧੁਨੀ ਤੱਕ ਦਾੜ੍ਹੀ ਤੇ ਉਹ ਹੱਥ ਫੇਰਦਾ ਗੱਲ ਕਰਦਾ ਰਹਿੰਦਾ ।ਉਹ ਡਿਫੈਂਸ ਵਿਚ ਰਹਿੰਦਾ, ਇਕ ਵਜ਼ੀਰ ਉਹਦਾ ਕਜ਼ਨ ਲਗਦਾ, ਜਿਸ ਕਰ ਕੇ ਉਹਦੀ ਜ਼ਮੀਨ ਤੇ ਈ ਇਕ ਵੱਡੇ ਹਾਊਸਿੰਗ ਪ੍ਰਾਜੈਕਟ ਦਾ ਠੇਕੇਦਾਰ ਬਣ ਗਿਆ। ਵੱਖਰੀ ਲਾਇਨ ਵਿਚ ਮਸੀਤ, ਕਬਰਸਤਾਨ, ਸਿਨਮਾ ਤੇ ਮਾਰਟ ਦੀ ਥਾਂ ਹਾਲੇ ਉਜਾੜ ਈ ਏ ।

ਕੁਝ ਦੇਰ ਬਾਅਦ ਮਸੀਤ ਦੀ ਨਿੰਹ ਰੱਖਣ ਵੇਲ਼ੇ ਹਾਜੀ ਹੋਰਾਂ ਦੀ ਖ਼ੁਸ਼ੀ ਵੇਖੀ ਨਹੀਂ ਜਾਂਦੀ। ਉਸ ਵਿਚ ਉਹ ਆਪ ਈ ਕੰਮ ਕਰ ਰਿਹਾ, ਕਹਿੰਦਾ ਸੀ ਕਿ ਇਕ ਮਾਅਮੂਲੀ ਜਹਿਆ ਮਿਸਤਰੀ ਸਾਂ ਪਰ ਜਦੋਂ ਮਸੀਤ ਦੀ ਨੈਣਾ ਤੋਂ ਬਾਅਦ ਦੇ ਕੰਮ ਦੀ ਉਸਾਰੀ ਦਾ ਵੇਲਾ ਆਇਆ ਤੇ ਉਹ ਕੰਕਰੀਟ ਆਪ ਬਣਾਂਦਾ ਵਿਖਾਲੀ ਦਿੰਦਾ ਸੀਮੰਟ ਦੀਆਂ ਬੋਰੀਆਂ ਚੁਕ ਚੁਕ ਕੇ ਲਿਆਂਦਾ ਤੇ ਆਪਣੇ ਆਪ ਨੂੰ ਬਹੁਤ ਅਹਿਮ ਸਮਝਦਾ ਕਿ ਉਹ ਇਕ ਨੇਕ ਕੰਮ ਤੇ ਕਰ ਰਿਹਾ ਏ ।ਉਹਦੇ ਜ਼ਿਹਨ ਵਿਚ ਜਿਹੜੀ ਗੱਲ ਅੜ ਜਾਂਦੀ ਏ ਉਹ ਉਸ ਤੇ ਈ ਕਾਇਮ ਰਹਿੰਦਾ ਏ ਭਾਵੇਂ ਉਹ ਗੱਲ ਗ਼ਲਤ ਈ ਕਿਉਂ ਨਾ ਹੋਵੇ।ਇਕ ਵਾਰ ਮਜ਼ਦੂਰ ਕੋਲੋਂ ਮੈਂ ਉਸ ਦੇ ਬਾਰੇ ਪੁੱਛਿਆ ਕਿ ਇਕ ਆਮ ਮਿਸਤਰੀ ਕਿਵੇਂ ਡਿਫੈਂਸ ਵਰਗੀ ਐਲੀਅਟ ਕਲਾਸ ਵਿਚ ਜਾਂਦਾ ਏ ਤੇ ਉਹ ਅਸਮਾਨ ਵੱਲ ਮੂੰਹ ਕਰ ਕੇ ਕਹਿੰਦਾ ਸੱਭ ਰੱਬ ਦੀਆਂ ਈ ਕਰਨੀਆਂ ਨੇਂ ।ਅਸੀਂ ਕਿ ਸਕਦੇ ਆਂ ।ਵਾਕਈ ਈ ਰੱਬ ਦੀਆਂ ਕਰਨੀਆਂ ਅੱਗੇ ਕੀ ਹੋ ਸਕਦਾ ਏ।

ਮਸੀਤ ਦੀ ਨਿੰਹ ਰੱਖਦਿਆਂ ਈ ਇਕ ਪਾਸੇ ਦੀਆਂ ਦੀਵਾਰਾਂ ਉਸਰ ਗਈਆਂ ਸਨ। ਸ਼ਹਿਰ ਦੇ ਬਹੁਤ ਸਾਰੇ ਅਮੀਰ ਕਬੀਰ ਇਲਾਕਿਆਂ ਤੋਂ ਵੱਧ ਕੇ ਸੁੰਦਰ ਮਸੀਤ ਬਣਾਉਣ ਦਾ ਸੁਪਨਾ ਹਾਜੀ ਹੋਰਾਂ ਨੇ ਵੇਖਿਆ ਏ ਜਿਹਦੇ ਵਿਚ ਪੂਰੀ ਅਰਬੀ ਤਰਜ਼ ਦੇ ਆਰਟ ਨੂੰ ਵਿਖਾਇਆ ਜਾਵੇ ।

ਮਸੀਤ ਦੀ ਇਮਾਰਤ ਉਸਰ ਗਈ ਏ ।

ਕਬਰਸਤਾਨ ਖ਼ਾਲੀ ਪਿਆ ਏ ।

ਟਾਵੇਂ ਟਾਵੇਂ ਘਰਾਂ ਦੀਆਂ ਹੋਰ ਬੁਨਿਆਦਾਂ ਵੀ ਰੱਖੀਆਂ ਜਾ ਚੁੱਕੀਆਂ ਸਨ ।

ਮੈਂ ਦੂਰ ਦੂਰ ਤੱਕ ਨਜ਼ਰ ਮਾਰ ਰਿਹਾਂ।

ਕਾਲੇ ਬੱਦਲ ਠੰਢੀਆਂ ਹਵਾਵਾਂ ਦਾ ਮੌਸਮ ਸ਼ੁਰੂ ਹੋ ਗਿਆ ਤੇ ਮੇਰਾ ਹਰ ਵੇਲ਼ੇ ਇਹ ਈ ਜੀ ਕਰਦਾ ਏ ਕਿ ਜਦੋਂ ਮੀਂਹ ਪਵੇ ਤੁਸੀਂ ਠੰਡੀ ਠਾਰ ਥਾਂ ਤੇ ਹੋਵੋਂ ਤੇ ਖੁੱਲੇ ਅਸਮਾਨ ਥੱਲੇ ਦੂਰ ਦੂਰ ਤੱਕ ਕੁਝ ਵਿਖਾਲੀ ਨਾ ਦੇਵੇ ਤਾਂ ਸਵਾਦ ਵੱਧ ਜਾਂਦਾ ਏ ਤੇ ਅਖ਼ੀਰ ਮੇਰੇ ਇਹ ਸਾਰੇ ਸੁਪਨੇ ਉਦੋਂ ਸੱਚ ਹੋ ਗਏ ਜਦੋਂ ਅਸੀਂ ਇਸ ਨਵੀਂ ਮਕਾਨ ਵਿਚ ਆ ਵਸੇ ਜਿਹਦੇ ਗੇਟ ਤੋਂ ਬਾਹਰ ਨਿਕਲਦਿਆਂ ਈ ਤੁਸੀਂ ਕੁਦਰਤ ਦੇ ਹੋਰ ਨੇੜੇ ਆ ਜਾਂਦੇ ਓ ।

ਆਲ ਦੁਆਲੇ ਦੀ ਅਬਾਦੀ ਨਵੀਂ ਏ ਨਵੇਂ ਘਰਾਂ ਦੀ ਤਾਮੀਰ ਮੁਕੰਮਲ ਹੋ ਚੁਕੀ ਸੀ ਤੇ ਹਾਜੀ ਹੋਰੀ ਇਸ ਸਾਲ ਦਾ ਸਾਰਾ ਕੰਮ ਮੁਕਾਨ ਮਗਰੋਂ ਹੱਜ ਵਾਲੇ ਮਹੀਨੇ ਹੱਜ ਲਈ ਜਾ ਚੁਕੇ ਸਨ ।ਨਵੇਂ ਘੱਰ ਦੀ ਖ਼ੁਸ਼ੀ ਕਿਹਨੂੰ ਨਹੀਂ ਹੁੰਦੀ ।ਨਵੇਂ ਇਲਾਕੇ ਵਿਚ ਨਵੇਂ ਹਾਊਸਿੰਗ ਸੁਸਾਇਟੀ ਵਿਚ ਹਰ ਕਿਸੇ ਨੂੰ ਆਪਣੀ ਆਪਣੀ ਪਈ ਹੁੰਦੀ ਏ ।ਕੋਈ ਕਿਸੇ ਦਾ ਜਾਣੂ ਨਹੀਂ, ਕੋਈ ਕਿਸੇ ਦਾ ਗ਼ਮਖ਼ਾਰ ਨਹੀਂ, ਕੋਈ ਈਦ, ਸ਼ਬਰਾਤ ਨਹੀਂ।ਇਨ੍ਹਾਂ ਵਿੱਚੋਂ ਬਹੁਤ ਸਾਰੇ ਅਜਿਹੇ ਵੀ ਸਨ ਜਿਹਨਾਂ ਨੇ ਰੀਟਾਈਰਮੈਂਟ ਬਾਦੋਂ ਘੱਰ ਲਿਆ ਤੇ ਉਨ੍ਹਾਂ ਦੀ ਨਵੀਂ ਨਸਲ ਇਸ ਘੱਰ ਨੂੰ ਨਵੇਂ ਸਿਰੋਂ ਵਸਾ ਰਹੀ ਸੀ ਉਹ ਵਿਚਾਰੇ ਅਕਸਰ ਆਪਣੇ ਆਪਣੇ ਘਰਾਂ ਦੇ ਵੱਡੇ ਵੱਡੇ ਗੇਟਾਂ ਸਾਹਮੜਏ ਆਪਣੀ ਕੁਰਸੀ ਰੱਖ ਕੇ ਬਹਿ ਜਾਂਦੇ।



ਵਿੱਚੋਂ ਵਿਚ ਕੁਝ ਉਹ ਲੋਕ ਵੀ ਮੌਜੂਦ ਸਨ ਜੋ ਆਪਣੇ ਦੁੱਖਾਂ ਨੂੰ ਲਕੋਣ ਲਈ ਹੱਸੀ ਜਾਂਦੇ ਤੇ ਉਨ੍ਹਾਂ ਦੇ ਇਕਲਾਪੇ ਵਿਚ ਕਈ ਵਾਰ ਹੰਝੂ ਉਨ੍ਹਾਂ ਦੀਆਂ ਝੁਰੜੀਆਂ ਵਿਚ ਈ ਆ ਕੇ ਗਵਾਚ ਜਾਂਦੇ ।ਮੈਂ ਜਦੋਂ ਫਿਰ ਬਹੁਤਾ ਈ ਦੁਖੀ ਹੁੰਦਾ ਤੇ ਟੀ ਵੀ ਲਾ ਕੇ ਬਿਹ ਜਾਂਦਾ ਯਾਂ ਫਿਰ ਮੈਡਮ ਜਮੀਲਾ ਜਿਹੜੀ ਮੇਰੇ ਵਾਸਤੇ ਸਿਰਫ਼ ਜਮੀਲਾ ਈ ਸੀ ਆ ਜਾਂਦੀ ਤੇ ਅਸੀਂ ਸਾਮ੍ਹਣੇ ਇਕ ਨਿੱਕੇ ਜਿਹੇ ਪਾਰਕ ਵਿੱਚ ਪੱਥਰ ਦੇ ਚਮਕੀਲੇ ਬੰਚ ਤੇ ਬਹਿ ਜਾਂਦੇ ਤੇ ਉਹਨੂੰ ਸੈਂਡਵਿਚ ਬਣਾਏ ਆਂਦੇ ਸਨ ਤੇ ਹੌਲੀ ਹੌਲੀ ਉਹਦੇ ਫਿੱਕੇ ਜਿਹੇ ਸੈਂਡਵਿਚ ਮੈਨੂੰ ਸਵਾਦੀ ਲੱਗ ਪਏ ।

ਟੀ ਵੀ ਆਨ ਕੀਤਾ, ਮੈਂ ਛਿੰਦੇ ਦਾ ਗਾਣਾ ਵੇਖਿਆ ਤੇ ਚੈਨਲ ਦੀ ਰੇਂੜ ਵੱਲ ਨੱਸਦਾ ਰੁਕ ਗਿਆ ।ਗੋਰਿਆਂ ਚਿੱਟੀਆਂ ਦੇ ਨਾਲ ਨਾਲ ਕਾਲੀਆਂ ਸ਼ਾਹਸ਼ ਕੁੜੀਆਂ ਤੋਂ ਆਰੀ ਛਿੰਦੇ ਦੇ ਬੋਲ ਸਮਝ ਆਉਣ ਨਾ ਆਉਣ, ਉਨ੍ਹਾਂ ਦੇ ਜਜ਼ਬਾਤਾਂ ਵਿਚ ਖੁਭਿਆ ਈ ਸਾਂ ਕਿ ਮੁਬਾਇਲ ਫ਼ੋਨ ਦੀ ਵਾਇਬਰੀਸ਼ਨ ਹੋਣ ਲੱਗੀ ਮੈਂ ਜੇਬ ਤੋਂ ਮੋਬਾਈਲ ਕੱਢ ਕੇ ਕੰਨ ਨਾਲ ਲਾਇਆ, "ਮਸੀਤ ਮੁਕੰਮਲ ਹੋ ਗਈ ਏ ਕਲ੍ਹ ਨਵਾਂ ਮੌਲਵੀ ਆਇਆ ਸੱਭ ਸੋਸਾਇਟੀ ਦੇ ਰਹਿਣ ਵਾਲਿਆਂ ਨੂੰ ਮਿਲਣਾ ਚਾਹੁੰਦਾ ਏਸ਼ ਉਹਦਾ ਇਕ ਸ਼ਾਗਿਰਦ ਸੁਨੇਹਾ ਦੇ ਕੇ ਗਿਆ ਏ ।" ਮੈਂ ਅੱਗੋਂ ਹੂੰ ਈ ਕੀਤੀ ਕਿ ਦਰਵਾਜ਼ੇ ਦੀ ਦਸਤਕ ਨਾਲ ਉਹਦੀ ਅਵਾਜ਼ ਸੁਣੀ, " ਮੇਰੇ ਕੋਲ ਆਂਦਾ ਈ ਹੋਣਾ ਏ ਤੇ ਕਲ੍ਹ ਮੈਨੂੰ ਨਾਲ ਲੈ ਕੇ ਜਾਈਂ ਇਕੱਠੇ ਚਲਾਂਗੇ ।" ਮੈਂ ਫ਼ੋਨ ਬੰਦ ਕਰ ਦਰਵਾਜ਼ਾ ਖੋਲ ਕੇ ਨਿੱਕੇ ਜਹੀਏ ਮੌਲਵੀ ਤੋਂ ਕੁਝ ਬੋਲਣ ਤੋਂ ਪਹਿਲਾਂ ਈ ਆਖ ਦਿੱਤਾ ਕਿ ਕਲ੍ਹ ਅਸੀਂ ਆ ਜਾਵਾਂਗੇ ਤੇ ਉਸ ਨੇ ਅਸਰ ਦੇ ਬਾਅਦ ਦਾ ਵੇਲਾ ਦੱਸਿਆ ਸੀ ।

ਹਾਲੇ ਕੰਨ ਮਨ ਵਰ੍ਹਨਾ ਸ਼ੁਰੂ ਹੋਈ ।

ਮੈਂ ਜਮੀਲਾ ਦੇ ਘੱਰ ਦੇ ਡਰਾਇੰਗ ਰੂਮ ਵਿੱਚ ਬੈਠਾ ਸਾਂ ।

ਮਗ਼ਰਿਬ ਬਾਦੋਂ ਦਾ ਵੇਲਾ ਸੀ ਮਸੀਤ ਵਿਚ ਹੋਵਣ ਵਾਲੀ ਤਕਰੀਬ ਦਾ ।ਆਂਦਿਆਂ ਈ ਉਹਨੇ ਕਾਫ਼ੀ ਵਾਸਤੇ ਪੁੱਛਿਆ ।ਅਸੀਂ ਕੋਸੇ ਜਿਹੇ ਮੌਸਮ ਵਿੱਚ ਉਹਦੇ ਹੂੰ ਹਾਰ ਹੱਥਾਂ ਦੀ ਬਣੀ ਕਾਫ਼ੀ ਤੋਂ ਵੱਧ ਸਵਾਦ ਦੁਨੀਆ ਦੀ ਸ਼ਾਇਦ ਕਿਸੇ ਹੋਰ ਸ਼ੈਅ ਵਿਚ ਮੌਜੂਦ ਹੋਵੇ ਗਾ ।

ਉਹ ਮੇਰੀ ਖ਼ਮੋਸ਼ੀ ਸਮਝਦੀ ਸੀ ।

ਮੈਨੂੰ ਉਹਦੀਆਂ ਗੱਲਾਂ ਵੀ ਸਮਝ ਨਹੀਂ ਆਂਦਿਆਂ ।

ਸਾਡੇ ਦੋਹਾਂ ਦੇ ਹੱਥ ਵਿਚ ਕਾਫ਼ੀ ਦੇ ਮਗ ਨਹੀਂ ਤੇ ਬਾਹਰ ਵਰ੍ਹਦੇ ਮੀਂਹ ਨਾਲ ਤੇਜ਼ ਹਵਾਵਾਂ ਨੇ ਰੰਗ ਵੀ ਵਿਖਾਣਾ ਸ਼ੁਰੂ ਕਰ ਦਿੱਤਾ ਏ ।ਉਹ ਮਗ ਨਾਲ ਈ ਖਿੜਕੀ ਤੇ ਸ਼ੀਸ਼ੇ ਕੋਲ ਜਾ ਖਲੋਤੀ "ਬਾਰਿਸ਼ ਮੈਨੂੰ ਆਪਣੇ ਆਪ ਵਿਚ ਨਹੀਂ ਰਹਿਣ ਦਿੰਦੀ" ਉਹ ਮੈਨੂੰ ਆਪਣੇ ਕੋਲ ਆਉਣ ਲਈ ਗਰਦਨ ਉਲਾਰ ਕੇ ਇਸ਼ਾਰਾ ਕਰਦੀ ਏ ਉਹਦੇ ਖੱਬੇ ਕੰਨ ਦਾ ਛੇਦ ਕਈ ਵਰ੍ਹਿਆਂ ਤੋਂ ਬੰਦ ਹੋਣ ਕਰ ਕੇ ਸਿਰਫ਼ ਇੱਕ ਨਿਸ਼ਾਨ ਦੀ ਸੂਰਤ ਵਿਚ ਬਾਕੀ ਰਹਿ ਗਿਆ ਏ ।ਉਹ ਉਨ੍ਹਾਂ ਖ਼ੁੱਸ਼ ਕਿਸਮਤ ਔਰਤਾਂ ਵਿੱਚੋਂ ਏ ਜਿਹਨਾਂ ਦੇ ਸਿੱਧੇ ਵਾਲ ਹੁੰਦੇ ਨੇਂ ਮੁਲਾਇਮ, ਚਮਕਦਾਰ ਹੱਥ ਤੋਂ ਤਿਲਖਦੇ ਹੋਏਸ਼

ਉਹਨੇ ਡਰਾਇੰਗ ਰੂਮ ਵਿੱਚ ਪਿਆ ਹਾਈ ਡੀਫ਼ਨਸੀ ਨੇਸ਼ਨ ਪਲਾਜ਼ਮਾ ਟੀ ਵੀ ਆਨ ਕੀਤੇ ਤੇ ਖੁੱਲ੍ਹੀਆਂ ਵਾਲਾਂ ਨਾਲ ਮੇਰੇ ਵੱਲ ਰਿਮੋਟ ਕੰਟਰੋਲ ਵਧਾਂਦੀਆਂ ਕਹਿਆ "ਲੈ ਅਪਣੀ ਮਰਜ਼ੀ ਦਾ ਚੈਨਲ ਲਾ ਲੈਨੂੰ ਬਾਰਿਸ਼ ਨੇ ਕਾਫ਼ੀ ਦੇਰ ਲਾ ਛੱਡਣੀ ਏ ਬਾਹਰ ਬੜੇ ਗੋੜ੍ਹੇ ਬਦਲ ਨੇਂ"

"ਤੇਰੀ ਚਵਾਇਸ ਵੀ ਮਾੜੀ ਨਹੀਂ"

ਦਿਹਾੜਾਂ, ਬੀਆਬਾਨਾਂ ਉੱਤੇ ਡਾਕੋਮੰਟਰੀ ਫ਼ਿਲਮ ਚੱਲ ਰਹੀ, ਤਰਹਾਈਆਂ ਹੋਈਆਂ ਜਨੌਰਾਂ ਪੱਖੀਆਂ ਬਾਰੇ ਕਾਫ਼ੀ ਜਾਣਕਾਰੀ ਮਿਲੀ, ਕੁਝ ਜਨੌਰ ਅਪਣੀ ਈ ਨਸਲ ਨੂੰ ਨੋਚਣ ਲੱਗ ਪੈਂਦੇ ।ਭੁਖ ਤੇ ਤ੍ਰੇਹ ਨਾਲ ਅਪਣੀ ਥਾਂ ਤੋਂ ਦੂਰ ਹੋ ਜਾਂਦੇ ਨੇਂ ।ਬਦਲ ਜ਼ੋਰ ਨਾਲ ਗਰਜਦਾ ਏ ਤੇ ਉਹ ਚੈਨਲ

ਬਦਲ ਦਿੰਦੀ ਏ ਇਕ ਬਹੁਤ ਵੱਡੇ ਪਹਾੜ ਦੀ ਇਕ ਖੋਹ ਤੋਂ ਬਹੁਤ ਗਹਿਰਾਈ ਵਿਚ ਪਾਣੀ ਡਿੱਗਣ ਦੀ ਅਵਾਜ਼ ਸੁਣ ਕੇ ਮੈਂ ਉਹਦੇ ਰੂੰ ਵਰਗੇ ਹੱਥ ਨੂੰ ਆਪਣੇ ਹੱਥਾਂ ਵਿਚ ਫੜਦਿਆਂ ਚੈਨਲ ਬਦਲ ਦਿੱਤਾ।

ਉਹਨੂੰ ਵੀ ਇਹ ਚੈਨਲ ਪਸੰਦ ਆਇਆ ।

ਕਿੰਨੀ ਦੇਰ ਤੋਂ ਪਈ ਸੁੱਕੀ ਧਰਤੀ ਤੇ ਜਲ ਥਲ ਹੋ ਗਈ ਉਹ ਸ਼ੀਸ਼ੇ ਵਿਚ ਖਲੋ ਕੇ ਜੂੜਾ ਬਣਾ ਕੇ ਤਿਆਰ ਹੋਣ ਲੱਗੀ ।ਅਸੀਂ ਕੋਈ ਮਗ਼ਰਿਬ ਕੂ ਵੇਲ਼ੇ ਮਸੀਤ ਵਾਸਤੇ ਹੋ ਰਹੀ ਤਕਰੀਬ ਵਿਚ ਚਲੇ ਗਏ ।ਉਹ ਚਿੱਟੇ ਅਬਾਦੇ ਵਿਚ ਅੱਜ ਨੂਖਲੇ ਗੁਲਾਬੀ ਫੁਲ ਦੀ ਤਰ੍ਹਾਂ ਲੱਗ ਰਹੀ ਏ ਤੇ ਗੱਲ ਬਾਦੋਂ ਕਰਦੀ ਤੇ ਹੱਸ ਪਹਿਲੋਂ ਪੈਂਦੀ ਏ ।ਅੱਜ ਵੇਖਣ ਦਾ ਅੰਦਾਜ਼ ਵੀ ਵਿਖਾਣ ਦਾ ਅੰਦਾਜ਼ ਲਗਦਾ ਰਿਹਾ। ਅਸੀਂ ਹਾਜੀ ਸ਼ੇਰ ਅਲੀ ਦੇ ਚਿਹਰੇ ਦੇ ਨੂਰ ਦੀ ਗੱਲ ਉੱਕਾ ਨਹੀਂ ਕੀਤੀ ਜਿਹੜਾ ਕਿ ਸੱਭ ਉਥੇ ਮੌਜੂਦ ਕਰਦੇ ਰਹੇ ।

ਪਹਿਲੀ ਬਾਰਿਸ਼ ਤੋਂ ਬਾਅਦ, ਕੋਈ ਪੰਦਰਾਂ ਕੂ ਦਿਨ ਗੁਜ਼ਰੇ ਸਨ ਕਿ ਮੈਨ ਗੇਟ ਦੇ ਕੋਲ ਬਣੀ ਕਿਆਰੀ ਲਾਗੇ ਖਲੋਤਾ ਮੈਂ ਵੇਖਿਆ ਦੀਵਾਰ ਵਿਚ ਇਕ ਦਰਾੜ ਪੈ ਗਈ । ਫਿਰ ਇਹ ਦਰਾੜਾਂ ਵਧਣ ਲੱਗਿਆਂ ।ਆਲ ਦਿਵਾਲ ਦੇ ਸੱਭ ਘਰਾਂ ਵਿੱਚ ਇੰਜ ਦੇ ਕੰਮ ਹੋਵਣ ਲੱਗੇ ਕੁਝ ਤਾਂ ਵਿਚਾਰੇ ਉਨੇ ਪੌਣੇ ਘਰਾਂ ਨੂੰ ਵੇਚ ਕੇ ਨਿਕਲ ਗਏ ਪਰ ਮੈਂ ਤੇ ਜਮੀਲਾ ਕੁਝ ਹੱਦ ਤੱਕ ਮੁਸਤਕਿਲ ਮਿਜ਼ਾਜ ਰਹਿਣਾ ਚਾਹ ਰਹੇ ਸਾਂ ਸ਼ਾਇਦ ਇਹਦੇ ਵਿਚ ਸਾਡੀ ਨੇੜਤਾ ਦੀ ਮੌਜੂਦ ਰਹੀ ।ਸਾਹਮਣੇ ਡਾਕਖ਼ਾਨੇ ਦੇ ਵੱਡੇ ਅਫ਼ਸਰ ਨੂੰ ਅਸੀਂ ਗ਼ਮ ਤੇ ਦਿਲ ਦੇ ਦੌਰੇ ਤੱਕ ਪੁਚਾ ਦਿੱਤਾ ।

ਮੇਰੇ ਘੱਰ ਦੀ ਕਿਸੇ ਦੀਵਾਰ ਤੇ ਜਦ ਕੋਈ ਦਰਾੜ ਪੈਂਦੀ ਤੇ ਮੈਨੂੰ ਲਗਦਾ ਮੇਰੇ ਦਿਮਾ.ਗ ਵਿੱਚ ਦਰਾੜ ਪੈ ਗਈ ਏਨੂੰ ਮੇਰੇ ਜੁੱਸੇ ਵਿਚ ਜਿਉਂ ਕੋਈ ਜਾਣ ਕੱਢਣ ਦੀ ਕੋਸ਼ਿਸ਼ ਕਰਦਾ ।ਉਧਰ ਹਾਜੀ ਸ਼ੇਰ ਅਲੀ ਹੋਰੀ ਉਮਰੇ ਤੇ ਗਏ ਤਾਂ ਉਥੇ ਸਊਦੀਆ ਵਿਚ ਈ ਅਪਣਾ ਨਵਾਂ ਠੇਕਾ ਲੈ ਕੇ ਕੰਮ ਸ਼ੁਰੂ ਕਰ ਬੈਠੇ।ਸੋਸਾਇਟੀ ਵਾਲਿਆਂ ਕਾਨੂਨੀ ਚਾਰਾ ਜੋਈ ਲਈ ਦੋ ਹਜ਼ਾਰ ਇਕੱਠੇ ਕੀਤੇ।ਮੁਕੱਦਮਾ ਦਰਜ ਹੋਇਆ ਪਰ ਕਾਰਵਾਈ ਅੱਗੇ ਵਧਣ ਦਾ ਨਾਂ ਈ ਨਾ ਲਿਆਨੂੰ ਉਧਰ ਬਾਰਿਸ਼ਾਂ ਨੇ ਹੜ ਦੀ ਸ਼ਕਲ ਵਿਚ ਉਜਾੜਾਂ ਪਾਣੀਆਂ ਸ਼ੁਰੂ ਕਰ ਦਿੱਤੀਆਂ ।

ਜਮੀਲਾ ਨੇ ਇਕ ਕਰਾਏ ਦੀ ਬਿਲਡਿੰਗ ਲੈ ਕੇ ਉਥੇ ਬਾਲਾਂ ਦੀ ਪੜ੍ਹਾਈ ਦਾ ਸਿਲਸਿਲਾ ਸ਼ੁਰੂ ਕਰਨ ਵਾਸਤੇ ਮਨਸੂਬਾ ਬਨਾਣਾ ਸ਼ੁਰੂ ਕਰ ਦਿੱਤਾ ਸਵੇਰੇ ਜਾਣਦਿਆਂ ਹੋਇਆਂ ਅਕਸਰ ਮੈਂ ਈ ਉਹਨੂੰ ਨਾਲ ਜਾਂਦਾ ਤੇ ਆਂਦੀ ਵਾਰੀ ਉਹਨੂੰ ਅਖ਼ਬਾਰ ਦੇ ਦਫ਼ਤਰੋਂ ਆਂਦਾ ਵਾਪਸ ਵੀ ਲਈ ਆਂਦਾ ।ਸਾਡੀ ਦੋਹਾਂ ਦੀ ਚੰਗੀ ਨਿਭ ਰਹੀ ਸੀ ਪਰ ਅੰਦਰੋਂ ਅੰਦਰੀ ਅਸੀਂ ਵੀ ਥੋੜੇ ਬੇ ਚੀਨ ਹੁੰਦੇ ਜਾ ਰਹੇ ਸਾਂ ।ਜਮੀਲਾ ਦੇ ਨਾਲ ਵਾਲੇ ਗੁਆਂਢੀ ਨੇ ਇਸ ਘੱਰ ਦੇ ਈ ਮਸਅਲੇ ਨੂੰ ਬਹੁਤਾ ਸਿਰ ਤੇ ਸਵਾਰ ਕਰ ਲਿਆ ਤੇ ਹੁਣ ਉਹ ਪਰਾਈਵੇਟ ਹਸਪਤਾਲ ਵਿਚ ਲੰਮਾ ਪਿਆ ਏ ਜਦ ਜਮੀਲਾ ਨੇ ਇਹ ਸੱਭ ਵੇਖਿਆ ਤਾਂ ਉਹਨੇ ਆਪਣੇ ਆਪ ਨੂੰ ਮਸਰੂਫ਼ ਕਰ ਲਿਆ ਜਿਸ ਵਾਸਤੇ ਉਹਨੇ ਕਰਾਏ ਤੇ ਈ ਬਿਲਡਿੰਗ ਲੈ ਕੇ ਕੰਮ ਸ਼ੁਰੂ ਕੀਤਾ ।

ਪੂਰੇ ਮੁਲਕ ਵਿਚ ਹੋਵਣ ਵਾਲੀ ਤਬਾਹੀ ਨਾਲ ਬਹੁਤ ਸੋਗ ਜਹਿਆ ਦਿਲ ਨੂੰ ਚਿੰਬੜ ਗਿਆ ।ਰਿੜ੍ਹਦੇ ਰੁੜ੍ਹਦੇ ਘਰ, ਲੋਕ, ਸਰਮਾਇਆ, ਜ਼ੇਵਰ ਇਨ੍ਹਾਂ ਦੀਆਂ ਖ਼ਬਰਾਂ ਜੁੜਵਾ ਕੇ ਦਿਲ ਉੱਤੇ ਭਾਰ ਜਹਿਆ ਪੈ ਗਿਆ ।

ਮੈਂ ਤੇ ਜਮੀਲਾ ਨੇ ਇਸ ਸ਼ੋਰ ਸ਼ਰਾਬੇ ਵਾਲੇ ਸ਼ਹਿਰ ਤੋਂ ਦੂਰ ਛੁੱਟੀ ਦੇ ਦਿਨ ਨੂੰ ਗੁਜ਼ਾਰਨ ਦਾ ਫ਼ੈਸਲਾ ਕੀਤਾ ।ਉਹ ਅਪਣਾ ਸੈਂਡਵਿਚ ਮੇਕਰ ਨਾਲ ਰੱਖੀ, ਇਕ ਢਿੱਲਾ ਢਾਲਾ ਬਰੀਕ ਲਿਬਾਸ ਪਾ ਕੇ ਆ ਬੈਠੀ, ਜਿਸ ਨਾਲ ਉਹ ਹੋਰ ਵੀ ਮਨ ਖਿੱਚਵੇਂ ਹੋ ਗਈ।ਅਸੀਂ ਸ਼ਹਿਰ ਤੋਂ ਦੂਰ ਹੁੰਦੇ ਜਾ ਰਹੇ ਸਾਂ



ਤੇ ਇੰਜ ਲੱਗ ਰਿਹਾ ਸੀ ਜਿਵੇਂ ਡਿਪ੍ਰੈਸ਼ਨ ਸਾਡੇ ਤੋਂ ਆਪ ਈ ਕਿਸੇ ਕੱਚੇ ਰੰਗ ਵਾਂਗ ਉਤਰਦਾ ਜਾ ਰਿਹਾ ਏ ।ਜਿਵੇਂ ਤੁਸੀਂ ਰੱਬ ਦੇ ਨੇੜੇ ਹੁੰਦੇ ਓ ਦੁਨੀਆ ਤੁਹਾਨੂੰ ਹੋਰ ਵੀ ਸੋਹਣੀ ਲਗਦੀ ਏ ਕਿਉਂ ਜੇ ਖ਼ਾਲਿਕ ਦੀ ਤਖ਼ਲੀਕ ਵਿਚ ਵੀ ਖ਼ਾਲਿਕ ਦੇ ਝਲਕਾਰੇ ਮਿਲਦੇ ਰਹਿੰਦੇ ਨੇਂ ।ਸਾਡੇ ਦੋਹਾਂ ਦੇ ਮੁਬਾਇਲ ਸੈਟ ਬੰਦ ਪਏ ਸਨ ।ਇਹ ਜਮੀਲਾ ਦੀ ਜ਼ਿੱਦ ਸੀ ਕਿ ਘਰੋਂ ਨਿਕਲਣ ਤੋਂ ਪਹਿਲਾਂ ਈ ਉਹਨੇ ਆਪਣੇ ਕੱਪੜਿਆਂ ਵਾਲੀ ਅਲਮਾਰੀ ਦੇ ਇਕ ਕੋਨੇ ਵਿਚ ਬੰਦ ਮੁਬਾਇਲ ਰੱਖ ਦਿੱਤਾ ।ਰਾਤ ਨੂੰ ਅਸੀਂ ਕੋਈ ਨੌਂ ਕੂ ਵਜੇ ਵਾਪਸੀ ਦਾ ਪ੍ਰੋਗਰਾਮ ਬਣਾਇਆ ਜਦ ਅਸੀਂ ਸੋਸਾਇਟੀ ਦੇ ਲਾਗੇ ਪੁਜੇ ਤਾਂ ਉਥੇ ਪਾਣੀ ਈ ਪਾਣੀਸ਼ ਸਾਰਾ ਕੁਝ ਰੁੜ੍ਹ ਭੁੜ ਗਿਆਨੂੰ ਦੂਰੋਂ ਈ ਸਾਨੂੰ ਗੱਡੀ ਨੂੰ ਰੋਕ ਦਿੱਤਾ ਗਿਆ ।ਦਰਿਆ ਦਾ ਬੰਧ ਕਮਜ਼ੋਰ ਹੋਣ ਕਾਰਨ ਸੂਬਾ ਈ ਟੁੱਟਣ ਵਾਲਾ ਸੀ ਜਿਹਨੂੰ ਮੁਨਾਸਬ ਮਨਸੂਬਾ ਬਣਦੀ ਨਾ ਹੋਣ ਕਰ ਕੇ ਅਪਣਾ ਕੰਮ ਵਿਖਾਣਾ ਪਿਆ ।

ਸਾਡੇ ਦੋਹਾਂ ਦੀਆਂ ਅੱਖੀਆਂ ਵਿਚ ਆਏ ਹੰਝੂ ਗ਼ਾਇਬ ਹੋਏ ਤੇ ਅਸੀਂ ਹੋਟਲ ਵਿਚ ਜਾ ਬੈਠੇ ਤੇ ਆਪਣੇ ਮਜ਼ਬੂਤ ਹੁੰਦੇ ਆਸਾਬ ਹੋਣ ਕਰ ਕੇ ਕਾਫ਼ੀ ਹੌਸਲਾ ਆ ਗਿਆ।

ਟੀ ਵੀ ਦਾ ਨਿਊਜ਼ ਚੈਨਲ ਲਾਇਆ ਬਰੇਕਿੰਗ ਨਿਊਜ਼ ਸਾਡੀ ਬਸਤੀ ਨੂੰ ਵਿਖਾਇਆ ਜਾਂਦਾ ਰਿਹਾ ।ਯਾਰ੍ਹਾਂ ਬਾਰ੍ਹਾਂ ਫ਼ੁੱਟ ਪਾਣੀ ਸੱਭ ਕੁਝ ਰੁੜ੍ਹ ਗਿਆ ਤੇ ਪੂਰੀ ਬਸਤੀ ਇਕ ਦਰਿਆ ਦਾ ਰੂਪ ਧਾਰ ਗਈ ।ਇਹ ਕੀ ? ਪੂਰੀ ਬਸਤੀ ਵਿਚ ਮਸੀਤ ਦੀ ਛੱਤ ਤੇ ਮੀਨਾਰ ਸਹੇ ਸਲਾਮਤ ਖਲੋਤੇ ਸਨ ਤੇ ਵਜ਼ੀਰ ਹੋਰੀ ਹੈਲੀ ਕਾਪਟਰ ਨਾਲ ਪੂਰੇ ਇਲਾਕੇ ਦਾ ਦੌਰਾ ਕਰਦੇ ਪਏ ਸਨ ਜਿਹਨਾਂ ਨਾਲ ਕਈ ਫ਼ੋਟੋ ਗਰਾਫ਼ਰ, ਕੈਮਰਾ ਮੈਨ ਤੇ ਮਸ਼ਹੂਰ ਸਹਾਫ਼ੀ ਸਨ ਜਿਹਨਾਂ ਨੇ ਸਵੇਰੇ ਖ਼ਬਰਾਂ ਵੰਡਣੀਆਂ ਸਨ ।

ਸਾਡੀ ਬਸਤੀ ਬਾਰੇ ਜੋ ਤੇ ਮੁਲਕ ਦੀ ਸੱਭ ਤੋਂ ਵੱਡੇ, ਸੱਭ ਤੋਂ ਬਹੁਤੇ ਵਿਕਣ ਵਾਲੇ ਤੇ ਸੱਭ ਤੋਂ ਬਹੁਤੇ ਮਸ਼ਹੂਰ ਅਖ਼ਬਾਰ ਵਿਚ ਖ਼ਬਰ ਲੱਗੀ ਸੀ, ਉਹਦੇ ਨਾਲ ਫ਼ਿਜ਼ਾ ਤੋਂ ਲਈ ਗਈ ਤਸਵੀਰ ਵੀ ਮੌਜੂਦ ਸੀ ।ਦੂਰ ਦੂਰ ਤੱਕ ਪਾਣੀ ਈ ਪਾਣੀ ਵਿਖਾਲੀ ਦੇ ਰਿਹਾ ਸੀ ਤੇ ਵਿਚਕਾਰ ਮਸੀਤ ਦੀ ਚਿੱਟੀ ਇਮਾਰਤ ਵਿਖਾਲੀ ਦਿੱਤੀ ।

"ਪੂਰੀ ਵਸਤੀ ਪਾਣੀ ਨਾਲ ਰੁੜ੍ਹ ਗਈ ।ਕੁਝ ਨਹੀਂ ਬਚਿਆਨੂੰ ਸਿਰਫ਼ ਖ਼ੁਦਾ ਦਾ ਘੱਰ ਮਾਜਜ਼ਾਤੀ ਤੌਰ ਤੇ ਬਚ ਗਿਆ ।"

ਖ਼ਬਰ ਪੜ੍ਹ ਕੇ ਮੈਂ ਤੇ ਜਮੀਲਾ ਇਕ ਦੂਜੇ ਨੂੰ ਇਉਂ ਵੇਖ ਰਹੇ ਸਾਂ ਜਿਵੇਂ ਦੋਹਾਂ ਨੂੰ ਮਾਜਜ਼ੇ ਦੀ ਸਮਝ ਆ ਗਈ ਹੋਵੇਸ਼

# ਸੁੱਕਿਆ ਰੁੱਖ/ਜ਼ਹੀਰ ਵੱਟੂ

ਆਰਾ ਸੁੱਕੇ ਮੁੱਢ ਦੇ ਕਲੇਜੇ ਨੂੰ ਚੀਰਦਾ ਹੋਇਆ ਅਗਾਂਹ ਟੁਰਦਾ ਜਾਂਦਾ ਹਾ ਅਤੇ ਨਾਲ ਨਾਲ ਟਾਲ੍ਹੀ ਦੇ ਦੁਆਲੇ ਉੱਡਦੀ ਕਾਵਨੀ ਦੀ ਵਾਜ ਉੱਚ ਦਰਦ ਵੀ ਵਧਦਾ ਜਾਂਦਾ ਹਾ ।ਇਸ ਕਾਵਨੀ ਦਾ ਸੰਗ ਤਾਂ ਟਾਲ੍ਹੀ ਨਾਲ ਥੋੜੇ ਦਿਨ੍ਹਾਂ ਦਾ ਹੀ ਹਾ ।ਚਾਰ ਕੱਖਾਂ ਦਾ ਇਕ ਆਲ੍ਹਣਾ ਹਾ ਸੋ, ਜਿਸ ਚ ਨਾ ਅੰਡੇ ਹਾਸ ਨਾ ਬੱਚੇ ।

ਨਜਰੇ ਨੂੰ ਉਸ ਦੇ ਛੋਹਰ ਨੇ ਦੇਗ ਲਈ ਘਿਓ ਪੁਛ ਕੇ ਡੂੰਘੀ ਸੋਚ ਚੋਂ ਪਰਤਾਇਆ । ਨਜਰੇ ਨੇ ਝੁੱਗੀ ਇਚ ਬਣੀਆਂ ਬਖ਼ਾਰੀਆਂ ਉੱਤੇ ਹੱਥ ਮਾਰਦਿਆਂ ਹੋਇਆਂ ਸਵਾਣੀ ਨੂੰ ਸੱਦ ਮਾਰਿਆ। ਬਖ਼ਤਾਂ ਬਖ਼ਾਰੀਆਂ ਤੋਂ ਹੀ ਘਿਓ ਚਾ ਕੇ ਛੋਹਰ ਨੂੰ ਦਿੱਤਾ ਤੇ ਸਾਜਾ ਨਾਈ ਵਲੇ ਦੁੜਕੀ ਲਾ ਗਿਆ।

ਕਾੜ ਕਾੜ ਦੀ ਵਾਜ ਨਾ ਟਾਲ੍ਹੀ ਭੋਏਂ ਤੇ ਆ ਪਈ ਏ ਕਾਵਨੀ ਦੀ ਵਾਜ ਦੂਰ ਹੁੰਦੀ ਗਈ ।ਮਾਛੀ ਸਾਂਗ ਟਿਕਣ ਲੱਗ ਪਿਆ ਤੇ ਨਜਰਾ ਭੋਏਂ ਤੇ ਬੈਠਾ ਇਕ ਤਿੱਲੇ ਨਾਲ ਮਿੱਟੀ ਤੇ ਡਿੰਗੀਆਂ ਚਿੜਬੀਆਂ ਲਕੀਰਾਂ ਵਾਹੁੰਦਾ ਹੋਇਆ ਸੋਚਾਂ ਦੇ ਹਨੇਰੇ ਐਚ ਡੁੱਬ ਗਿਆ ।

ਡੋਜੇ ਦੇ ਪਾਣੀ ਲਹਿਣ ਪਿੱਛੋਂ ਜਦੋਂ ਆਵਦੇ ਪਿਓ ਗਾਮੇ ਇਹ ਪਿੰਡ ਬੰਨਿਆ ਤੇ ਗਾਮੇ ਨੇ ਖਮ ਤੋਂ ਇਹ ਟਾਲ੍ਹੀ ਖਗ ਕੇ ਵੇੜ੍ਹੇ ਐਚ ਲਾਈ ਉਦੋਂ ਵੇੜ੍ਹਾ ਵੀ ਕੀ ਕਾਨਿਆਂ ਦੀ ਬਣੀ ਝੁੱਗੀ ਤੇ ਕਮਾਨੇ ਦੀ ਵਿਚਕਾਰਲੀ ਥਾਂ ।ਗਾਮਾਂ ਉਹਨੂੰ ਨਿੱਤ ਨਮਾਸ਼ਾਂ ਵੇਲ਼ੇ ਪਾਣੀ ਦਿੰਦਾ ਹਾ ਤੇ ਵੇਲ਼ੇ ਦੇ ਨਾਲ ਨਾਲ ਇਹ ਰੁੱਖ ਵੀ ਟੁਰਦਾ ਗਿਆ ।ਜਰਾਂ ਕੌਂ ਛਾਂ ਹੋਈ ਤਾਂ ਗਾਮਾ ਦੁਪਹਿਰਾਂ ਵੇਲ਼ੇ ਹੱਲ ਛੱਡ ਕੇ ਇਸੇ ਦੀ ਛਾਵੇਂ ਆ ਰੋਟੀ ਖਾਂਦਾ ਤੇ  ਨਜਰਾ ਬੀਟੋਂ ਨਾਲ ਖੇਡਦਾ ਖੇਡਦਾ ਭੱਜ ਕੇ ਰੋਟੀ ਉੱਤੋਂ ਗੁੜ ਚਾ ਲੈਂਦਾ ।ਸਾਰੀ ਵਸਤੀ ਦੀਆਂ ਛੋਹਰਿਆਂ ਛੋਕਰੀਆਂ ਤੋਂ ਲੈ ਕੇ ਬੁੱਢਿਆਂ ਮਾਈਆਂ ਤੀਕਰ ਹਰ ਕੋਈ ਇਸ ਮਾਹਲੀ ਟਾਲ੍ਹੀ ਦੀ ਛਾਂ ਮਾਣਦਿਆਂ ਹਾਣ ਅਤੇ ਨਾਲ ਨਾਲ ਆਪਣੇ ਦੁਖ ਸੁੱਖ ਤੇ ਹਾਏ ਖੇਡੇ ਵੰਡਦੀਆਂ ਇੱਥੇ ਆ ਬਹਿੰਦਿਆਂ ।ਉਨ੍ਹਾਂ ਦੀਆਂ ਸੋਕੜਾਂ ਦੀ ਦੁਨੀਆ ਇਸ ਟਾਲ੍ਹੀ ਤੋਂ ਈ ਸ਼ੁਰੂ ਹੁੰਦੀ ਤੇ ਨਮਾਸ਼ਾਂ ਈਏਲ ਇੱਥ ਮੁੱਕ ਜਾਂਦੀ ।

ਮੁੱਖੇ ਨੇ ਲੰਮੇ ਚੋਂ ਆਈ ਮੁਕਾਣ ਦਾ ਦੱਸਿਆ ਤੇ ਆਪ ਮਾਛੀ ਕੋਲ ਬਹਿ ਗਿਆ ।ਨਜਰਾ ਘੇਰੇ ਨਾਲ ਅੱਖੀਂ ਪੂੰਝਦਾ ਹੋਇਆ ਬਾਹਰ ਭਗਲ ਨੂੰ ਟੁਰ ਪਿਆ ।ਦੂਆ ਮਗਰੋਂ ਨੂੰਨੂੰਅੱਲਾਹ ਦਾ ਹੁਕਮਨੂੰਨੂੰ ਆਖ ਕੇ ਸਾਰੀਆਂ ਆਪੋ ਆਪਣੀਆਂ ਗੱਲਾਂ ਰੇੜ੍ਹ ਦਿੱਤੀਆਂ।ਨਜਰਾ ਕਈ ਚਿਰ ਨਿੱਕੇ ਭਰਾ ਨੂਰੇ ਵਲੇ ਗੌਹ ਨਾਲ ਵੇਖਦਾ ਰਿਹਾ ।ਗਾਮੇ ਦਾ ਸੱਭ ਤੋਂ ਲਾਡਲਾ ਪੁਤੱਰ ਹਾ ।ਹਰ ਸਾਵਣ ਐਚ ਇਹੰਦੀ ਪੀਂਘ ਆਪਦੇ ਹੱਥਾਂ ਨਾਲ ਵੱਟ ਕੇ ਟਾਲ੍ਹੀ ਤੇ ਬਨ੍ਹਦਾ ਹਾ ।ਨੋਰਾ ਪੀਂਘ ਝੂਟਦਾ ਝੂਟਦਾ ਵੱਡਾ ਹੋ ਗਿਆ ਤੇ ਫਿਰ ਇਕ ਦਿਨ ਗਾਮੇ ਲਈ ਖ਼ੁਸ਼ੀ ਦੀ ਅਖ਼ੀਰ ਹਾਈ ਜਦੋਂ ਉਹ ਅਪਣੀ ਨੂੰਹ ਲੈ ਕੇ ਘੱਰ ਆਇਆ ।ਵਿਆਹ ਤੋਂ ਪਿੱਛੋਂ ਗਾਮੇ ਦੇ ਸਾਰੇ ਕੰਮ ਮੁੱਕ ਗਏ ਖੋਹ ਤੇ ਫੇਰਾ ਮਾਰਨ ਜਾਂਦਾ ਯਾਂ ਸਾਰਾ ਦੇਣਾ ਡੇਰੇ ਤੇ ਰਹਿੰਦਾ।ਡੇਰੇ ਤੋਂ ਉਚੱਕਾ ਹੁੰਦਾ ਤੇ ਵੇੜ੍ਹੇ ਦੀ ਟਾਲ੍ਹੀ ਹੇਠ ਆ ਬਹਿੰਦਾ ।ਹੁਣ ਤਾਂ ਟਾਲ੍ਹੀ ਹੇਠ ਵੀ ਰੌਣਕ ਨਾਹੀ ।ਪੋਤਰੇ ਖੇਡਦੇ ਹਾਏ ਪਰ ਉਹ ਗੱਲਾਂ ਗਾਮੇ ਤੋਂ ਨਾਹਨ ਮੋਹਨ ਦੀਆਂ, ਜਿਹੜੀਆਂ ਉਹਨ ਦੀਆਂ ਅੱਖਾਂ ਨੇ ਵੇਖਿਆ ਹਾਣ ।ਬਸਤੀ ਦੇ ਲੋਕਾਂ ਦੇ ਆਪਦੇ ਕੰਮ ਈ ਨਾਹੀਂ ਨਿਬੜਦੇ, ਰਲ ਕਿਥੋਂ ਬਹਿੰਦੇ ।

ਮੌਢੇ ਤੇ ਹੱਥ ਰਖੀਚਨ ਨਾਲ ਨਜਰੇ ਨੂੰ ਮੁੜ ਪਿਛਾਂ ਪਰਤੀਜਨਾ ਪਿਆ ।ਅਤਾ ਨੇ ਚਾਵਲਾਂ ਦੀ ਪਲੇਟ ਅੱਗੇ ਰੱਖ ਕੇ ਖਾਵਣ ਲਈ ਆਖਿਆ ।ਨਜਰੇ ਠੰਡਾ ਵਸਾਹ ਭਰ ਕੇ ਦੋ ਚਾਰ ਫਿੱਕੇ ਮਾਰੇ ਤੇ ਹੱਥ ਦਰੀ ਤੇ ਸਾਫ਼ ਕਰਨ ਲੱਗ ਪਿਆ ।

ਲਗਦੀਆਂ ਲਾਣਿਆਂ ਨੂੰ ਟੁਰਦਿਆਂ ਟੁਰਦਿਆਂ ਨਮਾਸ਼ਾਂ ਹੋ ਗਈਆਂ ।ਡੇਰੇ ਐਚ ਚਿਰਾਂ ਚੋਂ ਕੱਢੀ



ਅੱਗ ਦੇ ਆਲੇ ਦੁਆਲੇ ਬਹਿ ਕੇ ਹੁੱਕੇ ਦੀ ਵਾਰੀ ਲਾਂਦੀਆਂ ਹੋਇਆਂ ।ਪਿਛਲੇ ਸਿਆਲ ਦੇ ਘਵੀੜਾਂ ਦਾ ਚੇਤਾ ਆਇਆ ।ਇਨ੍ਹਾਂ ਗਵੀੜਾਂ ਨਾਲ ਈ ਤਾਂ ਟਾਲ੍ਹੀ ਸੁੱਕਦੀ ਗਈ ।ਗਾਮਾ ਵੀ ਅੰਦਰ ਅੰਦਰ ਘੁਲਦਾ ਗਿਆ ।ਦਾਰੂ ਵੀ ਲੈਂਦੇ ਰਹੇ ਪਰ ਰੋਗ ਦਾ ਕੋਈ ਪਤਾ ਨਾ ਲਗਦਾ।ਅੱਸੂ ਚੜ੍ਹਦਿਆਂ ਈ ਗਾਮੇ ਨੇ ਮੰਜੀ ਮੱਲ ਲਈ ਤੇ ਟੁਰਨ ਫਿਰਨ ਤੋਂ ਵੀ ਗਿਆ ।ਸਾਰਾ ਦਿਨ ਮੱਜੀ ਟਾਲ੍ਹੀ ਦੇ ਹੇਠ ਚੌਤਰੇ ਤੇ ਰਹਿੰਦੀ ਤੇ ਧੀਆਂ ਪੁੱਤਰਾਂ ਵਿੱਚੋਂ ਜੀਹਨਦਾ ਵਿਹਲ ਲੱਗਾ ਗਾਮੇ ਦੇ ਕੋਲ ਆ ਬਹਿੰਦਾ ਤੇ ਅਖ਼ੀਰ ਤਿਨਾਂ ਮਹੀਨਿਆਂ ਮਗਰੋਂ ਉਹਦੀ ਕੁੰਡ ਮੰਜੀ ਤੋਂ ਵਖ ਹੋ ਗਈ ।

---

**ਅਫ਼ਜ਼ਲ ਤੌਸੀਫ਼ ਦੇ ਕਹਾਣੀ ਸੰਗ੍ਰਹਿ**

**ਟਾਹਲੀ ਮੇਰੇ ਬੱਚੜੇ**

**ਪੰਝੀਵਾਂ ਘੰਟਾ**

**ਮਾਈ ਅਨਾਰਾਂ ਵਾਲੀ**

**ਅਮਨ ਵੇਲੇ ਮਿਲਾਂਗੇ**

---

**ਜ਼ੁਬੇਰ ਅਹਿਮਦ ਦਾ ਕਹਾਣੀ ਸੰਗ੍ਰਹਿ**

**ਮੀਂਹ ਬੂਹੇ ਤੇ ਬਾਰੀਆਂ**

# ਧਰਮੀ ਜੁਪੀਆ ਬਲਦ/ਨਵੀਦ ਅੰਜੁਮ

ਆਪਣੇ ਪੋਤਰੇ ਨੂੰ ਉਗੰਲੇ ਲਾ ਕੇ ਕਾਹਲੀ ਕਾਹਲੀ ਨਾਲ ਸਕੂਲ ਵਾਲੀ ਸੜਕੇ ਮੁੜਦਿਆਂ ਈ ਅੱਚਨ ਚੇਤੀ ਮਾਸਟਰ ਰੱਬ ਨਵਾਜ਼ ਦੀ ਨਜ਼ਰ ਫਿਰ ਉਸੇ ਬੈਨਰ ਤੇ ਪੈ ਗਈ।ਉਹ ਹਰ ਰੋਜ਼ ਪਿੱਛੋਂ ਤੇ ਬੜੀ ਕਾਹਲੀ ਨਾਲ ਟੁਰਦਾ ਆਉਂਦਾ ।ਪਰ ਇਸ ਬੈਨਰ ਵੱਲ ਵੇਖ ਕੇ ਉਹਦੀ ਚਾਲ ਮੱਠੀ ਪੈ ਜਾਂਦੀ ।ਰੋਜ਼ ਵਾਂਗ ਅੱਜ ਫਿਰ ਉਹ ਉਸੇ ਬੈਨਰ ਵਲੇ ਘੂਰੀਆਂ ਪਾ ਕੇ ਵੇਖਣ ਲੱਗ ਪਿਆ ।ਦੋ ਖੰਬੀਆਂ ਦੇ ਵਿਚਕਾਰ ਉੱਚਾ ਕਰਕੇ ਤਣਿਆ ਹੋਇਆ 3 ਗਜ਼ ਕੱਪੜੇ ਦਾ ਇਹ ਬੈਨਰ ਜਿਹੜਾ ਦੋ ਮਹੀਨਿਆਂ ਤੋਂ ਇੱਥੇ ਟੰਗਿਆ ਹੋਇਆ ਸੀ ।ਹੁਣ ਤੇ ਉਹ ਜਗ੍ਹਾ ਜਗ੍ਹਾ ਤੋਂ ਪਾਟਣ ਵੀ ਲੱਗ ਪਿਆਸ਼ ਸੱਜੇ ਪਾਸਿਉਂ ਇਕ ਦੋ ਲੰਘਾਰੇ ਲੱਥ ਕੇ ਥੱਲੇ ਲਮਕਦੇ ਹੋਏ ਇੰਜ ਝੂਲਦੇ ਪਏ ਸਨ, ਜਿਵੇਂ ਹਵਾਵਾਂ ਦਾ ਰੁਖ਼ ਦੱਸਦੇ ਹੋਵਣ ਕਿ ਹੁਣ ਉਹ ਕਿਹੜੇ ਪਾਸੇ ਨੂੰ ਵਗਦੀ ਪਈ ਏ ।ਉਹਦੇ ਤੇ ਲਿਖੇ ਹੋਏ ਵੱਡੇ ਵੱਡੇ ਅੱਖਰਾਂ ਦੇ ਰੰਗ ਵਿਚ ਫਿੱਕੇ ਪੈਣ ਲੱਗ ਪਏ ਸਨ ।ਮੌਸਮੀ ਬਾਰਿਸ਼ਾਂ ਤੇ ਵੇਲ਼ੇ ਦੀਆਂ ਧੁੱਪਾਂ ਨਾਲ ਉਹਦਾ ਚਿੱਟਾ ਦੁੱਧ ਵਰਗਾ ਰੰਗ ਹੁਣ ਘਸਮੈਲੇ ਤੋਂ ਵੀ ਬਦਤਰ ਹੋ ਗਿਆਸ਼ ਉਹਦੀ ਹੋਂਦ ਹੁਣ ਨਾ ਹੋਵਣ ਦੇ ਬਰਾਬਰ ਸੀ ।ਕੋਈ ਉਹਦੇ ਵੱਲ ਧੌਣ ਚਕ ਕੇ ਇੱਥੇ ਲਵਾਇਆ ਸੀ ।ਕਿ ਚੋਕ ਵਿੱਚੋਂ ਲੰਘਦਾ ਹਰ ਕੋਈ ਇਸ ਤੇ ਲਿਖਿਆ ਹੋਇਆ ਗ਼ੌਰ ਨਾਲ ਪੜ੍ਹੇ।ਇਹਦਾ ਕੱਪੜਾ ਵੀ ਉਹਨੇ ਆਪ ਈ ਖ਼ਰੀਦਿਆ ਤੇ ਸ਼ਹਿਰੋਂ ਕਿਸੇ ਚੰਗੇ ਪੇਂਟਰ ਕੋਲੋਂ ਲਿਖਵਾ ਕੇ ਵੀ ਆਪ ਈ ਲਿਆਇਆ ਸੀ ।ਸੱਭ ਤੋਂ ਥੱਲੇ ਅਪਣਾ ਨਾਂ ਬੜਾ ਸੁਹਣਾ ਤੇ ਫਬਾ ਕੇ ਲਿਖਵਾਇਆ ਕਿ ਮਿਨ ਜਾਨੀਬ ਮਾਸਟਰ ਰੱਬ ਨਵਾਜ਼ ।ਬਾਕੀ ਸਾਰਾ ਬੈਨਰ ਅਜੇ ਠੀਕ ਸੀ ਪਰ ਹੇਠਲੇ ਹਿੱਸੇ ਵੱਲੋਂ ਲੀਰਾਂ ਨਿਕਲਣ ਲੱਗ ਪਈਆਂ ਸਨ ।ਮਾਸਟਰ ਰੱਬ ਨਵਾਜ਼ ਦੇ ਨਾਂ ਵਾਲਾ ਹਿੱਸਾ ਲੀਰ-ਵ-ਲੀਰ ਹਵਾਵਾਂ ਵਿਚ ਝੂਲਦਾ ਫਿਰਦਾ ਸੀ ।ਬਕਾਇਆ ਬੈਨਰ ਦੀ ਲਿਖਤ ਅਜੇ ਬੜੇ ਆਰਾਮ ਨਾਲ ਪੜ੍ਹੀ ਜਾ ਸਕਦੀ ਸੀ ।ਬੈਨਰ ਵੱਲੋਂ ਨਜ਼ਰਾਂ ਹਟਾ ਕੇ ਉਹਨੇ ਆਪਣੇ ਪੋਤਰੇ ਦੀ ਬਾਂਹ ਫੜੀ ਤੇ ਟੁਰ ਪਿਆ ।ਉਹਦੇ ਪੋਤਰੇ ਨੇ ਅੱਜ ਫਿਰ ਉਹੋ ਈ ਸਵਾਲ ਪੁੱਛਿਆ ।ਜਿਹੜਾ ਹਰ ਵਾਰੀ ਉਹਦੇ ਕੋਲੋਂ ਪੁੱਛਦਾ ਹੁੰਦਾ ਕਿ ਦਾਦਾ ਅਬੂ ਇਹ ਕੀ ਲਿਖਿਆ ਏ ।

ਸੱਤਾਂ ਸਾਲਾਂ ਦਾ ਉਹਦਾ ਪੁੱਤਰਾ ਜਿਹੜਾ ਅਜੇ ਪਹਿਲੀ ਜਮਾਤ ਵਿੱਚ ਈ ਪੜ੍ਹਦਾ ਸੀ। ਉਹ ਆਪਣੇ ਦਾਦੇ ਨੂੰ ਜਦੋਂ ਵੀ ਕੋਈ ਬੈਨਰ ਯਾਂ ਕੰਧ ਤੇ ਲੱਗਾ ਹੋਇਆ ਇਸ਼ਤਿਹਾਰ ਗ਼ੌਰ ਨਾਲ ਪੜ੍ਹਦਿਆਂ ਵੇਖਦਾ ਤਾਂ ਆਈਹਾ ਲਾਜ਼ਮੀ ਪੁੱਛਦਾ ।ਮਾਸਟਰ ਰੱਬ ਨਵਾਜ਼ ਅਕਸਰ ਉਹਨੂੰ ਦੱਸ ਵੀ ਦਿੰਦਾ ਕਿ ਮੇਰੇ ਬਚਿਆ ਇਹਦੇ ਤੇ ਇਹ ਲਿਖਿਆ ਹੋਇਆ ਏ ਪਰ ਅੱਜ ਉਹ ਕੁੱਝ ਨਾ ਬੋਲਿਆ । ਅਤੇ ਛੇਤੀ ਛੇਤੀ ਨਾਲ ਪੈਰ ਘੜੀਸਦਾ ਸਕੂਲ ਵੱਲ ਨੂੰ ਟੁਰ ਪਿਆ ।ਸਕੂਲ ਦੇ ਗੇਟ ਅੱਗੇ ਪਹੁੰਚ ਕੇ ਉਹਨੇ ਆਪਣੇ ਪੋਤਰੇ ਨੂੰ ਇਕ ਵਾਰੀ ਸੀਨੇ ਨਾਲ ਲਾਇਆ ।ਉਹਦਾ ਮੂੰਹ ਚੁਮੀਆ ਤੇ ਉਹਨੂੰ ਸਕੂਲ ਦਾ ਗੇਟ ਲੰਘਾਕੇ ਘੱਰ ਨੂੰ ਮੁੜ ਪਿਆ ।ਗੁਰ ਦਾ ਬੂਹਾ ਲੰਘਦਿਆਂ ਉਹਨੇ ਕਿਚਨ ਵੱਲ ਝਾਤੀ ਪਾਈ ਉਹਨ ਦੀ ਨੂੰਹ ਕਿਚਨ ਵਿਚ ਖਲੋਤੀ ਰੋਟੀਆਂ ਪਕਾਉਂਦੀ ਪਈ ਤੇ ਛੋਟੀ ਇਕ ਸਾਲ ਦੀ ਉਹਦੀ ਪੋਤਰੀ ਮਾਨੋ ਪੰਘੂੜੇ ਵਿਚ ਪਈ ਉੱਚੀ ਉੱਚੀ ਰੋਂਦੀ ਪਈ ਸੀ ।ਉਹਨੇ ਅਪਣੀ ਨੂੰਹ ਨੂੰ ਪੁਛੀਆ,

"ਪੁੱਤ ਤੇਰੀ ਫੋਫੋ ਕਿੱਥੇ ਆ ।"

ਉਹ ਆਖਣ ਲੱਗੀ, "ਜੀ ਉਹ ਆਪਣੇ ਕਮਰੇ ਵਿਚ ਨੇਂ ।ਕੁਰਆਨ ਪਾਕ ਦੀ ਤਲਾਵਤ ਕਰ ਰਹੇ ਨੇਂ ।ਤੁਸੀਂ ਬੈਠੋਂ ਮੈਂ ਨਾਸ਼ਤਾ ਲੈ ਕੇ ਆਉਂਦੀ ਹਾਂ ਤੁਹਾਡੇ ਲਈ।" ਮਾਸਟਰ ਰੱਬ ਨਵਾਜ਼ ਉਥੋਂ ਸਿੱਧਾ ਈ ਕਮਰੇ ਵਿਚ ਗਿਆ ਤੇ ਜਾ ਕੇ ਰੋ ਰੋ ਕੇ ਹਲਕਾਨ ਹੋਈ ਮਾਨੋ ਨੂੰ ਗੋਦੀ ਚਕ ਲਿਆਇਆ

ਉਹਨੂੰ ਚੁਪ ਕਰਾਉਣ ਦਾ ਆਹਰ ਕਰਨ ਲੱਗ ਪਿਆ ।ਉਹਨੂੰ ਨਿੱਕੇ ਨਿੱਕੇ ਲਾਡ ਕਰਦਾ ।ਹੱਥਾਂ ਨਾਲ ਹੁਲਾਰੇ ਦਿੰਦਾ ਹੋਇਆ ਬਾਹਰ ਆ ਕੇ ਬਰਾਂਡੇ ਵਿੱਚ ਰੱਖੇ ਸੋਫ਼ੇ ਤੇ ਬਹਿ ਗਿਆ ।ਹੌਲੀ



ਹੌਲੀ ਹੁਲਾਰੇ ਲੈਂਦੀ ਛੋਟੀ ਮਾਨੋ ਦਾਦੇ ਦੀ ਗੋਦੀ ਵਿੱਚ ਲੰਮੇ ਪਈ ਅੱਖਾਂ ਬੰਦ ਕਰਦੀ ਤੇ ਕਦੀ ਖੋਲ ਕੇ ਉਹ ਤੇ ਛੱਤ ਵੱਲ ਵੇਖਦੀ ਤੇ ਕਦੀ ਆਪਣੇ ਦਾਦੇ ਦੇ ਚਿਹਰੇ ਵੱਲ।ਮਾਸਟਰ ਰੱਬ ਨਵਾਜ਼ ਇਹ ਅੱਖਾਂ ਕੋਈ ਪਹਿਲੀ ਵਾਰੀ ਨਹੀਂ ਸੀ ਵੇਖਦਾ ਪਿਆ ।ਉਹ ਪਿਛਲੇ ਬੱਤੀ ਵਰ੍ਹਿਆਂ ਤੋਂ ਇਨ੍ਹਾਂ ਅੱਖਾਂ ਵਿਚ ਅਪਣੀ ਹਯਾਤੀ ਨੂੰ ਜਿਊਂਦਾ ਜਾਗਦਾ ਵੇਖਦਾ ਸੀ ।ਕਿਉਂਕਿ ਨਿੱਕੀ ਮਾਨੋ ਦੀਆਂ ਅੱਖਾਂ ਹੂ ਬਹੂ ਆਪਣੇ ਪਿਓ ਵਰਗੀਆਂ ਸਨ ।ਉਹਨੂੰ ਅਜੇ ਵੀ ਯਾਦ ਏ ਕਿ ਅਸਲਮ ਵੀ ਇੰਜ ਈ ਉਹਦੀ ਗੋਦੀ ਵਿੱਚ ਪਿਆ ਪਿਆ ਅੱਖਾਂ ਚਮਕਦਾ ਚਮਕਦਾ ਸੌਂ ਜਾਂਦਾ ਹੁੰਦਾ ਸੀ ।ਆਪਣੇ ਵਿਆਹ ਤੋਂ ਦੋ ਸਾਲ ਬਾਅਦ ਜਦੋਂ ਉਹਨੇ ਅਪਣੀ ਬਦਲੀ ਸ਼ਹਿਰ ਤੋਂ ਨਾਲ ਦੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਕਰਵਾਈ ਸੀ ।ਉਦੋਂ ਜਦੋਂ ਵੀ ਉਹ ਲੌਢੇ ਵੇਲ਼ੇ ਸਕੂਲੋਂ ਵਾਪਸ ਘੱਰ ਆਉਂਦਾ ਤਾਂ ਵੇੜ੍ਹੇ ਵਿਚ ਸਾਈਕਲ ਖਿਲਾਰ ਦਿਆਂ ਈ ਸੱਭ ਤੋਂ ਪਹਿਲੋਂ ਆਪਣੇ ਮੁੰਡੇ ਨੂੰ ਗੋਦੀ ਚੁੱਕਦਾ ।ਉਹਦ ਅਮੋਨਹਾ ਚਮਦਾ ਤੇ ਵਣ ਸੋਨੇ ਲਾਡ ਕਰਦਾ ।ਉਹਦੀ ਹਰ ਸਾਂਝ ਹੁਣ ਆਪਣੇ ਅਸਲਮ ਨਾਲ ਜੁੜੀ ਸੀ । ਅਪਣੀ ਬੀਵੀ ਦਾ ਨਾਂ ਲੈ ਕੇ ਬੁਲਾਉਣਾ ਭੁਲ ਗਿਆ ।ਬੱਸ ਅਸਲਮ ਦੀ ਮਾਂ ਕਹਿ ਕਿ ਬੁਲਾਉਂਦਾ। ਉਹਨੇ ਵੀ ਜੋ ਕੰਮ ਕਹਿਣਾ ਹੁੰਦਾ ਅਸਲਮ ਦੇ ਅਬੂ ਕਹਿ ਕੇ ਬੁਲਾਉਂਦੀ ।

ਅਸਲਮ 5 ਵਰ੍ਹਿਆਂ ਦਾ ਸੀ ਜਦੋਂ ਉਹ ਦੋਵੇਂ ਜੀ ਉਹਨੂੰ ਸਕੂਲੇ ਦਾਖ਼ਲ ਕਰਾਉਣ ਗਏ ।ਰਾਹ ਵਿਚ ਉਹ ਇਹੋ ਈ ਸਲਾਹਵਾਂ ਕਰਦੇ ਗਏ ਕਿ ਸਾਡਾ ਪੁਤੱਰ ਪੜ ਲਿਖ ਕੇ ਵੱਡਾ ਅਫ਼ਸਰ ਬਣੇ ਗਾ ।ਰੱਬ ਨਵਾਜ਼ ਇਹੋ ਈ ਕਹਿੰਦਾ ਕਿ ਮੈਂ ਇਹਨੂੰ ਫ਼ੌਜ ਵਿਚ ਭਰਤੀ ਕਰਾਵਾਂ ਗਾ ।ਪਰ ਉਹਦੀ ਬੀਵੀ ਕਹਿੰਦੀ ਨਹੀਂ ਪੁਲਸ ਵਿਚ ਭਰਤੀ ਕਰਾਵਾਂਗੇ।ਉਨ੍ਹਾਂ ਦੀ ਇਹ ਨਿੱਕੀ ਨਿੱਕੀ ਬਹਿਸ ਅਕਸਰ ਈ ਹੁੰਦੀ ਰਹਿੰਦੀ ।ਅਸਲਮ ਛੇ ਸਾਲਾਂ ਦਾ ਸੀ ਜਦੋਂ ਰਜ਼ੀਆ ਪੈਦਾ ਹੋਈ ਉਹ ਦੋਵੇਂ ਜੀ ਬੜੇ ਰਾਜ਼ੀ ਸੁਣ ਕੇ ਰੱਬ ਨੇ ਮਿੰਨਤਾਂ ਮੁਰਾਦਾਂ ਨਾਲ ਉਹਨਾਂ ਦਾ ਖ਼ਾਨਦਾਨ ਪੂਰਾ ਕਰ ਦਿੱਤਾ ।ਅਸਲਮ ਉਦੋਂ ਚੌਥੀ ਜਮਾਤੇ ਪੜ੍ਹਦਾ ਸੀ।ਜਦੋਂ ਰਜ਼ੀਆ ਨੂੰ ਵੀ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ ।

ਦੋਵੇਂ ਭੈਣ ਭਰਾ ਬੜੇ ਚਾਹਵਾਂ ਨਾਲ ਸਕੂਲ ਜਾਂਦੇ।ਰੱਬ ਨਵਾਜ਼ ਦੀ ਪਿੰਡ ਵਿਚ ਚੰਗੀ ਗੱਲ ਬਾਤ ਸੀ ।ਕਿਸੇ ਨੇ ਕੋਈ ਸੁਰ ਸਲਾਹ ਯਾਂ ਫਿਰ ਕੋਈ ਦਰਖ਼ਵਾਸਤ ਲਖਵਾਨੀ ਹੁੰਦੀ ਤਾਂ ਸਿੱਧੇ ਰੱਬ ਨਵਾਜ਼ ਦੇ ਘੱਰ ਆਉਂਦੇ।ਪਿੰਡ ਦਾ ਚੌਧਰੀ ਜਦੋਂ ਵੀ ਕੋਈ ਪਿੰਡ ਵਿਚ ਕੰਮ ਛੂੰਹਦਾ ਤੇ ਉਹਦੀ ਸਲਾਹ ਪਹਿਲੋਂ ਉਹਦੇ ਨਾਲ ਲਾਜ਼ਮੀ ਕਰਦਾ ।ਦੋਵੇਂ ਜੀ ਪੰਜ ਵਕਤ ਦੇ ਨਮਾਜ਼ੀ ਸਨ ਹੁਣ ਤੇ ਰਜ਼ੀਆ ਤੇ ਅਸਲਮ ਵੀ ਸਵੇਰੇ ਸਵੇਰੇ ਉੱਠਣ ਦੇ ਆਦੀ ਹੋ ਗਏ ਸਨ ।ਸਵੇਰੇ ਫ਼ਜਰ ਵੇਲ਼ੇ ਉਠ ਕੇ ਸਾਰੇ ਜੀ ਨਮਾਜ਼ ਪੜ੍ਹਦੇ।ਰੱਬ ਨਵਾਜ਼ ਫ਼ਜਰ ਦੀ ਨਮਾਜ਼ ਘਰ ਪੜ੍ਹਦਾ ਤੇ ਬਾਕੀ ਚਾਰ ਮਸੀਤੇ।ਇਹ ਉਹਦਾ ਰੋਜ਼ ਦਾ ਕੰਮ ਸੀ ਜੇ ਕਿੱਧਰੇ ਕੋਈ ਨਮਾਜ਼ ਕਜ਼ਾ ਹੋ ਜਾਂਦੀ ਤਾਂ ਮਹੀਨਾ ਮਹੀਨਾ ਇਸ ਗੱਲ ਦਾ ਖੈਹੜਾ ਨਾ ਛੱਡਦਾ ।ਹਰ ਮਿਲਣ ਗਿਲਣ ਵਾਲੇ ਨੂੰ ਜ਼ਰੂਰੀ ਦੱਸਦਾ ਕਿ ਫ਼ਲਾਣੇ ਦਿਨ ਦੀ ਨਮਾਜ਼ ਕਜ਼ਾ ਹੋਈ ਏ ਰੱਬ ਨੂੰ ਕਿਆਮਤ ਵਾਲੇ ਦਿਨ ਕੀ ਜਵਾਬ ਦਿਆਂ ਗਾ ।ਜੁਮੇ ਵਾਲੇ ਦਿਨ ਦਾ ਤੇ ਉਹ ਬੜਾ ਈ ਪਾਬੰਦ ਸੀ ।ਸਵੇਰ ਤੋਂ ਘੱਰ ਵਿਚ ਰੌਲਾ ਪਾਉਣਾ ਸ਼ੁਰੂ ਕਰ ਦਿੰਦਾ ।ਅਸਲਮ ਦੀ ਮਾਂ ਮੇਰੇ ਕੱਪੜੇ ਵੇਲ਼ੇ ਸਿਰ ਇਸਤਰੀ ਕਰ ਦਿਆ ਜੇ ।ਖ਼ੁਤਬਾ ਸ਼ੁਰੂ ਹੋਵਣ ਤੂੰ ਪੰਜ ਦਸ ਮਿੰਟ ਪਹਿਲਾਂ ਮਸੀਤੇ ਅੱਪੜ ਜਾਂਦਾ ।

ਉਹਨੇ ਅਸਲਮ ਨੂੰ ਮੈਟ੍ਰਿਕ ਤੇ ਪਿੰਡ ਦੇ ਵੱਡੇ ਸਕੂਲ ਵਿਚ ਕਰਵਾਇਆ ਤੇ ਬੀ ਏ ਸ਼ਹਿਰ ਦੇ ਵੱਡੇ ਕਾਲਜ ਵਿਚ ।ਅਸਲਮ ਦੇ ਬੀ ਏ ਕਰਨ ਤੋਂ ਬਾਅਦ ਦੋਵਾਂ ਜੀਆਂ ਨੂੰ ਉਹਦੀ ਨੌਕਰੀ ਦੀ ਫ਼ਿਕਰ ਲੱਗ ਗਈ ।ਅਸਲਮ ਨੂੰ ਉਹਦੀ ਮਾਂ ਪੁਲਸ ਵਿਚ ਈ ਭਰਤੀ ਕਰਵਾਣਾ ਚਾਹੁੰਦੀ ਸੀ ।ਨਾਲੇ ਅਸਲਮ ਆਪ ਵੀ ਇਹੋ ਚਾਹੁੰਦਾ ਸੀ ।ਰੱਬ ਨਵਾਜ਼ ਰਿਟਾਇਰਡ ਹੋਇਆ ਤੇ ਉਹਨੇ ਗੀਟਾਇਰਮੈਂਟ ਦੇ ਅੱਧੇ ਪੈਸੇ ਰਜ਼ੀਆ ਦੇ ਵਿਆਹ ਲਈ ਸਾਂਭ ਲਏ ਤੇ ਬਾਕੀ ਪੈਸੇ ਅਫ਼ਸਰਾਂ ਨੂੰ ਵੱਡੀਆਂ ਦੇ ਕੇ

ਇਧਰੋਂ ਉਧਰੋਂ ਸਿਫ਼ਾਰਸ਼ਾਂ ਕਰਵਾ ਕੇ ਅਸਲਮ ਨੂੰ ਪੁਲਸ ਦੀ ਟ੍ਰੇਨਿੰਗ ਤੇ ਘੁਲ ਦਿੱਤਾ ।ਰਜ਼ੀਆ ਨੂੰ ਦੱਸ ਜਮਾਤਾਂ ਤੋਂ ਅੱਗੇ ਨਾ ਪੜ੍ਹਾਇਆ ।ਜਿਸ ਦਿਨ ਅਸਲਮ ਪੁਲਸ ਦੀ ਟ੍ਰੇਨਿੰਗ ਪੂਰੀ ਕਰ ਕੇ ਪਹਿਲੀ ਵਾਰੀ ਘੱਰ ਆਇਆ ਰੱਬ ਨਵਾਜ਼ ਤੇ ਉਹਦੀ ਘੱਰ ਵਾਲੀ ਦੇ ਪੈਰ ਧਰਤੀ ਤੇ ਨਹੀਂ ਟਿਕ ਰਹੇ ਸਨ । ਪੂਰੇ ਪਿੰਡ ਵਿਚ ਮਠਿਆਈਆਂ ਵੰਡੀਆਂ ।ਦੋ ਦੇਗਾਂ ਬਿਰਿਆਨੀ ਦੀਆਂ ਪਕਵਾਈਆਂ ਤੇ ਸਾਰੇ ਰਿਸ਼ਤੇ ਦਾਰਾਂ ਤੇ ਅੰਗ ਸਾਕਾਂ ਨੂੰ ਘੱਰ ਬੁਲਾਇਆ ।ਪਿੰਡ ਦਾ ਚੌਧਰੀ ਤੇ ਨੰਬਰਦਾਰ ਵੀ ਆਪ ਘੱਰ ਆ ਕੇ ਰੱਬ ਨਵਾਜ਼ ਤੇ ਉਹਦੀ ਬੀਵੀ ਨੂੰ ਮੁਬਾਰਕਾਂ ਦਿੰਦੇ ਪਏ ਸਨ ।ਅਸਲਮ ਦੀ ਡਿਊਟੀ ਸ਼ਹਿਰ ਵਿਚ ਕਿਸੇ ਥਾਣੇ ਵਿੱਚ ਲੱਗੀ ਅੱਠੀਂ ਦਿਨੀਂ ਘੱਰ ਚੱਕਰ ਲਾ ਜਾਂਦਾ ।ਉਹਦੀ ਮਾਂ ਉਹਨੂੰ ਆਖਣ ਲੱਗੀ ਕਿ ਤੇਰੇ ਕੋਲ ਮੋਟਰ ਸਾਈਕਲ ਤੇ ਹੁੰਦੀ ਏ ਤੇ ਤੋਂ ਰੋਜ਼ ਘੱਰ ਕਿਉਂ ਨਹੀਂ ਆਵਨਦਾ ।ਉਹ ਆਖਣ ਲੱਗਾ, "ਅੰਮੀ ਜੀ ਡੀਵਟੀਆਂ ਬਦਲ ਬਦਲ ਕੇ ਲਗਦੀਆਂ ਨੇਂ ਕੋਈ ਪਤਾ ਨਹੀਂ ਹੁੰਦਾ ਕਿ ਕਿਹੜੇ ਵੇਲ਼ੇ ਕਿੱਥੇ ਘੁਲ ਦਿੰਦੇ ਨੇਂ ।"

ਉਹਨਾਂ ਆਵਹਦੀ ਇਸ ਗੱਲ ਨੂੰ ਉਹਦਾ ਘੱਰ ਨਾ ਆਉਣ ਦਾ ਬਹਾਨਾ ਸਮਝ ਕੇ ਉਹਦੇ ਵਿਆਹ ਦਾ ਸੋਚਣਾ ਸ਼ੁਰੂ ਕਰ ਦਿੱਤਾ ।ਅਸਲਮ ਦੀ ਮਾਂ ਨੂੰ ਆਪਣੇ ਵੱਡੇ ਭਰਾ ਦੀ ਛੋਟੀ ਕੁੜੀ ਬਾਨੋ ਬੜੀ ਪਸੰਦੀ ਸੀ ।ਉਹਦੀ ਸ਼ੁਰੂ ਤੋਂ ਉਹਦੇ ਤੇ ਅੱਖ ਸੀ ।ਉਹਨੇ ਆਪਣੇ ਭਰਾ ਨਾਲ ਗੱਲ ਕੀਤੀ । ਉਹ ਛੇਤੀ ਹੀ ਮਨ ਗਿਆ ।ਖ਼ੋਰੇ ਉਹ ਵੀ ਇਹੋ ਈ ਚਾਹੁੰਦਾ ਸੀ ।ਪਹਿਲੂ ਨਿੱਕੀ ਜਿਹੀ ਮੰਗਣੀ ਤੇ ਫਿਰ ਛੇ ਮਹੀਨੇ ਦੀ ਵਿੱਥ ਪਾ ਕੇ ਅਸਲਮ ਦਾ ਵਿਆਹ ਕਰ ਕੇ ਬਾਨੋ ਨੂੰ ਘਰ ਲੈ ਆਏ ।ਰੱਬ ਨਵਾਜ਼ ਬੜਾ ਖ਼ੁੱਸ਼ ਸੀ ਚਲੋ ਅਕ ਫ਼ਰਜ਼ ਤੇ ਪੂਰਾ ਹੋਇਆ ।ਬਾਕੀ ਪਿੱਛੇ ਰਹਿ ਗਈ ਕੁੜੀ ।ਇਹਦਾ ਵੀ ਵਿਆਹ ਕਰ ਕੇ ਵਿਹਲੇ ਹੋ ਕੇ ਫਿਰ ਦੋਵੇਂ ਜੀ ਹੱਜ ਕਰ ਕੇ ਆਵਾਂਗੇ।ਹੁਣ ਅਸਲਮ ਰੋਜ਼ ਘਰ ਵੀ ਆਉਣ ਲੱਗ ਪਿਆ ।ਭਾਵੇਂ ਰਾਤ ਦੇ 12 ਵੀ ਵੱਜ ਜਾਂਦੇ ਘਰ ਜ਼ਰੂਰੀ ਪਹੁੰਚ ਜਾਂਦਾ ।ਡੇੜ੍ਹ ਸਾਲ ਬਾਅਦ ਬਾਨੋ ਨੇ ਰੱਬ ਨਵਾਜ਼ ਤੇ ਉਹਦੀ ਘੱਰ ਵਾਲੀ ਦੀ ਗੋਦੀ ਵਿੱਚ ਚੰਨ ਵਰਗਾ ਪੁੱਤਰਾ ਪਾ ਦਿਤਾ ।ਘੱਰ ਵਿਚ ਨਿੱਕੇ ਜਿਹੇ ਬਾਲ ਦੇ ਆਉਣ ਨਾਲ ਸਾਰੇ ਘਰ ਵਿਚ ਵਾਹਵਾ ਰੌਣਕ ਲੱਗ ਗਈ ।ਦੋਵੇਂ ਜੀ ਪੋਤਰੇ ਦੇ ਆਹਰੇ ਲੱਗੇ ਰਹਿੰਦੇ।ਰੱਬ ਨਵਾਜ਼ ਉਹਨੂੰ ਬਿੱਟੂ ਕਹਿ ਬੁਲਾਉਂਦਾ ।ਇਸ ਲਈ ਸਾਰਾ ਘੱਰ ਉਹਨੂੰ ਬਿੱਟੂ ਹੀ ਆਖਦਾ ।ਬਿੱਟੂ ਚਾਰ ਸਾਲਾਂ ਦੀ ਸੀ ਜਦੋਂ ਰਜ਼ੀਆ ਦਾ ਵਿਆਹ ਕੀਤਾ । ਰਜ਼ੀਆ ਦੇ ਘਰੋਂ ਜਾਣ ਤੋਂ ਬਾਅਦ ਘੱਰ ਥੋੜਾ ਸੁੰਞਾ ਸੁੰਞਾ ਜਿਹਾ ਲੱਗਣ ਲੱਗਾ ।ਰੱਬ ਨਵਾਜ਼ ਦੀ ਬੀਵੀ ਨੇ ਅਪਣੀ ਨੂੰਹ ਨੂੰ ਪੁੱਛਿਆ, "ਪੁੱਤ ਖ਼ੈਰ ਤੇ ਹੈ ਅੱਗੇ ਕੋਈ ਰੌਣਕ ਨਹੀਂ ਲਾਉਣੀ ।"

ਉਹ ਆਖਣ ਲੱਗੀ, "ਫੋਫੋ ਜੀ ਤੁਹਾਨੂੰ ਪਤਾ ਤੇ ਹੈ ਕਿ ਬਿੱਟੂ ਵੱਡੇ ਆਪ੍ਰੇਸ਼ਨ ਨਾਲ ਪੈਦਾ ਹੋਇਆ ਸੀ ।ਇਸ ਲਈ ਡਾਕਟਰਾਂ ਨੇ ਸਾਨੂੰ 5 ਸਾਲਾਂ ਵਾਸਤੇ ਅਗਲੇ ਬੱਚੇ ਲਈ ਮਨ੍ਹਾ ਕੀਤਾ ਸੀ।"

"ਚੱਲ ਕੋਈ ਨਹੀਂ ਪੁੱਤ ਹੁਣ ਅਪਣਾ ਬਿੱਟੂ 4 ਸਾਲਾਂ ਦਾ ਤਾਂ ਹੋ ਗਿਆ ।ਹੁਣ ਅਗਾਂਹ ਦੀ ਸੋਚੋ।" ਉਹਦੀ ਨੂੰਹ ਹਲਕਾ ਜਿਹਾ ਮੁਸਕਰਾਈ ਤੇ ਫਿਰ ਆਪਣੇ ਕੰਮ ਵਿਚ ਰੁੱਝ ਗਈ ।

ਬਿੱਟੂ 6 ਸਾਲਾਂ ਦਾ ਸੀ ਜਦੋਂ ਮਾਨੋ ਪੈਦਾ ਹੋਈ ।ਮਾਨੋ ਦੀ ਸ਼ਕਲ ਤੇ ਮੂੰਹ ਮੁਹਾਂਦਰਾ ਸਾਰਾ ਰਜ਼ੀਆ ਵਰਗਾ ਸੀ ।ਪਰ ਅੱਖਾਂ ਬਿਲਕੁਲ ਅਸਲਮ ਵਰਗੀਆ ।ਰੱਬ ਨਵਾਜ਼ ਨੂੰ ਮਾਨੋ ਵਿੱਚੋਂ ਆਪਣੇ ਦੋਵੇਂ ਬੱਚੇ ਦੱਸਦੇ ਜਾਪਦੇ।ਅਸਲਮ ਸਵੇਰੇ ਡਿਊਟੀ ਤੇ ਜਾਣ ਲੱਗਾ ।ਬਿੱਟੂ ਨੂੰ ਸਕੂਲ ਛੱਡ ਦਿੰਦਾ ਤੇ ਦੁਪਹਿਰ ਵੇਲ਼ੇ ਰੱਬ ਨਵਾਜ਼ ਉਹਨੂੰ ਲੈ ਆਉਂਦਾ ਤੇ ਉਹ ਬਾਕੀ ਵੇਲਾ ਮਸੀਤੇ ਮੌਲਵੀ ਸਾਹਿਬ ਕੋਲ ਬੈਠਾ ਰਹਿੰਦਾ ।

ਕੋਈ ਨਾ ਕੋਈ ਮਸਅਲਾ ਛੋਹਿਆ ਰਹਿੰਦਾ ਤੇ ਉਹਦੇ ਤੇ ਗੱਲ ਬਾਤ ਹੁੰਦੀ ਰਹਿੰਦੀ । ਕਦੀ ਕਦੀ ਤੇ ਬਹਿਸ ਐਡੀ ਲੰਮੀ ਹੋਜਾਂਦੀ ਕੇ ਮਗ਼ਰਿਬ ਤੇ ਉਸ਼ਾ ਵੀ ਉਥੇ ਈ ਪੜ੍ਹ ਕੇ ਘੱਰ ਪਰਤਦਾ।



ਘਰ ਆ ਕੇ ਵੀ ਉਹ ਟੀ ਵੀ ਅੱਗੇ ਬੈਠ ਜਾਂਦਾ ਤੇ ਮਜ਼੍ਹਬੀ ਚੈਨਲ ਤੇ ਨਵੀਆਂ ਨਵੀਆਂ ਨਾਅਤ ਖ਼ਵਾਹਾਂ ਦੀਆਂ ਨਾਤਾਂ ਬੜੇ ਗ਼ੌਰ ਨਾਲ ਸੁਣਦਾ ਰਹਿੰਦਾ ।ਯਾਂ ਫਿਰ ਖ਼ਬਰਾਂ ਵਾਲੇ ਚੈਨਲ ਲਾ ਕੇ ਖ਼ਬਰਾਂ ਬੜੇ ਘੂਹ ਕਰ ਕੇ ਵੇਖਦਾ ਤੇ ਸੁਣਦਾ ।ਜਿਨੀ ਦੇਰ ਰੱਬ ਨਵਾਜ਼ ਘਰੋਂ ਬਾਹਰ ਰਹਿੰਦਾ ਉਹਦੀ ਨੂੰਹ ਟੀ ਵੀ ਤੇ ਸਟਾਰ ਪਲੱਸ, ਸਟਾਰ ਗੋਲਡ ਤੇ ਕਲਰਜ਼ ਤੇ ਡਰਾਮੇ ਵੇਖਦੀ ਰਹਿੰਦੀ ਪਰ ਜਦੋਂ ਉਹਦਾ ਸੌਹਰਾ ਘੱਰ ਆ ਜਾਂਦਾ ਤੇ ਉਹ ਰੀਮੋਰਟ ਕੰਟਰੋਲ ਨੂੰ ਹੱਥ ਨਾ ਲਾਉਂਦੀ ।ਟੀ ਵੀ ਦੇ ਲਾਗੇ ਨਾ ਜਾਂਦੀ ।ਬੱਸ ਕਿਚਨ ਦੇ ਕੰਮ ਵਿਚ ਰੁੱਝੀ ਰਹਿੰਦੀ ।ਫਿਰ ਇਕ ਦਿਨ ਉਰਸ ਦੀ ਨਮਾਜ਼ ਪੜ੍ਹਨ ਗਿਆ ਤੇ ਉਸ਼ਾ ਦੀ ਨਮਾਜ਼ ਤੋਂ ਇਕ ਘੰਟੇ ਬਾਅਦ ਘੱਰ ਪਰਤਿਆ ।ਆਉਂਦੀਆਂ ਈ ਟੀ ਵੀ ਦਾ ਰੀਮੋਰਟ ਫੜ ਕੇ ਖ਼ਬਰਾਂ ਵਾਲੇ ਚੈਨਲ ਨੂੰ ਅੱਗੇ ਪਿੱਛੇ ਕਰ ਕੇ ਵੇਖਣ ਲੱਗ ਪਿਆ ।ਅਸਲਮ ਦੀ ਮਾਂ ਪੁੱਛਣ ਲੱਗ ਪਈ, "ਖ਼ੈਰ ਤੇ ਹੈ ?"

ਫਿਰ ਉਹ ਘਬਰਾਇਆ ਤੇ ਹਲਕੇ ਫੁਲਕੇ ਗ਼ੁੱਸੇ ਦੇ ਰੂ ਵਿਚ ਉਹਨੂੰ ਦਸਣ ਲੱਗ ਪਿਆ, "ਪੂਰੇ ਮੁਲਕ ਵਿਚ ਹਾਲ ਪਾਹਰਿਆ ਪਈ ਏ ।ਪੂਰੀ ਦੁਨੀਆ ਤੇ ਰੌਲੇ ਪਏ ਨੇਂ ।"

ਉਹ ਆਖਣ ਲੱਗੀ, "ਕਾਹਦੇ ਤੋਂ ।"

ਉਹ ਕਹਿਣ ਲੱਗਾ, "ਅਮਰੀਕਾ ਦੇ ਕਿਸੇ ਬੰਦੇ ਨੇ ਨਬੀ ਪਾਕ ਦੀ ਸ਼ਾਨ ਵਿਚ ਬੜੀ ਵੱਡੀ ਗੁਸਤਾਖ਼ੀ ਕੀਤੀ ਏ ।ਸੁਣਿਆ ਏ ਉਹਨੇ ਕੋਈ ਗਸਤਾਖ਼ਾਨਾ ਫ਼ਿਲਮ ਬਣਾ ਕੇ ਇੰਟਰ ਨੈੱਟ ਤੇ ਚਲਾ ਦਿੱਤੀ ਏ ।" ਫਿਰ ਉਹ ਦੋਵੇਂ ਜੀ ਟੀ ਵੀ ਤੇ ਖ਼ਬਰਾਂ ਬੜੇ ਗ਼ੌਰ ਨਾਲ ਵੇਖਣ ਲੱਗ ਪਏ।ਜਗ੍ਹਾ ਜਗ੍ਹਾ ਤੇ ਲੋਗ ਰੈਲੀਆਂ ਜਲਸੇ ਜਲੂਸ ਕੱਢਦੇ ਨਜ਼ਰੀਂ ਆਉਂਦੇ ਪਏ ਸਨ ।

ਕਿਤੇ ਅਮਰੀਕਾ ਦਾ ਝੰਡਾ ਸਾੜਿਆ ਜਾਂਦਾ ਪਿਆ ਤੇ ਕਿਤੇ ਅਮਰੀਕਾ ਦੇ ਸਦਰ ਦੇ ਪੁਤਲੇ ਨੂੰ ਅੱਗਾਂ ਲਾਉਂਦੇ ਪਏ ਸਨ ਲੋਗ ।ਰਾਤ 12 ਵਜੇ ਤੱਕ ਉਹ ਇਹੋ ਈ ਖ਼ਬਰਾਂ ਵੀਖਦ ਰਿਹਾ। ਦਿਨ ਚੜ੍ਹੇ ਨੰਬਰਦਾਰਾਂ ਦੀ ਹਵੇਲੀ ਵਿਚ ਪਿੰਡ ਦੇ ਸਿਆਣੇ ਬਿਆਨੇ ਬੰਦੇ ਤੇ ਲਾਗੇ ਲਾਗੇ ਪਿੰਡਾਂ ਦੇ ਹੋਰ ਲੋਗ ਇਕੱਠੇ ਹੋਏ ।ਉਨ੍ਹਾਂ ਵੀ ਕੋਈ ਜਲੂਸ ਕੱਢਣ ਦਾ ਪ੍ਰੋਗਰਾਮ ਬਣਾਇਆ ।200 ਬੰਦੇ ਦੇ ਇਸ ਇਕੱਠ ਵਿਚ ਪਹਿਲੋਂ ਮੌਲਵੀ ਗ਼ੁਲਾਮ ਰਸੂਲ ਲੋਕਾਂ ਨੂੰ ਇਹ ਵਾਪਰੀ ਘਟਨਾ ਬਾਰੇ ਦੱਸਦਾ ਰਿਹਾ । ਫਿਰ ਮਾਸਟਰ ਰੱਬ ਨਵਾਜ਼ ਨੇ ਬੜੀ ਭਰਵੀਂ ਤਕਰੀਰ ਕਰ ਕੇ ਇਕੱਠੇ ਹੋਏ ਲੋਕਾਂ ਦੇ ਈਮਾਨ ਨੂੰ ਝੰਝੋੜਿਆ ।ਉਥੋਂ ਵਿਹਲਾ ਹੋ ਕੇ ਉਹ ਸਿੱਧਾ ਸ਼ਹਿਰ ਨੂੰ ਟੁਰ ਪਿਆ ।

ਸ਼ਹਿਰ ਵਿਚ ਜਗ੍ਹਾ ਜਗ੍ਹਾ ਤੇ ਬੈਨਰ ਤੇ ਇਸ਼ਤਿਹਾਰ ਪਹਿਲੋਂ ਈ ਲੱਗੇ ਹੋਏ ਸਨ ਜਿਹਨਾਂ ਨੂੰ ਰੱਬ ਨਵਾਜ਼ ਬੜੇ ਗ਼ੌਰ ਨਾਲ ਪੜ੍ਹਦਾ ਪਿਆ ਸੀ ।ਕਿਸੇ ਤੇ ਲਿਖਿਆ ਕਿ ਹਮ ਗਸਤਾਖ਼ਾਨਾ ਫ਼ਿਲਮ ਬਨਾਣੈ ਵਾਲੋਂ ਕੀ ਪਰ ਜ਼ੋਰ ਮਜ਼ਮਤ ਕਰਤੇ ਹੈਂ।ਕਿਤੇ ਇਹ ਲਿਖਿਆ ਕਿ ਹੁਰਮਤ ਰਸੂਲ ਪਰ ਜਾਣ ਭੀ ਕੁਰਬਾਨ ਅਤੇ ਬਹੁਤੀਆਂ ਤੇ ਇਹੋ ਈ ਲਿਖਿਆ ਹੋਇਆ ਸੀ ਕਿ ਗੁਸਤਾਖ਼ ਕੀ ਸਜ਼ਾ ਸਿਰ ਤਨ ਸੇ ਜੁਦਾ ।ਰੱਬ ਨਵਾਜ਼ ਨੇ ਵੀ 3 ਗਜ਼ ਕੱਪੜਾ ਲੈ ਕੇ ਉਥੋਂ ਈ ਇਕ ਪੇਂਟਰ ਤੋਂ ਉਹਦੇ ਤੇ ਇਹ ਲਿਖਵਾਇਆ ਸੀ, 'ਹਰਮਤ ਰਸੂਲ ਪਰ ਜਾਣ ਕੁਰਬਾਨ ।ਗੁਸਤਾਖ਼ ਕੀ ਸਜ਼ਾ ਸਿਰ ਤਨ ਸੇ ਜੁਦਾ ।' ਥੱਲੇ, ਅਪਣਾ ਨਾਂਮ, ਜਨਾਬ ਮਾਸਟਰ ਰੱਬ ਨਵਾਜ਼ ।ਬੜੇ ਚਾਹਵਾਂ ਨਾਲ ਲਿਖਵਾ ਕੇ ਬੈਨਰ ਆਪਣੇ ਪਿੰਡ ਦੇ ਚੋਕ ਵਿਚ ਦੋ ਖੰਬੀਆਂ ਦੇ ਵਿਚਕਾਰ ਉੱਚਾ ਕਰ ਕੇ ਟੰਗ ਦਿੱਤਾ ਕਿ ਹਰ ਕੋਈ ਆਉਂਦਾ ਜਾਂਦਾ ਇਸ ਨੂੰ ਪੜ੍ਹੀਏ ।ਵੇਖੋ ਵੇਖੀ ਕਈ ਦੁਕਾਨਾਂ ਵਾਲਿਆਂ ਤੇ ਹੋਰਨਾਂ ਲੋਕਾਂ ਨੇ ਵੀ ਇਹੋ ਜਿਹੇ ਕਈ ਬੈਨਰ ਤੇ ਇਸ਼ਤਿਹਾਰ ਲਾਉਣੇ ਸ਼ੁਰੂ ਕਰ ਦਿੱਤਾ ।ਦੂਜੇ ਦਿਨ ਸ਼ਾਮ ਤੱਕ ਬੱਸਾਂ ਵਾਲੇ ਅੱਡੇ ਤੋਂ ਲੈ ਕੇ ਪਿੰਡ ਤੱਕ ਕੋਈ 20-25 ਉਸੇ ਤਰ੍ਹਾਂ ਦੇ ਬੈਨਰ, ਪੋਸਟਰ ਤੇ ਇਸ਼ਤਿਹਾਰ ਨਜ਼ਰ ਆਉਣ ਲੱਗ ਪਏ ।ਉਸੇ ਦਿਨ ਸ਼ਾਮ ਨੂੰ ਹਰ ਪਾਸੇ ਇਹ ਰੌਲਾ ਪੈ ਗਿਆ ਟੀ ਵੀ ਚੈਨਲਾਂ ਤੇ ਖ਼ਬਰਾਂ ਸੁਣਾਉਣ ਵਾਲੇ ਘੜੀ ਮੁੜੀ ਇਹ ਦੱਸਣ ਲੱਗ ਪਏ ਕਿ ਹਕੂਮਤ ਨੇ ਪਰਸੋਂ ਮੁਕੰਮਲ ਹੜਤਾਲ ਦਾ ਐਲਾਨ ਕੀਤਾ ਏ

ਹਰ ਕਿਸੇ ਨੂੰ ਖੁੱਲੀ ਇਜਾਜ਼ਤ ਏ ਕਿ ਵੋਹ ਅਪਣੀ ਮਰਜ਼ੀ ਨਾਲ ਪੁਰ ਅਮਨ ਤਰੀਕੇ ਨਾਲ ਅਮਰੀਕਾ ਦੀ ਇਸ ਗਸਤਾਖ਼ਾਨਾ ਹਰਕਤ ਦੀ ਨਿੰਦਿਆ ਕਰ ਸਕਦਾ ਏ ।

ਅਗਲੇ ਦਿਨ ਸਵੇਰੇ ਸਵੇਰੇ ਈ ਮੌਲਵੀ ਗ਼ੁਲਾਮ ਰਸੂਲ ਤੇ ਮਾਸਟਰ ਰੱਬ ਨਵਾਜ਼ ਨੇ ਮਸੀਤ ਵਿਚ ਐਲਾਨ ਕਰਵਾ ਦਿੱਤਾ ਕਿ ਕਲ੍ਹ ਇਕ ਵੱਡਾ ਜਲੂਸ ਸਾਡੇ ਪੰਡ ਵਿੱਚੋਂ ਵੀ ਨਿਕਲੇ ਗਾ। ਇਹਦਾ ਸੱਦਾ ਬੰਦਿਆਂ ਰਾਹੀਂ ਲਾਗੇ ਲਾਗੇ ਦੇ ਪਿੰਡਾਂ ਵਿੱਚ ਅੱਪੜਾ ਦਿੱਤਾ । ਦੁਪਹਿਰੇ 2 ਵਜੇ ਅਸਲਮ ਵੀ ਘੱਰ ਪਰਤਿਆ । ਆਉਂਦੀਆਂ ਰੋਟੀ ਖਾਦੀ । ਵਰਦੀ ਬਦਲੀ । ਬੂਟਾਂ ਦੇ ਤਸਮੇ ਬੰਦ ਕਰਦਾ ਹੋਇਆ ਅਪਣੀ ਮਾਂ ਨੂੰ ਆਖਣ ਲੱਗਾ, "ਅੰਮੀ ਮੈਂ ਹੁਣ ਪਰਸੋਂ ਈ ਘੱਰ ਆਵਾਂ ਗਾ ।"

ਉਹ ਆਖਣ ਲੱਗੀ, "ਕਿਉਂ ? ਕਲ੍ਹ ਤੇ ਸਾਰੇ ਮੁਲਕ ਨੂੰ ਛੁੱਟੀ ਏ, ਉਸ ਹੜਤਾਲ ਦੀ।"

ਉਹ ਕਹਿਣ ਲੱਗਾ, "ਨਹੀਂ ਮਾਂ ਮੇਰੀ ਡਿਊਟੀ ਉਥੇ ਈ ਤੇ ਲੱਗੀ ।"

ਉਹਦਾ ਪਿਓ ਉਹਨੂੰ ਆਖਣ ਲੱਗਾ, "ਤੋਂ ਕਿਸੇ ਅਫ਼ਸਰ ਨੂੰ ਕਹਾ ਅਪਣੀ ਬਦਲੀ ਕਰਾ। ਪਿੰਡ ਆਲੀ ਚੌਂਕੀ ਤੇ ਕੀਉਂ ਨਹੇਂ ਕਰਵਾਂਦਾ । ਐਵੇਂ ਕਦੀ ਕਿਸੇ ਸ਼ਹਿਰ ਵਿਚ ਡਿਊਟੀ ਲਾ ਦੀਂਦੇ ਨੇਂ ਤੇ ਕਦੀ ਕਿਸੇ ਸ਼ਹਿਰ ਵਿਚ ਹੁਣ ਕਿੱਥੇ ਲੱਗੀ ਏ ਡਿਊਟੀ ?" ਅਸਲਮ ਢਿੱਲਾ ਜਿਹਾ ਮੂੰਹ ਕਰ ਕੇ ਕਹਿਣ ਲੱਗਾ, "ਆ ਤਿੰਨ ਦਿਨ ਤੇ ਇਸਲਾਮ ਆਬਾਦ ਏ ਫਿਰ ਪਤਾ ਨਹੀਂ ਕਿਥੇ ਲਗਦੀ ਏ ।"

ਰੱਬ ਨਵਾਜ਼ ਉਹਨੂੰ ਆਖਣ ਲੱਗਾ, "ਇਹ ਡਿਊਟੀ ਨਬੇੜ ਤੇ ਇਹ ਰੌਲੇ ਮੁੱਕਦੇ ਨੇਂ ਤੇ ਸ਼ਹਿਰ ਵਿਚ ਇਕ ਐਸ ਪੀ ਮੇਰਾ ਯਾਰ ਏ ਮੈਂ ਉਹਨੂੰ ਆਖ ਵੇਖ ਕੇ ਤੇਰੀ ਬਦਲੀ ਪਿੰਡ ਵਾਲੀ ਚੌਂਕੀ ਤੇ ਕਰਾਵਨਾ।"

ਅਸਲਮ ਦੇ ਜਾਣ ਤੋਂ ਬਾਅਦ ਮਾਸਟਰ ਰੱਬ ਨਵਾਜ਼ ਫਿਰ ਮੌਲਵੀ ਗ਼ੁਲਾਮ ਰਸੂਲ ਦੇ ਘੱਰ ਚਲਾ ਗਿਆ ਤੇ ਕਲ੍ਹ ਵਾਲੇ ਜਲੂਸ ਲਈ ਸਲਾਹਵਾਂ ਕਰਨ ਲੱਗ ਪਏ । ਸ਼ਾਮ ਪੈ ਗਈ । ਮਗ਼ਰਿਬ ਦੀ ਨਮਾਜ਼ ਤੋਂ ਬਾਅਦ ਮਸੀਤ ਵਿਚ ਇਕ ਵਾਰੀ ਫਿਰ ਕਲ੍ਹ ਦੇ ਜਲੂਸ ਦਾ ਐਲਾਨ ਹੋਇਆ ।

ਦਿਨ ਚੜ੍ਹਦਿਆਂ ਈ ਪੂਰੇ ਪਿੰਡ ਵਿਚ ਰੌਲੇ ਪਏ ਸਨ ਹਰ ਕੋਈ ਅਮਰੀਕਾ ਨੂੰ ਗਾਲ੍ਹਾਂ ਕੱਢਦਾ । ਹਰ ਮੋੜ ਤੇ ਇਸੇ ਗੱਲ ਦੀ ਚਰਚਾ ਹੁੰਦੀ ਪਈ ਸੀ । ਟੀ ਵੀ ਚੈਨਲਾਂ ਤੇ ਖ਼ਬਰਾਂ ਸੁਣਾਉਣ ਵਾਲੇ ਹਰ ਸ਼ਹਿਰ ਵਿਚ ਨਿਕਲਣ ਵਾਲੇ ਜਲੂਸ ਤੇ ਰੈਲੀਆਂ ਦੀ ਵੱਖੋ ਵਖ ਰਿਕਾਰਡਿੰਗ ਤੇ ਉਥੇ ਵਾਪਰਨ ਵਾਲੀਆਂ ਘਟਨਾਵਾਂ ਨਾਲੋਂ ਨਾਲ ਵਿਖਾਈ ਜਾ ਰਹੇ ਸਨ । ਸੱਭ ਤੋਂ ਬਹੁਤੇ ਹਾਲਾਤ ਇਸਲਾਮ ਆਬਾਦ ਵਿਚ ਖ਼ਰਾਬ ਦਸਦੇ ਸਨ । ਅਸਲਮ ਦੀ ਮਾਂ ਅਪਣੀ ਨੂੰਹ ਨੂੰ ਆਖਨ ਲੱਗੀ, "ਬਾਨੋ ਅਸਲਮ ਨੂੰ ਫ਼ੋਨ ਤੇ ਕਰ ਮੈਂ ਪਤਾ ਤੇ ਕਰਾਂ ਉਹ ਕਿੱਥੇ ਆ । ਨਾਲੇ ਸਮਝਾਵਾਂ ਕਿ ਪਿੱਛੇ ਪਿੱਛੇ ਰਹਵੇ।"

ਬਾਨੋ ਆਖਣ ਲੱਗੀ, "ਅੰਮੀ ਜੀ ਸੁਬਾ 6 ਵਜੇ ਦੀ ਮੁਬਾਇਲ ਸਰਵਿਸ ਬੰਦ ਕਰ ਦਿੱਤੀ ਏ ਗੌਰਮਿੰਟ ਨੇ, ਪੂਰੇ ਮੁਲਕ ਦੇ ਟੈਲੀ ਫ਼ੋਨ ਬੰਦ ਪਏ ਨੇਂ ।"

ਦੁਪਹਿਰ 11ਵਜੇ ਸਾਰੇ ਲੋਗ ਮਸੀਤ ਦੇ ਅੱਗੇ ਇਕੱਠੇ ਹੋਏ ਵੱਡੇ ਵੱਡੇ ਬੈਨਰ ਚੁਕੇ ਫਿਰਦੇ ਲੋਗ । ਨਾਅਰਾ ਤਕਬੀਰ ਤੇ ਅੱਲਾਹੂ ਅਕਬਰ ਦੇ ਨਾਅਰੇ ਲਾਉਂਦੇ ਜਲੂਸ ਪਿੰਡੋਂ ਬਾਹਰ ਸੜਕ ਤੇ ਆ ਗਿਆ । ਮਾਸਟਰ ਰੱਬ ਨਵਾਜ਼ । ਮੌਲਵੀ ਗ਼ੁਲਾਮ ਰਸੂਲ ਚੌਧਰੀ ਤੇ ਪੰਡ ਦਾ ਨੰਬਰਦਾਰ ਤੇ ਹੋਰ ਸਿਆਣੇ ਬਿਆਣੇ ਲੋਕ ਅੱਗੇ ਅੱਗੇ ਸਨ । ਬੱਸਾਂ ਵਾਲੇ ਅੱਡੇ ਤੇ ਆ ਕੇ ਪਿੰਡ ਦੇ ਮੁੰਡਿਆਂ ਤੇ ਟਾਇਰਾਂ ਨੂੰ ਅੱਗਾਂ ਲਾਈਆਂ ਤੇ ਸੜਕ ਤੇ ਧੂਆਂ ਈ ਧੂਆਂ ਹੋ ਗਿਆ ।

ਨੰਬਰਦਾਰ ਤੇ ਚੌਧਰੀ ਦੇ ਰੋਕਣ ਦੇ ਬਾਵਜੂਦ ਵੀ ਮੁੰਡਿਆਂ ਨੇ ਕਈ ਬੱਸਾਂ ਤੇ ਗੱਡੀਆਂ ਦੇ ਸ਼ੀਸ਼ੇ ਭੰਨ ਦਿੱਤੇ। ਪਤਾ ਨਹੀਂ ਕਿਥੋਂ ਧੱਕੇ ਖਾਂਦੇ ਦੋ ਅਖ਼ਬਾਰੀ ਰਿਪੋਰਟਰ ਤੇ ਇਕ ਟੀ ਵੀ ਦਾ ਕੈਮਰਾ ਮੈਨ ਉਥੇ ਪਹੁੰਚ ਗਏ । ਜਲੂਸ ਦੀਆਂ ਫ਼ੋਟੋਆਂ ਲੱਥੀਆ । ਫ਼ਿਲਮ ਬਣੀ, ਫਿਰ ਇਕ ਜਗ੍ਹਾ ਉਚੇ ਫੱਟੇ



ਤੇ ਖਲੋ ਕੇ ਮੌਲਵੀ ਗ਼ੁਲਾਮ ਰਸੂਲ ਨੇ ਛੋਟੀ ਜਿਹੀ ਤਕਰੀਰ ਕੀਤੀ ਤੇ ਜਲੂਸ ਘਰ ਨੂੰ ਪਰਤ ਆਇਆ । ਥੱਕੇ ਟੁੱਟੇ ਲੋਗ ਆਪਣੇ ਆਪਣੇ ਘਰਾਂ ਵਿੱਚ ਆ ਗਏ । ਮਾਸਟਰ ਰੱਬ ਨਵਾਜ਼ ਵੀ ਕਿਸੇ ਜਾਨਣ ਵਾਲੇ ਦੀ ਮੋਟਰ ਸਾਈਕਲ ਪਿੱਛੇ ਬਹਿ ਕੇ ਛੇਤੀ ਈ ਘੱਰ ਪਹੁੰਚ ਗਿਆ ।

ਘਰ ਆ ਕੇ ਉਹਨੇ ਪਾਣੀ ਪੀਤਾ ਤੇ ਸੋਫ਼ੇ ਤੇ ਬੈਠ ਕੇ ਟੀ ਵੀ ਤੇ ਖ਼ਬਰਾਂ ਵੇਖਣ ਲੱਗ ਪਿਆ । ਖ਼ਬਰਾਂ ਵਾਲੇ ਸਾਰੇ ਚੈਨਲ ਹਰ ਸ਼ਹਿਰ ਦੀ ਖ਼ਬਰ ਤਾਂ ਦੇ ਰਹੇ ਸਨ ਪਰ ਬਹੁਤੀ ਖ਼ਰਾਬੀ ਇਸਲਾਮ ਆਬਾਦ ਵਿਚ ਪਈ ਦਸਦੇ ਸਨ । ਮਾਸਟਰ ਰੱਬ ਨਵਾਜ਼ ਉਹਦੀ ਬੀਵੀ ਤੇ ਉਨ੍ਹਾਂ ਦੀ ਨੂੰਹ ਬੜੇ ਗ਼ੌਰ ਨਾਲ ਖ਼ਬਰਾਂ ਸੁਣ ਤੇ ਵੇਖ ਰਹੇ ਸਨ । ਪੁਲਸ ਵਾਲਿਆਂ ਤੋਂ ਰੈਲੀ ਬੇ ਕਾਬੂ ਹੁੰਦੀ ਜਾ ਰਹੀ ਸੀ । ਉਹ ਰੈਲੀ ਵਾਲਿਆਂ ਨੂੰ ਅਮਰੀਕੀ ਸਫ਼ਾਰਤ ਖ਼ਾਨਾ ਵੱਲ ਜਾਣ ਤੋਂ ਰੋਕਦੇ ਪਏ ਸਨ । ਲੋਕਾਂ ਦੀ ਤਾਦਾਦ ਵਿੱਚ ਇਕੱਠੇ ਹੋਏ ਉਹ ਸਾਰੇ ਲੋਕ। ਕਿਸੇ ਚੀਜ਼ ਦੀ ਪ੍ਰਵਾਹ ਕਿਤਿਉਂ ਬਗ਼ੈਰ ਅਗਾਂਹ ਵਧਦੇ ਪਏ ਸਨ ।

ਅਖ਼ੀਰ ਥੱਕ ਹਾਰ ਕੇ ਪੁਲਸ ਨੇ ਅੱਥਰੂ ਗੈਸ ਦੇ ਗੋਲੇ ਰੈਲੀ ਦੇ ਲੋਕਾਂ ਵੱਲ ਸੁੱਟੇ । ਪਰ ਉਨ੍ਹਾਂ ਦਾ ਅਸਰ ਕੋਈ ਵੀ ਨਾ ਹੋਇਆ । ਲੋਗ ਅਗਾਂਹ ਹੋਰ ਅਗਾਂਹ ਵਧਦੇ ਜਾ ਰਹੇ ਸਨ । ਪੁਲਸ ਦੇ ਲਾਏ ਬੈਰੀਅਰ ਹਜ਼ਾਰਾਂ ਦੀ ਤਾਦਾਦ ਨੇ ਇਕ ਘੜੀ ਵਿੱਚ ਚੁਕ ਕੇ ਪਰਾਂਹ ਸੁਟ ਦਿੱਤੇ। ਦੋ ਤਿੰਨ ਪੁਲਸ ਦੀਆਂ ਗੱਡੀਆਂ ਨੂੰ ਅੱਗਾਂ ਲਾ ਦਿੱਤੀਆ । ਇਕ ਐਂਬੂਲੈਂਸ ਜ਼ਖ਼ਮੀਆਂ ਨੂੰ ਚੁੱਕਣ ਆਈ ਉਨ੍ਹਾਂ ਉਸ ਐਂਬੂਲੈਂਸ ਨੂੰ ਵੀ ਤੋੜ ਭੰਨ ਕੇ ਅੱਗ ਲਾ ਦਿੱਤੀ । ਦੋ ਪਟਰੋਲ ਪੰਪ ਵੀ ਸਾੜ ਕੇ ਤਬਾਹ ਕਰ ਦਿੱਤੇ ਗਏ । ਬੈਂਕਾਂ ਦੇ ਬਾਹਰ ਲੱਗਿਆਂ ਪੈਸੇ ਕੱਢਣ ਵਾਲੀਆਂ ਮਸ਼ੀਨਾਂ ਤੋੜ ਭੰਨ ਦਿੱਤੀਆਂ ਤੇ ਉਨ੍ਹਾਂ ਵਿੱਚੋਂ ਪੈਸੇ ਕੱਢ ਕੇ ਲੋਕ ਰੈਲੀ ਵਿਚ ਵੜ੍ਹਦੇ ਜਾ ਰਹੇ ਸਨ । ਕੋਈ ਕਿਸੇ ਦੀ ਨਹੀਂ ਸੀ ਸੁਣਦਾ ਪਿਆ । ਰੈਲੀ ਵਿਚ ਆਏ ਹੋਏ ਲੋਕਾਂ ਦੀਆਂ ਇਹ ਕਰਤੂਤਾਂ ਰੱਬ ਨਵਾਜ਼ ਤੇ ਉਹਦੇ ਘਰ ਵਾਲੇ ਟੀ ਵੀ ਤੇ ਬੜੇ ਗ਼ੌਰ ਨਾਲ ਵੇਖਦੇ ਪਏ ਸਨ । ਰੈਲੀ ਕੱਢਣ ਵਾਲੇ ਪੁਲਸ ਵਾਲਿਆਂ ਨੂੰ ਤਾਂ ਕੋਈ ਚੀਜ਼ ਨਹੀਂ ਸਮਝਦੇ ਪਏ ਸਨ । ਫਿਰ ਪੁਲਸ ਨੇ ਹਵਾਈ ਫ਼ਾਇਰਿੰਗ ਕਰਨਾ ਸ਼ੁਰੂ ਕਰ ਦਿੱਤੀ ਪਰ ਰੈਲੀ ਵਿੱਚੋਂ ਵੀ ਕਈ ਲੋਕਾਂ ਨੇ ਸਿੱਧੀ ਫ਼ਾਇਰਿੰਗ ਪੁਲਸ ਵਲੇ ਕਰਨਾ ਸ਼ੁਰੂ ਕਰ ਦਿੱਤੀ । ਸਾਹਮਣੇ ਕਨਟੀਨਰਾਂ ਤੇ ਪੁਲਸ ਦੇ ਸਤ ਅਠ ਸਿਪਾਹੀ ਮੂਧੜੇ ਮੂੰਹ ਜਾ ਪਏ । ਟੀ ਵੀ ਉੱਤੇ ਸਿਪਾਹੀਆਂ ਨੂੰ ਥੱਲੇ ਡਿੱਗਦਾ ਵੇਖ ਕੇ ਅਸਲਮ ਦੀ ਮਾਂ ਦੇ ਕਲੇਜੇ ਨੂੰ ਇਕ ਰੁੱਗ ਭਰਿਆ ਗਿਆ । ਉਹ ਤੇ ਰੈਲੀ ਕੱਢਣ ਵਾਲਿਆਂ ਨੂੰ ਬੁਰਾ ਭਲਾ ਕਹਿਣ ਲੱਗ ਪਈ । ਫਿਰ ਖ਼ਬਰਾਂ ਸੁਣਾਉਣ ਵਾਲਾ ਇਕ ਦੱਮ ਸਾਮਣੇ ਆ ਕੇ ਇਹ ਦੱਸਣ ਲੱਗ ਪਿਆ ਕਿ ਨਾਜ਼ਰੀਨ ਤਾਜ਼ਾ ਤਰੀਂ ਸੂਰਤ ਹਾਲ ਯੇ ਹੈ ਕਿ ਇਸਲਾਮ ਆਬਾਦ ਰੈਲੀ ਕੋ ਰੋਕਤੇ ਹੋਏ । 4 ਪੁਲਸ ਅਹਲਕਾਰ ਹਲਾਕ ਔਰ 7 ਜ਼ਖ਼ਮੀ ।

ਇਹ ਖ਼ਬਰ ਸੁਣਦਿਆਂ ਈ ਬਾਨੋ ਤੇ ਅਸਲਮ ਦੀ ਮਾਂ ਦੇ ਚਿਹਰੇ ਦਾ ਰੰਗ ਇਕ ਦੱਮ ਉੱਡ ਗਿਆ । ਉਹ ਤੇ ਰੱਬ ਨਵਾਜ਼ ਨੂੰ ਇਹੋ ਆਖਣ ਲੱਗ ਪਈਆਂ ਕਿ ਜਾਏ ਕਿਥੋਂ ਪਤਾ ਕਰਾਵੇ ਕਿ ਅਸਲਮ ਦਾ ਕੀ ਹਾਲ ਏ । ਉਹ ਤੇ ਡੌਰ ਭੌਰਾ ਹੋ ਕੇ ਇਹ ਸਾਰਾ ਕੁੱਝ ਟੀ ਵੀ ਤੇ ਵੇਖੀ ਜਾ ਰਿਹਾ ਸੀ। ਪੁਲਸ ਵਾਲਿਆਂ ਨੂੰ ਗੋਲੀਆਂ ਵੱਜਦੀਆਂ ਵੀ ਟੀ ਵੀ ਤੇ ਉਹਨੇ ਆਪ ਵੇਖੀਆਂ ਸਨ । ਅੱਧੇ ਘੰਟੇ ਬਾਅਦ ਖ਼ਬਰਾਂ ਸੁਣਾਉਣ ਵਾਲਾ ਟੀ ਵੀ ਤੇ ਹਲਾਕ ਹੋਵਣ ਵਾਲੇ ਪੁਲਸ ਅਹਿਲਕਾਰਾਂ ਦੇ ਨਾਂ ਦਿਸਣ ਲੱਗ ਪਿਆ । ਉਨ੍ਹਾਂ ਵਿਚ ਅਸਲਮ ਦਾ ਨਾਂ ਨਹੀਂ ਸੀ । ਇਹ ਸੁਣ ਕੇ ਅਸਲਮ ਦੀ ਮਾਂ ਤੇ ਬਾਨੋ ਨੂੰ ਹੌਸਲਾ ਹੋ ਗਿਆ । ਸ਼ਾਮ ਤੱਕ ਇਹੋ ਕੁੱਝ ਟੀ ਵੀ ਤੇ ਵਿਖਾਉਂਦੇ ਰਹੇ । ਫਿਰ ਇਕ ਦੱਮ ਥੱਲੇ ਇੱਕ ਹੋਰ ਖ਼ਬਰਾਂ ਦੀ ਪੱਟੀ ਚੱਲਦੀ ਪਈ ਸੀ । ਰੈਲੀ ਮੇਂ ਹਲਾਕ ਹੋਣੇ ਵਾਲੇ ਪੁਲਿਸ ਅਹਲਕਾਰੋਂ ਕੀ ਤਾਦਾਦ 5 ਹੋ ਗਈ । ਇਹ ਖ਼ਬਰ ਬਾਨੋ ਨੇ ਪੜ੍ਹ ਲਈ ਤੇ ਫਿਰ ਇਕ ਦੱਮ ਇਕ ਕੁੜੀ ਟੀ ਵੀ ਦੀ ਸਕਰੀਨ ਉੱਤੇ ਆ ਕੇ ਇਹ ਆਖਣ ਲੱਗ ਪਈ । ਨਾਜ਼ਰੀਨ ਅਭੀ ਅਭੀ ਖ਼ਬਰ ਮਿਲੀ ਹੈ ਕਿ ਏਕ

ਔਰ ਪੁਲਿਸ ਅਹਿਲਕਾਰ ਮੁਹੰਮਦ ਅਸਲਮ ਭੀ ਜ਼ਖ਼ਮੋਂ ਕੀ ਤਾਬ ਨਾ ਲਾਤੇ ਹੋਏ ਹਸਪਤਾਲ ਪਹੁੰਚਣੇ ਸੇ ਪਹਿਲੇ ਦੱਮ ਤੋੜ ਗਿਆ । ਇਹ ਖ਼ਬਰ ਸੁਣ ਕੇ ਰੱਬ ਨਵਾਜ਼ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ। ਜਿਵੇਂ ਕਿਸੇ ਨੇ ਕੋਈ ਵੱਡਾ ਲੋਹੇ ਦਾ ਵਿਦਾਨ ਉਹਦੇ ਸਿਰ ਵਿਚ ਮਾਰ ਸੁੱਟਿਆ ਹੋਵੇ। ਉਹਦੀ ਬੀਵੀ ਤੇ ਉਹਦੀ ਨੂੰਹ ਇਕ ਦੋਮ ਰੋਵਣ ਕੁਰਲਾਉਣ ਲੱਗ ਪਈਆ । ਬਿੱਟੂ ਮਾਂਨੋਂ ਤੇ ਦਾਦੀ ਨੂੰ ਰੋਂਦਿਆਂ ਵੇਖ ਕੇ ਉੱਚੀ ਉੱਚੀ ਚੀਕਾਂ ਮਾਰਨ ਲੱਗ ਪਿਆ । ਰੱਬ ਨਵਾਜ਼ ਕਦੀ ਅਪਣੀ ਨੂੰਹ ਨੂੰ ਚੁਪ ਕਰਾਉਂਦਾ ਤੇ ਕਦੀ ਦੋ ਦੋ ਹੱਥੀਂ ਪਿੱਟਦੀ ਅਪਣੀ ਤੀਵੀਂ ਨੂੰ।

ਉਹਦੀ ਨੂੰਹ ਦੀ ਚੀਕਾਂ ਕੂਕਾਂ ਤੇ ਬੀਵੀ ਦੇ ਉੱਚੀ ਉੱਚੀ ਰੋਵਣ ਦੀ ਅਵਾਜ਼ ਸੁਣ ਕੇ ਆਂਡੀ ਗੁਆਂਢੀ ਭੱਜ ਕੇ ਇਨ੍ਹਾਂ ਦੇ ਘੱਰ ਆ ਗਏ । 10–15 ਮਿੰਟਾਂ ਦੇ ਵਿੱਚ ਪੂਰੇ ਪਿੰਡ ਨੂੰ ਪਤਾ ਚੱਲ ਗਿਆ ਕਿ ਮਾਸਟਰ ਰੱਬ ਨਵਾਜ਼ ਦਾ ਮੁੰਡਾ ਅਸਲਮ ਰੈਲੀ ਵਿਚ ਮਾਰਿਆ ਗਿਆ ਏ । ਹੌਲੀ ਹੌਲੀ ਪੰਡ ਦੇ ਸਾਰੇ ਬੰਦੇ ਰੱਬ ਨਵਾਜ਼ ਦੇ ਘੱਰ ਪਹੁੰਚ ਗਏ । ਸ਼ਾਮੀ ਛੇ ਵਜੇ ਜਿਵੇਂ ਈ ਮੁਬਾਇਲ ਸਰਵਿਸ ਖੁੱਲੀ ਉਸੇ ਵੇਲ਼ੇ ਪੁਲਸ ਹੈੱਡ ਕਵਾਰਟਰੋਂ ਰੱਬ ਨਵਾਜ਼ ਦੇ ਘਰ ਫ਼ੋਨ ਆਗਿਆ ਕਿ ਤੁਹਾਡਾ ਪੁਤੱਰ ਰੈਲੀ ਵਿਚ ਸ਼ਹੀਦ ਹੋ ਗਿਆ ਏ । 'ਇਨਅ ਲਿੱਲ੍ਹਾ ਵਾ ਇਨਅ ਅਲੀਆ ਰਾਜੀਊਨ' ਕਹਿ ਕੇ ਫ਼ੋਨ ਬੰਦ ਹੋ ਗਿਆ । ਰਿਸ਼ਤਾ ਦਾਰਾਂ ਨੂੰ ਫ਼ੋਨ ਕਰ ਕੇ ਦੱਸਿਆ । 2 ਘੰਟੇ ਬਾਅਦ ਰਜ਼ੀਆ ਵੀ ਆ ਗਈ। ਉਹ ਤੇ ਕਦੀ ਪਿਓ ਦੇ ਗਲ ਲੱਗ ਕੇ ਰੋਵੇ ਤੇ ਕਦੀ ਮਾਂ ਦੇ ਤੇ ਕਦੀ ਘੜੀ ਮੁੜੀ ਪਾਗਲਾਂ ਵਾਂਗ ਬਿੱਟੂ ਨੂੰ ਗੱਲ ਨਾਲ ਲਾਵੇ ਤੇ ਧਾਹੀਂ ਮਾਰ ਰੋਵੇ ਕੁਰਲਾਵੇ। ਬਾਨੋ ਨੂੰ ਤੇ ਦੰਦਲਾਂ ਪੈ ਪੈ ਜਾਂਦੀਆਂ ਸਨ । ਰਜ਼ੀਆ ਤੇ ਉੱਚੀ ਉੱਚੀ ਵੈਣ ਪਾਵੇ। ਜਿਹੜੇ ਕੁਤਿਆਂ ਕੰਜਰਾਂ ਨੇ ਫ਼ਿਲਮ ਬਣਾਈ ਏ ਉਹਨਾਂ ਨੂੰ ਜਾ ਕੇ ਮਾਰੂ। ਮੇਰੇ ਵੀਰ ਨੇ ਤਹਾਡਾ ਕਿਆ ਵਿਗਾੜਿਆ ਸੀ । ਮੌਲਵੀ ਗ਼ੁਲਾਮ ਰਸੂਲ ਪਿੰਡ ਦਾ ਨੰਬਰਦਾਰ ਤੇ ਹੋਰ ਬੰਦੇ ਮਾਸਟਰ ਰੱਬ ਨਵਾਜ਼ ਨੂੰ ਤਸੱਲੀਆਂ ਦਿੰਦੇ ਪੈ ਸਨ । ਉਹ ਤੇ ਗੋਡਿਆਂ ਉੱਤੇ ਸਿਰ ਰੱਖ ਕੇ ਹੁਬਕੀਂ ਲੈ ਲੈ ਰੋਂਦਾ ਪਿਆ ਸੀ । ਸਾਰੀ ਰਾਤ ਰੋਂਦਿਆਂ ਕੁਰਲਾਉਂਦਿਆਂ ਲੰਘੀ । ਸਵੇਰੇ 5 ਵਜੇ ਇਕ ਐਂਬੂਲੈਂਸ ਤੇ ਅਸਲਮ ਦੀ ਲਾਸ਼ ਘਰ ਆਈ। ਦੋ ਤਿੰਨ ਪੁਲਸ ਦੇ ਵੱਡੇ ਅਫ਼ਸਰ ਵੀ ਨਾਲ ਆਏ ਉਹਦੇ ਨਾਲ ਦੇ ਦੇ ਸਾਰੇ ਸਿਪਾਹੀ ਹਵਾਲਦਾਰ ਵੀ ਪਹੁੰਚ ਗਏ । ਜਨਾਜ਼ਾ ਦਫ਼ਨਾਉਣ ਤੋਂ ਬਾਅਦ ਸਾਰੇ ਆਪਣੇ ਆਪਣੇ ਘਰਾਂ ਨੂੰ ਟੁਰ ਗਏ । ਦੂਜੇ ਦਿਨ ਕੁਲਾਂ ਤੇ ਹੋਰ ਵੀ ਅਫ਼ਸਰ ਆਏ ਸਨ । ਸੋਗ ਦੇ ਦਿਨ ਪੂਰੇ ਹੋਏ ਜ਼ਿੰਦਗੀ ਆਪਣੇ ਟੁਰੇ ਟੁਰ ਪਈ । ਵਿੱਚੋਂ ਵਿਚ ਕਦੀ ਕਦੀ ਮੌਲਵੀ ਗ਼ੁਲਾਮ ਰਸੂਲ ਘੱਰ ਆ ਜਾਂਦਾ ਤੇ ਮਾਸਟਰ ਰੱਬ ਨਵਾਜ਼ ਨਾਲ ਇੱਧਰ ਉਧਰ ਦੀਆਂ ਗੱਲਾਂ ਕਰਦਾ । ਉਹਦਾ ਦਿਲ ਪਰਚਾਈ ਰੱਖਣ ਵਾਸਤੇ ਉਹਨੂੰ ਘਰੋਂ ਬਾਹਰ ਆਉਣ ਜਾਣ ਲਈ ਕਹਿੰਦਾ। ਪਰ ਮਾਸਟਰ ਰੱਬ ਨਵਾਜ਼ ਹੁਣ ਅੰਦਰੋਂ ਢੈਹ ਗਿਆ ਸੀ । ਜਿਹੜਾ ਪੈਂਡਾ ਉਸੇ ਏਡੀਆਂ ਔਕੜਾਂ ਨਾਲ ਤੈਅ ਕੀਤਾ ਉਹ ਦੁਬਾਰਾ ਭਵਾਨਟੀ ਖਾਹ ਕੇ ਉਹਦੇ ਗਲ ਪੈ ਗਿਆ । ਹੁਣ ਤੇ ਉਹ ਬਹੁਤ ਘੱਟ ਮਸੀਤੇ ਨਮਾਜ਼ ਪੜ੍ਹਨ ਜਾਂਦਾ । ਕਿਤੇ ਦਿਲ ਕਰੇ ਤੇ ਘਰ ਈ ਵਜ਼ੂ ਕਰ ਕੇ ਮਸਲਾ ਵਿਛਾ ਕੇ ਨਮਾਜ਼ ਪੜ੍ਹ ਲੈਂਦਾ । ਦਿਲ ਕਰੇ ਤੇ ਜੁਮੇ ਵਾਲੇ ਦਿਨ ਮਸੀਤੇ ਜੁਮਾ ਪੜਨ ਜਾਂਦਾ। ਇਨ੍ਹੀਂ ਤਾਂ ਘਰ ਵਿਚ ਮੰਜੀ ਤੇ ਬੈਠਾ ਸੋਚੀਂ ਪਿਆ ਰਹਿੰਦਾ ।

ਤਿਨਾਂ ਮਹੀਨਾਂ ਬਾਅਦ ਇਕ ਦਿਨ ਬਾਨੋ ਦੇ ਮਾਂ ਪਿਓ ਤੇ ਉਹਦਾ ਭਰਾ ਭਰਜਾਈ ਘਰ ਆਏ । ਇੱਧਰ ਉਧਰ ਦੀਆਂ ਗਲਾਂ ਕਰਦੇ ਕਰਦੇ ਮਾਸਟਰ ਰੱਬ ਨਵਾਜ਼ ਨੂੰ ਕਹਿਣ ਲੱਗੇ, "ਵੇਖੋ ਜੀ, ਬਾਨੋ ਅਜੇ ਜਵਾਨ ਏ ਪਹਾੜ ਜਿਹੀ ਜ਼ਿੰਦਗੀ ਕਿਉਂ ਲੰਘਾਏ ਗੀ ਅਸੀਂ ਤੇ ਚਾਹੁੰਦੇ ਹਾਂਸ਼।"

ਬਾਨੋ ਨੂੰ ਉਨ੍ਹਾਂ ਦੀ ਗੱਲ ਸਮਝ ਲੱਗ ਗਈ । ਉਹਨੇ ਉਹਨਾਂ ਦੀ ਗੱਲ ਕੱਟ ਕੇ ਸਾਫ਼ ਸਾਫ਼ ਕਹਿ ਦਿੱਤਾ ਕਿ ਮੈਂ ਅਪਣੀ ਬਾਕੀ ਜ਼ਿੰਦਗੀ ਏਨਾ ਦੋ ਬੱਚਿਆਂ ਦੇ ਸਿਰ ਤੇ ਲੰਘਾ ਲਾਂਗੀ । ਤੁਹਾਨੂੰ ਫ਼ਿਕਰ ਕਰਨ ਦੀ ਕੋਈ ਲੋੜ ਨਹੀਂ । ਫਿਰ ਉਹਨੇ ਕੋਲ ਖਲੋਤੇ ਬਿੱਟੂ ਨੂੰ ਗੱਲ ਨਾਲ ਲਾ ਲਿਆ ।



ਹੁਣ ਮਾਸਟਰ ਰੱਬ ਨਵਾਜ਼ ਹੁਣ ਬਹੁਤਾ ਚਿਰ ਘਰ ਵਿਚ ਰਹਿੰਦਾ । ਸਵੇਰੇ ਬਿੱਟੂ ਨੂੰ ਸਕੂਲ ਛੱਡ ਆਉਂਦਾ ਤੇ ਛੁੱਟੀ ਵੇਲ਼ੇ ਜਾ ਕੇ ਲੈ ਆਉਂਦਾ । ਯਾ ਫਿਰ ਘਰ ਦਾ ਸੌਦਾ ਖ਼ਰੀਦਣ ਸਬਜ਼ੀ ਲੈਣ ਦੁਕਾਨ ਤੇ ਜਾਂਦਾ । ਨਹੀਂ ਤਾਂ ਘਰੇ ਛੋਟੀ ਮਾਨੋ ਨੂੰ ਗੋਦੀ ਚੁਕ ਕੇ ਖਡਾਂਵਦਾ ਰਹਿੰਦਾ ਤੇ ਉਹਦੀਆਂ ਅੱਖਾਂ ਵੱਲ ਵੇਖਦਾ ਰਹਿੰਦਾ ।

ਮਾਨੋ ਉਹਦੀ ਗੋਦੀ ਵਿੱਚ ਪਈ ਪਈ ਸੌਂ ਗਈ । ਬਾਨੋ ਨੇ ਚਾਹ ਦਾ ਕੱਪ ਤੇ ਰੋਟੀਆਂ ਮੇਜ਼ ਤੇ ਰੱਖ ਕੇ ਆਖਣ ਲੱਗੀ, "ਫੋਫਾ ਜੀ ਇਹ ਮਾਨੋ ਨੂੰ ਮੀਨੋਂ ਫੜਾਉ ਤੇ ਤੁਸੀ ਨਾਸ਼ਤਾ ਕਰ ਲੋ ।"

ਨਾਸ਼ਤਾ ਕਰਦਿਆਂ ਕਰਦਿਆਂ ਉਹਦੀ ਬੀਵੀ ਵੀ ਕਮਰੇ ਵਿੱਚੋਂ ਮੂੰਹ ਮੱਥਾ ਦੁਪੱਟੇ ਵਿਚ ਵਲ੍ਹੇਟੀ ਹੱਥ ਵਿਚ ਤਸਬੀਹ ਫੜੇ ਕਮਰੇ ਵਿੱਚੋਂ ਬਾਹਰ ਆਈ । ਉਹ ਉਹਦੇ ਵੱਲ ਵੇਖਦਾ ਬੁੜ ਬੁੜ ਕਰਦਾ ਬੋਲਣ ਲੱਗ ਪਿਆ ਕਿ ਹੁਣ ਕੀ ਕੱਢਣਾ ਈ ਏਨਾ ਤਸਬੀਹ ਤੇ ਮਸਲੇ ਵਿੱਚੋਂ ਜੋ ਮਕਦਰਾਂ ਵਿਚ ਸੀ ਉਹ ਤੇ ਮਿਲ ਗਿਆ ਏ ।

ਨਾਸ਼ਤਾ ਕਰਨ ਤੋਂ ਬਾਅਦ ਉਹ ਕੁੱਝ ਦੇਰ ਟੀ ਵੀ ਲਾ ਕੇ ਖ਼ਬਰਾਂ ਸੁਣਦਾ ਰਿਹਾ ਤੇ ਫਿਰ ਟੀ ਵੀ ਬੰਦ ਕਰ ਕੇ ਬਾਹਰ ਨੂੰ ਟੁਰ ਪਿਆ । 2 ਘੰਟੇ ਬਾਅਦ ਹੱਥ ਵਿਚ ਸਬਜ਼ੀ ਤੇ ਹੋਰ ਨਿੱਕੇ ਮੋਟੇ ਘਰ ਦੇ ਸੌਦਿਆਂ ਦਾ ਸ਼ਾਪਰ ਲਮਕਾਏ ਘੱਰ ਪਰਤਿਆ । ਸੋਫ਼ੇ ਤੇ ਬਹਿੰਦਿਆਂ ਰੀਮੋਰਟ ਕੰਟਰੋਲ ਫੜ ਕੇ ਟੀ ਵੀ ਲਾ ਲਿਆ । ਕੇਬਲ ਦੇ ਚੈਨਲਾਂ ਨੂੰ ਫਰੋਲਣ ਲੱਗ ਪਿਆ । ਕੋਈ ਵੀ ਫ਼ਿਲਮ ਯਾਂ ਚੱਜ ਦਾ ਪ੍ਰੋਗਰਾਮ ਜਿਹੜਾ ਉਹਦੇ ਦਿਲ ਨੂੰ ਭਾਵੇ ਉਹਨੂੰ ਨਾ ਲੱਭਦਾ । ਨਾਤਾਂ ਤੇ ਮਜ਼੍ਹਬੀ ਚੈਨਲ ਤੇ ਉਹ ਐਵੇਂ ਈ ਅਗਾਂਹ ਲੰਘਾ ਜਾਂਦਾ ਤੇ ਫਿਰ ਥੱਕ ਹਾਰ ਕੇ ਉਹ ਨੈਸ਼ਨਲ ਜਗ਼ਰਾਫ਼ਿਕ ਚੈਨਲ ਤੇ ਰੁਕ ਜਾਂਦਾ ਜਿੱਥੇ ਜੰਗਲੀ ਜਾਨਵਰਾਂ ਦੇ ਪ੍ਰੋਗਰਾਮ ਲੱਗੇ ਹੁੰਦੇ। ਉਹ ਅਕਸਰ ਹੁਣ ਇਹੋ ਜਿਹੇ ਈ ਪ੍ਰੋਗਰਾਮ ਵੇਖਦਾ ਅੱਜ ਵੀ ਉਥੇ ਆ ਕੇ ਉਹ ਰੁਕ ਗਿਆ । ਉਹ ਟੀ ਵੀ ਵੱਲ ਬੜੇ ਗ਼ੌਰ ਨਾਲ ਵੇਖਨ ਲੱਗ ਪਿਆ ਕਿ ਇਕ ਟਟੋਲੀ (ਟਟੀਰੀ) ਟੈਂ ਟੈਂ ਕਰਦੀ ਅੰਬਰਾਂ ਵਿਚ ਉੱਡਦੀ ਫਿਰਦੀ ਏ । ਥੱਲੇ ਜ਼ਮੀਨ ਤੇ ਉਹਦੇ ਤਿੰਨ ਆਂਡੇ ਪਏ ਨੇਂ । ਉਹ ਉਨ੍ਹਾਂ ਆਂਡਿਆਂ ਵਾਲੀ ਜਗ੍ਹਾ ਦੇ ਉੱਤੇ ਉੱਤੇ ਈ ਉੱਡਦੀ ਪਈ ਏ । ਲਾਗੇ 87 ਲਗੜ ਬੱਗੇ ਵੀ ਟੁਰੇ ਫਿਰਦੇ ਨੇਂ । ਜਿਨਾਂ ਨੂੰ ਵੇਖ ਕੇ ਟਟੋਲੀ ਦੀ ਟੈਂ ਟੈਂ ਹੋਰ ਤੇਜ਼ ਹੋ ਗਈ ਫਿਰ ਇਕ ਜੰਗਲੀ ਗਾਂ ਦਾ ਨਿੱਕਾ ਜਿਹਾ ਵੱਛੇ ਜਿਹੜਾ ਆਪਣੇ ਇਜੜ ਤੋਂ ਵਖ ਹੋ ਕੇ ਉਧਰ ਨੂੰ ਆ ਗਿਆ । ਲਗੜ ਬਿਗਿਆੜ ਹੱਥੋਂ ਹੱਥੀ ਉਸ ਵੱਛੇ ਨੂੰ ਢਾ ਲਿਆ ਤੇ ਵੇਖਦਿਆਂ ਵੇਖਦਿਆਂ ਉਹਨੋਂ ਚੀਰ ਫਾੜ ਕੇ ਰੱਖ ਦਿੱਤਾ । ਇੱਕ ਸ਼ੇਰ ਵੀ ਤਾਜ਼ੇ ਗੋਸ਼ਤ ਦੀ ਹਵਾੜ ਸੁੰਘ ਕੇ ਉਧਰ ਆ ਗਿਆ । ਲਗੜ ਬੱਗਿਆਂ ਗੋਸ਼ਤ ਨੂੰ ਛੱਡ ਕੇ ਪਹਿਲੋਂ ਸ਼ੇਰ ਨੂੰ ਉਥੋਂ ਭਜਾਇਆ । ਫਿਰ ਸਾਰੇ ਵੱਛੇ ਦੇ ਗੋਸ਼ਤ ਖਾਣ ਵਿਚ ਰੁੱਝ ਗਏ । ਫਿਰ ਇਕ ਨਹੀਂ 3–4 ਸ਼ੇਰ ਆ ਗਏ ਉਹ ਤੇ ਕਿਸੇ ਡਰੂੰ ਹਮਲੇ ਵਾਂਗੂੰ ਇਕ ਦੱਮ ਲਗੜ ਬੱਗਿਆਂ ਨੂੰ ਟੁੱਟ ਕੇ ਪੈ ਗਏ । ਇੱਕ ਲਗੜ ਬੱਗਾ ਤੇ ਟਟੋਲੀ ਦੇ ਆਂਡਿਆਂ ਤੇ ਜਾ ਕੇ ਡਿਗ ਪਿਆ । ਉਹਦੇ ਸਾਰੇ ਆਂਡੇ ਟੁੱਟ ਕੇ ਫਸ ਗਏ । ਆਪਣੇ ਟੁੱਟੇ ਹੋਏ ਆਂਦੇ ਵੇਖ ਕੇ ਟਟੋਲੀ ਦੀ ਟੈਂ ਟੈਂ ਹੋਰ ਤੇਜ਼ ਹੋ ਗਈ । ਟੀ ਵੀ ਵਿਚ ਬੋਲਣ ਵਾਲਾ ਬੰਦਾ ਇਹ ਵੀ ਨਾਲ ਨਾਲ ਦੱਸ ਰਿਹਾ ਸੀ ਕਿ ਧਰਤੀ ਤੇ ਆਂਡੇ ਦੇਣ ਵਾਲੇ ਪੰਛੀਆਂ ਦੇ 25 ਫ਼ੀਸਦ ਆਂਡੇ ਇੰਜ ਈ ਲਗੜ ਬੱਗੇ ਸ਼ੇਰਾਂ ਤੇ ਹੋਰ ਜੰਗਲੀ ਕੁੱਤਿਆਂ ਬਿੱਲੀਆਂ ਦੇ ਹੱਥੋਂ ਜ਼ਾਇਆ ਹੋ ਜਾਂਦੇ ਨੇਂ । ਟਟੋਲੀ ਟੈਂ ਟੈਂ ਕਰਦੀ ਆਸਮਾਨਾਂ ਵਿਚ ਇੰਜ ਉੱਡਦੀ ਪਈ ਸੀ ਜਿਵੇਂ ਉੱਚੀਆਂ ਉੱਚੀਆਂ ਰੁੱਖਾਂ ਤੇ ਨੀਲੇ ਚਿੱਟੇ ਬੱਦਲਾਂ ਤੇ ਹਵਾਵਾਂ ਨੂੰ ਪਹਾੜਾਂ ਨੂੰ ਤੇ ਉਸ ਰੱਬ ਨੂੰ ਇਹੋ ਕਹਿੰਦੀ ਹੋਵੇ ਮੇਰਾ ਕੀ ਕਸੂਰ ਏ ? ਮੇਰਾ ਕੀ ਕਸੂਰ ਏਸ਼ ?

ਅੰਬਰਾਂ ਵਿਚ ਗੂੰਜਦੀ ਟਟੋਲੀ ਟੈਂ ਟੈਂ ਅਤੇ ਥੱਲੇ ਧਰਤੀ ਤੇ ਗਾਂ ਦੇ ਵਿੱਛੇ ਦੇ ਕੂਲੇ ਕੂਲੇ ਗੋਸ਼ਤ ਤੋਂ ਲੜਦੇ ਲਗੜ ਬੱਗੇ ਤੇ ਸ਼ੇਰਾਂ ਦੀ ਲੜਾਈ ਦਾ ਇਹ ਨਜ਼ਾਰਾ ਮਾਸਟਰ ਰੱਬ ਨਵਾਜ਼ ਬੜੇ ਗ਼ੌਰ ਨਾਲ ਟੀ ਵੀ ਤੇ ਵੇਖ ਰਿਹਾ ਸੀ । ਫਿਰ ਉਹਦੀ ਨੂੰਹ ਉਹਦੇ ਕੋਲ ਆ ਕੇ ਕਹਿਣ ਲੱਗੀ, "ਫੋਫਾ

ਜੀ ਬਿੱਟੂ ਦੀ ਸਕੂਲੋਂ ਛੁੱਟੀ ਦਾ ਟਾਈਮ ਹੋ ਗਿਆ ਏ ਜਾ ਕੇ ਉਹਨੂੰ ਲੈ ਆਉ ।"

ਅਸਲ ਵਿਚ ਉਹ ਭੁੱਲ ਗਿਆ ਸੀ ਕਿ ਅੱਜ ਜੁਮਾ ਐ ਤੇ ਜੁਮੇ ਨੂੰ ਛੁੱਟੀ ਜਲਦੀ ਹੋ ਜਾਂਦੀ ਏ । ਉਹ ਜਲਦੀ ਜਲਦੀ ਉਠਿਆ ਤੇ ਪੈਰ ਘੜੀਸਦਾ ਸਕੂਲ ਵੱਲ ਟੁਰ ਪਿਆ । ਚੋਕ ਚੋਂ ਲੰਘਦੇ ਹੋਏ ਉਹਦੀ ਨਜ਼ਰ ਫਿਰ ਉਸੇ ਬਨੇਰੇ ਤੇ ਪੈ ਗਈ । ਜਿਹਦੇ ਥੱਲੇ ਲਿਖਿਆ ਹੋਇਆ 'ਮਾਸਟਰ ਰੱਬ ਨਵਾਜ਼' ਲੀਰੋ ਲੀਰ ਹੋਇਆ ਪਿਆ ਸੀ । 'ਰੱਬ' ਵੱਖਰਾ ਹਵਾ ਵਿਚ ਝੂਲਦਾ ਪਿਆ ਸੀ ਤੇ 'ਨਵਾਜ਼' ਵੱਖਰਾ । ਉਹ ਉਹਦੇ ਤੋਂ ਨਜ਼ਰਾਂ ਹਟਾ ਕੇ ਸਕੂਲ ਵੱਲ ਟੁਰ ਪਿਆ । ਬਿੱਟੂ ਨੂੰ ਸਕੂਲੋਂ ਲੈ ਕੇ ਘੱਰ ਨੂੰ ਟੁਰੇ ਆਉਂਦੇ ਬਿੱਟੂ ਦੇ ਬੂਟਾਂ ਦਾ ਤਸਮਾ ਖੱਲ ਗਿਆ । ਉਹਨੇ ਉਹਦਾ ਤਸਮਾ ਬਨ੍ਹਨ ਲਈ ਇਕ ਦੁਕਾਨ ਦੇ ਬਾਹਰ ਡੱਠੇ ਫੱਟੇ ਉੱਤੇ ਚੁਕ ਕੇ ਆਪਣੇ ਪੋਤਰੇ ਨੂੰ ਖਿਲਾਰ ਲਿਆ ਤੇ ਉਹਦੀ ਬੂਟਾਂ ਦਾ ਤਸਮਾ ਬਨ੍ਹਣ ਲੱਗ ਪਿਆ । ਤਸਮਾ ਬਨ੍ਹਦੀਆਂ ਬਨ੍ਹਦੀਆਂ ਉਹਦੀ ਨਜ਼ਰੀਂ ਸਾਹਮਣੇ ਕੰਧ ਤੇ ਨਵੇਂ ਲੱਗੇ ਇਸ਼ਤਿਹਾਰ ਤੇ ਪੈ ਗਈ । ਉਹ ਉਹਨੂੰ ਬੜੇ ਗ਼ੌਰ ਨਾਲ ਪੜ੍ਹਿਆ । ਉਹਦੇ ਪੋਤਰੇ ਨੇ ਉਹਨੂੰ ਪੁੱਛ ਲਿਆ ਕਿ ਦਾਦਾ ਅਬੂ ਇਹ ਕੀ ਲਿਖਿਆ ਏ । ਉਹ ਉਹਨੂੰ ਪੜ੍ਹ ਕੇ ਦੱਸਣ ਲੱਗ ਪਿਆ ਕਿ ਇਹ ਲਿਖਿਆ ਏ "ਏ ਨਬੀ ਹਮ ਸ਼ਰਮਿੰਦਾ ਹੈਂ ਕਿ ਤੇਰੇ ਗੁਸਤਾਖ਼ ਜ਼ਿੰਦਾ ਹੈਂ ।"

ਬਿੱਟੂ ਕਹਿਣ ਲੱਗਾ, "ਦਾਦਾ ਅਬੂ ਉਹ ਕਿਉਂ ਜ਼ਿੰਦਾ ਏ ।"

ਮਾਸਟਰ ਰੱਬ ਨਵਾਜ਼ ਨੇ ਢਿੱਲਾ ਮੂੰਹ ਕਰ ਕੇ ਉਹਨੂੰ ਸੀਨੇ ਨਾਲ ਲਾ ਲਿਆ ਤੇ ਆਖਣ ਲੱਗਾ, "ਪੁੱਤ ਉਹ ਗੁਸਤਾਖ਼ ਵੀ ਜ਼ਿੰਦਾ ਏ ਤੇ ਇਹ ਵੀ ਸਾਰੇ ਜ਼ਿੰਦਾ ਨੇਂ ਮਾਰੇ ਤੇ ਅਸੀਂ ਗਏ ਆ ।"

---

**ਮਕਸੂਦ ਸਾਕਿਬ ਵੱਲੋਂ**

**ਸੰਪਾਦਤ**

**ਮੈਂਗਜ਼ੀਨ**

# 'ਪੰਚਮ'



## ਦੋਜ਼ਖ਼/ਨਸੀਰ ਅਹਿਮਦ

ਚਾਰ ਚੁਫ਼ੇਰੇ ਲਿਸ਼ਕਦੀਆਂ ਮੂਰਤਾਂ, ਰੰਗਾਂ, ਖ਼ੋਸ਼ਬੋਵਾਂ ਤੇ ਹਾਸਿਆਂ ਦਾ ਹੜ੍ਹ ਆਇਆ ਹੋਇਆ ਸੀ । ਨਜ਼ਰ ਸੀ ਕਿ ਕਿਸੇ ਚਿਹਰੇ ਤੇ ਠਹਰਦੀ ਈ ਨਹੀਂ ਸੀ । ਝਾਲਰ ਲੱਗੇ ਰੰਗਦਾਰ ਮੇਜ਼ ਪੋਸ਼ਾਂ ਨਾਲ ਸੱਜੇ ਹੋਏ ਗੋਲ ਮੀਜ਼ਜਨਹਾਂ ਦੁਆਲੇ ਖ਼ੂਬਸੂਰਤ ਕੱਪੜਿਆਂ ਵਿਚ ਸੱਜਰੇ ਵਜੂਦ ਖਿੜੇ ਹੋਏ ਸਨ । ਰਾਂਗਲੀਆਂ ਮੇਜ਼ਾਂ ਦੇ ਇਸ ਪਿੜ ਨੂੰ ਵੱਡੇ ਮੇਜ਼ਾਂ ਦੀ ਇਕ ਹੋਰ ਲੜੀ ਘੇਰਾ ਪਾਈ ਖਲੋਤੀ ਸੀ ਜਿਨਹਾਂ ਉੱਤੇ ਥੋੜੇ ਥੋੜੇ ਫ਼ਾਸਲੇ ਤੇ ਸਟੈਂਡ ਰੱਖੇ ਹੋਏ ਸਨ । ਚੁਸਤ ਯੂਨੀਫ਼ਾਰਮ ਵਿਚ ਫੁਰਤੀਲੇ ਬਹਿਰੇ ਇਨ੍ਹਾਂ ਸਟੈਂਡਾਂ ਉੱਤੇ ਰੱਖੀਆਂ ਟਰੇਆਂ ਵਿਚ ਗਰਮ ਪਾਣੀ ਭਰ ਕੇ ਉੱਤੇ ਸੋਨੇ ਰੰਗੇ ਢੱਕਣ ਦੇ ਰਹੇ ਸਨ । ਸਾਊਂਡ ਸਿਸਟਮ ਤੇ ਹਲਕੀ ਅਵਾਜ਼ ਵਿਚ ਨਵੇਂ ਫ਼ਿਲਮੀ ਗਾਣੇ ਦੀ ਧੰਨ ਮਾਹੌਲ ਨੂੰ ਹੋਰ ਸ਼ਬਨਮੀ ਕਰ ਰਹੀ ਸੀ । ਸਾਹਮਣੇ ਲੱਗੇ ਸਟੇਜ ਤੇ ਲਾਹੜਾ ਤੇ ਵੋਹਟੀ ਬੈਠੇ ਹੋਏ ਸਨ । ਰੋਟੀ ਖੁੱਲੀ ਤੇ ਪੂਰੇ ਹਾਲ ਵਿਚ ਭਾਜੜ ਪਏ ਗਈ । ਹਾਲ ਵਿਚ ਪਲੇਟਾਂ ਤੇ ਚਮਚਿਆਂ ਦੀ ਵਾਜ ਨੇ ਗਾਣੇ ਦੀ ਧੰਨ ਨੂੰ ਅਪਣੀ ਲਪੇਟ ਵਿਚ ਲੈ ਲਿਆ । ਸੱਭ ਨੂੰ ਅਪਣੀ ਅਪਣੀ ਪਏ ਗਈ ।

"ਰੱਜੋ !"

"ਜੀ ਬੀਬੀ "

ਇਕ ਨੁੱਕਰ ਵਿੱਚ ਮੇਜ਼ ਤੇ ਇਕੱਲੀ ਬੈਠੀ ਬਾਰਾਂ ਕੋ ਸਾਲਾ ਦੀ ਬੱਚੀ ਤ੍ਰਬਕ ਗਈ ।

"ਇਹਨੂੰ ਫੜੀਂ ਜ਼ਰਾ "

"ਜੀ ਅੱਛਾ "

ਰੱਜੋ ਨੇ ਅਗਾਂਹ ਵਧ ਕੇ ਉਹਦੇ ਕੋਲੋਂ ਬਾਲ ਫੜ ਲਿਆ । ਵੱਡੀ ਬੀਬੀ ਵੀ ਬੱਚਾ ਫੜਾ ਕੇ ਦੂਜਿਆ ਵਾਂਗ ਖਾਣੇ ਦੇ ਮੇਜ਼ਾਂ ਵੱਲ ਦੌੜ ਗਈ ।

ਭੁੱਖੀ ਭਾਨੀ ਰੱਜੋ ਲੋਕਾਂ ਨੂੰ ਨਸਦੀਆਂ ਭੱਜਦੀਆਂ ਬਿਟਰ ਬਿਟਰ ਵੇਖ ਰਹੀ ਸੀ ਸ਼ਸਾਰਾ ਦਿਨ ਨੱਸ ਭੱਜ ਵਿਚ ਈ ਲੰਘ ਗਿਆ ਸੀ । "ਰੱਜੋ ਇਹ ਕਰ । ਰੱਜੋ ਉਹ ਕਰ, ਰੱਜੋ ਉਹਨੋਂ ਫੜ, ਰੱਜੋ ਇਹ ਲਿਆ ।" ਵਿਆਹ ਵਾਲਾ ਘੱਰ ਤੇ ਇਕੱਲੀ ਰੱਜੋ । ਅੱਜ ਸਵੇਰ ਦਾ ਇਹੋ ਕੁਝ ਹੋ ਰਿਹਾ ਸੀ । ਫਿਰ ਖਾਂਦੀ ਵੀ ਤੇ ਕਸਰਾਂ, ਉਹ ਤੇ ਨਿੱਕੀ ਬੀਬੀ ਦਾ ਜੂਠ ਖਾਣਾ ਹਿੱਲੀ ਹੋਈ ਸੀ । ਨਿੱਕੀ ਬੀਬੀ ਜਦੋਂ ਵੀ ਕੁੱਝ ਖਾਣ ਲਈ ਬਹਿੰਦੀ ਉਹਦੇ ਕੋਲੋਂ ਪੂਰਾ ਨਹੀਂ ਸੀ ਖਾਹਦਾ ਜਾਂਦਾ ਤੇ ਜੋ ਛੱਡ ਦਿੰਦੀ ਉਹ ਰੱਜੋ ਖਾ ਲੈਂਦੀ । ਸ਼ੁਰੂ ਸ਼ੁਰੂ ਵਿਚ ਤੇ ਰੱਜੋ ਝੁਕ ਦੀ ਸੀ ਪਰ ਹੁਣ ਉਹਨੂੰ ਆਦਤ ਈ ਨਹੀਂ ਸੀ ਪੈ ਗਈ ਸਗੋਂ ਮਜ਼ਾ ਵੀ ਆਣ ਲੱਗ ਪਿਆ ਸੀ । ਮਕਰੂਨੀ, ਸੈਲਡ, ਬਰਗਰ, ਸ਼ਵਾਰਮਾ, ਬਰੋਸਟ, ਚਾਈਨਜ਼, ਜੋ ਕੁੱਝ ਵੀ ਨਿੱਕੀ ਬੀਬੀ ਛੱਡ ਦਿੰਦੀ ਉਹ ਰੱਜੋ ਦਾ ਮੁਕੱਦਰ ਸੀ ।

ਪਰ ਅਜ ਤੇ ਨਿੱਕੀ ਬੀਬੀ ਦਾ ਵਿਆਹ ਸੀ ਅੱਜ ਉਸ ਨੇ ਜੋ ਛੱਡਣਾ ਏ ਉਹ ਇਹ ਵਰਦੀ ਵਾਲੇ ਬਹਿਰੇ ਖਾ ਜਾਣਗੇ, ਜੋ ਵਰਦੀ ਵਾਲੇ ਵੀ ਨੇਂ ਤੇ ਬਹਿਰੇ ਵੀ । ਇਹ ਬਹਿਰੇ ਵੀ ਰੱਜੋ ਵਾਂਗ ਜੂਠ ਖਾਣਾ ਹੱਲੇ ਨੇਂ । ਪਤਾ ਨਹੀਂ ਜੂਠ ਖਾਣਾ ਹੱਲੇ ਨੇਂ ਇਸ ਲਈ ਵਰਦੀ ਵਾਲੇ ਨੇਂ ਯਾ ਫਿਰ ਵਰਦੀ ਵਾਲੇ ਨੇਂ ਇਸ ਲਈ ਜੂਠ ਖਾਂਦੇ ਨੇਂ ।

ਕੁੱਝ ਦੇਰ ਪਹਿਲੋਂ ਜਦੋਂ ਨਿਕਾਹ ਦੀ ਬਿਦ ਵੰਡੀ ਜਾ ਰਹੀ ਸੀ, ਰੱਜੋ ਨੇ ਅਗਾਂਹ ਵਧ ਕੇ ਟੋਕਰੀ ਵਿੱਚੋਂ ਬਦ ਦੀ ਥੈਲੀ ਚੁੱਕਣ ਦੀ ਕੋਸ਼ਿਸ਼ ਕੀਤੀ ਤੇ ਉਹਦੇ ਹੱਥ ਤੇ ਕਿਸੇ ਨੇ ਹੱਥ ਮਾਰਿਆ ।

"ਪਹਿਲੇ ਪ੍ਰਾਹੁਣੇ ਤੇ ਭੁਗਤ ਜਾਣ ਦੇ "

ਰੱਜੋ ਤੜਫ਼ ਕੇ ਪਿਛਾਂਹ ਹਟ ਗਈ । ਸੱਜੇ ਹੱਥ ਦੀ ਸ਼ਹਾਦਤ ਦੀ ਉਂਗਲੀ ਤੇ ਬੱਝੀ ਪੱਟੀ ਹੇਠ ਇਕ ਟਿਸ ਉਠੀ ਤੇ ਮੰਜ਼ਰ ਸਿੱਲ੍ਹਾ ਜਹਿਆ ਹੋ ਗਿਆ ।

ਕੁੱਝ ਦਿਨ ਪਹਿਲੋਂ ਉਹਨੇ ਨਿੱਕੀ ਬੀਬੀ ਵੱਲ ਵੇਖ ਕੇ ਆਪਣੇ ਨੂੰਹ ਵਧਾਣੇ ਸ਼ੁਰੂ ਕੀਤੇ । ਪਰ ਉਹ ਨਿੱਕੀ ਬੀਬੀ ਸੀ ਜਿਹੜੀ ਤੀਲਾ ਤੋੜ ਕੇ ਦੋ ਨਹੀਂ ਸੀ ਕਰਦੀ ਉਹਦੇ ਮਲੂਕ ਹੱਥਾਂ ਦੀਆਂ ਬਰੀਕ ਉਂਗਲਾਂ ਜਿਨਹਾਂ ਦੇ ਸੁਣਾ ਚੋਂ ਮਾਸ ਗੁਲਾਬੀ ਝਲਕ ਮਾਰਦਾ ਸੀ ।

ਰੱਜੋ ਨੇ ਨਿੱਕੀ ਬੀਬੀ ਦੀਆਂ ਮਲੂਕ ਉਂਗਲੀਆਂ ਅੱਗੇ ਵਧੇ ਲਿਸ਼ਕਦੇ ਨੂੰਹ ਵੇਖੇ ਤੇ ਉਹਦੇ ਦਿਲ ਵਿੱਚ ਨੂੰਹ ਵਧਾਣ ਦੀ ਸੱਧਰ ਜਾਗ ਪਈ । ਉਹਨੇ ਅਪਣਾ ਹੱਥ ਪੁੱਠਾ ਕਰ ਕੇ ਵੇਖਿਆ । ਕਾਲੀਆਂ ਤੇ ਵਿੰਗੀਆਂ ਉਂਗਲੀਆਂ, ਜਿਨਾਂ ਦੀਆਂ ਗੰਢਾ ਉੱਤੇ ਮਾਸ ਕੱਠਾ ਹੋਕੇ ਨਿੱਕੀ ਜਿਹੀ ਹਨੇਰੀ ਘੁੰਮਣ ਘਿਰੀ ਬਣਾ ਦਿੰਦਾ ਏ । ਉਹਨੂੰ ਨੂੰਹਾਂ ਵਿਚ ਹੁਣ ਫਸੀ ਹੋਈ ਮੈਲ ਕਿੱਥੇ ਨਜ਼ਰ ਆਣੀ ਸੀ, ਉਹਦੇ ਧਿਆਨ ਦੀ ਨਗਰੀ ਤੇ ਨੌਂਹ ਵਧਾਣ ਦੀ ਸਧਰ ਹੁਕਮਰਾਨ ਸੀ ।

ਨੌਂਹਾਂ ਦਾ ਕੀ ਏ ਨਾ ਕੱਟੋ ਤੇ ਵੱਧ ਹੀ ਜਾਂਦੇ ਨੇਂ, ਰੱਜੋ ਦੇ ਵੀ ਵੱਧ ਗਏ, ਪਰ ਨਿੱਕੀ ਬੀਬੀ ਦੇ ਹੱਥਾਂ ਵਾਂਗ ਉਹਦੀਆਂ ਉਂਗਲਾਂ ਨਾ ਤੇ ਮਲੂਕ ਹੋਈਆਂ ਅਤੇ ਨਾ ਹੀ ਇਨ੍ਹਾਂ ਦੇ ਸੁਣਾ ਚੋਂ ਗੁਲਾਬੀ ਰੰਗ ਨੇ ਕਿਤੇ ਝਲਕ ਮਾਰੀ ਸ਼ ਉਹੋ ਗੰਢਾਂ ਤੇ ਕਾਲੇ ਮਾਸ ਦੀ ਇੰਨੇ ਖ਼ੂਨ ਵਰਗੀ ਘੁੰਮਣ ਘਿਰੀ ਸ਼ਗੱਲ ਇੱਥੇ ਹੀ ਨਹੀਂ ਮੁੱਕੀ ਉਹਨੂੰ ਇਹਦਾ ਡੰਡ ਵੀ ਦੇਣਾ ਪਿਆ । ਕੁੱਝ ਦਿਨ ਪਹਿਲੇ ਆਪਣੇ ਵਜੂਦ ਨਾਲੋਂ ਵੀ ਵੱਡਾ ਪਤੀਲਾ ਮਾਂਝਦਿਆਂ ਸੱਜੇ ਹੱਥ ਦੀ ਸ਼ਹਾਦਤ ਦੀ ਉਂਗਲੀ ਦਾ ਨੌਂਹ ਟੁਟ ਗਿਆ ।

ਰੱਜੋ ਨੇ ਚੀਕ ਮਾਰੀ ਤੇ ਪਤੀਲਾ ਸੁੱਟ ਕੇ ਨਿੱਕੀ ਬੀਬੀ ਵੱਲ ਭੱਜ ਗਈ । ਨਿੱਕੀ ਬੀਬੀ ਨੇ ਖ਼ੂਨ ਰੰਗੀ ਦਵਾਈ ਲਾ ਕੇ ਪੱਟੀ ਕਰ ਦਿੱਤੀ । ਪੱਟੀ ਕਰਦਿਆ ਰੱਜੋ ਨੇ ਦਵਾਈ ਲੱਗਣ ਤੇ ਉੱਚੀ ਸਾਰੀ ਸਸਕਾਰੀ ਭਰੀ ਤੇ ਨਿੱਕੀ ਬੀਬੀ ਨੂੰ ਗ਼ੁੱਸਾ ਚੜ੍ਹ ਗਿਆ ।

"ਹੌਲੀ ਭੌਂਕ ਕੁੱਤੀਏ, ਜੇ ਭਾਈ ਨੂੰ ਪਤਾ ਲੱਗ ਗਿਆ ਤੇ ਸ਼ ਉਹਨੇ ਤੇਰੇ ਹੱਥੋਂ ਖਾਣਾ ਪੀਣਾ ਛੱਡ ਦੇਣਾ ਏ''

ਭਾਈ ਪਿਛਲੇ ਇਕ ਸਾਲ ਤੋਂ ਨਵਾਂ ਨਵਾਂ ਮੋਮਿਨ ਹੋਇਆ ਏ ਤੇ ਹੁਣ ਘਰ ਵਿਚ ਹਰ ਵੇਲ਼ੇ ਮਾਰਸ਼ਲ ਲਾਅ ਲਾਈ ਰੱਖਦਾ ਏ ।

"ਦੁਪੱਟਾ ਸਿਰ ਤੇ ਲੇਪਰਦਾ ਕਰ ਸ਼ ਡਰਾਇੰਗ ਰੂਮ ਵਿੱਚ ਨਾ ਆਈਂ ਮੇਰੇ ਦੋਸਤ ਬੈਠੇ ਨੇਂ ਸ਼ਰੱਜੋ ਹੱਥ ਭੇਜੋ ਜੋ ਕੁੱਝ ਭੇਜਣਾ ਏ ਸ਼"

ਇਹ ਸਾਲ ਕੋ ਪਹਿਲੇ ਚੰਗਾ ਭਲਾ ਸੀ ਸ਼ਫਿਰ ਕੁੱਝ ਦਿਨ ਬਾਅਦ ਇਹਨੇ ਜੂਨ ਬਦਲਣਾ ਸ਼ੁਰੂ ਕਰ ਦਿੱਤੀ । ਪਹਿਲੇ ਪੈਂਟ ਸ਼ਰਟ ਛੁੱਟੀ ਫਿਰ ਸ਼ਲਵਾਰ ਦੇ ਪਹੁੰਚੇ ਵੀ ਗਿੱਟਿਆਂ ਤੂੰਅ ਉਚੇ ਹੂ ਗਏ। ਪੀ ਕੈਪ ਦੀ ਥਾਂ ਟੋਪੀ ਨੇ ਲੈ ਲਈ, ਚਿਹਰੇ ਤੇ ਵੱਡੀ ਸਾਰੀ ਦਾੜ੍ਹੀ ਵੀ ਪੰਘਰ ਆਈ ਤੇ ਫਿਰ ਖ਼ਾਨਦਾਨ ਦੀਆਂ ਸਾਰੀਆਂ ਕੁੜੀਆਂ ਨੇ ਭਾਈ ਜੀ ਕਹਿ ਕਿ ਬੁਲਾਣਾ ਸ਼ੁਰੂ ਕਰ ਦਿੱਤਾ । ਹੌਲੀ ਹੌਲੀ ਭਾਈ ਦੀਆਂ ਗੱਲਾਂ ਵਿੱਚ ਤਨਜ਼ ਤੇ ਕੁਸੈਲਾ ਪਨ ਵੀ ਆਣਾ ਸ਼ੁਰੂ ਹੋਗਿਆ । ਹੁਣ ਤੇ ਭਾਈ ਹੋਰਾਂ ਕੋਲੋਂ ਬੇਗਮ ਸਾਹਿਬਾ ਤੇ ਵੱਡੇ ਸਾਹਿਬ ਹੋਰੀ ਵੀ ਯਰਕਦੇ ਸਨ ।

ਬੇਗਮ ਹੋਰੀ ਪੰਜ ਵਕਤ ਦੇ ਨਮਾਜ਼ੀ ਪ੍ਰਹੇਜ਼ ਗਾਰ ਤੇ ਹੈ ਨੇਂ ਪਰ ਪਰਦੇ ਦਾਰੀ ਵਾਲੀ ਖੇਖਣ ਉਹਨਾਂ ਕੋਲੋਂ ਨਹੀਂ ਹੁੰਦੀ ਅਤੇ ਬੋਲਦੇ ਅਜੀਬ ਤਰੀਕੇ ਨਾਲ ਨੇਂ,ਪਤਾ ਨਹੀਂ ਕਿਹੜੇ ਪਿੰਡ ਦੇ ਨੇਂ । ਕਿਸੇ ਵੀ ਨੋਕਰ ਨੂੰ ਵਾਜ ਦੇਣ ਲੱਗਿਆਂ ਉਹਦਾ ਨਾਂ ਵਗਾੜਕੇ ਅਖ਼ੀਰ ਵਿਚ "ਅਈਏ" ਲਾ ਦਿੰਦੇ ਨੇਂ ਸ਼ਪਿਛਲੇ ਮਹੀਨੇ ਕੱਪੜੇ ਧੋਣ ਵਾਲੀ ਸਿਰਫ਼ ਇਸ ਗੱਲੋਂ ਲੜ ਕੇ ਚਲੀ ਗਈ ਕਿ "ਮੇਰਾ ਨਾਂ ਸ਼ਮਾਇਲਾ ਏ ਕਈ ਵਾਰੀ ਮਨ੍ਹਾ ਕਰਨ ਦੇ ਬਾਵਜੂਦ ਵੀ ਮੈਨੂੰ ਸ਼ਮੀਲਏ ਕਹਿ ਕੇ ਵਾਜ ਮਾਰੀ ਜਾਂਦੀ ਏ''

ਖ਼ੌਰੇ ਕੱਪੜੇ ਧੋਣ ਵਾਲੀ ਸੀ ਤਾਹੀਓਂ ਆਪਣੇ ਨਾਂ ਨਾਲ ਮੀਲਏ ਬਰਦਾਸ਼ਤ ਨਹੀਂ ਸੀ ਹੋਇਆ ।



ਟੀਸ ਘਟੀ ਤੇ ਅੱਖਾਂ ਦੇ ਫ਼ਰਸ਼ ਤੇ ਵੀ ਤਪੜੀ ਫਿਰ ਗਈ । ਬਿਦ ਵੰਡੀ ਜਾ ਚੁੱਕੀ ਸੀ । ਰੱਜੋ ਹੈਰਾਨ ਸੀ ਕਿ ਇਸ ਬਿਦ ਵੰਡਣ ਵਾਲੇ ਨੂੰ ਇਹ ਕਿਵੇਂ ਪਤਾ ਲੱਗਾ ਕਿ ਮੈਂ ਪਰੁਹਣੀ ਨਹੀਂ । ਪਰ ਇਸ ਗੱਲ ਦਾ ਜਵਾਬ ਉਹਦੀ ਖੱਬੇ ਪੈਰ ਦੀ ਉਂਗਲੀ, ਪਾਟੀ ਹੋਈ ਜਰਾਬ ਚੋਂ ਝਾਤੀ ਮਾਰ ਕੇ ਦੇ ਰਹੀ ਸੀ ।

ਚਮਚਿਆਂ ਦੀ ਗੂੰਜ ਤੇ ਭਾਂਡਿਆਂ ਦਾ ਰੌਲਾ ਅੰਦਰੋਂ ਭੁੱਖ ਨੂੰ ਚੂੰਢੀਆਂ ਵੱਢਣ ਲੱਗਾ ਤੇ ਉਹਨੇ ਆਪਣੇ ਆਪ ਨੂੰ ਆਲ ਦੁਆਲੇ ਆਹਰੇ ਲਾਣ ਦੀ ਕੋਸ਼ਿਸ਼ ਕੀਤੀ । ਇਸ ਆ੍ਹਰ ਵਿਚ ਉਹਨੇ ਮੇਜ਼ ਤੇ ਲੱਗੇ ਸਟੈਂਡਾਂ ਤੇ ਪਈਆਂ ਟਰੇਆਂ ਗੰਨਿਆਂ ਸ਼ੁਰੂ ਕਰ ਦਿੱਤੀਆਂ ਸ਼ਯਾਰਾਂ ਬਾਰਾਂ ਤੀਰਾਂ ਸ਼ ਇਹ ਕੀ।"

ਇਕ ਟਰੇ ਦੇ ਸਟੈਂਡ ਹੇਠ ਸਟੋਓ ਭਿੱਜਿਆ ਹੋਇਆ ਸੀ ਸ਼ ਇਹਦਾ ਵੀ ਖ਼ੋਰੇ ਢਿੱਡ ਖ਼ਾਲੀ ਏ ਸ਼ ਇਹ ਵੀ ਭੁੱਖਾ ਈ ਏ ।"

ਉਹਨੂੰ ਆਪਣੇ ਨਾਲ ਦਾ ਦੂਜਾ ਲੱਭ ਗਿਆ ਉਹਦਾ ਦਿਲ ਕੀਤਾ ਬੱਝੇ ਹੋਏ ਸਟੋਓ ਤੇ ਖੁੱਲ ਕੇ ਹੱਸੇ ਸ਼" ਭੁੱਖਾ ਨਾ ਹੋਵੇ ਤੇ"

ਚਮਚੇ ਖੜਕਦੇ ਰਹੇ । ਵਰਦੀ ਵਾਲੇ ਨੱਸਦੇ ਰਹੇ ਸ਼ਟਰੇਆਂ ਭਰਦੀਆਂ ਤੇ ਖ਼ਾਲੀ ਹੁੰਦੀਆਂ ਰਹੀਆਂ ਪਰ ਉਹ ਵੱਡੀ ਬੀਬੀ ਦਾ ਬਾਲ ਗੋਦੀ ਵਿੱਚ ਲੈ ਕੇ ਤੇ ਭਿੱਜੇ ਹੋਏ ਸਟੋਓ ਨੂੰ ਵੇਖਦੀ ਰਹੀ ।

ਹੌਲੀ ਹੌਲੀ ਵਾਜਾਂ ਥੰਮ ਗਈਆਂ। ਬਹਿਰਿਆਂ ਨੇ ਸਟੈਂਡ ਚੁਕ ਦਿੱਤੇ ਸ਼ਸ਼ਾਦੀ ਦੀਆਂ ਦੂਜੀਆਂ ਰਸਮਾਂ ਹੋਈਆਂ ਤੇ ਨਿੱਕੀ ਬੀਬੀ ਵਿਦਾ ਹੋ ਗਈ ।

ਫਿਰ ਇਕ ਪਿੱਕਅਪ ਵਿਚ ਦੇਗਾਂ ਦੇ ਨਾਲ ਰੱਜੋ ਨੂੰ ਵੀ ਬਿਠਾ ਦਿੱਤਾ ਗਿਆ । ਸ਼ਾਦੀ ਹਾਲ ਤੋਂ ਘਰ ਆਣ ਤਾਈਂ ਉਹ ਦੇਗ ਨੂੰ ਹੀ ਘੂਰਦੀ ਰਹੀ ਜਿਵੇਂ ਉਹਦਾ ਹਿਸਾ ਇਹਨਾ ਦੇਗਾਂ ਨੇ ਹੀ ਖਾ ਲਿਆ ਹੋਵੇ ਸ਼ ਜਦੋਂ ਤਾਈਂ ਘੱਰ ਪਤੀਲਿਆਂ ਚ ਪੱਕਦਾ ਸੀ ਉਦੋਂ ਤੱਕ ਉਹ ਕਦੀ ਇੰਜ ਭੁੱਖੀ ਨਹੀਂ ਸੀ ਰਹੀ ਤੇ ਅੱਜ ਦੇਗਾਂ ਚ ਪੱਕਿਆ ਸੀ ਸ਼ ਸਾਰੇ ਰਾਹ ਦੇਗਾਂ ਹਿਲਦੀਆਂ ਤੇ ਆਪਸ ਵਿਚ ਵੱਜਦੀਆਂ ਰਹੀਆਂ ਰੱਜੋ ਨੇ ਸੋਚਿਆ" ਭਰੀਆਂ ਹੋਈਆਂ ਹੋ ਕੇ ਵੀ ਆਪਸ ਵਿਚ ਵੱਜ ਰਹੀਆਂ ਨੇਂ ਯਾ ਫਿਰ ਇਸੇ ਲਈ ਆਪਸ ਵਿਚ ਵੱਜਦੀਆਂ ਨੇਂ ਕਿ ਭਰੀਆਂ ਹੋਈਆਂ ਨੇਂ ਸ਼ਦੇਗਾਂ ਨੇ ਇਕ ਹੋਰ ਧਰੋ ਵੀ ਉਹਦੇ ਨਾਲ ਕੀਤਾ । ਗੈਰਾਜ ਵਿਚ ਉੱਤੇ ਜਾਣ ਵਾਲੀਆਂ ਪਉੜ੍ਹੀਆਂ ਹੇਠ ਉਹਦੀ ਮੰਝੀ ਡਠਦੀ ਸੀ, ਅੱਜ ਉਥੇ ਇਹੋ ਦੇਗਾਂ ਲਾ ਦਿਤੀਆਂ ਗਈਆਂ ।

ਫਿਰ ਇਹ ਗੱਲ ਇਕ ਮਸਅਲੇ ਤਰ੍ਹਾਂ ਸਾਹਮਣੇ ਆਈ ਕਿ ਹੁਣ ਰੱਜੋ ਕਿੱਥੇ ਸੋਵੇਂ ਗੀ । ਘਰ ਦੀਆਂ ਵੱਖੋ ਵਖ ਨੁੱਕਰਾਂ ਸਾਹਮਣੇ ਆਣ ਲੱਗ ਪਈਆ । ਬਾਹਰ ਕਿਆਰੀ ਵਿਚ ਪਿਛਲਾ ਵੇੜ੍ਹਾ ਸ਼ ਪੋਰਚ ਦੇ ਉਤਲਾ ਟੈਰਿਸਸ਼ ਫਿਰ ਵੱਡੀ ਬੀਬੀ ਨੂੰ ਇਕ ਥਾਂ ਯਾਦ ਆ ਗਈ ਸ਼ ਉਹਨੇ ਰੱਜੋ ਦੀ ਬਾਂਹ ਫੜੀ ਤੇ ਉਤਲੇ ਸਟੋਰ ਵਿਚ ਲੈ ਗਈ ਇਕ ਵੱਡੀ ਸਾਰੀ ਪੇਟੀ ਤੋਂ ਸੰਦੂਕ ਲਾਹ ਕੇ ਪਾਸੇ ਕੀਤਾ ਤੇ ਉਸ ਤੇ ਗੱਦਾ ਵਿਛਾ ਦਿੱਤਾ ਤੇ ਕਿਹਾ,

"ਇਹ ਲੈ ਇੱਥੇ ਨਿੱਘ ਵੀ ਵਾਹਵਾ ਏ "

ਰੱਜੋ ਬਿਸਤਰੇ ਤੇ ਲੰਮੀ ਪੈ ਗਈ ਭੁੱਖ ਉਹਦੇ ਅੰਦਰ ਹਾਲ ਦੁਹਾਈ ਪਾਈ ਫਿਰਦੀ ਸੀ ਸ਼ ਪੱਟੀ ਬੰਨ੍ਹੀ ਉਂਗਲੀ ਵਿਚ ਵੀ ਟੀਸਾਂ ਉਠ ਰਹੀਆਂ ਸਨ। ਖੱਬੇ ਪੈਰ ਦੀ ਪਾਟੀ ਹੋਈ ਜਰਾਬ ਵਿੱਚੋਂ ਝਾਕਦੀ ਹੋਈ ਬਰਫ਼ ਵਰਗੀ ਉਂਗਲੀ ਤੇ ਨਿੱਘ ਕੀੜੀਆਂ ਵਾਂਗ ਟੁਰਨ ਲੱਗ ਪਈ ।

ਪੀਲੇ ਰੰਗ ਦੇ ਜ਼ੀਰੋ ਦੇ ਬਲਬ ਦੀ ਰੌਸ਼ਨੀ ਵਿਚ ਸਾਰਾ ਸਟੋਰ ਯਰਕਾਨ ਦਾ ਮਰੀਜ਼ ਲੱਗ ਰਿਹਾ ਸੀ ਸ਼ ਰੱਜੋ ਦੀਆਂ ਅੱਖਾ ਅੱਗੇ ਸਾਰੇ ਦਿਨ ਦੀ ਵਾਪਰੀ ਫ਼ਿਲਮ ਵਾਂਗ ਚੱਲ ਰਹੀ ਸੀ ਸ਼ ਸਟੋਰ ਵਿਚ ਬਲ ਰਿਹਾ ਪੀਲਾ ਬਲਬ ਵੇਖ ਕੇ ਉਹਨੂੰ ਇਕ ਵਾਰੀ ਫਿਰ ਬੱਝਿਆ ਸਟੋਓ ਯਾਦ ਆ ਗਿਆ

ਉਹਨੇ ਸੋਚਿਆ ਕਿ ਇਹ ਬਲਬ ਤੇ ਭੁੱਖਾ ਨਹੀਂਸ਼ ਫਿਰ ਇਹਦਾ ਰੰਗ ਕਿਉਂ ਵੱਖਰਾ ਏਸ਼ ਹਰ ਸ਼ੈਅ ਇਸੇ ਰੰਗ ਦੀ ਜਾਪਦੀ ਏਸ਼ ਹੌਲੀ ਹੌਲੀ ਉਹਦੀਆਂ ਅੱਖਾ ਨੇ ਜਵਾਬ ਦੇਣਾ ਸ਼ੁਰੂ ਕਰ ਦਿੱਤਾ। ਪਲਕਾ ਭਾਰੀਆਂ ਹੋਣ ਲੱਗ ਪਈਆਂਸ਼ ਜਿਵੇਂ ਦੇਗਾਂ ਨੋਂ ਇਨ੍ਹਾਂ ਪਲਕਾਂ ਤੇ ਹੀ ਚੁਕ ਕੇ ਘਰ ਤੱਕ ਲਿਆਈ ਹੋਵੇ, ਤੇ ਹੁਣ ਉਨ੍ਹਾਂ ਵਿਚ ਆਪਣੇ ਆਪ ਨੂੰ ਚੁੱਕਣ ਦੀ ਵੀ ਹਿੰਮਤ ਨਹੀਂ ਰਹੀਸ਼ ਲੱਤਾਂ ਦੀਆਂ ਖੁਸਦੀਆਂ ਹੋਈਆਂ ਪਿੰਨੀਆਂ ਤੇ ਥੱਕੇ ਹੋਏ ਮੂਹਰੀਆਂ ਨੇ ਵੀ ਵੱਧ ਰਹੀ ਨੀਂਦਰ ਨੂੰ ਹੌਲੀ ਹੌਲੀ ਹਲਾ ਸ਼ੇਰੀ ਦੇਣੀ ਸ਼ੁਰੂ ਕਰ ਦਿੱਤੀਸ਼ ਸਾਰੇ ਦਿਨ ਦੀਆਂ ਵਾਜਾਂ ਉਹਦੇ ਕੰਨਾਂ ਦੀ ਸ਼ਾਂ ਸ਼ਾਂ ਨਾਲ ਰਲਣ ਲੱਗ ਪਈਆਂ ਚਮਚਿਆਂ ਤੇ ਪਲੀਟਾਂ ਦੀ ਗੂੰਜ ਬਿਦ ਵੰਡਣ ਵਾਲੇ ਦੀ ਵਾਜ ਪਿੱਛੇ ਹੋ ਪਹਿਲੇ ਪ੍ਰਾਹੁਣੇ ਤੇਸ਼ ਪਿੱਕਅਪ ਵਿਚ ਆਪਸ ਵਿਚ ਵੱਜਦੀਆਂ ਦੇਗਾਂ ਦੀ ਵਾਜ ਵੱਡੀ ਬੀਬੀ ਦੀ ਵਾਜਸ਼ ਰੱਜੋ ! ਇਹਨੂੰ ਫੜੀਂ ਜ਼ਰਾ ਆਪਣੇ ਅੰਦਰ ਗੂੰਜ ਰਹੀ ਗਿਣਤੀ ਦੀ ਵਾਜ । ਯਾਰਾਂ ਬਾਰਾਂ ਤੀਰਾਂ ਤੇ ਫਿਰ ਬੇਗਮ ਸਾਹਿਬਾ ਦੀ ਦੂਰੋਂ ਆਂਦੀ ਹੋਈ ਵਾਜਸ਼ ਰਜੀਏ ਨੀ ਰਜੀਏ।



# ਡਰਾਕਲ/ਤਾਹਿਰ ਸੰਧੂ

ਲਹੂ ਚਾਹੀਦਾ ਏ ਲਹੂ, ਬੱਸ ਲਹੂ ॥॥। ਸਾਡਾ ਰਿਸ਼ਤਾ ਬੱਸ ਲਹੂ ਨਾਲ ਏ, ਜਿਨਾ ਚੋਖਾ ਲਹੂ ਕੱਠਾ ਕਰੋਗੇ ਓਨਾ ਹੀ ਦਿਲਾਂ ਨੂੰ ਸਕੂਨ ਮਿਲੇਗਾ, ਸਾਡਾ ਤਾਅਲੁੱਕ ਵਾਸਤਾ ਸਿਰਫ਼ ਰੱਤੇ ਰੰਗ ਨਾਲ ਏ ਤੇ ਸਾਡੀ ਹਯਾਤੀ ਲਹੂ ਨਾਲ ਜੁੜੀ ਹੋਈ ਏ । ਲੋਕਾਂ ਦੀਆਂ ਰਗਾਂ ਵਿਚ ਨੱਸਣ ਵਾਲਾ ਲਹੂ ਉਨ੍ਹਾਂ ਨੂੰ ਜ਼ਿੰਦਾ ਰੱਖਦਾ ਏ ਪਰ ਸਾਡੀ ਹਯਾਤੀ ਉਸੇ ਲਹੂ ਨੂੰ ਰਗਾਂ ਵਿੱਚੋਂ ਬਾਹਰ ਕੱਢਣ ਮਗਰੋਂ ਹੀ ਬਚ ਸਕਦੀ ਏ । ਬਿਗਾਨਿਆਂ ਤੇ ਆਪਣਿਆਂ ਦਾ, ਜਵਾਨਾਂ ਦੇ ਦਿਲਾਂ ਤੇ ਜੁੱਸਿਆਂ ਵਿਚ ਜੋਸ਼ ਮਾਰਦਾ ਹੋਇਆ, ਬੁੱਢੇ ਕਮਜ਼ੋਰ ਜਿਸਮਾਂ ਵਿਚ ਸਸਤਾਈਆ ਹੋਇਆਂ ਤੇ ਬਾਲਾਂ ਦੀਆਂ ਨਾੜਾਂ ਵਿੱਚ ਚਸ਼ਮੇ ਦੇ ਪਵਿੱਤਰ ਪਾਣੀ ਵਾਂਗ ਢਲਕਾਂ ਮਾਰਦਾ ਹੋਇਆ ॥॥। । ਹਰ ਕਿਸਮ ਦਾ ਗੰਦਾ ਭਾਵੇਂ ਚੰਗਾ ॥॥। ਬਸ ਲਹੂ ॥॥।"

ਇਨਸਾਨਾਂ ਵਰਗੀ ਇਕ ਮਖ਼ਲੂਕ ਆਪਣੇ ਸਰਦਾਰ ਅੱਗੇ ਸਿਰ ਨਿਵਾਈ ਉਹਦੀਆਂ ਗੱਲਾਂ ਸੁਣ ਰਹੀ ਏ । ਸਰਦਾਰ ਉਸ ਮਖ਼ਲੂਕ ਦੇ ਇਕ ਇਕ ਜਨੇ ਕੋਲ ਜਾ ਕੇ ਪਹਿਲੋਂ ਉਨ੍ਹਾਂ ਦੇ ਚਿਹਰਿਆਂ ਵੱਲ ਵੇਖਦਾ ਏ ਤੇ ਫਿਰ ਹਰ ਕਿਸੇ ਦਾ ਦਿਲ ਸੁੰਘਦਾ ਏ, ਇਕ ਜਨੇ ਦੇ ਦਿਲ ਉੱਤੇ ਹੱਥ ਰੱਖ ਕੇ ਬੋਲਦਾ ਏ ।

"ਤੁਸੀ ਵੀ ਆਪਣੀਆਂ ਦਿਲਾਂ ਵਿੱਚੋਂ ਅਜਿਹੇ ਖ਼ੂਨ ਨੂੰ ਕੱਢ ਦਿਓ ਤਾਂ ਜੇ ਦੂਜਿਆਂ ਦਾ ਖ਼ੂਨ ਵੇਖ ਕੇ ਤੁਹਾਡੇ ਦਿਲਾਂ ਉੱਤੇ ਘਬਰਾਹਟ ਨਾ ਪੇ ਜਾਂਏ ", ਫਿਰ ਕੁਝ ਨੂੰ ਨਿਖੇੜ ਕੇ ਪਰਾਂਹ ਖਲ੍ਹਾਰ ਕੇ ਸਾਰਿਆਂ ਦੇ ਸਾਹਮਣੇ ਉਨ੍ਹਾਂ ਦੇ ਸੀਨੇ ਚਿਰ ਦਿੰਦਾ ਏ, ਦਿਲ ਬਾਹਰ ਕੱਢ ਕੇ ਇਕ ਇਕ ਦਿਲ ਨੂੰ ਵਾਰੋ ਵਾਰੀ ਹੱਥ ਵਿਚ ਫੜ ਕੇ ਤੇਜ਼ ਧਾਰੀ ਛੁਰੀ ਨਾਲ ਪੱਛ ਲਾਂਦਾ ਏ । ਤੇ ਕੋਲ ਪਈ ਵੱਡੀ ਸਾਰੀ ਡਰਮੀ ਵਿਚ ਲਹੂ ਨਿਚੋੜ ਦਿੰਦਾ ਏ ॥। ਫਿਰ ਚਾਕ ਹੋਏ ਸੀਨਿਆਂ ਵਿਚ ਦਿਲ ਦੀ ਥਾਂ ਪਿਘਲਿਆ ਹੋਇਆ ਸਿੱਕਾ ਪਾ ਦਿੰਦਾ ਏ । ਨੁਚੜੇ ਹੋਏ ਦਿਲਾਂ ਨੂੰ ਇਕ ਅਜਿਹੀ ਮਖ਼ਲੂਕ, ਜਿਹਨਾਂ ਦੇ ਧੜ ਇਨਸਾਨਾਂ ਤੇ ਮੂੰਹ ਬਘਿਆੜਾਂ ਵਰਗੇ ਨੇਂ ਅੱਗੇ ਸੁਟ ਦਿੰਦਾ ਏ । ਉਹ ਇੰਜ ਚਕ ਮਾਰ ਮਾਰ ਖਾਂਦੇ ਨੇਂ ਜਿਵੇਂ ਸਦੀਆਂ ਤੋਂ ਇਨਸਾਨੀ ਗੋਸ਼ਤ ਦੇ ਭੁੱਖੇ ਤੇ ਖ਼ੂਨ ਦੇ ਤ੍ਰਿਹਾਏ ਹੋਣ । ਲਹੂ ਦੀ ਭਰੀ ਬਾਲਟੀ ਵਿੱਚੋਂ ਸਰਦਾਰ ਬੁੱਕ ਭਰ ਕੇ ਆਪਣੇ ਮੂੰਹ ਨਾਲ ਲਾਂਦਾ ਏ ਤੇ ਬਾਕੀ ਵੀ ਗੋੜ੍ਹੇ ਰੁੱਤੇ ਰੰਗ ਦੇ ਘੁੱਟ ਭਰ ਦੇ ਨੇਂ । ਸਭਨਾਂ ਦੇ ਚਿਹਰਿਆਂ ਉੱਤੇ ਇਕ ਗ਼ਜ਼ਬਨਾਕ ਜਿਹੀ ਤਾਜ਼ਗੀ ਤੇ ਹਾਸਾ ਖਿੱਲਰ ਜਾਂਦਾ ਏ।

ਮੈਂ ਇਹ ਮੰਜ਼ਰ ਵੇਖ ਕੇ ਘਾਬਰ ਗਿਆ ਹਾਂ ॥॥। ਡਰ ਤੇ ਖ਼ੌਫ਼ ਨੇ ਮੇਰੇ ਵਸਾਹ ਨਪੀੜ ਲਏ ਨੇਂ ॥॥। ਦਿਲ ਏਨੀ ਤੇਜ਼ੀ ਨਾਲ ਧੜਕਣ ਲਗਦਾ ਏ ਜਿਵੇਂ ਹੁਣੇ ਈ ਪਸਲੀਆਂ ਦੇ ਪਿੰਜਰੇ ਨੂੰ ਤਰੋੜ ਕੇ ਬਾਹਰ ਨਿਕਲ ਆਵੇਗਾ ॥॥ਜੀਭ ਦੰਦਾਂ ਥੱਲੇ ਦੱਬ ਕੇ ਬੁੱਲ੍ਹ ਬੀੜ ਲਏ ਨੇਂ ॥॥। ਚੁਪ ਚਾਪ ਉਸ ਮਖ਼ਲੂਕ ਨੂੰ ਵੇਖ ਰਿਹਾ ਵਾਂ। ਪਰ ਦਿਲ ਦੇ ਧੜਕਣ ਦੀ ਅਵਾਜ਼ ਦਾ ਡਰ ਹੈ ਕਿ ਕਿੱਧਰੇ ਉਹ ਸਰਦਾਰ ਸੁਣ ਨਾ ਲਵੇ। ਦਿਲ ਤੇ ਹੱਥ ਰੱਖ ਕੇ ਕੰਧ ਨਾਲ ਟੇਕ ਲਾ ਕੇ ਬਹਿ ਗਿਆ ਹਾਂ। ਲੱਤਾਂ ਚੋਂ ਜਾਨ ਨਿਕਲ ਗਈ ਹੈ ਤੇ ਕਿਸੇ ਬਣੇ ਮੈਥੋਂ ਨੱਸਿਆ ਨਹੀਂ ਜਾ ਰਿਹਾ ।

"ਹੁਣ ਤੁਸੀ ਜਾ ਸਕਦੇ ਓ ॥॥ਪਰ ਜਾਣ ਤੋਂ ਪਹਿਲਾਂ ਇਕ ਵਾਰੀ ਫਿਰ ਸੁਣ ਲੌ ॥॥। । ਲਹੂ ॥॥। । ਬੱਸ ਲਹੂ ॥॥। । ਲਹੂ ਤੋਂ ਅੱਡ ਹੋਰ ਕੁਝ ਵੀ ਨਹੀਂ ।" ਸਰਦਾਰ ਦੇ ਇਸ ਹੁਕਮ ਉੱਤੇ ਸੱਭ ਇਕ ਜ਼ਬਾਨ ਹੋ ਕੇ ਨਾਅਰਾ ਜਿਹਾ ਮਾਰ ਕੇ ਇੱਧਰ ਉੱਧਰ ਖਿੱਲਰ ਜਾਂਦੇ ਨੇਂ ।

ਮੇਰੇ ਹਰ ਪਾਸੇ ਲਹੂ ਖਿਲਰਿਆ ਹੋਇਆ ਹੈ । ਫ਼ਰਸ਼ ਉੱਤੇ, ਕੰਧਾਂ ਨਾਲ, ਛੱਤ ਨਾਲ ॥॥। ਕੰਧ ਨਾਲ ਲੱਗੀ ਘੜੀ ਤੇ ਬਲਬਾਂ ਵਿਚੋਂ ਰੱਤ ਚੋ ਰਹੀ ਹੈ ਜੋ ਮੇਰੇ ਦਿਮਾਗ਼ ਤੇ ਅੱਖਾਂ ਵਿਚ ਜੰਮਦੀ ਜਾ ਰਹੀ ਹੈ ॥॥। ਡਰ ਤੇ ਖ਼ੌਫ਼ ਮੇਰੇ ਸੀਨੇ ਉੱਤੇ ਬਹਿ ਗਿਆ ਹੈ ਤੇ ਸੰਘ ਵਿਚ ਇਕ ਚਿਕ ਖੁੱਬ ਗਈ

ਹੈ ।

ਰਾਤੀਂ ਆਏ ਇਸ ਡਰਾਉਣੇ ਖ਼ਾਬ ਦੇ ਡਰੀਵੇਂ ਵਿੱਚੋਂ ਅਜੇ ਬਾਹਰ ਨਹੀਂ ਸਾਂ ਨਿਕਲਿਆ ਕਿ ਰਾਸ਼ਨ ਦੀ ਲਿਸਟ ਮੇਰੇ ਹੱਥ ਫੜਾ ਦਿਤੀ ਗਈ । ਜੋ ਪੜ੍ਹੀਉਂ ਬਿਨਾ ਹੀ ਜੇਬ ਵਿਚ ਪਾ ਲਈ, ਜਦੋਂ ਸਟੋਰ ਉੱਤੇ ਜਾ ਕੇ ਪੜ੍ਹੀ ਤੇ ਵਿੱਚ ਮੁਰਗ਼ੀ ਦਾ ਗੋਸ਼ਤ ਵੀ ਲਿਖਿਆ ਹੋਇਆ ਸੀ । ਇਹ ਕੀ ਜਦੋਂ ਉਸ ਨੂੰ ਪਤਾ ਵੀ ਹੈ ਮੈਂ ਕਦੀ ਬਚਪਨ ਤੋਂ ਹੁਣ ਤੀਕਰ ਕੋਈ ਗੋਸ਼ਤ ਨਹੀਂ ਲਿਆਂਦਾ ਫਿਰ ਅੱਜ ਕਿਉਂ ਉਹਨੇ ਲਿਖ ਦਿੱਤਾ ॥॥। ਸਾਰੀਆਂ ਸ਼ੈਵਾਂ ਲੈਣ ਮਗਰੋਂ ਸੋਚਿਆ ਜ਼ਰੂਰੀ ਤੇ ਇਹ ਵੀ ਹੈ ॥॥। ਦਿਲ ਡਾਢ੍ਹਾ ਕਰ ਕੇ ਗੋਸ਼ਤ ਵਾਲੇ ਕੋਲ ਅਪੜਿਆ, ਉਹਦੇ ਹੱਥ ਵਿਚ ਬੁਗ਼ਦਾ ਛੁਰਾ ਵੇਖ ਕੇ ਦਿਲ ਕੰਬ ਗਿਆ, ਫੱਟੇ ਉੱਤੇ ਮੁਰਗ਼ੀ ਦਾ ਗੋਸ਼ਤ ਟੁਕੜੇ ਟੁਕੜੇ ਪਿਆ ਹੋਇਆ ਸੀ । ਇਕ ਬਰਾਇਲਰ ਮੁਰਗ਼ੀ ਦੀ ਕਸਾਈ ਆਪਣੇ ਹੱਥਾਂ ਨਾਲ ਖਿੱਚ ਕੇ ਖੱਲ ਲਾਹੁੰਦਾ ਪਿਆ ਸੀ, ਜਿਹਦੇ ਚਿੱਟੇ ਖੰਭ ਰੱਤ ਨਾਲ ਲਾਲ ਸੂਹੇ ਹੋ ਗਏ ਸਨ । ਦੋ ਕਿਲੋ ਗੋਸ਼ਤ ਦਾ ਆਖ ਕੇ ਫੱਟੇ ਤੋਂ ਥੋੜਾ ਦੁਰਾਡੇ ਖਲੋ ਗਿਆ ।

ਨਿੱਕੇ ਹੁੰਦਿਆਂ ਤੋਂ ਮੈਂ ਆਪਣੇ ਘੱਰ ਵਿਚ ਵੀ ਕੁੱਕੜ ਕੁਕੜੀ ਹਿਲਾਲ ਹੁੰਦਾ ਨਹੀਂ ਸੀ ਵੇਖਦਾ । ਦੂਰ ਜਾ ਕੇ ਖਲੋ ਜਾਂਦਾ ਸਾਂ । ਖ਼ੂਨ ਨਿਕਲਦਾ ਵੇਖਣ ਦੀ ਜੁਰੱਤ ਨਹੀਂ ਸੀ ਪੈਂਦੀ ਤੇ ਹਰ ਸਾਲ ਜਦੋਂ ਘੱਰ ਵਿਚ ਵੱਡੀ ਈਦ ਉੱਤੇ ਕੁਰਬਾਨੀ ਦੇ ਜਾਨਵਰ ਦੇ ਗਾਟੇ ਉੱਤੇ ਵੱਡੀ ਸਾਰੀ ਤੇਜ਼ ਧਾਰੀ ਛੁਰੀ ਚੱਲਦੀ ਤੇ ਮੈਂ ਅੰਦਰ ਵੜ ਜਾਂਦਾ । ਬੇਰੀ ਮੁੱਢ ਛੋਟੇ ਜਿਹੇ ਟੋਏ ਵਿਚ ਲਹੂ ਪੂਰ ਦਿਤਾ ਜਾਂਦਾ, ਕੁਝ ਖ਼ੂਨ ਦੀ ਧਾਰ ਇੱਧਰ ਉੱਧਰ ਵੀ ਜਾ ਡਿੱਗਦੀ, ਬੇਰੀ ਦੇ ਮੁੱਢ ਨਾਲ ਕਿੰਨੇ ਦਿਨ ਖ਼ੂਨ ਜੰਮਿਆ ਰਹਿੰਦਾ ਤੇ ਜਦ ਕਦੀ ਮੇਰੀ ਨਜ਼ਰ ਨਾ ਚਾਹੁੰਦਿਆਂ ਹੋਇਆਂ ਵੀ ਉਹਦੇ ਉਤੇ ਪਏ ਜਾਂਦੀ ਤੇ ਜਿਵੇਂ ਲਹੂ ਦੀਆਂ ਨਹਿਰਾਂ ਵੇਖ ਕੇ ਤ੍ਰਭਕ ਜਾਂਦਾ । ਲਹੂ ਮੇਰੀਆਂ ਅੱਖਾਂ ਤੇ ਦਿਮਾਗ਼ ਅਤੇ ਇੰਜ ਜਮ ਜਾਂਦਾ ਜਿਵੇਂ ਬੇਰੀ ਮੁੱਢ ਜੰਮਿਆ ਗੂੜ੍ਹਾ ਰਤਾ ਲਹੂ ਕਈ ਕਈ ਦਿਨ ਚਰੀਪੜੀਆਂ ਬਣਿਆ ਰਹਿੰਦਾ, ਮੇਰੀ ਮਾਂ ਕੁਰਬਾਨੀ ਦੀ ਇਸ ਰੱਤ ਨੂੰ ਧੋਣ ਨਾ ਦਿੰਦੀ ਤੇ ਆਖਦੀ:

"ਕੁਰਬਾਨੀ ਦਾ ਪਾਕ ਖ਼ੂਨ ਹੈ, ਇਹਨੂੰ ਗੰਦੀਆਂ ਵਿਹਨੀਆਂ ਵਿਚ ਨਹੀਂ ਰਲਣਾ ਚਾਹੀਦਾ, ਬੇਰੀ ਮੁੱਢ ਹੀ ਪੂਰ ਦਿਓ, ਇਹਦੇ ਨਾਲ ਬੇਰੀ ਫੱਲ ਵੀ ਚੰਗਾ ਚੁੱਕੇਗੀ"

ਬੇਰੀ ਮੁੱਢ ਉਹਨੀਂ ਦਿਨੀਂ ਘੱਟ ਈ ਜਾਂਦਾ ਕਰਦਾ ਤੇ ਜਦੋਂ ਉਹਦੇ ਉੱਤੇ ਫੱਲ ਪੱਕ ਜਾਂਦਾ ਉਹਨੂੰ ਸੱਭ ਘੱਰ ਵਾਲੇ ਤੇ ਆਂਢ ਗੁਆਂਢ ਦੇ ਬਾਲ ਖਾਂਦੇ ਪਰ ਮੈਂ ਨਾ ਖਾਂਦਾ ਮੇਰੇ ਲਈ ਤੇ ਮੋਹਰਾ ਹੁੰਦੇ । ਜਦੋਂ ਬੇਰ ਪੱਕ ਕੇ ਲਾਲ ਸੂਹੇ ਹੋ ਜਾਂਦੇ ਤੇ ਮੈਨੂੰ ਉਹ ਲਹੂ ਵਿੱਚ ਡੁੱਬੇ ਲਗਦੇ ਯਾ ਫਿਰ ਉਨ੍ਹਾਂ ਵਿਚ ਰੱਤ ਭਰੀ ਜਾਪਦੀ, ਇਸ ਕਰ ਕੇ ਉਨ੍ਹਾਂ ਵੱਲ ਵੇਖਦਾ ਵੀ ਨਾ ਤੇ ਮੇਰੇ ਉਸ ਡਰੀਵੇਂ ਦੀ ਕਿਸੇ ਨੂੰ ਪ੍ਰਵਾਹ ਤੱਕ ਨਾ ਹੁੰਦੀ ਜੋ ਮੈਨੂੰ ਅਪਣੀ ਬੁੱਕਲ ਵਿਚ ਲੈ ਚੁੱਕਿਆ ਸੀ । ਮੈਂ ਚੌਥੀ ਜਮਾਤ ਵਿੱਚ ਸਾਂ, ਇਕ ਦਿਨ ਛੁੱਟੀ ਹੋਣ ਮਗਰੋਂ ਬਸਤਾ ਫੜ ਕੇ ਘੱਰ ਵੱਲ ਜਾ ਰਿਹਾ ਸਾਂ । ਪਿੰਡ ਦੇ ਚੋਕ ਵਿਚ ਕੁਝ ਬੰਦੇ ਜਿਹਨਾਂ ਨੂੰ ਮੈਂ ਥੋੜਾ ਬਹੁਤ ਜਾਂਦਾ ਸਾਂ ਹੱਥਾਂ ਵਿਚ ਬੰਦੂਕਾਂ, ਟੋਕੇ, ਡੰਡੇ ਸੋੱਟੇ ਤੇ ਕੁਹਾੜੀਆਂ ਲੈ ਕੇ ਇਕ ਘੱਰ ਵੜੇ, ਉਸ ਘੱਰ ਦੇ ਜੀ ਜੀ ਨੂੰ, ਜ਼ਨਾਨੀਆਂ, ਬੰਦਿਆਂ, ਬਾਲਾਂ ਤੇ ਬੁੱਢਿਆਂ ਨੂੰ ਧਰੀਕਦੇ ਹੋਏ ਬਾਹਰ ਲੈ ਆਏ, ਚੋਕ ਵਿਚਕਾਰ ਲਿਆ ਕੇ ਤਿੰਨ ਜਵਾਨ ਮਰਦਾਂ ਦੇ ਸੀਨੇ ਵਿੱਚ ਗੋਲੀਆਂ ਮਾਰੀਆਂ, ਕੁਹਾੜੀਆਂ ਤੇ ਟੱਕੀਆਂ ਦੇ ਵਾਰ ਕਰਦੇ ਰਹੇ, ਇਨ੍ਹਾਂ ਵਾਰਾਂ ਨਾਲ ਉਨ੍ਹਾਂ ਦੇ ਜੁੱਸੇ ਟੋਟੇ ਟੋਟੇ ਕਰ ਦਿੱਤੇ ਤੇ ਲਲਕਾਰਦੇ ਹੋਏ ਉਥੋਂ ਟੁਰ ਗਏ । ਚੋਕ ਵਿਚ ਹਰ ਪਾਸੇ ਖ਼ੂਨ ਹੀ ਖ਼ੂਨ ਖਿਲਰ ਗਿਆ । ਕੰਧਾਂ ਨਾਲ ਖ਼ੂਨ ਦੀਆਂ ਛਿੱਟਾਂ, ਥਾਂ ਥਾਂ ਇਨਸਾਨੀ ਜੁੱਸੇ ਬੋਟੀ ਬੋਟੀ, ਕੀਮਾ ਕੀਮਾ, ਕੁਝ ਤੜਫ਼ਦੇ ਕੁਝ ਠੰਢੇ ॥॥। ਲੋਕ ਚੁਪ ਚਾਪ ਲਹੂ ਨਿਕਲਦਾ ਵੇਖਦੇ ਰਹੇ । ਉਨ੍ਹਾਂ ਮੂੰਹੋਂ ਗਲ ਤਕ ਨਾ ਕੀਤੀ ਤੇ ਕਿਰਮੋਂ ਕਿਰਮੀ ਆਪਣੇ ਆਪਣੇ ਘਰਾਂ ਵਿੱਚ ਵੜ ਗਏ । ਮੈਂ ਉਥੇ ਖਲੋਤਾ ਖਲੋਤਾ ਸਹਿਮ ਗਿਆ । ਮੇਰੇ ਵਸਾਹ ਉੱਤੇ ਵਾਲਾ ਉੱਤੇ ਤੇ ਥੱਲੇ ਵਾਲਾ ਥੱਲੇ ॥॥। ਔਰਤਾਂ ਦੇ ਵੈਣ ਤੇ ਕੁਰਲਾਟ ਮੇਰੇ ਕੰਨਾਂ ਵਿਚ



ਵੱਜ ਰਹੀ ਸੀ, ਬਾਲਾਂ ਨੂੰ ਵਿਲਕਦੀਆਂ ਵੇਖਦਾ ਰਿਹਾ, ਵਡੇਰਿਆਂ ਦੇ ਉੜੇ ਹੋਏ ਲੱਕ ਹੋਰ ਵੀ ਦੋਹਰੇ ਹੁੰਦੇ ਅਪਣੀ ਅੱਖੀਂ ਵੇਖੇ । ਉਨ੍ਹਾਂ ਦੀ ਮਦਦ ਕਰਨ ਕੋਈ ਵੀ ਨਾ ਆਇਆ । ਮੇਰਾ ਬਸਤਾ ਮੇਰੇ ਮੋਢੇ ਉੱਤੇ ਮਣਾਂ ਮੂੰਹੀ ਭਾਰਾ ਹੋ ਗਿਆ । ਡਰ ਤੇ ਸਹਿਮ ਦੀ ਕਿਸੇ ਡੂੰਘੀ ਖਾਈ ਵਿਚ ਜਾ ਡਿੱਗਾ। ਅਜੇ ਮੇਰੇ ਮੂੰਹ ਵਿੱਚੋਂ ਚੀਕ ਨਿਕਲ ਈ ਰਹੀ ਸੀ ਕਿ ਮੇਰੇ ਮੂੰਹ ਤੇ ਅੱਖਾਂ ਉੱਤੇ ਪਿਛੋਂ ਦੀ ਕਿਸੇ ਹੱਥ ਰੱਖ ਦਿਤਾ ਤੇ ਘੱਰ ਲੈ ਆਂਦਾ । ਚੀਕ ਸੰਘ ਵਿਚ ਖੁੱਭੀ ਹੋਈ ਤੇ ਰੱਤ ਮੇਰੀਆਂ ਅੱਖਾਂ ਤੇ ਦਿਮਾਗ਼ ਉੱਤੇ ਜੰਮੀ ਗਈ ॥। ਉਸ ਤੋਂ ਮਗਰੋਂ ਲਾਲ ਰੰਗ ਵੇਖਦਾ ਤੇ ਮੇਰੇ ਦਿਮਾਗ਼ ਤੇ ਅੱਖਾਂ ਵਿੱਚ ਜੰਮਿਆ ਖ਼ੂਨ ਮੇਰੇ ਸਾਰੇ ਚਿੱਤ ਉਚਿਤ ਉੱਤੇ ਇੰਜ ਖਿਲਰ ਜਾਂਦਾ ਜਿਵੇਂ ਲਾਲ ਹਨੇਰੀ ਜ਼ਮੀਨ ਤੇ ਅਸਮਾਨ ਉੱਤੇ ਫੈਲ ਜਾਂਦੀ ਏ । ਕਈਆਂ ਵਰ੍ਹਿਆਂ ਬਾਅਦ ਵੀ ਮੈਂ ਉਸ ਸਹਿਮ ਤੇ ਖ਼ੌਫ਼ ਦੇ ਕਲਾਵੇ ਵਿੱਚੋਂ ਆਪਣੇ ਆਪ ਨੂੰ ਆਜ਼ਾਦ ਨਾ ਕਰ ਸਕਿਆ ॥॥। ॥॥।

ਕਸਾਈ ਦੇ ਫੱਟੇ ਨਾਲ ਸੱਜੇ ਹੱਥ ਪਲਾਸਟਿਕ ਦੀ ਨੀਲੇ ਰੰਗ ਦੀ ਵੱਡੀ ਸਾਰੀ ਡਰਮੀ ਖ਼ੂਨ ਨਾਲ ਲਿਬੜੀ ਪਈ ਸੀ । ਜਿਹਦੇ ਕੰਢਿਆਂ ਉੱਤੇ ਰੱਤ ਦੀਆਂ ਤੈਹਵਾਂ ਇੰਜ ਜੰਮਿਆਂ ਹੋਈਆਂ ਸਨ ਜਿਵੇਂ ਸੜਕ ਉੱਤੇ ਲੁਕ ॥॥। ਕਸਾਈ ਨੇ ਕਦੀ ਡਰਮੀ ਨਹੀਂ ਧੋਤੀ ਹੋਣੀ, ਹਜ਼ਾਰਾਂ ਮੁਰਗ਼ਿਆਂ ਦੀ ਰੱਤ ਉਸ ਡਰਮੀ ਨਾਲ ਜੰਮੀ ਹੋਈ ਲੱਗ ਰਹੀ ਸੀ ਜਿਹਨੂੰ ਉਸ ਕਦੀ ਧੋਣ ਦੀ ਜ਼ਰੂਰਤ ਮਹਿਸੂਸ ਨਾ ਕੀਤੀ ॥॥। ਜਿਵੇਂ ਕਿ ਕਈ ਸਰਕਾਰੀ ਹਸਪਤਾਲਾਂ ਵਿਚ ਸ਼ੁਅਬਾ ਹਾਦਸਾਤ ਤੇ ਪੋਸਟ ਮਾਰਟਮ ਹਾਊਸ ਵਿਚ ਕਿੰਨੀਆਂ ਥਾਵਾਂ ਤੇ ਸ਼ੈਵਾਂ ਨਾਲ (ਬੈੱਡ, ਸਟਰੈਚਰ, ਫ਼ਰਸ਼, ਕੰਧਾਂ ਨਾਲ) ਉੱਤੇ ਬੰਦਿਆਂ ਦਾ ਖ਼ੂਨ ਜੰਮਿਆ ਹੁੰਦਾ ਏ । ਉਥੇ ਦੇ ਮੁਲਾਜ਼ਮ ਤੇ ਡਾਕਟਰ ਵੀ ਕਸਾਈਆਂ ਵਾਂਗ ਉਸ ਜਮੇ ਹੋਏ ਇਨਸਾਨੀ ਖ਼ੂਨ ਨੂੰ ਸਾਫ਼ ਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਕਰ ਦੇ। ਉਥੇ ਤੇ ਇੱਥੇ ਕਸਾਈ ਦੀ ਦੁਕਾਨ ਦਾ ਏਨਾ ਫ਼ਰਕ ਨਾ ਜਾਪਿਆ, ਅਜ਼ਾਰਾਂ ਦਾ ਵੀ ਚੋਖਾ ਫ਼ਰਕ ਨਹੀਂ ਹੋਣਾ, ਚੀਰ ਫਾੜ ਤੇ ਡੈਡ ਬਾਡੀ ਨਾਲ ਹੋਏ ਸਲੂਕ ਤੋਂ ਪਤਾ ਲਗਦਾ ਏ ਕਿ ਇਹ ਵੀ ਕਿਸੇ ਕਸਾਈ ਦਾ ਕੰਮ ਏ । ਇਕ ਵਾਰੀ ਹਸਪਤਾਲ ਅਜਿਹੀ ਥਾਂ ਤੇ ਜਾਣਾ ਪਏ ਗਿਆ, ਬੜਾ ਖਨਜਾਈਆ ਪਰ ਇਕ ਦੋਸਤ ਦਾ ਦੁਖਾਂਤ ਵੇਖ ਕੇ ਇਨਕਾਰੀ ਨਾ ਹੋਇਆ ਗਿਆ, ਦੋਸਤ ਨੇ ਆਪਣੇ ਕਤਲ ਹੋਏ ਭਰਾ ਦੀ ਲਾਸ਼ ਵਸੂਲ ਕਰਨੀ ਸੀ, ਉਹਦੇ ਕਿਸੇ ਰਿਸ਼ਤੇ ਦਾਰ ਤੇ ਮੁਹੱਲੇ ਦਾਰ ਨੇ ਨਾਲ ਜਾਣ ਦੀ ਹਾਮੀ ਨਾ ਭਰੀ ਖ਼ੋਰੇ ਪੋਸਟ ਮਾਰਟਮ ਮਗਰੋਂ ਲਾਸ਼ ਦੀ ਵਸੂਲੀ ਦੇ ਕਾਗ਼ਜ਼ਾਂ ਉੱਤੇ ਪੈਣ ਵਾਲੀ ਗਵਾਹੀ ਤੋਂ ਡਰਦੇ ਸਨ ॥॥। ਗੱਲ ਵੀ ਤੇ ਠੀਕ ਹੈ ਕਾਤਲ ਪਾਰਟੀ ਦੇ ਬੰਦੇ ਖ਼ਤਰਨਾਕ ਤੇ ਡਾਢੇ ਸਨ ਉਨ੍ਹਾਂ ਦੇ ਖ਼ਿਲਾਫ਼ ਗਵਾਹੀ ਦੇਣਾ ਸੌਖਾ ਕੰਮ ਨਹੀਂ ਸੀ ਉੱਤੋਂ ਅਦਾਲਤਾਂ ਦੀਆਂ ਆਏ ਦਿਨ ਪੇਸ਼ੀਆਂ ਭੁਗਤਣਾ ॥॥। ਕਿਸ ਦਾ ਫ਼ੈਸਲਾ ਹੁੰਦਿਆਂ ਹੁੰਦਿਆਂ ਵੀ ਤੇ ਇੱਥੇ ਘੱਟੋ ਘੱਟ ਚਾਰ ਪੰਜ ਸਾਲ ਲੱਗ ਜਾਂਦੇ ਨੇਂ ॥॥।

ਖ਼ੈਰ ਉਥੇ ਕਸਾਈ ਦੀ ਦੁਕਾਨ ਤੇ ਖਲੋਤੀਆਂ ਅਜੀਬ ਜਿਹੀ ਬਦਬੂ ਮੇਰੇ ਨੱਕ ਥਾਣੀ ਦਿਮਾਗ਼ ਵਿੱਚ ਘੁਸ ਰਹੀ ਸੀ, ਦਿਲ ਤੇ ਘਬਰਾਹਟ ਜਿਹੀ ਸ਼ੁਰੂ ਹੋਣ ਲੱਗ ਪਈ, ਨਾ ਚਾਹੁੰਦਿਆਂ ਹੋਇਆਂ ਵੀ ਕਸਾਈ ਦੇ ਹੱਥੋਂ ਬਰਾਇਲਰ ਕੁਕੜੀ ਦੀ ਧੌਣ ਚੀਰਨ ਮਗਰੋਂ ਡਰਮੀ ਵਿਚ ਡਿੱਗਦੀ ਵੇਖ ਲਈ ॥॥। ਇਕ ਦੱਮ ਡਰਮੀ ਹਿੱਲਣ ਲੱਗ ਪਈ । ਉਹਦੇ ਵਿਚ ਜਿਵੇਂ ਭੁਚਾਲ ਆ ਗਿਆ ਹੋਵੇ, ਉਹਦੇ ਫੜਕਣ ਦੀ ਅਵਾਜ਼ ॥॥। ਖੜ ਖੜ ਖੜ ॥॥। ਕੜ ਕੜ ਕੜ ॥॥। ਮੇਰੇ ਕੰਨੀਂ ਪੈਂਦੀ ਰਹੀ। ਦੋ ਤਿੰਨ ਮਿੰਟਾਂ ਮਗਰੋਂ ਡਰਮੀ ਵਿਚ ਆਇਆ ਭੁਚਾਲ ਬੰਦ ਹੋ ਗਿਆ ਤੇ ਅਗਲੇ ਚਾਰ ਪੰਜ ਮਿੰਟਾਂ ਚ ਕਸਾਈ ਨੇ ਮੁਰਗ਼ੀ ਟੁਕੜੇ ਟੁਕੜੇ ਕਰ ਸ਼ਾਪਰ ਚ ਪਾ ਕੇ ਹੱਥ ਫੜਾ ਦਿੱਤੀ। ਏਨੇ ਚਿਰ ਵਿੱਚ ਘਬਰਾਹਟ ਦਿਲ ਤੋਂ ਦਿਮਾਗ਼ ਤੀਕਰ ਪੈਂਡਾ ਕਰ ਚੁਕੀ ਸੀ । ਹੱਥ ਕੰਬ ਰਹੇ ਸਨ, ਇੰਜ ਲੱਗ ਰਿਹਾ ਸੀ ਜਿਵੇਂ ਬਚਪਨ ਵਿੱਚ ਵੇਖੇ ਇਨਸਾਨੀ ਜੁੱਸਿਆਂ ਦੇ ਟੋਟੇ ਟੋਟੇ, ਬੂਟੀ ਬੂਟੀ ਇਕੱਠੇ ਕਰ ਕੇ ਮੇਰੇ ਹੱਥ ਫੜਾ

ਦਿਤੇ ਹੋਣ ।ਇਕ ਡਰ ਖ਼ੌਫ਼ ਅੱਜ ਫਿਰ ਮੇਰੇ ਸ਼ਊਰ ਲਾਸ਼ਾਓਰ ਉੱਤੇ ਬਹਿ ਰਿਹਾ ਸੀ ॥॥। ॥॥।ਗੋਸ਼ਤ ਵਾਲਾ ਸ਼ਾਪਰ ਫੜਿਆ ਤੇ ਕੁਝ ਹਿੰਮਤ ਕਰ ਕੇ ਉਥੋਂ ਬੜੀ ਮੁਸ਼ਕਿਲ ਘੱਰ ਅਪੜਿਆ ॥॥।ਘੱਰ ਵਾਲੀ ਨੂੰ ਵਾਹਵਾ ਨਾਰਾਜ਼ ਹੋ ਕੇ ਆਖਿਆ:

"ਅੱਜ ਤੋਂ ਮੇਰੇ ਨਾਲ ਚੰਗੀ ਨਹੀਂ ਕੀਤੀ, ਮੈਨੂੰ ਪਹਿਲਾਂ ਦਸ ਦਿੰਦੀ ਕਿਸੇ ਹੋਰ ਕੋਲੋਂ ਗੋਸ਼ਤ ਮੰਗਵਾ ਲੈਂਦਾ ।"

"ਤੁਸੀ ਆਪਣੇ ਇਸ ਡਰ ਨੂੰ ਖ਼ਤਮ ਕਿਉਂ ਨਹੀਂ ਕਰਦੇ ॥॥।ਅੱਜ ਕੋਸ਼ਿਸ਼ ਕੀਤੀ ਨਾ॥॥।ਕੀ ਕੁਝ ਵੀ ਨਹੀਂ ਹੋਇਆ ਇੰਜ ਈ ਡਰ ਮੁੱਕੇ ਗਾ ਨਾ ॥॥।"

ਤੈਨੂੰ ਲਗਦਾ ਏ ਕੁਝ ਵੀ ਨਹੀਂ ਹੋਇਆ ? ਕੀ ਇੰਜ ਮੇਰਾ ਡਰ ਮੁੱਕ ਜਾਏ ਗਾ ? ॥॥। ਮੇਰਾ ਦਿਮਾਗ਼ ਸੁਣ ਹੋ ਚੁੱਕਿਆ ਹੈ ਤੇ ਮੇਰੇ ਜੁੱਸੇ ਵਿਚ ਜਾਣ ਨਹੀਂ ਹੈ ॥॥।ਮੈਂ ਖ਼ੂਨ ਨਹੀਂ ਵੇਖ ਸਕਦਾ, ਲਾਲ ਰੰਗ ਤੋਂ ਮੈਨੂੰ ਨਫ਼ਰਤ ਹੈ ।ਆਪਣੇ ਦਿਮਾਗ਼ ਤੇ ਅੱਖਾਂ ਉੱਤੇ ਜਮੇ ਲਹੂ ਨੂੰ ਕਦੀ ਨਹੀਂ ਮੁਕਾ ਸਕਿਆ ਤੇ ਨਾ ਡਰ ਖ਼ੌਫ਼ ਮੁੱਕੇ ਗਾ ॥॥।"

"ਤੁਹਾਡੀਆਂ ਅੱਖਾਂ ਸੁਰਖ਼ ਕਿਉਂ ਨੇਂ ਏਨੀਆਂ" ਉਸ ਮੇਰੀ ਗੱਲ ਟੋਕ ਕੇ ਬੋਲੀ ।

ਮੈਂ ਵੀ ਸ਼ੀਸ਼ੇ ਵਿਚ ਅੱਖਾਂ ਵੇਖੀਆਂ, ਸੱਚ ਮੁੱਚ ਉਨ੍ਹਾਂ ਵਿਚ ਜਿਵੇਂ ਰੱਤ ਭਰੀ ਹੋਏ, ਸ਼ੀਸ਼ਾ ਵੇਖ ਕੇ ਮੈਂ ਆਪਣੇ ਆਪ ਹੋਰ ਡਰ ਤੇ ਖ਼ੌਫ਼ ਮਹਿਸੂਸ ਕਰਨ ਲੱਗ ਪਿਆ ।ਉਹਨੇ ਅਪਣਾ ਹੱਥ ਮੇਰੇ ਮੱਥੇ ਤੇ ਰੱਖ ਕੇ ਮੈਨੂੰ ਹੌਸਲਾ ਦੇਣ ਲੱਗੀ ।ਮੇਰੀ ਹਾਲਤ ਵੇਖ ਕੇ ਉਹ ਵੀ ਡਰੀ ਹੋਈ ਸੀ ।ਉਸ ਮੇਰੀ ਇਹ ਹਾਲਤ ਅੱਜ ਪਹਿਲੀ ਦਫ਼ਾ ਵੇਖੀ ਸੀ ।

"ਤੁਸੀ ਘਬਰਾਉ ਨਾ, ਮੈਂ ਹਾਂ ਨਾ ਤੁਹਾਡੇ ਨਾਲ ਤੁਹਾਡੇ ਕੋਲ ॥॥।"

"ਤੈਨੂੰ ਪਤਾ ਹੈ ਰਾਤੀਂ ਮੈਂ ਬਹੁਤ ਈ ਡਰਾਉਣਾ ਖ਼ਾਬ ਵੇਖਿਆ, ਉਹਦੇ ਡਰ ਤੋਂ ਅਜੇ ਬਾਹਰ ਨਹੀਂ ਸਾਂ ਨਿਕਲਿਆ ਕਿ ਇਸ ਅਜ਼ਾਬ ਵਿਚ ਪਏ ਗਿਆ ।ਉਸ ਨੂੰ ਅਜੇ ਖ਼ਾਬ ਸੁਣਾਨਾ ਸ਼ੁਰੂ ਕੀਤਾ ਈ ਸੀ ਕਿ ਇਕ ਜ਼ੋਰ ਦਾਰ ਧਮਾਕਾ ਹੋਇਆ ਜਿਵੇਂ ਭੁਚਾਲ ਆ ਗਿਆ ਹੋਵੇ, ਛੱਤ ਉੱਤੇ ਡਿੱਗਣ ਲੱਗੀ ਹੋਵੇ, ਬੂਹੇ ਬਾਰੀਆਂ ਤੜਾਕ ਕਰ ਕੇ ਖੁੱਲ ਗਏ, ਸ਼ੀਸ਼ੇ ਤਿੜਕ ਗਏ ।ਮੈਂ ਭੱਜ ਕੇ ਬਾਹਰ ਨਿਕਲਿਆ, ਇਕ ਪਾਸੇ ਅਸਮਾਨ ਉਤੇ ਜ਼ਮੀਨ ਵੱਲੋਂ ਉਠਦਾ ਕਾਲਾ ਸ਼ਾਹ ਧੂਆਂ ਵੇਖਿਆ ॥॥।ਅੱਚਨ ਚੇਤ ਕੁਝ ਸੋਚਣ ਸਮਝਣ ਤੋਂ ਬਿਨਾ ਉਧਰ ਭੱਜ ਪਿਆ ।ਧਮਾਕੇ ਵਾਲੀ ਥਾਂ ਤੇ ਅਪੜਨ ਵਿਚ ਵੇਲ਼ੇ ਦਾ ਉੱਕਾ ਪਤਾ ਨਾ ਲੱਗਾ ਉਥੇ ਹਰ ਪਾਸੇ ਇਨਸਾਨੀ ਆਜ਼ਾ, ਖ਼ੂਨ, ਲਾਸ਼ਾ, ਸੜੇ ਭੁੱਜੇ ਕਾਲੇ ਸਿਆਹ ਹੋਏ ਲਾਸ਼ਾਂ ਦੇ ਟੁਕੜੇ ।ਅੱਧ ਪੱਚਧੇ ਜੁੱਸਿਆਂ, ਬਾਰੂਦ ਦੀ ਬੋ ਤੇ ਥਾਂ ਥਾਂ ਖਿਲਰਿਆ ਲਹੂ ਵੇਖ ਕਿ ਦਿਮਾਗ਼ ਹੋਰ ਸੁਣ ਹੋ ਗਿਆ ।ਦਿਲ ਬੰਦ ਤੇ ਖੁੱਲ੍ਹੀਆਂ ਅੱਖਾਂ ਨਾਲ ਭਿਆਨਕ ਮੰਜ਼ਰ ਵੇਖਦਾ ਰਿਹਾ ॥॥। ਫਟੜਾਂ ਦੀ ਚੀਕ ਕੁਰਲਾਟ ਕੰਨਾਂ ਵਿਚ ਵੱਜ ਰਹੀ ਸੀ ।ਕੁਝ ਸਮਝ ਨਹੀਂ ਆ ਰਹੀ ਸੀ ਕਿ ਮੈਂ ਉਥੇ ਕਿੰਜ ਅਪੜਿਆ ਤੇ ਉਥੇ ਕੀ ਕਰ ਰਿਹਾ ਹਾਂ ॥॥।ਬਸ ਚੁਪ ਚਾਪ ਖੜਾ ਹਾਂ ਤੇ ਇਕ ਮੰਜ਼ਰ ਅੱਖਾਂ ਅੱਗੇ ਹੈ ਰਤਾ ਰੰਗ ਲਹੂ, ਲਾਸ਼ਾਂ, ਕਾਲਾ ਧੂਆਂ, ਚੀਥੜੇ, ਚੀਕਾਂ ਤੇ ਹਰ ਪਾਸੇ ਕੁਰਲਾਟ ॥॥। ਰਿਸਕੀਓ ਵਾਲੇ ਤੇ ਐਂਬੋਲੈਂਸਾਂ ਆਉਣ ਲੱਗ ਪਈਆਂ ।ਜ਼ਖ਼ਮੀਆਂ ਨੂੰ ਐਂਬੋਲੈਂਸਾਂ ਵਿਚ ਪਾ ਪਾ ਹਸਪਤਾਲਾਂ ਚ ਲੈ ਜਾਣ ਲੱਗ ਪਏ ।ਕੁਝ ਤਫ਼ਤੀਸ਼ੀ ਟੀਮਾਂ ਤੇ ਪੁਲਿਸ ਵੀ ਆਉਣ ਲੱਗ ਪਈ। ਤਫ਼ਤੀਸ਼ੀ ਏਜੰਸੀਆਂ ਦੇ ਬੰਦੇ ਸੜਕ ਤੇ ਆਲ ਦੁਆਲੇ ਬੜੀ ਗੌਹ ਨਾਲ ਛੋਟੇ ਤੋਂ ਛੋਟਾ ਇਨਸਾਨੀ ਆਜ਼ਾ ਤੇ ਟੁਕੜਾ ਪਲਾਸਟਿਕ ਦੀਆਂ ਥੈਲੀਆਂ ਵਿਚ ਪਾ ਰਹੇ ਸਨ ।ਇਹ ਖਿਲਾਰ ਥੋੜਾ ਵੱਡਾ ਸੀ ॥॥।ਥੋੜੇ ਦੂਰ ਤੇ ਨੇੜਲੇ ਦਰਖ਼ਤਾਂ ਦੀਆਂ ਕਰੂੰਬਲਾਂ ਕਾਲੀਆਂ ਹੋ ਗਈਆਂ ਸਨ, ਤੇ ਉਨ੍ਹਾਂ ਨਾਲ ਗੋਸ਼ਤ ਬੋਟੀਆਂ ਚੰਬੜੀਆਂ ਹੋਈਆਂ ਸਨ, ਸੜਕ ਉੱਤੇ ਖਿਲਰਿਆ ਲਹੂ ਬਾਰੂਦ ਦੇ ਸਾੜ ਨਾਲ ਲੁਕ ਰੰਗਾ ਲੱਗ ਰਿਹਾ ਸੀ ।ਸੜਕ ਦੇ ਇਕ ਪਾਸੇ ਚੋਕ ਵਿਚ ਮੇਰੀ ਨਜ਼ਰ ਸਕੂਲ ਵੈਨ ਉੱਤੇ ਪਈ ਜਿਹਦੇ



ਨਾਲੋਂ ਡਿੱਗੇ ਹੋਏ ਬਸਤੇ ਮੈਨੂੰ ਜਿਵੇਂ ਵਾਜਾਂ ਮਾਰ ਰਹੇ ਸਨ ॥॥।ਉਨ੍ਹਾਂ ਵਿਚ ਮੇਰਾ ਬਸਤਾ ਵੀ ਲੱਗ ਰਿਹਾ ਸੀ ਜਿਹੜਾ ਬਚਪਨ ਵਿੱਚ ਪਿੰਡ ਦੇ ਚੋਕ ਵਿਚ ਮੇਰੇ ਮੋਂਢੇ ਤੇ ਮਣਾਂ ਮੂੰਹੀ ਭਾਰਾ ਹੋ ਗਿਆ ਸੀ ॥॥।ਭੱਜ ਕੇ ਬਸਤਾ ਲੱਭ ਲਿਆ, ਨਿਰਾ ਬਸਤਾ ਈ ਨਹੀਂ ਸੀ ਉਥੇ ਨਾਲ ਈ ਛੋਟੇ ਛੋਟੇ ਕਾਲੇ ਰੰਗ ਦੇ ਸਕੂਲ ਵਾਲੇ ਬੂਟ ਵੀ ਤੇ ਪਏ ਸਨ ਜਿਹਨਾਂ ਵਿੱਚੋਂ ਸੱਜਰੀ ਰੱਤ ਚੋ ਰਹੀ ਸੀ ਜਿਹਦਾ ਰੰਗ ਨਕੜਮਾ ਬਾਰੂਦ ਵੀ ਨਾ ਬਦਲ ਸਕਿਆ ।ਉਸ ਪਵਿੱਤਰ ਤੇ ਸੱਜਰੇ ਲਹੂ ਦੀ ਡਲ੍ਹਕ ਤੇ ਗਰਮਾਇਸ਼ ਨੇ ਮੇਰੇ ਦਿਮਾਗ਼ ਤੇ ਅੱਖਾਂ ਉੱਤੇ ਜਮੇ ਖ਼ੂਨ ਨੂੰ ਅਜਿਹਾ ਸੇਕ ਦਿੱਤਾ ਕਿ ਅੱਖਾਂ ਖੁੱਲ ਗਈਆਂ ਦਿਲ ਦੀ ਧੜਕਣ ਬੇਹਾਲ ਹੋ ਗਈ, ਸੰਘ ਵਿਚ ਅੜੀ ਬਚਪਨ ਦੀ ਚੀਕ ਬਾਹਰ ਨਿਕਲੀ ਤੇ ਇਕੋ ਚੀਕ ਨਾਲ ਚਿੱਤ ਉਚਿਤ ਉੱਤੇ ਜੰਮਿਆ ਖ਼ੌਂ ਸਾਫ਼ ਹੋ ਗਿਆ, ਵਸਾਹ ਬਹਾਲ ਹੋ ਗਏ ॥॥।ਮੈਂ ਉਸ ਪੁਰਾਣੇ ਵੈਰੀ ਡਰ ਤੇ ਖ਼ੌਫ਼ ਸਾਹਮਣੇ ਹਿੱਕ ਤਾਣ ਖਲੋਤਾ ॥॥।ਤੇ ਉਸ ਦੁਸ਼ਮਣ ਵੈਰੀ ਦੀ ਗਿੱਚੀ ਘੁੱਟ ਕੇ ਉਸੇ ਥਾਂ ਮਾਰ ਕੇ ਸੁਟ ਦਿਤਾ ॥॥।ਜੁਰੱਤ ਤੇ ਤਾਕਤ ਨਾਲ ਪੈਰਾਂ ਤੇ ਸਿੱਧਾ ਹੋ ਖਲੋਤਾ ॥॥।ਸੀਨਾ ਤਾਣ ਕੇ ਧੌਣ ਚੁਕ ਕੇ ਅੱਖਾਂ ਖੋਲ ਕੇ ਘੂਰ ਕੇ ਸਾਹਮਣੇ ਥੋੜਾ ਉਤਾਂਹ ਵੇਖਿਆ ॥॥।ਨਜ਼ਰ ਸਿੱਧੀ ਸਾਹਮਣੇ ਸਰਕਾਰੀ ਇਮਾਰਤ ਦੇ ਮੱਥੇ ਉੱਤੇ ਪਈ ॥॥।ਤੇ ਅੱਖਾਂ ਉਸ ਪੁਰਾਣੀ ਸਰਕਾਰੀ ਇਮਾਰਤ ਦੇ ਮਿੱਥੇ ਉੱਤੇ ਲੱਗੇ ਘੜਿਆਲ ਉੱਤੇ ਜਮ ਗਿਆਂ ਜਿਹਦੀਆਂ ਸੂਈਆਂ ਰੱਤ ਨਾਲ ਭਿੱਜੀਆਂ ਹੋਈਆਂ ਤੇ ਇਨਸਾਨੀ ਜੁੱਸਿਆਂ ਦੇ ਛੋਟੇ ਛੋਟੇ ਟੁਕੜੇ ਉਹਦੇ ਮੂੰਹ ਨਾਲ ਚਿੰਬੜੇ ਦਿਸ ਰਹੇ ਸਨ ।

# ਲਾਲ ਬੱਤੀ/ਇਜਾਜ਼

ਬੈਂਕੂਅਟ ਹਾਲ ਦੇ ਨਾਲ ਵਾਲੇ ਕੈਫ਼ੇਟੀਰੀਆ ਵਿਚ ਠੀਕ ਸ਼ਾਮੀਂ ਸਤ ਵਜੇ ਅੱਪੜ ਜਾਣਾ ਤੁਸੀਂ !ਮੈਂ ਅਪਣੀ ਦੋਸਤ ਪ੍ਰੀਤ ਨਾਲ ਜ਼ਰੂਰ ਆਵਾਂਗੀ । ਉਹ ਤੁਹਾਨੂੰ ਮਿਲਣ ਦੀ ਬੜੀ ਚਾਹ ਰੱਖਦੀ ਏ, ਉਹ ਇਕ ਥੀਸਿਜ਼ ਲਿਖ ਰਹੀ ਏ ਉਹਨਾਂ ਲੋਕਾਂ ਬਾਰੇ ਜਿਹੜੇ ਚਿਰਕੇ ਪਿੰਡਾਂ ਨੂੰ ਛੱਡ ਛੁਡਾ ਕੇ ਆਨ ਸ਼ਹਿਰਾਂ ਵਿਚ ਆਬਾਦ ਹੋਏ ਨੇਂ ।ਮੈਂ ਉਹਨੂੰ ਤੁਹਾਡੇ ਬਾਰੇ ਦੱਸ ਕੇ ਫਸ ਗਈ ਆਂ !ਉਹ ਵਾਹਵਾ ਦਿਨਾਂ ਤੋਂ ਮੇਰੇ ਮਗਰ ਪਈ ਹੋਈ ਏ ।ਅਖੇ ਮੈਂ ਉਨ੍ਹਾਂ ਨੂੰ ਜ਼ਰੂਰ ਮਿਲਣਾ ਚਾਹੁਨੀ ਆਂ । ਔਂਤਰੀ ਨਿੱਤ ਮੇਰੀ ਜਾਨ ਵੱਢ ਖਾਂਦੀ ਏ ਤੇ ਮੈਂ ਕੋਈ ਨਾ ਕੋਈ ਬਹਾਨਾ ਲਾਕੇ ਗੱਲ ਕਲ੍ਹ ਤੇ ਪਾ ਦੇਨੀ ਆਂ ।ਬੜੀ ਕਮੀਨੀ ਏਂ ਉਹ !ਜਦੋਂ ਕਿਸੇ ਗੱਲ ਤੇ ਅੜ ਜਾਵੇ ਤੇ ਫ਼ਿਰ ਉਹਨੂੰ ਪੂਰਾ ਕਰਨ ਤੀਕਰ ਹਰ ਵਾਹ ਲਾ ਛਡਦੀ ਏ ।ਭਾਵੇਂ ਉਹਨੂੰ ਨੁਕਸਾਨ ਕਿਉਂ ਨਾ ਉਠਾਣਾ ਪਏ ।ਔਖੇ ਵਣ ਪੌਣੇ ਸੰਜੀਦਾ ਤੇ ਅਨੋਖੇ ਕੰਮ ਕਰਨ ਵਿਚ ਉਹਨੂੰ ਕੀ ਸਵਾਦ ਆਉਂਦਾ ਏ ।ਤਿਨਾਂ ਥਾਵਾਂ ਤੋਂ ਅੱਗੇ ਤਲਾਕ ਯਾਫ਼ਤਾ ਏ ।ਅਖੇ ਮੈਂ ਮਰਦਾਂ ਦੀ ਸਾਈਕੀ ਨੂੰ ਸਟੱਡੀ ਕਰ ਰਹੀ ਆਂ !ਬੰਦਾ ਪੁੱਛੇ ਸਵਾਹ ਸਟੱਡੀ ਕਰਨਾ ਏਂ ਤੌਂ !ਇਹ ਤੇ ਕਮੀਨੇ ਲੋਕਾਂ ਦਾ ਚੱਜ ਏ ਇਕ ਨਾਲ ਲਾਈ ਤੇ ਸੌ ਨੂੰ ਵਧਾਈ ।ਮੈਨੂੰ ਪਹਿਲੇ ਪਹਿਲ ਇਸ ਰੌਲੇ ਚੋਂ ਸਿਰਫ਼ ਪਛਤਾਵੇ ਹਿਰਸ ਤੇ ਹੋਸ ਦੀ ਬੋ ਆਉਂਦੀ ਸੀ ।ਇਸੇ ਲਈ ਮੈਂ ਅਕਸਰ ਆਖਦੀ ਹੁੰਦੀ ਸਾਂ ਬਈ ਆਪਾਂ ਤਾਂ ਇਸ ਇਸ਼ਕ ਦੇ ਰੌਲੇ ਤੋਂ ਦੂਰ ਈ ਚੰਗੇ ।ਭਲਾ ਇਹ ਵੀ ਕੋਈ ਮੁਹੱਬਤ ਹੋਈ ਤੁਸੀਂ ਤੇ ਕਰਦੇ ਓ, ਅਗਲੇ ਦਾ ਪਤਾ ਨਹੀਂ !ਅਸੀਂ ਮਸ਼ਰਕੀ ਆਸ਼ਿਕ ਵੀ ਨਾ ਬੱਸ ਨਿਰੇ ਛੱਪੜ ਦੇ ਡੱਡੂ ਆਂ ।ਸਾਡੇ ਸਾਰਿਆਂ ਦੇ ਮੋਹ ਦੀ ਕਹਾਣੀ ਵੀ ਅਜੀਬ ਏ ।ਸਾਡੀ ਪ੍ਰੇਮ ਕਥਾ ਅੱਖਾਂ ਤੋਂ ਸ਼ੁਰੂ ਹੁੰਦੀ ਏ ਤੇ ਹੋਂਠਾਂ ਤੱਕ ਆਨ ਤੋਂ ਪਹਿਲਾਂ ਈ ਪੱਗ ਜਾਂਦੀ ਏ ਤੇ ਫਿਰ ਬਾਕੀ ਸਾਰੀ ਉਮਰ ਅਸੀਂ ਕੋਸਦੇ ਰਹਿਣੇ ਆਂ ਆਪਣੇ ਲੇਖਾਂ ਨੂੰ ।ਇੰਜ ਹੋ ਜਾਂਦਾ ਨਾ ਫ਼ਿਰ ਤੇ ਸੱਭ ਕੁੱਝ ਸਾਡੇ ਹੱਕ ਵਿਚ ਸੀ ।ਨਹੀਂ ਇਸਰਾਂ ਨਹੀਂ ਉਸਰਾਂ, ਇੰਜ ਨਹੀਂ ਉਂਜ ॥॥।

ਵੈਸੇ ਬੰਦੇ ਨੂੰ ਕੋਈ ਵੀ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜਿਹਨੂੰ ਕਰਨ ਪਿੱਛੋਂ ਪਛਤਾਨਾ ਪਵੇ ।ਤੁਸੀਂ ਪਹਿਲਾਂ ਈ ਸੋਚ ਵਿਚਾਰ ਕੇ ਪੈਰ ਪੱਟੂ, ਚੰਗੀ ਤਰ੍ਹਾਂ ਚਾਨਚ ਪੜਤਾਲ ਕਰੋ ਅਗਲੇ ਦੀ ਕਿ ਜਿਹਨੂੰ ਤੁਸੀਂ ਪਿਆਰ ਕਰਦੇ ਓ ਉਹ ਵੀ ਤੁਹਾਨੂੰ ਚਾਹੁੰਦਾ ਏ ਕਿ ਨਹੀਂ ।ਉਹਦਾ ਕਿਹੋ ਜਿਹੇ ਲੋਕਾਂ ਨਾਲ ਬਹਿਣ ਉੱਠਣ ਏਂ ।ਉਹਦਾ ਤੁਹਾਡੇ ਨਾਲ ਰੱਵਈਆ ਕਿੰਜ ਦਾ ਏ ।

ਅਫ਼ਸੋਸ ਸਾਡੇ ਇੱਥੇ ਆਸ਼ਿਕਾਂ ਦਾ ਕਨਸੈਪਟ ਈ ਹੋਰ ਏ ।ਇਨ੍ਹਾਂ ਦੇ ਫ਼ਲਸਫ਼ੇ ਮੁਤਾਬਿਕ ਇਹ ਜਿਹਨੂੰ ਚਾਹੁੰਦੇ ਨੇਂ ਉਹਦੇ ਨਾਲ ਇਨ੍ਹਾਂ ਦਾ ਵਿਆਹ ਵੀ ਜ਼ਰੂਰੀ ਏ ।ਬਈ ਹਰ ਕੁੜੀ ਮੁੰਡੇ ਦੇ ਰਿਸ਼ਤੇ ਦਾ ਅੰਜਾਮ ਵਿਆਹ ਇਈ ਨਹੀਂ ਹੁੰਦਾ ।ਕੀ ਦੋਸਤ ਬਣ ਕੇ ਜ਼ਿੰਦਗੀ ਨਹੀਂ ਗੁਜ਼ਾਰੀ ਜਾ ਸਕਦੀ ।ਕਸਮ ਏ ਮੇਰੀ ਜ਼ਿੰਦਗੀ ਵਿਚ ਤੁਸੀਂ ਪਹਿਲੇ ਤੇ ਵਾਹਦ ਉਹ ਮਰਦ ਓ ਜਿਹਨਾਂ ਨਾਲ ਮੈਂ ਹਰ ਗੱਲ ਫ਼ਰੀ ਹੈਂਡ ਤੇ ਫ਼ਰੈਂਕਲੀ ਕਰ ਲੈਨੀ ਆਂ ।ਤੁਹਾਡੀ ਮੇਰੇ ਨਜ਼ਦੀਕ ਆਨ ਦੀ ਮੇਨ ਵਜ੍ਹਾ ਤੁਹਾਡਾ ਸਭਾ, ਤੁਹਾਡੀਆਂ ਗੱਲਾਂ, ਤੁਹਾਡੇ ਵਿਚਾਰ, ਤੇ ਤੁਹਾਡੀ ਚੋਅਇਸ ਏ ।ਤੁਸੀਂ ਆਮ ਲੋਕਾਂ ਵਾਂਗ ਨਹੀਂ ਸੋਚਦੇ, ਨਾ ਈ ਉਨ੍ਹਾਂ ਵਾਂਗ ਲਾਲਚੀ ਤੇ ਹਰਸੀ ਓ ।

ਤੁਹਾਡੇ ਵਿੱਚ ਉਨਾ ਵੀ ਏ ਤੇ ਪੁਖ਼ਤਾ ਅਰਾਦੀ ਕੁੱਵਤ ਵੀ ।ਇਸੇ ਵਜਹੋਂ ਤੇ ਜਦੋਂ ਵੀ ਟਾਈਮ ਮਿਲਦਾ ਏ ਮੈਂ ਤੁਹਾਨੂੰ ਮਿਲਣ ਲਈ ਆਪ ਤੁਹਾਡੇ ਆਫ਼ਿਸ ਆ ਜਾਂਦੀ ਆਂ ।ਤੁਹਾਨੂੰ ਪਤਾ ਈ ਏ ਅੱਜਕਲ੍ਹ ਮੇਰੇ ਬਾਸ ਇੰਗਲੈਂਡ ਤੋਂ ਆਏ ਹੋਏ ਨੇਂ ।ਕੰਪਨੀ ਕਾਫ਼ੀ ਲੌਂਸ ਵਿਚ ਜਾ ਰਹੀ ਏ ।ਦੇਰ ਤੱਕ ਮੀਟਿੰਗਜ਼ ਅਤੇ ਚੋਖਾ ਕੰਮ ਕਰਨਾ ਪਏ ਰਿਹਾ ਏ ਅੱਜ ਕਲ੍ਹ ।ਜਿਨੀ ਮਿਹਨਤ ਸਾਨੋਂ ਪਹਲਾਂ ਇੱਕ ਹਫ਼ਤੇ ਵਿੱਚ ਕਰਨੀ ਪੈਂਦੀ ਸੀ ਹੁਣ ਓਨੀ ਇਕ ਦਿਨ ਵਿੱਚ ਕਰਨੀ ਪੈਂਦੀ ਏ ।ਰੱਬ ਜਾਣ ਦਾ



ਏ ਸਿਰ ਖੁਰਕਣ ਦੀ ਵਿਹਲ ਨਹੀਂ ।ਕੰਮ ਛੱਡ ਵੀ ਨਹੀਂ ਸਕਦੇ, ਕਿ ਇਸ ਤੋਂ ਅੱਛਾ ਕਿੱਧਰੇ ਲੱਭਣਾ ਨਹੀਂ । ਨਾਲੇ ਆਪਣੇ ਚੰਗੇ ਦਿਨਾਂ ਵਿੱਚ ਇਸੇ ਈ ਫ਼ਰਮ ਨੇਂ ਸਾਨੂੰ ਫ਼ਲੈਟ, ਕਾਰ, ਇਜ਼ਾਫ਼ੀ ਅਲਾਉਨਸਜ਼ ਤੇ ਮੈਡੀਕਲ ਜਿਹਾ ਅਨਮੋਲ ਸਹੂਲਤਾਂ ਦਿੱਤੀਆਂ ਤੇ ਹੁਣ ਉਹਦੇ ਤੇ ਮੰਦੇ ਦਿਨ ਆਏ ਨੇ ਤੇ ਅਸੀਂ ਕਿਉਂ ਅੱਖਾਂ ਫੇਰ ਲੀਏ ਉਹਤੋਂ ।ਸਾਨੂੰ ਹਰ ਸੂਰਤ ਵਿਚ ਉਹਦਾ ਸਾਥ ਨਭਾਨਾ ਚਾਹੀਦਾ ਏ ।ਕਿਉਂਜੋ ਸਾਡੇ ਮੰਦੇ ਹਾਲਾਂ ਵਿੱਚ ਸਾਨੂੰ ਸਹਾਰਾ ਦੇਣ ਵਾਲੀ ਵੀ ਇਹ ਕੰਪਨੀ ਈ ਸੀ ।

ਕਮਾਲ ਕਰਦੇ ਓ, ਤੁਸੀਂ ਵੀ ॥॥।ਪੱਲ ਵਿਚ ਏਨਾ ਖ਼ਰਚਾ ਛੱਡਿਆ ਏ ।ਇਹ ਕੇਕ ਕਿਸ ਖ਼ੁਸ਼ੀ ਵਿੱਚ !ਉਹੋ ॥॥।ਤੁਹਾਨੂੰ ਪਤਾ ਨਹੀਂ ਮੈਂ ਇਕ ਵਰ੍ਹੇ ਦੇ ਗੁਜ਼ਰ ਜਾਣ ਤੇ ਹਯਾਤੀ ਚੋਂ ਇਕ ਹੋਰ ਸਾਲ ਮੁੱਕਣ ਨੂੰ ਸੈਲੀਬ੍ਰੇਟ ਨਹੀਂ ਕਰਦੀ ।ਇਹ ਸਾਲਗਰਹਾ ਵਗ਼ੈਰਾ ਤੇ ਅਮੀਰ ਲੋਕਾਂ ਦੇ ਚੋਂਚਲੇ ਹੁਣ ।ਅਸੀਂ ਮਿਡਲ ਕਲਾਸ ਦੇ ਲੋਕ ਕਿਉਂ ਅਜਿਹੇ ਝਕੜਾਂ ਵਿਚ ਪਈਏ ।ਇਹ ਨਿਰੀ ਫ਼ਜ਼ੂਲ ਖ਼ਰਚੀ ਏ ਇਸ ਤੋਂ ਵੱਧ ਹੋਰ ਕੁੱਝ ਨਹੀਂ, ਇਹ ਵੀ ਸਾਡੇ ਆਪਣੇ ਹੱਥ ਵਸ ਏ ਬਈ ਅਸੀਂ ਜਿਨਾਂ ਚਾਹੀਏ ਅਪਣਾ ਖ਼ਰਚ ਵਧਾ ਲੀਏ ਤੇ ਜਿਨਾਂ ਚਾਹੇ ਘਟਾ ਲੀਏ ॥॥।ਚਲੋ ਜੇ ਤੁਸੀਂ ਹੁਣ ਮੰਗਵਾ ਈ ਲਿਆ ਏ ਤੇ ਫ਼ੱਰ ਕੱਟ ਵੀ ਲੈਨੇ ਆਂ ਇਹਨੂੰ ਹਾ ਹਾ ਹਾ ॥॥।

ਲੱਗਦਾ ਉਹ ਅੱਜ ਨਹੀਂ ਆਏਗੀ !ਉਹ ਆਪਣੇ ਆਪ ਨਾਲ ਈ ਝਗੜਦਾ ਏ ।ਹੋ ਸਕਦਾ ਏ ਕੰਮ ਦਾ ਬਰਡਨ ਹੋਏ, ਅਜੇ ਦਫ਼ਤਰੋਂ ਈ ਨਾ ਨਿਕਲੀ ਹੋਏ ਪਰ ਆਪ ਈ ਤੇ ਉਹਨੇ ਮੈਨੂੰ ਆਖਿਆ ਸੀ ਤੁਸੀਂ ਠੀਕ ਸਤ ਵਜੇ ਅੱਪੜ ਜਾਣਾ ਬੈਂਕੂਅਟ ਹਾਲ ਦੇ ਨਾਲ ਵਾਲੇ ਕੈਫ਼ੇਟੀਰੀਆ ਵਿਚ, ਨੇੜਲੇ ਕੈਫ਼ੇਟੀਰੀਆ ਵਿਚ ਮੈਂ ਅਪਣੀ ਦੋਸਤ ਪ੍ਰੀਤ ਨਾਲ ਆਵਾਂਗੀ, ਤੁਹਾਨੂੰ ਮਿਲਣ !ਪਰ ਹੁਣ ਤੇ ਰਾਤ ਦੇ ਦਸ ਵੱਜ ਗਏ ਨੇਂ ਹੁਣ ਤੱਕ ਤੇ ਉਹਨੂੰ ਆ ਜਾਣਾ ਚਾਹੀਦਾ ਸੀ ।ਕਿਉਂ ਨਾ ਉਹਨੂੰ ਫ਼ੋਨ ਕਰਕੇ ਪਤਾ ਕੀਤਾ ਜਾਵੇ ।-ਉਹ ਫ਼ਟਾ ਫ਼ੁੱਟ ਪਾਊਚ ਚੋਂ ਮੁਬਾਇਲ ਕੱਢਦਾ ਏ ।

ਇਸ ਤੋਂ ਪਹਿਲਾਂ ਕਿ ਉਹ ਨੰਬਰ ਡਾਇਲ ਕਰਦਾ ਰੱਬ ਸਬੱਬੀ ਉਹਨੂੰ ਉਹਦੀ ਈ ਕਾਲ ਆਗਈ !ਜਿਹਦੀ ਉਹਨੂੰ ਉਡੀਕ ਸੀ "ਹੈਲੋ ॥॥।"

"ਕਾਮਰਾਨ ਮੈਂ ਅਕਸਾ ਬੋਲ ਰਹੀ ਆਂ !"

"ਤੌਂ ਅਜੇ ਤੱਕ ਆਈ ਨਹੀਂ ਮੇਰੀ ਜਾਣ"

"ਸੌਰੀ ਯਾਰ ਮੈਂ ਅੱਜ ਨਹੀਂ ਆਸਕਾਂਗੀ ।ਅਚਾਨਕ ਇੰਗਲੈਂਡ ਤੋਂ ਕੁੱਝ ਕਸਟਮਰ ਸਾਡੇ ਇੱਥੇ ਦੌਰੇ ਤੇ ਆਏ ਨੇਂ ।ਮੈਂ ਇਸ ਵੇਲ਼ੇ ਉਨ੍ਹਾਂ ਦੇ ਨਾਲ ਈ ਆਂ ।ਪ੍ਰੀਤ ਨੂੰ ਮੈਂ ਫ਼ਿਰ ਕਲ ਦਾ ਆਖ ਦਿੱਤਾ ਏ ।ਕਲ੍ਹ ਨੂੰ ਆਪਾਂ ਜ਼ਰੋਰ ਮਲਾਂਗੇ, ਹਰ ਸੂਰਤ ਵਿਚ ਜੋ ਮਰਜ਼ੀ ਹੋ ਜਾਵੇ ।ਪਰ ਅੱਜ ਲਈ ਸੌਰੀ ॥॥।ਓ ਕੇ ।"

ਉਹ ਮੂੰਹ ਵਿਚ ਬੜਬੜਾਂਦਾ ਮੁਬਾਇਲ ਨੂੰ ਮੁੜ ਪਾਊਚ ਵਿਚ ਪਾਂਦਾ ਹੋਇਆ ਬਹਿਰੇ ਨੂੰ ਆਪਣੇ ਵੱਲ ਆਣ ਦਾ ਇਸ਼ਾਰਾ ਕਰਦਾ ਏ ।

"ਜੀ ਸਾਬ ਜੀ ॥॥।"

"ਇੱਕ ਕੱਪ ਕਾਫ਼ੀ ॥॥।ਜ਼ਰਾ ਲਾਈਟ ਜਿਹੀ"

"ਜੀ ਸਰ ॥॥।ਮੈਂ ਹੁਣੇ ਲੈ ਕੇ ਆਇਆ"

"ਬੱਸ ਬਸ ਏਨਾ ਈ ਕਿ ਹੋਰ ਕੁੱਝ ਵੀ ?" ਉਸ ਬਹਿਰੇ ਨੇ ਉਹਤੋਂ ਪੁੱਛਿਆ !

"ਬੱਸ ਏਨਾ ਈ ਕਾਫ਼ੀ ਏ ।"

ਉਹ ਇਹ ਆਖ ਕੇ ਅਪਣਾ ਧਿਆਨ ਕਿਸੇ ਹੋਰ ਪਾਸੇ ਲਾਣ ਦਾ ਜਤਨ ਕਰਦਾ ਏ । ਸਾਹਵੇਂ ਟੀ ਵੀ ਤੇ ਚੱਲ ਰਹੀ ਫ਼ਿਲਮ ਉਹਦੀ ਤੱਵਜਾ ਦਾ ਮਰਕਜ਼ ਬਣ ਦੀ ਏ ।ਇਕ ਮੋਟੀ ਤਾਜ਼ੀ ਔਰਤ ਮੁਹੱਲੇ ਦੀ ਕਿਸੇ ਸਮਾਰਟ ਜਿਹੀ ਸਵਾਣੀ ਨਾਲ ਝਗੜ ਰਹੀ ਏ ।"ਮਨਹੂਸ ਔਰਤ ਨਾ ਹੋ ਤੇ

॥॥। ਤੁਮਹਾਰੇ ਮੂੰਹ ਮੈਂ ਖ਼ਾਕ ॥॥। ਭਲਾ ਮੇਰੀ ਬੇਟੀ ਕਿਉਂ ਤਲਾਕ ਲੇਗੀ ।ਵੋਹ ਤੋ ਆਪਣੇ ਘੱਰ ਮੈਂ ਹਸ਼ਾਸ਼ ਬਸ਼ਾਸ਼ ਬੱਸ ਰਹੀ ਹੈ। ਇਸ ਕਾ ਖ਼ਾਵੰਦ ਇਤਨਾ ਖ਼ਿਆਲ ਰਖਤਾ ਹੈ ਉੱਸ ਕਾ ।ਉਪਰ ਸੇ ਸਾਸ ਸਸੁਰ ਇਤਨੇ ਅੱਛੇ ਹੈਂ ।ਬਈ ਵੋਹ ਕਿਉਂ ਲੇਗੀ ਤਲਾਕ ।ਤੁਮ੍ਹਾਰੀ ਨਰਗਿਸ ਖ਼ਵਾਹਿਸ਼ਮੰਦ ਹੋਗੀ ਇਸ ਮਨਸਬ ਪਰ ਫ਼ਾਇਜ਼ ਹੋਣੇ ਕੋ, ਅਹਿਮਕ ਕਹੀਂ ਕੀ ॥॥। ਨਾਮਾਕੂਲ ਔਰਤ ॥॥।"

ਉਹਨੂੰ ਯਕ ਦੱਮ ਇੰਜ ਲੱਗਾ ਜਿਵੇਂ ਉਹਦੇ ਸਿਰ ਵਿਚ ਕਿਸੇ ਨੇ ਜ਼ੋਰਦੀ ਵੱਟਾ ਦੇ ਮਾਰਿਆ ਹੋਏ ।ਤੇ ਉਹਦੇ ਸਿਰ ਵਿੱਚੋਂ ਖ਼ੂਨ ਦਾ ਫ਼ਵਾਰਾ ਛੁੱਟ ਗਿਆ ।

"ਨਾ ਬੇਟਾ ॥॥। ਤਲਾਕ ਇਸ ਮਸਅਲੇ ਦਾ ਹੱਲ ਨਹੀਂ ।ਤੋਂ ਪੜ੍ਹਿਆ ਲਿਖਿਆ ਏਂ । ਥੋੜਾ ਸੋਚ ਵਿਚਾਰ ਕੇ ਪੈਰ ਚਕ। ਘੱਰ ਵਸਾਇਆਂ ਈ ਵਸਦੇ ਨੇਂ ।ਮੈਂ ਮਨਦਾ ਤੋਂ ਅਪਣੀ ਜਗ੍ਹਾ ਠੀਕ ਏਂ ।ਪਰ ਇੰਜ ਤੇ ਨਹੀਂ ਨਿਭਨੀ ਤੁਹਾਡੇ ਦੋਹਾਂ ਚੋਂ ਇਕ ਨੂੰ ਤੇ ਲਫ਼ਨਾਂ ਈ ਪਵੇਗਾ ।ਤੁਹਾਨੂੰ ਇੰਜ ਨਿੱਕੀਆਂ ਨਿੱਕੀਆਂ, ਛੋਟੀਆਂ ਛੋਟੀਆਂ ਗੱਲਾਂ ਤੇ ਨਹੀਂ ਲੜਨਾ ਚਾਹੀਦਾ ।"

ਇਸ ਤੋਂ ਪਹਿਲਾਂ ਕਿ ਕਾਫ਼ੀ ਲੈਣ ਗਿਆ ਮੁੰਡਾ ਪਰਤਦਾ ਉਹਦੇ ਸੁਸਰ ਦੇ ਵਿਚਾਰ ਉਹਦੇ ਅੱਗੇ ਹਿੱਕ ਤਾਣ ਕੇ ਖਲੋ ਗਏ ।"ਮੈਂ ਮਨਦਾ ਸਾਡੀ ਕੁੜੀ ਕੁੱਝ ਨਾਸਮਝ ਏ ।ਜ਼ਰਾ ਕਾਹਲੀ ਤਬੀਆਤ ਦੀ ਏ ।ਪਰ ਦਿਲ ਦੀ ਮਾੜੀ ਨਹੀਂ ।ਮੇਰਾ ਪੁੱਤ ਠਰ੍ਹਮੇ ਨਾਲ ਸੋਚ ਜ਼ਰਾ ॥॥। ਮੇਰੇ ਜੁੜੇ ਹੱਥਾਂ ਵੱਲ ਵੇਖ। ਮੈਂ ਜਦੋਂ ਤੈਨੂੰ ਧੀ ਦਿੱਤੀ ਸੀ ।ਮੈਂ ਤੇ ਉਦੋਂ ਈ ਤੇਰੇ ਸਾਹਵੇਂ ਮੱਥਾ ਟੇਕ ਦਿੱਤਾ ਸੀ । ਬਈ ਜਿਹਨੇ ਕਿਸੇ ਨੂੰ ਆਪਣੇ ਜਿਗਰ ਦਾ ਟੋਟਾ ਦੇ ਦਿੱਤਾ, ਮਗਰ ਪਿੱਛੇ ਕੀ ਰਹਿ ਗਿਆ ।ਤੈਨੂੰ ਪਤਾ ਈ ਏ ਮੇਰੀ ਤੇ ਜਿੰਦ ਜਾਨ ਈ ਉਸ ਵਿਚ ਏ ।ਮੇਰਾ ਕਿਹੜੇ ਹੋਰ ਚਾਰ ਪੰਜ ਹੈ ਨੇਂ ।ਇਹ ਇਕੋ ਇਕ ਤਾਂ ਹੈ ॥॥।"

ਆਪਣੇ ਇਹੀ ਘੱਰ ਦੀ ਹਾਲਤ ਨਾਲ ਜਦੋਂ ਉਹਦਾ ਸਾਮਣਾ ਹਵੀਆ ਤੇ ਫਾਵਾ ਜਿਹਾ ਹੋ ਗਿਆ ।ਏਨੇ ਚਿਰ ਵਿੱਚ ਮੁੰਡਾ ਕਾਫ਼ੀ ਲੈ ਕੇ ਟੇਬਲ ਤੇ ਆਗਿਆ ।

"ਲਵੋ ਸਾਬ ਤੁਹਾਡੀ ਕਾਫ਼ੀ" ਉਹ ਟੇਬਲ ਤੇ ਟਰੇ ਰੱਖਦਿਆਂ ਹੋਇਆ ਬੋਲਿਆ!

"ਸ਼ਰਾਫ਼ਤ ਦੀ ਵੀ ਕੋਈ ਹੱਦ ਹੁੰਦੀ ਏ ।ਤੈਨੂੰ ਕਦੋਂ ਦਾ ਆਡਰ ਦਿੱਤਾ ਹੋਇਆ ਏ ।ਹੁਣ ਆਗਿਆ ਏਂ ਅੱਧੇ ਘੰਟੇ ਪਿੱਛੋਂ ॥॥। ਲਵੋ ਸਾਹਿਬ ਕਾਫ਼ੀ ।ਇੰਜ ਕੰਮ ਨਹੀਂ ਚਲਦੇ ਮੇਰਾ ਚੰਨ। ਦੁਨੀਆ ਬਹੁਤ ਫ਼ਾਸਟ ਹੋ ਗਈ ਏ ।ਜਿਨੀ ਦੇਰ ਵਿਚ ਤੋਂ ਚਾਹ ਲੈ ਕੇ ਬੋਹੜੀਆ ਏਂ ।ਏਨੇ ਚਿਰ ਵਿੱਚ ਅਗਲੇ ਇਕ ਡਰੋਨ ਹਮਲਾ ਕਰ ਕੇ ਅਗਲੇ ਲਈ ਤਿਆਰ ਬੈਠੇ ਹੁੰਦੇ ਨੇਂ ।"

"ਸੌਰੀ ਸਾਹਿਬ ॥॥। ਥੋੜੀ ਦੇਰ ਹੋਗਈ ।ਤੁਹਾਨੂੰ ਪਤਾ ਈ ਏ ਅਜ ਕਲ੍ਹ ਗੈਸ ਦੀ ਲੋਡ ਸ਼ੈਡਿੰਗ ॥॥।"

ਇਸ ਤੋਂ ਪਹਿਲਾਂ ਕਿ ਉਹ ਅਪਣੀ ਗਲ ਪੂਰੀ ਕਰਦਾ ।ਉਹਨੂੰ ਹੋਰ ਤਪ ਚੜ੍ਹ ਗਈ ।

"ਕੀ ਲੋਡਸ਼ੈਡਿੰਗ ॥॥। ਤੁਸੀਂ ਉਹਦਾ ਕੋਈ ਆਲਟਰਨੈਟਿਵ ਰੱਖ ਲਵੋ ।ਕਾਰੋਬਾਰ ਇਜੰ ਨਹੀਂ ਚਲਦੇ ।ਗੱਲ ਗੱਲ ਤੇ ਸਰਕਾਰ ਨੂੰ ਤਾਣੇ ਦੇਣਾ ਅਕਲਮੰਦੀ ਨਹੀਂ। ਪਹਿਲਾਂ ਵੋਟ ਦੇਣ ਲੱਗਿਆਂ ਵੇਖਿਆ ਕਰੋ ਕਿ ਜਿਹਨੂੰ ਚੁਣਨ ਲੱਗੇ ਆਂ ।ਉਹ ਇਸ ਲਾਇਕ ਵੀ ਹੈ ਕਿ ਉਹਨੂੰ ਚੁਣਿਆ ਜਾਵੇ ।"

"ਸਾਹਿਬ ਜੀ! ਕਿਉਂ ਕਿਸੇ ਹੋਰ ਦਾ ਗ਼ੁੱਸਾ ਵਿਚਾਰੇ ਬਾਲ ਤੇ ਕੱਢੀ ਜਾਂਦੇ ਓ ।" ਇਕ ਭਾਰੇ ਜਿਹੇ ਵਜੂਦ ਵਾਲਾ ਭਾਈ ਜ਼ਰਾ ਗਰਮਾ ਗਰਮੀ ਵੇਖ ਕੇ ਕਾਊਂਟਰ ਤੋਂ ਸਿੱਧਾ ਉਹਨਾਂ ਵੱਲ ਈ ਆਗਿਆ"

"ਚੀਮਾ ਸਾਹਿਬ !ਇਹ ਬਾਉ ਹੋਰੀਂ ਐਵੇਂ ਮੇਰੇ ਤੇ ਤਪੇ ਹੋਏ ਨੀਂ ।ਮੈਂ ਦੱਸਿਆ ਵੀ ਏ ਕਿ ਲੋਡ ਸ਼ੈਡਿੰਗ ਵਜਹੋਂ ਜ਼ਰਾ ਕਵੀਲ ਹੋ ਗਈ ।ਪਰ ॥॥।"



"ਸਾਬ ਜੀ! ਇਸ ਵਿਚ ਬਾਲ ਦਾ ਤੇ ਕੋਈ ਕਸੂਰ ਨਹੀਂ ।" ਉਹ ਭਾਰੇ ਵਜੂਦ ਵਾਲਾ ਭਾਈ ਬੋਲਿਆ!

"ਇਹਦਾ ਤੇ ਕਸੂਰ ਈ ਕੋਈ ਨਹੀਂ ਜਨਾਬ !ਦੋਸ਼ੀ ਤੇ ਮੈਂ ਵਾਂ ਜਿਹੜਾ ਅੱਜ ਇਸ ਕੈਫ਼ੇਟੀਰੀਆ ਵਿਚ ਆ ਵੜਿਆਂ ।ਵਰਨਾ ਇੱਧਰ ਨੂੰ ਮੂੰਹ ਕੌਣ ਕਰਦਾ ਏ ।"

"ਅਸੀਂ ਤੁਹਾਨੂੰ ਕਿਹੜਾ ਪਾਟੇ ਕੋਨੇ ਵਾਲੀ ਚਿੱਠੀ ਘੱਲੀ ਸੀ ਕਿ ਹੁਣੇ ਇੱਥੇ ਅਪੜੋ, ਇੱਥੇ ਅਰਜੰਟ ਤੁਹਾਡੀ ਬੜੀ ਲੋੜ ਏ ।ਤੁਸੀਂ ਅਪਣੀ ਲੋੜ ਨੂੰ ਈ ਆਏ ਓ ਜੀ!"

"ਵੇਖੋ ਤੁਸੀਂ ਹੱਦੋਂ ਵੱਧ ਰਹੇ ਓ ॥॥।"

"ਕਿਹੜੀਆਂ ਹੱਦਾਂ ਓਏ ਜਿਹੜੀਆਂ ਤੋਂ ਤੋੜ ਰਿਹਾ ਏਂ !ਤੇਰੇ ਨਾਲ ਪਿਆਰ ਨਾਲ ਗੱਲ ਕਰ ਰਹੇ ਆਂ ਤੇ ਤੋਂ ਅੱਗੋਂ ਹੋਰ ਦੀ ਹੋਰ ਈ ਸੁਣਾਈ ਜਾ ਰਿਹਾ ਏਂ ।ਅਖੇ ਵਰਨਾ ਇੱਧਰ ਕੌਣ ਮੂੰਹ ਕਰਦਾ ਏ ।ਚੱਲ ਦਫ਼ਾ ਹੋ ਜਾ ਇਥੋਂ ਸਾਨੂੰ ਤੇਰੇ ਜਿਹੇ ਗਾਹਕਾਂ ਦੀ ਲੋੜ ਈ ਨਹੀਂ ।"

"ਤੋਂ ਮੇਰੇ ਤੋਂ ਚਪੇੜਾਂ ਨਾ ਖਾ ਬਹੇਂ ।" ਉਹਨੂੰ ਵੱਟ ਚੜ੍ਹਿਆ !

"ਏਡਾ ਤੋਂ ਨਾਢੂ ਖ਼ਾਂ ॥॥। ਹੱਥ ਤੇ ਲਾ ਖਾਂ ॥॥।" ਮਸਅਲਾ ਹੋਰ ਗਰਮਾ ਗਰਮੀ ਦੀ ਸ਼ਕਲ ਇਖ਼ਤਿਆਰ ਕਰਨ ਵਾਲਾ ਸੀ ।ਪਈ ਨਾਲ ਦੇ ਟੇਬਲ ਤੋਂ ਤਿੰਨ ਜਿਨੇ ਉਠੇ ਇਕ ਨੇ ਉਹਨੂੰ ਤੇ ਦੂਜੇ ਉਸ ਭਾਰੇ ਜਿਹੇ ਬੰਦੇ ਨੂੰ ਅਪਣੀਆਂ ਬਾਹਵਾਂ ਦੇ ਕਲਾਵੇ ਵਿਚ ਲੈ ਕੇ ਸਾਈਡ ਤੇ ਕਰਨ ਦੀ ਕੋਸ਼ਿਸ਼ ਕੀਤੀ ।ਉਨ੍ਹਾਂ ਚੋਂ ਇਕ ਬੋਲ ਈ ਪਿਆ

"ਛੱਡੋ ਭਰਾ ਜੀ ਲੜਾਈ ਵਿਚ ਕੀਹ ਰੱਖਿਆ ਏ"

"ਛੱਡ ਯਾਰ ਮੇਂ ਵੇਖ ਤਾਂ ਲਾਂ ਇਹਨੂੰ ਵੱਡੇ ਨਾਢੂ ਨੂੰ ਇਹ ਕਿਵੇਂ ਹੱਥ ਲਾਉਂਦਾ ਏ ਮੈਨੂੰ ।" ਭਾਰੇ ਵਜੂਦ ਵਾਲਾ ਭੁੜਕਿਆ !

"ਮੈਂ ਤੇਰੀਆਂ ਨਾਸਾਂ ਵੀ ਭੰਨ ਦੇਣੀਆਂ ਨੇਂ, ਤੋਂ ਚਪੇੜਾਂ ਦੀ ਗੱਲ ਕਰਦਾ ਏਂ ।" ਉਹ ਫ਼ਿਰ ਗਰਜਿਆ !

"ਓ ਜਾਨ ਵੀ ਦਿਓ ਸਰ ਜੀ !ਤੁਸੀਂ ਤੇ ਕਿਸੇ ਪੜ੍ਹੇ ਲਿਖੇ ਖ਼ਾਨਦਾਨ ਦੇ ਲਗਦੇ ਓ। ਤੁਹਾਨੂੰ ਲੜਾਈ ਜ਼ੇਬ ਨਹੀਂ ਦਿੰਦੀ ।" ਉਨ੍ਹਾਂ ਤਿਨਾਂ ਜਣਿਆਂ ਚੋਂ ਇਕ ਨੇ ਉਹਨੂੰ ਸਲਾਹ ਦਿੱਤੀ !

ਖ਼ੈਰ ਜਿਵੇਂ ਕਿਵੇਂ ਉਹ ਉਥੋਂ ਜਾਣ ਛੁੜਾ ਕੇ ਨਿਕਲਿਆ !ਅਗਲੇ ਕੁੱਝ ਪਲਾਂ ਤਾਈਂ ਉਹ ਬੈਂਕੂਅਟ ਹਾਲ ਵਾਲੇ ਮੋੜ ਤੇ ਸੀ ।ਜਿੱਥੇ ਟਰੈਫ਼ਿਕ ਦਾ ਵਾਹਵਾ ਰਸ਼ ਸੀ ਉਹ ਵੀ ਸਿਗਨਲ ਤੇ ਲਾਲ ਬੱਤੀ ਬਲਦੀ ਵੇਖ ਕੇ ਖਲੋ ਗਿਆ ।ਉਥੇ ਈ ਇਕ ਅਵਾਜ਼ ਉਹਦੇ ਕੰਨ ਪਈ ਜਿਹੜੀ ਨਾਲ ਵਾਲੀ ਕਾਰ ਵਿਚ ਵੱਜ ਰਹੇ ਗ਼ੁਲਾਮ ਅਲੀ ਦੇ ਗਾਓਣ ਦੀ ਸੀ:

"ਮੇਰੇ ਸ਼ੌਕ ਦਾ ਨਹੀਂ ਇਤਬਾਰ ਤੈਨੂੰ
ਆ ਜਾ ਯਾਰ ਲੱਖ ਵਾਰ ਆਜਾ ॥॥।"

# ਵਟਾਂਦਰਾ/ਖ਼ਾਲਿਦ ਫ਼ਰਹਾਦ ਧਾਰੀਵਾਲ

'ਧੀਏ ਵੇਖ! ਭਰਾ ਤੇਰੇ ਦਾ ਘਰ ਵੱਸ ਜਾਊ, ਹੋਰ ਕੀ ਚਾਹੀਦਾ ਏ।' ਤਾਈ ਜੰਨਤੇ ਨੇ ਤਾਜੋ ਨੂੰ ਕਿਹਾ, ਜੋ ਵਿਹੜੇ ਦੀ ਇਕ ਨੁੱਕਰੇ ਮੰਜੀ ਉੱਤੇ ਗ਼ਮ ਦੀ ਮੂਰਤ ਬਣੀ ਬੈਠੀ ਸੀ ਤੇ ਮੰਜੀ ਦੀ ਪਵਾਂਦੀ ਪਾਵੇ ਨਾਲ ਲੱਗੀ, ਉਸ ਦੀ ਦੁੱਧ ਵਰੇਸੀ ਬਾਲੜੀ ਭੁੱਖ ਵਜੋਂ ਰਿਹਾੜੇ ਪਈ ਹੋਈ ਸੀ। ਤਾਈ ਨੇ ਬਾਲੜੀ ਨੂੰ ਕੁੱਛੜ ਚਾਇਆ, ਆਪਣੇ ਦੁਪੱਟੇ ਦੇ ਪੱਲੇ ਨਾਲ ਉਹਦਾ ਨੱਕ ਮੂੰਹ ਪੂੰਝਿਆ ਤੇ ਫਿਰ ਉਹਨੂੰ ਤਾਜੋ ਦੀ ਝੋਲੀ ਵਿਚ ਪਾਉਂਦੀ ਹੋਈ ਬੋਲੀ—'ਲੈ ਫੜ ਦੁੱਧ ਦੇਹ ਇਹਨੂੰ।' ਹੰਝੂ ਜੋ ਅੱਜ ਸਵੇਰ ਦੇ ਈ ਤਾਜੋ ਦੀਆਂ ਅੱਖਾਂ ਵਿਚ ਪਏ ਤਰਦੇ ਸੀ, ਵਹਿ ਪਏ। ਬਾਲੜੀ ਨੂੰ ਚੁੱਪ ਕਰਾਉਂਦੀ ਹੋਈ ਉਹ ਆਪ ਵਿਲਕ ਪਈ। ਅੱਖੀਆਂ ਵਿਚੋਂ ਵਗਦੇ ਹੰਝੂਆਂ ਤੋਂ ਪਰ੍ਹੇ ਕਿਧਰੇ ਮਨ ਦੇ ਪਾਤਾਲ ਵਿਚ ਲੱਗਦਾ ਸੀ ਕੋਈ ਦੁੱਖ ਹੈ, ਜਿਸ ਦਾ ਪਰਛਾਵਾਂ ਤਾਜੋ ਦੇ ਚਿਹਰੇ 'ਤੇ ਸਾਫ਼ ਵਿਖਾਈ ਦੇਂਦਾ ਸੀ।

'ਨਾ ਧਈ ਇੰਜ ਤੇ ਨਹੀਂ ਸਰਨਾ।' ਘਰ ਨਾਲ ਜੁੜਵੇਂ ਡੰਗਰਾਂ ਦੇ ਵਾੜੇ ਵੱਲ ਝਾਕਦਿਆਂ ਤਾਈ ਨੇ ਰੋਂਦੀ ਹੋਈ ਤਾਜੋ ਦੇ ਸਿਰ 'ਤੇ ਹੱਥ ਰੱਖ ਦਿੱਤਾ ਤੇ ਫਿਰ ਉਹਨੂੰ ਸਮਝਾਉਣ ਦੇ ਢੌਂਗ ਵਿਚ ਬੋਲੀ, 'ਇੰਜ ਰੋਸਾ ਲਾ ਕੇ ਤੈਨੂੰ ਬੈਠੀ ਹੋਈ ਨੂੰ ਭਰਾ ਤੇਰੇ ਜੇ ਵੇਖ ਲਿਆ ਤਾਂ...।'

ਤਾਜੋ ਚੁੱਪ ਕਰ ਗਈ। ਝੱਟ ਰੋ ਲੈਣ ਨਾਲ ਮਨ ਉਹਦਾ ਹੌਲਾ ਹੋ ਗਿਆ ਜਾਪਦਾ ਸੀ ਜਾਂ ਫਿਰ ਤਾਈ ਜੰਨਤੇ ਦੀ ਅੱਧੋਰਾਣੀ ਗੱਲ ਦਾ ਕੋਈ ਅਸਰ ਹੋ ਗਿਆ ਲੱਗਦਾ ਸੀ।

ਦੁੱਧ ਪੀ ਲੈਣ ਮਗਰੋਂ ਹੁਣ ਉਸ ਦੀ ਬਾਲੜੀ ਵੀ ਵਿਹੜੇ ਵਿਚ ਮੁੜ ਖੇਡਣ ਲੱਗ ਪਈ ਸੀ।

ਤਾਈ ਜੰਨਤੇ ਨੇ ਬਾਜ਼ੂ ਤੋਂ ਫੜ ਕੇ ਖੜਾ ਕਰਦੇ ਹੋਏ ਤਾਜੋ ਨੂੰ ਹੱਥ-ਮੂੰਹ ਧੋ, ਲੀੜਾ-ਲੱਤਾ ਬਦਲਣ ਦਾ ਕਿਹਾ ਕਿ ਅੱਜ ਕੁਝ ਲੋਕ ਏਥੇ ਪ੍ਰਾਹੁਣੇ ਆਉਣ ਵਾਲੇ ਸਨ।

ਤਾਜੋ ਦਾ ਇਹ ਪੇਕਾ ਘਰ ਸੀ ਤੇ ਮਾਪੇ ਪੇਕੇ ਤਦ ਹੀ ਅਖਵਾਉਂਦੇ ਨੇ ਜਦ ਸਹੁਰੇ ਵੀ ਹੋਣ ਕਿਧਰੇ, ਪਰ ਤਾਜੋ ਦੇ ਸਹੁਰੇ ਸਾਲ ਕੁ ਹੋਇਆ ਛੁੱਟ ਗਏ ਹੋਏ ਸੀ। ਛੁੱਟੇ ਕੀ ਸਨ, ਆਪ ਛੁਡਾਏ ਗਏ ਸੀ। ਆਪਣੀ ਲੋੜ ਮੂਜਬ।

ਉਹਦੀ ਭਰਜਾਈ ਦੇ ਪਲੇਠੀ ਦਾ ਬਾਲ ਹੋਣ ਵਾਲਾ ਸੀ। ਜਦ ਆਪਣੀ ਬਾਲੜੀ ਨਾਲ ਉਹ ਏਥੇ ਆਈ ਸੀ, ਪੇਕੇ ਘਰ ਦੀਆਂ ਖ਼ੁਸ਼ੀਆਂ ਵਿਚ ਸ਼ਾਮਲ ਹੋਣ ਤੇ ਫਿਰ ਪੇਕੇ ਘਰ ਦੀ ਈ ਹੋ ਕੇ ਰਹਿ ਗਈ ਸੀ। ਮੁੜ ਜਾ ਈ ਨਹੀਂ ਸੀ ਸਕੀ। ਖ਼ੁਸ਼ੀ ਵਾਲੇ ਦਿਹਾੜੇ ਨੂੰ ਉਡੀਕਦੀ ਤਾਜੋ ਨੂੰ ਕੀ ਪਤਾ ਸੀ ਕਿ ਏਸ ਘਰ ਆਉਣ ਵਾਲਾ ਬਾਲ ਉਹਦੀ ਭਰਜਾਈ ਨੂੰ ਲੈਣ ਵਾਸਤੇ ਆਇਆ ਕੋਈ ਮੌਤ ਦਾ ਫ਼ਰਿਸ਼ਤਾ ਈ ਹੋਵੇਗਾ।

...ਤੇ ਉਹ ਵਿਹੜਾ ਜਿਥੇ ਚਾਵਾਂ ਦੇ ਮੂਹੜੇ ਡਾਹੇ ਜਾਣੇ ਸਨ, ਉਥੇ ਗ਼ਮ ਦੀ ਫੂਹੜੀ ਵਿਛ ਗਈ ਸੀ ਤੇ ਇਕ ਬਾਲਕ ਦੇ ਜੰਮਣ ਦੀ ਵਧਾਈ ਕਬੂਲਣ ਦੀ ਥਾਂ ਇਕੱਠੀਆਂ ਦੋ ਮੌਤਾਂ ਦਾ ਸੋਗ ਮੰਨਣਾ ਪੈ ਗਿਆ ਸੀ ਉਨ੍ਹਾਂ ਨੂੰ।

ਫੂਹੜੀ ਚੁੱਕੇ ਜਾਣ ਪਿੱਛੋਂ ਤਾਜੋ ਦੇ ਸਹੁਰਿਆਂ ਜਦ ਉਹਨੂੰ ਨਾਲ ਲੈ ਜਾਣ ਦੀ ਗੱਲ ਕੀਤੀ ਤਾਂ ਅੱਗੇ 'ਮਰਨ ਵਾਲੀ ਜੇ ਜੀਊਂਦੀ ਰਹਿੰਦੀ ਤਾਂ ਵੀ ਤੇ ਇਹਨੇ ਛਿਲੇ ਤੀਕ ਰਹਿਣਾ ਈ ਸੀ, ਥੋੜ੍ਹਾ ਹੋਰ ਰਹਿ ਲਏ, ਫੇਰ ਆਪ ਛੱਡ ਆਵਾਂਗੇ ਅਸੀਂ" ਦਾ ਵਲਦਾ ਮਿਲਿਆ। ਛੱਡ ਕੇ ਆਉਣ ਵਾਲਾ ਕੋਈ ਦਿਨ ਨਾ ਆਉਣਾ ਸੀ, ਨਾ ਆਇਆ ਪਰ ਏਧਰੋਂ ਕਈ ਫੇਰੇ ਘੱਤੇ ਉਨ੍ਹਾਂ ਤੇ ਹਰ ਵਾਰ ਖ਼ਾਲੀ ਈ ਮੁੜੇ। ਉਹਦਾ ਭਰਾ ਫੱਜਾ ਟੀਰਾ ਹਰ ਫੇਰੇ ਈ ਮੋਹਲਤ ਮੰਗ ਲੈਂਦਾ ਸੀ, ਕੋਈ ਨਾ ਕੋਈ ਉਜ਼ਰ ਬਹਾਨਾ ਘੜ ਲੈਂਦਾ। ਉਹ ਟਾਲ-ਮਟੋਲ ਈ ਕਰਦਾ ਰਿਹਾ। ਤਾਜੋ ਦੇ ਸਹੁਰਿਆਂ ਅੱਕਿਆਂ ਹੋਇਆਂ ਫੱਜੇ ਕਿਆਂ ਦੇ ਬੂਹੇ ਪਰ੍ਹਾ ਲਿਆ ਬਿਠਾਈ ਤੇ ਫੱਜਾ ਜੋ ਪਹਿਲੋਂ ਈ ਪੱਜ ਭਾਲਦਾ ਸੀ ਪਰ੍ਹਾਂ ਤੋਂ ਵੱਟ ਖਾ ਗਿਆ।



ਅਖੇ—

'ਸਾਨੂੰ ਭੰਡ ਨਹੀਂ ਨੇ ਦਿੱਤਾ ਇਹ ਪਰ੍ਹਾ ਲਿਆ ਕੇ।'

'ਟੋਰਨ ਤੋਂ ਇਨਕਾਰੀ ਸਾਂ ਅਸੀਂ ਕੋਈ ਭਲਾ।'

'ਬੁਰਿਆਂ ਬਣਾਇਆ ਈ ਨੇ ਜੇ ਹੁਣ, ਤਾਂ ਚਲੋ ਅਸੀਂ ਬੁਰੇ ਈ ਸਹੀ।'

'ਜਾਓ ਵਗ ਜਾਓ, ਅਸਾਂ ਨਹੀਂ ਜੇ ਘੱਲਣੀ ਕੁੜੀ।'

ਫੱਜਾ ਤਿੜਿਆ ਤਾਂ ਉਹ ਵੀ ਤਣ ਗਏ ਤੇ ਫਿਰ ਦੋਨਾਂ ਪਾਸੇ ਦੇ ਅਕੜਾ ਨਾਲ ਕੁਝ ਟੁੱਟਣਾ ਈ ਸੀ, ਸੋ ਤਾਜੋ ਦਾ ਰਿਸ਼ਤਾ ਟੁੱਟ ਗਿਆ ਤੇ ਉਹਨੂੰ ਤਲਾਕ ਹੋ ਗਈ। ਭਾਵੇਂ ਉਹ ਤਲਾਕ ਨਹੀਂ ਸੀ ਚਾਹੁੰਦੀ ਤੇ ਇਹ ਉਹਦੀ ਮਰਜ਼ੀ ਦੇ ਖ਼ਿਲਾਫ਼ ਈ ਹੋਇਆ ਸੀ।

ਤਾਜੋ ਨੂੰ ਜਦੋਂ ਅਜੇ ਤਲਾਕ ਨਹੀਂ ਸੀ ਮਿਲੀ ਹੋਈ, ਉਹ ਸੋਚਦੀ ਕਿ ਉਹ ਆਪ ਮੁਹਾਰੀ ਸਹੁਰੇ ਚਲੀ ਜਾਏ ਪਰ ਉਹ ਏਸ ਦੇ ਸਿੱਟੇ ਤੋਂ ਡਰ ਜਾਂਦੀ। ਘਰ ਵਾਲਿਆਂ ਦੀ ਮਨਸ਼ਾ ਦੇ ਵਿਰੁੱਧ ਆਪ ਮੁਹਾਰੇ ਸਹੁਰੇ ਟੁਰ ਜਾਣ ਦਾ ਮਤਲਬ ਸੀ—ਸਦਾ ਲਈ ਪੇਕੇ ਘਰ ਤੋਂ ਛੁੱਟੀ। ਅਤੇ ਪੇਕੇ ਘਰ ਨਾਲ ਮੁਹੱਬਤ ਤਾਂ ਖੌਰੇ ਹਰ ਔਰਤ ਦੀ ਮਿੱਟੀ ਵਿਚ ਈ ਰਚੀ ਹੁੰਦੀ ਏ ਤੇ ਜੀਊਂਦੇ ਜੀ ਕੋਈ ਵੀ ਔਰਤ ਪੇਕੇ ਘਰ ਨਾਲੋਂ ਟੁੱਟਣਾ ਨਹੀਂ ਚਾਹੁੰਦੀ। ਇਹੀ ਮੋਹ ਤਾਜੋ ਨੂੰ ਆਪ ਮੁਹਾਰੇ ਸਹੁਰੇ ਚਲੇ ਜਾਣ ਤੋਂ ਰੋਕਦਾ ਰਿਹਾ। ਨਾਲੇ ਪੇਕੇ ਕੰਡ ਤੇ ਨਾ ਹੋਣ ਤਾਂ ਸਹੁਰੇ ਘਰ ਵੀ ਕਿਹੜੀ ਕਦਰ ਹੁੰਦੀ ਏ ਤੀਵੀਂ ਦੀ, ਇਹੀ ਸੋਚ ਉਹਨੂੰ ਵਰਜਦੀ ਰਹੀ।

ਤਾਜੋ ਤੇ ਉਹਦੇ ਭਰਾ ਫੱਜੇ ਦਾ ਵਿਆਹ ਦੋ ਢਾਈ ਵਰ੍ਹੇ ਪਹਿਲਾਂ ਇਕੱਠਾ ਹੀ ਹੋਇਆ ਸੀ, ਇਕੋ ਘਰੇ ਤੇ ਬੜੀ ਔਖਤ ਨਾਲ ਹੋਈ ਸੀ ਇਹ ਕੁੜਮਾਈ। ਤਾਜੋ ਲਈ ਰਿਸ਼ਤਿਆਂ ਦੀ ਕੋਈ ਥੁੜ੍ਹ ਨਹੀਂ ਸੀ। ਰਿਸ਼ਤੇ ਦੀ ਘਾਟ ਸੀ ਤਾਂ ਬਸ ਉਹਦੇ ਭਰਾ ਫੱਜੇ ਟੀਰੇ ਲਈ ਹੀ। ਜਿਹਦੀਆਂ ਅੱਖਾਂ ਚੁੰਨ੍ਹੀਆਂ ਸਨ, ਨਾਲੇ ਉਹ ਇਕ ਅੱਖੋਂ ਟੀਰਾ ਵੀ ਸੀ ਤੇ ਅੱਖ ਜ਼ਰੀ ਪੰਘਲਾ ਕੇ ਵੇਖਣ ਪਾਰੋਂ ਈ ਲੋਕ ਉਹਨੂੰ ਫੱਜਾ ਟੀਰਾ ਬੋਲਦੇ ਸਨ। ਏਸ ਬੱਜ ਤੋਂ ਛੁੱਟ ਉਹਦਾ ਇਕ ਵਸਬ ਹੋਛਾ ਹੋਣ ਤੇ ਸੁਭਾਅ ਆਪਣੇ ਦਾ ਕੌੜਾਪਣ ਵੀ ਸੀ। ਐਬਾਂ ਦੀ ਟੋਹ ਵਿਚ ਰਹਿਣ ਵਾਲੇ ਸ਼ਰੀਕੇ ਲਈ ਐਨਾ ਕੁਝ ਕਾਫ਼ੀ ਸੀ। ਅੱਵਲ ਤਾਂ ਏਸ ਹਾਲ ਕੋਈ ਰਿਸ਼ਤਾ ਮਿਲਣਾ ਈ ਔਖਾ ਸੀ। ਭਲਾ ਅੱਖੀਂ ਡਿੱਠਾ ਥੁੱਕ ਕੌਣ ਚੱਟੇ ਪਰ ਜੇ ਕੋਈ ਆ ਵੀ ਜਾਂਦਾ ਤਾਂ ਸ਼ਰੀਕ ਭਾਨੀ ਮਾਰ ਦੇਂਦੇ।

ਏਸੇ ਗੇੜ ਫੱਜੇ ਦਾ ਰਿਸ਼ਤਾ ਭਾਲਦਿਆਂ ਤਾਜੋ ਲਈ ਵੀ ਕਈ ਰਿਸ਼ਤੇ ਆਏ, ਜੋ ਮਕਬੂਲ ਵੀ ਸਨ ਪਰ ਰੱਦੇ ਗਏ। ਸਿਰਫ਼ ਏਸੇ ਕਾਰਨ ਕਿ ਤਾਜੋ ਦੀ ਅਜੇ ਵਾਰੀ ਨਹੀਂ ਸੀ। ਫੱਜਾ ਕਿਉਂਕਿ ਵੱਡਾ ਸੀ ਤੇ ਘਰ ਵਾਲੇ ਪਹਿਲੇ ਉਹਦਾ ਵਿਆਹ ਈ ਚਾਹੁੰਦੇ ਸਨ। ਮਰਿਆਦਾ ਦੇ ਉਲਟ ਆਪਣੀ ਵਾਰੀ ਤੋਂ ਪਹਿਲੇ ਤਾਜੋ ਦਾ ਵਿਆਹ ਇਕ ਅਚਰਜ ਗੱਲ ਹੁੰਦੀ। ਲੋਕ ਉਹਦੀ ਪਵਿੱਤਰਤਾ 'ਤੇ ਸ਼ੱਕ ਕਰਦੇ ਕਿ ਪਿੰਡਾਂ ਵਿਚ ਅਜਿਹਾ ਵਿਆਹ ਉਸ ਕੁੜੀ ਦਾ ਕੀਤਾ ਜਾਂਦਾ ਏ, ਜਿਹਦੇ ਤੋਂ ਮਾਪਿਆਂ ਦੀ ਪੱਗ ਨੂੰ ਦਾਗ਼ ਲੱਗਣ ਦਾ ਖ਼ੌਫ਼ ਹੋਵੇ, ਪਰ ਤਾਜੋ ਤੋਂ ਉਹਦੇ ਮਾਪਿਆਂ ਨੂੰ ਅਜਿਹਾ ਕੋਈ ਡਰ ਖ਼ੌਫ਼ ਨਹੀਂ ਸੀ, ਉਹ ਨਿਚਿੰਤ ਸਨ ਤੇ ਉਨ੍ਹਾਂ ਦਾ ਮਤਾ ਫੱਜੇ ਦੇ ਵਿਆਹ ਦਾ ਈ ਸੀ ਤੇ ਉਹ ਅਜੇ ਫੱਜੇ ਦਾ ਰਿਸ਼ਤਾ ਈ ਭਾਲਦੇ ਫਿਰਦੇ ਸਨ।

ਗੱਲ ਹਮੇਸ਼ ਕੁੜੀ ਵਾਲੇ ਪਾਸਿਓਂ ਰਹਿ ਜਾਂਦੀ ਸੀ। ਉਹ ਆ ਕੇ ਵੇਖਦੇ ਤੇ ਵੇਖ ਕੇ ਚਲੇ ਜਾਂਦੇ, ਪਿੱਛੋਂ ਕੁਝ ਦਿਨਾਂ ਬਾਅਦ 'ਨਾਂਹ' ਦਾ ਜਵਾਬ ਆ ਜਾਂਦਾ ਸੀ। ਕਈ ਲੋਕਾਂ ਨੂੰ ਫੱਜਾ ਪਸੰਦ ਨਾ ਆਉਂਦਾ, ਬਾਅਜ ਥਾਂ ਸ਼ਰੀਕ ਭਾਨ ਮਾਰ ਦੇਂਦੇ। ਇਕ-ਦੋ ਵਾਰ ਜਦ ਮੰਗੇਵਾਂ ਹੁੰਦਾ-ਹੁੰਦਾ ਰਹਿ ਗਿਆ ਤਾਂ ਫੱਜੇ ਨੇ ਕੌੜੀਜ ਕੇ ਗਲੀ ਮਹੱਲੇ ਨੂੰ ਗਾਲ੍ਹ ਮੰਦਾ ਚਾ ਕੀਤਾ। 'ਕਿਸੇ ਨੇ ਕੁੜੀ ਦੇਣੀ ਏ ਆਪਣੀ ਤਾਂ ਸਿੱਧੀ ਤਰ੍ਹਾਂ ਗੱਲ ਕਰੇ...,' ਉਹ ਵਿਹੜੇ ਵਿਚ ਖਲੋਤਾ ਕਿੰਨੀ ਦੇਰ ਹਬੇ-ਤਬੇ ਬੋਲਦਾ ਰਿਹਾ। ਉਹਨੂੰ

ਉੱਚੀ ਬੋਲਦਾ ਵੇਖ ਆਂਢ-ਗੁਆਂਢ ਆਣ ਇਕੱਠਾ ਹੋਇਆ ਸੀ।

'ਕਿਸੇ ਨੂੰ ਤੇਰਾ ਸਾੜਾ ਏ ਬੀਬਾ ?'

'ਲੋਕਾਂ ਭਲਾ ਕੋਈ ਤੇਰੇ ਮਰਲੇ ਸਾਂਭਣੇ ਨੇ ?'

'ਡਿੱਗਾ ਖੋਤੇ ਤੋਂ ਗੁੱਸਾ ਘੁਮਿਆਰ 'ਤੇ।'

'ਲੈ ਖਾਂ ਪਸੰਦ ਆਪ ਨਾ ਆਵੇ ਗਾਲ੍ਹੀਂ ਲੋਕਾਂ ਨੂੰ।'

ਫੱਜੇ ਦੇ ਚੁੱਪ ਹੋਣ ਸਾਰ ਈ ਇੰਜ ਬੁੜ-ਬੁੜ ਕਰਦੀ ਇਕ ਭੀੜ ਖਿੰਡ ਗਈ ਸੀ।

ਏਸ ਗਾਲ੍ਹ ਮੰਦੇ ਪਿੱਛੋਂ ਸਾਕ ਮਿਲਣ ਦੀ ਰਹੀ ਸਹੀ ਆਸ ਵੀ ਮੁੱਕ ਗਈ ਤੇ ਫੱਜੇ ਕਿਆਂ ਰਿਸ਼ਤੇ ਭਾਲਣੇ ਛੱਡ ਦਿੱਤੇ। ਓੜਕ ਕੋਈ ਪੁੱਗਦਾ ਤੇ ਹੈ ਨਹੀਂ ਸੀ।

'ਮੈਂ ਤੇ ਆਖਦਾਂ ਕਿਧਰੇ ਆਹ ਢੇਰੀ ਔਂਤਰ ਨਾ ਜਾਊ,' ਫੱਜੇ ਦੇ ਸਾਰੇ ਹਾਣੀ ਜਦੋਂ ਦੋ-ਦੋ ਚਾਰ-ਚਾਰ ਬਾਲਾਂ ਦੇ ਪਿਉ ਬਣ ਗਏ ਤਾਂ ਉਸ ਘਰ ਵਾਲਿਆਂ ਨੂੰ ਇਹ ਕਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਵੀ ਏਸ ਗੱਲ ਦੀ ਚਿੰਤਾ ਹੋਈ ਤੇ ਫਿਰ ਤਾਜੋ ਦੇ ਵੱਟੇ ਵਿਚ ਫੱਜੇ ਦਾ ਰਿਸ਼ਤਾ ਢੂੰਡਿਆ ਜਾਣ ਲੱਗਾ, ਜੋ ਛੇਤੀ ਹੀ ਮਿਲ ਗਿਆ। ਜੇ ਕਿਸੇ ਨੇ ਚੁੰਨ੍ਹੇ ਤੇ ਟੀਰ੍ਹੇ ਨੂੰ ਕੁੜੀ ਦਾ ਸਾਕ ਦਿੱਤਾ ਸੀ ਤਾਂ ਆਪਣੇ ਅੱਧਖੜ ਤੇ ਥੱਥੇ ਲਈ ਤਾਜੋ ਦਾ ਰਿਸ਼ਤਾ ਲਿਆ ਵੀ ਸੀ। ਆਪਣੇ ਵੱਲੋਂ ਦੋਵੇਂ ਧਿਰਾਂ ਸਾਵੀਆਂ ਰਹੀਆਂ ਸਨ। ਕਸਰ ਕਿਧਰੇ ਜੇ ਲੱਗੀ ਸੀ ਤਾਂ ਉਹ ਲੱਗੀ ਸੀ ਤਾਜੋ ਨੂੰ ਜਾਂ ਫਿਰ ਉਹਦੀ ਹੋਣ ਵਾਲੀ ਭਰਜਾਈ ਨੂੰ।

'ਹੋਰ ਤਾਂ ਸਭ ਠੀਕ ਏ ਮੁੰਡਾ ਜਰੀ ਗੱਲ ਲਮਕਾ ਕੇ ਕਰਦਾ ਏ।' ਤਾਜੋ ਨੂੰ ਉਹਦੇ ਵਰ ਬਾਰੇ ਜਦੋਂ ਦੱਸਿਆ ਗਿਆ ਤਾਂ ਉਹ ਮਨ ਈ ਮਨ ਵਿਚ ਬੜਾ ਝੂਰੀ। 'ਇਕ ਕਿਆਰੇ ਕੇਸਰ ਗੁਡਿਆ, ਦੂਏ ਕਿਆਰੇ ਲਈਆਂ (ਨਹਿਰੀ ਬੂਟੀ) ਬਾਬਲ ਵੇ ਵਰ ਐਸਾ ਦੇਵੀਂ ਰੀਸ ਕਰੇਸਣ ਸਈਆਂ।' ਕੁੜੀਆਂ ਦਾ ਇਹ ਗੌਣ ਜਿਹੜਾ ਉਹਨੇ ਆਪ ਵੀ ਕਈ ਵਾਰ ਗਾਇਆ ਸੀ, ਉਹਨੂੰ ਚੇਤੇ ਆਉਂਦਾ ਤਾਂ ਹਿਰਦੇ ਪੀੜ ਪੈਂਦੀ। ਓਦੋਂ ਉਹਦਾ ਜੀ ਕਰਦਾ ਉਹ ਹੁਣ ਇੰਝ ਕੂਕਾਂ ਮਾਰੇ, 'ਇਕ ਕਿਆਰੇ ਥੋਹੜ ਉਗਿਆ ਦੂਏ ਕਿਆਰੇ ਭੱਖੜਾ, ਆਓ ਸਈਓ ਰਲ ਤਾਅਨੇ ਮਾਰੋ ਵਰ ਮਿਲਿਆ ਮੈਨੂੰ ਥਥੜਾ।'

ਉਸ ਹਮੇਸ਼ ਆਪਣੀਆਂ ਸੱਜ ਵਿਆਹੀਆਂ ਸਹੇਲੀਆਂ ਨੂੰ ਉਨ੍ਹਾਂ ਦੇ ਖਾਵੰਦ ਬਾਰੇ ਮਜ਼ਾਕ ਕੀਤੇ ਸੀ। ਉਨ੍ਹਾਂ ਨੂੰ ਚੋਭੜਾਂ ਲਾਈਆਂ ਸਨ ਤੇ ਆਪਣੇ ਲਈ ਸਦਾ ਇਕ ਚੰਗੇ ਵਰ ਦੀ ਆਸ ਕੀਤੀ ਸੀ। ਕਿਸੇ ਵੀ ਬਜ ਤੋਂ ਪਾਕ ਵਰ ਦੀ, ਇਕ ਅਜਿਹਾ ਵਰ ਜੀਹਦੇ 'ਤੇ ਸਖੀਆਂ ਵਿਚ ਮਾਣ ਕੀਤਾ ਜਾ ਸਕੇ। ਉਹਨੂੰ ਅਜ਼ੀਜ਼ ਮਿਸਰ ਦੀ ਤ੍ਰੀਮਤ, ਯੂਸਫ਼ ਜ਼ੁਲੇਖਾਂ ਦੇ ਕਿੱਸੇ ਵਿਚਲੀ ਤ੍ਰੀਮਤ 'ਤੇ ਬੜਾ ਰਸ਼ਕ ਆਉਂਦਾ। ਉਸ ਬੀਬੀ ਆਪਣੀਆਂ ਸਹੇਲੀਆਂ ਨੂੰ ਜਦੋਂ ਯੂਸਫ਼ ਦੇ ਦਰਸ਼ਨ ਕਰਵਾਏ ਸਨ ਤਾਂ ਬੇਸੁਰਤੀ ਵਿਚ ਉਨ੍ਹਾਂ ਆਪਣੀਆਂ ਉਂਗਲੀਆਂ ਵੱਢ ਲਈਆਂ ਸਨ। ਤਾਜੋ ਵੀ ਚਾਹੁੰਦੀ ਸੀ ਕਿ ਉਹਦੀਆਂ ਸਖੀਆਂ ਸਹੇਲੀਆਂ ਜਦ ਉਹਦੇ ਸਿਰ ਦੇ ਸਾਈਂ ਨੂੰ ਵੇਖਣ ਤਾਂ ਆਪਣੀਆਂ ਉਂਗਲੀਆਂ ਤਾਂ ਉਹ ਬੇਸ਼ੱਕ ਨਾ ਵੱਢਣ ਪਰ ਇਹ ਜ਼ਰੂਰ ਹੋਵੇ ਕਿ ਉਨ੍ਹਾਂ ਦੀਆਂ ਜੀਭਾਂ ਗੁੰਗ ਹੋ ਜਾਣ ਤੇ ਉਹ ਉਹਦੀ ਖਿੱਲੀ ਨਾ ਉਡਾ ਸਕਣ।

ਤਾਜੋ ਦੀ ਜਾਚੇ ਅਜਿਹਾ ਵਰ ਜੇ ਕੋਈ ਹੈ ਸੀ ਤਾਂ ਇਕ ਉਹਦੀ ਖ਼ਾਲਾ ਦਾ ਮੁੰਡਾ ਈ ਸੀ। ਜਿਹਦੇ ਉਹਨੇ ਸੁਫ਼ਨੇ ਵੇਖੇ ਸਨ ਤੇ ਆਪਣੇ ਮਨ ਵਿਚ ਜਿਹਦੀ ਖਿੱਚ ਮਹਿਸੂਸ ਕੀਤੀ ਸੀ। ਸ਼ਾਇਦ ਉਹਦੇ ਇਹ ਸੁਫ਼ਨੇ ਪੂਰੇ ਵੀ ਹੋ ਜਾਂਦੇ, ਜੇ ਇਹ ਵੱਟੇ-ਸੱਟੇ ਵਾਲੀ ਅੜਚਣ ਨਾ ਪੈਂਦੀ। ਖ਼ਾਲਾ ਨੇ ਕਿੰਨਾ ਜ਼ੋਰ ਲਾਇਆ ਸੀ ਤਾਜੋ ਦੇ ਸਾਕ ਲਈ ਪਰ ਉਹਦੇ ਆਪਣੇ ਘਰਵਾਲਿਆਂ ਦੀ 'ਦੇ ਵੀ ਦਿਓ ਤੇ ਲੈ ਵੀ ਲਉ' ਵਾਲੀ ਜ਼ਿੱਦ ਆਰੇ ਆ ਗਈ ਸੀ।

'ਨਾ ਭਈ ਮੈਂ ਜੁ ਭਲਕ ਨੂੰ ਏਸ ਮੇਲ ਮੁਲਾਕਾਤ ਤੋਂ ਵੀ ਜਾਊਂ, ਸੌ ਗੱਲਾਂ ਨਿਕਲ ਆਉਂਦੀਆਂ ਨੇ, ਓੜਕ ਏਸ ਵੱਟੇ-ਸਿੱਟੇ ਵਿਚ,' ਖਾਲਾ ਨੇ ਕਿਹਾ ਤੇ ਅਖ਼ੀਰ, 'ਫੱਜਾ ਮੇਰੀ ਕੁੜੀ ਦੇ ਹਾਣ ਈ ਨਹੀਂ,



ਜੋੜ ਈ ਨਹੀਂ ਬਣਦਾ ਕੋਈ,' ਆਖਦਿਆਂ ਖਾਲਾ ਨੇ ਰਿਸ਼ਤੇ ਵਾਲੀ ਗੱਲ ਠੱਪ ਕਰ ਦਿੱਤੀ ਸੀ।

ਵਿਆਹ ਪਿੱਛੋਂ ਦੋਨਾਂ ਪਾਸੇ ਨਨਾਣ ਭਰਜਾਈ ਦਾ ਰਿਸ਼ਤਾ ਹੋਣ ਪਾਰੋਂ ਜੋ ਗੱਲਾਂ ਨਿਕਲਣੀਆਂ ਚਾਹੀਦੀਆਂ ਸਨ ਉਹ ਨਹੀਂ ਸੀ ਨਿਕਲੀਆਂ। ਆਖ਼ਰ ਇਹ ਗੱਲਾਂ ਨਿਕਲਣੀਆਂ ਕਿਸ ਵੱਲੋਂ ਸੀ, ਤਾਜੋ ਤੋਂ ਜਾਂ ਉਹਦੀ ਭਰਜਾਈ ਤੋਂ ?

ਤਾਜੋ ਨੂੰ ਤੇ ਵਿਆਹ ਤੋਂ ਪਹਿਲੇ ਈ ਆਪਣੀ ਹੋਣ ਵਾਲੀ ਭਰਜਾਈ ਨਾਲ ਹਮਦਰਦੀ ਜਿਹੀ ਹੋ ਗਈ ਸੀ ਤੇ ਵਿਆਹ ਤੋਂ ਬਾਅਦ ਉਹਦੀ ਭਰਜਾਈ ਦਾ ਵਰਤਾਰਾ ਵੀ ਉਹਦੇ ਨਾਲ ਸਖੀਆਂ ਸਹੇਲੀਆਂ ਵਾਲਾ ਈ ਰਿਹਾ ਸੀ, ਨਨਾਣ ਰਜਾਈ ਵਾਲਾ ਨਹੀਂ। ਇਹਦਾ ਕਾਰਨ ਸ਼ਾਇਦ ਦੋਨਾਂ ਦੇ ਦੁੱਖ ਦੀ ਸਾਂਝ ਸੀ ਕਿ ਉਹ ਦੋਵੇਂ ਈ ਸਮਾਜ ਦੇ ਚਾਲੂ ਵਿਹਾਰ ਹੱਥੋਂ ਧਰੋਹ ਦਾ ਸ਼ਿਕਾਰ ਹੋਈਆਂ ਸਨ।

ਤਾਜੋ ਦਾ ਘਰ ਵਾਲਾ ਥੱਥਾ ਵੀ ਸੀ ਤੇ ਉਮਰੋਂ ਢੇਰ ਵੱਡਾ ਵੀ। 'ਨੀ ਤੈਨੂੰ ਉਹਦੀ ਗੱਲ ਦੀ ਸਮਝ ਕਿਵੇਂ ਆਉਂਦੀ ਏ ਤ.. ਤਤ... ਤਤ... ਅ... ਜੋ।' ਮੁਕਲਾਵੇ 'ਤੇ ਜਦ ਇਕ ਸਹੇਲੀ ਨੇ ਉਹਦੇ ਖਾਵੰਦ ਦਾ ਸਾਂਗ ਲਾ ਕੇ ਕਿਹਾ ਤਾਂ ਉਥੇ ਮੌਜੂਦ ਸਾਰੀਆਂ ਈ ਕੁੜੀਆਂ ਤਾੜੀ ਮਾਰ ਕੇ ਹੱਸ ਪਈਆਂ ਸੀ ਤੇ ਉਸ ਤੋਂ ਅੱਗੋਂ ਜਵਾਬ ਵਿਚ ਝੂਠਾ 'ਚੱਲ ਨੀ ਚੱਲ' ਵੀ ਕਹਿ ਨਹੀਂ ਸੀ ਹੋਇਆ। ਜੋ ਕੁਝ ਵੀ ਸੀ ਤਾਜੋ ਹੁਣ ਆਪਣਾ ਘਰ ਬਣਾ ਕੇ ਬਹਿ ਗਈ ਹੋਈ ਸੀ, ਬਿਲਕੁਲ ਆਪਣੀ ਭਰਜਾਈ ਦੀ ਤਰ੍ਹਾਂ ਤੇ ਫਿਰ ਉਹ ਘਰ ਅਜਿਹਾ ਛੁੱਟਿਆ ਕਿ ਮੁੜ ਮੂੰਹ ਵੇਖਣ ਵੀ ਨਾ ਹੋਇਆ ਉਹਦਾ। ਹੁਣ ਉਹ ਪੇਕੇ ਘਰ ਆਪਣੀ ਬਾਲੜੀ ਦੇ ਆਹਰੇ ਦਿਨ ਪਈ ਕੱਟਦੀ ਸੀ। ਤਾਜੇ ਦੇ ਭਾਣੇ ਇਹ ਉਹਦੇ ਸਹੁਰਿਆਂ ਦਾ ਉਹਦੇ ਨਾਲ ਕੀਤਾ ਹੋਇਆ ਇਕ ਭਲਾ ਈ ਸੀ ਕਿ ਉਨ੍ਹਾਂ ਬਾਲੜੀ ਲਿਖ ਕੇ ਦੇ ਦਿੱਤੀ ਸੀ। ਉਹ ਨਹੀਂ ਜਾਣਦੀ ਕਿ ਬਾਲੜੀ ਨੂੰ ਅਗਲਿਆਂ ਕੀ ਕਰਨਾ ਸੀ, ਮੁੰਡਾ ਹੁੰਦਾ ਤਾਂ ਰੱਖ ਵੀ ਲੈਂਦੇ। ਆਪਣੇ ਵੱਲੋਂ ਤੇ ਉਨ੍ਹਾਂ ਆਪਣਾ ਪੱਲਾ ਪਾਕ ਕੀਤਾ ਸੀ ਤਾਂ ਜੋ ਅਗਦੋਂ ਸਾਕ ਮਿਲਣ ਵਿਚ ਸੌਖ ਰਵ੍ਹੇ, ਨਾਲੇ ਖਰਚੇ ਦੇ ਦਾਅਵੇ ਤੋਂ ਵੀ ਚੁੰਡ ਛੁੱਟੀ।

ਤਾਜੋ ਨੂੰ ਤਲਾਕ ਮਿਲਦੇ ਈ ਇਹਦੇ ਵੱਟੇ ਵਿਚ ਦੁਬਾਰਾ ਫੱਜੇ ਲਈ ਨਵੇਂ ਰਿਸ਼ਤੇ ਦੀ ਭਾਲ ਹੋਣ ਲੱਗੀ। ਹੁਣ ਕੋਈ ਰਿਸ਼ਤਾ ਮਿਲਣਾ ਔਖਾ ਸੀ, ਪਹਿਲੇ ਨਾਲੋਂ ਵੀ ਕਿਧਰੇ ਔਖਾ ਕਿ ਉਹਦੇ ਪਿਛਲੇ ਐਬਾਂ ਵਿਚ ਢਲਦੀ ਹੋਈ ਉਮਰ ਹੁਣ ਇਕ ਹੋਰ ਬਜ ਦਾ ਵਾਧਾ ਸੀ। ਮੁੰਡਿਆਂ ਵਾਲੀ ਤਾਂ ਅਸਲੋਂ ਫੱਜੇ ਵਿਚ ਕੋਈ ਗੱਲ ਈ ਨਹੀਂ ਸੀ ਰਹਿ ਗਈ ਹੋਈ। ਏਸ ਹਾਲ ਜੇ ਕੋਈ ਅੜਿਆ—ਥੁੜਿਆ ਆ ਵੀ ਜਾਂਦਾ ਤਾਂ ਅੱਗੋਂ ਤਾਜੋ ਦੀ ਬਾਲੜੀ ਵੇਖ ਜਰਕ ਜਾਂਦਾ। ਅਖੇ—'ਕੀ ਪਤਾ ਅਗਲੇ ਦਾ ਖ਼ੂਨ ਕਿੰਝ ਦਾ ਸੀ, ਕੱਲ੍ਹ ਨੂੰ ਖੌਰੇ ਜਵਾਨ ਹੋ ਕੇ ਬਾਲੜੀ ਕਿੰਝ ਦੀ ਨਿਕਲੇ।' ਤੇ ਰਿਸ਼ਤਾ ਵੇਖਣ ਆਏ ਆਪਣੇ-ਆਪ ਨੂੰ ਭਲਕ ਦੇ ਏਸ ਕਲੰਕ ਤੋਂ ਬਚਾ ਕੇ ਚਲੇ ਜਾਂਦੇ।

ਤੇ ਅੱਜ ਫਿਰ ਕੁਝ ਲੋਕ ਤਾਜੋ ਤੇ ਉਹਦੇ ਭਰਾ ਫੱਜੇ ਨੂੰ ਵੇਖਣ ਆ ਰਹੇ ਸੀ। ਉਨ੍ਹਾਂ ਨਾਲ ਰਿਸ਼ਤੇ ਦੀ ਗੱਲ ਕਈ ਦਿਨਾਂ ਤੋਂ ਚੱਲਦੀ ਪਈ ਸੀ। ਫੱਜੇ ਹੋਰੀਂ ਝਾਤੀ ਮਾਰ ਆਏ ਸਨ ਤੇ ਆਪਣੇ ਵੱਲੋਂ 'ਹਾਂ' ਦਾ ਇਸ਼ਾਰਾ ਵੀ ਕਰ ਆਏ ਸੀ। ਐਦਕੀਂ ਅਗਲਿਆਂ ਨੂੰ ਤਾਜੋ ਦੀ ਬਾਲੜੀ ਦਾ ਅਗਦੋਂ ਦੱਸ ਦਿੱਤਾ ਸੀ ਤੇ ਉਨ੍ਹਾਂ ਨੂੰ ਵੀ ਤਾਜੋ ਦੇ ਨਾਲ ਉਹਦੀ ਬਾਲੜੀ ਦੇ ਹੋਣ ਦਾ ਕੋਈ ਇਤਰਾਜ਼ ਨਹੀਂ ਸੀ। ਕਿਉਂਕਿ ਫੱਜੇ ਕਿਆਂ ਦੇ ਗਰਜ਼ਮੰਦ ਹੋਣ ਦੀ ਤਰ੍ਹਾਂ ਉਹ ਵੀ ਕੋਈ ਲੋੜਵੰਦ ਈ ਸਨ। ਫੱਜੇ ਦੀ ਹੋਣ ਵਾਲੀ ਤੀਵੀਂ ਨੂੰ ਕਿਧਰੋਂ ਪਹਿਲੇ ਤੋਂ ਤਲਾਕ ਮਿਲੀ ਹੋਈ ਸੀ ਤੇ ਫੱਜੇ ਦੇ ਹਾਣ ਉਹ ਵੀ ਅਧਖੜ ਈ ਸੀ। ਤਾਜੋ ਦਾ ਜੋੜ ਐਦਕੀਂ ਥੱਥਾ ਤੇ ਭਾਵੇਂ ਨਹੀਂ ਸੀ, ਭਰ ਉਹਦੇ ਤੋਂ ਦੂਣੀ ਉਮਰ ਦਾ ਜ਼ਰੂਰ ਸੀ, ਜਿਹਦੀ ਘਰਵਾਲੀ ਨੂੰ ਮੋਇਆਂ ਅਜੇ ਥੋੜ੍ਹਾ ਚਿਰ ਈ ਹੋਇਆ ਸੀ।

ਇਕ ਵਾਰ ਫਿਰ ਇਹ ਸਭ ਉਹਦੀ ਮਰਜ਼ੀ ਦੇ ਖ਼ਿਲਾਫ਼ ਹੋ ਰਿਹਾ ਸੀ। ਕੁਝ ਲੋਕ ਏਥੇ ਪ੍ਰਾਹੁਣੇ ਆਉਣ ਵਾਲੇ ਸੀ ਤੇ ਤਾਜੋ ਵਿਹੜੇ ਦੀ ਇਕ ਨੁੱਕਰੇ ਗ਼ਮ ਦੀ ਮੂਰਤ ਬਣੀ ਬੈਠੀ ਸੀ। ਉਹ ਅਹਿਤਜਾਜ ਨਹੀਂ ਸੀ ਕਰ ਕਰਦੀ। ਹੱਥ ਛੁੱਟ ਫੱਜੇ ਤੋਂ ਹੱਡੀਆਂ ਨਹੀਂ ਸੀ ਤੜਵਾ ਸਕਦੀ।

ਅਹਿਤਜਾਜ ਤੇ ਉਹਨੇ ਕਦੀ ਬਾਲਪੁਣੇ ਵਿਚ ਕੀਤਾ ਹੋਵੇ ਤਾਂ ਸ਼ਾਇਦ। ਉਦੋਂ ਵੀ ਉਹਦੇ ਅਹਿਤਜਾਜ ਨੂੰ ਉਹਦੀ ਜ਼ਿੱਦ ਆਖ ਕੇ ਟਾਲ ਦਿੱਤਾ ਜਾਂਦਾ ਸੀ। ਚਾਰ ਜੀਆਂ ਦੀ ਕਬੀਲਦਾਰੀ ਵਿਚ ਜਦ ਸਭ ਕੁਝ ਹੁੰਦੇ ਸੁੰਦੇ ਵੀ ਉਹਨੂੰ ਕਦੀ ਰਜਵਾਂ ਟੁੱਕ ਨਹੀਂ ਸੀ ਜੁੜਿਆ, ਕਦੇ ਚੰਗਾ ਲੀੜਾ-ਲੱਤਾ ਨਹੀਂ ਸੀ ਮਿਲਿਆ, ਕਿਸੇ ਮੇਲੇ-ਥੇਲੇ ਤੇ ਕਦੀ ਨਹੀਂ ਸੀ ਲੈ ਜਾਇਆ ਗਿਆ ਤੇ ਕਿਧਰੇ ਵਾਂਢੇ ਨਹੀਂ ਸੀ ਰਹਿਣ ਦਿੱਤਾ ਗਿਆ। ਸਿਰਫ਼ ਏਸ ਲਈ ਕਿ ਉਹ ਇਕ ਕੁੜੀ ਸੀ ਤੇ ਇਹਦੇ ਉਲਟ ਇਹ ਸਭ ਕੁਝ ਫੱਜੇ ਨੂੰ ਹਾਸਲ ਸੀ, ਬਸ ਏਸ ਲਈ ਕਿ ਉਹ ਇਕ ਮੁੰਡਾ ਸੀ। ਬਾਲਪੁਣੇ ਵਿਚ ਉਹ ਫੱਜੇ ਵਿਚ ਸਾਵਿਆਂ ਹੋਣ ਦੀ ਜ਼ਿੱਦ ਕਰਦੀ ਤੇ ਅੱਗੋਂ ਫੱਜਾ 'ਤੈਨੂੰ ਪਤਾ ਨਹੀਂ ਤੂੰ ਕੁੜੀ ਏਂ' ਆਖਦਿਆਂ ਉਹਨੂੰ ਪਟਕ ਕਰਦੀ ਚਪੇੜ ਕੱਢ ਮਾਰਦਾ। 'ਨਹੀਓਂ ਵੱਜੀ ਤੇਰੀ ਕਾਣੀ ਅੱਖ ਭੱਜੀ' ਕਦੀ ਉਹ ਵਾਰ ਬਚਾ ਕੇ ਕਹਿੰਦੀ ਤਾਂ ਫੱਜਾ ਟੀਰ੍ਹਾ ਏਸ ਕਾਣੀ ਅੱਖ ਵਾਲੀ ਚੋਂਭੜ ਤੋਂ ਚਿੜ ਕੇ ਹੋਰ ਮਾਰਦਾ।

ਔਰਤ ਜ਼ਾਤ ਤੋਂ ਵਧ ਕੇ ਵੀ ਕੋਈ ਸੰਤੋਖੀ ਹੋਣਾ ਏ ਭਲਾ ? ਘਰ ਦੀ ਚਾਰਦੀਵਾਰੀ ਵਿਚ ਬਾਲਪੁਣੇ ਤੋਂ ਈ ਜਦ ਉਹਦੀਆਂ ਨਿੱਕੀਆਂ-ਨਿੱਕੀਆਂ ਸੱਧਰਾਂ ਨੂੰ 'ਤੂੰ ਕੁੜੀ ਏਂ' ਆਖ ਕੇ ਵਰਜਿਆ ਜਾਂਦਾ ਏ ਤਾਂ ਜਵਾਨ ਹੋ ਕੇ ਫਿਰ ਘਰ ਤੋਂ ਬਾਹਰ ਸਮਾਜ ਦੇ ਵਿਸ਼ਾਲ ਘੇਰੇ ਵਿਚ ਵੀ ਆਪਣੇ ਨਾਲ ਹੋਣ ਵਾਲੇ ਧਰੋ ਨੂੰ ਸਹਿ ਜਾਣ ਦੀ ਆਦਤ ਜਿਹੀ ਹੋ ਜਾਂਦੀ ਏ ਔਰਤ ਨੂੰ। ਇਹੀ ਵਜ੍ਹਾ ਏ ਤਾਜੋ ਅਹਿਤਜਾਜ ਨਹੀਂ ਸੀ ਕਰ ਸਕਦੀ ਪਰ ਝੂਰ ਸਕਦੀ ਸੀ, ਉਹ ਵੀ ਮਨ ਈ ਮਨ ਅੰਦਰ ਤੇ ਸਕਦੀ ਸੀ, ਪਰ ਬੁੱਲ੍ਹ ਚਿੱਥ ਕੇ।

ਤਾਈ ਜੰਨਤੇ ਨੇ ਤਾਜੋ ਨੂੰ ਉਠਾਲ ਦਿੱਤਾ ਤਾਂ ਉਹ ਨਿੱਕੇ-ਨਿੱਕੇ ਡਗ ਭਰਦੀ, ਮੂੰਹ ਹੱਥ ਧੋਣ ਲਈ ਖੁਰੇ ਵਿਚ ਆ ਖੜੀ ਹੋਈ। ਉਹਨੇ ਬਾਲੜੀ ਨੂੰ ਵੇਖਿਆ, ਉਹ ਹੁਣ ਆਪਣੇ ਧਿਆਨ ਵਿਹੜੇ ਵਿਚ ਖੇਡ ਰਹੀ ਸੀ।

ਘਰ ਵਿਚ ਇਕ ਸੋਗ ਭਿੰਨੀ ਡੌਰ ਬਾਉਰੀ ਚੁੱਪ ਸੀ। ਐਨੀ ਚੁੱਪ ਕਿ ਘਰ ਨਾਲ ਜੁੜਵੇਂ ਡੰਗਰਾਂ ਦੇ ਵਾੜੇ ਵਿਚ ਹੋਣ ਵਾਲੀ ਗੱਲਬਾਤ ਖੁਰੇ ਵਿਚ ਸਾਫ਼ ਸੁਣੀ ਜਾਂਦੀ ਸੀ।

ਉਧਰ ਨਵੀਂ ਲਿਆਂਦੀ ਮੱਝ ਕੋਲ ਖੜੋਤਾ ਕੋਈ ਬੰਦਾ ਫੱਜੇ ਨਾਲ ਗੱਲਾਂ ਵਿਚ ਰੁੱਝਾ ਸੀ।

'ਲਵੇਰੀ ਤਾਂ ਚੰਗੀ ਏ ਪਈ ਕਿੰਨੇ ਦੀ ਲਿਆਂਦੀ ਊ ?'

'ਬਸ ਢੋਅ ਲੱਗ ਗਿਆ ਸਮਝ।'

'ਫਿਰ ਵੀ ਕੁਝ ਪਤਾ ਤੇ ਲੱਗੇ।'

'ਉਹ ਮੀਣੇ ਸਿੰਗਾਂ ਵਾਲੀ ਬੂਰੀ ਨਹੀਂ ਸੀ ਆਪਣੀ।'

'ਆਹੋ।'

'ਉਹਦੇ ਤੋਂ ਵਟਾਂਦਰਾ ਲਾਇਆ ਏ।'

ਤਾਜੋ ਦਾ ਮਨ ਪੀੜ ਨਾਲ ਭਰ ਗਿਆ ਤੇ ਅੱਖੀਆਂ ਵਿਚ ਤਰਦੇ ਹੰਝੂਆਂ ਤੋਂ ਪਰ੍ਹੇ ਮਨ ਦੇ ਪਾਤਾਲ ਵਿਚਲੇ ਦੁੱਖ ਦਾ ਪਰਛਾਵਾਂ ਚਿਹਰੇ 'ਤੇ ਹੋਰ ਗੂੜ੍ਹਾ ਹੋ ਗਿਆ। ਏਸ ਪਲ ਔਰਤ ਉਹਨੂੰ ਬੜੀ ਈ ਹੀਣੀ ਜਾਪੀ। ਉਹਨੂੰ ਲੱਗਾ ਜਿਵੇਂ ਉਹ ਕੋਈ ਮੱਢ ਗਾਂ ਹੋਵੇ, ਜਿਹਦਾ ਕਿਸੇ ਵੀ ਦੂਜੀ ਮੱਝ ਗਾਂ ਨਾਲ ਵਟਾਂਦਰਾ ਹੋ ਸਕਦਾ ਏ ਏਸ ਨਰ ਪ੍ਰਧਾਨ ਸਮਾਜ ਦੀ ਚਾਲੂ ਮੰਡੀ ਵਿਚ...।



## ਪੰਜਾਬ ਦੀ ਲੋਕਾਈ ਉੱਤੋਂ ਹਟੱਕ ਚੁੱਕੋ/ਮਕਸੂਦ ਸਾਕਿਬ

ਪੰਜਾਬ ਵਿਚ ਮਾਂ ਬੋਲੀ ਪੰਜਾਬੀ ਉੱਤੇ ਹਟਕ ਲੱਗਿਆਂ ਡੂੜ੍ਹ ਸੌ ਵਰ੍ਹਾ ਪਿਆ ਹੁੰਦਾ ਏ । ਇਸ ਡੂੜ੍ਹ ਸੌ ਵਰ੍ਹੇ ਵਿਚ ਅੰਗਰੇਜ਼ ਇਥੋਂ ਚਲਾ ਗਿਆ ਏ, ਪਾਕਿਸਤਾਨ ਬਣ ਗਿਆ ਏ, ਅਸੀਂ ਅਜ਼ਾਦ ਹੋ ਗਏ ਆਂ, ਪਰ ਪੰਜਾਬੀ ਪੜ੍ਹਨ ਲਿਖਣ ਤੇ ਪੰਜਾਬੀ ਰਾਹੀਂ ਸਰਕਾਰੀ ਨੌਕਰੀ ਉੱਤੇ ਹਟਕ ਉਂਜ ਦੀ ਉਂਜ ਏ । ਅੰਗਰੇਜ਼ਾਂ ਪੰਜਾਬੀ ਨੂੰ ਡੱਕਾ ਲਾ ਕੇ ਜਿਵੇਂ ਪੰਜਾਬ ਦੀ ਲੋਕ ਵਸੋਂ ਨੂੰ ਡੰਗਰ ਪ੍ਰਚਾਰਿਆ ਸੀ ਸਗਵਾਂ ਅੱਜ ਵੀ ਪੰਜਾਬੀ ਦੇ ਪੜ੍ਹਾਈ ਲਿਖਾਈ ਤੇ ਸਰਕਾਰੀ ਕਾਰ ਰੁਜ਼ਗਾਰ ਦੀ ਬੋਲੀ ਨਾ ਹੋਵਣ ਪਾਰੋਂ ਲੋਕ ਵਸੋਂ ਨੂੰ ਡੰਗਰ ਈ ਜਾਣਿਆ ਜਾਂਦਾ ਏ । ਅੱਜ ਵੀ ਇਹੋ ਵਸੋਂ ਏ ਜਿਹੜੀ ਉਤਲੇ ਮੇਲਾਂ ਨੂੰ ਪਾਲਦੀ ਪਈ ਏ । ਨਿਰਾ ਪਾਲਦੀ ਈ ਨਹੀਂ ਸਗੋਂ ਉਤਲੇ ਮੇਲਾਂ ਦੀ ਮਲ ਮਾਲਕੀ ਦੇ ਝੁਗੇ ਵੀ ਭਰਦੀ ਪਈ ਏ, ਪਰ ਇਹਨੂੰ ਇਨਸਾਨ ਹੋਵਣ ਦਾ ਸਰਕਾਰੀ ਸਰਨਾਮਾ ਅਜੇ ਤੀਕਰ ਨਹੀਂ ਜੁੜ ਸਕਿਆ । ਪੜ੍ਹਾਈ ਲਿਖਾਈ ਤੇ ਸਰਕਾਰੀ ਕੰਮਾਂ ਕਾਰਾਂ ਦੇ ਬੂਹੇ ਇਹਦੇ ਉੱਤੇ ਉਂਜ ਈ ਬੰਦ ਨੇਂ ਜਿਵੇਂ ਅੰਗਰੇਜ਼ਾਂ ਬੰਦ ਕੀਤੇ ਸਨ ।

ਸਾਡੇ ਮੁਲਕ ਵਿਚ ਇਨਸਾਨੀ ਹੱਕਾਂ ਦਾ ਰੌਲਾ ਪਾਵਨ ਵਾਲੀਆਂ ਕਿੱਨੀਆਂ ਈ ਬੀੜਾਂ ਬਣੀਆਂ ਹੋਈਆਂ ਨੇਂ । ਇਨਸਾਨੀ ਹੱਕਾਂ ਦੀ ਰਾਖੀ ਦਾ ਖੱਪ ਰੌਲਾ ਵੀ ਪਾਈ ਰੱਖਦਿਆਂ ਨੇਂ । ਇਨ੍ਹਾਂ ਦੇ ਸਿਆਣਿਆਂ ਨੂੰ ਕਦੀਂ ਭੁਲ ਕੇ ਵੀ ਨਜ਼ਰੀਂ ਨਹੀਂ ਆਇਆ ਕਿ ਇਨਸਾਨੀ ਹੱਕ ਤੇ ਬਾਅਦ ਦੀ ਗੱਲ ਨੇਂ ਇੱਥੇ ਪੰਜਾਬੀ ਲੋਕ ਵਸੋਂ ਨੂੰ ਤਾਂ ਸਿਰਿਉਂ ਇਨਸਾਨ ਈ ਨਹੀਂ ਮੰਨਿਆ ਜਾਂਦਾ ਪਿਆ । ਪੰਜਾਬੀ ਲੋਕ ਵਸੋਂ ਨਾਲ ਇੱਡੇ ਵੱਡੇ ਧਰੌ ਦੇ ਜ਼ਿਮੇਵਾਰ ਨਿਰੇ ਹਾਕਮ ਈ ਨਹੀਂ, ਇਨਸਾਨੀ ਹੱਕਾਂ ਦੀ ਰਾਖੀ ਦੇ ਅਜਾਰੇ ਦਾਰ ਵੀ ਨੇਂ, ਸਗੋਂ ਪੰਜਾਬ ਦਾ ਹਰ ਪੜ੍ਹਿਆ ਲਿਖਿਆ ਜਿਈ ਜ਼ਿਮੇਵਾਰ ਏ । ਇਸ ਧਰੌ ਦੀਆਂ ਭਾਈਵਾਲ ਉਹ ਸਰਕਾਰ ਬਾਹਰੀਆਂ ਸੱਥਾਂ ਵੀ ਨੇਂ ਜਿਹੜੀਆਂ ਬਦੇਸਾਂ ਤੋਂ ਕਰੋੜਾਂ ਰੁਪਈਆ ਲੈ ਕੇ ਲੋਕਾਈ ਨੂੰ ਓਭੜ ਸਰਕਾਰੀ ਬੋਲੀ ਰਟਾਉਣ ਟੁਰੀਆਂ ਹੋਈਆਂ ਨੇਂ । ਬਦੇਸੀ ਪੈਸੇ ਨੂੰ ਜਾਇਜ਼ ਸਾਬਤ ਕਰਨ ਲਈ ਇਹ ਸੱਥਾਂ ਲੋਕਾਈ ਤੋਂ ਪੰਜਾਬੀ ਛੁਡਾਉਣ ਉਨ੍ਹਾਂ ਦੇ ਘਰਾਂ ਵਿਚ ਸੱਣ੍ਹ ਪਈਆਂ ਲਾਂਦੀਆਂ ਨੇਂ । ਇੰਜ ਓਭੜ ਸਰਕਾਰੀ ਬੋਲੀ ਨੂੰ ਲੋਕਾਂ ਦੇ ਦਿਲਾਂ ਦਿਮਾਗ਼ਾਂ ਵਿਚ ਭਰਨ ਵਾਲੇ ਸਰਕਾਰੀ ਸੂਤਰਾਂ (ਰੇਡੀਓ, ਟੀ ਵੀ ਜਿਹੇ ਵਸੀਲਿਆਂ) ਦੀ ਮਾਰ ਤੋਂ ਬੱਚੀ ਵਸੋਂ ਨੂੰ ਇਨ੍ਹਾਂ ਸੱਥਾਂ ਦੇ ਪੁਰਜ਼ੇ ਕਰਿੰਦੇ ਤੋੜ ਵੇੜ੍ਹੀਆਂ ਵਿਚ ਅੱਪੜ ਕੇ ਬੋਲੀ ਹੈਂ ਪਏ ਕਰਦੇ ਨੇਂ ।

ਬੋਲੀ ਬੰਦਾ (ਜਣੀ, ਜਣਾ) ਹੁੰਦੀ ਏ । ਬੰਦੇ ਦਾ ਇਲਮ ਗਿਆਨ, ਬੰਦੇ ਦਾ ਵਸੇਬਾ, ਬੰਦੇ ਦੀ ਰਹਿਤਲ, ਬੰਦੇ ਦੀ ਥਾਂ, ਬੰਦੇ ਦਾ ਕੰਮ ਕਾਰ, ਬੰਦੇ ਦਾ ਕੁਲ ਆਲ ਦੁਆਲਾ ਹੁੰਦੀ ਏ ਬੋਲੀ । ਬੰਦੇ ਦੇ ਬੰਦਾ ਹੋਵਣ ਦੀ ਕੁਲ ਵਾਰ ਸਮਾਈ ਹੁੰਦੀ ਏ ਉਹਦੀ ਬੋਲੀ ਵਿਚ । ਇਸ ਕਰ ਕੇ ਜਦੋਂ ਕਿਸੇ ਬੋਲੀ ਦਾ ਇਨਕਾਰ ਹੁੰਦਾ ਏ ਤਾਂ ਉਹਦੇ ਬੋਲਣ ਵਾਲੇ ਜੀਆਂ ਦੇ ਬੰਦਾ ਹੋਵਣ ਤੋਂ ਇਨਕਾਰ ਕੀਤਾ ਜਾਂਦਾ ਏ । ਇਕ ਵਸੇਬੇ ਦੇ ਲੋਕਾਂ ਉੱਤੇ ਕਿਸੇ ਹੋਰ ਵਸੇਬੇ ਦੀ ਬੋਲੀ ਨੂੰ ਲਿਆ ਮੜ੍ਹਨ ਤੋਂ ਵੱਡਾ ਕੋਈ ਧਰੌ ਨਹੀਂ । ਇਹ ਉਸ ਵਸੋਂ ਦੇ ਬੰਦਾ ਹੋਵਣ ਨੂੰ ਜੁੱਤੀ ਉੱਤੇ ਲਿਖਣ ਏ । ਕਿਸੇ ਓਭੜ ਬੋਲੀ ਨੂੰ ਲਿਆ ਮੜ੍ਹਨ ਤੇ ਫਿਰ ਸੌੜ ਚਾੜ੍ਹ ਕੇ ਉਸ ਓਭੜ ਬੋਲੀ ਦਾ ਸਿਖਾਇਆ ਜਾਵਣ ਨਿਰਾ ਕਤਲ ਨਹੀਂ ਸਗੋਂ ਕਤਲਾਮ ਏ । ਇਹਦੇ ਨਾਲ ਉਸ ਵਸੇਬੇ ਦੇ ਲੋਕਾਂ ਵਿਚ ਆਪ ਹੀਣਤ ਪੁੰਗਰਦੀ ਏ । ਉਹ ਆਪਣੇ ਆਪ ਤੋਂ ਭੈੜੇ ਪੈਣ ਲੱਗ ਪੌਂਦੇ ਨੇਂ । ਉਨ੍ਹਾਂ ਦੇ ਸਿਰਾਂ ਉੱਤੇ ਪੜ੍ਹਾਈਆਂ ਲਿਖਾਈਆਂ ਤੇ ਕੰਮ ਰੁਜ਼ਗਾਰ ਓਭੜ ਬੋਲੀ ਨਾਲ ਜੋੜ ਦਿਤੇ ਜਾਵਣ ਤਾਂ ਉਹ ਆਪਣੇ ਬਾਲਾਂ ਨੂੰ ਓਭੜ ਬੋਲੀ ਦੀ ਲਾਮ੍ਹੇ ਧੱਕਣ ਤੇ ਮਜਬੂਰ ਹੋ ਜਾਂਦੇ ਨੇਂ । ਓਭੜ ਬੋਲੀ ਦੇ ਸਕੂਲਾਂ ਵਿਚ ਬਾਲਾਂ ਨੂੰ ਉਨ੍ਹਾਂ ਦੀ ਬੋਲੀ ਭੁਲਾ ਕੇ ਓਭੜ ਬੋਲੀ ਸਿਖਾਈ ਜਾਂਦੀ ਏ । ਓਭੜ ਬੋਲੀ ਸਿੱਖਦਿਆਂ ਉਹ ਆਪਣੇ ਮਾਪਿਆਂ ਤੋਂ ਭੈੜੇ ਪੈਂਦੇ ਨੇਂ ।

ਉਹਨਾਂ ਨੂੰ ਅਨਪੜ੍ਹ ਤੇ ਗੰਵਾਰ ਗਿਣਨ ਲੱਗ ਪੌਂਦੇ ਨੇਂ ।ਮਾਪੇ ਆਪੋਂ ਬਾਲਾਂ ਸਾਵ੍ਹੇਂ ਪੱਚੀ ਹੁੰਦੇ ਨੇਂ । ਆਪਣਾ ਇਲਮ ਗਿਆਨ, ਆਪਣੀ ਵੇਖੀ ਵਰਤੀ ਉਨ੍ਹਾਂ ਨਾਲ ਸਾਂਝੀ ਨਹੀਂ ਕਰ ਸਕਦੇ ।ਸੰਗ ਮਾਰੀਆਂ ਆਪਣੀ ਸਮਝ ਸੁਰਤ ਦਾ ਬੂਹਾ ਆਪਣੇ ਬਾਲਾਂ ਉੱਤੇ ਭੀੜ ਦਿੰਦੇ ਨੇਂ ।ਇੰਜ ਬਾਲਾਂ ਦੀ ਆਪਣੀ ਹਕੀਕੀ ਦੁਨੀਆ ਨਾਲ ਕਰਿਹਤ ਵਧਦੀ ਏ ।ਉਹ ਜਿਨਾ ਜਿਨਾ ਓਭੜ ਬੋਲੀ ਸਿੱਖਦੇ ਜਾਂਦੇ ਨੇਂ ਆਪਣੇ ਆਲ ਦੁਆਲੇ ਤੋਂ ਬੇ ਮੁਖ ਹੁੰਦੇ ਜਾਂਦੇ ਨੇਂ ।ਆਪਣੇ ਲੋਕਾਂ ਨਾਲ ਉਨ੍ਹਾਂ ਦੀ ਬੇ ਕਿਰਕੀ ਵਧਦੀ ਟੁਰੀ ਜਾਂਦੀ ਏ ।ਉਹਨਾਂ ਨੂੰ ਓਭੜ ਬੋਲੀ ਨਾਲ ਜੁੜੇ ਲਾਭਾਂ ਬਾਝ ਕੁਝ ਹੋਰ ਵਿਖਾਲੀ ਨਹੀਂ ਦਿੰਦਾ ।ਓਭੜ ਬੋਲੀ ਸਿਖਾਂਦੇ ਵਿਹਾਰ ਵਿਚ ਥਾਂ, ਦਰਜਾ ਤੇ ਮਰਾਤਬਾ ਈ ਉਨ੍ਹਾਂ ਦਾ ਨਿਸ਼ਾਨਾ ਹੋ ਨਿਬੜਦਾ ਏ ।ਉਹ ਪਲਦੇ ਹਕੀਕੀ ਦੁਨੀਆ ਦੇ ਸਿਰ ਉੱਤੇ ਨੇਂ ਪਰ ਜਿਉਂਦੇ ਖ਼ਿਆਲੀ ਦੁਨੀਆ ਵਿਚ ਨੇਂ ।ਉਸ ਦੁਨੀਆ ਵਿਚ ਜਿਹੜੀ ਓਭੜ ਬੋਲੀ ਦੇ ਸੱਚੇ ਵਿਚ ਢਲਣ ਮਗਰੋਂ ਉਨ੍ਹਾਂ ਨੂੰ ਨਜ਼ਰਦੀ ਰਹਿੰਦੀ ਏ ।ਉਹ ਆਪਣੇ ਆਪ ਨੂੰ ਹਾਕਮ ਮੇਲਾਂ ਵਿਚ ਗਿਣਦੇ ਨੇਂ ।ਆਪਣੇ ਮਿਹਨਤੀ ਲੋਕ ਪਿਛੇ ਤੋਂ ਜਿੰਦ ਛੁਡਾਂਦੇ ਨੇਂ ।ਆਪਣੀ ਬੋਲੀ ਦਾ ਇਕ ਇਕ ਲਫ਼ਜ਼ ਉਹਨਾਂ ਨੂੰ ਕੋਝਾ, ਖਰਵਾ ਤੇ ਹੀਣਾ ਜਾਪਦਾ ਏ ।ਇਸ ਕਰ ਕੇ ਉਹ ਇਨ੍ਹਾਂ ਨੂੰ ਭੁਲ ਕੇ ਵੀ ਜੀਭ ਤੇ ਨਹੀਂ ਲਿਆਂਦੇ ।ਓਭੜ ਲਫ਼ਜ਼ਾਲੀ ਨਾਲ ਉਨ੍ਹਾਂ ਦਾ ਹਾਨਹਾ ਠੁਰ ਠੁਰ ਜਾਂਦਾ ਏ ।ਉਹਦੇ ਹਰ ਲਫ਼ਜ਼ ਨੂੰ ਉਹ ਕੋਲਾ, ਸੋਹਲ ਤੇ ਮਲੂਕ ਜਾਂਦੇ ਨੇਂ ।ਉਨ੍ਹਾਂ ਵਿਚ ਈ ਸੁਪਨ ਉਡਾਰੀਆਂ ਲੈਂਦੇ ਨੇਂ ।ਉਨ੍ਹਾਂ ਵਿਚ ਈ ਸ਼ਾਆਰੀਆਂ ਤੇ ਨਸਰਾਂ ਦੇ ਨਸ਼ੇ ਮਾਣਦੇ ਨੇਂ ।ਆਪਣੇ ਬਾਲਾਂ ਨੂੰ ਵੀ ਉਹ ਓਭੜ ਬੋਲੀ ਦੀ ਜਾਗ ਈ ਲਾਂਦੇ ਨੇਂ ।ਜਾਗ ਆਖ ਲਉ ਉਂਜ ਨਸ਼ਾ ਬੁਹਤਾ ਜਚਵਾਂ ਤੇ ਢੁੱਕਵਾਂ ਏ ।ਨਿਸ਼ਾਨਾ ਵਿਹਾਰ ਵਿਚ ਅੱਗੇ ਤੋਂ ਅੱਗੇ ਵਧਣ ਹੁੰਦਾ ਏ ।ਮਲ ਮਾਲਕੀ ਨੂੰ ਵਧਾਵਾ ਦੇਣ ।

ਮਲ ਮਾਲਕੀ ਆਪਣੀ ਥਾਂ ਕੁਲ ਦੀ ਸਾਂਝ ਤੋਂ ਨਿਖੜਨ ਏ ।ਕਿਉਂ ਜੋ ਮਲ ਮਾਲਕੀ ਹੁੰਦੀ ਏ ਸਾਂਝੀ ਸਮਾਜੀ ਪੈਦਾਵਾਰ ਨੂੰ ਅਸਾਨਝਾ ਕਰਨ। ਸਾਂਝ ਵਿਚੋਂ ਕੱਢ ਕੇ ਨਿੱਜ ਦੇ ਢਾਏ ਚਾੜ੍ਹਨ। ਉਗਾਵਨ, ਘੜਨ, ਬਣਾਉਣ ਹਾਰੀਆਂ ਤੋਂ ਵਖ ਹੋ ਕੇ ਸਾਂਭਣ ਮਿਲਣ ਹਾਰੇ ਬਣਨ। ਮੁੜ ਆਪਣੀ ਸਾਂਭ ਮਲ ਦੇ ਸਿਰ ਉੱਤੇ ਕਰਨਹਾਰੀਆਂ ਨੂੰ ਆਪਣਾ ਗੋਲਾ ਬਣਾਉਣ। ਇਹ ਮਿਲਖ ਮਾਲਕੀ ਈ ਹੁੰਦੀ ਏ ਜਿਹੜੀ ਆਪਣੀ ਬੋਲੀ ਨਾਲੋਂ ਤਰੁਟ ਕੇ ਓਭੜ ਬੋਲੀ ਦੇ ਲੜ ਲੱਗਣ ਨੂੰ ਥਾਪੜਾ ਦਿੰਦੀ ਏ ।ਓਭੜ ਬੋਲੀ ਵਿਚ ਢਲਾਈ ਮਲ, ਮਾਲਕੀ ਤੇ ਰੁਤਬੇ ਦਰਜੇ ਦਾ ਨਿਸ਼ਾਨ ਬਣਦੀ ਏ ।ਇਹਦੇ ਸਾਹਵੇਂ ਲੋਕ ਬੋਲੀ ਭੁਖ, ਨੰਗ, ਗ਼ਰੀਬੀ ਤੇ ਹੱਡ ਤੋੜਵੀਂ ਮਿਹਨਤ ਦੀ ਦੱਸ ਬਣ ਜਾਂਦੀ ਏ ।

ਪੰਜਾਬੀ ਨਾਲ ਇੱਥੇ ਇਹੋ ਵਰਤੀ ਏ ।ਓਭੜ ਬੋਲੀ ਇਲਮ ਦੌਲਤ ਤੇ ਇਜ਼ਤ ਸ਼ੁਹਰਤ ਦਾ ਸੋਮਾ ਏ ।ਪੰਜਾਬੀ ਮਿਹਨਤ ਮੁਸ਼ੱਕਤ, ਭੁਖ ਨੰਗ ਤੇ ਗ਼ਰੀਬੀ ਦੀ ਬੋਲੀ ਏ ।ਓਭੜ ਬੋਲੀ ਹਾਕਮ ਏ, ਹੁਕਮ ਚਲਾਂਦੀ ਏ, ਜ਼ੋਰਾਵਰ ਏ ।ਪੰਜਾਬੀ ਮਹਕੋਮ ਏ, ਹੁਕਮ ਦੀ ਬਾਂਧ ਏ, ਮਾੜੀ ਏ ।ਓਭੜ ਬੋਲੀ ਹਿੰਦੁਸਤਾਨ ਨਾਲ ਸਾਂਝੀ ਹੁੰਦੀ ਦੇਸ ਪਿਆਰ ਦਾ ਅਜਾਰਾ ਚਾਈ ਖਲੋਤੀ ਏ, ਪੰਜਾਬੀ ਪਾਕਿਸਤਾਨ ਦੀ ਸੱਭ ਤੋਂ ਵੱਡੀ ਬੋਲੀ ਹੋ ਕੇ ਵੀ ਦੇਸ ਵੈਰੀ ਗਿਨਾਈ ਜਾਂਦੀ ਪਈ ਏ ।

ਓਭੜ ਬੋਲੀ ਤੇ ਮਾਂ ਬੋਲੀ ਪੰਜਾਬੀ ਇੱਥੇ ਨਿਰੀਆਂ ਬੋਲੀਆਂ ਨਹੀਂ ।ਵਸੇਬ ਵਿਚ ਮਿਲ ਪੈਂਤੜੇ ਨੇਂ ।ਸਾਂਭ ਮਲ ਵਾਲਾ ਮਿਲ ਉਹ ਭਾਵੇਂ ਜ਼ਿਮੀਂਦਾਰ ਏ ਭਾਵੇਂ ਵਪਾਰੀ, ਭਾਵੇਂ ਕੁਰਸੀ ਵਾਲ ਤੇ ਭਾਵੇਂ ਕਿਤੇ ਵਾਂ ਮਾਂ ਬੋਲੀ ਛੱਡ ਕੇ ਭੁਲਾ ਕੇ ਇਨਸਾਨ ਬਣੀ ਖੁਲ੍ਹਾ ਏ ।ਤੇ ਮਾਂ ਬੋਲੀ ਪੰਜਾਬੀ ਵਾਲੀ ਲੋਕ ਵਸੋਂ ਨਾਲ ਰਾਸ਼ਕ ਬਣ ਕੇ ਪਿਆ ਨਿਬੜਦਾ ਏ ।

ਮਲ ਮਾਇਆ ਤੇ ਮਾਲਕੀ ਓਭੜ ਬੋਲੀ ਨਾਲ ਰਲੀ ਪਈ ਏ ।ਇਸ ਕਰ ਕੇ ਓਭੜ ਬੋਲੀ ਵਸ ਇਖ਼ਤਿਆਰ ਤੇ ਰੁਤਬੇ ਮਰਾਤਬੇ ਦੀ ਅਗੀਚ ਹੋ ਗਈ ਏ ।ਚੱਜ ਗੁੜ੍ਹਤਲ ਇਸ ਧੱਕੇ ਜ਼ੋਰੀਂ ਆਪਣੇ ਨਾਂ ਲਵਾ ਲਿਆ ਏ ।ਮਾਲਕੀ ਹੈਂ ਭੁੱਖੀ ਭਾਨੀ ਲੋਕਾਈ ਇਹਦੇ ਧੌਂਸ ਧੱਕੇ ਨੂੰ ਜਰਦੀ ਇਥੋਂ



ਤਾਈਂ ਅੱਪੜ ਗਈ ਏ ਜੋ ਇਹਨੂੰ ਅਰਸ਼ੀ ਬੋਲੀ ਮੰਨਣ ਤੇ ਮਜਬੂਰ ਹੋ ਗਈ ਏ ।ਓਭੜ ਬੋਲੀ ਨੂੰ 'ਲੜ ਲੱਗਿਆਂ ਨੇ' ਅਰਸ਼ੀ ਬੋਲੀ ਵੀ ਤਾਂ ਢੰਡੋਰੀਆ ਏ ।

ਇਸ ਵਰਤਾਰੇ ਦੇ ਸਿੱਟੇ ਵਿਚ ਲੋਕਾਈ ਆਪ ਆਪਣੀ ਮਾਂ ਬੋਲੀ ਪੰਜਾਬੀ ਤੋਂ ਭੈੜੀ ਪੈਣ ਲੱਗ ਪਈ ਏ ।ਲੰਮੇ ਚੌੜੇ ਵਖ਼ਤ ਕਰ ਕੇ ਗੱਲ ਬਾਤ ਵਿਚ ਓਭੜ ਲਫ਼ਜ਼ਾਲੀ ਲਿਆਂਦੀ ਏ । ਆਪਣੀ ਸਿਆਣਪ ਤੇ ਦਾਨਾਈ ਨਾਲ ਭਰੀ ਗੱਲ ਨੂੰ ਜਟਕੀ ਗੱਲ ਆਖ ਕੇ ਹੋਲਾ ਕਰਦੀ ਏ ।ਇਹ ਵਰਤਾਰਾ ਪੰਜਾਬੀ ਵਸੋਂ ਦੀ ਸਮਝ ਮੁਕਾਂਦਾ ਪਿਆ ਏ ।ਪੰਜਾਬੀ ਖੜੀਂਦੀ ਜਾਂਦੀ ਏ ।ਇਹਦੀ ਲਫ਼ਜ਼ਾਲੀ ਦੇ ਨਾਲ ਨਾਲ ਪੰਜਾਬ ਦੀ ਧਰਤ ਉੱਤੇ ਜੀਆ-ਜੰਤ ਦਾ ਲੱਖਾਂ ਕਰੋੜਾਂ ਵਨ-ਸਵੱਨ ਅਣਗੌਲਿਆ ਹੁੰਦਾ ਜਾਂਦਾ ਏ ।ਪੰਜਾਬ ਬੰਜਰ ਪਿਆ ਹੁੰਦਾ ਏ, ਪੰਜਾਬ ਦਾ ਰਵਾ ਵਟਦਾ ਪਿਆ ਏ। ਪੰਜਾਬ ਦੀ ਲੋਕ ਵਸੋਂ ਭੁਖ ਨੰਗ ਦੀ ਨਪੀੜ ਵਿਚ ਆਈ ਹੋਈ ਏ ।

ਪੰਜਾਬੀ ਨਾਲ ਹੁੰਦੀ ਕਾਰ ਪੰਜਾਬ ਦਾ ਕਤਲਾਮ ਏ ।ਜੇ ਇੰਜ ਈ ਹੁੰਦਾ ਰਿਹਾ ਤਾਂ ਨਾ ਪੰਜਾਬ ਰਹਿਣਾ ਏ ਤੇ ਨਾ ਪੰਜਾਬ ਦੀ ਵਸੋਂ। ਪੰਜਾਬ ਦਾ ਨਾਂ ਕੁਝ ਹੋਰ ਹੋ ਜਾਸੀ ਤੇ ਇਹਦੀ ਲੋਕਾਈ ਨੂੰ ਓਭੜ ਬੋਲੀ ਦੇ ਹਵਾਲੇ ਨਾਲ ਕੋਈ ਹੋਰ ਨਾਂ ਮਿਲ ਜਾਸੀ ।

ਇਸ ਕਤਲਾਮ ਨੂੰ ਠੱਲ ਪਾਵਨ ਦਾ ਇੱਕੋ ਇਕ ਰਾਹ ਏ ਪੰਜਾਬੀ ਬੋਲੀ ਨੂੰ ਪੜ੍ਹਤ ਲਿਖਤ ਵਿਚ ਲਿਆਉਣ ।ਪੰਜਾਬੀ ਪਿਆਰਿਆਂ ਨੂੰ ਚਾਹੀਦਾ ਏ ਜੋ ਉਹ ਮਾਲਕੀ ਵਾਂ ਮੇਲਾਂ ਵੱਲ ਵੇਖਣ ਦੀ ਥਾਂ ਲੋਕਾਈ ਵਿਚ ਜਾਵਣ। ਲੋਕਾਈ ਪੰਜਾਬੀ ਜਿਉਂਦੀ ਖੁੱਲ੍ਹੀ ਏ। ਉਹਨਾਂ ਕੋਲ ਅਜੇ ਵੀ ਪੰਜਾਬੀ ਦੇ ਭਰੇ ਭੰਡਾਰ ਨੇਂ ।ਉਹਨਾਂ ਨੂੰ ਨਿਰਾ ਪੜ੍ਹਨ ਲਿਖਣ ਦੀ ਅਟਕਲ ਸਿਖਾਉਣ ਦੀ ਲੋੜ ਏ। ਉਹ ਆਪਣੀ ਬੋਲੀ ਪੜ੍ਹਨੀ ਲਿਖਣੀ ਛੋਹ ਦੇਣ ਤਾਂ ਬੋਲੀ ਵੀ ਬਚ ਜਾਂਦੀ ਏ ਤੇ ਵਸੇਬ ਨੂੰ ਮਾਲਕੀ ਵਾਨਾਂ ਦੇ ਜੱਫੇ ਵਿਚੋਂ ਕੱਢਣ ਦਾ ਦਾਰੂ ਵੀ ਬਣ ਸਕਦਾ ਏ ।ਓਭੜ ਬੋਲੀ ਦੇ ਸੁਨਜਾ, ਸੂਝਵਾਨ, ਲਿਖੀਆਰ ਤੇ ਸ਼ਾਇਰ ਜਿਹੜੇ ਆਪਣੇ ਆਪ ਨੂੰ ਲੋਕਾਈ ਦਾ ਅੰਗ ਸਮਝਦੇ ਨੇਂ ਤੇ ਲੋਕਾਈ ਨੂੰ ਲੁਟ ਮਾਰ ਦੇ ਵਿਹਾਰ ਤੋਂ ਬਾਹਰ ਕੱਢਣਾ ਚਾਹੁੰਦੇ ਨੇਂ ।ਓਭੜ ਬੋਲੀ ਦੇ ਜੱਫੇ ਵਿਚੋਂ ਬਾਹਰ ਨਿਕਲਣ, ਪੰਜਾਬੀ ਪੜ੍ਹਨ ਲਿਖਣ ਦਾ ਚਾਰਾ ਕਰਨ, ਆਪਣੀ ਨਿਜੀ ਪੜ੍ਹਤ ਲਿਖਤ ਵਿਚ ਪੰਜਾਬੀ ਦੀ ਵਰਤੋਂ ਕਰਨ। ਲੋਕਾਈ ਤੋਂ ਪੰਜਾਬੀ ਸਿੱਖਣ ।ਓਭੜ ਬੋਲੀ ਦੀ ਦਿਤੀ ਸੁਖ ਨੂੰ ਛੱਡਣ ਤੇ ਪੰਜਾਬੀ ਦੀ ਔਖ ਸਹੇੜਨ। ਥੋੜਾ ਟੋਰਾ ਟੁਰਨ ਦੀ ਗੱਲ ਏ ਮੁੜ ਆਪ ਈ ਪਤਾ ਲੱਗ ਜਾਸੀ ਖਰੇ ਮਾਅਨਿਆਂ ਵਿਚ ਸੌਖਾ ਕੀ ਏ ਤੇ ਔਖਾ ਕੀ ।ਪੜ੍ਹੇ ਲਿਖੇ ਬੰਦੇ ਤੇ ਲੋਕਾਈ ਜਦੋਂ ਪੰਜਾਬੀ ਦੇ ਮਸਅਲੇ ਉੱਤੇ ਇਕ ਹੋ ਗਏ । ਇਨ੍ਹਾਂ ਦਾ ਆਪਸੀ ਨਿਖੇੜ ਜਾਂਦਾ ਰਿਹਾ ਤਾਂ ਸਰਕਾਰ ਨੂੰ ਵੀ ਪੰਜਾਬੀ ਦੇ ਹੱਕਾਂ ਦੀ ਸੁਰਤ ਆ ਜਾਸੀ।

ਓਭੜ ਬੋਲੀ, ਬੋਲੀ ਤੇ ਰਹੀ ਨਹੀਂ, ਵਿਹਾਰ ਬਣ ਗਈ ਹੋਈ ਏ ।ਇਹਦਾ ਕੰਮ ਈ ਬੰਦੇ ਤੋਂ ਉਹਦਾ ਬੰਦਾ ਹੋਵਣ ਖੋਹਣਾ ਤੇ ਉਹਨੂੰ ਵੀਹਾਰੂ ਬੰਦਾ ਬਣਾਉਣ ਏ ।ਵਿਹਾਰ ਉਚ ਝਿਕ ਦਾ ਏ। ਵੀਹਾਰੂ ਬੰਦਾ ਉਚ ਝਿਕ ਮੰਨਣ ਵਾਲੀ ਤੇ ਉਚ ਝਿਕ ਪਾਲਣ ਵਾਲੀ ਕਲ੍ਹ ਹੁੰਦਾ ਏ ।ਆਪਣੇ ਕੁਦਰਤੀ ਸਮਾਜੀ ਆਪੇ ਤੇ ਕੁਦਰਤੀ ਸਮਾਜੀ ਆਲ ਦਿਵਾਲ ਤੋਂ ਵਜੋਗੀਆ ਬੰਦਾ ।ਵਿਹਾਰ ਓਭੜ ਬੋਲੀ ਰਾਹੀਂ ਈ ਆਪਣੀ ਵਰਤਣ ਕਰਦਾ ਪਿਆ ਏ ।ਲੋਕਾਂ ਨੂੰ ਕੁਦਰਤੀ ਹੋਂਦ ਤੇ ਕੁਦਰਤੀ ਆਪੇ ਕੋਲੋਂ ਤਰੋੜਦਾ ਪਿਆ ਏ ।ਇਹਦਾ ਤਰੋੜ ਮਾਂ ਬੋਲੀ ਰਾਹੀਂ ਈ ਹੋ ਸਕਦਾ ਏ ।ਮਾਂ ਬੋਲੀ ਰਾਹੀਂ ਪੜ੍ਹਤ ਲਿਖਤ ਦਾ ਮਤਲਬ ਏ ਆਪਣੇ ਆਪ ਨੂੰ ਉਸ ਲੋਕਾਈ ਨਾਲ ਜੋੜਨਾ ਜਿਹੜੀ ਕੁਦਰਤੀ ਸਮਾਜੀ ਹੋਂਦ ਜਿਉਂਦੀ ਪਈ ਏ, ਭਾਵੇਂ ਉਹਨੂੰ ਇਹਦਾ ਕਰੜਾ ਤਸੀਹਾ ਵੀ ਪਿਆ ਮਿਲਦਾ ਏ । ਪੰਜਾਬੀ ਦੀ ਵਡਕੀ ਸੁਲੇਖ ਗੀਤ ਵਿਹਾਰ ਦੇ ਤਰੋੜ ਵਿਚੋਂ ਈ ਪੁੰਗਰੀ ਏ ।ਫ਼ਾਰਸੀਆਂ ਦੇ ਜੱਫੇ ਤੋਂ ਲੋਕਾਈ ਦੇ ਆਪੇ ਨੂੰ ਮੋਕਲਾ ਰੱਖਣ ਦੇ ਆਹਰ ਵਿਚੋਂ ।ਓਭੜ ਬੋਲੀ ਇਸ ਵੇਲ਼ੇ ਦਿਲਾਂ ਦਿਮਾਗ਼ਾਂ ਨੂੰ ਕਲਾਵਾ ਘੁੱਤੀ ਖੁੱਲ੍ਹੀ ਏ ।ਮਿਲ ਬਣਦੀ ਦੀ ਹਿਲਤਰ ਪਾਉਂਦੀ ਏ ।ਆਪਾ ਪੁੱਜ ਸਿਖਾਵੰਦੀ ਏ ।

ਇਹਦਾ ਤਰੋੜ ਹੋ ਗਿਆ ਤਾਂ ਸਮਝੋ ਖ਼ਲਕਤ ਦੀ ਮੁਕਤੀ ਦਾ ਰਾਹ ਸੌਖਾ ਹੋ ਗਿਆ। ਵਿਜੋਗ ਮੁਕਾਵਨ ਲਈ ਸੰਜੋਗ ਵਾਲੀਆਂ ਲਾਹਮਾਂ ਤੋਂ ਅਗਵਾਈ ਲੈਣਾ ਕੋਈ ਮਿਹਣਾ ਨਹੀਂ ।

ਪੰਜਾਬੀ ਓਭੜ ਬੋਲੀ ਅੱਗੇ ਗਹਿਣੇ ਪਿਆਂ ਦੀ ਵੀ ਮਾਂ ਬੋਲੀ ਏ ।ਇਨ੍ਹਾਂ ਸ਼ੋਧੀਆਂ ਨੂੰ ਕਿਸੇ ਵੇਲ਼ੇ ਜੇ ਮਾਂ ਬੋਲੀ ਦਾ ਹੇਜ ਭੁਲ ਭੁਲੇਖੇ ਜਾਗ ਪਾਉਂਦਾ ਏ ਤਾਂ ਫਿਰ ਇਹ ਮਾਂ ਬੋਲੀ ਦੀਆਂ ਘਾਟਾਂ ਵੇਖਣ ਲੱਗ ਪੌਂਦੇ ਨੇਂ ।ਕੋਈ ਆਖਦਾ ਏ ਇਹਦੀ ਲਿਪੀ ਠੀਕ ਨਹੀਂ, ਕੋਈ ਆਖਦਾ ਏ ਇਹਦੇ ਵਿਚ ਇਨ੍ਹਾਂ ਅੱਖਰਾਂ ਦਾ ਸਰਬੰਧ ਕੋਈ ਨਹੀਂ ।ਇਹਦੀ ਗਰਾਮਰ ਦੇ ਫ਼ਲਾਣੇ ਫ਼ਲਾਣੇ ਪੁਆੜੇ ਨੇਂ । ਪਹਿਲਾਂ ਇਹ ਖੁੜਾਂ ਕੱਢੀਆਂ ਹਟਾਈਆਂ ਜਾਵਣ ਫੇਰ ਮਾਂ ਬੋਲੀ ਵਿਚ ਅੱਗੇ ਵਧਿਆ ਜਾ ਸਕਦਾ ਏ।ਇਹ ਚੋਖੀ ਹੱਦ ਤਾਈਂ ਦੁਬੇਲ ਹਿਲਤਰ ਦੀ ਗੱਲ ਏ ।ਦੁਬੇਲ ਹਿਲਤਰ ਭਰਮ ਪਾਉਂਦੀ ਏ ਆਪਣੇ ਅੱਗੇ ਵਧੇ ਹੋਵਣ ਤੇ ਪੰਜਾਬੀ ਦੇ ਪਿਛੇ ਰਹਿ ਜਾਵਣ ਦਾ ।ਇਸ ਭਰਮ ਵਿਚੋਂ ਵੀਹਾਰੂ ਸਿਆਣਪ ਫੁੱਟਦੀ ਏ ਤੇ ਪੰਜਾਬੀ ਨੂੰ ਆਪੋ ਆਪਣੇ ਹਿਸਾਬ ਸਿਰ ਕਰਨ ਦਾ ਰੋਗ ਚਾਲੂ ਹੁੰਦਾ ਏ ।

ਅਸਲ ਪੁਆੜਾ ਇਹ ਨਹੀਂ ਅਸਲ ਪੁਆੜਾ ਤੇ ਹੈ ਪੰਜਾਬੀ ਪੜ੍ਹਨੀ ਲਿਖਣੀ ਸ਼ੁਰੂ ਕਰਨ ਦਾ ।ਆਪਣੀ ਦੁਬੇਲ ਹਿਲਤਰ ਵਿਚੋਂ ਨਿਕਲ ਕੇ ਪੰਜਾਬੀ ਨੂੰ ਪੂਰੀ ਬੋਲੀ ਮਨ ਕੇ ਉਹਦੇ ਲੜ ਲੱਗਣ ਦਾ ।ਇਹੋ ਵਜ੍ਹਾ ਏ ਕਿ ਬੁਹਤੇ ਸਿਆਣਿਆਂ ਆਪੋਂ ਪੰਜਾਬੀ ਪੂਰੀ ਪੜ੍ਹੀ ਨਹੀਂ ਹੁੰਦੀ ਉਹਦੇ ਨਾਲ ਆਪਣੇ ਅੰਦਰਲੇ ਦੀ ਵਿੱਥ ਮੁਕਾਈ ਨਹੀਂ ਹੁੰਦੀ ਤੇ ਆਪਣੀ ਵਜੋਗੀ ਸਮਝ ਦੇ ਔਜ਼ਾਰ ਫੜ ਕੇ ਉਹਦੇ ਦੁਆਲੇ ਹੋ ਖਲੋਂਦੇ ਨੇਂ ।ਅਜਿਹੇ ਸਿਆਣਿਆਂ ਪਾਰੋਂ ਵੀ ਮਾਮਲਾ ਚੋਖਾ ਗੰਭੀਰ ਹੋਇਆ ਏ ।

ਇੰਜ ਦੀ ਸਿਆਣਪ ਈ ਪੰਜਾਬੀ ਨੂੰ ਵੀਹਾਰੂ ਬੋਲੀ ਬਣਾਉਣ ਦੇ ਆਹਰ ਵਿਚ ਪੈਂਦੀ ਏ। ਇਹਦੀ ਜਿਉਂਦੀ ਜਾਗਦੀ ਲਫ਼ਜ਼ਾਲੀ ਨੂੰ ਮਰੀ ਮੁੱਕੀ ਆਖ ਕੇ ਇਹਦੇ ਵਿਚ ਚਾਲੂ ਓਭੜ ਬੋਲੀ ਦੀ ਮੁਰਦਾਰ ਲਫ਼ਜ਼ਾਲੀ ਧੱਕੇ ਜ਼ੋਰੀਂ ਵਾੜਨ ਦਾ ਰਾਹ ਫੜਦੀ ਏ ।ਪੰਜਾਬੀ ਪੱਖੋਂ ਆਪਣੇ ਮਰੇ ਮੁੱਕੇ ਆਪੇ ਨੂੰ ਜੀਵਾਵਨ ਦੀ ਥਾਂ ਇਸ ਬੋ ਛੱਡਦੀ ਲੋਥ ਨੂੰ ਪੰਜਾਬੀ ਦੇ ਵੇੜ੍ਹੇ ਲਿਆ ਧਰਦੀ ਏ ਤੇ ਜਿਉਂਦੀ ਜਾਗਦੀ ਪੰਜਾਬੀ ਲਫ਼ਜ਼ਾਲੀ ਨੂੰ ਵੀ ਮਾਰਨ ਮੁਕਾਵਨ ਉੱਤੇ ਜ਼ੋਰ ਦਿੰਦੀ ਏ ।ਇਹ ਧਿਰਾਂ ਮਲ ਮਾਲਕੀ ਤੇ ਓਭੜ ਬੋਲੀ ਦੀ ਪ੍ਰਧਾਨਗੀ ਵਾਲੇ ਵਿਹਾਰ ਨੂੰ ਸਗਵਾਂ ਰੱਖਣਾ ਲੋੜਦੀਆਂ ਨੇਂ ।ਕਿਉਂਜੋ ਇਨ੍ਹਾਂ ਦੇ ਛੋਟੇ ਛੋਟੇ ਲਾਭ ਇਸ ਵਿਹਾਰ ਨਾਲ ਜੁੜੇ ਹੋਏ ਨੇਂ ਤੇ ਇਨ੍ਹਾਂ ਲਾਭਾਂ ਦੀ ਪੂਰਤੀ ਲਈ ਇਨ੍ਹਾਂ ਨੂੰ ਪੰਜਾਬੀ ਦੇ ਨਾਂ ਉੱਤੇ ਗੁਲਾਬੀ ਉਰਦੂ ਵੀ ਇਕ ਵਸੀਲਾ ਲੱਭਿਆ ਹੋਇਆ ਏ

ਇਨ੍ਹਾਂ ਲਿਖਤਾਂ ਤੋਂ ਸਾਨੂੰ ਪਤਾ ਲਗਦਾ ਏ ਜੋ ਪਰਲੇ ਪੰਜਾਬ ਵਿਚ ਪੰਜਾਬੀ ਲਾਗੂ ਕਰ ਕੇ ਵੀ ਪੰਜਾਬੀ ਨੂੰ ਕਿਵੇਂ ਮਾਰਨ ਦੇ ਹੀਲੇ ਕੀਤੇ ਗਏ ਨੇਂ ।ਇਨ੍ਹਾਂ ਦੇ ਚਾਨਣ ਵਿਚ ਸਾਨੂੰ ਆਪਣੇ ਪੰਜਾਬ ਵਿਚ ਪੰਜਾਬੀ ਨਾਲ ਵਰਤਦੀ ਕਾਰ ਸੁੰਜਾਨਣ ਦੀ ਸੋਖ ਹੋ ਸਕਦੀ ਏ ।





## ਕਬੂਤਰ, ਬਨੇਰੇ ਤੇ ਗਲੀਆਂ/ਖ਼ਾਲਿਦ ਫ਼ਰਹਾਦ ਧਾਰੀਵਾਲ

ਕਬੂਤਰ, ਬਨੇਰੇ ਤੇ ਗਲੀਆਂ ਇਕ ਨਿਵੇਕਲਾ ਕਹਾਣੀ ਪਰਾਗਾ ਏ ।ਇਸ ਵਿਚਲੀਆਂ ਕਹਾਣੀਆਂ ਅਪਣੇ ਮੁੱਦੇ ਬੁਣਤਰ ਤੇ ਵੇਤਰ ਪੱਖੋਂ ਗੌਹ ਗੋਚਰੀਆਂ ਹਨ ।ਕਹਾਣੀਆਂ ਦੀ ਬੋਲੀ ਨਿਰੋਲ ਏ ।ਜ਼ੁਬੈਰ ਦਾ ਕਹਾਣੀ ਘੜਨ ਦਾ ਢੰਗ ਵੀ ਵੱਖਰਾ ਏ ।ਪੰਜਾਬੀ ਕਹਾਣੀ ਸੁਲੇਖ ਦੇ ਪੰਧ ਵਿਚ ਉਸ ਆਪਣੇ ਤੋਂ ਪਹਿਲੇ ਕਹਾਣੀ ਕਾਰਾਂ ਦੀ ਪੈੜ ਉੱਤੇ ਤੁਰਨ ਦੀ ਬਜਾਏ ਆਪਣੇ ਲਈ ਨਵੀਆਂ ਲੀਹਾਂ ਪਾਈਆਂ ਹਨ ।

ਮੁਖ ਤੌਰ ਤੇ ਕਹਾਣੀ ਜਿਵੇਂ ਜ਼ੁਬੈਰ ਲਈ ਨਿੱਜ ਨੂੰ ਪ੍ਰਗਟਾਉਣ ਦਾ ਕੋਈ ਆਹਰ ਏ । ਬਹੁਤੀਆਂ ਕਹਾਣੀਆਂ ਵਿਚ ਉਹਨੇ ਅਪਣੀ ਜ਼ਿੰਦਗੀ ਦਾ ਭੋਗਿਆ ਨਸ਼ਾਬਰ ਕੀਤਾ ਏ ।ਕਈ ਵਾਰ ਉਹਦੀ ਕਹਾਣੀ ਵਿਚ 'ਮੈਂ' ਪਾਤਰ ਦੀ ਮੌਜੂਦਗੀ ਅੱਖਰਦੀ ਏ ।ਉਹਨੂੰ ਇਸ 'ਮੈਂ' ਨੂੰ ਸਿਰਜਨਾ ਦੇ ਅਮਲ ਵਿਚ ਆਪਣੇ ਨਿੱਜ ਨਾਲੋਂ ਨਿਖੇੜ ਕੇ ਪੇਸ਼ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ ।ਸਮੁੱਚੀ ਪਛਾਣ ਸਮੇਤ ਕਹਾਣੀ ਵਿਚ ਆਪ ਵੜ੍ਹ ਖਲੋਣਾ ਕੋਈ ਚੰਗਾ ਵਤੀਰਾ ਨਹੀਂ ।ਨਿੱਜ ਵਾਪਰੀ ਵਿਚ ਕਲਪਨਾ ਦਾ ਰਲ਼ਾ ਈ ਹਕੀਕਤ ਨਿਗਾਰੀ ਨੂੰ ਸਾਧਾਰਨ ਹੋਣ ਤੋਂ ਬਚਾ ਸਕਦਾ ਏ ।

ਹੁਣ ਕੁੱਝ ਕਹਾਣੀਆਂ ਬਾਰੇ:

ਅਪਣੀ ਮੂਲ ਥਾਹਰ ਤੋਂ ਉਖੜੇ ਬੰਦੇ ਦਾ ਹੇਰਵਾ ਉਲੀਕਣ ਦਾ ਕਾਮਯਾਬ ਜਤਨ ਏ ਕਹਾਣੀ 'ਮੁਰਦਾ ਤਾਰੀ' ।ਕਹਾਣੀ ਕਾਰ ਕਿਸੇ ਹੋਰ ਦੀ ਕਥਾ ਕਰਦਾ ਹੋਇਆ ਇਸ ਵਿਚ ਅਪਣਾ ਕਿੱਸਾ ਛੋਹ ਲੈਂਦਾ ਏ ।ਨਿੱਜ ਵਾਪਰੀ ਹੋਣ ਵਜ਼ੋਂ ਅੱਧ ਵਿਚਾਲੇ ਉਹ 'ਮੈਂ' ਪਾਤਰ ਰਾਹੀਂ ਆਪਣੇ ਅੰਦਰ ਦਾ ਗ਼ੁਬਾਰ ਕਾਰੀ ਨਾਲ ਸਾਂਝਾ ਕਰਨ ਲਗਦਾ ਏ ।

"ਕਈ ਵਰ੍ਹੇ ਉਹ ਘਰੋਂ ਨਿਕਲਿਆ ਮੁੜ ਨਾ ਪਰਤਿਆ", ਲਿਖਦਾ ਹੋਇਆ ਔੜਕ ਉਹ "ਮੈਂ ਤਾਂ ਉਹਦੇ ਘੱਰ ਅੱਗੇ ਖੱਲਾ ਆਂ" ਕਹਿਣ ਲੱਗ ਪੈਂਦਾ ਏ ।

ਆਪਣੇ ਅੰਤ ਵਿਚ ਇਹ ਕਹਾਣੀ ਸਮਾਜੀ ਵਧਾਰੇ ਵਜ਼ੋਂ ਮਨੁਖੀ ਵਿਹਾਰ ਵਿਚ ਦਰ ਆਏ ਓਭੜ ਪੁਣੇ ਹੱਥੋਂ ਬੇ ਪਛਾਣ ਹੋਏ ਬੰਦੇ ਦਾ ਅਪਣੀ ਹੋਂਦ ਦੀ ਗਵਾਹੀ ਲਈ ਕੀਤੇ ਸਫ਼ਰ ਦੀ ਵਾਰਤਾ ਹੋ ਮੁੱਕੀ ਏ ।

"ਕਬੂਤਰ, ਬਨੇਰੇ ਤੇ ਗਲੀਆਂ" ਇਸ ਮਜਮੂਏਂ ਦੀ ਸੱਭ ਤੋਂ ਵਧੀਆ ਕਹਾਣੀ ਏ ।ਇਹ ਕਹਾਣੀ ਸ਼ਹਿਰੀ ਵਿਹਾਰ ਵਰਤਾਰੇ ਨੂੰ ਸੁਚੱਜੇ ਢੰਗ ਨਾਲ ਦਰਸਾਉਂਦੀ ਏ ।ਇਸ ਕਹਾਣੀ ਵਿਚਲਾ ਹਰ ਪਾਤਰ ਧਿਆਨ ਜੋਗ ਏ ।ਨੈਣਾਂ ਵੀ ਇਕ ਅਜਿਹਾ ਪਾਤਰ ਏ ।

ਸ਼ਹਿਰ ਸਦਾ ਇਕ ਸੁਫ਼ਨਾ ਏ ਪਿੰਡ ਵਾਸੀਆਂ ਲਈ ।ਬੰਦਿਆਂ ਲਈ ਖਿੱਚ ਭਰੀ ਹੈ ਇਹਦੇ ਅੰਦਰ ।ਮੋਟਰ ਕਾਰਾਂ ਦੀ ਰੇਲ ਪਿਲ, ਚੱਕਾ ਚੌਂਦ ਸੜਕਾਂ, ਅੰਬਰ ਛੁਹੰਦੀਆਂ ਸ਼ੀਸ਼ ਮਹਿਲ ਇਮਾਰਤਾਂ ਤੇ ਲਿਸ਼ਕੇ ਪੁਸ਼ਕੇ ਲੋਕ, ਹਰ ਧੂਲ ਮਿੱਟੀ ਫੱਕਦੇ ਜੀ ਲਈ ਭੇਦ ਭਰਮ ਹੋ ਸਕਦੇ ਨੇਂ ।ਨੈਣਾਂ ਵੀ ਪਿੰਡੋਂ ਆਈ ਏ ਸ਼ਹਿਰ, ਮਾਸੀ ਐਸ਼ਾਂ ਕੋਲ ਰਹਿਣ ਲਈ ।ਸ਼ਹਿਰ ਵਿਚ ਨੈਣਾਂ ਨੂੰ ਆਲ ਦੁਆਲੇ ਵਸਦੇ ਲੋਕਾਂ ਵਿੱਚੋਂ ਭਰ ਮਰਦਾਨਾ ਭਲਾ ਮਾਨਸ ਕੋਈ ਨਹੀਂ ਮਿਲਦਾ ।ਸ਼ਹਿਰ ਬਾਰੇ ਪਾਲਿਆ ਭਰਮ ਕਿਰਚੀ ਹੁੰਦਾ ਏ ।ਓੜਕ ਉਹਦੇ ਮੋਹ ਵਿਹੂਣੇ ਜੀਵਨ ਵਿੱਚ ਇੱਕ ਈ ਰਸਤਾ ਬਚਿਆ ਏ, ਵਾਪਸੀ

ਦਾ ।"ਨੈਣਾਂ ਆਪਣੇ ਘੱਰ ਪਰਤ ਗਈ ਹੋਈ ਸੀ ਸਦਾ ਨਾ ਮੁੜਨ ਲਈ ।"

ਕਹਾਣੀ ਵਿਚਲੇ ਸਿਆਸੀ ਸਮਾਜੀ ਮੰਜ਼ਰ ਨਾਮੇ ਤੋਂ ਕਿਸ ਉਥਲ ਦੀ ਸੂਹ ਮਿਲਦੀ ਏ । ਜੀਹਦਾ ਲਾਭ ਸ਼ਾਇਦ ਪੋਪੇ ਕੀਆਂ ਵਰਗੇ ਕੁੱਝ ਲੋਕਾਂ ਨੂੰ ਈ ਹੋਇਆ ਏ ।ਕਹਾਣੀ ਵਿਚ ਸਹਿਜੇ ਈ ਇਥਾਵੀਂ ਰਹਿਤਲ ਦੇ ਔਗੁਣ ਉਘੜਦੇ ਹਨ ।ਜ਼ੋਰ ਇਨਫ਼ਰਾਦੀ ਤਬਦੀਲੀ ਉੱਤੇ ਹੈ ।ਦੌੜ ਥੱਲੜੇ ਮੇਲ ਤੋਂ ਉਤਲੇ ਵਿਚ ਜਾ ਰਲਣ ਦੀ ਏ ।ਬਦਲ ਰਹੀਆਂ ਮਨੁੱਖੀ ਕਦਰਾਂ ਹੱਥੋਂ ਪਰਿਵਾਰਕ ਸਾਂਝ ਨੂੰ ਸੱਟ ਵੱਜਦੀ ਏ ।ਮੋਹ ਭੰਗ ਤੇ ਤਿਆਗ ਦਾ ਵਰਤਾਰਾ ਪ੍ਰਧਾਨ ਹੁੰਦਾ ਏ ।ਮੁਹੱਬਤਾਂ ਠਕਰਾਈਆਂ ਜਾਂਦੀਆਂ ਨੇਂ, ਸਾਂਗੇ ਟੁੱਟਦੇ ਹਣ ਤੇ ਨਕਲ ਮਕਾਨੀ ਹੁੰਦੀ ਏ ।ਪਾੜ ਮਿਲਦਾ ਨਹੀਂ ਵਧਦਾ ਏ ।

ਇਸੇ ਗਲੀ ਦੀ ਆਪਾ ਉਲਫ਼ਤ ਅਮਰੀਕਾ ਤੋਂ ਹੋ ਮੁੜੀ ਏ ।ਪੋਪਾ ਵਲੈਤ ਜਾ ਪੁੱਜਿਆ ਏ ।ਉਹਨਾਂ ਦੇ ਘੱਰ ਹੇਠਾਂ ਵੀ ਇਕ ਦੋ ਬੰਦੇ ਈ ਰਹਿ ਗਏ ਸਨ ।ਖ਼ੁਦ ਕਥਾ ਦਵਾਚਕ ਦਾ ਅਪਣਾ ਸਾਂਝਾ ਘੱਰ ਵੀ ਚਾਚਿਆਂ ਡਿਫੈਂਸ ਵਿਚ ਕੋਠੀ ਪਾਣ ਲਈ ਵੇਚ ਦਿੱਤਾ ।ਸ਼ਾਇਦ ਕ੍ਰਿਸ਼ਨ ਨਗਰ ਵਾਲਾ ਘੱਰ ਹੁਣ ਉਨ੍ਹਾਂ ਦੀ ਮੌਜੂਦਾ ਸਮਾਜੀ ਹੈਸੀਅਤ ਨੂੰ ਦਰਸਾਉਣ ਵਿਚ ਕਿਸੇ ਤੌਰ ਵੀ ਮਦਦਗਾਰ ਨਹੀਂ ਸੀ ।

ਗੌਹ ਕੀਤਾ ਤੁਸਾਂ ? ਧੁਰ ਕੋਠਿਆਂ ਤੱਕ ਦੀ ਕਾਇਆ ਬਦਲ ਗਈ ਏ ।ਪਰ ਜੇ ਕੋਈ ਫ਼ਰਕ ਨਹੀਂ ਪਿਆ ਤਾਂ ਉਹ ਗਾਮੇ ਦੀ ਜ਼ਿੰਦਗੀ ਵਿਚ ਨਹੀਂ ਪਿਆ । ਓੜਕ ਗਾਮੇ ਸਮਾਜ ਤੋਂ ਅਲੱਗ ਥਲੱਗ ਰਹਿਣ ਉੱਤੇ ਮਜਬੂਰ ਇਕ ਧੁਤਕਾਰੀ ਹੋਈ ਔਰਤ ਨਜ਼ਰੀਂਦੀ ਏ ।ਜਿਹੜੀ ਹੁਣ, "ਕ੍ਰਿਸ਼ਨ ਨਗਰ ਪੁਰਾਣੇ ਕਬਰਸਤਾਨ ਲਾਗੇ ਰਹਿੰਦੀ ਏ ਰੱਖੀ ਨਾਲ ।"

ਰੱਖੀ ਤੋਂ ਨਿਖੜ ਕੇ ਗਾਮੇ ਦਾ ਜੀਵਨ ਵੀ ਸੁਖਾਲਾ ਹੋ ਸਕਦਾ ਸੀ ਪਰ ਉਹ ਤੇ ਸਦਾ ਸੰਗ ਏ ਰੱਖੀ ਦੇ ।ਰੱਖੀ ਇਥਾਵੀਂ ਰਹਿਤਲ ਦੀ ਨਜ਼ਰ ਵਿੱਚ ਪੁਰਾਣੀ, ਸੜੀ ਬੁਸੀ ਸੋਚ ਤੇ ਦਕਿਆਨੂਸੀ ਕਦਰਾਂ ਕੀਮਤਾਂ ਦਾ ਚਿਨ੍ਹ ਏ ।

ਗਾਮੇ ਸ਼ਹਿਰੀ ਵਸੋਂ ਦੇ ਖੋਟੇ ਵਰਤਾਰੇ ਦੀ ਅਸਲੋਂ ਭੇਤੀ ਏ ਜਿਵੇਂ ।ਜ਼ਿੰਦਗੀ ਵਿਚ ਅੱਗੇ ਵਧਣ ਦੀ ਦੌੜ ਆਪਣੇ ਵਰਗਿਆਂ ਨੂੰ ਪਛਾੜਨ ਦੀ ਖੇਡ ਏ ਕੋਈ ।ਇੱਥੇ ਪਾਤਣੀ ਬਣ ਕੇ ਪਾਰ ਲੰਘਾਉਣ ਦਾ ਆਹਰ ਕੋਈ ਨਹੀਂ ।ਇਕੱਲਿਆਂ ਆਪਣੇ ਆਪ ਨੂੰ ਬੰਨ੍ਹੇ ਲਾਉਣ ਦਾ ਜਤਨ ਏ ।ਤੇ ਅਜਿਹੀ ਵਿਜੋਗ ਰੀਤ ਨੂੰ ਗਾਮੇ ਨਕਾਰ ਛੱਡਿਆ ਏ ।

ਇਹ ਕਹਾਣੀ ਜ਼ਿੰਦਗੀ ਵਿੱਚੋਂ ਅਲੋਪ ਹੋ ਚੁੱਕੀ ਸਾਂਝ ਦੀ ਯਾਦ ਗਰੀ ਉੱਤੇ ਮੁੱਕੀ ਏ । ਗਲੀ ਜ਼ਿੰਦਗੀ ਦੇ ਵਗਦੇ ਵਿਹਣ ਦੀ ਅਲਾਮਤ ਏ । ਮਾਸੀ ਐਸ਼ਾਂ ਦਾ ਘੱਰ ਕੋਠਾ ਸਾਂਝ ਦਾ ਇਸਤਿਆਰਾ ਏ ।ਇਸ ਕੋਠੇ ਨੇ ਜਿਉਂਦੇ ਜਾਗਦੇ ਪਾਤਰ ਦੇ ਤੌਰ ਤੇ ਇਸ ਕਹਾਣੀ ਵਿਚਲੇ ਦੁਖਾਂਤ ਨੂੰ ਸਿਰਜਣ ਵਿਚ ਅਪਣਾ ਸਈਰ ਪਾਇਆ ਏ ।

ਉਂਜ ਲਗਦਾ ਏ, ਕਹਾਣੀ ਗਾਮੇ ਦੇ ਜ਼ਿਕਰ ਉੱਤੇ ਮੁੱਕ ਜਾਂਦੀ ਤਾਂ ਹੀਣੀਆਂ ਦੇ ਹਿਤ ਵਿਚ ਹੋ ਨਿਬੜਦੀ ।ਨਾਲੇ ਕਹਾਣੀ ਦਾ ਮੁੱਦਾ ਜੋ ਮੁਕੰਮਲ ਸਮਾਜੀ ਤੇ ਖ਼ਾਨਦਾਨੀ ਢਾਂਚੇ ਵਿੱਚ ਗਾਮੇ ਵਰਗੀ ਔਰਤ ਦੀ ਥਾਂ ਦੀ ਤਲਾਸ਼ ਹੈ, ਹੋਰ ਉਘੜ ਖਲੋਂਦਾ ।

ਮਨੁੱਖੀ ਜੀਵਨ ਵਿੱਚ ਜਿਨਸੀ ਸਵਾਲਾਂ ਨੂੰ ਲੈ ਕੇ ਜ਼ੁਬੈਰ ਨੇ ਕਈ ਇਕ ਵਧੀਆ ਕਹਾਣੀਆਂ ਲਿਖਿਆ ਹਨ।'ਕਹਾਣੀ ਜੋ ਮੁੱਕਦੀ ਨਹੀਂ' ਵਿਚ ਇਸ ਨੇ ਨਰ ਨਾਰੀ ਸੰਬੰਧ ਵਿਚਲੇ ਸਾਂਝੇ ਸੂਤਰ ਦਾ ਸਿਰਾ ਫੜਨ ਦੀ ਕਾਮਯਾਬ ਕੋਸ਼ਿਸ਼ ਕੀਤੀ ਏ ।

ਇਸ ਕਹਾਣੀ ਵਿਚ ਮਰਦ ਔਰਤ ਜ਼ਹਿਨੀਅਤ ਦਾ ਇਜ਼ਹਾਰ ਬੋਹੁਤ ਇਮਾਨਦਾਰੀ



ਨਾਲ ਕੀਤਾ ਗਿਆ ਏ ।

ਨਾਰੀ ਪਾਤਰ ਦੇ ਮਨ ਅੰਦਰਲੇ ਖ਼ਦਸ਼ੇ, ਗ਼ੁੱਸੇ ਤੇ ਤਾਂਘ ਦਾ ਕਥਨ ਖ਼ੂਬ ਹੋਇਆ ਏ ।ਇਹ ਦਰਸਾਇਆ ਗਿਆ ਏ ਕਿ ਜੀਵਨ ਦੇ ਵਿਸ਼ਾਲ ਘੇਰੇ ਵਿੱਚ ਉਹਦੇ ਅਹਿਸਾਸਾਂ ਨੂੰ ਕੋਈ ਜਗ੍ਹਾ ਨਹੀਂ ਮਿੱਲ ਰਹੀ ।ਉਹ ਖੁੱਲ ਲੋਚਦੀ ਏ ਪਰ ਰੀਤ ਰਿਵਾਜ ਦੀ ਉਲੰਘਣਾ ਨਹੀਂ ਕਰਨਾ ਚਾਹੁੰਦੀ ।ਉਹ ਮੌਜੂਦਾ ਸਮਾਜੀ ਢਾਂਚੇ ਅੰਦਰ ਈ ਅਪਣੀ ਥਾਂ ਦੀ ਖੋਜ ਵਿਚ ਏ ।ਆਪ ਹੁਦਰੀ ਹੋਣ ਦੇ ਬਾਵਜੂਦ ਉਹ ਸਮਾਜੀ ਕਾਨੂਨੀ ਮਨਜ਼ੂਰੀ ਤੋਂ ਬਿਨਾਂ ਕੋਈ ਸੰਬੰਧ ਬਣਾਉਣ ਲਈ ਰਾਜ਼ੀ ਨਹੀਂ ।

ਕਹਾਣੀ ਵਿਚ ਮਰਦ ਦੇ ਬਦ ਨੀਤੀ ਉੱਤੇ ਮਬਨੀ ਰੱਵੀਏ ਦੀ ਵੀ ਢੁਕਵੀਂ ਪੇਸ਼ ਕਾਰੀ ਕੀਤੀ ਗਈ ਏ ।ਮਰਦ ਇਸ ਔਰਤ ਨੂੰ ਉਹਦੇ ਜਿਸਮ ਤੋਂ ਵਖ ਕਰ ਕੇ ਵੇਖ ਹੀ ਨਹੀਂ ਰਿਹਾ ।ਇਸ ਵਜੂਦ ਅੰਦਰ ਵੀ ਕੋਈ ਦਿਲ ਤੇ ਰੂਹ ਹੈ, ਉਹਨੂੰ ਖ਼ਬਰ ਈ ਨਹੀਂ ।ਮਰਦ ਲਈ ਔਰਤ ਜਿਵੇਂ ਬੱਸ ਆਨੰਦ ਮਾਨਣ ਲਈ ਹੱਡ ਮਾਸ ਦਾ ਬਣਿਆ ਖਿਡੌਣਾ ਏ ਕੋਈ ।ਜਿਸਮ ਉੱਤੋਂ ਸ਼ੁਰੂ ਹੋ ਕੇ ਜਿਸਮ ਉੱਤੇ ਈ ਅੰਤ ਕੀਤੀ ਬੈਠਾ ਏ ਉਹ ।

'ਤੇਰੇ ਵਾਲ ਕਿੰਨੇ ਲੰਮੇ ਤੇ ਸੋਹਣੇ ਨੇਂ, ਇਨ੍ਹਾਂ ਨੂੰ ਸੰਭਾਲ ਕੇ ਰੱਖੀਂ।' ਤੋਂ ਪਤਾ ਲਗਦਾ ਏ ਕਿ ਔਰਤ ਦੇ ਆਪਣੇ ਵਾਲਾਂ ਦੀ ਦੇਖ ਭਾਲ ਦਾ ਫ਼ੈਸਲਾ ਵੀ ਮਰਦ ਦੇ ਹੱਥ ਵਸ ਏ ।ਨਰ ਪ੍ਰਧਾਨ ਸਮਾਜ ਦਾ ਔਗੁਣ ਹੈ ਕਿ ਆਪਣੇ ਜ਼ਾਤੀ ਕੰਮ ਜਿਨ੍ਹਾਂ ਵਿੱਚ ਔਰਤਾਂ ਅਪਣੀ ਜਾਨ ਖਪਾ ਦਿੰਦਿਆਂ ਨੇਂ, ਦਰ ਅਸਲ ਉਨ੍ਹਾਂ ਦੇ ਆਪਣੇ ਲਈ ਨਹੀਂ ਹੁੰਦੇ ।

ਕਹਾਣੀ ਦੇ ਅੰਤ ਵਿਚ ਪਤਾ ਲਗਦਾ ਏ ਪਈ ਇਹ ਗੁਨਾਹ ਦਾ ਅਹਿਸਾਸ ਈ ਹੁੰਦਾ ਏ ਜਿਹੜਾ ਔਰਤ ਨੂੰ ਕਦੀ ਆਜ਼ਾਦ ਨਹੀਂ ਕਰਦਾ ।ਪਰ ਇਸ ਸੰਬੰਧ ਦਾ ਮੂਲ ਆਧਾਰ ਈ ਆਜ਼ਾਦ ਕਰਨਾ ਤੇ ਆਜ਼ਾਦ ਹੋਣਾ ਹੈ ।ਜਦ ਤੀਕ ਦੋਨੋਂ ਧਿਰਾਂ ਇਕ ਦੂਜੇ ਉੱਤੇ ਕਿਸੇ ਵੀ ਕਿਸਮ ਦਾ ਭਾਰ ਲੱਦ ਦੀਆਂ ਰਹਿਣ ਗਿਆਂ ਸਮਝੋ ਇਹ ਕਹਾਣੀ ਨਹੀਂ ਮੁੱਕਦੀ ।

ਇਸ ਕਿਤਾਬ ਦਾ ਚਾਅ ਭਰੇ ਮਨ ਨਾਲ ਸਵਾਗਤ ਏ । ਮੇਰੇ ਵੱਲੋਂ ਜ਼ੁਬੈਰ ਨੂੰ ਲੱਖ ਮਬਾਰਕਾਂ ।

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।